ISSN:2231-6930

102

# ਪ੍ਰਵਚਨ



## ਪੰਜਾਬੀ ਨਾਵਲ ਵਿਸ਼ੇਸ਼ ਅੰਕ

ਜਨਵਰੀ-ਮਾਰਚ, 2026

ਮੁੱਲ 100 ਰੁਪਏ

**ਪ੍ਰਵਚਨ ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ**

ਸਾਲ : 24 ਪੁਸਤਕ ਲੜੀ : 100-101
ਜੁਲਾਈ-ਦਸੰਬਰ 2025

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147

**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ
(ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 100/- Per Issue |
| | Rs.2000 Per 5 Years |
| U.K. | £25 Per Year |
| | £125 Per 5 Years |
| U.S.A./ | $40 Per Year |
| | $160 Per 5 Years. |
| Canada | $ 50 Per Year |
| | $250 Per 5 Years. |


**ਅੰਦਰ ਪੜ੍ਹੋ**

- ਸੰਪਾਦਕੀ: 'ਪ੍ਰਵਚਨ': ਚੌਥਾਈ ਸਦੀ ਦਾ ਸਫ਼ਰ -ਕੁਲਵੰਤ ਸਿੰਘ/2
- ਗਜ਼ਲਾਂ/ਗੁਰਦਿਆਲ ਰੌਸ਼ਨ/05
  ਜੋਗਿੰਦਰ ਨੂਰਮੀਤ/07
- ਕਵਿਤਾਵਾਂ :
  -ਅਮਰਜੀਤ ਗਰੇਵਾਲ/11 -ਸੁਖਿੰਦਰ/13
  -ਜਨਮੀਤ/15 -ਲਾਭ ਸਿੰਘ ਖੀਵਾ/16
  -ਕੁਲਵਿੰਦਰ ਚਾਵਲਾ/22
  -ਡਾ. ਸੁਖਪਾਲ ਸੰਘੇੜਾ ਉਰਫ ਪਰਖ਼ਾ/25
- ਪਾਕਿਸਤਾਨੀ ਪੰਜਾਬੀ ਕਹਾਣੀ: ਮਿੱਥੁਨ ਸ਼ਾਹ -ਆਮਿਰ ਰਜ਼ਾ/30
  ਕਹਾਣੀਆਂ:
  ਹਾਸ਼ੀਏ ਤੇ ਵਿਚਰਦੇ ਸੁਪਨੇ
  -ਬਲਬੀਰ ਪਰਵਾਨਾ/44
  ਵਾਰਨੇ/ਜਸਪਾਲ ਕੌਰ/55
  -ਸਹੁੰ ਦੀ ਪਿਉਂਦ/ਆਗਾਜ਼ਬੀਰ/62
  -ਹਿਰਸ/ਅਲਫਾਜ਼/76
- ਸਵੈ-ਜੀਵਨੀ ਅੰਸ਼: /ਪ੍ਰੇਮ ਮਾਨ/88
- ਸਮਾਨਤਾ, ਨਵ-ਸਾਮਰਾਜ ਅਤੇ ਪੰਜਾਬੀ ਸਾਹਿਤ ਦਾ ਸਮਕਾਲੀ ਦ੍ਰਿਸ਼ -ਪ੍ਰੋ. ਧਨਵੰਤ ਕੌਰ/102
- ਪੰਜਾਬੀ ਸਾਹਿਤ ਵਿੱਚ ਨਾਰੀ ਕਹਾਣੀ ਦਾ ਉਦਭਵ: ਤੱਥਗਤ ਪੜਚੋਲ -ਡਾ. ਪ੍ਰਭਜੋਤ ਕੌਰ/120
- ਡਿਜੀਟਲ ਯੁੱਗ ਵਿੱਚ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ/ਡਾ. ਲਤਾ ਖੇੜਾ/132
- ਪੰਜਾਬ ਦੇ ਸੱਭਿਆਚਾਰ ਦੇ ਇਕ ਪੱਖ ਉਤੇ ਝਾਤ -ਪਰਮਜੀਤ ਸਿੰਘ ਜੱਜ/139
- ਪੰਜਾਬ ਦੀ ਆਰਥਿਕਤਾ: ਕੱਲ੍ਹ, ਅੱਜ ਅਤੇ ਭਲਕ/ਡਾ. ਰਣਜੀਤ ਸਿੰਘ ਘੁੰਮਣ/149
- ਪੰਜਾਬ ਦੀ ਰਾਜਨੀਤੀ: ਇਕ ਝਾਤ -ਡਾ. ਜਗਰੂਪ ਸਿੰਘ ਸੇਖੋਂ/176
- ਮੀਡੀਆ ਨਾਲ ਜੁੜੇ ਬੁਨਿਆਦੀ ਸਵਾਲ ਤੇ ਡਿਜੀਟਲ ਪੰਜਾਬੀ ਪੱਤਰਕਾਰੀ ਦੀ ਭਰੋਸੇਯੋਗਤਾ/ ਸ਼ਿਵ ਇੰਦਰ ਸਿੰਘ/198
- ਸਮਕਾਲੀ ਸਾਹਿਤ ਨੂੰ ਵਾਚਦਿਆਂ -ਕੁਲਵੰਤ ਸਿੰਘ ਸੰਧੂ/209

# 'ਪ੍ਰਵਚਨ': ਚੌਥਾਈ ਸਦੀ ਦਾ ਸਫ਼ਰ

25 ਸਾਲ ਇਕ ਲੰਮਾ ਸਮਾਂ ਹੈ, ਬੱਚਾ ਜੰਮ ਕੇ ਜਵਾਨ ਹੋ ਜਾਂਦਾ ਹੈ। ਇਸ ਲਿਹਾਜ਼ ਨਾਲ ਕਿਹਾ ਜਾ ਸਕਦਾ ਹੈ ਕਿ 'ਪ੍ਰਵਚਨ' ਵੀ ਇਸ ਵੇਲੇ ਆਪਣੀ ਜਵਾਨੀ ਦੀ ਅਉਧ ਹੰਢਾ ਰਿਹਾ ਹੈ। ਜਦੋਂ ਅਸੀਂ ਪੰਜਾਬੀ ਦੇ ਏਨੀ ਅਉਧ ਵਾਲੇ ਰਿਸਾਲਿਆਂ ਤੇ ਨਜ਼ਰ ਮਾਰਦੇ ਹਾਂ ਤਾਂ ਇਸ ਪੱਖੋਂ ਮੈਦਾਨ ਲਗਪਗ-ਲਗਪਗ ਖ਼ਾਲੀ ਹੀ ਨਜ਼ਰ ਆਉਂਦਾ ਹੈ। ਪਿਛਲੀ ਇਕ ਸਦੀ ਵਿਚ ਬਹੁਤ ਸਾਰੇ ਮੈਗਜ਼ੀਨ ਸ਼ੁਰੂ ਹੋਏ, ਉਨ੍ਹਾਂ ਨੇ ਆਪਣੀ-ਆਪਣੀ ਸਮਰਥਾ ਮੁਤਾਬਿਕ ਸਾਹਿਤ, ਸਭਿਆਚਾਰ, ਰਾਜਨੀਤਿਕ ਤੇ ਆਰਥਿਕ ਮਸਲਿਆਂ ਨੂੰ ਉਠਾਉਣ, ਸਮਝਣ ਤੇ ਸਮਝਾਉਣ ਵਿਚ ਆਪਣਾ ਯੋਗਦਾਨ ਵੀ ਪਾਇਆ, ਪਰ ਵਧੇਰੇ ਰਿਸਾਲੇ ਲੰਮਾ ਸਮਾਂ ਚਲ ਨਾ ਸਕੇ, ਕੁਝ ਸਮੇਂ ਬਾਅਦ ਬੰਦ ਹੋ ਗਏ। 'ਪ੍ਰੀਤ ਲੜੀ', 'ਸਿਰਜਣਾ' ਆਦਿ ਕੁਝ ਹੀ ਰਿਸਾਲੇ ਨਜ਼ਰ ਆਉਂਦੇ ਹਨ, ਜਿਨ੍ਹਾਂ ਨੇ ਆਪਣੀ ਨਿਰੰਤਰਤਾ ਨੂੰ ਕਾਇਮ ਰੱਖਿਆ। ਇਨ੍ਹਾਂ ਤੋਂ ਬਿਨਾਂ ਕੁਝ ਇਕ ਹੋਰ ਮੈਗਜ਼ੀਨ ਵੀ ਹਨ ਜਿਨ੍ਹਾਂ ਵਿਚ ਆਪਣੀ ਹੋਂਦ ਨੂੰ ਕਾਇਮ ਰੱਖ ਸਕਣ ਦਾ ਸਿਰੜ ਹੈ। ਕੀ ਕਾਰਣ ਹੋ ਸਕਦਾ ਹੈ ਕਿ ਜਦੋਂ ਕੋਈ ਮੈਗਜ਼ੀਨ ਸ਼ੁਰੂ ਹੁੰਦਾ ਹੈ ਤਾਂ ਉਸ ਨਾਲ ਜੁੜੇ ਦੋਸਤ ਬਹੁਤ ਉਤਸ਼ਾਹ ਵਿਚ ਹੁੰਦੇ ਹਨ, ਪਰ ਹੌਲੀ-ਹੌਲੀ ਉਹ ਉਤਸ਼ਾਹ ਤੇ ਆਦਰਸ਼ ਮੱਠੇ ਪੈ ਜਾਂਦੇ ਹਨ ਤੇ ਉਹ ਮੈਗਜ਼ੀਨ ਅਛੋਪਲੇ ਹੀ ਸਾਹਿਤਕ ਦ੍ਰਿਸ਼ ਤੋਂ ਲਾਂਭੇ ਹੋ ਜਾਂਦਾ ਹੈ ਤੇ ਉਸਦੀ ਥਾਂ ਕੋਈ ਹੋਰ ਨਵਾਂ ਨਾਮ ਤੇ ਟੀਮ ਮੈਦਾਨ ਵਿਚ ਆ ਜਾਂਦੀ ਹੈ ਤੇ ਇਹ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ।

'ਪ੍ਰਵਚਨ' ਵੀ ਆਪਣੀ ਸਮਰੱਥਾ ਮੁਤਾਬਿਕ ਆਪਣਾ ਬਣਦਾ ਹਿੱਸਾ ਪਾ ਰਿਹਾ ਹੈ। ਇਸ ਦਾ ਪਹਿਲਾ ਅੰਕ ਅਕਤੂਬਰ-ਦਸੰਬਰ 2000 ਵਿਚ ਪ੍ਰਕਾਸ਼ਿਤ ਹੋਇਆ ਸੀ। ਇਹ ਡਾ. ਸਵਰਨ ਚੰਦਨ ਤੇ ਡਾ. ਰਜਨੀਸ਼ ਬਹਾਦਰ ਸਿੰਘ ਦੇ ਸਾਂਝੇ ਯਤਨਾ ਸਦਕਾ ਹੋਂਦ ਵਿਚ ਆਇਆ ਸੀ। ਪਹਿਲੇ ਸੋਲਾਂ ਅੰਕਾਂ ਦੇ ਮੁੱਖ ਸੰਪਾਦਕ ਡਾ. ਚੰਦਨ ਤੇ ਸੰਪਾਦਕ ਡਾ. ਰਜਨੀਸ਼ ਸਨ। ਉਸ ਤੋਂ ਬਾਅਦ 'ਪ੍ਰਵਚਨ' ਦੀ ਸੰਪੂਰਨ ਜ਼ਿੰਮੇਵਾਰੀ ਆਪਣੀ ਜ਼ਿੰਦਗੀ ਦੇ ਅੰਤਿਮ ਦਿਨਾਂ (ਫਰਵਰੀ 2022) ਤੱਕ ਡਾ. ਰਜਨੀਸ਼ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ ਤੇ ਪੰਜਾਬੀ ਸਾਹਿਤ ਚਿੰਤਨ ਵਿਚ 'ਪ੍ਰਵਚਨ' ਦੀ ਵਿਸ਼ੇਸ਼ ਪਛਾਣ ਬਣਾਈ ਅਤੇ ਸਭ ਤੋਂ ਮਹੱਤਵਪੂਰਨ ਇਹ ਸੀ ਹੁਣ ਤੱਕ 'ਪ੍ਰਵਚਨ' ਕਦੇ ਵੀ ਛਪਣੋਂ ਲੇਟ ਨਹੀਂ ਹੋਇਆ, ਪੂਰੀ ਲਗਾਤਾਰਤਾ ਨਾਲ ਛਪਦਾ ਆ ਰਿਹਾ ਹੈ।

ਮੈਂ ਸਮਝਦਾ ਹਾਂ ਕਿ ਸਾਹਿਤ ਜਗਤ ਵਿਚ ਇਸ ਦੀ ਵਿਸ਼ੇਸ਼ ਪ੍ਰਾਪਤੀ ਗੋਸ਼ਟੀ ਦੀ ਪਰੰਪਰਾ ਨੂੰ ਨਵੇਂ ਅਰਥ ਤੇ ਰੂਪ ਦੇਣ ਦੀ ਹੈ। ਪੰਜਾਬੀ ਵਿਚ ਜੋ ਗੋਸ਼ਟੀਆਂ ਦੀ ਪਰੰਪਰਾ ਰਹੀ ਹੈ ਤੇ ਅੱਜ ਵੀ ਹੈ, ਉਸ ਨੂੰ ਪਾਸੇ ਰੱਖ ਕੇ ਅਜੇਹੀ ਪਰੰਪਰਾ ਕਾਇਮ ਕਰਨ ਦਾ ਸੁਚੇਤ ਯਤਨ ਕੀਤਾ, ਜੋ ਨਿਰੋਲ ਸਾਹਿਤਕ ਕ੍ਰਿਤ ਦੀ ਪੜ੍ਹਤ ਤੇ ਸਮਝ ਉੱਪਰ ਆਧਾਰਿਤ ਹੋਵੇ ਤੇ ਮੂੰਹ ਰੱਖਣ ਵਾਲੀ ਨਾ ਹੋਵੇ। 'ਪ੍ਰਵਚਨ' ਦੇ ਦੋਸਤਾਂ ਦੀ ਸਲਾਹ

ਨਾਲ ਅਜੇਹੀ ਨਿਵੇਕਲੀ ਗੋਸ਼ਟੀ ਸ਼ੁਰੂ ਕਰਨ ਦਾ ਸਫਲ ਯਤਨ ਕੀਤਾ ਗਿਆ ਤੇ ਇਸ ਲਈ ਪੰਜ ਕਹਾਣੀਕਾਰਾਂ ਨੂੰ ਬੇਨਤੀ ਕਰਕੇ ਕਹਾਣੀਆਂ ਲਿਖਵਾਈਆਂ ਗਈਆਂ ਹੈ ਫਿਰ ਵਿਦਵਾਨ ਦੋਸਤਾਂ ਦੀ ਹਾਜ਼ਰੀ ਵਿਚ ਲੇਖਕਾਂ ਨੇ ਉਹ ਕਹਾਣੀਆਂ ਪੜ੍ਹੀਆ, ਜਿਨ੍ਹਾਂ ਤੇ ਖੁਲ੍ਹ ਕੇ ਚਰਚਾ ਹੋਈ। ਇਸ ਚਰਚਾ ਨੂੰ, ਜੋ ਤਕਰੀਬਨ ਹਰ ਕਹਾਣੀ ਬਾਰੇ ਦੋ ਘੰਟੇ ਹੋਈ, ਨੂੰ ਰਿਕਾਰਡ ਕਰਕੇ ਉਸਦੀ ਟੈਕਸਟ ਬਣਾ ਕੇ ਉਸ ਨੂੰ 'ਪ੍ਰਵਚਨ' ਦੇ ਗੋਸ਼ਟੀ ਵਿਸ਼ੇਸ਼ ਅੰਕ ਵਿਚ ਛਾਪਿਆ ਜਾਂਦਾ ਹੈ। ਇਸ ਨਵੀਂ ਰਵਾਇਤ ਨੂੰ ਭਰਪੂਰ ਹੁੰਗਾਰਾ ਮਿਲਿਆ। 10-12 ਘੰਟੇ ਦੀ ਰਿਕਾਰਡਿੰਗ ਦੀ ਟੈਕਸਟ ਬਣਾਉਣੀ ਵੀ ਅਸਾਨ ਕੰਮ ਨਹੀਂ ਹੁੰਦਾ, ਪਰ 'ਪ੍ਰਵਚਨ' ਦੀ ਟੀਮ ਇਸ ਮੁਸ਼ਕਿਲ ਕੰਮ ਨੂੰ ਆਪਸ ਵਿਚ ਵੰਡ ਕੇ ਸਿਰੇ ਚਾੜ੍ਹਦੀ ਹੈ।

ਪਹਿਲੀ ਗੋਸ਼ਟੀ ਅਕਤੂਬਰ 2005 ਵਿਚ ਹੋਈ ਤੇ ਇਹ 'ਪ੍ਰਵਚਨ' ਦੇ ਜਨਵਰੀ-ਮਾਰਚ 2006 ਦੇ ਅੰਕ ਵਿਚ ਛਾਪੀ ਗਈ। ਉਦੋਂ ਤੋਂ ਲੈ ਕੇ ਇਹ ਪਰੰਪਰਾ ਨਿਰੰਤਰ ਚਲ ਰਹੀ ਹੈ ਤੇ ਹੁਣ ਤੱਕ 19 ਗੋਸ਼ਟੀਆਂ ਹੋ ਚੁੱਕੀਆਂ ਹਨ ਤੇ ਹੁਣ 20ਵੀਂ ਗੋਸ਼ਟੀ ਵੀ ਅਗਲੇ ਮਹੀਨੇ ਹੋ ਰਹੀ ਹੈ। ਪਹਿਲੀਆਂ ਚੌਦਾਂ ਗੋਸ਼ਟੀਆਂ ਡਲਹੌਜ਼ੀ ਦੇ 'ਮਿਹਰ' ਹੋਟਲ ਵਿਚ ਹੋਈਆਂ। ਇਸ ਕਰਕੇ ਸਾਹਿਤ ਜਗਤ ਵਿਚ ਇਹ ਗੋਸ਼ਟੀ 'ਡਲਹੌਜ਼ੀ ਗੋਸ਼ਟੀ' ਦੇ ਨਾਂ ਨਾਲ ਜਾਣੀ ਜਾਂਦੀ ਹੈ, ਇਨ੍ਹਾਂ ਗੋਸ਼ਟੀਆਂ ਦੀ ਸਫਲਤਾ ਲਈ ਮਨਮੋਹਨ ਬਾਵਾ ਜੀ ਦਾ ਨਿਰੰਤਰ ਸਹਿਯੋਗ ਬਹੁਤ ਹੀ ਸ਼ਲਾਘਾਯੋਗ ਰਿਹਾ ਹੈ। ਅਦਾਰਾ 'ਪ੍ਰਵਚਨ' ਇਸ ਸਹਿਯੋਗ ਲਈ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੈ।

ਪਹਿਲੀਆਂ ਸੱਤ ਗੋਸ਼ਟੀਆਂ ਨਿਰੋਲ ਕਹਾਣੀ ਬਾਰੇ ਹੀ ਸਨ। ਫਿਰ ਨਵੇਂ ਤਜਰਬੇ ਵਜੋਂ ਬਾਕੀ ਸਾਹਿਤਕ ਵਿਧਾਵਾਂ 'ਤੇ ਵੀ ਗੋਸ਼ਟੀਆਂ ਕਰਨ ਦਾ ਸਫਲ ਤਜਰਬਾ ਕੀਤਾ ਗਿਆ। ਉਸ ਤੋਂ ਬਾਅਦ ਪੰਜਾਬੀ ਨਾਵਲ, ਸਫ਼ਰਨਾਮਾ, ਸ੍ਵੈ-ਜੀਵਨੀ, ਪੰਜਾਬੀ ਕਲਾਸੀਕਲ ਨਾਵਲ, ਨਾਟਕ, ਕਵਿਤਾ, ਪਰਵਾਸੀ ਪੰਜਾਬੀ ਕਹਾਣੀ, ਪਾਕਿਸਤਾਨੀ ਪੰਜਾਬੀ ਕਹਾਣੀ, ਅਜੋਕਾ ਪੰਜਾਬੀ ਸਾਹਿਤ ਆਦਿ ਵਿਸ਼ਿਆਂ ਤੇ ਗੋਸ਼ਟੀਆਂ ਕਰਵਾਈਆਂ ਗਈਆਂ। ਕਰੋਨਾ ਕਾਲ ਦੌਰਾਨ ਆਨ ਲਾਈਨ ਗੋਸ਼ਟੀ ਦਾ ਵੀ ਸਫਲ ਤਜਰਬਾ ਕੀਤਾ ਗਿਆ। ਇਸ ਤੋਂ ਬਾਅਦ ਇਕ ਗੋਸ਼ਟੀ ਡਾ. ਜਨਮੀਤ ਦੇ ਪਿੰਡ ਕੌਲਪੁਰ ਕੀਤੀ ਗਈ ਤੇ ਹੁਣ 2022 ਤੋਂ ਨਿਰੰਤਰ ਇਹ ਗੋਸ਼ਟੀ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਹੋ ਰਹੀ ਹੈ। ਇਸ ਲਈ ਡਾ. ਮਹਿਲ ਸਿੰਘ, ਜੋ ਉਸ ਵੇਲੇ ਖ਼ਾਲਸਾ ਕਾਲਜ ਵਿਚ ਬਤੌਰ ਪ੍ਰਿੰਸੀਪਲ ਕਾਰਜਸ਼ੀਲ ਸਨ ਤੇ ਹੁਣ ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪਹਿਲੇ ਵਾਈਸ-ਚਾਂਸਲਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਡਾ. ਆਤਮ ਸਿੰਘ ਰੰਧਾਵਾ ਜੋ ਉਸ ਵੇਲੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਤੇ ਹੁਣ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਜੋਂ ਇਸ ਗੋਸ਼ਟੀ ਦੇ ਸਹਿਯੋਗੀ ਹਨ। ਅਸੀਂ ਡਾ. ਮਹਿਲ ਸਿੰਘ ਤੇ ਡਾ. ਆਤਮ ਸਿੰਘ ਰੰਧਾਵਾ ਦੇ ਸਹਿਯੋਗ ਲਈ ਬਹੁਤ ਸ਼ੁਕਰਗੁਜ਼ਾਰ ਹਾਂ।

ਡਾ. ਜੋਗਿੰਦਰ ਸਿੰਘ ਰਾਹੀ ਸ਼ੁਰੂ ਤੋਂ ਲੈ ਕੇ ਆਪਣੇ ਅੰਤਿਮ ਵਿਛੋੜੇ ਤਕ ਇਸ

ਗੋਸ਼ਟੀ ਦੇ ਰੂਹੇ-ਰਵਾਂ ਬਣੇ ਰਹੇ। ਉਨ੍ਹਾਂ ਤੋਂ ਇਲਾਵਾ ਪੰਜਾਬੀ ਦੇ ਬਹੁਤ ਸਾਰੇ ਵਿਦਵਾਨ ਤੇ ਲੇਖਕ ਵੀ ਇਸ ਗੋਸ਼ਟੀ ਦੀ ਸਫਲਤਾ ਤੇ ਵਿਲੱਖਣਤਾ ਦੇ ਹਿੱਸੇਦਾਰ ਰਹੇ ਹਨ। ਅਸੀਂ ਉਨ੍ਹਾਂ ਦੇ ਸਹਿਯੋਗ ਲਈ ਸ਼ੁਕਰਗੁਜ਼ਾਰ ਹੈ। ਅੱਜ-ਕੱਲ੍ਹ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ ਨਿਰੰਤਰ ਇਸ ਗੋਸ਼ਟੀ ਨੂੰ ਸਾਰਥਿਕ ਬਣਾਈ ਰੱਖਣ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਤੋਂ ਇਲਾਵਾ ਜਸ ਮੰਡ, ਡਾ. ਰਮਿੰਦਰ, ਡਾ. ਜਨਮੀਤ, ਡਾ. ਹਰਭਜਨ ਢਿੱਲੋਂ, ਬਲਬੀਰ ਪਰਵਾਨਾ, ਸੁਕੀਰਤ, ਹਰਵਿੰਦਰ ਭੰਡਾਲ ਵੀ ਇਸ ਗੋਸ਼ਟੀ ਦੇ ਮੌਜੂਦਾ ਸਰੂਪ ਨੂੰ ਬਣਾਈ ਰੱਖਣ ਲਈ ਸਾਡੇ ਵੱਡੇ ਸਹਿਯੋਗੀ ਹਨ।

ਇਨ੍ਹਾਂ ਗੋਸ਼ਟੀਆਂ ਤੋਂ ਇਲਾਵਾ ਵੱਖ-ਵੱਖ ਸਮਿਆਂ ਵਿਚ 'ਪ੍ਰਵਚਨ' ਦੇ ਵਿਸ਼ੇਸ਼ ਅੰਕ ਵੀ ਕੱਢੇ ਜਾਂਦੇ ਰਹੇ ਹਨ; ਕਹਾਣੀ ਵਿਸ਼ੇਸ਼ ਅੰਕ (ਅਕਤੂਬਰ 2003, ਮਾਰਚ 2004), ਕਵਿਤਾ ਅੰਕ (ਜੁਲਾਈ-ਦਸੰਬਰ 2004), ਬਰਤਾਨਵੀ ਸਾਹਿਤ ਵਿਸ਼ੇਸ਼ ਅੰਕ (ਜੁਲਾਈ-ਦਸੰਬਰ 2006), ਡਾ. ਜੋਗਿੰਦਰ ਸਿੰਘ ਰਾਹੀ ਵਿਸ਼ੇਸ਼ ਅੰਕ (ਅਪ੍ਰੈਲ-ਜੂਨ 2010), 10 ਸਾਲਾ ਯਾਦਗਾਰੀ ਅੰਕ (ਜੁਲਾਈ-ਸਤੰਬਰ 2010), ਸਵਰਨ ਚੰਦਨ ਵਿਸ਼ੇਸ਼ ਅੰਕ (ਅਪ੍ਰੈਲ-ਜੂਨ 2012), ਕਹਾਣੀ ਅੰਕ (ਜੁਲਾਈ-ਦਸੰਬਰ 2014), ਜਗਜੀਤ ਸਿੰਘ ਅਨੰਦ ਵਿਸ਼ੇਸ਼ (ਜੁਲਾਈ-ਦਸੰਬਰ 2015), ਸਮਕਾਲੀ ਪੰਜਾਬੀ ਸਾਹਿਤ ਚਿੰਤਨ ਵਿਸ਼ੇਸ਼ ਅੰਕ (ਅਕਤੂਬਰ-ਦਸੰਬਰ 2019), ਸਮਕਾਲ ਅਤੇ ਸਾਹਿਤ ਸਿਰਜਣਕਾਰੀ (ਅਕਤੂਬਰ 2020), ਡਾ. ਰਜਨੀਸ਼ ਬਹਾਦਰ ਸਿੰਘ ਵਿਸ਼ੇਸ਼ ਅੰਕ (ਅਪ੍ਰੈਲ-ਸਤੰਬਰ 2022) ਤੇ ਹੁਣ 100ਵਾਂ ਵਿਸ਼ੇਸ਼ ਅੰਕ (ਜੁਲਾਈ-ਦਸੰਬਰ 2025)। ਕੁਲ ਮਿਲਾ ਕੇ 19 ਗੋਸ਼ਟੀ ਅੰਕ ਤੇ ਗਿਆਰਾਂ ਵਿਸ਼ੇਸ਼ ਅੰਕ 'ਪ੍ਰਵਚਨ' ਦੀ ਪ੍ਰਾਪਤੀ ਹਨ।

ਅਸੀਂ ਸਮਝਦੇ ਹਾਂ ਕਿ 'ਪ੍ਰਵਚਨ' ਦੀ ਪੰਜਾਬੀ ਚਿੰਤਨ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਇਹੀ ਹੈ ਕਿ ਇਸਨੇ ਚਿੰਤਨ ਦੇ ਖੇਤਰ ਵਿਚ ਮਹੱਤਵਪੂਰਣ ਕੰਮ ਕੀਤਾ ਹੈ। ਡਾ. ਸਵਰਨ ਚੰਦਨ ਤੇ ਡਾ. ਰਜਨੀਸ਼ ਬਹਾਦਰ ਦੀਆਂ ਸੰਪਾਦਕੀਆਂ ਤੇ ਲੇਖਾਂ ਨੇ ਪੰਜਾਬੀ ਚਿੰਤਨ ਵਿਚ ਭਰਪੂਰ ਵਾਧਾ ਕੀਤਾ ਹੈ ਤੇ ਬਹਿਸ ਵੀ ਨੂੰ ਵੀ ਜਨਮ ਦਿੱਤਾ ਹੈ। ਇਸ ਤੋਂ ਇਲਾਵਾ ਕਿਸੇ ਮੈਗਜ਼ੀਨ ਦੇ ਸੰਪਾਦਕ ਹੋਣ ਦੇ ਕੀ ਅਰਥ ਹੋ ਸਕਦੇ ਹਨ? ਇਹ ਵੀ ਸਥਾਪਿਤ ਕਰਨ ਦਾ ਵਿਸ਼ੇਸ਼ ਯਤਨ ਕੀਤਾ ਹੈ। ਹੁਣ 'ਪ੍ਰਵਚਨ' ਦਾ 100ਵਾਂ ਅੰਕ ਤੁਹਾਡੇ ਸਾਹਮਣੇ ਹਾਜ਼ਰ ਹੈ। 'ਪ੍ਰਵਚਨ' ਟੀਮ ਆਪਣੇ ਸੀਮਤ ਅਤੇ ਸੁਹਿਰਦ ਯਤਨਾਂ ਨਾਲ ਇਸ ਦੀ ਵਿਚਾਰਧਾਰਕ ਦਿੱਖ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਹੈ। ਅਸੀਂ ਆਸ ਕਰਦੇ ਹਾਂ ਕਿ ਤੁਹਾਡਾ ਸਹਿਯੋਗ ਸਾਨੂੰ ਇਸੇ ਤਰ੍ਹਾਂ ਮਿਲਦਾ ਰਹੇਗਾ।

**ਕੁਲਵੰਤ ਸਿੰਘ**

## ਤਿੰਨ ਗ਼ਜ਼ਲਾਂ/ਗੁਰਦਿਆਲ ਰੌਸ਼ਨ

### ਕਿਰਾਏਦਾਰ ਹਾਂ ਮੈਂ

ਬੜਾ ਛੋਟਾ ਜਿਹਾ ਕਿਰਦਾਰ ਹਾਂ ਮੈਂ।
ਤੁਹਾਡੀ ਕਲਪਣਾ ਤੋਂ ਪਾਰ ਹਾਂ ਮੈਂ।

ਮੇਰੀ ਬੁਨਿਆਦ ਹੇਠਾਂ ਜ਼ਲਜ਼ਲਾ ਹੈ,
ਕਰਾਂ ਕੀ, ਕੱਚ ਦਾ ਬਾਜ਼ਾਰ ਹਾਂ ਮੈਂ।

ਮੈਂ ਸੀਮਤ ਹੋ ਗਿਆਂ ਇਕ ਦਾਇਰੇ ਤਕ,
ਨਾ ਦੁਸ਼ਮਣ, ਨਾ ਕਿਸੇ ਦਾ ਯਾਰ ਹਾਂ ਮੈਂ।

ਮੈਂ ਰਲ਼ਿਆ ਪੌਣ ਵਿਚ ਹਉਕਾ ਕਿਸੇ ਦਾ,
ਕਿਸੇ ਦੀ ਚੀਖ਼ ਦਾ ਇਜ਼ਹਾਰ ਹਾਂ ਮੈਂ।

ਮੈਂ ਮਾਰੂਥਲ ਹਾਂ ਇਕ ਸਾਗਰ ਕਿਨਾਰੇ,
ਕਿਸੇ ਸੁੱਕੀ ਨਦੀ ਦਾ ਪਿਆਰ ਹਾਂ ਮੈਂ।

ਮੈਂ ਤੰਦਾਂ ਉਲਝੀਆਂ ਸੁਲਝਾ ਰਿਹਾ ਹਾਂ,
ਕਿਵੇਂ ਆਖਾਂ ਕਿ ਬੇਰੁਜ਼ਗਾਰ ਹਾਂ ਮੈਂ।

ਕਈ ਵਾਰੀ ਇਵੇਂ ਮਹਿਸੂਸ ਹੁੰਦੈ,
ਜਿਵੇਂ ਧਰਤੀ ਦੇ ਉੱਤੇ ਭਾਰ ਹਾਂ ਮੈਂ।

ਤੇਰੇ ਬਾਰੇ ਵੀ ਸੋਚਾਂਗਾ ਕਿਸੇ ਦਿਨ,
ਅਜੇ ਖ਼ੁਦ ਨਾਲ਼ ਹੀ ਦੋ ਚਾਰ ਹਾਂ ਮੈਂ।

ਚਲਾ ਜਾਵਾਂਗਾ, ਜਦ ਬੇਦਖ਼ਲ ਹੋਇਆ,
ਮੇਰਾ ਕੀ ਹੈ, ਕਿਰਾਏਦਾਰ ਹਾਂ ਮੈਂ।

## ਜਦ ਮੈਂ ਨਹੀਂ ਹੋਣਾ

ਗ਼ਜ਼ਬ ਤੇਰੇ ਦੁਆਰੇ ਹੋਣਗੇ, ਜਦ ਮੈਂ ਨਹੀਂ ਹੋਣਾ।
ਤੇਰੀ ਮੁੱਠੀ ’ਚ ਤਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਮੇਰਾ ਕਮਰਾ, ਕਿਤਾਬਾਂ ਮੇਰੀਆਂ ਤੇ ਅਣਛਪੇ ਨਗ਼ਮੇ,
ਬੜੇ ਰੋਂਦੇ ਵਿਚਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਪਤੈ ਮੈਨੂੰ, ਉਹ ਤੈਨੂੰ ਐਬ ਦੱਸਣਗੇ ਮੇਰੇ ਗਿਣ ਕੇ,
ਕਰੀਬੀ ਹੋਰ ਭਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਚਿਤਾ ਦੀ ਗੋਦ ਵਿਚ ਬਹਿ ਕੇ, ਮੈਂ ਚਿੰਤਾ ਮੁਕਤ ਹੋ ਜਾਣੈਂ,
ਗ਼ਜ਼ਲ ਗਾਉਂਦੇ ਸ਼ਰਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਸਬੰਧੀ ਰੋਣਗੇ ਦੋ ਚਾਰ ਦਿਨ ਦਰੀਆਂ ’ਤੇ ਬਹਿ ਬਹਿ ਕੇ,
ਤੇ ਫਿਰ ਭੁੱਲ ਕੇ ਕਿਨਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਨਹੀਂ ਕੁੱਝ ਫ਼ਰਕ ਪੈਣਾ, ਜ਼ਿੰਦਗੀ ਸੁੱਕੇਗੀ, ਮੌਲ਼ੇਗੀ,
ਚੁਫ਼ੇਰੇ ਰੰਗ ਸਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

ਮੇਰੀ ਔਲਾਦ ਮੇਰਾ ਜੋੜਿਆ ਲੜ ਲੜ ਕੇ ਵੰਡੇਗੀ,
ਬੜੇ ਅਦਭੁੱਤ ਨਜ਼ਾਰੇ ਹੋਣਗੇ, ਜਦ ਮੈਂ ਨਹੀਂ ਹੋਣਾ।

## ਦਰਵਾਜ਼ੇ ਟੁੱਟੇ ਹੋਏ

ਗ਼ਾਇਬ ਹੈ ਹਰ ਖਿੜਕੀ ਤੇ ਦਰਵਾਜ਼ੇ ਟੁੱਟੇ ਹੋਏ।
ਘਰ ਘਰ ਵਿਚ ਕਿਸ ਨ੍ਹੇਰੀ ਨੇ ਹਨ ਪੱਥਰ ਸੁੱਟੇ ਹੋਏ।

ਦਰਦ ਹੈ ਕੋਈ ਧਰਤੀ ਦੇ ਸੀਨੇ ਵਿਚ ਛੁਪਿਆ ਹੋਇਆ,
ਐਵੇਂ ਤਾਂ ਨਈਂ ਇਸ ਦੇ ਵਿੱਚੋਂ ਚਸ਼ਮੇ ਫੁੱਟੇ ਹੋਏ।

ਚਾਹ ਕੇ ਵੀ ਨਾ ਧਰਤੀ ਉੱਤੇ ਪਹੁੰਚੇ ਖ਼ਾਕ ਉਨ੍ਹਾਂ ਦੀ,
ਰਾਹਾਂ ਵਿਚ ਹੀ ਮਰ ਖਪਦੇ ਨੇ ਤਾਰੇ ਟੁੱਟੇ ਹੋਏ।

ਪੁੱਛ ਨਾ ਮੈਥੋਂ ਰੁੱਖਾਂ ਨੇ ਹੈ ਕਿਹੜੀ ਸਾਜ਼ਿਸ਼ ਕੀਤੀ,
ਹੁਣ ਤਕ ਹਨ ਸੜਕਾਂ ਨੇ ਕਿੰਨੇ ਰਾਹੀ ਲੁੱਟੇ ਹੋਏ।

ਬਾਕਬਜ਼ਾ ਹਰ ਜੰਗਲ ਦੀ ਹੋਵੇਗੀ ਘੇਰਾਬੰਦੀ,
ਆ ਪਹੁੰਚੇ ਨੇ ਪਿੰਜਰਿਆਂ ’ਚੋਂ ਪੰਛੀ ਛੁੱਟੇ ਹੋਏ।

ਹਰ ਅਜਗਰ ਨੇ ਜੋ ਵੀ ਚਾਹਿਆ ਗੱਜ ਵਜਾ ਕੇ ਖਾਧਾ,
ਦੀਨਾਂ ਅੱਗੇ ਐਪਰ ਹਨ ਕੁੱਝ ਟੁਕੜੇ ਸੁੱਟੇ ਹੋਏ।

ਰਾਮ, ਰਹੀਮਾ, ਮਜ਼ਹਬਦਾਰੀ ਭਟਕਣ ਵੰਡ ਰਹੀ ਹੈ,
ਇਸ ਨੇ ਸਾਡੇ ਰਾਹਾਂ ਵਿਚ ਹਨ ਟੋਏ ਪੁੱਟੇ ਹੋਏ।

ਜੇ ਚੰਗਾ ਚਾਹੁੰਦਾ ਏਂ ਵਾਪਿਸ ਕਰਦੇ ਹੁਣ ਇਹਨਾਂ ਨੂੰ,
ਬਾਲਾਂ ਕੋਲੋਂ ਜਿਹੜੇ ਹਨ ਤੂੰ ਰੰਗ ਝਰੁੱਟੇ ਹੋਏ।

ਬੰਨ੍ਹੇ ਹੋਏ ਪੈਰਾਂ ਨੇ ਨਾ ਅਪਣੀ ਤੋਰ ਤਿਆਗੀ,
ਰੱਖਣ ਬੋਲ ਬੁਲੰਦੀ ’ਤੇ ਗਲ਼ ਸਾਡੇ ਘੁੱਟੇ ਹੋਏ।

ਦੇਖ ਲਵੀਂ, ਜਾਗੀਰਾਂ ਨੂੰ ਹੈ ਉਹਨਾਂ ਨੇ ਖੋਹ ਲੈਣਾ,
ਜਿਸ ਦਿਨ ਉੱਠ ਖਲੋਏ ’ਰੌਸ਼ਨ’ ਮਾਰੇ ਕੁੱਟੇ ਹੋਏ।

## ਪੰਜ ਗ਼ਜ਼ਲਾਂ/ਜੋਗਿੰਦਰ ਨੂਰਮੀਤ

1.

ਕਦੇ ਤਾਂ ਧਰਤੀ ਉਦਾਸ ਲਗਦੀ, ਕਦੇ ਇਹ ਅੰਬਰ ਉਦਾਸ ਲਗਦੈ।
ਜਦੋਂ ਦਾ ਨੈਣਾਂ ‘ਚ ਨੀਰ ਵਸਿਆ, ਇਹ ਸਾਰਾ ਮੰਜ਼ਰ ਉਦਾਸ ਲਗਦੈ।

ਗੁਲਾਂ ਤੇ ਕਲੀਆਂ ਦੇ ਰੰਗ-ਖ਼ੁਸ਼ਬੂ ਨਿਗਲ ਲਏ ਪਤਝੜਾਂ ਨੇ ਜਿਸ ਦਿਨ,
ਬਹਾਰ ਉਸ ਦਿਨ ਤੋਂ ਲਾਪਤਾ ਹੈ, ਉਦੋਂ ਤੋਂ ਚੇਤਰ ਉਦਾਸ ਲਗਦੈ।

ਮੈਂ ਰੋਕਿਆ ਵੀ, ਮੈਂ ਵਰਜਿਆ ਵੀ ਪਰ ਇਸ ਨੇ ਮੇਰੀ ਤਾਂ ਇੱਕ ਨਾ ਮੰਨੀ,
ਉਦਾਸੀਆਂ ਵਿੱਚ ਉੱਤਰ ਗਿਆ ਹੈ, ਇਹ ਦਿਲ ਹੁਣ ਅਕਸਰ ਉਦਾਸ ਲਗਦੈ।

ਮੇਰੇ ਸਮਰਪਣ ਤੇ ਉਸਦੀ ਹਉਮੈ ਨੇ ਆਪਣੇ ਹਾਸਿਲ ਨੂੰ ਇੰਝ ਪਾਇਆ,
ਮੈਂ ਕਤਲ ਹੋ ਕੇ ਵੀ ਬਹੁਤ ਖ਼ੁਸ਼ ਹਾਂ ਪਰ ਉਸਦਾ ਖੰਜਰ ਉਦਾਸ ਲਗਦੈ।

ਇਹ ਚੰਦ, ਤਾਰੇ ਤੇ ਕਹਿਕਸ਼ਾਂ ਦਾ ਨਿਜ਼ਾਮ ਸਾਬਤ ਹੈ ਫਿਰ ਵੀ ਮੈਨੂੰ,
ਬਸ ਇੱਕ ਸਿਤਾਰੇ ਦੀ ਹੋਂਦ ਬਾਝੋਂ ਇਹ ਸਾਰਾ ਅੰਬਰ ਉਦਾਸ ਲਗਦੈ।

ਅਸੀਂ ਤਰੱਕੀ ਦੇ ਸਬਜ਼ ਖ਼ਾਬਾਂ ਦੀ ਇਹ ਵੀ ਕੀਮਤ ਚੁਕਾ ਰਹੇ ਹਾਂ,
ਉਦਾਸ ਰੂਹਾਂ, ਉਦਾਸ ਜੂਹਾਂ, ਗਲੀ ਦਾ ਹਰ ਘਰ ਉਦਾਸ ਲਗਦੈ।

ਗ਼ਜ਼ਲ ਦੇ ਵਿਹੜੇ 'ਚ ਮਿਸਰਾ ਮਿਸਰਾ ਇਹ ਪੀੜ ਕਿੱਥੋਂ ਭਟਕਦੀ ਆਈ?
ਜੇ 'ਨੂਰ' ਦੱਸੇ ਤਾਂ ਕਿੰਝ ਦੱਸੇ ਕਿਉਂ ਅੱਖਰ-ਅੱਖਰ ਉਦਾਸ ਲਗਦੈ?

2.

ਨਜ਼ਰ ਦੀ ਹੱਦ 'ਚ ਹੈ ਜੋ ਕੁਝ ਉਹੀ ਸੰਸਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।
ਇਹ ਜੋ ਬ੍ਰਹਿਮੰਡ ਹੈ, ਇਸ ਖੰਡ ਦਾ ਵਿਸਥਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ

ਜੋ ਰੁਖ਼ਸਤ ਹੋ ਗਿਆ, ਹੁਣ ਨਾ ਉਸਦੀ ਆਰਜ਼ੂ ਕਰ, ਤੂੰ ਖ਼ੁਦ ਨੂੰ ਸੁਰਖ਼ੁਰੂ ਕਰ,
ਤੇਰੇ ਨਾਵਲ ਦਾ ਹਰ ਚੈਪਟਰ ਤੇਰੇ ਅਨੁਸਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

ਜੁਦਾਈ ਦੀ ਉਦਾਸੀ ਰੁੱਤ ਉਸੇ ਦੀ ਦੇਣ ਜਾਣੀਂ, ਇਹਦੀ ਲੱਜ਼ਤ ਨੂੰ ਮਾਣੀਂ,
ਮੁਹੱਬਤ ਦਾ ਸਿਲਾ ਬਸ ਵਸਲ ਹੀ ਹਰ ਵਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

ਜੋ ਆਪਣੇ ਰੰਗ, ਆਪਣੇ ਢੰਗ ਆਪ ਚੁਣਦੀ, ਤੇ ਆਪਣੇ ਦਿਲ ਦੀ ਸੁਣਦੀ,
ਉਹ ਔਰਤ ਜੋ ਕਿ ਖ਼ੁਦ-ਮੁਖ਼ਤਾਰ ਹੈ, ਬਦਕਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

ਜਿਹਨਾਂ ਰਸਮਾਂ-ਰਿਵਾਜਾਂ, ਰਿਸ਼ਤਿਆਂ ਦੇ ਪਾਏ ਰੱਸੇ, ਉਹਨਾਂ ਨੂੰ ਕੌਣ ਦੱਸੇ?
ਜੋ ਮਾਲਕ ਜਿਸਮ ਦਾ ਹੈ, ਰੂਹ ਦਾ ਵੀ ਹੱਕਦਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

ਸਿਆਸਤਦਾਨ ਜਾਂ ਸ਼ਤਰੰਜ ਦਾ ਮਾਹਰ ਖਿਡਾਰੀ, ਜਾਂ ਹੋ ਸਕਦੈ ਵਪਾਰੀ,
ਅਦੀਬ ਆਖੇ ਜੋ ਖ਼ੁਦ ਨੂੰ ਉਹ ਕੋਈ ਫ਼ਨਕਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

ਭਲਾ ਕਿਉਂ 'ਨੂਰ' ਨੂੰ ਕੋਹ ਤੂਰ ਉੱਤੇ ਭਾਲਦਾ ਹੈਂ?ਜਫਰ ਕਿਉਂ ਜਾਲ਼ਦਾ ਹੈਂ?
ਉਹਦੇ ਦੀਦਾਰ ਨੂੰ ਕੋਈ ਸਫ਼ਰ ਦਰਕਾਰ ਹੋਵੇ, ਜ਼ਰੂਰੀ ਤਾਂ ਨਹੀਂ ਹੈ।

3.

ਸਾਨੂੰ ਅਹਿਸਾਸ ਤਾਂ ਹੁੰਦੈ ਕਿ ਜੀ ਰਹੇ ਹਾਂ ਅਸੀਂ।
ਪਰ ਹਕੀਕਤ ਹੈ ਕਿ ਅੰਦਰ ਤੋਂ ਮਰ ਗਏ ਹਾਂ ਅਸੀਂ।

ਜ਼ਿਹਨ ਦੀ ਕੈਦ 'ਚ ਕੁਝ ਇਸ ਤਰ੍ਹਾਂ ਫਸੇ ਹਾਂ ਅਸੀਂ।
ਲੋਕ ਕੀ ਸੋਚਦੇ ਨੇ ਇਹ ਵੀ ਸੋਚਦੇ ਹਾਂ ਅਸੀਂ।

ਆਪਣੀ ਤਕਦੀਰ ਦੇ ਸਹਿਰਾ 'ਚ ਭਾਲ਼ਦੇ ਖ਼ੁਦ ਨੂੰ,
ਵਾਵਰੋਲੇ ਦੀ ਜਿਵੇਂ ਜੂਨ ਭੋਗਦੇ ਹਾਂ ਅਸੀਂ।

ਬੇੜੀਆਂ ਪਾ ਕੇ ਉਡਾਰੀ ਦੀ ਗੱਲ ਕਰਦੇ ਹਾਂ,
ਕਿਉਂ ਨਾ ਆਖੇ ਇਹ ਜ਼ਮਾਨਾ ਕਿ ਸਿਰਫਿਰੇ ਹਾਂ ਅਸੀਂ?

ਤੈਨੂੰ ਛੂਹ ਕੇ, ਤੇਰੇ ਹੋ ਕੇ ਵੀ ਤੈਥੋਂ ਵਾਂਝੇ ਹਾਂ,
ਤੇਰੀ ਤਹਿਰੀਰ ਦੇ ਸਫ਼ਿਆਂ 'ਤੇ ਹਾਸ਼ੀਏ ਹਾਂ ਅਸੀਂ।

ਖ਼ੌਫ਼ ਖਾਂਦੇ ਹਾਂ ਖ਼ੁਦ ਆਪਣੇ ਹੀ ਅਕਸ ਤੋਂ ਅੱਜ ਕਲ੍ਹ,
ਆਪਣੇ ਕਿਰਦਾਰ ਤੋਂ ਐਦਾਂ ਡਰੇ ਡਰੇ ਹਾਂ ਅਸੀਂ।

ਠਹਿਰ ਜਾਂਦੇ ਤਾਂ ਉਹ ਮੰਜ਼ਿਲ ਪਲਾਂ 'ਚ ਪਾ ਲੈਂਦੇ,
ਜਿੱਥੇ ਪਹੁੰਚਣ ਨੂੰ ਅਜ਼ਲ ਤੋਂ ਹੀ ਤੁਰ ਰਹੇ ਹਾਂ ਅਸੀਂ।

ਮੌਤ ਨੂੰ ਜਾਣ ਕੇ ਹੁਣ ਇਸ ਤੋਂ ਮੁਕਤ ਹੋਣਾ ਹੈ
ਜ਼ਿੰਦਗੀ ਦੇ ਤਾਂ ਸਭੇ ਰਾਜ਼ ਜਾਣਦੇ ਹਾਂ ਅਸੀਂ।

ਆਪਣੇ ਅਮਲਾਂ 'ਚ ਤਾਂ ਮੁਨਕਰ ਹਾਂ ਉਸਦੀ ਹਸਤੀ ਤੋਂ,
ਗੱਲੀਂ ਬਾਤੀਂ ਪਰ ਉਸੇ ਨੂਰ ਦੇ ਜਣੇ ਹਾਂ ਅਸੀਂ।

4.

ਘੜੀ ਪਲ ਕੋਲ਼ ਆ ਕੇ ਜਦ ਵੀ ਪਿਆਰੇ ਠਹਿਰ ਜਾਂਦੇ ਨੇ।
ਉਦੋਂ ਲਗਦੈ ਜ਼ਮੀਨ, ਅੰਬਰ, ਸਿਤਾਰੇ ਠਹਿਰ ਜਾਂਦੇ ਨੇ।

ਨਜ਼ਰ ਵਿੱਚ ਇਸ ਤਰ੍ਹਾਂ ਵੀ ਕੁਝ ਨਜ਼ਾਰੇ ਠਹਿਰ ਜਾਂਦੇ ਨੇ।
ਜਿਵੇਂ ਯਾਦਾਂ ਦੀ ਝੀਲ ਅੰਦਰ ਸ਼ਿਕਾਰੇ ਠਹਿਰ ਜਾਂਦੇ ਨੇ।

ਸਭੇ ਕਿਰਦਾਰ ਸਾਂਭਣ ਤੇ ਸਮੇਟਣ ਦਾ ਸਮਾਂ ਹੁੰਦੈ,
ਕਹਾਣੀ ਨੂੰ ਜਦੋਂ ਮਿਲਦੇ ਹੁੰਗਾਰੇ ਠਹਿਰ ਜਾਂਦੇ ਨੇ।

ਭਟਕਦੇ ਨੇ ਜਿਹਨਾਂ ਨੂੰ ਕੋਈ ਕਾਮਿਲ ਪੀਰ ਨਈਂ ਮਿਲਦਾ,
ਤੇ ਜਿਹੜੇ ਪਹੁੰਚਦੇ ਨੇ ਉਸਦੇ ਦੁਆਰੇ, ਠਹਿਰ ਜਾਂਦੇ ਨੇ।

ਕਿਸੇ ਦੀ ਚੀਖ ਨੂੰ ਸੁਣ ਕੇ ਕੋਈ ਵਿਰਲਾ ਹੀ ਰੁਕਦੈ ਹੁਣ,
ਮਦਾਰੀ ਦੀ ਆਵਾਜ਼ ਉੱਤੇ ਤਾਂ ਸਾਰੇ ਠਹਿਰ ਜਾਂਦੇ ਨੇ।

ਸਫ਼ਰ ਸਿੱਧਾਰਥ ਤੋਂ ਗੌਤਮ ਦਾ ਪਹਿਲੇ ਪੈਰ ਮੁੱਕ ਜਾਂਦੈ,
ਘਰੋਂ ਚੁੱਕੇ ਕਦਮ ਜਦ ਘਰ ਦੇ ਮਾਰੇ ਠਹਿਰ ਜਾਂਦੇ ਨੇ।

ਇਹ ਮਿਸਰੇ ਜਜ਼ਬਿਆਂ ਦਾ ਨਿੱਘ ਲੱਭਦੇ ਅੱਜ ਵੀ ਐ 'ਨੂਰ',
ਕਿਸੇ ਜੰਮੇ ਹੋਏ ਲਮਹੇ ਕਿਨਾਰੇ ਠਹਿਰ ਜਾਂਦੇ ਨੇ।

5.

ਛੱਡ ਕੇ ਮਹਿਲਾਂ ਨੂੰ, ਕੱਚੇ ਢਾਰਿਆਂ ਦੀ ਗੱਲ ਕਰ।
ਹੇ ਕਵੀ! ਤਕਦੀਰ ਹੱਥੋਂ ਹਾਰਿਆਂ ਦੀ ਗੱਲ ਕਰ।

ਉਹ ਕਿ ਜੋ ਸੰਸਾਰ ਨੇ ਇਨਸਾਨ ਵੀ ਮੰਨੇ ਨਹੀਂ,
ਤੂੰ ਉਨ੍ਹਾਂ ਸਭ ਪਛੜਿਆਂ, ਦੁਰਕਾਰਿਆਂ ਦੀ ਗੱਲ ਕਰ।

ਰਾਹ ਤੁਰੇ ਜਾਂਦੇ ਨੂੰ ਲੋਕਾਂ ਧਰਮ ਪੁੱਛ ਕੇ ਮਾਰਿਆ,
ਤੂੰ ਕਦੇ ਐਦਾਂ ਦੇ ਵੀ ਵਰਤਾਰਿਆਂ ਦੀ ਗੱਲ ਕਰ।

ਆਸਿਫਾ, ਅਰੁਣਾ ਤੇ ਹਰ ਇੱਕ ਨਿਰਭਿਆ ਦਾ ਦਰਦ ਕਹਿ,
ਜਿਸਮ ਲੱਭਦੇ ਵਹਿਸ਼ੀਆਂ, ਹਤਿਆਰਿਆਂ ਦੀ ਗੱਲ ਕਰ।

ਪੁੱਛ ਕਿਸ-ਕਿਸ ਨੂੰ ਹੈ ਮਿਲਿਆ ਰੋਟੀ ਕਪੜਾ ਤੇ ਮਕਾਨ,
ਤੂੰ ਹਕੂਮਤ ਦੇ ਲਗਾਏ ਲਾਰਿਆਂ ਦੀ ਗੱਲ ਕਰ।

ਜਾਤ, ਮਜ਼ਹਬ ਦੇ ਹਰ ਇੱਕ ਪਾੜੇ ਨੂੰ ਕਰਕੇ ਦਰਕਿਨਾਰ,
ਤੂੰ ਕਿਸੇ ਇੱਕ ਦੀ ਨਹੀਂ, ਤੂੰ ਸਾਰਿਆਂ ਦੀ ਗੱਲ ਕਰ।

ਤੂੰ ਵੀ ਆ ਕੇ ਹੱਕ ਮੰਗਣ ਵਾਲਿਆਂ ਦੇ ਨਾਲ ਤੁਰ,
ਵਰ੍ਹਦੀਆਂ ਡਾਂਗਾਂ ਤੇ ਭੱਖਦੇ ਨਾਅਰ੍ਹਿਆਂ ਦੀ ਗੱਲ ਕਰ।

ਰੰਗ, ਖ਼ੁਸ਼ਬੂ, ਇਸ਼ਕ ਦੇ ਕਿੰਨੇ ਕਸੀਦੇ ਲਿਖ ਲਏ,
'ਨੂਰ' ਹੁਣ ਕੋਈ ਸਮੇਂ ਦੇ ਮਾਰਿਆਂ ਦੀ ਗੱਲ ਕਰ।

## ਅਮਰਜੀਤ ਗਰੇਵਾਲ/ਹੀਰ

ਵਾਰਿਸ ਨੇ ਜੋੜੀ ਸੀ ਹੀਰ ਦੀ ਕਥਾ,
ਪਿੰਡਾਂ ਦੀ ਮਿੱਟੀ, ਰਾਂਝਿਆਂ ਦੀ ਰੂਹ।
ਅੱਜ ਦੇ ਵਾਰਿਸ ਪੁਕਾਰਦੇ ਨੇ ਮੁੜ—
ਇਸ ਸਦੀ ਦੀ ਹੀਰ,
ਗਲੋਬਲ ਦੁੱਖਾਂ ਦੀ ਦੂਤ।
ਹੀਰ ਹੁਣ ਸਿਰਫ਼ ਕਿਸੇ ਧੀ ਦਾ ਨਾਂ ਨਹੀਂ,
ਉਹ ਧਰਤੀ ਹੈ—ਪਾਣੀਆਂ ਵਿਚ ਡੁੱਬਦੀ।
ਉਹ ਫਸਲ ਹੈ—ਕਰਜ਼ਿਆਂ ਹੇਠ ਕੁਚਲੀ।
ਉਹ ਕੁੜੀ ਹੈ—ਜਿਸਦੀ ਨੌਕਰੀ ਆਊਟਸੋਰਸ ਹੋ ਗਈ।
ਉਹ ਮਾਂ ਹੈ—ਜੋ ਮਜ਼ਦੂਰੀ ਲਈ ਵਿਦੇਸ਼ ਭੇਜਦੀ ਪੁੱਤਾਂ ਨੂੰ।
ਉਹ ਆਵਾਜ਼ ਹੈ—ਜੋ ਕਹਿੰਦੀ ਹੈ:
"ਮੈਂ ਕੇਵਲ 'ਮੈਂ' ਨਹੀਂ,
ਮੈਂ ਸਾਰੀ ਧਰਤੀ ਹਾਂ।
ਰਾਂਝਾ ਹੁਣ ਵੰਝਲੀ ਵਾਲਾ ਚਰਵਾਹਾ ਨਹੀਂ,
ਉਹ ਡਿਜ਼ਿਟਲ ਯਾਤਰੀ ਹੈ,
ਹੱਥ ਵਿਚ ਮੋਬਾਇਲ,
ਅੱਖਾਂ ਵਿੱਚ ਡੇਟਾ ਦੇ ਸਕ੍ਰੋਲ।
ਉਹ ਵੀ ਭਟਕਦਾ ਹੈ
ਵਾਈ-ਫਾਈ ਦੇ ਜੰਗਲਾਂ ਵਿਚ,
ਹੀਰ ਨੂੰ ਲੱਭਦਾ—
ਨਾ ਸਿਰਫ਼ ਪ੍ਰੇਮ ਲਈ,

ਸਗੋਂ ਸੁਰ-ਸੰਗਤ ਲਈ।
ਪਰਿਵਾਰ ਹੁਣ ਚਾਚੇ-ਤਾਏ ਨਹੀਂ ਰਹੇ,
ਹੁਣ ਉਹ ਗਲੋਬਲ ਮਾਰਕੀਟ ਹੈ।
ਉਹ ਕਹਿੰਦੀ ਹੈ:
"ਹੀਰ, ਤੂੰ ਸਿਰਫ਼ ਇਕ ਕਨਜ਼ਿਊਮਰ ਹੈਂ,
ਤੇਰਾ ਪਿਆਰ ਵੀ ਇਕ ਪਰੋਡਕਟ ਹੈ।
ਤੇਰੀ ਆਜ਼ਾਦੀ—
ਸਾਡੀ ਬਰੈਂਡਿੰਗ ਸਟਰੈਟਿਜੀ।
ਸੰਗਤ, ਜੋ ਪਹਿਲਾਂ ਹੀਰ ਨੂੰ ਦੋਸ਼ੀ ਬਣਾਉਂਦੀ ਸੀ,
ਹੁਣ ਉਸਦੇ ਨਾਲ ਖੜੀ ਹੈ।
ਕਿਉਂਕਿ ਲੜਾਈ ਹੁਣ ਕੇਵਲ ਜੋੜੇ ਦੀ ਨਹੀਂ,
ਇਹ ਲੜਾਈ ਹੈ—
ਸਾਰੀਆਂ ਰੂਹਾਂ ਦੀ,
ਨਿਊ-ਲਿਬਰਲ ਇਕੱਲਾਪੇ ਦੇ ਵਿਰੁੱਧ।
ਹੀਰ ਕਹਿੰਦੀ ਹੈ:
ਮੇਰਾ ਪਿਆਰ ਐਕਸਕਲੂਯਨ ਨਹੀਂ,
ਮੇਰਾ ਪਿਆਰ ਇਨਕਲੂਯਨ ਹੈ।
ਮੇਰਾ ਇਸ਼ਕ ਕੇਵਲ ਰਾਂਝੇ ਲਈ ਨਹੀਂ,
ਇਹ ਸਰਬੱਤ ਦੇ ਭਲੇ ਲਈ ਹੈ।
ਵਾਰਿਸ ਸ਼ਾਹ ਨੇ ਹੀਰ ਨੂੰ ਵਿਛੋੜੇ ਵਿੱਚ ਅਮਰ ਕੀਤਾ ਸੀ।
ਅੱਜ ਦੀ ਹੀਰ—
ਇਕੱਠ ਵਿੱਚ ਅਮਰ ਹੋਵੇਗੀ।
ਉਹ ਟਰੈਜਿਕ ਨਹੀਂ,
ਉਹ ਮੈਨੀਫੈਸਟੋ ਹੈ।
ਉਹ ਆਖਦੀ ਹੈ:
"ਇਸ਼ਕ ਨਹੀਂ—ਦੋਸਤੀ।
ਕੈਦ ਨਹੀਂ—ਆਜ਼ਾਦੀ।
'ਮੈਂ' ਨਹੀਂ—'ਅਸੀਂ'।

## ਬਰੈਂਪਟਨ ਵੀ ਪੰਜਾਬ ਵਰਗਾ ਹੀ ਲੱਗਦਾ/ਸੁਖਿੰਦਰ

ਜੀਤਾ ਸਿੰਘ, ਚਿਹਰੇ ਉੱਤੇ
ਮੁਸਕਰਾਹਟ ਲਿਆ ਕੇ, ਬੋਲਿਆ
ਬਾਈ ਜੀ, ਸੱਚ ਪੁੱਛੋ, ਤਾਂ
ਮੈਨੂੰ, ਬਰੈਂਪਟਨ ਵੀ, ਜਮਾਂ ਈ
ਪੰਜਾਬ ਵਰਗਾ ਲੱਗਿਆ-

ਇੱਥੇ ਵੀ, ਆਪਣੇ, ਲੋਕ
ਸ਼ੌਪਿੰਗ ਪਲਾਜ਼ਿਆਂ ਵਿੱਚ, ਪੰਜਾਬ ਵਾਂਗੂੰ ਹੀ
ਮੰਜੀਆਂ ਡਾਹ ਕੇ ਬੈਠੇ ਹੁੰਦੇ ਹਨ-
ਜਿਵੇਂ ਕਿਤੇ, ਲਾਡੋਵਾਲ ਪਿੰਡ ਦੇ
ਕਿਸੀ, ਖੇਤ ਵਿੱਚ ਬੈਠੇ
ਸਟੀਲ ਦੇ ਗਿਲਾਸਾਂ ਵਿੱਚ
ਘਰ ਦੀ ਕੱਢੀ, ਸੰਤਰਾ ਮਾਰਕਾ
ਸ਼ਰਾਬ ਦੀਆਂ ਚੁਸਕੀਆਂ
ਲੈ ਰਹੇ ਹੋਣ

ਇੱਥੇ ਵੀ, ਆਪਣੇ, ਲੋਕ
ਨਗਰ ਕੀਰਤਨਾਂ ਸਮੇਂ, ਲੰਗਰ ਵਿੱਚ
ਵਰਤਾਏ ਜਾਂਦੇ, ਪਾਲਕ ਦੇ ਪਕੌੜਿਆਂ ਉੱਤੇ
ਇੰਝ, ਟੁੱਟ ਕੇ, ਝਪਟਦੇ ਹਨ, ਜਿਵੇਂ ਕਿਤੇ, ਪੰਜਾਬ ਵਿੱਚ
ਸਰਕਾਰ ਵੱਲੋਂ, ਮੁਫਤ ਦਿੱਤਾ ਜਾਂਦਾ
ਕੁਝ ਕਿੱਲੋ, ਕਣਕ ਦਾ ਆਟਾ ਅਤੇ ਦਾਲ
ਲੈਣ ਲਈ, ਚੰਗੇ, ਰੱਜੇ-ਪੁੱਜੇ, ਘਰਾਂ ਦੇ ਲੋਕ ਵੀ
ਲਾਈਨਾਂ ਵਿੱਚ ਲੱਗ, ਇੱਕ-ਦੂਜੇ ਨਾਲ
ਧੱਕਮ-ਧੱਕਾ ਹੋ ਰਹੇ ਹੁੰਦੇ ਹਨ

ਇੱਥੇ ਵੀ, ਆਪਣੇ, ਲੋਕ
ਗੈਂਗਸਟਰ ਗ੍ਰੋਹਾਂ ਵਿੱਚ ਸ਼ਾਮਿਲ ਹੋ ਕੇ
ਭਾੜੇ ਦੇ ਕਾਤਲ ਬਣ ਕੇ, ਵਿਉਪਾਰੀ ਲੋਕਾਂ ਨੂੰ
ਫਿਰੌਤੀਆਂ ਲੈਣ ਲਈ, ਪੰਜਾਬ ਵਾਂਗੂੰ ਹੀ

ਪਹਿਲਾਂ, ਧਮਕੀਆਂ ਭਰੀਆਂ, ਚਿੱਠੀਆਂ
ਭੇਜਦੇ ਹਨ, ਫਿਰ, ਉਨ੍ਹਾਂ ਦੇ ਘਰਾਂ ਅੱਗੇ
ਧੂੰਆਂਧਾਰ, ਗੋਲੀਆਂ ਦੀ
ਬੁਛਾੜ ਕਰਦੇ ਹਨ

ਇੱਥੇ ਵੀ, ਆਪਣੇ, ਲੋਕ
ਧਰਮੀ ਸਥਾਨਾਂ ਦੀਆਂ, ਪ੍ਰਬੰਧਕ ਕਮੇਟੀਆਂ ਵਿੱਚ
ਅਹੁਦੇਦਾਰ ਬਣਕੇ, ਪੰਜਾਬ ਵਾਂਗੂੰ ਹੀ
ਧਰਮੀ ਸਥਾਨਾਂ ਦੀਆਂ, ਗੋਲਕਾਂ ’ਚੋਂ
ਅੰਨ੍ਹੀ, ਲੁੱਟ ਮਚਾ ਕੇ, ਆਪਣੀ
ਐਸ਼ਪ੍ਰਸਤੀ ਕਰਦੇ ਹਨ, ਆਪਣੇ
ਵਿਉਪਾਰਕ, ਖਰਚੇ ਚਲਾਂਦੇ ਹਨ

ਇੱਥੇ ਵੀ, ਆਪਣੇ, ਲੋਕ
ਰਾਜਨੀਤੀ ਦੇ, ਸਭ, ਗਲਤ, ਹੱਥਕੰਡੇ ਵਰਤ ਕੇ
ਰਾਜਨੀਤੀ ਦੀਆਂ, ਪੌੜੀਆਂ ਚੜ੍ਹਦੇ ਹਨ
ਪਾਰਲੀਮੈਂਟ ਮੈਂਬਰ ਬਣਕੇ, ਪੰਜਾਬ ਵਾਂਗੂੰ ਹੀ
ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ, ਅਦਾਰਿਆਂ ਦੇ
ਘੜੰਮ ਚੌਧਰੀ ਬਣਕੇ, ਆਪਣੇ, ਚਹੇਤਿਆਂ ਨੂੰ
ਇਮੀਗ੍ਰੇਸ਼ਨ, ਸਟੂਡੈਂਟ, ਵਰਕ, ਵੀਜ਼ੇ ਦੁਆਂਦੇ ਹਨ, ਆਪਣੇ
ਬੈਂਕਾਂ ਦੀਆਂ ਤਜੌਰੀਆਂ ਵਿੱਚ ਵਾਧਾ ਕਰਦੇ ਹਨ

ਇੱਥੇ ਵੀ, ਆਪਣੇ, ਲੋਕ
ਵਿਗੜੀ ਹੋਈ, ਮੰਡ੍ਹੀਰ ਬਣਕੇ, ਪੰਜਾਬ ਵਾਂਗੂੰ ਹੀ
-ਕਾਰਾਂ, ਚੋਰੀ ਕਰਦੇ ਹਨ
-ਬੈਂਕ, ਲੁੱਟਦੇ ਹਨ
-ਗਹਿਣਿਆਂ ਦੀਆਂ, ਦੁਕਾਨਾਂ ਦੇ ਸ਼ੀਸ਼ੇ ਭੰਨਦੇ ਹਨ
-ਫਰਜ਼ੀ ਦਸਤਾਵੇਜ਼ਾਂ ਨਾਲ, ਕਾਲਿਜਾਂ ’ਚ ਦਾਖਲਾ ਲੈਂਦੇ ਹਨ
-ਸ਼ਰਾਬ ਦੇ, ਠੇਕਿਆਂ ’ਤੇ ਡਾਕੇ ਮਾਰਦੇ ਹਨ
-ਟਰੱਕਾਂ ਵਿੱਚ, ਕਰੈਕ, ਕੁਕੇਨ, ਅਫੀਮ, ਸਮੱਗਲ ਕਰਦੇ ਹਨ
-ਭਾੜੇ ਦੇ ਕਾਤਲ ਬਣਕੇ, ਰਾਜਨੀਤੀਵਾਨਾਂ ਦੇ, ਕਤਲ ਕਰਦੇ ਹਨ
-ਅੱਲੜ੍ਹ, ਜੁਆਨੀ ਨੂੰ ਜਿਸਮ ਵੇਚਣ ਦੇ ਧੰਦੇ ’ਚ ਪਾਉਂਦੇ ਹਨ

-ਧਰਮੀ, ਜੁਆਕਾਂ ਨੂੰ, ਦਹਿਸ਼ਤਗਰਦੀ,
ਆਤੰਕਵਾਦੀ ਕਤਲਾਂ, ਰਸਤੇ

ਜੀਤਾ ਸਿੰਘ, ਸੱਚ ਹੀ ਬੋਲਦਾ ਹੈ
ਹੁਣ, ਬਰੈਂਪਟਨ ਵਿੱਚ ਵੀ
ਆਪਣੇ, ਲੋਕਾਂ ਦਾ ਹੜ੍ਹ
ਆ ਜਾਣ ਕਰਕੇ-
ਬਰੈਂਪਟਨ ਵੀ, ਹੁਣ, ਤਾਂ
ਪੰਜਾਬ ਵਰਗਾ ਹੀ ਲੱਗਦਾ ਹੈ

## ਸਾਡੇ ਸਮਿਆਂ ਲਈ/ਡਾ. ਜਨਮੀਤ

ਇਹ ਸਾਡੇ ਸਮਿਆਂ ਵਿੱਚ ਹੀ ਹੋਣਾ ਸੀ ਪਿਆਰੇ ਪਾਸ਼
ਤੂੰ ਦੇਖ ਨਹੀਂ ਸੀ ਸਕਣਾ,
ਤੂੰ ਸਹਿ ਨਹੀਂ ਸੀ ਸਕਣਾ।
ਪਾਕਿਸਤਾਨ ਤਾਂ ਆਪਣਾ ਸਕਾ ਭਰਾ ਹੈ,
ਉਸਨੇ ਟਰੰਪ ਨੂੰ ਨੋਬਲ ਦਵਾਉਣਾ ਹੈ,
ਤੇ ਆਪਾਂ ਚੁੱਪ ਰਹਿਣਾ ਹੈ।
ਚੰਗਾ ਹੋਇਆ! ਤੂੰ ਇਸ ਵਕਤ ਤੋਂ ਬਹੁਤ ਪਹਿਲਾਂ
ਵਿਦਾ ਹੋ ਗਿਆ
ਤੈਥੋਂ ਵੇਖਿਆ ਨਹੀਂ ਸੀ ਜਾਣਾ
ਗਾਜ਼ਾ, ਫਲਸਤੀਨ, ਲਿਬਨਾਨ।
ਤੈਥੋਂ ਵੇਖਿਆ ਨਹੀਂ ਸੀ ਜਾਣਾ ਨਹੱਕ ਕਤਲੇਆਮ,
ਭੁੱਖ ਨਾਲ ਮਰਦੇ ਬੱਚੇ, ਔਰਤਾਂ।
ਤੂੰ ਵਿਲਕ ਪੈਣਾ ਸੀ
ਇਹ ਅਮਰੀਕਾ, ਇਹ ਇਜ਼ਰਾਈਲ
ਭੁੱਖਾ ਭੇੜੀਆ ਹੈ,
ਇਹ ਪੀ ਜਾਵੇਗਾ ਮਾਨਵਤਾ ਦਾ ਸੁੱਚਾ ਖ਼ੂਨ।
ਤੈਥੋਂ ਵੇਖਿਆ ਨਹੀਂ ਸੀ ਜਾਣਾ
ਮੋਦੀ, ਸ਼ਾਹ ਦਾ ਘ੍ਰਿਣਤ ਚਿਹਰਾ,
ਗੋਧਰਾ, ਮਨੀਪੁਰ ਤੇ ਪਹਿਲਗਾਮ।
ਤੈਥੋਂ ਵੇਖਿਆ ਨਹੀਂ ਸੀ ਜਾਣਾ

ਗਊ ਮੂਤਰ ਦਾ ਗੋਕੇ ਦੁੱਧ ਤੋਂ ਮਹਿੰਗਾ ਵਿਕਣਾ,
ਤੈਥੋਂ ਵੇਖਿਆ ਨਹੀਂ ਸੀ ਜਾਣਾ
ਤੇਰੇ ਵਾਰਿਸਾਂ ਦੀਆਂ ਜ਼ਮੀਰਾਂ ਦਾ ਮਰ ਜਾਣਾ
ਪਿਆਰੇ ਪਾਸ਼!
ਉੱਠ ਤੇਰੇ ਉੱਠਣ ਦਾ ਲਮਹਾ ਆ ਗਿਆ ਹੈ।
ਤੂੰ ਮਰਿਆ ਨਹੀਂ।
ਪਰ ਫੇਰ ਵੀ ਚੰਗਾ ਹੋਇਆ
ਤੂੰ ਬਹੁਤ ਪਹਿਲਾਂ ਵਿਦਾ ਹੋ ਗਿਆ
ਤੇ ਛੱਡ ਗਿਆ ਇਹ ਸਭ
ਸਾਡੇ ਸਮਿਆਂ ਲਈ।

## 'ਸਾਮੰਤਵਾਦੀ ਨਜ਼ਰੀਆਤ'/ਡਾ. ਲਾਭ ਸਿੰਘ ਖੀਵਾ

ਬੜੇ ਅਜੀਬ ਨਜ਼ਰੀਆਤ ਸਨ,
ਮੇਰੇ ਅੱਬੂ ਜਾਨ ਦੇ।
ਸਾਮੰਤੀ ਖਾਸੇ ਦੀ ਖਾਣ ਦੇ ।

ਉਹ ਬੇਬਾਕ ਹੋ ਫ਼ਰਮਾਉਂਦੇ,
"ਤੁਹਾਡੀ ਸੀਟੀ ਦੇ ਇਕ ਬੁਲਾਵੇ 'ਤੇ,
ਘੋੜੀ ਅਤੇ ਬੀਵੀ ਨਾ ਆਵੇ,
ਸਮਝੋ ਤੁਹਾਡੇ 'ਚ ਦਮ ਨਹੀਂ
ਚੰਗੇ ਸ਼ਾਹ-ਸਵਾਰਾਂ 'ਚ ਸ਼ਾਮਿਲ ਨਹੀਂ।
ਜਾਂ ਫਿਰ ਮਰਦੇ-ਕਾਮਿਲ ਨਹੀਂ।"

ਉਹ ਇਹ ਵੀ ਸਿਖਾਉਂਦੇ,
"ਜੋ ਜ਼ਮੀਨ ਨਾ ਦੇਵੇ ਫ਼ਸਲ,
ਵੇਚ ਦੇਵੋ ਤੇ ਯੂਪੀ-ਬਿਹਾਰ 'ਚੋਂ,
ਸਸਤੀ ਖਰੀਦ ਲਵੋ ।
ਦੱਬ ਕੇ ਵਾਹੋ, ਬੀਜ ਲਵੋ,
ਤੇ ਭਰਵੀਂ ਫ਼ਸਲ ,
ਹਰ ਸਾਲ ਰਸੀਦ ਲਵੋ ।

ਜਿਸ ਕੋਲ ਫ਼ਸਲ ਦਾ ਅੰਬਾਰ ਹੈ,
ਉਹੀ ਕਬੀਲੇ ਦਾ ਸਰਦਾਰ ਹੈ।
ਜੀਹਦੀ ਕੋਠੀ ਦਾਣੇ,
ਉਹਦੇ ਕਮਲੇ ਵੀ ਸਿਆਣੇ।"

ਉਹ ਇਹ ਵੀ ਸਮਝਾਉਂਦੇ,
"ਜ਼ਮੀਨ ਤੇ ਜ਼ੋਰੂ
ਚੰਗੀ ਫ਼ਸਲ ਤੇ ਨਸਲ ਦਾ 'ਗਰੰਟੀ-ਬਾਂਡ' ਹੁੰਦੇ ਨੇ।
ਢੇਰ ਜ਼ਰ ਦਾ ਵਸੀਲਾ ਬਣਦੇ ਨੇ।
ਤੇ ਪੀੜ੍ਹੀ ਦਾ ਬਲਸ਼ਾਲੀ ਕਬੀਲਾ ਬਣਦੇ ਨੇ।

ਆਪਣਾ ਰਈਸੀ ਕੁਰਸੀਨਾਮਾ ਸੁਣਾਉਂਦੇ ,
ਇੱਕ ਰੋਜ਼ ਅੱਬੂ ਦੀ ਫੌਤ ਹੋ ਗਈ।
ਉਸਦੇ ਹਉਂ ਦੀ ਵੀ ਮੌਤ ਹੋ ਗਈ।
ਮੈਂ ਅਜਿਹੀ ਗਹਿਰੀ ਕਬਰ ਖੋਦੀ
ਕਿ ਉਸਦੇ ਸਾਮੰਤੀ ਨਜ਼ਰੀਆਤ ਵੀ,
ਬਾਖੂਬੀ ਦਫ਼ਨ ਹੋ ਜਾਣ।
ਮੈਂ ਮਜ਼ਾਰ ਨਾ ਬਣਾਈ
ਕਿ ਕਿਧਰੇ ਉਹ/ਪੀਰ-ਫ਼ਕੀਰ ਬਣਕੇ,
ਮਜ਼ਾਰ ਉੱਤੇ ਬੈਠ ਆਣ।

ਨਾ ਹੀ ਕੋਈ ਪਰਲੋ ਆਈ
ਤੇ ਨਾ ਹੀ ਕੋਈ ਕਿਆਮਤ।
ਮੈਂ ਹੈਰਾਨ ਹਾਂ, ਪ੍ਰੇਸ਼ਾਨ ਹਾਂ
ਕਿ ਕਿਵੇਂ ਜਾਗ ਪਏ ਮੇਰੇ ਅੱਬੂ ਦੇ,
ਸਾਮੰਤਵਾਦੀ ਨਜ਼ਰੀਆਤ,
ਡੂੰਘੀਆਂ ਕਬਰਾਂ 'ਚੋਂ ।
ਜੋ ਸਾਡੇ ਆਲੇ ਦੁਆਲੇ,
ਅੱਜ ਵੀ ਫਿਰਦੇ ਨੇ ਘੁੰਮਦੇ।
ਤੇ ਭੂਤ-ਪ੍ਰੇਤ ਬਣਕੇ,
ਸਾਡੇ ਆਜ਼ਾਦ ਖ਼ਿਆਲਾਤ ਨੂੰ,
ਚੋਰੀ -ਛੱਪੇ ਸੁੰਘਦੇ।

## 'ਦਾਸਤਾਨੇ- ਰਜ਼ੀਆ ਸੁਲਤਾਨਾ'

-ਬੁੱਢੇ ਹੋਏ ਅੱਬਾ ਨੇ
ਮੈਨੂੰ ਮਰਦ ਮੰਨ ਕੇ
ਵਸੀਅਤ ਲਿਖ ਦਿੱਤੀ ਸੀ
ਆਪਣੇ ਵਾਰਿਸ ਹੋਣ ਦੀ
ਤੇ ਦਰਬਾਰੀਆਂ ਕਦਰ ਨਾ ਪਾਈ
ਉਸ ਦੀ ਚੋਣ ਦੀ੍
ਤਖ਼ਤੇ- ਦਿੱਲੀ 'ਤੇ ਆ ਬੈਠਾ
ਮਤਰੇਆ ਭਰਾ ਫਿਰੋਜ਼
ਸਿਰੇ ਦਾ ਅੱਯਾਸ਼, ਸ਼ਰਾਬੀ ਤੇ ਜੁਆਰੀ
ਸ਼ਿਸ਼ਟਾ ਦਾ ਕੋਰਾ
ਰਾਜ- ਧਰਮ ਤੋਂ ਆਰੀ
ਜੇ ਨਾ ਹੁੰਦੀ ਅਵੱਗਿਆ
ਬਾਪੂ ਦੀ ਲਿਖਤ ਦੀ।
ਆਪਣੇ ਹੱਕ ਲਈ ਮੈਂ ਨਾ ਸਿਸਕਦੀ
ਕਿ ਜੇ ਮੈਂ ਮਰਦ ਹੁੰਦੀ

-ਮਤਰੇਅ ਮਾਂ- ਪੁੱਤ ਨੇ ਖ਼ੂਬ ਲੋਕ ਲੁੱਟੇ
ਰਾਜ ਦਰਬਾਰ 'ਚ ਬਗ਼ਾਵਤ ਦੇ ਜਵਾਲੇ
ਅਹਿਲਕਾਰਾਂ ਤੋਂ ਵੱਸੋਂ ਬਾਹਰੇ ਫੁੱਟੇ੍
ਭਰੇ ਦਰਬਾਰ 'ਚ ਹੁੰਦੀਆਂ ਵਿਚਾਰਾਂ
ਕਿ ਨਵਾਂ ਤਾਜ ਕਿਸ ਦੇ ਸਿਰ 'ਤੇ ਸਜਾਈਏ
ਅਮਨ ਤੇ ਕਾਨੂੰਨ ਦਾ
ਦਿੱਲੀ ਦੀ ਅਵਾਮ 'ਚ
ਭਰੋਸਾ ਜਗਾਈਏ
ਹਰਮ 'ਚ ਬੈਠੀ ਨੇ
ਮੈਂ ਪੱਲਾ ਹਿਲਾਇਆ
ਆਪਣੇ ਅੱਬਾ ਦਾ
ਬਚਨ ਯਾਦ ਕਰਾਇਆ
ਤੇ ਸੁਲਤਾਨ ਹੋਣ ਦਾ
ਹੱਕ ਜਤਾਇਆ

ਫਿਰ ਮੇਰਾ ਸੈਨਾਪਤੀ ਜਿਹਾ
ਸ਼ਾਹੀ ਲਿਬਾਸ ਸੀ।
ਦਿੱਲੀ ਦੇ ਕੂਚਿਆਂ 'ਚ
ਹਾਥੀ 'ਤੇ ਸਵਾਰ ਸੀ
'ਸੁਲਤਾਨਾ' ਦੇ ਮੁੱਖ 'ਤੇ
ਕੋਈ ਨਾ ਹਿਜਾਬ ਸੀ੍
ਹਰ ਖਾਤੂਨ ਘਰ 'ਚ
ਫਿਰੇ ਬੇਨਕਾਬ ਸੀ

ਹਾਥੀ ਦੇ ਹੌਦੇ 'ਚੋਂ
ਮੈਂ ਇੱਕ ਮਰਦਾਵਾਂ ਅਕਸ ਦਿਖਾਉਂਦੀ
ਤੇ ਇੱਕ ਅਕਸ ਹਰਮ 'ਚ
ਆਪੇ ਨੂੰ ਤਕਾਉਂਦੀ
ਕਿ ਮੈਂ ਮਰਦ ਨਹੀਂ, ਔਰਤ ਹਾਂ ।
ਤੇ ਅਰਧਾਂਗਣੀ ਹਾਂ
ਕਿਸੇ ਯਾਕੂਤ ਦੀ।
ਜਿਵੇਂ ਪਾਰਵਤੀ ਸੀ
ਸ਼ਿਵ ਦੇ ਕਲਬੂਤ ਦੀ।
ਮੈਂ ਯਾਕੂਤ ਦੇ ਕਾਲੇ ਚਿਹਰੇ ਨੂੰ
ਅਮੀਰੇ-ਅਕਬਰ ਕਹਿ ਕੇ ਜਿਉਂ ਚੁੰਮਿਆ
ਕਿ ਬਣ ਗਿਆ ਦੁਸ਼ਮਣ
ਸ਼ਾਹੀ ਬਾਗ ਦਾ ਪੱਤਾ ਪੱਤਾ
ਮੇਰੇ ਇਸ਼ਕ ਤੇ ਆਸ਼ਿਕ ਦਾ

ਮੇਰੇ ਲਾਹੌਰ ਜਾਣ 'ਤੇ
ਯਾਕੂਤ ਸ਼ਹੀਦ ਕਰ ਦਿੱਤਾ।
ਤੇ ਅਲਤੂਨੀਆ ਨੇ ਮੈਨੂੰ
ਕਿਲੇ 'ਚ ਬਠਿੰਡੇ ਡੱਕ ਦਿੱਤਾ
ਸਿਰ ਮਤੇਅ ਭਾਈ ਦੇ
ਦਿੱਲੀ ਰਾਜ ਭਾਗ ਦਾ
ਮੁੱਕਟ ਧਰ ਦਿੱਤਾ
ਇਹ ਮੇਰੀ ਬੇਕਸੀ ਜਾਂ ਬੇਵੱਸੀ ਸੀ

ਕਿ ਬਠਿੰਡੇ ਦੇ ਸੂਬੇਦਾਰ ਨੂੰ
ਖਾਵੰਦ ਧਾਰਿਆ ਜਾਵੇ
ਤੇ ਦਿੱਲੀ ਜਾ ਕੇ ਤੁਰਕਾਂ ਨੂੰ
'ਕੇਰਾਂ ਲਲਕਾਰਿਆ ਜਾਵੇ
ਮਰਿਆ ਜਾਵੇ ਜਾਂ ਮਾਰਿਆ ਜਾਵੇ
ਔਰਤ ਦੀ ਮੁਕਤੀ ਲਈ
ਖ਼ੁਦ ਨੂੰ ਵਾਰਿਆ ਜਾਵੇ।
ਕੋਈ ਨਾ ਕਹੇ ਮਗਰੋਂ
ਕਿ ਜੇ ਮੈਂ ਮਰਦ ਹੁੰਦੀ

## 'ਸਾਕਾ- ਏ- ਪਰਵਾਸੀ ਪ੍ਰੇਮੀ'

ਨਾਰੀ ਹੋਣਾ ਵੀ/ਇੱਕ ਸੁਖਦ ਅਹਿਸਾਸ ਹੈ।
ਉਹ ਮਲਿਕਾ ਹੋਵੇ ਜਾਂ ਦਾਸੀ,
ਲੱਖ ਫਿਰੇ ਮਰਦਾਵੇਂ ਲਿਬਾਸ 'ਚ।
ਇਹ ਅਹਿਸਾਸ ਨਰ-ਮਨ ਨੂੰ ਵੀ
ਕੁਤਕੁਤਰਾਉਂਦਾ ਹੈ,
ਉਹ ਗ਼ੁਲਾਮ ਹੋਵੇ ਜਾਂ ਸੁਲਤਾਨ,
ਇਹ ਗੁੱਝੀਆਂ ਕੁਤਕੁਤਾਰੀਆਂ
ਯਾਕੂਤ ਵੀ ਅਨੁਭਵ ਕਰਦਾ ਸੀ।
ਉਹ ਭਲੀ-ਭਾਂਤ ਸਮਝਦਾ ਸੀ,
ਆਪਣੀ ਸੁਲਤਾਨਾ ਅੰਦਰ ਹੁੰਦੀਆਂ
ਇਨ੍ਹਾਂ ਕੁਤਕੁਤਾਰੀਆਂ ਦੀਆਂ ਸੀਮਾਵਾਂ,
ਉਹ ਗ਼ੁਲਾਮ ਜੋ ਸੀ
ਸਿਆਹ- ਫ਼ਾਮ ਜੋ ਸੀ,
ਉਹ ਵਿਚਾਰਾ ਕੀ ਬੋਲਦਾ?
ਉਹ ਮਚਲਿਆ ਰਾਂਝਾ ਨਹੀਂ ਸੀ
ਜਿਸਨੇ ਮੱਝੀਆਂ ਦਾ ਛੇੜੂ ਬਣ
ਹੀਰ ਦੇ ਘਰ ਤੱਕ
ਕਰ ਲਈ ਸੀ ਰਸਾਈ,
ਯਾਕੂਤ ਮਹਿਜ਼ ਅੰਗ -ਰੱਖਿਅਕ ਸੀ
ਦਿੱਲੀ ਸਲਤਨਤ ਦੀ ਮਲਿਕਾ ਦਾ।

ਜਿਹੜੀ ਖ਼ੂਬ ਇਲਮ ਯਾਫ਼ਤਾ  ਸੀ
ਉਸ ਦੀਆਂ ਸੰਭਾਵਨਾਵਾਂ ਤੋਂ
ਅਮੀਰੇ-ਅਕਬਰ ਦੇ ਖ਼ਿਤਾਬ ਦੀ ਚੂਰੀ
ਉਹਦੇ ਮੋਟੇ ਬੁੱਲ੍ਹਾਂ ਨੂੰ ਉਸ ਖ਼ੁਦ ਲਾਈ ਸੀ,
ਬੜੇ ਫਿਰਦੇ ਸਨ ਰਾਜ-ਦਰਬਾਰੀ
ਲੰਡੇ ਕੈਦੋਂ ਦਾ ਭੇਸ ਧਾਰੀ।
ਉਹ ਤਾਂ ਪਹਿਲਾਂ ਹੀ ਸਨ
ਈਰਖਾ ’ਚ ਸੜੇ-ਭੁੰਨੇ
ਇੱਕ ਔਰਤ ਦੇ ਮੁਕਟਧਾਰੀ ਹੋਣ ’ਤੇ,

ਕੋਸ਼ਿਸ਼ਾਂ ਕਰੀਆਂ, ਸਾਜ਼ਿਸ਼ਾਂ ਘੜੀਆਂ,
ਰਜ਼ੀਆ ਨੂੰ ਮੁਕਟਹੀਣ ਕਰਨ ਲਈ
ਤੇ ਪਰਦਾਨਸ਼ੀਨ ਕਰਨ ਲਈ।
ਬਣ ਗਿਆ ਰਾਜ-ਦਰਬਾਰ
ਮੈਦਾਨੇ-ਜੰਗ ਜਿਹਾ,
ਵਫ਼ਾ ਦੀਆਂ ਰਿਸ਼ਮਾਂ,
ਕਾਠੇ ਜੁੱਸੇ ਦਾ ਕ੍ਰਿਸ਼ਮਾ,
ਦਿਖਾਉਣ ਲੱਗਾ ਯਾਕੂਤ,
ਸੁਲਤਾਨਾ ਦੇ ਇਸ਼ਾਰੇ ’ਤੇ।
ਜਿਵੇਂ ਕੋਈ ਸੀਰੀ ਲਾਹ ਦੇਵੇ ਧੌਣ
ਵੱਟ ਦੇ ਸ਼ਰੀਕ ਦੀ।
ਮਾਲਕ ਦੇ ਮਾਰੇ
ਦੂਰੋਂ ਲਲਕਾਰੇ ’ਤੇ,
.................
ਧਰਤ ਬੇਗਾਨੀ ’ਤੇ/ ਬਿਨ ਕਬਰ-ਮਕਬਰੇ/
ਮੁਹੱਬਤ ਦੇ ਸ਼ਹੀਦ/
ਮਰਦੇ ਨਾ ਮਾਰੇ ’ਤੇ,

## ਕੁਲਵਿੰਦਰ ਚਾਵਲਾ/'ਬੇ-ਕਦਰਾ'

ਨਹੀਂ ਭੁੱਲਦਾ
ਦੋਵਾਂ ਪੈਰਾਂ ਤੋਂ ਲਾਚਾਰ ਉਹ ਪਿੰਗਲਾ
ਜਿਸਨੇ ਵਗਾਹ ਕੇ ਮਾਰਿਆ ਸੀ
ਦਾਨੀ ਦੇ ਬੂਥੇ ਉੱਤੇ ਸਰੇ ਬਜ਼ਾਰ
ਬੂਟਾਂ ਵਾਲਾ ਡੱਬਾ
'ਤੇ ਬੜੇ ਰੋਹ ਨਾਲ ਪੁੱਛਿਆ ਸੀ
'ਇਹ ਛਿੱਤਰਾਂ ਦਾ ਜੋੜਾ ਮੇਰੇ ਕਿਸ ਕੰਮ ਦਾ?'

ਕਿੰਨਾ ਛਿੱਥਾ ਜਿਹਾ ਹੋ ਗਿਆ ਸੀ
ਵਿਚਾਰਾ ਦਾਨੀ ਸੱਜਣ
ਜੋ ਨਾਲ ਲੈ ਕੇ ਆਇਆ ਸੀ
ਮਿੱਤਰਾਂ ਦੀ ਢਾਣੀ
'ਤੇ ਉਹਨਾਂ ਪਲਾਂ ਨੂੰ ਕੈਦ ਕਰਨ ਲਈ
ਇੱਕ ਵਧੀਆ ਕੈਮਰਾ

ਅਗਲੇ ਦਿਨ ਉਸ ਭਲੇ-ਪੁਰਖ ਨੇ
ਪਿੰਗਲੇ ਨੂੰ ਸਹਾਇਤਾ ਦੇਣ ਵਾਲੇ ਪਲਾਂ ਦੀ ਤਸਵੀਰ
ਅਖ਼ਬਾਰ ਵਿੱਚ ਛਪਵਾਉਣੀ ਸੀ
ਸੋਸ਼ਲ ਪਲੈਟਫਾਰਮ ਉੱਤੇ ਪਾਉਣੀ ਸੀ
'ਤੇ ਸਭਨਾਂ ਨੂੰ ਉਸ ਵਾਂਗ
ਰਹਿਮ ਦਿਲ ਹੋਣ ਦੀ ਫਰਿਆਦ ਲਾਉਣੀ ਸੀ

ਕੋਈ ਉਸ ਦਾਨੀ ਸੱਜਣ ਕੋਲੋਂ ਪੁੱਛੇ
ਮੌਕਾ ਖੁੰਝਣ ਦਾ ਦੁੱਖ ਕੀ ਹੁੰਦਾ?

ਪਿੰਗਲੇ ਨੂੰ ਕੀ ਲੋੜ ਸੀ ਐਨਾ ਕਠੋਰ ਹੋਣ ਦੀ?
ਕੀ ਹੋਇਆ ਜੇ ਬੂਟਾਂ ਦਾ ਜੋੜਾ
ਬੇਕਾਰ ਸੀ ਉਸ ਲਈ;
ਸੀ

ਉਸਦਾ ਕੀ ਘਟ ਜਾਂਦਾ
ਜੇ ਉਹ ਦਾਨੀ- ਪੁਰਸ਼ ਦੇ ਮਨ ਦੀ ਕਰਦਾ?
ਉਹਨੂੰ ਚਾਹੀਦਾ ਸੀ ਉਹ ਸੰਵੇਦਨਸ਼ੀਲ ਹੁੰਦਾ
ਦਾਨੀ ਦੀਆਂ ਭਾਵਨਾਵਾਂ ਦੀ ਕਦਰ ਕਰਦਾ
ਉਸਦੇ ਹੱਥੋਂ ਡੱਬਾ ਫੜਦਾ
ਬੁੱਲ੍ਹਾਂ ਉੱਤੇ ਚੌੜੀ ਜਿਹੀ ਮੁਸਕਾਨ ਧਰਦਾ
ਹੱਥ ਜੋੜ ਕੇ ਖੜ੍ਹੋਂਦਾ
ਮਹਾਂਪੁਰਸ਼ ਨਾਲ ਫੋਟੋ ਖਿਚਵਾਉਂਦਾ

ਬੇ-ਕਦਰਾ!!!
ਉਸਨੂੰ ਸਮਝਣਾ ਚਾਹੀਦਾ ਸੀ
ਅਜਿਹੇ ਸੱਜਣਾ ਦੇ ਸਿਰ 'ਤੇ ਹੀ ਤਾਂ
ਟਿਕਿਆ ਹੈ ਪ੍ਰਚਾਰ 'ਤੇ ਪ੍ਰਸਾਰ
ਦਾਨ ਦੇਣ ਦੀ ਪੁਰਾਤਨ ਪ੍ਰਥਾ ਦਾ

## 'ਔਰਤਾਂ ਜਦੋਂ ਸਿਰਫ਼ ਔਰਤਾਂ' ਹੁੰਦੀਆਂ

ਔਰਤਾਂ ਜਦੋਂ ਸਿਰਫ਼ ਔਰਤਾਂ ਹੁੰਦੀਆਂ
ਮਸਤ, ਮਤਵਾਲੀਆਂ ਹੋ
ਬਿਨਾ ਡਰ ਭਓ
ਇੱਕ ਦੂਜੀ ਨਾਲ ਵਿਚਰਦੀਆਂ
ਉਡਦੀਆਂ ਫਿਰਦੀਆਂ

ਔਰਤਾਂ ਜਦੋਂ ਸਿਰਫ਼ ਔਰਤਾਂ ਹੁੰਦੀਆਂ
ਓਹਲੇ ਵਾਲੀ ਹਰ ਗੱਲ
ਖੁੱਲ੍ਹ 'ਚ ਕਰਦੀਆਂ
ਹੱਸ ਹੱਸ ਦੂਹਰੀਆਂ ਹੁੰਦੀਆਂ
ਵੱਖੀਆਂ ਨੱਪਦੀਆਂ; ਢਿੱਡੀਂ ਪੀੜਾਂ ਪਾਉਂਦੀਆਂ
ਨੱਚਦੀਆਂ, ਟੱਪਦੀਆਂ
ਖ਼ਰਮਸਤੀਆਂ ਕਰਦੀਆਂ ਕਰਦੀਆਂ
ਖੌਰੂ ਪਾਉਂਦੀਆਂ
ਗੁਬਾਰ ਬਾਹਰ ਧਰ

ਗੁਲਾਬ ਵਾਂਗ ਖਿੜ੍ਹਦੀਆਂ ,
ਮਹਿਕਦੀਆਂ, ਟਹਿਕਦੀਆਂ
ਕਿਸੇ ਵਿਸਰੇ ਪਲ ਨੂੰ ਯਾਦ ਕਰ
ਮਨ ਮਸੋਸਦੀਆਂ
ਅੱਖਾਂ 'ਚ ਆਈ ਨਮੀ
ਹਾਸਿਆਂ 'ਚ ਗੜੁੱਚ ਕੇ ਪਰੋਸਦੀਆਂ

ਔਰਤਾਂ ਇਕੱਲੀਆਂ ਹੁੰਦੀਆਂ ਤਾਂ ਭੁੱਲ ਜਾਂਦੀਆਂ
ਰਿਸ਼ਤਿਆਂ ਦੀਆਂ ਰੱਸੀਆਂ
ਫ਼ਰਜ਼ਾਂ ਦੀਆਂ ਪੀਡੀਆਂ ਗੰਢਾਂ
ਜਿਨ੍ਹਾਂ ਨਾਲ ਉਹ ਬੱਝੀਆਂ ਹੁੰਦੀਆਂ
ਨਿਜਤਾ 'ਤੇ ਅਜ਼ਾਦੀ ਨੂੰ
ਸਮਅਰਥੀ ਬਣਾਉਂਦੀਆਂ
ਔਰਤ ਹੋਣ ਦਾ ਜਸ਼ਨ ਮਨਾਉਂਦੀਆਂ

ਇਕੱਲਤਾ ਵਿੱਚ ਔਰਤਾਂ
ਪੰਖੇਰੂ ਹੁੰਦੀਆਂ
ਆਪਣੇ ਖੰਭ ਖਲਾਰਦੀਆਂ;
ਚਹਿਕਦੀਆਂ; ਪੱਲਰਦੀਆਂ;
ਭੁੜਕਦੀਆਂ
ਖਿੱਲਾਂ ਵਾਂਗ ਖਿੱਲਰਦੀਆਂ
ਖੁੱਲ੍ਹ ਕੇ ਸਾਹ ਲੈਂਦੀਆਂ
ਦਿਲ ਖੋਲ੍ਹ ਕੇ ਜਿਊਂਦੀਆਂ

ਕੀ ਮਜਬੂਰੀ ਹੈ?

ਔਰਤਾਂ ਨੂੰ ਖੁਸ਼ ਹੋਣ ਖਾਤਰ
ਇਕੱਲਤਾ ਕਿਉਂ ਜਰੂਰੀ ਹੈ?

## ਡਾ. ਸੁਖਪਾਲ ਸੰਘੇੜਾ ਉਰਫ਼ ਪਰਖ਼ਾ

## ਗ਼ੁਲਾਮੀਨਾਮਾ

### ਗ਼ੁਲਾਮੀ

ਆਜ਼ਾਦੀ ਕੀ ਲੜਾਈ ਮੈਂ
ਸਭ ਸੇ ਮੁਸ਼ਕਲ ਕਾਮ ਹੈ,
ਗ਼ੁਲਾਮ ਕੋ ਸਮਝਾਨਾ
ਕਿ ਵੋਹ ਗ਼ੁਲਾਮ ਹੈ।

### ਰਾਜ ਸੱਤਾ

ਉਨ੍ਹਾਂ ਦੀ ਰਾਜ ਸੱਤਾ
ਬੰਦੂਕ ਦੀ ਨਾਲੀ 'ਚੋਂ ਨਹੀਂ
ਸਾਡੀ ਗ਼ੁਲਾਮੀ
ਵਿੱਚੋਂ ਨਿੱਕਲਦੀ ਹੈ,
ਗ਼ੁਲਾਮੀ ਵਿੱਚ ਪਲਦੀ ਹੈ।

### ਆਜ਼ਾਦੀ-ਏ-ਗ਼ੁਲਾਮੀ

ਝੂਠ ਹੈ ਕਿ ਅੰਗਰੇਜ਼ ਨੇ ਸਾਨੂੰ
ਗ਼ੁਲਾਮ ਬਣਾਇਆਂ,
ਉਹ ਤਾਂ ਝੂਟੇ ਲੈਣ ਸੀ ਆਇਆਂ,
ਸਾਡੀ ਗ਼ੁਲਾਮੀ ਉੱਪਰ ਚੜ੍ਹਕੇ।

ਆਇਆਂ ਤੇ ਚਲੇ ਗਿਆ 'ਪਰਖ਼ਿਆ',
ਸਾਡੀ ਗ਼ੁਲਾਮੀ ਨੂੰ
ਮੁੜ ਆਜ਼ਾਦ ਕਰਕੇ।

### ਅਮਰ ਗ਼ੁਲਾਮੀ

ਚੰਬੜੀ ਜਿਸਮਾਂ ਤਾਈਂ ਗ਼ੁਲਾਮੀ
ਫ਼ੌਰਨ ਹੀ ਲੱਥ ਜਾਵੇ।
ਸੋਚ ਸਹੀ ਹਥਿਆਰਾਂ ਸੰਗ ਜੇ

ਵੱਸ ਗ਼ੁਲਾਮਾਂ ਆਵੇ।
ਪੀੜ੍ਹੀਓ ਪੀੜ੍ਹੀ ਜਿਓਂ ਅਮਰ ਹੋ
ਬੇ-ਰੋਕ ਇਹ ਵਗਣੇ ਲੱਗਦੀ,
ਜਦ ਜੀਅ ਜੀਵਨ-ਜਾਚ ਚੱਜਾਂ 'ਚ
ਗ਼ੁਲਾਮੀ ਘੋਲ ਮਿਲਾਵੇ।

ਸਦੀਆਂ ਬਾਅਦ ਜੇ ਪਿੰਜਰਾ ਖੁੱਲ੍ਹਿਆਂ
ਪੰਛੀ ਉੱਡਦੇ ਨਹੀਓਂ,
ਗ਼ੁਲਾਮੀ 'ਚ ਪੂਰੀ ਨਸਲ ਪਰਖ਼ਿਆ
ਉੱਡਣ ਗੁਣ ਖੋਹਾਵੇ।

## ਅਜ਼ਾਦੀ ਸਾਡੀ

ਜੱਗ ਨੂੰ ਜਿੱਤੀ ਬੈਠੇ ਹਾਂ ਜੀ
ਕੋਈ ਨਾ ਰੀਸ ਅਸਾਡੀ।
ਹਰ ਥਾਂ ਸਾਡੇ ਝੰਡੇ ਝੂਲਣ
ਮਾਣ ਹਾਂ ਰਹੇ ਅਜ਼ਾਦੀ।

ਅਸੀਂ ਹਾਂ ਵੱਡੇ ਖੰਭਾਂ ਵਾਲੇ
'ਪਰਖ਼ਿਆ' ਵੱਡੇ ਪੰਛੀ,
ਇਕ ਪਿੰਜਰੇ ਤੋਂ ਦੂਜੇ ਪਿੰਜਰੇ
ਤੱਕ ਉਡਾਰੀ ਸਾਡੀ।

## ਕੈਦੀ

ਜਿੰਨਾ ਮਰਜ਼ੀ ਦੌੜੇ ਉੱਡੇ
ਬੰਦਾ ਤਨ ਦਾ ਕੈਦੀ।
ਵੱਡੇ ਵੱਡੇ ਸੁਪਨੇ ਦੇਖੇ
ਫਿਰ ਵੀ ਮਨ ਦਾ ਕੈਦੀ।

ਸਭ ਤੋਂ ਵੱਡੀ ਲਾਹਨਤ ਵਾਲੀ

ਕੈਦ ਉਦੋਂ ਮੈਂ ਤੱਕਾਂ,
ਜਦ ਕੋਈ 'ਵੱਡਾ' ਬੰਦਾ ਪਰਖ਼ਿਆ
ਛੋਟੇਪਨ ਦਾ ਕੈਦੀ।

## ਰੂਪ-ਏ-ਗ਼ੁਲਾਮੀ

ਰੱਬ ਦੇ ਬਹੁਤ ਗ਼ੁਲਾਮ ਨੇ ਇੱਥੇ
ਜਾਂ ਫਿਰ ਗੋਰੇ ਰੰਗ ਦੇ।
ਨਸ਼ਿਆਂ ਦੇ ਗ਼ੁਲਾਮ ਤੇ ਨਾਲੇ
ਡਰੱਗਾਂ ਵਾਲੀ ਭੰਗ ਦੇ।

ਅਮੀਰ-ਗਰੀਬ ਤੇ ਜਾਤ-ਪਾਤ ਸੰਗ
ਹੋਰ ਅਨੇਕਾਂ ਚੀਜ਼ਾਂ ਨੇ,
ਇਹ ਸਭ ਏਸ ਕੌਮ ਦੇ ਵਿੱਚ
ਊਚ ਨੀਚ ਨੂੰ ਜੰਮ ਦੇ।

ਜਗੀਰੂ ਤੇ ਸਰਮਾਇਆਦਾਰੀ
ਦੋ ਯੁੱਗ ਇੱਕੋ ਹੀ ਵੇਲੇ,
ਇੱਕ ਦੂਜੇ 'ਚ ਫ਼ਸ ਫ਼ਸ ਘਟਦੇ
ਬੰਦਿਆਂ ਦੇ ਤਨ ਮਨ 'ਚ।

ਮਨ ਕੋਈ ਪੱਧਰਾ ਨਾਹੀਂ ਬਲਕਿ
ਊਚ-ਨੀਚ ਸੰਗ ਭਰਿਆ,
ਭਾਂਤ ਭਾਂਤ ਦੇ ਭੇਦ ਲੋਕਾਂ ਨੂੰ
ਕਈ ਜਮਾਤੀਂ ਵੰਡ ਦੇ।

ਜਮਾਤਾਂ ਉੱਪਰ ਜਮਾਤਾਂ ਚੜ੍ਹੀਆਂ
ਅੰਬਰ ਤੀਕਰ ਜਾਵਣ,
ਮਾਰਕਸ ਸਿਰ ਦੇ ਵਾਲ ਨੋਚਦਾ
ਏਸ ਕੌਮ 'ਚੋਂ ਲੰਘ ਕੇ।

'ਨੀਚ' ਦੇ ਅੱਗੇ ਸ਼ਾਨ ਬੰਦੇ ਦੀ

'ਕਲਗੀ' ਬਣ ਬਣ ਝੁੱਲਦੀ,
ਉਹੀ 'ਕਲਗੀ' ਪੂਛ ਹੋ ਹਿੱਲਦੀ
ਅੱਗੇ ਊਚ ਦੇ ਮੰਦ ਦੇ।

ਗ਼ੁਲਾਮਾਂ ਦੀ ਇਸ ਨਗਰੀ ਵਿੱਚ
ਛਾਈ ਗ਼ੁਲਾਮੀ ਇੰਦਾਂ,
ਰਾਜੇ ਵੀ ਗ਼ੁਲਾਮ 'ਪਰਖ਼ਿਆਂ'
ਆਪ ਤੋਂ ਉੱਚੇ ਸੰਗ ਦੇ।

## ਗ਼ੁਲਾਮ-ਏ-ਪਿਆਰ

ਧਿਆ ਕੇ ਡੋਰ ਪਿਆਰ ਦੀ,
ਮਹਿਬੂਬ ਨੂੰ ਰੱਬ ਕਰਦੇ ਹਾਂ।
ਪਿਆਰ ਦੀ ਸ਼ਮ੍ਹਾਂ ਦੇ ਉੱਪਰ
ਪਤੰਗੇ ਬਣ ਕੇ ਸੜਦੇ ਹਾਂ।

ਆਪਣੇ ਪੱਟ ਦੇ ਹੀ
ਮਾਸ ਨੂੰ ਰਿੰਨ੍ਹ ਕੇ,
ਸੋਹਣੀ ਦੀ ਭੁੱਖ ਦੇ ਸਾਹਵੇਂ
ਇਸ਼ਕ-ਬਾਟੇ 'ਚ ਧਰਦੇ ਹਾਂ।

ਬਾਰਾਂ ਸਾਲ ਜਵਾਨੀ ਦੇ
ਮੱਝੀਆਂ ਨੂੰ ਚਰਵਾਕੇ ਵੀ,
ਤੁਰਲ੍ਹਾ-ਏ-ਚੂਚਕ ਦੀ ਛਾਂ ਥੱਲੇ
ਹੀਰ ਦੇ ਸੰਗ ਮਰਦੇ ਹਾਂ।

ਜਾਂ ਪੂਜਾ ਹੈ ਜਾਂ ਕੁਰਬਾਨੀ
ਹੋਰ ਕੋਈ ਨਹੀਂ ਸਿੱਖਿਆ,
ਸਦੀਆਂ ਲੰਬੀ ਕਸਰ ਹੈ ਮਨ ਦੀ
ਇਸ਼ਕ ਜਿਹਦਾ ਨਾਮ ਧਰਦੇ ਹਾਂ।

ਸਾਡੀ ਕੌਮ ਨੂੰ ‘ਪਰਖ਼ੇ’
ਇਹ ਕੀ ਲੱਗੀ ਬੀਮਾਰੀ ਹੈ,
ਅਸੀਂ ਜੇ ਪਿਆਰ ਵੀ ਕਰਦੇ ਹਾਂ
ਤਾਂ ਗ਼ੁਲਾਮਾਂ ਵਾਂਗ ਕਰਦੇ ਹਾਂ।

## ਗ਼ੁਲਾਮੀ-ਏ-ਲਹਿਰ

ਜਦ
ਕੌਮ ਦੀ ਆਜ਼ਾਦੀ ਲਈ ਛਿੜੀ ਲਹਿਰ ਦੇ
ਲੀਡਰ ਦੀ ਸੋਚ “ਫ਼ਲਸਫ਼ੇ ਦੀ ਦਲਦਲ” ਤੋਂ
ਇਸ ਕਦਰ ਫਿਸਲ ਜਾਵੇ,
ਕਿ ਉਹਦੀ ਭਾਰਤੀ ਜ਼ੁਬਾਨ
“ਚੀਨ ਦਾ ਪ੍ਰਧਾਨ ਸਾਡਾ ਪ੍ਰਧਾਨ”
ਦਾ ਜੈਕਾਰਾ ਗੂੰਜਾਵੇ।

ਤਦ
ਰੂਹ–ਏ–ਕੌਮ ਵਿੱਚ ਵਸੀ ਗ਼ੁਲਾਮੀ ਦਾ
ਇਸ ਤੋਂ ਵੱਡਾ ਸਬੂਤ
ਕੁੱਲ ਕਾਇਤਾਨ ਵਿੱਚ
ਮੇਰੀ ਸਮਝ ਦੀ ਨਜ਼ਰ ਨਾ ਆਵੇ।

ਪਾਕਿਸਤਾਨੀ ਪੰਜਾਬੀ ਕਹਾਣੀ

# ਮਿੱਥੁਨ ਸ਼ਾਹ

**ਆਮਿਰ ਰਜ਼ਾ**

ਤੁਸੀਂ ਫ਼ਿਲਮ "ਇਸ਼ਕ ਦੀ ਖ਼ੈਰ" ਵੇਖੀ ਏ? ਹੈਂ। ਕਿਹੜੇ ਸਾਲ ਆਈ ਸੀ...? ਪੱਕਾ ਪਤਾ ਨਹੀਂ! ਖ਼ੌਰੇ ਨੱਬੇ ਯਾਂ ਅਕਾਨਵੇਂ ਵਿੱਚ ਆਈ ਸੀ। ਖ਼ੈਰ...ਇਹਦੇ ਤੀਜੇ ਗਾਣੇ ਵਿੱਚ ਇੱਕ ਮੁੰਡਾ ਤੁਹਾਨੂੰ ਸ਼ੁਮਾਇਲ ਸ਼ਾਹ ਤੇ ਨਾਦਰਾਂ ਪਿੱਛੇ ਨੱਚਦਾ ਨਜ਼ਰ ਆਇਆ ਹੋਣਾ। ਡਾਂਸ ਉਹਦਾ ਇਹੋ ਜਿਹਾ ਕਿ ਸ਼ਾਹ ਤੇ ਨਾਦਰਾ ਵਾਹ ਲਾ ਕੇ ਉਹਦੇ ਨਾਲ ਪੂਰੇ ਉਤਰੇ। ਗਾਣੇ ਵਿੱਚ ਇੱਕ ਦੋ ਸਟੈੱਪ ਉਹਨੇ ਇੰਜ ਦੇ ਕੀਤੇ ਕਿ ਦੋਵੇਂ ਉਹਨੂੰ ਖੜ੍ਹ ਕੇ ਵੇਖਣ ਲਗ ਪਏ। ਜਦ ਵੀ ਗਾਣਾ ਆਉਂਦਾ ਸਿਨਮੇ ਵਿੱਚ ਵੀ ਬੜੀਆਂ ਤਾੜੀਆਂ ਤੇ ਸੀਟੀਆਂ ਵੱਜਦੀਆਂ। ਦੂਜੇ ਹਫ਼ਤੇ ਫ਼ਿਲਮ ਦੀ ਮਸ਼ਹੂਰੀ ਦਾ ਜਿਹੜਾ ਪੋਸਟਰ ਟਾਂਗੇ ਤੇ ਲੱਗਿਆ, ਉਹਦੇ ਉੱਤੇ ਉਸ ਮੁੰਡੇ ਦੀ ਫ਼ੋਟੋ ਵੀ ਬਣੀ ਸੀ ਤੇ ਨਾਂ "ਮਿੱਥੁਨ ਸ਼ਾਹ" ਲਿਖਿਆ ਸੀ। ਇੰਜ ਲੱਗਿਆ ਕਿ ਜਿਵੇਂ ਪੇਂਟਰ ਨੇ ਚਕਰਵਰਤੀ ਦੀ ਥਾਂ ਤੇ ਗ਼ਲਤੀ ਨਾਲ ਸ਼ਾਹ ਲਿਖ ਦਿੱਤਾ ਪਰ ਇਹ ਗ਼ਲਤੀ ਨਹੀਂ ਸੀ। ਉਹਦਾ ਨਾਂ ਮਿੱਥੁਨ ਸ਼ਾਹ ਈ ਸੀ ਤੇ ਇਹਦੀ ਪੱਕੀ ਮੈਨੂੰ ਅਖ਼ਬਾਰ ਵਿੱਚ ਛਪਣ ਵਾਲੀ ਨਿੱਕੀ ਜਿਹੀ ਖ਼ਬਰ ਤੋਂ ਹੋਈ ਜਿਹਦੇ ਨਾਲ ਉਹਦੀ ਫ਼ੋਟੋ ਵੀ ਛਪੀ। ਮੈਂ ਮੈਟਰਿਕ ਵਿੱਚ ਸਾਂ ਜਦ ਇਹ ਫ਼ਿਲਮ ਨਨਕਾਣੇ ਦੇ ਬਗ਼ੈਰ ਛੱਤ ਵਾਲੇ ਸ਼ਬਨਮ ਸਿਨੇਮਾ ਵਿੱਚ ਵੇਖੀ। ਮੇਰੇ ਜ਼ਹਿਨ ਵਿੱਚ ਉਹਦੀ ਸ਼ਕਲ ਖੁੱਭ ਗਈ। ਇਸ ਦੇ ਬਾਅਦ ਉਹ ਮੈਨੂੰ ਕਈ ਹੋਰ ਫ਼ਿਲਮਾਂ ਵਿੱਚ ਵੀ ਨਜ਼ਰ ਆਇਆ ਪਰ ਇੱਕ ਐਕਸਟਰਾ ਯਾਂ ਰਾਹਗੀਰ ਦੇ ਪਾਤਰ ਵਿੱਚ। ਲੋਕ ਫ਼ਿਲਮ ਹੀਰੋ ਤੇ ਹੀਰੋਇਨ ਲਈ ਵੇਖਦੇ ਨੇ ਪਰ ਮੈਂ ਹੀਰੋ ਤੇ ਹੀਰੋਇਨ ਤੋਂ ਅੱਡ ਛੋਟੇ ਪਾਤਰਾਂ ਦੀ ਕਹਾਣੀ ਵਿੱਚ ਦਿਲਚਸਪੀ ਲੈਂਦਾ ਹਾਂ। ਫ਼ਿਲਮ ਮੁੱਕਣ ਤੋਂ ਬਾਅਦ ਮੈਂ ਇਹ ਸੋਚਦਾ ਹਾਂ ਕਿ ਇਹਨਾਂ ਪਾਤਰਾਂ ਦਾ ਪਾਰਟ ਕਰਨ ਵਾਲੇ ਕਿੰਜ ਦੇ ਲੋਕ ਹੋਣ ਗੇ। ਉਹਨਾਂ ਦੀ ਹਿਆਤੀ ਕਿਵੇਂ ਲੰਘਦੀ ਹੋਣੀ ਏ।

ਕਈ ਵਰ੍ਹੇ ਲੰਘ ਗਏ। ਮਿੱਥੁਨ ਸ਼ਾਹ ਕਿਸੇ ਹੋਰ ਫ਼ਿਲਮ ਵਿੱਚ ਨਹੀਂ ਵੇਖਿਆ। ਉਹਨੇ ਕੀ ਦਿਖਣਾ ਸੀ, ਫ਼ਿਲਮ ਇੰਡਸਟਰੀ ਈ ਹੌਲੀ ਹੌਲੀ ਮੁੱਕਣ ਲੱਗ ਪਈ। ਕੋਈ ਇੱਕ ਅੱਧੀ ਫ਼ਿਲਮ ਬਣ ਜਾਂਦੀ ਸੀ ਤੇ ਉਹ ਕਈ ਮਹੀਨੇ ਇੱਕੋ ਈ ਸਿਨੇਮੇ ਵਿੱਚ ਚਲਦੀ ਰਹਿੰਦੀ। ਉਂਜ ਵੀ ਸਿਨੇਮੇ ਢਾਹ ਕੇ ਸ਼ਾਪਿੰਗ ਮਾਲ ਬਣ ਰਹੇ ਸਨ। ਜਿਸ ਨੂੰ ਮਾਲ ਬਨਾਵਣ ਦੀ ਇਜਾਜ਼ਤ ਨਾ ਮਿਲਦੀ ਉਹ ਮਦਰੱਸਾ ਬਨਾਵਣ ਦਾ ਨਾਅਰਾ ਲਾ ਕੇ ਸਿਨੇਮਾ ਸੁਟ ਦੇਂਦਾ ਤੇ ਮਦਰੱਸਾ ਦੇ ਮਾਸਟਰ ਪਲਾਨ ਵਿੱਚ ਦੁਕਾਨਾਂ ਯਾਂ ਦੁਕਾਨਾਂ ਦੇ ਮਾਸਟਰ ਪਲਾਨ ਵਿੱਚ ਮਦਰੱਸਾ ਵਿਖਾ ਕੇ ਆਪਣਾ ਬੁੱਤਾ ਸਾਰ ਲੈਂਦਾ। ਸ਼ਬਨਮ ਸਿਨੇਮਾ ਵੀ ਮਦਰੱਸੇ ਦੇ ਲਾਰੇ 'ਤੇ ਢਾਇਆ ਗਿਆ ਤੇ ਫਿਰ ਅੱਗੇ ਦੁਕਾਨਾਂ ਤੇ ਪਿੱਛੇ

ਸਿਨੇਮਾ ਦੀ ਛੋਟੀ ਮਸੀਤ ਵਿੱਚ ਮਦਰੱਸਾ ਬਣ ਗਿਆ। ਵੇਲਾ ਅੱਗੇ ਟੁਰ ਗਿਆ ਤੇ ਅਸੀਂ ਮੀਡੀਆ ਸਟੱਡੀਜ਼ ਵਿੱਚ ਐਮ ਏ ਕਰ ਕੇ ਅਖ਼ਬਾਰ ਤੇ ਰੇਡੀਓ ਦੇ ਧੱਕੇ ਖਾ ਕੇ ਇੱਕ ਪਰਾਈਵੇਟ ਟੀਵੀ ਪਰੋਡਕਸ਼ਨ ਵਿੱਚ ਅਸਿਸਟੈਂਟ ਹੋ ਗਏ। ਡਰਾਮੇ ਦੇ ਸੈੱਟ ਉੱਤੇ ਜ਼ਿਆਦਾ ਯਾਰੀ ਤੇ ਗੱਲਬਾਤ ਕਰਿਊ ਤੇ ਨਿੱਕੇ ਕਲਾਕਾਰਾਂ ਨਾਲ ਹੁੰਦੀ। ਉਹਨਾਂ ਕੋਲ ਸੁਣਾਨ ਲਈ ਕਈ ਕਹਾਣੀਆਂ ਹੁੰਦੀਆਂ। ਅਸੀਂ ਜਿਸ ਤੋਂ ਪਰੋਡਕਸ਼ਨ ਦਾ ਸਾਮਾਨ ਲੈਂਦੇ ਸੀ ਉਹਦੇ ਨਾਲ ਕੁੱਝ ਉੱਚੀ-ਨੀਵੀਂ ਹੋ ਗਈ ਤੇ ਦੂਜੇ ਪਰੋਡਕਸ਼ਨ ਹਾਊਸ ਤੋਂ ਸਾਮਾਨ ਲੈਣਾ ਸ਼ੁਰੂ ਕਰ ਦਿੱਤਾ।

ਪਹਿਲੇ ਦਿਨ ਸੀਟ ਉੱਤੇ ਜਿਹੜੀ ਟੀਮ ਆਈ ਉਹਦੇ ਵਿੱਚ ਇੱਕ ਬੰਦਾ ਸਾਫ਼ ਸੁਥਰਾ ਬਣ ਠਣ ਕੇ ਆਇਆ ਸੀ। ਉਹਨੂੰ ਵੇਖ ਕੇ ਲੱਗਾ ਕਿ ਉਹਨੂੰ ਕਿਤੇ ਵੇਖਿਆ ਏ। ਕਿੱਥੇ, ਇਹ ਯਾਦ ਨਹੀਂ ਆਇਆ....ਉਹਨੇ ਆਪਣਾ ਤਆਰੁਫ਼ ਕਰਵਾਇਆ....“ਮੇਰਾ ਨਾਂ ਮਿੱਥੁਨ”....ਤੇ ਮੈਂ ਉਹਦੀ ਗਲ ਕਟਦਿਆਂ ਕਿਹਾ “ਸ਼ਾਹ ਮਿੱਥੁਨ ਸ਼ਾਹ” ਤੇ ਨਾਲ ਈ ਉਹਨੂੰ ਜੱਫੀ ਪਾ ਲਈ....ਉਹ ਹੈਰਾਨ ਸੀ....ਮੈਂ ਕਿਹਾ ਸ਼ਾਹ ਜੀ ਮੈਂ ਤੁਹਾਡਾ ਡਾਂਸ ਵੇਖਿਆ ਸੀ ਨਿੱਕਿਆ ਹੁੰਦਿਆਂ। ਤੁਸੀਂ ਬਹੁਤ ਸੋਹਣਾ ਨੱਚੇ ਸੀ। ਇਸ ਅਚਾਨਕ ਤਾਅਰੀਫ਼ ਤੇ ਸ਼ਾਹ ਥੋੜ੍ਹਾ ਹੈਰਾਨ ਸੀ....ਤੇ ਸਮਝ ਨਹੀਂ ਪਾ ਰਿਹਾ ਸੀ ਕਿ ਕਿਵੇਂ ਰੀਐਕਟ ਕਰੇ। ਇਸ ਦੇ ਬਾਅਦ ਸ਼ਾਹ ਨਾਲ ਯਾਰੀ ਲਗ ਗਈ।

ਜਿਸ ਮਿੱਥੁਨ ਸ਼ਾਹ ਨਾਲ ਮੈਂ ਮਿਲਿਆ ਸੀ ਉਹ ਲਾਈਟ ਮੈਨ ਸੀ ਟਰੈਕ ਵੀ ਖਿੱਚ ਲੈਂਦਾ ਸੀ ਤੇ ਕਰੇਨ ਦਾ ਕੰਮ ਵੀ ਕਰ ਲੈਂਦਾ ਸੀ ਪਰ ਅਦਾਕਾਰੀ ਛੱਡ ਗਿਆ ਸੀ। ਸੀਟ ਉੱਤੇ ਉਹਦਾ ਇੱਕੋ ਈ ਤਕੀਆ ਕਲਾਮ ਹੁੰਦਾ “ਬੱਸ ਜੀ ਆਰਡਰ ਲਾਓ, ਨਜਾਮ (ਨਜ਼ਾਮ) ਚਲਾਵਾਂ”....ਕਰੇਨ ਉੱਤੇ ਟਰੈਕ ਦੀ ਸਮੂਥ ਮੂਵਮੈਂਟ ਉਸ ਤੋਂ ਵੱਧ ਕੋਈ ਹੋਰ ਨਹੀਂ ਸੀ ਦੇ ਸਕਦਾ। ਸ਼ਾਟ ਲੈਂਦਿਆਂ ਇਸ ਮੂਵਮੈਂਟ ਵਿੱਚ ਜੋ ਕੋਈ ਜਰਕ ਆਉਂਦਾ ਤੇ ਡਾਇਰੈਕਟਰ ਉੱਚੀ ਆਵਾਜ਼ ਲਾਂਦਾ “ਉਸਤਾਦ” ਤੇ ਫ਼ੌਰੀ ਉਹਦੀ ਆਵਾਜ਼ ਆਉਂਦੀ “ਬੱਸ ਜੀ ਹੁਣ ਆਰਡਰ ਲਾਓ, ਨਜਾਮ (ਨਜ਼ਾਮ) ਸਹੀ ਚੱਲੇ ਗਾ”....ਜੇ ਦੂਜੀ ਵਾਰੀ ਵੀ ਜਰਕ ਹੁੰਦੀ ਤੇ ਉਹ ਕਹਿੰਦਾ...“ਬੌਸ ਜੀ ਬਰੇਕ ਲੋ, ਮੈਂ ਨਜਾਮ (ਨਜ਼ਾਮ) ਚਲਾ ਕੇ ਆਉਂਦਾ” ਇਹਦੇ ਬਾਅਦ ਸੈੱਟ ਉੱਤੇ ਛੋਟੀ ਜਿਹੀ ਚਾਹ ਦੀ ਬਰੇਕ ਹੋ ਜਾਂਦੀ ਤੇ ਦਸ ਮਿੰਟ ਬਾਅਦ ਚਰਸ ਦੇ ਸਿਗਰਟ ਫੂਕ ਕੇ ਵਾਪਸ ਆ ਜਾਂਦਾ ਤੇ ਸ਼ਾਟ ਓ. ਕੇ ਹੋ ਜਾਂਦਾ।

ਮਿੱਥੁਨ ਦੇ ਪਿਛੋਕੜ ਦੀ ਕਹਾਣੀ ਬੜੀ ਸਾਦਾ ਸੀ। ਕਹਿੰਦੇ ਨੇ ਅੱਠ ਨੌਂ ਸਾਲ ਦਾ ਸੀ ਜਦੋਂ ਉਹ ਫ਼ਿਲਮਾਂ ਵਿੱਚ ਕੰਮ ਕਰਨ ਲਈ ਲਾਹੌਰ ਆਇਆ। ਕਿਸੇ ਤਰੀਕੇ ਨਾਲ ਸਟੂਡੀਓ ਅੱਪੜ ਗਿਆ। ਛੋਟੇ ਮੋਟੇ ਕੰਮ ਕਰਦਾ ਇੱਥੇ ਈ ਜਵਾਨ ਹੋਇਆ। ਹੁਣ ਆਪਣੇ ਪਿੰਡ ਦਾ ਨਾਂ ਤੇ ਘਰ ਦੀ ਰਾਹ ਵੀ ਭੁੱਲ ਗਿਆ ਸੀ। ਉਸ ਨੂੰ ਸਟੂਡੀਓਜ਼ ਨੇ ਈ ਗੋਦ ਲੈ ਲਿਆ। ਉਹੀ ਉਹਦਾ ਮਾਂ ਪਿਓ ਸੀ। ਜਦ ਸਟੂਡੀਓਜ਼ ਉੱਜੜਨ ਲਗ ਪਏ ਤੇ ਉੱਥੇ ਕੰਮ ਕਰਨ ਵਾਲੇ ਵੀ ਉਡਾਰੀਆਂ ਮਾਰ ਗਏ। ਮਿੱਥੁਨ ਨੇ ਉਦੋਂ ਵੀ ਸਟੂਡੀਓਜ਼

ਦੀ ਨੁੱਕਰੇ ਬਣਿਆ ਕਮਰਾ ਨਹੀਂ ਸੀ ਛੱਡਿਆ।

ਮਿੱਥੁਨ ਨਾਂ ਦੇ ਪਿੱਛੇ ਵੀ ਇੱਕ ਕਹਾਣੀ ਏ। ਕਹਿੰਦੇ ਨੇ ਕਿ ਨਿੱਕਿਆਂ ਹੁੰਦਿਆਂ ਉਹਨੇ ਡਿਸਕੋ ਡਾਂਸਰ ਫ਼ਿਲਮ ਵੇਖੀ ਤੇ ਇਸ ਦੇ ਬਾਅਦ ਉਹ ਮਿੱਥੁਨ ਵਾਂਗੂੰ ਡਿਸਕੋ ਡਾਂਸਰ ਬਨਣਾ ਚਾਹੁੰਦਾ ਸੀ। ਸਟੂਡੀਓਜ਼ ਵਿੱਚ ਕੋਈ ਵੀ ਉਸ ਨੂੰ ਕਹਿੰਦਾ "ਓ ਆਈ ਐਮ ਏ ਡਿਸਕੋ ਡਾਂਸਰ" ਗਾਣੇ ਤੇ ਨੱਚਣ ਲੱਗ ਪੈਂਦਾ ਪਰ ਉਹਦਾ ਡਾਂਸ ਮਿੱਥੁਨ ਤੋਂ ਵੱਧ ਸੀ। ਇਹ ਉਹ ਦਿਨ ਸਨ ਜਦੋਂ ਲੋਕਾਈ ਕਲਫ਼ ਲੱਗੇ ਸਖ਼ਤ ਤੇ ਆਕੜੇ ਹੋਏ ਹੀਰੋ ਵੇਖ ਵੇਖ ਕੇ ਤੰਗ ਆ ਚੁਕੀ ਸੀ ਤੇ ਹੁਣ ਸ਼ੁਮਾਇਲ ਸ਼ਾਹ ਦੀ ਗੁੱਡੀ ਚੜ੍ਹੀ ਹੋਈ ਸੀ। ਜਿਹੜਾ ਗਾਣੇ ਵਿੱਚ ਹੀਰੋਇਨ ਅੱਗੇ ਆਕੜ ਖਲੋਂਦਾ ਤੇ ਨਾ ਈ ਉਸ ਤੋਂ ਵੱਖ ਸਕਰੀਨ ਦੀ ਦੂਜੀ ਨੁੱਕਰ ਉੱਤੇ....ਬਲਕਿ ਉਹ ਹੀਰੋਇਨਾਂ ਦੀਆਂ ਬਾਹਾਂ ਵਿੱਚ ਬਾਹਾਂ ਪਾਂਦਾ ਗੱਲਾਂ ਨਾਲ ਗੱਲ੍ਹ ਜੋੜਦਾ ਤੇ ਚਿੱਤੜਾਂ ਨਾਲ ਚਿੱਤੜ ਜੋੜ ਕੇ ਠੁਮਕੇ ਮਾਰਦਾ। ਹੀਰੋਇਨ ਦਾ ਲਾਚਾ ਕੁਰਤਾ ਵੀ ਲੱਥ ਗਿਆ ਸੀ ਤੇ ਉਹਦੀ ਥਾਂ ਤੇ ਚੁਸਤ ਪਜਾਮਾ ਤੇ ਕੁਰਤੀ ਆ ਗਈ ਜਿਹਨਾਂ ਵਿੱਚ ਭਰੀਆਂ ਹੋਈਆਂ ਛਾਤੀਆਂ ਬੜੀ ਮੁਸ਼ਕਿਲ ਕੱਜੀਆਂ ਜਾਂਦੀਆਂ ਸੈਂਸਰ ਬੋਰਡ ਨੂੰ ਇਹਦੇ ਵਿੱਚ ਬੇਹਿਆਈ ਨਜ਼ਰ ਆਈ ਤੇ ਉਹਨਾਂ ਦੇ ਆਗੂਆਂ ਨੇ ਇਹ ਪਾਬੰਦੀ ਲਾ ਦਿੱਤੀ ਕਿ ਚੁਸਤ ਪਜਾਮੇ ਤੇ ਹੀਰੋਇਨ ਲੱਕ ਉੱਤੇ ਕੱਪੜਾ ਜ਼ਰੂਰ ਬੰਨ੍ਹੇ ਤਾਂ ਜੇ ਚਿੱਤੜਾਂ ਦਾ ਉਭਾਰ ਤੇ ਗੋਲਾਈਆਂ ਕੱਜੀਆਂ ਜਾਵਣ। ਇਸ ਕੱਪੜੇ ਨਾਲ ਜੋ ਕੱਜਣਾ ਸੀ ਉਹ ਤੇ ਨਾ ਕੱਜ ਹੋਇਆ ਤੇ ਅਮਾਨਉੱਲਾਹ ਜੁਗਤ ਬਣਾਈ ਕਿ ਸਾਡੇ ਫ਼ਿਲਮਾਂ ਦੇ ਪੋਸਟਰ ਘੜਿਆਂ ਦੇ ਇਸ਼ਤਹਾਰ ਲਗਦੇ ਨੇ। ਸ਼ੁਮਾਇਲ ਸ਼ਾਹ ਇਹਨਾਂ ਹੀਰੋਇਨਾਂ ਨਾਲ ਨੱਚਦਾ ਤੇ ਸਿਨੇਮਾ ਹਾਲ ਵਿੱਚ ਮੁੰਡੇ ਸੀਟੀਆਂ ਮਾਰਦੇ।

ਮਿੱਥੁਨ, ਸ਼ਾਹ ਨੂੰ ਮੁਰਸ਼ਿਦ ਮੰਨਦਾ ਸੀ ਤੇ ਇਸ ਲਈ ਉਹਨੇ ਆਪਣਾ ਨਾਂ ਮਿੱਥੁਨ ਸ਼ਾਹ ਕਰ ਲਿਆ ਸੀ। ਬੜੇ ਜਤਨਾਂ ਬਾਅਦ ਉਹਨੂੰ "ਇਸ਼ਕ ਦੀ ਖ਼ੈਰ" ਵਿੱਚ ਸ਼ਾਹ ਤੇ ਨਾਦਰਾ ਨਾਲ ਨੱਚਣ ਦਾ ਮੌਕਾ ਮਿਲਿਆ। ਉਹ ਐਡਾ ਵਧੀਆ ਨੱਚਿਆ ਕਿ ਸੈੱਟ ਉਤੇ ਉਸ ਰਾਤ ਉਹਦੀਆਂ ਈ ਧੁੱਮਾਂ ਸਨ। ਇਹ ਉਹਦਾ ਪਹਿਲਾ ਤੇ ਆਖ਼ਰੀ ਮੌਕਾ ਸੀ। ਉਸ ਦੇ ਬਾਅਦ ਪਤਾ ਨਹੀਂ ਕੀ ਹੋਇਆ, ਕਿਸੇ ਉਹਨੂੰ ਫ਼ਿਲਮ ਵਿੱਚ ਆਵਣ ਦਾ ਚਾਂਸ ਨਹੀਂ ਦਿੱਤਾ। ਇਹਦੇ ਪਿੱਛੇ ਕਈ ਥੀਊਰੀਆਂ ਸਨ। ਕੋਈ ਕਹਿੰਦਾ ਕਿ ਸ਼ਾਹ ਉਸ ਤੋਂ ਡਰ ਗਿਆ ਸੀ ਤੇ ਕੋਈ ਹੋਰ ਥੀਊਰੀ ਦੇਂਦਾ। ਜਦ ਉਹ ਸੋਲ੍ਹਾਂ ਵਰ੍ਹਿਆਂ ਦਾ ਹੋਇਆ ਤੇ ਸ਼ਾਹ ਹਾਰਟ ਅਟੈਕ ਨਾਲ ਪੂਰਾ ਹੋ ਗਿਆ। ਅਗਲੇ ਕਈ ਸਾਲ ਉਹ ਇਸ ਕੋਸ਼ਿਸ਼ ਵਿੱਚ ਈ ਰਿਹਾ ਕਿ ਉਹ ਕਿਸੇ ਤਰ੍ਹਾਂ ਸ਼ਾਹ ਦੀ ਥਾਂ ਤੇ ਡਾਂਸਰ ਹੀਰੋ ਬਣ ਜਾਏ। ਕਈ ਪਰੋਡਿਊਸਰਾਂ ਤੇ ਡਾਇਰੈਕਟਰਾਂ ਦੀ ਮੁੱਠੀ ਚਾਪੀ ਕੀਤੀ ਪਰ ਲਾਰਿਆਂ ਦੇ ਸਿਵਾ ਹੋਰ ਕੁਝ ਨਹੀਂ ਮਿਲਿਆ। ਉਹਨੇ ਡਾਂਸ ਦੀ ਪਰੈਕਟਿਸ ਨਾ ਛੱਡੀ। ਹਰ ਰੋਜ਼ ਉਹ ਸਵੇਰੇ ਉਠ ਕੇ ਇੱਕ ਦੋ ਘੰਟੇ ਡਾਂਸ ਦੀ ਪਰੈਕਟਿਸ ਕਰਦਾ ਤੇ ਫ਼ਿਰ ਕੰਮ ਤੇ ਜਾਂਦਾ।

ਰੋਜ਼ੀ ਰੋਟੀ ਲਈ ਕਦੀ ਉਹ ਲਾਈਟ ਮੈਨ ਦੀ ਮਜ਼ਦੂਰੀ ਕਰ ਲੈਂਦਾ, ਕਦੀ ਕਰੇਨ

ਦੇ ਅਮਲੇ ਨਾਲ ਚਲਾ ਜਾਂਦਾ ਤੇ ਕਦੀ ਉਹ ਟਰੈਕ ਵਾਲਿਆਂ ਨਾਲ ਕੰਮ ਕਰ ਲੈਂਦਾ। ਹਰ ਫ਼ਿਲਮ ਦੇ ਸੈਟ ਉੱਤੇ ਉਹਨੂੰ ਸੀਨ ਵਿੱਚ ਐਕਸਟਰਾ ਦਾ ਰੋਲ ਵੀ ਲੱਭ ਜਾਂਦਾ ਜਿਹਦਾ ਮੁਆਵਜ਼ਾ ਉਹਨੂੰ ਕਦੀ ਨਹੀਂ ਮਿਲਿਆ। ਉਹ ਇਹ ਰੋਲ ਆਪਣਾ ਐਕਟਿੰਗ ਦਾ ਠਰਕ ਪੂਰਾ ਕਰਨ ਲਈ ਕਰਦਾ ਸੀ ਤੇ ਨਾਲ ਇਹ ਆਸ ਵੀ ਲੱਗੀ ਰਹਿੰਦੀ ਕਿ ਉਸ ਨੂੰ ਵੀ ਡਾਰ ਸਾਹਿਬ ਵਰਗਾ ਕੋਈ ਡਾਇਰੈਕਟਰ ਲੱਭ ਜਾਏਗਾ। ਡਾਰ ਸਾਹਿਬ ਦੀ ਕਹਾਣੀ ਉਹਨੇ ਸਟੂਡੀਓ ਵਿੱਚ ਕਈ ਲੋਕਾਂ ਕੋਲੋਂ ਸੁਣੀ ਸੀ।

ਡਾਰ ਸਾਹਿਬ ਕਈ ਵਰ੍ਹੇ ਪਹਿਲਾਂ ਇੱਕ ਫ਼ਿਲਮ ਬਣਾ ਰਹੇ ਸਨ। ਇੱਕ ਲੜਾਈ ਦਾ ਸੀਕਵੰਸ ਸੀ ਜਿਹਦੇ ਵਿਚ ਹੀਰੋ ਨੇ ਘੋੜੇ ਤੋਂ ਛਾਲ ਮਾਰ ਕੇ ਉਤਰਨਾ ਤੇ ਦੁਸ਼ਮਣ ਦੇ ਸਾਹਮਣੇ ਸੀਨਾ ਤਾਣ ਕੇ ਖਲੋਣਾ ਸੀ। ਸ਼ੂਟਿੰਗ ਸ਼ੁਰੂ ਹੋਈ ਤੇ ਹੀਰੋ ਅੱਥਰੇ ਘੋੜੇ ਨੂੰ ਵੇਖ ਕੇ ਡਰ ਗਿਆ ਤੇ ਸ਼ਾਟ ਦੇਣ ਤੋਂ ਇਨਕਾਰੀ ਹੋ ਗਿਆ। ਡਾਰ ਸਾਹਿਬ ਉਸ ਨਾਲ ਬੜੀਆਂ ਦਲੀਲਾਂ ਪਏ ਪਰ ਉਸ ਇਹ ਕਹਿ ਕੇ ਗੱਲ ਮੁਕਾ ਦਿੱਤੀ ਕਿ ਅਦਾਕਾਰ ਸ਼ਿਆਮ ਵੀ ਘੋੜੇ ਤੋਂ ਡਿੱਗ ਕੇ ਈ ਮੋਇਆ ਸੀ। ਡਾਰ ਸਾਹਿਬ ਨੇ ਇਹ ਹੱਲ ਲੱਭਿਆ ਕਿ ਇੱਕ ਸਟੰਟ ਮੈਨ ਨੂੰ ਉਹਦੀ ਥਾਂ ਤੇ ਘੋੜੇ ਤੋਂ ਛਾਲ ਮਾਰਣ ਲਈ ਤਿਆਰ ਕੀਤਾ। ਉਸ ਛਾਲ ਮਾਰ ਕੇ ਡਿਗਣਾ ਸੀ ਤੇ ਉਹਦੇ ਬਾਅਦ ਅਗਲੇ ਸ਼ਾਟ ਵਿੱਚ ਹੀਰੋ ਨੇ ਕੈਮਰੇ ਦੇ ਸਾਹਮਣੇ ਖਲੋਣਾ ਸੀ। ਇਹ ਦੋਵੇਂ ਸ਼ਾਟ ਜੁੜ ਕੇ ਇੰਜ ਲਗਣਾ ਸੀ ਕਿ ਛਾਲ ਹੀਰੋ ਨੇ ਮਾਰੀ ਏ। ਸ਼ਾਟ ਸ਼ੁਰੂ ਹੋਇਆ। ਸਟੰਟ ਮੈਨ ਨੇ ਛਾਲ ਮਾਰੀ। ਕੱਟ ਹੋਇਆ ਪਰ ਹੀਰੋ ਕੋਲੋਂ ਕੈਮਰੇ ਦੇ ਸਾਹਮਣੇ ਖੜਾ ਨਾ ਹੋਇਆ ਗਿਆ। ਕਈ ਵਾਰੀ ਟੇਕ ਹੋਈ ਪਰ ਓ ਕੇ ਸ਼ਾਟ ਨਾ ਮਿਲਿਆ। ਡਾਰ ਸਾਹਿਬ ਪਰੇਸ਼ਾਨ। ਕਈ ਫੱਟ ਰੀਲ ਇੱਕੋ ਸ਼ਾਟ ਤੇ ਲਗ ਗਈ। ਉਹਨਾਂ ਦੀ ਪਰੇਸ਼ਾਨੀ ਨੂੰ ਵੇਖਦਿਆਂ ਹੋਇਆਂ ਸਟੰਟ ਮੈਨ ਨੇ ਆਖਿਆ ਕਿ ਜੇ ਤੁਸੀਂ ਕਹੋ ਤੇ ਮੈਂ ਘੋੜੇ ਤੋਂ ਛਾਲ ਮਾਰ ਕੇ ਕੈਮਰੇ ਅੱਗੇ ਖੜਾ ਹੋ ਕੇ ਇੰਜ ਘੁਮ ਜਾਵਾਂਗਾ ਕਿ ਮੇਰੀ ਸ਼ਕਲ ਕੈਮਰੇ ਵਿੱਚ ਨਜ਼ਰ ਨਹੀਂ ਆਵੇਗੀ ਤੇ ਤੁਸੀਂ ਅਗਲੇ ਕੱਟ ਤੇ ਹੀਰੋ ਨੂੰ ਫੜ ਲੈਣਾ। ਸ਼ਾਟ ਇੰਜ ਈ ਕੀਤਾ ਗਿਆ ਤੇ ਓ ਕੇ ਹੋ ਗਿਆ। ਹੀਰੋ ਲਈ ਸੈੱਟ ਉੱਤੇ ਬੜੀਆਂ ਤਾੜੀਆਂ ਵੱਜੀਆ ਜਿਹੜੀਆਂ ਡਾਰ ਸਾਹਿਬ ਨੂੰ ਚੰਗੀਆਂ ਨਾ ਲੱਗੀਆਂ। ਉਹ ਸੋਚੀਂ ਪੈ ਗਏ। ਉਹਨਾਂ ਨੂੰ ਉਸ ਸਟੰਟ ਮੈਨ ਦੀ ਗੱਲ ਬਾਰ ਬਾਰ ਚੇਤੇ ਆਉਂਦੀ ਕਿ "ਮੇਰੀ ਸ਼ਕਲ ਕੈਮਰੇ ਵਿੱਚ ਨਹੀਂ ਨਜ਼ਰ ਆਵੇ ਗੀ" ਡਾਰ ਸਾਹਿਬ ਨੇ ਸੋਚਿਆ ਕਿ ਇਹ ਮੁੰਡੇ ਇੱਥੇ ਇਸ ਲਈ ਆਉਂਦੇ ਨੇ ਕਿ ਉਹਨਾਂ ਦੀ ਸ਼ਕਲ ਵੀ ਸਕਰੀਨ ਉੱਤੇ ਨਜ਼ਰ ਆਵੇ ਤੇ ਲੋਕ ਉਹਨਾਂ ਦੀ ਅਦਾਕਾਰੀ ਦੀ ਸਰਾਹਣਾ ਕਰਨ ਪਰ ਇਹ ਕਿਹੋ ਜਿਹਾ ਬੰਦਾ ਏ ਜਿਹੜਾ ਆਪਣੇ ਕੰਮ ਨਾਲ ਇੰਨਾ ਮੁਖ਼ਲਸ ਏ। ਇਹ ਗੱਲ ਡਾਰ ਸਾਹਿਬ ਦਿਲ ਵਿੱਚ ਖੁੱਭ ਗਈ। ਜਦੋਂ ਉਹਨਾਂ ਨੇ "ਬਸ਼ੀਰਾ" ਬਣਾਈ ਤੇ ਉਸ ਮੁੰਡੇ ਨੂੰ ਹੀਰੋ ਲਿਆ। ਮਿੱਥੁਨ ਸ਼ਾਹ ਨੂੰ ਵੀ ਡਾਰ ਸਾਹਿਬ ਵਰਗੇ ਡਾਇਰੈਕਟਰ ਦੀ ਤਾਂਘ ਰਹੀ ਤੇ ਦਸ ਵਰ੍ਹੇ ਲੰਘ ਗਏ ਕੋਈ ਨਾ ਲੱਭਿਆ। ਇਹਨਾਂ ਦਸਾਂ ਵਰ੍ਹਿਆਂ ਵਿੱਚ ਬਹੁਤ ਕੁਝ ਬਦਲ ਗਿਆ

ਸੀ। ਚਰਸ ਨੇ ਉਸ ਨੂੰ ਫੂਕ ਛੱਡਿਆ। ਡਾਂਸ ਦੀ ਪਰੈਕਟਿਸ ਛੁੱਟ ਗਈ। ਦੋ ਤਿੰਨ ਪੈਰ ਪੁੱਟ ਕੇ ਈ ਉਹਦਾ ਸਾਹ ਹਿੱਲ ਜਾਂਦਾ ਪਰ ਕੰਮ ਕਰਨ ਦਾ ਉਹਨੂੰ ਜਨੂੰਨ ਸੀ। ਸੈੱਟ ਉੱਤੇ ਆਉਂਦਿਆਂ ਈ ਕਹਿੰਦਾ "ਆਰਡਰ ਲਾਓ, ਨਜਾਮ (ਨਜ਼ਾਮ) ਚਲਾਈਏ" ਮਤਲਬ ਕਿ ਸ਼ਾਟ ਤਿਆਰ ਕਰੀਏ। ਫ਼ਿਰ ਜਦ ਤੀਕਰ ਰੀਕਾਰਡਿੰਗ ਚਲਦੀ ਰਹਿੰਦੀ, ਆਰਡਰ ਲਗਦਾ ਰਹਿੰਦਾ ਤੇ ਨਜਾਮ ਦੇ ਨਾਲ ਜੋੜਾ ਘੋੜਾ (ਚਰਸ) ਵੀ ਚਲਦਾ ਰਹਿੰਦਾ।

ਸੈੱਟ ਉੱਤੇ ਉਹ ਸ਼ੇਵ ਕਰ ਕੇ, ਇਸਤਰੀ ਕੀਤੇ ਹੋਏ ਕੱਪੜੇ ਪਾ ਕੇ, ਪਰਫ਼ਿਊਮ ਲਾ ਕੇ ਆਉਂਦਾ ਸੀ। ਸੈਟ ਉੱਤੇ ਆ ਕੇ ਉਹਨੇ ਮੇਕਅਪ ਆਰਟਿਸਟ ਕੋਲੋਂ ਵਾਲ ਜੈੱਲ ਕਰਵਾ ਕੇ ਸੈਟ ਕਰ ਲੈਣੇ। ਇੱਕ ਦਿਨ ਮੈਂ ਪੁੱਛਿਆ "ਮਿਥੁਨ ਸ਼ਾਹ ਬੜ ਫੱਬ ਕੇ ਰਹਿੰਦਾ ਏਂ, ਕੀ ਚੱਕਰ ਏ?" ਆਖਣ ਲਗਾ...."ਆਕਾ ਜੀ (ਪਰੋਡਕਸ਼ਨ ਵਿੱਚ ਕੰਮ ਕਰਨ ਵਾਲੇ ਮੈਨੂੰ ਆਕਾ ਜੀ ਈ ਕਹਿੰਦੇ ਸਨ। ਇਹਦੇ ਪਿੱਛੇ ਵੀ ਇੱਕ ਕਹਾਣੀ ਏ ਜਿਹੜੀ ਇੱਥੇ ਸੁਣਾਨਾ ਮੁਨਾਸਿਬ ਨਹੀਂ) ਮੈਂ ਤੇ ਸ਼ੁਰੂ ਤੋਂ ਇੰਜ ਈ ਰਹਿੰਦਾ ਹਾਂ। ਵਿੱਚ ਜਿਹੇ ਗੰਦਾ ਮੰਦਾ ਰਹਿਣ ਲਗ ਪਿਆ ਸਾਂ ਕਿ ਜਦ ਫ਼ਿਲਮ ਵਿੱਚ ਕੰਮ ਈ ਨਹੀਂ ਮਿਲਣਾ ਤੇ ਐਡਾ ਬਣ ਠਣ ਕੇ ਰਹਿਣ ਦਾ ਫ਼ਾਇਦਾ ਕੀ। ਫਿਰ ਇੱਕ ਵਾਰੀ ਸੈਟ ਉੱਤੇ ਕੰਮ ਕਰ ਰਿਹਾ ਸਾਂ ਕਿ ਅਲੀ ਭਾਈ (ਮੁਹੰਮਦ ਅਲੀ) ਦਾ ਸ਼ਾਟ ਲੱਗਿਆ ਸੀ, ਨਾਲ ਇੱਕ ਨਵੀਂ ਕੁੜੀ। ਬੂਮ ਆਪਰੇਟਰ ਨੂੰ ਟੇਕ ਵੇਲੇ ਇੱਕ ਨੰਬਰ ਆ ਗਿਆ ਤੇ ਮੈਨੂੰ ਬੂਮ ਫੜਨਾ ਪਿਆ। ਕੰਮ ਕਰ ਕੇ ਪਿੰਡਾ ਮੁੜ੍ਹਕੋ-ਮੁੜ੍ਹਕੀ ਹੋਇਆ ਸੀ। ਬਗ਼ਲਾਂ ਵਿੱਚੋਂ ਮਰੇ ਕੁੱਤੇ ਵਰਗੀ ਬੋ ਉੱਠੀ ਤੇ ਕੁੜੀ ਨੇ ਕੋਈ ਲਿਹਾਜ਼ ਨਾ ਕੀਤਾ ਤੇ ਡਲੌਗ (ਡਾਇਲਾਗ) ਦੇਣ ਦੀ ਥਾਂ ਤੇ ਡਾਇਰੈਕਟਰ ਨੂੰ ਕਹਿੰਦੀ (ਕੁੜੀ ਦੀ ਨਕਲ ਕਰਦਿਆਂ ਹੋਇਆਂ) "ਖ਼ਵਾਜਾ ਸਾਹਿਬ, ਇਹ ਬੂਮ ਕਿਸੇ ਹੋਰ ਨੂੰ ਦੇ ਦਿਓ ਯਾਂ ਇਹਦੀਆਂ ਕੱਛਾਂ ਵਿੱਚ ਪੋਡਰ ਲਵਾਓ"...ਮੈਂ ਬੜਾ ਕੱਚਾ ਹੋਇਆ। ਜਦ ਸ਼ਾਟ ਮੁੱਕਿਆ ਤੇ ਅਲੀ ਭਾਈ ਨੇ ਬੁਲਾਇਆ। ਕਹਿਣ ਲੱਗੇ (ਅਲੀ ਭਾਈ ਦੀ ਨਕਲ ਕਰਦਿਆਂ ਹੋਇਆਂ) "ਉੱਲੂ ਯੇਹ ਫ਼ਿਲਮ ਇੰਡਸਟਰੀ ਹੈ। ਯਹਾਂ ਲੋਗੋਂ ਕੋ ਹਰ ਵਕਤ ਨਫ਼ੀਸ ਨਜ਼ਰ ਆਣਾ ਚਾਹੀਏ"....ਬਸ ਉਸ ਦਿਨ ਦੇ ਬਾਅਦ ਅੱਜ ਤੀਕਰ ਮੈਂ ਕਦੀ ਵੀ ਸੈੱਟ ਉੱਤੇ ਐਵੇਂ ਮੂੰਹ ਚੁਕ ਕੇ ਨਹੀਂ ਆਇਆ।

ਕੁਝ ਵੇਲੇ ਬਾਅਦ ਉਹ ਸੈੱਟ ਉੱਤੇ ਘੱਟ ਆਵਣ ਲਗ ਪਿਆ। ਮੈਂ ਇੱਕ ਦਿਨ ਸਪਾਟ ਬਵਾਏ ਪਟੈਟੋ ਨੂੰ ਪੁੱਛਿਆ ਕਿ ਸ਼ਾਹ ਜੀ ਕਿੱਥੇ ਨੇ? ਪਟੈਟੋ ਵੀ ਵੱਡੀ ਐਟਮ। ਜਿਸ ਦਿਨ ਸੈੱਟ ਉੱਤੇ ਕੋਈ ਨਵੀਂ ਐਕਸਟਰਾ ਕੁੜੀ ਆਉਂਦੀ ਸੀ, ਪਟੈਟੋ ਨੂੰ ਲੱਭਣਾ ਤੇ ਉਹਦੇ ਕੋਲੋਂ ਕੰਮ ਕਰਵਾਣਾ ਔਖਾ ਹੋ ਜਾਂਦਾ ਸੀ। ਉਹ ਡਾਇਰੈਕਟਰ ਤੋਂ ਵੱਖ ਈ ਉਹਦਾ ਆਡੀਸ਼ਨ ਲੈਣਾ ਸ਼ੁਰੂ ਕਰ ਦੇਂਦਾ ਤੇ ਨਾਲ ਐਕਟਿੰਗ ਕਰਨ ਦੇ ਗੁਰ ਦੱਸਣ ਲਗ ਪੈਂਦਾ। ਸ਼ਾਹ ਨਾਲ ਉਹਦੀ ਘੱਟ ਬਣਦੀ। ਦੋਹਾਂ ਵਿੱਚ ਇੱਟ ਕੁੱਤੇ ਦਾ ਵੈਰ ਸੀ। ਪੁੱਛਣ ਦੀ ਦੇਰ ਸੀ, ਕਹਿਣ ਲੱਗਾ "ਉਸਤਾਦ ਅੱਜ ਕਲ੍ਹ ਬੜਾ ਜਗੜ ਬੰਮ ਹੋਇਆ ਏ

(ਉਹਦੀ ਆਦਤ ਸੀ ਹਰ ਗੱਲ ਨਾਲ ਇਹੋ ਜਿਹੇ ਅੱਖਰ ਬੋਲਣਾ)....ਉੱਚੀਆਂ ਵਾਙਾਂ ਵਿੱਚ ਏ ਉੱਚੀਆਂ"...ਸ਼ਲਵਾਰ ਵਿੱਚ ਹੱਥ ਪਾ ਕੇ ਖੁਰਕਦਿਆਂ ਹੋਇਆ ਆਖਿਆ "ਕਿੰਨੀਆਂ ਕੁ ਉੱਚੀਆਂ?"

"ਆਕਾ ਜੀ ਅੱਜ ਕਲ੍ਹ ਪੁਰਾਣੀ ਮਾਅਸ਼ੂਕ ਨੇ ਕਾਬੂ ਕੀਤਾ ਹੋਇਆ ਏ" ਤੇ ਨਾ ਸਲਵਾਰ ਵਿੱਚ ਪਾਏ ਹੋਏ ਹੱਥ ਨਾਲ ਗੰਦਾ ਇਸ਼ਾਰਾ ਕੀਤਾ...."ਜਿਹੜੇ ਨੋਟ ਇੰਨ੍ਹੇ ਜੋੜੇ ਨੇ ਉਹ ਮਾਂ ਧੀ ਜਗੜ ਬੰਮ ਕਰ ਕੇ ਇਹਨੂੰ ਡਗਰ ਗਮ ਕਰ ਦੇਵਣ ਗੀਆਂ। ਕਹਿੰਦੇ ਨੇ ਇੱਕ ਟਿਕਟ ਵਿੱਚ ਇੱਕ ਫ਼ਿਲਮ ਤੇ ਨਾਲ ਟੋਟਾ ਫ਼ਰੀ ਦਗੜਮ ਦਗੜਮ ਕਰੀ ਜਾ ਰਿਹਾ ਏ...." ਉਹਦਾ ਇਸ਼ਾਰਾ ਮਿਥੁਨ ਦੀ ਮਾਅਸ਼ੂਕ ਤੇ ਉਹਦੀ ਧੀ ਵਲ ਸੀ।

"ਸ਼ਾਹ ਦੀ ਮਾਅਸ਼ੂਕ?"

"ਤੁਸੀਂ ਬਿੱਲੋ ਡਾਂਸਰ ਦਾ ਨਾਂ ਨਹੀਂ ਸੁਣਿਆ? ਬੜਾ ਡਾਂਸ ਕਰਦੀ ਸੀ। ਉਹਦੇ ਬਗ਼ੈਰ ਤੇ ਕੋਈ ਕੋਰਸ ਵਾਲਾ ਗਾਣਾ ਹੁੰਦਾ ਈ ਨਹੀਂ ਸੀ.....ਕਹਿੰਦੇ ਨੇ ਕਿ ਮਿੱਥੁਨ ਦੀ ਚੰਡੀ ਹੋਈ ਸੀ....ਪਰ ਬਾਅਦ ਵਿੱਚ ਪਤਾ ਲੱਗਾ ਕਿ ਮਿੱਥੁਨ ਨਾਲ ਵੀ ਹੱਥ ਈ ਹੋ ਗਿਆ ਸੀ....ਜ਼ਗੜ ਗਮ ਤੇ ਕਿਸੇ ਹੋਰ ਨੇ ਕਰ ਛੱਡਿਆ ਸੀ। ਉਹਨੇ ਹੱਥ ਸ਼ਲਵਾਰ ਵਿੱਚੋਂ ਕੱਢ ਕੇ ਉਂਗਲੀ ਮੂੰਹ ਵਿੱਚ ਪਾਈ ਤੇ ਨਸਵਾਰ ਬਾਹਰ ਸੁੱਟਦਿਆਂ ਆਖਿਆ "ਅੱਖ ਮੇਰੀ ਵੀ ਬੜੀ ਸੀ ਉਹਦੇ ਉੱਤੇ। ਕੰਮ ਵੀ ਜਗੜ ਗਮ ਹੋ ਜਾਣਾ ਸੀ, ਮੰਨ ਵੀ ਗਈ ਸੀ ਪਰ ਮਿੱਥੁਨ ਭਾਨੀ ਮਾਰ ਛੱਡੀ...ਮੈਂ ਉਹਨੂੰ ਯਕੀਨ ਦਵਾਇਆ ਸੀ ਕਿ ਮੈਂ ਮੁਸਲਮਾਨ ਹਾਂ ਪਰ ਉਸਤਾਦ ਨੇ ਭਾਂਡਾ ਭੰਨ ਛੱਡਿਆ....ਮੈਂ ਵੀ ਐਸੀ ਬਦ ਦੁਆ ਦਿੱਤੀ ਕਿ ਉਸਤਾਦ ਵੀ ਜਗੜ ਬੰਮ ਨਹੀਂ ਕਰ ਸਕਿਆ। ਤੇ ਕੱਖ ਬਿੱਲੋ ਦਾ ਵੀ ਨਹੀਂ ਰਿਹਾ"....ਉਹਨੇ ਓਸੇ ਹੱਥ ਨਾਲ ਦੁਬਾਰਾ ਨਸਵਾਰ ਦਾ ਬੀੜਾ ਬਣਾ ਕੇ ਮੂੰਹ ਵਿੱਚ ਰੱਖਦਿਆਂ ਕਿਹਾ "ਬਿੱਲੋ ਨੇ ਕਈ ਹੋਰ ਮਗਰ ਲਾਏ ਹੋਏ ਸੀ। ਇੱਕ ਤਮਾਸ਼ਬੀਨ ਦੇ ਕੋਈ ਉਸ ਵੇਲੇ ਤਿੰਨ ਕੁ ਲੱਖ ਜਗੜ ਬੰਮ ਕਰ ਗਈ ਸੀ। ਲੜਾਈ ਮਾਰ ਕੁਟਾਈ ਹੋਈ। ਗੱਲ ਵੱਧ ਗਈ। ਉਹਨੇ ਫ਼ੈਰ ਮਾਰਿਆ। ਲੱਕ ਵਿੱਚ ਲੱਗਾ। ਜਾਨ ਤੇ ਬਚ ਗਈ ਪਰ ਲੱਕ ਟੁਨੂ ਟੁਨੂ ਹੋ ਗਿਆ। ਉਸਤਾਦ ਨੇ ਬੜਾ ਪੈਸਾ ਲਾਇਆ। ਦਵਾ ਦਾਰੂ ਤੇ ਚੰਗੀ ਹੋਈ ਤੇ ਫ਼ਿਰ ਉਸਤਾਦ ਨੂੰ ਚੱਕਰ ਦੇ ਕੇ ਨਿਕਲ ਗਈ। ਕਿੱਥੇ ਗਈ, ਕੁਝ ਪਤਾ ਨਹੀਂ ਲੱਗਿਆ ਤੇ ਨਾ ਈ ਉਹਨੇ ਉਸਤਾਦ ਦੀ ਕੋਈ ਸਾਰ ਲਈ। ਉਸਤਾਦ ਵੀ ਉਹਦੇ ਗਮ (ਗ਼ਮ) ਵਿੱਚ ਚਰਸ ਤੇ ਲੱਗ ਗਿਆ। ਹੁਣ ਧੀ ਨੂੰ ਲੈ ਕੇ ਫ਼ਿਰ ਆਈ ਹੋਈ ਏ....ਕਹਿੰਦੀ ਏ ਕਿ ਉਸਤਾਦ ਦੀ ਏ ਪਰ ਉਹਦੀ ਨਹੀਂ...." ਉਹਨੇ ਪਾਣੀ ਦੀ ਕੇਤਲੀ ਦਾ ਸੁਇਚ ਲਾਂਦਾ ਹੋਇਆ ਇੰਜ ਆਖਿਆ ਜਿਵੇਂ ਉਹਦੇ ਕੋਲ ਡੀ ਐਨ ਏ ਦੀ ਰਿਪੋਰਟ ਹੋਵੇ। "ਤੁਹਾਡੇ ਲਈ ਚਾਹ ਬਣਾਵਾਂ?" ਮੈਂ ਉਹਦੇ ਹੱਥ 'ਤੇ ਥੱਲੇ ਪਈ ਹੋਈ ਨਸਵਾਰ ਵੱਲ ਵੇਖ ਕੇ ਆਖਿਆ "ਹੱਥ ਧੋ ਕੇ ਬਣਾਏਂ ਗਾ ਯਾਂ ਇੰਜ ਈ"....ਨਸਵਾਰ ਦੇ ਖਾਦੇ ਦੰਦ ਕੱਢਦਿਆਂ ਹੋਇਆਂ ਬੋਲਿਆ ਕਿ "ਆਕਾ ਜੀ ਤੁਸੀਂ ਵੀ ਹੱਦ ਈ ਕਰਦੇ ਹੋ, ਹੱਥ ਧੋ ਕੇ

ਈ ਬਣਾਵਾਂ ਗਾ।''

ਸ਼ੂਟ ਕੋਈ ਚਲ ਨਹੀਂ ਰਿਹਾ ਸੀ ਤੇ ਮੈਂ ਫਲੈਟ 'ਤੇ ਆਪਣੀ ਪਹਿਲੀ ਟੈਲੀ ਫ਼ਿਲਮ ਦੇ ਸਕਰਿਪਟ ਉੱਤੇ ਕੰਮ ਕਰ ਰਿਹਾ ਸਾਂ। ਮਿੱਥੁਨ ਇੱਕ ਕੁੜੀ ਨਾਲ ਆ ਗਿਆ। ਕੁੜੀ ਦਾ ਤਆਰੁਫ਼ ਉਹਨੇ ਸ਼ਹਿਜ਼ਾਦੀ ਦੇ ਨਾਂ ਨਾਲ ਕਰਾਇਆ। ਉਮਰ ਕੋਈ ਅਠਾਰ੍ਹਾਂ ਵਰ੍ਹੇ ਹੋਣੀ ਏ। ਕੁੜੀ ਸੋਹਣੀ ਤੇ ਭਰਵੇਂ ਜਿਸਮ ਦੀ ਸੀ। ਜਿਸਮ ਉਹਦਾ ਇਹੋ ਜਿਹਾ ਸੀ ਕਿ ਜਿਵੇਂ ਰਸ ਦਾ ਭਰਿਆ ਅੰਗੂਰ ਤੇ ਰਸ ਵੀ ਜਿਹੜਾ ਛੱਲ ਮਾਰ ਕੇ ਬਾਹਰ ਆਵਣ ਲਈ ਬੇਤਾਬ। ਉਹਦੇ ਜਿਸਮ ਨੂੰ ਵੇਖ ਕੇ ਲਗਦਾ ਸੀ ਕਿ ਇਹਦੇ ਵਿੱਚ ਹੋਰ ਬਹੁਤ ਕੁਝ ਏ ਪਰ ਲਚਕ ਨਹੀਂ। ਸ਼ਹਿਜ਼ਾਦੀ ਨੂੰ ਆਪਣੇ ਸੋਹਣੇ ਹੋਵਣ ਦਾ ਅਹਿਸਾਸ ਸੀ ਤੇ ਇਹ ਵੀ ਪਤਾ ਸੀ ਕਿ ਸਾਹਮਣੇ ਬੈਠੇ ਹੋਏ ਮਰਦ ਨੂੰ ਕਿਵੇਂ ਤੋਲਣਾ ਏ ਤੇ ਫ਼ਿਰ ਉਹਦੇ ਨਾਲ ਕਿਵੇਂ ਬੋਲਣਾ ਏ। ਸ਼ਾਹ ਨੇ ਮੇਰਾ ਤਆਰੁਫ਼ ਤੇ ਬੜੇ ਭਾਰ ਨਾਲ ਕਰਾਇਆ ਪਰ ਉਹ ਮੈਨੂੰ ਤੋਲ ਚੁਕੀ ਸੀ। ਇਸ ਲਈ ਉਹਨੇ ਕੋਈ ਜ਼ਿਆਦਾ ਭਾਰ ਚੁਕਿਆ ਨਹੀਂ। ਐਧਰ ਓਧਰ ਦੀਆਂ ਗੱਲਾਂ ਕਰ ਕੇ ਸ਼ਾਹ ਨੇ ਕਿਹਾ ''ਆਕਾ ਜੀ ਇਹਨੂੰ ਕਿਤੇ ਕੰਮ ਈ ਲੈ ਦਿਓ। ਹੀਰੋਇਨ ਦੀ ਸਿਸਟਰ ਯਾਂ ਸਹੇਲੀ ਦਾ ਯਾਂ ਕੋਈ ਹੋਰ ਰੋਲ...ਬੱਚੀ ਵਿੱਚ ਟੈਲੰਟ ਏ ਤੇ ਕੰਮ ਵੀ ਸਿਖ ਜਾਏ ਗੀ।''

''ਸ਼ਾਹ, ਮੈਂ ਤੇ ਸੁਣਿਆ ਸੀ ਕਿ ਤੂੰ ਇਸ ਨੂੰ ਡਾਂਸ ਸਿਖਾ ਰਿਹਾ ਏਂ'' ਮੈਂ ਸ਼ਹਿਜ਼ਾਦੀ ਨੂੰ ਭਰਵੀਂ ਨਜ਼ਰ ਨਾਲ ਵੇਖਦਿਆਂ ਹੋਇਆਂ ਆਖਿਆ ''ਉਹਨੇ ਵੀ ਇੱਕ ਨਿੱਕੀ ਜਿਹੀ ਸਮਾਇਲ ਦਿੱਤੀ। ਉਹ ਸਮਾਇਲ ਦੱਸ ਗਈ ਕਿ ਉਹਨੇ ਮੇਰਾ ਗਵੇੜ ਲਾ ਲਿਆ ਏ।

''ਹਾਂ ਜੀ ਟਰੇਨਿੰਗ ਵੀ ਚੱਲ ਰਹੀ'' ਉਹਦੀ ਵਾਜ ਵਿੱਚ ਮਾਯੂਸੀ ਜਿਹੀ ਸੀ। ਫ਼ਿਰ ਕਹਿਣ ਲਗਾ ''ਜੇ ਕੰਮ ਲੱਭੇ ਗਾ ਤੇ ਪਾਲਸ (ਪਾਲਿਸ਼) ਹੋ ਜਾਏ ਗੀ....ਵੈਸੇ ਐਕਟਿੰਗ ਕਰ ਲੈਂਦੀ ਏ''....ਉਹਨੇ ਮੇਰੀ ਟੈਲੀ ਫ਼ਿਲਮ ਚੁੱਕੀ ਤੇ ਕਹਿਣ ਲੱਗਾ ''ਇਹਦੇ ਵਿੱਚੋਂ ਕੋਈ ਸੀਨ ਦੱਸੋ....ਹੁਣੇ ਕਰ ਵਖਾਂਦੀ ਏ।''

ਮੈਂ ਉਹਦੇ ਵਲ ਵੇਖਿਆ। ਅੱਖਾਂ ਵਿੱਚ ਸਾਫ਼ ਨਜ਼ਰ ਆ ਰਿਹਾ ਸੀ ਕਿ ਉਹ ਮੈਨੂੰ ਤੇ ਸ਼ਾਹ ਦੋਵਾਂ ਨੂੰ ਉਸ ਵੇਲੇ ਬਿਲਕੁੱਲ ਫੁੱਦੂ ਸਮਝ ਰਹੀ ਸੀ। ਮੈਂ ਫ਼ਿਰ ਵੀ ਸ਼ਾਹ ਦੀ ਗੱਲ ਪੂਰੀ ਕਰਦਿਆਂ ਉਹਨੂੰ ਹੀਰੋਇਨ ਦਾ ਸੀਨ ਦਿੱਤਾ....ਸੀਨ ਇੰਜ ਸੀ ਕਿ ਹੀਰੋਇਨ ਨੇ ਆਪਣੇ ਰਿਸ਼ਤੇ ਲਈ ਆਏ ਹੋਏ ਬੰਦੇ ਨੂੰ ਦਸਣਾ ਸੀ ਕਿ ਉਹ ਵਿਆਹ ਦੀਆਂ ਬੇੜੀਆਂ ਆਪਣੇ ਪੈਰਾਂ ਵਿੱਚ ਨਹੀਂ ਪਾਣਾ ਚਾਹੁੰਦੀ। ਉਹ ਉਡਣਾ ਚਾਹੁੰਦੀ ਏ। ਆਪਣਾ ਨਾਂ ਬਣਾਣਾ ਚਾਹੁੰਦੀ ਏ। ਕੋਈ ਛੇ ਤੋਂ ਸਤ ਡਾਇਲਾਗ ਸੀ....ਮੈਂ ਸੀਨ ਸ਼ਹਿਜ਼ਾਦੀ ਨੂੰ ਫੜਾ ਦਿੱਤਾ। ਉਹ ਸਕਰਿਪਟ ਫੜ ਕੇ ਮੇਰੇ ਮੂੰਹ ਵਲ ਵੇਖਣ ਲਗ ਪਈ। ਸ਼ਾਹ ਨੇ ਯਕ ਦਮ ਘਬਰਾ ਕੇ ਆਖਿਆ ''ਆਕਾ ਜੀ ਇਸ ਨੂੰ ਪੜ੍ਹਣਾ ਨਹੀਂ ਆਉਂਦਾ'' ਮੈਂ ਹੈਰਾਨ ਹੋ ਕੇ ਦੋਹਾਂ ਵਲ ਵੇਖਿਆ। ਮੇਰੇ ਹੱਥ ਫੁੱਦੂ ਸਮਝਣ ਵਾਲੀਆਂ ਨਜ਼ਰਾਂ ਨੂੰ ਨੀਵਾਂ ਕਰਨ ਦਾ

ਮੌਕਾ ਆ ਗਿਆ। ਮੈਂ ਤਿੱਖੇ ਲਹਿਜੇ ਵਿੱਚ ਕਿਹਾ "ਜੇ ਪੜ੍ਹਣਾ ਨਹੀਂ ਆਉਂਦਾ ਤੇ ਫ਼ਿਰ ਇਹ ਜੁਮਲੇ ਕਿੰਜ ਪੜ੍ਹੇ ਗੀ ਤੇ ਸੀਨ ਕਿੰਜ ਕਰੇ ਗੀ। ਹੁਣ ਕੋਈ ਜਾਹਿਲ ਕਿੰਜ ਐਕਟਿੰਗ ਕਰ ਸਕਦਾ ਏ" ਜਾਹਿਲ ਵਾਲੀ ਗੱਲ ਸ਼ਹਿਜ਼ਾਦੀ ਨੂੰ ਚੰਗੀ ਨਹੀਂ ਲਗੀ ਤੇ ਮੈਂ ਵੀ ਸੋਚਿਆ ਕਿ ਅੱਖਰਾਂ ਦਾ ਚੁਣਾਓ ਸਹੀ ਨਹੀਂ ਪਰ ਬਕੌਲ ਸਲੀਮ ਕਾਸ਼ਿਰ "ਜੋ ਬੋਲ ਜ਼ੁਬਾਨੋਂ ਨਿਕਲ ਗਿਆ.....ਉਹ ਤੀਰ ਕਮਾਨੋਂ ਨਿਕਲ ਗਿਆ" ਤੇ ਇਸ ਤੀਰ ਨੇ ਜ਼ਖ਼ਮ ਵੀ ਚੰਗਾ ਕੀਤਾ....ਕਹਿਣ ਲਗੀ "ਕਿਸੀ ਨੂੰ ਇਹ ਦੱਸਣ ਲਈ ਕਿ ਉਹ ਵਿਆਹ ਦੀਆਂ ਬੇੜੀਆਂ ਪੈਰਾਂ ਵਿੱਚ ਨਹੀਂ ਪਾ ਸਕਦੀ ਤੇ ਅਜਾਦ (ਅਜ਼ਾਦ) ਰਹਿਣਾ ਚਾਹੁੰਦੀ ਏ, ਡਲੌਗ ਬੋਲਣ ਦੀ ਜ਼ਰੂਰਤ ਨਹੀਂ। ਇਹ ਗੱਲ ਉਂਜ ਵੀ ਸਮਝਾਈ ਜਾ ਸਕਦੀ ਏ" ਉਹਨੇ ਸੀਨੇ ਨੂੰ ਉਭਾਰ ਦੇਂਦਿਆਂ ਹੋਇਆਂ ਇੰਜ ਆਖਿਆ ਕਿ ਮੇਰਾ ਸਾਹ ਕਿਤੇ ਅੰਦਰ ਈ ਘੁੱਟ ਗਿਆ ਤੇ ਪਿੰਡੇ ਵਿੱਚ ਇੱਕ ਸੀਤ ਜਹੀ ਭਰ ਗਈ। ਦਿਲ ਕੀਤਾ ਕਿ ਇੱਕ ਲੰਮੀ ਜਿਹੀ ਅੰਗੜਾਈ ਲਵਾਂ ਪਰ ਉਹਦੇ ਸਾਹਮਣੇ ਇੰਜ ਹੋ ਗਿਆ ਜਿਵੇਂ ਪੱਥਰ ਦਾ ਹੁੰਦਾ ਹਾਂ। ਉਹ ਇਸ ਕੈਫ਼ੀਅਤ ਨੂੰ ਵੀ ਸਮਝ ਗਈ ਤੇ ਉਹਦੇ ਬੁੱਲ੍ਹਾਂ ਉੱਤੇ ਨਿਮ੍ਹਾ ਜਿਹਾ ਹਾਸਾ ਫੈਲ ਗਿਆ "ਵੈਸ਼ (ਵਾਸ਼ਰੂਮ) ਕਿੱਥੇ ਏ?" ਉਹਨੇ ਅਚਾਨਕ ਪੁੱਛਿਆ। ਮੈਂ ਬਸ ਵਾਸ਼ਰੂਮ ਵੱਲ ਇਸ਼ਾਰਾ ਈ ਕਰ ਸਕਿਆ।

ਮੈਂ ਸ਼ਾਹ ਨੂੰ ਆਖਿਆ "ਇਹ ਕੁੜੀ ਤੇਰੇ ਵੱਸ ਦਾ ਕੰਮ ਨਹੀਂ। ਇਹ ਤੈਨੂੰ ਵੇਚ ਕੇ ਖਾ ਜਾਊ।"

ਕਹਿਣ ਲੱਗਾ "ਆਕਾ ਜੀ ਸਾਨੂੰ ਕਿਸ ਵੇਚਣਾ ਤੇ ਕਿਸ ਸਾਡਾ ਮੁੱਲ ਪਾਣਾ। ਕਦੇ ਖੋਟੇ ਸਿੱਕੇ ਵੀ ਚੱਲੇ ਨੇ...." ਸ਼ਾਹ ਨੇ ਇੱਕ ਠੰਡੀ ਸਾਹ ਖਿੱਚਦਿਆਂ ਆਖਿਆ "ਤੁਸੀਂ ਬਸ ਹਾਫ਼ਿਜ਼ (ਮੇਰਾ ਸੀਨੀਅਰ ਅਸਿਸਟਿੰਟ) ਤੇ ਭਾਅ ਜੀ (ਅਸੀਂ ਆਪਣੇ ਡਾਇਰੈਕਟਰ ਨੂੰ ਭਾਅ ਜੀ ਆਖਦੇ ਹਾਂ) ਨੂੰ ਕਹਿਣਾ ਕਿ ਇਸ ਨੂੰ ਕੋਈ ਕੰਮ ਦੇ ਦੇਣ"....ਇਨੇ ਵਿੱਚ ਉਹ ਵੀ ਵਾਸ਼ਰੂਮ ਤੋਂ ਆ ਗਈ। ਮੈਂ ਇੱਕ ਵਾਰੀ ਫ਼ਿਰ ਉਸ ਨੂੰ ਨਜ਼ਰ ਭਰ ਕੇ ਵੇਖਿਆ। ਉਹਦਾ ਗਦਰਿਆ ਹੋਇਆ ਜੁੱਸਾ ਕਿਸੇ ਵੀ ਇਨਸਾਨ ਨੂੰ ਆਪਿਓਂ ਬਾਹਿਰ ਕਰ ਸਕਦਾ ਸੀ। ਮੇਰੀ ਵੇਖਣੀ ਉਹਨੇ ਨੋਟ ਕੀਤੀ ਤੇ ਇੰਜ ਅਨਜਾਣ ਬਣ ਗਈ ਜਿਵੇਂ ਉਸ ਨੇ ਮੈਨੂੰ ਵੇਖਿਆ ਈ ਨਹੀਂ। ਉਹਦੀ ਇਸ ਹਰਕਤ ਉੱਤੇ ਦਿਲ ਹੋਰ ਤੇਜ਼ੀ ਨਾਲ ਧੜਕਿਆ ਕਿ ਉਹਦੀ ਆਵਾਜ਼ ਮੈਨੂੰ ਕੰਨਾਂ ਵਿੱਚ ਸੁਣੀ। ਉਹ ਚਲੇ ਗਏ ਪਰ ਸ਼ਹਿਜ਼ਾਦੀ ਕਈ ਦਿਨਾਂ ਤੀਕਰ ਮੇਰੇ ਹਵਾਸਾਂ ਉੱਤੇ ਸਵਾਰ ਰਹੀ।

ਵੇਲਾ ਤੇਜ਼ੀ ਨਾਲ ਬਦਲ ਰਿਹਾ ਸੀ। ਨਵੀਆਂ ਉੱਥਲਾਂ ਪੱਥਲਾਂ ਸ਼ੁਰੂ ਹੋ ਗਈਆਂ ਸਨ। ਸ਼ਹਿਰ ਆਪਣੀਆਂ ਹੱਦਾਂ ਤੋਂ ਅੱਗੇ ਵੱਧ ਰਿਹਾ ਸੀ। ਰਾਹ ਵਿੱਚ ਆਵਣ ਵਾਲੀ ਹਰ ਪੈਲ਼ੀ ਨੂੰ ਖਾ ਕੇ ਕੰਕਰੀਟ ਦੀਆਂ ਉਲਟੀਆਂ ਕਰਦੇ ਜਾ ਰਹੇ ਸੀ। ਸ਼ਹਿਰਾਂ ਵਿੱਚ ਲੱਗੇ ਹੋਏ ਵੱਡੇ ਵੱਡੇ ਬਿੱਲ ਬੋਰਡਾਂ ਨੂੰ ਜਗਮਗ ਕਰਨ ਲਈ ਇੰਨੀ ਬਿਜਲੀ ਚਾਹੀਦੀ ਸੀ ਜਿਹਦੇ ਨਾਲ ਕਈ ਛੋਟੇ ਪਿੰਡ ਚਲ ਸਕਦੇ ਸਨ ਪਰ ਬਿਜਲੀ ਹੈ ਈ ਨਹੀਂ ਸੀ। ਲੋਡ

ਸ਼ੈਡਿੰਗ ਨੇ ਦਰਜ਼ੀਆਂ, ਨਾਈਆਂ, ਵੈਲਡਰਾਂ, ਕੰਪਿਊਟਰ ਕੰਮਪੋਜ਼ਰਾਂ, ਫ਼ੋਟੋਸਟੇਟ ਵਾਲਿਆਂ, ਆਮ ਦੁਕਾਨਦਾਰਾਂ ਤੇ ਲੋਕਾਈ ਨੂੰ ਰੋਲ ਕੇ ਰੱਖ ਦਿੱਤਾ। ਸਟੇਜ ਡਰਾਮਿਆਂ ਵਿੱਚ ਗਾਣੇ ਬਣ ਗਏ। "ਚਲ ਰਹਿਣ ਦੇ, ਚਲ ਰਹਿਣ ਦੇ...ਦੋ ਘੰਟੇ ਤੇ ਬੱਤੀ ਆਉਂਦੀ ਰਹਿਣ ਦੇ" ਇਹਦੇ ਪਾਰੋਂ ਡਰਾਮੇ ਤੇ ਫ਼ਿਲਮ ਦੀ ਪਰੋਡਕਸ਼ਨ ਵੀ ਮੁਤਾਸਰ ਹੋਈ। ਨਾਲ ਇੱਕ ਮਸਲਾ ਵੀ ਸ਼ੁਰੂ ਹੋ ਗਿਆ। ਸ਼ਹਿਰ ਵਿੱਚ ਫ਼ਿਲਮਾਂ ਡਰਾਮਿਆਂ ਤੇ ਕੰਪਨੀਆਂ ਦੇ ਇਸ਼ਤਹਾਰਾਂ ਦੇ ਪੋਸਟਰਾਂ ਉੱਤੇ ਛਪੀਆਂ ਹੋਈਆਂ ਅਦਾਕਾਰਾਂ ਤੇ ਮਾਡਲਾਂ ਦੇ ਮੂੰਹ ਰਾਤੋ ਰਾਤ ਕਾਲੇ ਹੋ ਜਾਂਦੇ। ਇਹ ਮੂੰਹ ਕਾਲੇ ਕਰਨ ਵਾਲੇ ਕੌਣ ਸਨ, ਸਰਕਾਰ ਨੂੰ ਸਭ ਪਤਾ ਪਰ ਉਹ ਕਰਨਾ ਕੁਝ ਨਹੀਂ ਚਾਹੁੰਦੀ ਸੀ। ਖ਼ੁਦਕੁਸ਼ਾਂ ਨੇ ਅਤ ਮਚਾਈ ਹੋਈ ਸੀ। ਅਖ਼ਬਾਰਾਂ ਤੇ ਟੀਵੀ ਚੈਨਲਾਂ ਨੂੰ ਇਹ ਈ ਪਤਾ ਨਹੀਂ ਚਲ ਰਿਹਾ ਸੀ ਕਿ ਇਹ ਸਾਰਾ ਕੁਝ ਕਰਨ ਵਾਲਿਆਂ ਨੂੰ ਕਿਸ ਤਰ੍ਹਾਂ ਰਿਪੋਰਟ ਕਰਨਾ ਏ। ਇੱਕ ਦਿਨ ਇਹ "ਗੁੰਮਰਾਹ ਅਨਾਸਰ" ਦੇ ਨਾਂ ਤੋਂ ਰਿਪੋਰਟ ਹੁੰਦੇ। ਦੂਜੇ ਦਿਨ ਇਹਨਾਂ ਨੂੰ "ਗ਼ੈਰ ਰਿਆਸਤੀ ਅਨਾਸਰ" ਲਿਖਿਆ ਜਾਂਦਾ। ਤੀਜੇ ਦਿਨ "ਇੰਤਹਾ ਪਸੰਦ" ਚੋਥੇ ਦਿਨ ਇਹ "ਸ਼ਿੱਦਤ ਪਸੰਦ" ਹੋ ਜਾਂਦੇ। ਪੰਜਵੇਂ ਦਿਨ "ਦਹਿਸ਼ਤ ਗਰਦ" ਛੇਵੇਂ ਦਿਨ "ਤਾਲਿਬਾਨ" ਤੇ ਸਤਵੇਂ ਦਿਨ ਫ਼ਿਰ "ਗ਼ੈਰ ਰਿਆਸਤੀ ਅਨਾਸਰ।" ਅਖ਼ਬਾਰਾਂ ਤੇ ਚੈਨਲਾਂ ਦਾ ਹਾਲ ਹੀ ਇਹ ਨਹੀਂ ਸੀ ਬਲਕਿ ਸਰਕਾਰ ਵੀ ਭੌਂਈਂ ਹੋਈ। ਕਦੇ ਮੁਜ਼ਾਕਰਾਤੀ ਟੀਮਾਂ ਵਜ਼ੀਰਿਸਤਾਨ ਟੁਰ ਜਾਂਦੀਆਂ ਤੇ ਕਦੇ ਵਾਸ਼ਿੰਗਟਨ। ਲੋਕਾਈ ਲੋਡ ਸ਼ੈਡਿੰਗ, ਮਹਿੰਗਾਈ ਤੇ ਧਮਾਕਿਆਂ ਹੱਥੋਂ ਹਫ਼ੀ ਪਈ ਸੀ। ਟੀਵੀ ਉੱਤੇ ਐਂਕਰ ਤੇ ਐਂਕਰਨੀਆਂ ਕੋਲ ਕੋਈ ਵੀ ਖ਼ੈਰ ਦੀ ਖ਼ਬਰ ਨਹੀਂ ਸੀ। ਧਮਾਕਿਆਂ ਦੀਆਂ ਲਾਈਵ ਕਵਰੇਜਾਂ ਕਈ ਕਈ ਘੰਟਿਆਂ ਤੱਕ ਚਲਦੀਆਂ ਰਹਿੰਦੀਆਂ। ਲੋਕ ਕੇਬਲ ਤੇ ਇਹਨਾਂ ਤੋਂ ਨੱਸ ਕੇ ਉਹਨਾਂ ਚੈਨਲਾਂ ਤੇ ਟੁਰ ਜਾਂਦੇ ਜਿੱਥੇ ਸਟੇਜ ਡਰਾਮੇ ਯਾਂ ਨਾਨ ਸਟਾਪ ਡਾਂਸ ਚਲਦੇ ਯਾਂ ਫਿਰ ਵਾਅਜ਼ ਕਰਨ ਵਾਲੇ ਮੌਲਵੀ ਬੈਠੇ ਹੁੰਦੇ।

ਮੇਰੀ ਪਹਿਲੀ ਟੈਲੀ ਫ਼ਿਲਮ ਬਣ ਕੇ ਚੱਲ ਗਈ। ਇੱਕ ਦੋ ਹੋਰ ਲਿਖੀਆਂ ਪਰ ਉਹ ਵਿਕੀਆਂ ਨਹੀਂ। ਕਿਉਂ ਜੇ ਪਰੋਡੀਊਸਰਾਂ ਦੇ ਪੈਸੇ ਚੈਨਲਾਂ ਥੱਲੇ ਲੱਗੇ ਸਨ। ਪਰੋਡਕਸ਼ਨ ਹਾਊਸ ਕਰਾਚੀ ਟੁਰ ਗਏ ਕਿ ਉੱਥੇ ਇਨਟਰਟੇਨਮਿੰਟ ਚੈਨਲਾਂ ਦੇ ਹੈੱਡ ਆਫ਼ਸ ਸੀ ਤੇ ਉਹਨਾਂ ਦੇ ਨੇੜੇ ਹੋ ਕੇ ਕੰਮ ਕਰਨਾ ਸੌਖਾ ਸੀ। ਉਹ ਗਏ ਤੇ ਨਾਲ ਈ ਟੀਵੀ ਦੇ ਅਦਾਕਾਰ, ਡਾਇਰੈਕਟਰ, ਪਰੋਡਿਊਸਰ ਤੇ ਦੂਜੇ ਕੰਮ ਕਰਨ ਵਾਲੇ ਵੀ ਟੁਰ ਗਏ। ਫ਼ਿਲਮ ਇੰਡਸਟਰੀ ਬਿਲਕੁੱਲ ਬੰਦ ਹੋਣ ਤੇ ਆ ਗਈ ਜਿਹੜੀਆਂ ਅਦਾਕਾਰਾਂ ਬੀ ਕੈਟੇਗਰੀ ਵਿੱਚ ਸਨ, ਉਹਨਾਂ ਨੇ ਸਟੇਜ ਵਲ ਮੂੰਹ ਕਰ ਲਿਆ ਤੇ ਤੰਗ ਕੱਪੜਿਆਂ ਵਿੱਚ ਐਟਮ ਸਾਂਗ ਸ਼ੁਰੂ ਕਰ ਦਿੱਤੇ। ਸੀ ਕੈਟੇਗਰੀ ਵਾਲਿਆਂ ਨੇ ਕੰਮ ਥੋੜ੍ਹਾ ਹੋਰ ਚੁੱਕ ਛੱਡਿਆ। ਉਹ ਵੱਡੇ ਗਲਮਿਆਂ ਵਾਲੇ ਕੁਰਤੇ ਤੇ ਲਾਚੇ ਪਾ ਕੇ ਨੱਚਦੀਆਂ, ਨੀਵੀਆਂ ਹੋ ਕੇ ਤੇ ਲੱਤਾਂ ਖੋਲ੍ਹ ਕੇ ਲਾਈਵ ਟੋਟਾ ਵਿਖਾ ਕੇ ਚਲੀਆਂ ਜਾਂਦੀਆਂ। ਅੱਗੇ ਬੈਠੇ ਤਮਾਸ਼ਬੀਨ

ਪੱਟਾਂ ਉੱਤੇ ਹੱਥ ਮਾਰ ਕੇ ਦਾਦ ਦੇਂਦੇ। ਪੰਜ ਪੰਜ ਸੌ ਦੇ ਹਾਲ ਵਿੱਚ ਸੀਟ ਨਾ ਲਭਦੀ ਤੇ ਲੋਕ ਭੁੰਜੇ ਬੈਠ ਕੇ ਵੀ ਨਜ਼ਾਰਾ ਲੈਣ ਨੂੰ ਤਿਆਰ ਹੁੰਦੇ। ਹਾਲ ਰੋਡ ਉਤੇ ਖੁੱਲ੍ਹੀਆਂ ਸੀਡੀ ਦੀਆਂ ਦੁਕਾਨਾਂ ਨੇ ਇਹ ਮੁਜਰੇ ਹਰ ਬੈਠਕ ਤੇ ਡੇਰੇ ਉਤੇ ਪਹੁੰਚਾ ਦਿੱਤੇ।

ਨਿੱਕੇ ਕਲਾਕਾਰਾਂ, ਲਿਖਾਰੀਆਂ, ਕੈਮਰਾ ਮੈਨਾਂ ਤੇ ਫ਼ਿਲਮ ਦੇ ਡਰਾਮੇ ਦੇ ਕਰਿਊ ਵਿੱਚ ਕੰਮ ਕਰਨ ਵਾਲਿਆਂ ਦੇ ਹਾਲਾਤ ਮੰਦੇ ਸਨ। ਕਦੇ ਕੰਮ ਲੱਭਦਾ ਤੇ ਕਦੀ ਨਹੀਂ। ਕੁਝ ਤੇ ਟੀਵੀ ਚੈਨਲਾਂ ਵਿੱਚ ਨੌਕਰੀਆਂ ਲੱਭ ਰਹੇ ਸਨ ਤੇ ਕੁਝ ਹੋਰ ਕੰਮੀਂ ਲਗ ਪਏ। ਚੈਨਲਾਂ ਵਿੱਚ ਵੀ ਥਾਵਾਂ ਪੁਰ ਮੈਂ ਕਈ ਥਾਂ ਉਤੇ ਆਪਣੀ ਸੀ ਵੀ ਸੁੱਟੀ ਪਰ ਕੋਈ ਜਵਾਬ ਨਹੀਂ ਆਇਆ। ਫ਼ਲੈਟ ’ਚ ਲੰਮਾ ਪਿਆ ਕਿਤਾਬਾਂ ਪੜ੍ਹਦਾ ਰਹਿੰਦਾ। ਇੱਕ ਦਿਨ ਬੈਲ ਵੱਜੀ। ਦਰਵਾਜ਼ਾ ਖੋਲ੍ਹਿਆ ਤੇ ਸਾਹਮਣੇ ਮਿੱਥੁਨ ਖੜਾ ਸੀ। ਹੱਡੀਆਂ ਦੀ ਮੁੱਠ ਬਣਿਆ ਹੋਇਆ।

“ਸ਼ਾਹ ਜੀ ਕਿਵੇਂ?” ਮੈਂ ਉਹਨੂੰ ਅੰਦਰ ਆਵਣ ਦੀ ਥਾਂ ਦੇਂਦਿਆਂ ਹੋਇਆਂ ਪੁੱਛਿਆ।

“ਬਸ ਆਕਾ ਜੀ, ਮੈਂ ਕਿਹਾ ਕਿ ਬੜੇ ਦਿਨ ਹੋ ਗਏ ਤੁਹਾਨੂੰ ਮਿਲ ਆਵਾਂ....ਤੁਸੀਂ ਸੁਣਾਓ ਕੋਈ ਕੰਮ ਸ਼ੰਮ ਲੱਭਿਆ?” ਉਹਨੇ ਅੰਦਰ ਵੜਦਿਆਂ ਪੁੱਛਿਆ।

“ਕੰਮ ਐਡੀ ਛੇਤੀ ਕਿੱਥੇ ਲੱਭਦਾ ਏ ਉਸਤਾਦ....ਬਸ ਦੋਸਤਾਂ ਤੇ ਕਿਸਮਤ ਦੇ ਲਾਰਿਆਂ ਤੇ ਲੱਗੇ ਹੋਏ ਹਾਂ....ਤੂੰ ਦੱਸ ਕੀ ਬਣਿਆ ਤੇਰੀ ਸ਼ਹਿਜ਼ਾਦੀ ਦਾ। ਕਿਤੇ ਨਜ਼ਰ ਨਹੀਂ ਆਈ। ਉਹਨੂੰ ਕੋਈ ਰੋਲ ਮਿਲਿਆ?”

“ਨਹੀਂ ਆਕਾ ਜੀ, ਉਹਨੂੰ ਕਿਸ ਰੋਲ ਦੇਣਾ....ਮੈਂ ਜਿੰਨੀ ਕੁ ਵਾਹ ਲਗ ਸਕਦੀ ਸੀ ਲਾ ਛੱਡੀ। ਹੁਣ ਤੇ ਉਹ ਆਪ ਹੁਦਰੀ ਹੋ ਗਈ।” ਉਹਨੇ ਇੱਕ ਲੰਮਾ ਸਾਹ ਛਡਦਿਆਂ ਕਿਹਾ। ਉਹਦਾ ਲੰਮਾ ਸਾਹ ਈ ਬਹੁਤ ਸਾਰੀ ਕਹਾਣੀ ਸੁਣਾ ਗਿਆ। ਉਸਤਾਦ ਨੇ ਦੋ ਸਿਗਰਟ ਕੱਢੇ ਤੇ ਚਰਸ ਭਰਣ ਲਗ ਪਿਆ। ਮੈਨੂੰ ਵੀ ਵਾਰੀ ਲਵਾਈ। ਜਦ ਫੁੱਲ ਲੋਡ ਹੋ ਗਿਆ ਤੇ ਆਖਣ ਲਗਾ “ਸਾਰੀ ਹਿਆਤੀ ਮਜੂਰੀ (ਮਜ਼ਦੂਰੀ) ਕਰ ਕੇ ਹਲਾਲ ਦੀ ਰੋਜੀ (ਰੋਜ਼ੀ) ਨਾਲ ਨਜਾਮ (ਨਜ਼ਾਮ) ਚਲਾਇਆ ਏ। ਡਾਂਸ ਕਰਨਾ ਕੋਈ ਗੁਨਾਹ ਨਹੀਂ ਪਰ ਜਿਹੜਾ ਡਾਂਸ ਹੁਣ ਹੋ ਰਿਹਾ ਏ ਇਹ ਨੰਗ ਵਖਾਵਣ ਦਾ ਨਾਂ ਏ....ਜੇ ਨੰਗ ਵਖਾ ਕੇ ਨਜਾਮ ਚਲਾਣਾ ਏ ਤੇ ਫ਼ਿਰ ਸਾਡੇ ਵੱਲੋਂ ਨਾਂਹ ਏ। ਜੋ ਇਸ ਮਾਂ ਧੀ ਨੇ ਕਰਨਾ ਏ ਕਰਨ।” ਉਸਤਾਦ ਇੰਜ ਬੋਲ ਰਿਹਾ ਸੀ ਜਿਵੇਂ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵੇ। ਮੈਂ ਵੀ ਚਰਸ ਦੇ ਨਸ਼ੇ ਵਿੱਚ ਉਹਨੂੰ ਰੋਕਿਆ ਨਹੀਂ। ਉਹ ਬੋਲਦਾ ਰਿਹਾ “ਆਕਾ ਜੀ ਸੱਭ ਕੁਝ ਕਰਨਾ ਪਰ ਮੁਹੱਬਤ ਨਾ ਕਰਨਾ। ਇਹ ਬੰਦਾ ਖਾ ਜਾਂਦੀ ਏ। ਮਾਸ, ਹੱਡੀਆਂ, ਪਿੰਜਰ, ਸਭ ਚੱਟ” ਇੰਨਾ ਕਹਿ ਕੇ ਚੁਪ ਕਰ ਗਿਆ ਤੇ ਫ਼ਿਰ ਰੋਣ ਲਗ ਪਿਆ। ਉਹ ਕਾਫ਼ੀ ਚਿਰ ਤਕ ਬੈਠੇ ਰਿਹਾ। ਜਾਣ ਲਗਾ ਤੇ ਜੇਬ ਵਿੱਚੋਂ ਹਜ਼ਾਰ ਦਾ ਨੋਟ ਕੱਢ ਕੇ ਮੇਰੇ ਵਲ ਵਧਾਇਆ “ਤੁਹਾਡਾ ਹੱਥ ਤੰਗ ਏ” ਮੈਂ ਹੱਥ ਪਿੱਛੇ ਕਰਦਿਆਂ

ਕਿਹਾ "ਐਡਾ ਵੀ ਕੰਮ ਖ਼ਰਾਬ ਨਹੀਂ...." ਪਰ ਉਹ ਨਾ ਮੰਨਿਆ। ਹਜ਼ਾਰ ਦਾ ਨੋਟ ਮੈਨੂੰ ਰੱਖਣਾ ਪਿਆ। ਉਸਤਾਦ ਦੇ ਜਾਵਣ ਦੇ ਬਾਅਦ ਮੈਂ ਸੋਚਦਾ ਰਿਹਾ ਕਿ ਉਸਤਾਦ ਕਿਹੜੀ ਮੁਹੱਬਤ ਦੀ ਗੱਲ ਕਰ ਰਿਹਾ। ਉਹ ਜਿਹੜੀ ਉਹਨੂੰ ਬਿੱਲੋ ਨਾਲ ਏ ਯਾਂ ਫ਼ਿਰ ਉਹ ਜਿਹੜੀ ਉਹਨੂੰ ਸ਼ਹਿਜ਼ਾਦੀ ਨਾਲ ਏ। ਪਰ ਸ਼ਹਿਜ਼ਾਦੀ ਨਾਲ ਕਿਹੜੀ ਮੁਹੱਬਤ ਏ? ਪਿਓ ਧੀ ਵਾਲੀ....ਯਾਂ ਫ਼ਿਰ ਉਹ ਬਿੱਲੋ ਨੂੰ ਹੁਣ ਸ਼ਹਿਜ਼ਾਦੀ ਵਿੱਚ ਲੱਭਦਾ ਏ ਤੇ ਉਹਨੂੰ ਸਾਂਭ ਕੇ ਰੱਖਣਾ ਚਾਹੁੰਦਾ ਏ ਤਾਂ ਕਿ ਬਿੱਲੋ ਨੂੰ ਸਾਂਭਣ ਦਾ ਅਜ਼ਾਲਾ ਕਰ ਸਕੇ?

ਦਿਲ ਦਰਿਆ ਸਮੁੰਦਰੋਂ ਡੂੰਘੇ....ਚਰਸ ਨੇ ਦਿਮਾਗ ਵਿੱਚ ਸੱਭ ਗਡਮਡ ਕਰ ਦਿੱਤਾ।

ਕਈ ਮਹੀਨੇ ਹੋਰ ਲੰਘ ਗਏ। ਕੋਈ ਕੰਮ ਲੱਭਾ ਨਾ ਤੇ ਨਾ ਈ ਕਿਤੋਂ ਇੰਟਰਵਿਊ ਦਾ ਸੱਦਾ ਆਇਆ। ਇੱਕ ਦਿਨ ਫ਼ਲੈਟ 'ਚ ਪਿਆ ਅੱਕ ਗਿਆ ਤੇ ਲੰਮੀ ਵਾਕ ਤੇ ਨਿਕਲ ਗਿਆ। ਜੇਲ੍ਹ ਰੋਡ ਤੋਂ ਟੁਰਦਾ ਸ਼ਿਮਲਾ ਪਹਾੜੀ, ਪ੍ਰੈੱਸ ਕਲੱਬ ਫਿਰਦਾ ਹਾਲ ਰੋਡ ਤੇ ਆ ਗਿਆ। ਚਸਕਾ ਲੈਣ ਪਾਰੋਂ ਜ਼ੈਤੂਨ ਪਲਾਜ਼ੇ ਵੜ ਗਿਆ ਜਿੱਥੇ ਸੀਡੀ ਦੀਆਂ ਦੁਕਾਨਾਂ ਸਨ। ਇੱਕ ਦੁਕਾਨ ਦੇ ਸਾਹਮਣਿਓਂ ਲੰਘਿਆ। ਕਿਸੇ ਅੰਦਰੋਂ ਆਵਾਜ਼ ਦਿੱਤੀ। ਵੇਖਿਆ ਤੇ ਮੇਰਾ ਸਕੂਲੀਆ ਯਾਰ ਰਿਆਜ਼ ਸੀ। ਉਹਨੇ ਅੰਦਰ ਆਵਣ ਦਾ ਇਸ਼ਾਰਾ ਕੀਤਾ। ਪਾਣੀ ਸ਼ਾਣੀ ਪੁੱਛਿਆ, ਚਾਹ ਮੰਗਾਈ ਤੇ ਪੁਰਾਣੀਆਂ ਗੱਲਾਂ ਕਰਨ ਲਗ ਪਿਆ। ਪੁੱਛਣ ਤੇ ਦੱਸਣ ਲਗਾ ਕਿ ਪਿੰਡ ਵਾਲੀ ਭੋਇੰ ਵੇਚ ਕੇ ਸੀਡੀਆਂ ਦਾ ਕੰਮ ਸ਼ੁਰੂ ਕੀਤਾ। ਫ਼ਿਰ ਇੱਕ ਨਿੱਕਾ ਜਿਹਾ ਪਰੋਡਕਸ਼ਨ ਹਾਊਸ ਖੋਲ੍ਹ ਲਿਆ। ਪਰੋਡਕਸ਼ਨ ਹਾਊਸ ਦਾ ਸੁਣ ਕੇ ਮੈਂ ਵੀ ਆਪਣੇ ਕੰਮ ਤੇ ਸਕਰਿਪਟ ਲਿਖਣ ਬਾਰੇ ਦੱਸਿਆ। ਖ਼ੁਸ਼ ਹੋਇਆ ਪਰ ਕਹਿਣ ਲੱਗਾ ਕਿ ਮੈਂ ਡਰਾਮੇ ਨਹੀਂ ਬਣਾਉਂਦਾ....ਗਾਣੇ ਤੇ ਡਾਂਸ ਦੀਆਂ ਸੀਡੀਆਂ ਦੇ ਲੱਗੇ ਹੋਏ ਪੋਸਟਰਾਂ ਵੱਲ ਇਸ਼ਾਰਾ ਕਰ ਕੇ ਕਹਿੰਦਾ, ਇਹ ਮੇਰੇ ਪਰੋਡਕਸ਼ਨ ਹਾਊਸ ਦੀਆਂ ਨੇ। ਪੋਸਟਰਾਂ ਵਿੱਚ ਨਜ਼ਰ ਆਵਣ ਵਾਲੀਆਂ ਵੱਡੀਆਂ ਫ਼ਨਕਾਰਾਂ ਸਨ। ਆਖਣ ਲਗਾ ਕਿ ਤੂੰ ਵੀ ਆ ਜਾ ਤੇ ਕੋਈ ਸੀਡੀ ਡਾਇਰੈਕਟ ਕਰ ਲੈ। ਮੈਂ ਆਖਿਆ ਕਿ ਇਹ ਮੇਰਾ ਕੰਮ ਨਹੀਂ। ਇੰਜ ਈ ਗੱਲਾਂ ਕਰ ਰਹੇ ਸੀ ਕਿ ਅਚਾਨਕ ਇੱਕ ਭਰਵੀਂ ਤੇ ਗਦਰੇ ਜੁੱਸੇ ਵਾਲੀ ਸਵਾਣੀ ਦੁਕਾਨ ਵਿੱਚ ਆ ਗਈ। ਗ਼ੋਰ ਨਾਲ ਵੇਖਿਆ ਤੇ ਸ਼ਹਿਜ਼ਾਦੀ ਸੀ। ਉਹਨੇ ਵੀ ਪਛਾਣ ਲਿਆ। ਥੋੜਾ ਝਿਜਕੀ ਪਰ ਫ਼ਿਰ ਮੈਨੂੰ ਨਜ਼ਰਅੰਦਾਜ ਕਰਦਿਆਂ ਦੁਕਾਨ ਦੇ ਪਿੱਛੇ ਬਣੇ ਰੈਸਟ ਰੂਮ ਵਿੱਚ ਚਲੀ ਗਈ।

ਰਿਆਜ਼ ਮੈਨੂੰ ਅੱਖ ਮਾਰੀ ਤੇ ਉਹ ਵੀ ਟੁਰ ਗਿਆ। ਮੇਰੇ ਜ਼ਹਿਨ ਵਿੱਚ ਉਹਦੇ ਨਾਲ ਪਹਿਲੀ ਮੁਲਾਕਾਤ ਘੁਮ ਗਈ। ਜਿਹੜੀ ਸ਼ਹਿਜ਼ਾਦੀ ਮੇਰੇ ਫ਼ਲੈਟ ਤੇ ਆਈ ਸੀ ਉਹਦੇ ਅੰਦਰ ਇੱਕ ਮਾਅਸੂਮ ਜਿਹੀ ਬਾਲੜੀ ਸੀ ਪਰ ਇਸ ਸ਼ਹਿਜ਼ਾਦੀ ਵਿੱਚੋਂ ਬਾਲੜੀ ਪਣ ਮੁਕ ਗਿਆ ਸੀ ਤੇ ਹੁਣ ਉਹ ਪੂਰੀ ਰੰਨ ਸੀ। ਉਹ ਕਾਫੀ ਚਿਰ ਬੈਠੇ ਰਹੇ। ਮੈਂ ਉਡੀਕ ਉਡੀਕ ਕੇ ਜਦ ਜਾਵਣ ਲਈ ਉਠਿਆ ਤੇ ਅਚਾਨਕ ਬੂਹਾ ਖੁੱਲ੍ਹਿਆ। ਉਹ

ਬਾਹਰ ਆਏ। ਸ਼ਹਿਜ਼ਾਦੀ ਨੂੰ ਉਸ ਘੁੱਟ ਕੇ ਜੱਫੀ ਪਾਈ ਤੇ ਮੇਰੇ ਵਲ ਵੇਖੇ ਬਗ਼ੈਰ ਈ ਦੁਕਾਨ ਤੋਂ ਬਾਹਰ ਚਲੀ ਗਈ।

ਰਿਆਜ਼ ਮੈਨੂੰ ਕਹਿਣ ਲਗਾ "ਤੂੰ ਇਸ ਨੂੰ ਜਾਣਦਾ ਏਂ?"

"ਨਹੀਂ....ਕਿਉਂ?" ਮੈਂ ਅਨਜਾਣ ਬਣਦਿਆਂ ਕਿਹਾ।

"ਜਿਵੇਂ ਉਹਨੇ ਤੇਰੇ ਵਲ ਵੇਖਿਆ ਸੀ, ਇੰਜ ਲੱਗਾ ਸੀ ਕਿ ਜਿਵੇਂ ਤੁਸੀਂ ਇਕ ਦੂਜੇ ਨੂੰ ਜਾਣਦੇ ਓ।"

ਮੈਂ ਗੱਲ ਟਾਲਣ ਲਈ ਕਿਹਾ "ਬਸ ਐਵੇਂ। ਸੈਕਸੀ ਲੱਗੀ ਸੀ ਤੇ ਮੈਂ ਉਹਦੇ ਵੇਖ ਲਿਆ। ਤੂੰ ਦਸ ਬੜੀ ਦੇਰ ਲਾ ਦਿੱਤੀ।"

ਕਹਿਣ ਲੱਗਾ "ਦੇਰ ਤਾਂ ਫ਼ਿਰ ਲਗ ਈ ਜਾਂਦੀ ਏ" ਉਹਨੇ ਅੱਖ ਮਾਰਦਿਆਂ ਆਖਿਆ "ਕਹਿੰਦੀ ਏ ਕਿ ਮੈਡਮ ਨਿੱਗੋ ਦੀ ਅਗਲੀ ਸੀਡੀ ਦੀ ਸ਼ੂਟ ਤੇ ਮੇਰਾ ਵੀ ਇੱਕ ਐਟਮ ਕਰਵਾ ਦੇ....ਸ਼ਾਇਦ ਕੋਈ ਕੰਮ ਲੱਭ ਜਾਵੇ।"

"ਕੀ ਮਤਲਬ ਕੰਮ ਲੱਭ ਜਾਵੇ?"

"ਇਹਨੂੰ ਡਾਂਸ ਈ ਨਹੀਂ ਆਉਂਦਾ। ਜੁੱਸਾ ਚੰਗਾ ਏ ਪਰ ਲਚਕ ਨਹੀਂ। ਬਸ ਖੜੀ ਹੋ ਕੇ ਸੀਨਾ ਈ ਹਲਾਂਦੀ ਰਹਿੰਦੀ ਏ। ਪਹਿਲਾਂ ਵੀ ਮੈਡਮ ਦੀ ਸੀਡੀ ਵਿੱਚ ਇੱਕ ਐਟਮ ਕਰਵਾਇਆ ਸੀ। ਮੈਡਮ ਬੜੀ ਨਾਰਾਜ਼ ਹੋਈ। ਸੀਡੀ ਵਿੱਚੋਂ ਇਹਦਾ ਗਾਣਾ ਕਢਾ ਕੇ ਪੁਰਾਣਾ ਪਾਇਆ। ਹੁਣ ਫ਼ਿਰ ਗਾਣਾ ਮੰਗ ਰਹੀ ਏ। ਗੁਜਰਾਂਵਾਲਾ, ਸਿਆਲਕੋਟ ਤੇ ਹੋਰ ਛੋਟੇ ਸ਼ਹਿਰਾਂ ਵਿੱਚ ਇਹਨੂੰ ਪਰਫ਼ਾਰਮਿੰਸ ਲੱਭ ਜਾਂਦੀ ਏ। ਉੱਥੇ ਸੀਨਾ ਚੰਗਾ ਹਲਾ ਲੈਂਦੀ ਏ ਪਰ ਮਾਲ ਵੱਡੇ ਸ਼ਹਿਰਾਂ ਵਿੱਚ ਈ ਮਿਲਦਾ ਏ। ਨਿੱਕੇ ਸ਼ਹਿਰਾਂ ਵਿੱਚ ਛੋਟਾ ਤੇ ਗ਼ਰੀਬ ਤਮਾਸ਼ਬੀਨ ਹੁੰਦਾ ਏ। ਉੱਥੇ ਕੀ ਛਣਕਣਾ ਲੱਭਣਾ ਏ" ਉਹਨੇ ਨਾਲ ਗੰਦਾ ਇਸ਼ਾਰਾ ਕਰਦਿਆਂ ਕਿਹਾ "ਜੇ ਤੈਨੂੰ ਸੈਕਸੀ ਲਗੀ ਏ ਤੇ ਦੇ ਦਿਆਂ ਗਾਣਾ" ਹੱਥ ਉੱਤੇ ਹੱਥ ਮਾਰ ਕੇ ਹੱਸਦਿਆਂ ਕਹਿਣ ਲੱਗਾ। ਮੈਂ ਵੀ ਉਹਦੇ ਨਾਲ ਹੱਸ ਪਿਆ। ਟੁਰਨ ਲੱਗਿਆਂ ਉਹਨੇ ਦੋ ਚਾਰ ਸੀਡੀਆਂ ਫੜਾ ਦਿੱਤੀਆਂ। ਕਹਿੰਦਾ "ਇਹਦੇ ਵਿੱਚ ਇਸ ਦਾ ਗਾਣਾ ਵੀ ਏ" ਮੈਂ ਫ਼ਲੈਟ ਤੇ ਮੁੜ ਆਇਆ। ਲੈਪ ਟਾਪ ਵਿੱਚ ਸੀਡੀ ਪਾਈ ਤੇ ਉਹਦਾ ਗਾਣਾ ਵੇਖਿਆ। ਉਹਨੂੰ ਨੱਚਣਾ ਨਹੀਂ ਆਉਂਦਾ ਸੀ ਪਰ ਛਾਤੀਆਂ ਠੀਕ ਘੁਮਾ ਲੈਂਦੀ ਸੀ। ਮੈਂ ਉਹਦਾ ਗਾਣਾ ਸੀਡੀ ਵਿੱਚੋਂ ਵੱਖਰਾ ਕਾਪੀ ਕਰ ਕੇ ਡੈਸਕਟਾਪ ਤੇ ਰੱਖ ਦਿੱਤਾ। ਕਈ ਦਿਨ ਮੈਂ ਹਰ ਰੋਜ਼ ਉੱਠ ਕੇ ਉਹਦਾ ਗਾਣਾ ਵੇਖਦਾ ਰਿਹਾ। ਪਤਾ ਨਹੀਂ ਉਹਦੇ ਵਿੱਚ ਕੋਈ ਕਸ਼ਿਸ਼ ਸੀ ਯਾਂ ਮੈਂ ਕਿਸੇ ਹੋਰ ਕੈਫ਼ੀਅਤ ਵਿੱਚ ਸਾਂ।

ਕੁਝ ਦਿਨਾਂ ਬਾਅਦ ਇੱਕ ਚੈਨਲ ਤੋਂ ਕਾਲ ਆਈ ਤੇ ਮੈਂ ਕਰੰਟ ਅਫ਼ੇਅਰਜ਼ ਦੇ ਸ਼ੋ ਦਾ ਪਰੋਡੀਊਸਰ ਭਰਤੀ ਹੋ ਗਿਆ। ਸ਼ੋਬਿਜ਼ ਤੇ ਨਿਊਜ਼ ਇੰਡਸਟਰੀ ਦਾ ਫ਼ਰਕ ਘੱਟ ਏ। ਐਂਕਰ ਤੇ ਐਂਕਰਨੀਆਂ ਦੇ ਉਹੋ ਨਖ਼ਰੇ ਜਿਹੜੇ ਹੀਰੋ ਤੇ ਹੀਰੋਇਨਾਂ ਦੇ ਹੁੰਦੇ ਨੇ। ਇੱਕ ਦੂਜੇ ਨਾਲ ਉਹੀ ਮੁਕਾਬਲਾ ਬਾਜ਼ੀ ਤੇ ਹਸਦ, ਉੱਥੇ ਡਾਇਰੈਕਟਰ ਆਡੀਸ਼ਨ ਲੈਂਦੇ,

ਇੱਥੇ ਨਿਊਜ਼ ਤੇ ਕਰੰਟ ਅਫ਼ੇਅਰਜ਼ ਦੇ ਡਾਇਰੈਕਟਰ ਫਾਹੀਆਂ ਲਾ ਕੇ ਬੈਠੇ ਹੁੰਦੇ। ਉੱਥੇ ਹਰ ਮੁੰਡਾ ਹੀਰੋ ਤੇ ਹਰ ਕੁੜੀ ਹੀਰੋਇਨ ਬਨਣਾ ਚਾਹੁੰਦੇ ਤੇ ਇੱਥੇ ਹਰ ਕੋਈ ਐਂਕਰ ਤੇ ਉਹਦੇ ਲਈ ਕੁਝ ਵੀ ਕਰਨ ਨੂੰ ਤਿਆਰ। ਇੱਥੇ ਆਵਣ ਦਾ ਫ਼ਾਇਦਾ ਇਹ ਹੋਇਆ ਕਿ ਮੇਰੀ ਸਿਆਸਤਦਾਨ, ਬਿਓਰੋਕਰੇਟਸ ਤੇ ਪੁਲਿਸ ਵਾਲਿਆਂ ਨਾਲ ਪੀ ਆਰ ਬਣ ਗਈ। ਮੈਂ ਦਿਨੇ ਜਾਂਦਾ ਤੇ ਰਾਤੀਂ ਮੁੜਦਾ ਤੇ ਬਿਸਤਰ ਉੱਤੇ ਡਿਗਦਿਆਂ ਕੋਈ ਹੋਸ਼ ਨਾ ਰਹਿੰਦਾ। ਇੱਕ ਰਾਤ ਚੈਨਲ ਤੋਂ ਆ ਕੇ ਸੁੱਤਾ ਪਿਆ ਸੀ ਕਿ ਫ਼ੋਨ ਵੱਜਿਆ....ਪਟੈਟੋ ਦਾ ਨਾਂ ਸੀ। ਪਹਿਲਾਂ ਸੋਚਿਆਂ ਕਿ ਨਾ ਚੁੱਕਾਂ, ਫ਼ਿਰ ਚੁੱਕ ਲਿਆ। ਉਹਦੀ ਘਾਬਰੀ ਹੋਈ ਵਾਜ ਆਈ "ਆਕਾ ਜੀ ਸਰਕਾਰੀ ਹਸਪਤਾਲ ਪਹੁੰਚੋ...ਛੇਤੀ" ਉਹਦੇ ਕੋਲੋਂ ਬੜੀ ਮੁਸ਼ਕਲ ਨਾਲ ਗੱਲ ਹੋਈ। ਮੈਂ ਹੈਰਾਨ ਤੇ ਪਰੇਸ਼ਾਨ ਕਿ ਇਹ ਕੀ...ਖ਼ੈਰ ਉੱਠਿਆ। ਵੈਸਪੇ ਨੂੰ ਕਿੱਕ ਮਾਰੀ ਤੇ ਚਲਾ ਗਿਆ।

ਹਸਪਤਾਲ ਅੱਪੜਿਆ ਤੇ ਐਮਰਜੰਸੀ ਵਿੱਚ ਸਟਰੇਚਰ ਉੱਤੇ ਮਿੱਥੁਨ ਫੱਟੜ ਹੋਇਆ ਪਿਆ ਸੀ। ਖ਼ੂਨ ਨਾਲ ਪੂਰੇ ਕੱਪੜੇ ਭਰੇ ਹੋਏ ਸਨ। ਪਟੈਟੋ ਗ਼ਾਇਬ ਸੀ। ਮੈਂ ਹੈਰਾਨ ਪਰੇਸ਼ਾਨ ਉਹਨੂੰ ਵੇਖ ਰਿਹਾ ਸੀ ਕਿ ਪਟੈਟੋ ਆ ਗਿਆ। ਗਲੇ ਲੱਗ ਕੇ ਰੋਣ ਲੱਗਾ। ਹੌਸਲਾ ਦਿੱਤਾ। ਪੁੱਛਿਆ ਕੀ ਹੋਇਆ। ਰੋਂਦਿਆਂ ਰੋਂਦਿਆਂ ਕਹਿਣ ਲੱਗਾ "ਉਸਤਾਦ ਨੂੰ ਗੋਲੀ ਲਗੀ ਏ ਤੇ ਜ਼ਗੜ ਗਮ ਹੋ ਗਿਆ ਏ। ਡਾਕਟਰ ਆਪਰੇਸ਼ਨ ਲਈ ਹੱਥ ਨਹੀਂ ਪਾਉਂਦੇ। ਕਹਿੰਦੇ ਨੇ ਕਿ ਪੁਲਿਸ ਕੇਸ ਏ, ਪਹਿਲਾਂ ਪੁਲਿਸ ਨੂੰ ਬੁਲਾਵੋ....ਸਾਨੂੰ ਤੇ ਕੋਈ ਜਾਣਦਾ ਨਹੀਂ, ਤੁਹਾਨੂੰ ਬੁਲਾਇਆ ਏ" ਉਹਨੇ ਬੜੀ ਮੁਸ਼ਕਿਲ ਗੱਲ ਪੂਰੀ ਕੀਤੀ।

ਮੈਂ ਇੱਕ ਦੋ ਜਾਨਣ ਵਾਲੇ ਅਫ਼ਸਰਾਂ ਨਾਲ ਗੱਲ ਕੀਤੀ। ਪੁਲਿਸ ਆਈ, ਕਾਰਵਾਈ ਹੋਈ ਤੇ ਮਿੱਥੁਨ ਨੂੰ ਆਪਰੇਸ਼ਨ ਥੇਟਰ ਲੈ ਗਏ।

ਮੈਂ ਪਟੈਟੋ ਕੋਲੋਂ ਪੁੱਛਿਆ ਕਿ ਹੋਇਆ ਕੀ ਏ?

ਕਹਿਣ ਲਗਾ "ਇੱਕ ਫ਼ਾਰਮ ਹਾਊਸ ਤੇ ਗਾਣੇ ਸ਼ੂਟ ਕਰਨੇ ਸਨ...ਸਾਨੂੰ ਸੇਠ ਨੇ ਸਾਮਾਨ ਦੇ ਕੇ ਭੇਜ ਦਿੱਤਾ। ਜਦ ਫ਼ਾਰਮ ਹਾਊਸ ਤੇ ਪਹੁੰਚੇ, ਕੰਮ ਸ਼ੁਰੂ ਹੋਇਆ। ਪਹਿਲਾ ਗਾਣਾ ਸ਼ੁਰੂ ਹੋਇਆ ਤੇ ਕੁੜੀ ਅੱਧ ਪਚੱਧੇ ਕੱਪੜੇ ਪਾ ਕੇ ਨੱਚਣ ਲਗ ਪਈ। ਇੱਕ ਦੋ ਸ਼ਾਟ ਹੋਏ ਤੇ ਉਹਨੇ ਹੌਲੀ ਹੌਲੀ ਕੱਪੜੇ ਲਾਹਣੇ ਸ਼ੁਰੂ ਕਰ ਦਿੱਤੇ ਤੇ ਫ਼ਿਰ ਅਲਿਫ਼ ਨੰਗੀ ਹੋ ਗਈ....ਜਦ ਨੰਗੀ ਹੋਈ ਤੇ ਉਸਤਾਦ ਨੇ ਖਪ ਪਾ ਦਿੱਤੀ ਤੇ ਕੰਮ ਰੋਕਣ ਦਾ ਕਿਹਾ। ਪਰੋਡੀਊਸਰ ਟੁੰਨ ਸੀ। ਉਹਦੇ ਨਾਲ ਲੜਾਈ ਸ਼ੁਰੂ ਹੋ ਗਈ। ਉਸਤਾਦ ਨੂੰ ਬੜਾ ਔਖਾ ਸਾਂਭਿਆ ਕਿ ਉਸਤਾਦ ਬੜੀ ਔਖੀ ਦਿਹਾੜੀ ਲੱਭੀ ਏ। ਕੰਮ ਕਰਨ ਦੇ, ਕਿਤੇ ਇਸ ਤੋਂ ਵੀ ਨਾ ਜਾਈਏ। ਸਾਡੇ ਮੂੰਹ ਨੂੰ ਉਸਤਾਦ ਚੁੱਪ ਕਰ ਗਿਆ ਤੇ ਨੁੱਕਰੇ ਹੋ ਗਿਆ। ਦੋ ਗਾਣਿਆਂ ਬਾਅਦ ਤੀਜੀ ਕੁੜੀ ਦੀ ਵਾਰੀ ਆਈ। ਸ਼ਾਟ ਤਿਆਰ ਕੀਤਾ। ਕੁੜੀ ਸਾਹਮਣੇ ਆਈ, ਤੱਕ ਕੇ ਇੰਜ ਲਗਾ ਕਿ ਜਿਵੇਂ ਬਿਜਲੀ ਦੀ ਨੰਗੀ ਤਾਰ ਸੱਭ ਨੂੰ ਛੂਹ

ਗਈ ਏ। ਸਾਡੇ ਮੂੰਹ ਬੰਦ ਤੇ ਅੱਖਾਂ ਪਾਟ ਗਈਆਂ। ਨੁੱਕਰੇ ਬੈਠਾ ਉਸਤਾਦ ਵੀ ਤੜਫ਼ ਕੇ ਉਠਿਆ ਤੇ ਸ਼ਹਿਜ਼ਾਦੀ ਵਲ ਵਧਿਆ। ਉਹ ਵੀ ਨੰਗੀ ਖੜੀ ਉਸਤਾਦ ਨੂੰ ਵੇਖ ਪਰੇਸ਼ਾਨ....ਉਸਤਾਦ ਕਿਸੇ ਦਾ ਸਾਫ਼ਾ ਲਾਹ ਕੇ ਉਸ ਉੱਤੇ ਪਾਵਣ ਦੀ ਕੋਸ਼ਿਸ਼ ਕੀਤੀ। ਪਿੱਛੋਂ ਟੁੰਨ ਹੋਏ ਪਰੋਡੀਊਸਰ ਨੇ ਉਹਦੇ ਕੰਨਾਂ ਉੱਤੇ ਸੁੱਟੀ। ਉਸਤਾਦ ਭੁੰਜੇ ਜਾ ਪਿਆ। ਸਾਨੂੰ ਸਮਝ ਈ ਨਾ ਆਈ ਕਿ ਹੋ ਕੀ ਰਿਹਾ ਏ। ਅਸੀਂ ਬੁੱਤ ਬਣੇ ਵੇਖਦੇ ਰਹੇ। ਸ਼ਹਿਜ਼ਾਦੀ ਛਾਤੀਆਂ ਉੱਤੇ ਹੱਥ ਰੱਖ ਕੇ ਖੜੀ ਸੀ। ਉਸਤਾਦ ਬੜੇ ਤਰਲੇ ਪਾਏ, ਬੜੇ ਵਾਸਤੇ ਦਿੱਤੇ ਕਿ ਇਹ ਕੰਮ ਨਾ ਕਰੇ। ਟੁੰਨ ਪਰੋਡੀਊਸਰ ਗ਼ੁੱਸੇ ਵਿੱਚ ਆ ਗਿਆ। ਉਹਨੇ ਉਸਤਾਦ ਦੇ ਦੋ ਤਿੰਨ ਸੁੱਟੀਆਂ। ਅੱਗੋਂ ਉਸਤਾਦ ਵੀ ਉਹਨੂੰ ਪੈ ਗਿਆ। ਉਸਤਾਦ ਮਾੜਾ ਸੀ। ਉਹਨੇ ਉਸਤਾਦ ਨੂੰ ਚੁੱਕ ਚੁੱਕ ਕੇ ਮਾਰਿਆ। ਅਸੀਂ ਬਚਾਵਣ ਦੀ ਕੋਸ਼ਿਸ਼ ਕੀਤੀ ਪਰ ਉਹਨੇ ਪਸਤੌਲ ਕੱਢੀ ਤੇ ਤਿੰਨ ਫ਼ਾਇਰ ਮਾਰੇ...ਫ਼ਾਇਰ ਹੋਣ ਦੇ ਨਾਲ ਅਸੀਂ ਜਾਨ ਬਚਾਵਣ ਲਈ ਦੌੜੇ ਤੇ ਜਿੱਥੇ ਥਾਂ ਲੱਭੀ, ਲੁਕ ਗਏ। ਥੋੜ੍ਹਾ ਚਿਰ ਖ਼ਮੋਸ਼ੀ ਰਹੀ। ਗੱਡੀਆਂ ਦੇ ਆਣ ਜਾਣ ਦੀ ਆਵਾਜ਼ ਆਈ। ਅਸੀਂ ਵਾਪਸ ਆਏ ਤੇ ਉਸਤਾਦ ਖ਼ੂਨ ਵਿੱਚ ਲਤ ਪਥ ਸੀ। ਅਸੀਂ ਪਰੋਡਕਸ਼ਨ ਦੇ ਟਰੱਕ ਵਿੱਚ ਉਸਤਾਦ ਨੂੰ ਫ਼ਾਰਮ ਹਾਊਸ ਤੋਂ ਇੱਥੇ ਲੈ ਆਏ....” ਉਹਨੇ ਬੜੇ ਮੁਸ਼ਕਿਲ ਰੋਂਦਿਆਂ ਹੋਇਆਂ ਗੱਲ ਪੂਰੀ ਕੀਤੀ।

ਮਿਥੁਨ ਸ਼ਾਹ ਉਸ ਰਾਤੀਂ ਮਰ ਗਿਆ।

ਉਹਦੇ ਅੱਗੇ ਪਿੱਛੇ ਕੋਈ ਨਹੀਂ ਸੀ। ਪਟੈਟੋ ਨੇ ਕਿਹਾ ਕਿ ਲਾਸ਼ ਉਸ ਨੂੰ ਲੈ ਦਿਓ ਤਾਂ ਜੇ ਉਹ ਕਫ਼ਨ ਦਫ਼ਨ ਕਰ ਸਕੇ। ਮੈਂ ਕਾਰਵਾਈ ਕਰਵਾ ਕੇ ਲਾਸ਼ ਉਸ ਨੂੰ ਲੈ ਦਿੱਤੀ ਤੇ ਜੇਬ ਵਿੱਚੋਂ ਹਜ਼ਾਰ ਦਾ ਨੋਟ ਕੱਢ ਕੇ ਪਟੈਟੋ ਨੂੰ ਦਿੱਤਾ ਕਿ ਉਸਤਾਦ ਦਾ ਕਰਜ਼ ਸੀ। ਉਹਦੇ ਗਲੇ ਨਾਲ ਲੱਗਿਆ ਤੇ ਅਸੀਂ ਦੋਵੇਂ ਧਾੜਾਂ ਮਾਰ ਕੇ ਰੋਣ ਲਗ ਪਏ।

ਬਾਅਦ ਦੀ ਗੱਲ।

ਤੁਸੀਂ ਸ਼ਹਿਜ਼ਾਦੀ ਦੇ ਨੰਗੇ ਮੁਜਰੇ ਅਜੇ ਵੀ ਵੇਖ ਸਕਦੇ ਹੋ। ਕਿਸੇ ਪੋਰਨ ਸਾਈਟ ਉੱਤੇ। ਉਹਨਾਂ ਥੱਲੇ ਤੁਹਾਨੂੰ ਲੱਖ ਵਿਊ ਮਿਲਣਗੇ ਪਰ ਇਹਨਾਂ ਵਿਊਜ਼ ਉੱਤੇ ਉਹਨੂੰ ਕੋਈ ਪੈਸੇ ਨਹੀਂ ਮਿਲਦੇ ਕਿਉਂ ਜੇ ਉਹਨੂੰ ਮਰਿਆ ਵੀ ਕਈ ਸਾਲ ਹੋ ਗਏ ਨੇ। ਉਹਦੇ ਮਰਨ ਦੀ ਖ਼ਬਰ ਮੈਂ ਕਿਸੀ ਨਿੱਕੇ ਅਖ਼ਬਾਰ ਵਿੱਚ ਪੜ੍ਹੀ ਸੀ। ਲਿਖਿਆ ਸੀ ਕਿ ਮੌਤ ਜ਼ਿਆਦਾ ਨਸ਼ਾ ਕਰਨ ਪਾਰੋਂ ਹੋਈ।

ਕਹਾਣੀ

# ਹਾਸ਼ੀਏ 'ਤੇ ਵਿਚਰਦੇ ਸੁਪਨੇ

**-ਬਲਬੀਰ ਪਰਵਾਨਾ**

ਸ਼ਾਮ ਨੂੰ ਬੱਕਰੀਆਂ ਚਰਾ ਕੇ ਦੱਖਣ-ਬੰਨੀ ਦੇ ਪਹੇ ਤੋਂ ਮੁੜ ਰਿਹਾ ਸੀ ਤਾਂ ਸਾਹਮਣਿਓਂ ਸ਼ੀਸ਼ੋ ਨੂੰ ਆਉਂਦੀ ਨੂੰ ਦੇਖਿਆ। ਭਰਿੰਡ-ਰੰਗੇ ਕਮੀਜ਼ ਨਾਲ ਹੇਠਾਂ ਉਸੇ ਨਾਲ ਮਿਲਦਾ-ਜੁਲਦਾ ਪਲਾਜ਼ੋ। ਗ਼ਲ 'ਚ ਢਿਲਕੀ ਚੁੰਨੀ ਦੇ ਹਵਾ 'ਚ ਲਹਿਰਾਉਂਦੇ ਪੱਲੇ। ਉਹ ਅਕਸਰ ਇਸ ਕੁ ਵੇਲੇ ਸੈਰ ਲਈ ਨਿਕਲਦੀ। ਇਸ ਵੇਲੇ ਉਹ ਆਪਣੇ ਹੁਸਨ ਦੇ ਪੂਰੇ ਜਲੌਅ 'ਚ ਹੁੰਦੀ ਤੇ ਉਹ ਸਾਰੇ ਦਿਨ ਦਾ ਰੁਲਿਆ-ਖੁਲਿਆ। ਧੁੱਪ ਤੇ ਪਸੀਨੇ ਨਾਲ ਸੰਵਲਾਏ ਚਿਹਰੇ 'ਤੇ ਧੂੜ ਦੀ ਜੰਮੀ ਪਰਤ। ਉਲਝੇ ਸਿਰ ਦੇ ਵਾਲ, ਉਲਝੀ ਹੋਈ ਪੋਟਾ-ਪੋਟਾ ਭਰ ਦਾਹੜੀ। ਪਸੀਨਾ ਪੈ-ਪੈ, ਸੁੱਕ-ਸੁੱਕ ਕੇ ਆਕੜੀ ਜਿਹੀ ਟੀ-ਸ਼ਰਟ, ਲੋਅਰ। ਸ਼ੀਸ਼ੋ ਨੂੰ ਦੇਖ, ਉਸਨੇ ਸਿਰ ਵਲੇਟਿਆ ਪਰਨਾ ਲਾਹ ਕੇ ਚਿਹਰੇ ਨੂੰ ਰਗੜ ਕੇ ਪੂੰਝਿਆ ਤੇ ਲੋਅਰ ਦੀ ਜੇਬ 'ਚੋਂ ਕੰਘਾ ਕੱਢ ਵਾਲਾਂ 'ਚ ਫੇਰਨ ਲੱਗਾ। ਨਾਲ ਹੀ ਚੌਕਸ ਹੋ ਆਸੇ-ਪਾਸੇ ਦੇਖਿਆ, ਖੇਤਾਂ 'ਚ ਕੋਈ ਹੈ ਤਾਂ ਨਹੀਂ, ਨੇੜੇ-ਤੇੜੇ ਜਾਂ ਪਿੱਛਿਉਂ ਆਉਂਦਾ। ਨਿਸ਼ਚਿੰਤ ਹੋ, ਉਸਨੇ ਹੱਥ 'ਚ ਫੜੀ ਛਿਟੀ ਨਾਲ ਬੱਕਰੀਆਂ ਇਕ ਪਾਸੇ ਨੂੰ ਕਰਦਿਆਂ, ਨੇੜੇ ਪੁੱਜੀ ਨੂੰ ਟਾਂਚ ਕੀਤੀ, "ਪਾਸੇ ਹੋ ਜਾਓ...ਦੀਂਹਦਾ ਨੀ ਸਾਹਮਣਿਓਂ ਮੇਮ ਤੁਰੀ ਆਉਂਦੀ ਐ।" ਨਾਲ ਹੀ ਉਸਦੀਆਂ ਉਡੂੰ-ਉਡੂੰ ਕਰਦੀਆਂ ਅੱਖਾਂ 'ਚ ਝਾਕਿਆ, "ਨਾਲ ਛੋਹ ਵੀ ਗਈਆਂ ਤਾਂ ਮੈਲੀ ਹੋ ਜਾਊ!"

"ਮੇਮ ਦਾ ਬੜਾ ਖਿਆਲ ਐ!"

"ਖਿਆਲ ਤਾਂ ਰੱਖਣਾ ਹੀ ਪੈਂਦਾ....!.... ਜ਼ੋਰਾਵਰਾਂ ਦਾ ਕੀ ਲਗਦਾ, ਸੱਤ-ਅਕਵੰਜਾ ਹੀ ਬਣਾ ਦੇਣ!"

"ਤਾਂ ਫਿਰ ਬਣ-ਸੰਵਰ ਕੇ ਰਿਹਾ ਕਰ ਨਾ! ਮੇਮਾਂ ਨੂੰ ਗੰਦਾ ਕੁਝ ਵੀ ਪਸੰਦ ਨੀ ਹੁੰਦਾ..... ਆਸੇ-ਪਾਸੇ ਦੇਖ, ਦੁਨੀਆਂ ਕਿਹੜਿਆਂ ਰੰਗਾਂ 'ਚ ਵਸਦੀ ਐ!" ਉਸਦੀ ਤੱਕਣੀ ਦਾ ਮੋੜਵਾਂ ਹੁੰਗਾਰਾ ਭਰਦਿਆਂ ਉਹ ਹੱਸ ਵੀ ਪਈ। ਪਰੈੱਸ ਕੀਤੇ ਕੱਪੜਿਆਂ ਦੀ ਉਭਰਵੀਂ ਕਰੀਜ਼। ਵਾਹੇ-ਸੰਵਾਰੇ ਵਾਲ, ਪਿੱਠ ਪਿੱਛੇ ਖੁੱਲ੍ਹੇ ਛੱਡੇ ਲਹਿਰਾਂ ਵਾਂਗ ਵਲ ਖਾਂਦੇ ਲਗਦੇ। ਦਿਨੇ ਉਨ੍ਹਾਂ ਦੀ ਦੋ ਵਾਰ ਵੀਡੀਓ-ਕਾਲ ਹੋਈ ਸੀ। ਉਦੋਂ ਹੀ ਉਸਨੇ ਦੱਸਿਆ ਸੀ, "ਸਾਢੇ ਪੰਜ ਸੈਰ ਲਈ ਨਿਕਲਾਂਗੀ..... ਉਸੇ ਹਿਸਾਬ ਮੁੜੀਂ ਬਾਗ ਵਾਲੇ ਰਾਹ ਥਾਣੀਂ!" ਪਹੇ ਦੇ ਇਕ ਪਾਸੇ ਦੁਸਹਿਰੀ ਅੰਬਾਂ ਦੇ ਬੂਟਿਆਂ 'ਤੇ ਬੂਰ ਮਹਿਕਿਆ ਹੋਇਆ ਸੀ, ਦੂਸਰੇ ਪਾਸੇ ਪੱਕਣ ਨੇੜੇ ਆਈ ਹੋਈ ਕਣਕ ਦੇ ਸੁਨਹਿਰੀ ਹੋ ਰਹੇ ਸਿੱਟੇ। ਮਾਰਚ ਦੇ ਅਖੀਰਲੇ ਅੱਧ ਦੀ ਇਹ ਇਕ ਧੁਪੀਲੀ ਸ਼ਾਮ ਸੀ। ਸਿਆਲਾਂ 'ਚ ਇਸ ਵਾਰ ਕੋਈ ਮੀਂਹ ਨਹੀਂ ਸੀ ਪਿਆ, ਜਿਸ ਕਰਕੇ ਗਰਮੀ ਕੁਝ ਪਹਿਲਾਂ ਹੀ ਆ ਗਈ ਲਗਦੀ।

"ਦੁਨੀਆਂ ਜਿੱਥੇ ਵੀ ਵੱਸੇ, ਤੁਹਾਡੀ ਤਾਂ ਓਨੀ ਕੁ ਹੀ ਹੁੰਦੀ ਐ, ਜਿਸ ਨਾਲ

ਵਾਹ ਪੈਂਦਾ..... ਮੇਰਾ ਵਾਹ ਬੱਕਰੀਆਂ ਨਾਲ!"

"ਬੱਕਰੀਆਂ ਤੋਂ ਅਗਾਂਹ ਵੀ ਕੁਝ ਦੇਖ!" ਉਹ ਗੱਲਾਂ 'ਚੋਂ ਗੱਲ ਕੱਢਣ ਲੱਗੀ। ਉਸਦੀਆਂ ਅੱਖਾਂ ਦੀ ਤੱਕਣੀ 'ਚੋਂ ਕਈ ਕਹਾਣੀਆਂ ਉਗਮ ਰਹੀਆਂ ਸਨ, ਬਹੁਤ ਕੁਝ ਕਹਿੰਦੀਆਂ ਹੋਈਆਂ। ਉਸ ਆਪਣੀ ਤੋਰ ਹੌਲੀ ਕਰ ਲਈ ਸੀ, ਪਰ ਤੁਰੀ ਰਹੀ।

"ਜਾਨਵਰਾਂ ਤੋਂ ਵੱਧ ਕੋਈ ਵਫ਼ਾਦਾਰ ਨਈਂ ਹੁੰਦਾ..... ਬੰਦਾ ਤਾਂ ਨਹੁੰ ਨਹੁੰ ਸਵਾਰਥਾਂ ਨਾਲ ਭਰਿਆ.....!"

"ਤੇ ਔਰਤਾਂ!"

"ਔਰਤ ਕੋਈ-ਕੋਈ ਹੁੰਦੀ ਐ ਪਿਆਰ ਕਰਨ ਵਾਲੀ... ਤੇਰੇ ਵਰਗੀ! ਬਾਕੀ ਤਾਂ ਆਪਣੇ ਗਜ਼ਾਂ ਨਾਲ ਚੁਫੇਰੇ ਨੂੰ ਮਿਣਦੀਆਂ-ਤੋਲਦੀਆਂ।"

"ਮੈਨੂੰ ਵੀ ਦਿਲੋਂ ਕਹਿ ਰਿਹਾਂ ਜਾਂ.....!" ਉਸਨੇ ਅੱਖਾਂ 'ਚ ਵਿਲਾਸਤਾ ਨੂੰ ਭਰ ਕਿਹਾ ਤਾਂ ਉਹ ਪੈਰੋਂ ਉਖੜ ਗਿਆ। ਉਸਦੇ ਹੁਸਨ ਦੇ ਜਲੌਅ 'ਚ ਰੁੜਨ ਲੱਗਾ, "ਇਹ ਤਾਂ ਮਿਲਣ 'ਤੇ ਦੱਸਾਗਾਂ!"

ਸ਼ੀਸ਼ੋ ਨੇ ਮੁਸਕਰਾ ਕੇ ਅੱਖਾਂ ਹੀ ਅੱਖਾਂ ਰਾਹੀਂ ਹਾਮੀ ਭਰ ਦਿੱਤੀ। ਉਸਨੇ ਜਿਵੇਂ ਪੱਕਾ ਕਰਨ ਲਈ ਹੀ ਕਿਹਾ, "ਆਏਂਗੀ ਅੱਜ?"

"ਆਪਣੇ ਦਿਲ ਤੋਂ ਪੁੱਛ!" ਕਹਿ ਉਸ ਆਪਣੀ ਤੋਰ ਤੇਜ਼ ਕਰ ਲਈ। ਪਿੰਡ ਵੱਲੋਂ ਕੋਈ ਸਕੂਟਰ 'ਤੇ ਨਿਕਲਦਾ ਦਿਸਿਆ ਸੀ। ਉਹ ਬਾਹਰ ਨੂੰ ਹੋ ਤੁਰੀ ਤੇ ਉਹ ਕਾਹਲੇ ਪੈਰ ਪੁੱਟ ਇੱਜੜ ਨਾਲ ਰਲਣ, ਜਿਹੜਾ ਕੁਝ ਵਿੱਥ ਪਾ ਗਿਆ ਸੀ। ਸਾਰਾ ਦਿਨ ਚੁੱਗਦੀਆਂ ਬੱਕਰੀਆਂ ਦੇ ਢਿੱਡ ਭਰੇ ਹੋਏ ਸਨ ਤੇ ਰਵਾਂ ਚਾਲ ਤੁਰੀਆਂ ਜਾ ਰਹੀਆਂ ਸਨ। ਸਾਰਾ ਪਹਿਆ ਉਨ੍ਹਾਂ ਨੇ ਮੱਲਿਆ ਹੋਇਆ ਸੀ। ਵਿਚ ਟਪੂਸੀਆਂ ਮਾਰਦੇ ਤਿੰਨ-ਤਿੰਨ, ਚਾਰ-ਚਾਰ ਮਹੀਨਿਆਂ ਦੇ ਛਲਾਰੂ। ਰੱਜੀਆਂ ਹੋਣ ਕਰਕੇ ਉਹ ਪਹੇ ਕੰਢੇ ਦੇ ਘਾਹ ਵਲ ਬਹੁਤਾ ਮੂੰਹ ਨਹੀਂ ਸੀ ਕਰ ਰਹੀਆਂ। ਉਥੇ ਕੁ ਸਹੋਤਿਆਂ ਨੇ ਬਾਗ ਦੇ ਰਾਹ ਵਾਲੇ ਪਾਸੇ, ਸੀਮਿੰਟ ਦੇ ਪਿੱਲਰ ਗੱਡ ਕੇ ਵਿਚੋਂ ਦੀ ਕੰਡਿਆਲੀ ਤਾਰ ਲੰਘਾਈ ਹੋਈ ਸੀ, ਚਾਰ-ਚਾਰ ਲੇਅਰ। ਉਹਨਾਂ 'ਚੋਂ ਬਾਹਰ ਵਲ ਲਾਪਰਦਾ ਘਾਹ। ਸਕੂਟਰ ਵਾਲਾ ਲੰਘ ਗਿਆ ਤਾਂ ਉਸਨੇ ਮੁੜਕੇ ਪਿਛਾਂਹ ਵਲ ਦੇਖਿਆ। ਉਹ ਕਾਫ਼ੀ ਵਿੱਥ ਪਾ ਗਈ। ਰਿੰਪੀ ਨਾਲ ਤੋੜ-ਵਿਛੋੜੇ ਤੋਂ ਬਾਅਦ, ਉਹ ਹੀ ਉਸਦੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਦੀ ਇਕੋ ਇਕ ਠਾਹਰ ਸੀ। ਰਿੰਪੀ ਆਪ ਤਾਂ ਗਈ ਹੀ, ਉਸਨੂੰ ਮਾਨਸਿਕ ਤੌਰ 'ਤੇ ਤੋੜ ਵੀ ਦਿੱਤਾ ਸੀ; ਪਿੰਡ ਭਾਈਚਾਰੇ 'ਚ ਮਖੌਲ ਤੇ ਤ੍ਰਿਸਕਾਰ ਦਾ ਪਾਤਰ ਬਣਾ ਕੇ। ਵੱਡੇ-ਵੱਡੇ ਇਲਜ਼ਾਮ ਉਸਦੇ ਮੱਥੇ 'ਤੇ ਚਿਪਕਾ ਦਿੱਤੇ ਸਨ, ਜਿਨ੍ਹਾਂ ਤੋਂ ਅਜੇ ਵੀ ਮੁਕਤ ਨਹੀਂ ਸੀ ਹੋ ਸਕਿਆ; ਛੇ, ਸਾਢੇ ਛੇ ਸਾਲ ਬੀਤ ਜਾਣ ਦੇ ਬਾਅਦ ਵੀ.....

..... ਉਸਦੇ ਮਨ 'ਚ ਬਾਹਰ ਜਾਣ ਦਾ ਸੁਪਨਾ ਲਟਲਟ ਬਲਦਾ ਸੀ। ਇਹੀ ਸੁਪਨਾ ਪਹਿਲਾਂ ਉਹਨਾਂ ਦੇ ਵਿਆਹ ਤੇ ਫਿਰ ਟਕਰਾਅ ਦਾ ਪਹਿਲਾ ਕਾਰਨ ਬਣਿਆ। ਫਿਰ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਰੋਜ਼ ਦੀ ਚਿੜਚਿੜ। ਰੋਸੇ, ਤਾਅਨੇ, ਮਿਹਣੇ। ਕਈ

ਵਾਰ ਹਫਤਾ-ਹਫਤਾ ਚੁਪ ਪਸਰੀ ਰਹਿੰਦੀ। ਉਸਨੂੰ ਤਾਂ ਕੀ ਬੁਲਾਉਣਾ, ਰਿੰਪੀ ਕਿਰਪਾਲੋ ਵਲੋਂ ਵੀ ਮੂੰਹ ਵਟ ਲੈਂਦੀ। ਬੇਲਾਗਤਾ, ਜਿਵੇਂ ਹੋਟਲ 'ਚ ਰਹਿ ਰਹੀ ਹੋਵੇ। ਮਨੋਮਨੀ ਹੀ ਇੰਜ ਦੂਰ ਹੁੰਦੇ ਗਏ ਕਿ ਉਸਨੂੰ ਬਾਹਰ ਭੇਜਣ ਲਈ ਇੱਜੜ ਵੇਚਣ ਦੀ ਸੋਚ ਤੋਂ ਤ੍ਰਹਿਣ ਲੱਗਾ ਸੀ ਜਾਂ ਇੱਜੜ ਵੇਚ ਕੇ ਕੋਈ ਹੋਰ ਕੰਮ ਕਰਨ ਬਾਰੇ। ਉਸਨੂੰ ਕਿਸੇ ਹੋਰ ਕੰਮ 'ਚ ਆਪਣਾ ਭਵਿੱਖ ਦਿਸਦਾ ਵੀ ਨਾ! ਆਸੇ-ਪਾਸੇ ਕੰਮ ਸੀ ਵੀ ਕਿਥੇ? ਉਸਦੇ ਨਾਲ ਪੜ੍ਹਨ ਵਾਲੇ ਜਾਂ ਉਸਦੇ ਅੱਗੇ ਪਿੱਛੇ ਪੜ੍ਹੇ; ਕੋਈ ਡਲਿਵਰੀਮੈਨ ਬਣਿਆ ਹੋਇਆ ਸੀ, ਕੋਈ ਸਕਿਓਰਟੀ ਗਾਰਡ ਜਾਂ ਹੋਰ ਅਜਿਹੇ ਨਿੱਕੇ-ਮੋਟੇ ਕੰਮ। ਦਸ-ਦਸ, ਬਾਰਾਂ-ਬਾਰਾਂ ਹਜ਼ਾਰ 'ਚ ਧੱਕੇ ਖਾਂਦੇ; ਕਿਸੇ ਦੀ ਡਿਗਰੀ ਕੀਤੀ, ਕਿਸੇ ਦਾ ਕੋਈ ਡਿਪਲੋਮਾ, ਮਾਸਟਰ ਡਿਗਰੀਆਂ ਵਾਲੇ ਵੀ। ਉਸਦੇ ਸ਼ਰੀਕੇ 'ਚੋਂ ਹੀ ਸੀ ਹਰਦੀਪ। ਨਾਂ ਲਿਖਣ ਲਗਦਾ ਤਾਂ ਲੰਮੀਆਂ-ਚੌੜੀਆਂ, ਭਾਰੀ ਭਰਕਮ ਡਿਗਰੀਆਂ ਦਹਿਸ਼ਤ ਪਾਉਂਦੀਆਂ; ਡਾਕਟਰ ਹਰਦੀਪ ਸਿੰਘ ਮਾਨ, ਬੀ.ਏ. (ਆਨਰਜ਼), ਐਮ.ਏ. (ਅੰਗਰੇਜ਼ੀ), ਪੀ.ਐਚ.ਡੀ.। ਪਿਛਲੇ ਸੱਤ ਸਾਲਾਂ ਤੋਂ ਇਕ ਨਵੇਂ ਖੁਲ੍ਹੇ ਕਾਲਜ 'ਚ ਲੈਕਚਰਾਰ ਲੱਗਾ ਹੋਇਆ। ਘਰਵਾਲੀ ਇਕ ਫ਼ਾਇਨੈਂਸ ਕੰਪਨੀ 'ਚ। ਸਵੇਰੇ ਪਰੈਸ ਕੀਤੇ ਕੱਪੜੇ ਪਾ ਕੇ ਨਿਕਲਦੇ, ਪਰ ਤਨਖ਼ਾਹ.....!.....ਹਰਦੀਪ ਨੂੰ ਸਤਾਰਾਂ ਹਜ਼ਾਰ ਮਿਲਦੇ ਸੀ। ਇੰਨੇ ਕੁ ਘਰਵਾਲੀ ਨੂੰ ਮਿਲਦੇ ਹੋਣਗੇ! ਰਹਿਣ-ਸਹਿਣ....?... ਬਾਈਕ ਸੀ..... ਕਾਰ ਸੀ। ਘਰ ਦੀ ਸਾਫ਼-ਸਫਾਈ, ਝਾੜੂ-ਪੋਚੇ ਲਈ ਮਾਈ ਆਉਂਦੀ। ਚਹੁੰ ਕੁ ਸਾਲਾਂ ਦੀ ਬੇਟੀ ਆਦਮਪੁਰ ਕੌਨਵੈਂਟ 'ਚ ਪੜ੍ਹਨ ਜਾਂਦੀ, ਸਕੂਲ ਬੱਸ 'ਚ। ਕਈਆਂ ਨੂੰ ਅਜਿਹੀਆਂ ਹੱਥ-ਅੜਾ ਨੌਕਰੀਆਂ ਵੀ ਨਾ ਮਿਲਦੀਆਂ। ਸਾਰਾ ਦਿਨ ਬਾਈਕਾਂ 'ਤੇ ਕੁੱਤੇ-ਭਕਾਈ। ਬਰਾਂਡਿਡ ਕੱਪੜੇ, ਬਰਾਂਡਿਡ ਜੁੱਤੀਆਂ। ਬਰਾਂਡਾਂ 'ਚ ਘਿਰੀ ਹੋਈ ਜ਼ਿੰਦਗੀ। ਬਰਾਂਡਾਂ ਦੀ ਇਸ ਚੁੰਧਿਆਹਟ 'ਚ, ਕੁਝ ਮਾਨਸਿਕ ਟੁੱਟ-ਭੱਜ ਦਾ ਸ਼ਿਕਾਰ ਹੋ ਨਸ਼ੇੜੀ ਬਣਦੇ ਹੋਏ ਵੀ। ਪਿੱਛੇ ਮਾਪਿਆਂ ਦੇ ਸਿਰ ਬੈਂਕਾਂ ਦਾ ਵਧਦਾ ਕਰਜ਼ਾ। ਬੈਅ-ਗਹਿਣੇ ਹੁੰਦੀਆਂ ਜ਼ਮੀਨਾਂ। ਬੇਵੱਸੀਆਂ ਦੇ ਤਾਣੇ-ਬਾਣੇ 'ਚ ਫਸਕੇ ਆਤਮ-ਹੱਤਿਆਵਾਂ ਵਲ ਵਧਦੇ ਕਦਮ ਵੀ। ਕੋਈ ਕਰ ਲੈਂਦਾ, ਕੋਈ ਬੱਸ ਇੰਚ ਕੁ ਦੇ ਫਾਸਲੇ 'ਤੇ ਜੀਊਂਦਾ। ਸਮੇਂ ਨੇ ਜੀਊਣ ਦਾ ਜਿਹੜਾ ਸਲੀਕਾ ਸਿਰਜ ਦਿੱਤਾ ਸੀ, ਹਰ ਕੋਈ ਇਸ ਜਲੌਅ ਦੀ ਸੰਮੋਹਨ ਦਾ ਸ਼ਿਕਾਰ ਹੋਇਆ ਆਪਣੇ ਆਪ ਹੀ ਆ ਫਸਦਾ। ਸੋਚਦਾ ਹੀ ਨਾ ਇਸਦਾ ਭਵਿੱਖ ਕੀ ਹੈ ਜਾਂ ਕਿੱਥੇ ਪਹੁੰਚਾਂਗੇ! ਅੰਤ ਕੀ ਹੋਏਗਾ। ਬਰਾਂਡਾਂ ਦੇ ਜਲੌਅ ਦੀ ਚੁੰਧਿਆਹਟ ਹੀ ਇੰਨੀ ਹੁੰਦੀ, ਹੋਰ ਕੁਝ ਸੁੱਝਦਾ ਹੀ ਨਾ! ਹਰ ਕੋਸ਼ਿਸ਼ ਜਾਂ ਛਟਪਟਾਹਟ, ਪੈਰਾਂ ਹੇਠਾਂ ਠੋਸ ਆਧਾਰ ਬਿਨਾਂ ਸਗੋਂ ਹੋਰ ਹੜੱਪ ਕਰਦੀ ਜਾਂਦੀ। ਕਿਸੇ ਨੂੰ ਇਹ ਵਹਿਣ ਸ਼ੀਸ਼ੇ ਵਾਂਗ ਜ਼ਿੰਦਗੀ ਤੋਂ ਹੋਰ ਤਰਾਂ ਵਿਰਵੇ ਕਰ ਰਿਹਾ ਸੀ.....

.....ਪਿਛਲੇ ਦਸਾਂ ਸਾਲਾਂ ਤੋਂ ਇਕ ਤਰ੍ਹਾਂ ਰੰਡੇਪਾ ਹੀ ਹੰਢਾ ਰਹੀ ਸੀ ਉਹ। ਵਿਆਹ ਦੇ ਦੋ ਸਾਲਾਂ ਬਾਅਦ ਹੀ ਜਗਜੀਤ ਦੋ-ਨੰਬਰ 'ਚ ਅਮਰੀਕਾ ਚਲਾ ਗਿਆ। ਜਿਉਂ ਗਿਆ, ਇਕ ਵਾਰ ਵੀ ਵਾਪਸ ਨਹੀਂ ਸੀ ਪਰਤਿਆ। ਜੇ ਆਉਂਦਾ ਸੀ ਤਾਂ

ਮੁੜਕੇ ਜਾਣ ਦਾ ਸਬੱਬ ਨਾ ਦਿਸਦਾ। ਉਥੇ ਪੱਕੇ ਹੋਣ ਦੀ ਕੁੱਤੇ-ਝਾਕ। ਕਾਨੂੰਨੀ, ਗੈਰ-ਕਾਨੂੰਨੀ ਕੰਮ ਕਰਦਾ ਉਹ ਜਿੰਨੇ ਪੈਸੇ ਕਮਾਉਂਦਾ; ਕੁਝ ਪੱਕੇ ਕਰਾਉਣ ਵਾਲੇ ਏਜੰਟਾਂ ਨੂੰ ਚਾੜ੍ਹੀ ਜਾਂਦਾ ਤੇ ਬਾਕੀ ਪਿੱਛੇ ਸ਼ੀਸ਼ੋ ਨੂੰ ਭੇਜੀ ਜਾਂਦਾ। ਬਾਹਰ ਤੋਂ ਆਉਂਦੇ ਇਹਨਾਂ ਪੈਸਿਆਂ ਨਾਲ ਸ਼ੀਸ਼ੋ ਚੰਗਾ ਖਾਂਦੀ, ਸੋਹਣਾ ਪਹਿਨਦੀ। ਪਿੰਡ ਵਿਚਲਾ ਪੁਰਾਣਾ ਘਰ ਛੱਡ ਕੇ, ਫਿਰਨੀ ਕੰਢਲੀ ਆਬਾਦੀ 'ਚ ਕੋਠੀ ਪਾ ਲਈ। ਬੇਟੀ ਸਵੇਰੇ ਸਕੂਲ ਚਲੀ ਜਾਂਦੀ, ਆ ਕੇ ਟਿਊਸ਼ਨਾਂ; ਤੇ ਉਸਨੂੰ ਬਣਨ-ਸੰਵਰਨ ਤੋਂ ਬਿਨਾਂ ਕੋਈ ਬਹੁਤਾ ਰੁਝੇਵਾਂ ਨਹੀਂ ਸੀ। ਕਦੀ ਆਸ-ਪਾਸ ਦੇਖ, ਦੇਹ ਦਾ ਉਬਾਲ ਸ਼ਾਂਤ ਕਰਨ ਲਈ ਉਸਨੂੰ ਸੱਦ ਲੈਂਦੀ, ਪਰ ਬਹੁਤ ਹੀ ਵੇਲਾ ਬਚਾ ਕੇ। ਉਬਾਲ ਸ਼ਾਂਤ ਹੁੰਦਾ ਤਾਂ ਉਸਦੇ ਵਾਲਾਂ ਨੂੰ ਪੋਟਿਆਂ ਨਾਲ ਸਹਿਲਾਉਂਦੀ, ਤ੍ਰਿਪਤੀ ਦੇ ਅਹਿਸਾਸ ਨਾਲ ਪਿਘਲ-ਪਿਘਲ ਜਾਂਦੀ, "ਮੇਰਾ ਸ਼ੇਰ ਮਰਦ।"

"ਸ਼ੇਰ ਮਰਦ ਹੋਣਾ ਮਹੱਤਵਪੂਰਨ ਹੁੰਦਾ ਕਿ ਬਨਿਆਂ-ਸੰਵਰਿਆ।" ਕਹਿੰਦਿਆਂ ਉਸਦੇ ਮਨ 'ਚ ਰਿੰਪੀ ਦੀ ਕੌੜ ਉਭਰਦੀ। ਕਿੰਜ ਉਸਨੂੰ ਭਾਈਚਾਰੇ 'ਚ ਤ੍ਰਿਸਕਾਰ ਦਾ ਪਾਤਰ ਬਣਾ ਕੇ ਰੱਖ ਗਈ ਸੀ!

"ਦੋਵੇਂ ਹੀ...ਪੂਰਾ ਮਰਦ ਉਸਨੂੰ ਬੈੱਡ 'ਚ ਚਾਹੀਦਾ ਹੁੰਦਾ..... ਬਾਕੀ ਸਮੇਂ ਲਈ ਉਸ ਵਾਂਗ ਹੀ ਸਜਿਆ-ਸੰਵਰਿਆ।"

ਉਸਦਾ ਜੀ ਕਰਦਾ, ਉਸਨੂੰ ਪੁੱਛੇ, 'ਤੂੰ ਵੀ ਤਾਂ ਸਜੇ-ਸੰਵਰੇ ਘਰ 'ਚ ਹੀ ਵਿਆਹ ਕਰਵਾਇਆ ਸੀ..... ਫਿਰ ਕਿਉਂ ਦੇਹ ਦੀ ਸੰਤੁਸ਼ਟੀ ਲਈ ਇਧਰ-ਉਧਰ ਭਟਕਦੀ ਫਿਰਦੀ ਐਂ।' ਪਰ ਇਸ ਜਲੌਅ ਤੋਂ ਪਾਸੇ ਹੋਣਾ ਵੀ ਕਿਹੜਾ ਸੌਖਾ ਸੀ! ਕੋਈ ਇਸ ਰਾਹ ਨਾ ਤੁਰ ਸਕਦਾ, ਉਸ ਨੂੰ ਵਹਿਣ ਹਾਸ਼ੀਏ ਤੋਂ ਵੀ ਬਾਹਰ ਧੱਕ ਦਿੰਦਾ। ਇਥੇ ਪੈਰ ਤਾਂ ਭਾਵੇਂ ਧਰਤੀ 'ਤੇ ਰਹਿੰਦੇ ਪਰ ਆਪਣਾ ਕਹਿਣ ਵਾਲਾ ਕੋਈ ਨਾ ਬਚਦਾ....

..... ਅਠਾਈਆਂ-ਉਣੱਤੀਆਂ ਦਾ ਸੱਬਾ ਬਣਦਾ-ਜਚਦਾ ਗੱਭਰੂ ਸੀ। ਬੀ.ਕਾਮ ਸੈਕਿੰਡ-ਈਅਰ 'ਚੋਂ ਛੱਡੀ ਹੋਈ ਪੜ੍ਹਾਈ। ਗੱਲਬਾਤ ਕਰਨ ਦਾ ਸਲੀਕਾ ਵੀ। ਮਹੀਨੇ ਦਾ ਵੀਹ-ਬਾਈ ਹਜ਼ਾਰ ਤੱਕ ਕਮਾ ਲੈਂਦਾ। ਕੁਝ ਦੁੱਧ ਵਿਕ ਜਾਂਦਾ; ਖ਼ਾਸ ਕਰਕੇ ਗਰਮੀਆਂ 'ਚ ਆ ਕੇ ਜਦੋਂ ਡੇਂਗੂ, ਮਲੇਰੀਆ, ਟਾਈਫਾਈਡ ਵਰਗੀਆਂ ਬਿਮਾਰੀਆਂ ਪੈਰ ਪਸਾਰਨ ਲਗਦੀਆਂ, ਮਰੀਜ਼ਾਂ ਦੇ ਸਰੀਰ 'ਚੋਂ ਸੈੱਲ ਘਟਣ ਲਗਦੇ ਤਾਂ ਡਾਕਟਰ ਦੁਆਈਆਂ ਦੇ ਨਾਲ-ਨਾਲ ਬੱਕਰੀ ਦੇ ਦੁੱਧ ਦੀ ਸਿਫ਼ਾਰਸ਼ ਵੀ ਕਰਦੇ। ਚਾਰ ਸੌ ਰੁਪਏ ਕਿਲੋ ਦੇ ਹਿਸਾਬ ਨਾਲ ਦੁੱਧ ਵਿਕਦਾ। ਸਾਲ, ਸਵਾ ਸਾਲ ਦੇ ਕਰਕੇ ਬੱਕਰੇ ਝਟਕਈਆਂ ਨੂੰ ਦੇ ਦਿੰਦਾ ਵੀਹ-ਬਾਈ ਹਜ਼ਾਰ ਤੱਕ। ਪਰ ਉਸਦੀ ਇਹ ਕਮਾਈ, ਉਸਦੇ ਕਿੱਤੇ ਨਾਲ ਜੁੜਕੇ ਭਾਈਚਾਰੇ 'ਚ ਉਸਦੀ ਹੋਂਦ ਗੁਆ ਜਾਂਦੀ। ਬਚ ਜਾਂਦਾ ਸੀ ਪਿੱਛੇ ਸੱਬਾ ਬੱਕਰੀਆਂ ਵਾਲਾ, ਜਿਸਨੂੰ ਉਸਦਾ ਬਾਪ ਪੜ੍ਹਾ-ਲਿਖਾ ਕੇ ਅਫਸਰ ਬਣਾਉਣਾ ਚਾਹੁੰਦਾ ਸੀ ਜਾਂ ਫਿਰ ਕਿਸੇ ਬਾਹਰਲੇ ਮੁਲਕ 'ਚ ਸੈੱਟ ਕਰਨਾ। ਪਰ ਉਸਦੀ ਮੌਤ ਨਾਲ ਕਈ ਕੁਝ ਖਿੰਡ-ਬਿਖਰ ਗਿਆ। ਇੱਜੜ ਪਹਿਲਾਂ ਉਸਦੇ 'ਗਲ ਪਿਆ', ਫਿਰ 'ਨਸੀਬ' ਬਣ

ਗਿਆ। ਇਸ ਅਨੁਸਾਰ ਢਲਦਾ ਹੋਇਆ ਉਹ, ਸਵੇਰੇ ਗਿਆਰਾਂ ਕੁ ਵਜੇ ਬੱਕਰੀਆਂ ਲੈ ਕੇ ਨਿਕਲ ਤੁਰਦਾ। ਉਜਾੜ, ਚੁਗਣ ਵਾਲੀਆਂ ਥਾਵਾਂ ਨਾਂ ਦੇ ਬਰਾਬਰ ਰਹਿ ਗਈਆਂ ਹੋਈਆਂ ਸਨ। ਪਿੰਡ ਦੇ ਵਸੀਮੇਂ ਤੋਂ ਲੰਘਦੀ ਰੇਲਵੇ-ਲਾਇਨ ਦੇ ਪਾਸੀਂ ਉੱਗੀਆਂ ਮਲ੍ਹੇ-ਝਾੜੀਆਂ, ਘਾਹ-ਬੂਟ; ਲਿੰਕ ਰੋਡ ਦੇ ਆਸੇ ਪਾਸੇ ਦੀ ਖਤਾਨਾਂ ਵਾਲੀ ਥਾਂ। ਕਿਤੇ ਕਬਰਾਂ-ਸਿਵਿਆਂ ਦੇ ਉਜਾੜ ਜਾਂ ਚੋਈ ਦਾ ਕੰਢਾ। ਉਹ ਪੰਜ-ਛੇ ਮੀਲ ਤਕ ਲਈ ਫਿਰਦਾ; ਅੱਸੀ ਦੇ ਲੱਗਭੱਗ ਬੱਕਰੀਆਂ, ਰਾਖਾ ਕੁੱਤਾ ਤੇ ਢਾਂਗਾ ਮੋਢੇ ’ਤੇ ਰੱਖੀ। ਪਿੱਠ ਪਿੱਛੇ ਲਟਕਦੇ ਥੈਲੇ ’ਚ ਪਾਣੀ ਦੀ ਬੋਤਲ ਹੁੰਦੀ। ਅਚਾਰ ਨਾਲ ਦੋ ਪਰੌਂਠੀਆਂ। ਕਿਸੇ ਤੂਤ, ਡੇਕ ਜਾਂ ਕਹਿੰਬਲ ਦੀਆਂ ਹਰੀਆਂ-ਭਰੀਆਂ ਡਾਲਾਂ ਦੇਖਦਾ ਤਾਂ ਢਾਂਗੇ ਨਾਲ ਖਿੱਚ-ਖਿੱਚ ਹੇਠਾਂ ਸੁੱਟ ਦਿੰਦਾ। ਵੇਲਾ ਬਚਾ ਕੇ ਰੇਲਵੇ ਜਾਂ ਸੜਕ ਕੰਢੇ ਕਿਸੇ ਰੁੱਖ ’ਤੇ ਚੜ੍ਹ ਉਸਦੀਆਂ ਡਾਲਾਂ ਛਾਂਗ ਦੇਣੀਆਂ। ਬੱਕਰੀਆਂ ਝੁਰਮਟ ਪਾ ਪੱਤੇ ਡੁੰਗਣ ਲਗਦੀਆਂ ਤੇ ਉਹ ਥੈਲੇ ’ਚੋਂ ਕੱਢ ਪਰੌਂਠੀ ਦੀਆਂ ਬੁਰਕੀਆਂ। ਸ਼ਾਮ ਪੰਜ-ਚਾਰ ਤੋਂ ਪਹਿਲਾਂ ਨਾ ਮੁੜ ਹੁੰਦਾ।

ਬੱਕਰੀਆਂ ’ਚੋਂ ਬਹੁਤੀਆਂ ਨੂੰ ਉਹਨਾਂ ਦੇ ਜੰਮਣ ਤੋਂ ਜਾਣਦਾ ਸੀ। ਛੋਟੇ ਹੁੰਦਿਆਂ ਤੋਂ ਛਲਾਰੂਆਂ ਨਾਲ ਖੇਡਣ ਲਗ ਪਏ ਸੀ ਦੋਵੇਂ ਭੈਣ-ਭਰਾ। ਕੋਈ ਬੱਕਰੀ ਸੂੰਦੀ, ਨਵਜੰਮੇ ਛਲਾਰੂਆਂ ਮੋਹਰੇ ਕਦੀ ਮੱਗ ’ਚ ਪਾਣੀ ਰੱਖਣਾ, ਕਦੀ ਪੱਤਿਆਂ ਭਰੀ ਕੋਈ ਡਾਲ। ਕਦੀ ਉਹਨਾਂ ਨੂੰ ਕਲਾਵੇ ’ਚ ਲੈ ਪਿਆਰ ਕਰਨ ਲਗਦੇ। ਉਸਦੀ ਹੋਸ਼ ’ਚ ਉਸਦੇ ਬਾਪ ਕੋਲ ਚਾਲੀ-ਪੰਜਤਾਲੀ ਬੱਕਰੀਆਂ ਸੀ, ਜਿਨ੍ਹਾਂ ’ਚੋਂ ਅਕਸਰ ਕੋਈ ਨਾ ਕੋਈ ਸੂਈ ਰਹਿੰਦੀ। ਪੱਠਾਂ ਤਾਂ ਉਹ ਰੱਖ ਲੈਂਦਾ; ਪਰ ਬੱਕਰੇ ਸਾਲ, ਸਵਾ ਸਾਲ ਦੇ ਹੋਣ ’ਤੇ ਕੱਢ ਦਿੰਦਾ। ਇਸ ਇੱਜੜ ਦੇ ਸਿਰ ’ਤੇ ਉਸਨੇ ਸਰਬੀ ਦਾ ਵਿਆਹ ਕੀਤਾ, ਘਰ ਦੇ ਹੋਰ ਖਰਚੇ ਤੋਰੇ ਸਨ। ਛਲਾਰੂਆਂ, ਬੱਕਰੀਆਂ ’ਚ ਵਿਚਰਦਿਆਂ ਉਸ ਦਾ ਬਚਪਨ ਤੋਂ ਹੀ ਉਨ੍ਹਾਂ ਨਾਲ ਮੋਹ ਬਣਦਾ ਗਿਆ। ਉਸ ਲਈ ਬੱਕਰੀਆਂ, ਬੱਕਰੀਆਂ ਨਾ ਹੋ ਕੇ ਕੋਈ ਡੱਬ-ਖੜੱਬੀ ਸੀ, ਕੋਈ ਕਾਲੀ, ਭੂਰੀ, ਲੰਮੇ ਕੰਨਾਂ ਵਾਲੀ, ਚੇਤੀ, ਸ਼ੀਲੋ, ਕਰੀਨਾ ਕਪੂਰ..... ਹਰ ਇਕ ਦਾ ਕੋਈ ਨਾ ਕੋਈ ਨਾਂ ਸੀ, ਕੋਈ ਨਿਵੇਕਲੀ ਪਛਾਣ। ਕਿਸੇ ‘ਹੀਟ’ ’ਤੇ ਆਈ ਦੇ ਬੱਕਰਾ ਖਹਿੜੇ ਪੈਣ ਲਗਦਾ ਤਾਂ ਅਜਿਹੇ ਵੇਲੇ ਉਸਨੂੰ ਰਿੰਪੀ ਦੀ ਯਾਦ ਆਉਣ ਲਗਦੀ। ਅਜੀਬ ਗੱਲ ਸੀ, ਛੇ ਸਾਲ ਤੋਂ ਵੱਧ ਹੋ ਗਏ ਸੀ ਛੱਡ-ਛੁਡਾਅ ਹੋਇਆਂ। ਕਿੰਨੇ ਹੀ ਇਲਜ਼ਾਮ ਉਸਦੇ ਮੱਥੇ ’ਤੇ ਚਿਪਕਾ ਕੇ ਗਈ ਸੀ, ਫਿਰ ਵੀ ਭੁੱਲਦੀ ਨਾ! ਉਸ ਨਾਲ ਬਿਤਾਇਆ ਕੋਈ ਨਾ ਕੋਈ ਲਮਹਾ ਉਸਦੇ ਜ਼ਿਹਨ ’ਚ ਧੂੰਏਂ ਵਾਂਗ ਫੈਲਣ ਲਗਦਾ.....

...... ਉਹ ਉਸਦੀ ਦੂਰ ਪਾਰ ਦੀ ਰਿਸ਼ਤੇਦਾਰੀ ’ਚੋਂ ਵੀ ਸੀ, ਮਾਸੀ ਦੀ ਨੂੰਹ ਦੀ ਭੈਣ। ਜਦੋਂ ਉਹ ਬੀ. ਕਾਮ ਕਰ ਰਿਹਾ ਸੀ, ਉਸੇ ਹੀ ਕਾਲਜ ’ਚ ਬੀ.ਏ. ਕਰਦੀ ਹੋਈ। ਕਦੀ ਕੈਂਪਸ ’ਚ ਆਹਮਣਾ-ਸਾਹਮਣਾ ਹੋਣ ’ਤੇ ਚਾਹ-ਕੌਫ਼ੀ ਲਈ ਕੰਟੀਨ ’ਚ ਜਾ ਬਹਿੰਦੇ। ਚਾਹ ਦੀਆਂ ਘੁੱਟਾਂ ਨਾਲ ਜ਼ਿੰਦਗੀ ਦੀਆਂ, ਸੁਪਨਿਆਂ ਦੀਆਂ ਬਹੁਤ ਸਾਰੀਆਂ

ਗੱਲਾਂ ਹੁੰਦੀਆਂ। ਉਹ ਬਾਹਰ ਜਾਣਾ ਚਾਹੁੰਦੀ ਸੀ। ਅੰਗਰੇਜ਼ੀ 'ਤੇ ਖ਼ੂਬ ਮਿਹਨਤ ਕਰਦੀ, "ਗ੍ਰੈਜੂਏਸ਼ਨ ਕਰਕੇ ਆਈਲਿਟਸ ਕਰਾਂਗੀ। ਇਸ ਮੁਲਕ 'ਚ ਕੁਝ ਨੀ ਰੱਖਿਆ।" ਉਹ ਵੀ ਹੁੰਗਾਰਾ ਭਰਦਾ, "ਦੋਵੇਂ ਇਕੱਠੇ ਚਲੇ ਚਲਾਂਗੇ।"

ਭਾਗੇ ਦੀ ਮੌਤ ਨਾ ਹੁੰਦੀ ਤਾਂ ਜ਼ਿੰਦਗੀ ਨੇ ਹੋਰ ਤਰ੍ਹਾਂ ਕਰਵਟ ਲੈਣੀ ਸੀ। ਉਸਦੀ ਮੌਤ ਨੇ ਪੜ੍ਹਾਈ ਦੀ ਥਾਂ ਇੱਜੜ ਗਲ ਪਾ ਦਿੱਤਾ। ਕਾਲਜ ਛੁੱਟ ਗਿਆ। ਫਿਰ ਵੀ ਕਿਸੇ ਨਾ ਕਿਸੇ ਤਰ੍ਹਾਂ ਸਮਾਂ ਕੱਢ ਕੇ, ਦਸੀਂ-ਪੰਦਰੀਂ ਦਿਨੀ ਉਸਨੂੰ ਮਿਲਣ ਦਾ ਸਬੱਬ ਬਣਾ ਹੀ ਲੈਂਦਾ। ਦੋਵੇਂ ਖ਼ੂਬ ਗੱਲਾਂ ਕਰਦੇ। "ਆਈਲਿਟਸ ਕਰਕੇ ਪੈਸਿਆਂ ਦਾ ਕੋਈ ਨਾ ਕੋਈ ਜੁਗਾੜ ਲਵਾਂਗਾ.... ਹੋਰ ਨੀ ਤਾਂ ਇੱਜੜ ਵੇਚ ਲਵਾਂਗਾ ਜਾਂ ਫਿਰ ਜ਼ਮੀਨ।" ਜ਼ਮੀਨ ਇਸ ਤਰ੍ਹਾਂ ਕਹਿੰਦਾ ਜਿਵੇਂ ਕਿੱਲਿਆਂ ਦਾ ਮਾਲਕ ਹੋਵੇ! ਸੀ ਸਿਰਫ ਛੇ ਕਨਾਲਾਂ। ਚਾਹ ਪੀਂਦਿਆਂ ਸੁਪਨੇ ਹਵਾਵਾਂ 'ਚ ਉੱਡਣ ਲੱਗਦੇ। ਉਹ ਬੀ.ਏ. ਕਰਕੇ 'ਈਜ਼ੀ' ਇਮੀਗ੍ਰੇਸ਼ਨ 'ਚ ਰਿਸੈਪਸ਼ਨਿਸਟ ਦੀ ਨੌਕਰੀ ਕਰਨ ਲੱਗੀ। ਘਰ ਦੇ ਹਾਲਾਤ ਨਹੀਂ ਸੀ ਕਿ ਆਈਲਿਟਸ ਦਾ ਖਰਚਾ ਭਰ ਸਕਦੇ, ਬਾਹਰ ਭੇਜਣਾ ਤਾਂ ਦੂਰ! ਇਹ ਉਸ ਨਾਲ ਜੁੜਕੇ ਪੂਰਾ ਕਰਨਾ ਲੋਚਦੀ। ਇਸੇ ਸੁਪਨੇ 'ਚ ਵਿਆਹ ਹੋ ਗਿਆ। ਉਂਜ ਵੀ ਉਸਦੇ ਮਨ 'ਚ ਅਜੇ ਕਾਲਜ ਵਾਲਾ ਸੱਬਾ ਹੀ ਸੀ। ਉਹ ਆਈਲਿਟਸ ਕਰਨ, ਇੱਜੜ ਵੇਚਣ ਦੀਆਂ ਗੱਲਾਂ ਕਰਦੀ ਤਾਂ ਉਸਨੂੰ ਸ਼ੱਕ ਹੁੰਦਾ, ਉਹ ਕਰ ਵੀ ਸਕਦਾ! ਪੜ੍ਹਾਈ ਦਾ ਬਣਿਆ ਹੋਇਆ ਗੈਪ। ਇਸ ਦੁਬਿੱਧਾ 'ਤੇ ਉਹ ਨਵੀਂ ਦਲੀਲ ਘੜਦੀ, "ਮੈਂ ਕਰ ਲੈਂਦੀ ਹਾਂ.... ਵਰਕ-ਪਰਮਿਟ ਮਿਲਣ 'ਤੇ ਤੈਨੂੰ ਸੱਦ ਲਵਾਂਗੀ!" ਇੱਜੜ ਜਾਂ ਜ਼ਮੀਨ ਵੇਚਣ ਵਲ ਗੱਲ ਆਉਂਦੀ ਤਾਂ ਉਵੇਂ ਉਤਸ਼ਾਹ ਨਾਲ ਹੁੰਗਾਰਾ ਨਾ ਭਰ ਹੁੰਦਾ, ਜਿਵੇਂ ਕਾਲਜ ਪੜ੍ਹਦਿਆਂ ਜਾਂ ਵਿਆਹ ਤੋਂ ਪਹਿਲਾਂ ਦੀਆਂ ਮੁਲਾਕਾਤਾਂ ਦੌਰਾਨ ਭਰਦਾ। ਮਨ 'ਚ ਨਵੀਂ ਤਰ੍ਹਾਂ ਦੇ ਸ਼ੰਕੇ ਵੀ ਉੱਭਰਨ ਲੱਗੇ ਸਨ, 'ਜੇ ਵਿਚ ਕੋਈ ਅੜਚਣ ਪੈ ਗਈ'। ਉਸਨੂੰ ਡਰ ਲਗਦਾ, 'ਲੰਘ ਵੀ ਜਾਏ..... ਤਿੰਨ-ਚਾਰ ਸਾਲ ਪੜ੍ਹਾਈ, ਵਰਕ-ਪਰਮਿਟ ਮਿਲਦਿਆਂ ਲੱਗ ਜਾਣਗੇ! ਜੇ ਇਸ ਵਿਚਾਲੇ ਇਸਦਾ ਮਨ ਬਦਲ ਗਿਆ? ਮੈਨੂੰ ਨਾ ਸੱਦਿਆ।' ਆਸੇ ਪਾਸੇ ਕਿੰਨੇ ਹੀ ਅਜਿਹੇ ਕੇਸ ਵਾਪਰ ਰਹੇ ਸਨ। ਥਾਣਿਆਂ, ਕਚਹਿਰੀਆਂ 'ਚ ਪੁੱਜਦੇ ਮਾਮਲੇ, ਅਖ਼ਬਾਰਾਂ 'ਚ ਆਉਂਦੀਆਂ ਖਬਰਾਂ। ਫੇਸ-ਬੁਕ 'ਤੇ ਚਲਦੇ ਕਲਿੱਪ। ਰਿੰਪੀ ਨੂੰ ਤਾਂ 'ਹੂੰ-ਹਾਂਅ' ਕਰ ਛੱਡਦਾ ਪਰ ਮਨ 'ਚੋਂ ਦੁਬਿਧਾ ਨਾ ਜਾਂਦੀ। ਕੁਝ ਮਾਂ ਦੀਆਂ ਗੱਲਾਂ ਦੁਬਿੱਧਾ ਨੂੰ ਪੱਕਾ ਕਰ ਦਿੰਦੀਆਂ, "ਕਾਕਾ! ਜੋ ਵੀ ਕਰਨਾ ਹੈ ਸੋਚ ਸਮਝ ਕੇ ਕਰੀਂ! ਵਹੁਟੀ ਦੇ ਚਾਲੇ ਮੈਨੂੰ ਵੱਸਣ ਵਾਲੇ ਨੀ ਲਗਦੇ।" ਉਹ ਨੌਂ ਵਜੇ ਤਿਆਰ ਹੋ ਕੇ ਦਫਤਰ ਲਈ ਨਿਕਲ ਜਾਂਦੀ ਸੀ। ਮੁੜਦੀ ਨੂੰ ਕਈ ਵਾਰ ਸੱਤ-ਅੱਠ ਵੱਜ ਜਾਂਦੇ। ਜੇ ਕਿਰਪਾਲੋ ਕਿਸੇ ਗੱਲੋਂ ਟੋਕਦੀ ਤਾਂ ਝਾੜ ਕੇ ਬਹਾ ਦਿੰਦੀ। ਨਾਲ ਹੀ ਉਸਨੂੰ ਵੀ ਧਰ ਲੈਂਦੀ, "ਮੈਨੂੰ ਫਸਾ ਲਿਆ ਝੂਠ ਬੋਲ-ਬੋਲ ਕੇ..... ਉਦੋਂ ਤਾਂ ਮੁਹਾਰਨੀ ਪੜ੍ਹਨੋਂ ਨਹੀਂ ਸੀ ਹਟਦਾ ਬਾਹਰ ਨਿਕਲਣ ਦੀ।"

"ਇਹ ਕਦੋਂ ਦੀਆਂ ਗੱਲਾਂ, ਉਦੋਂ ਭਾਪਾ ਜੀਊਂਦਾ ਸੀ।"

"ਹੁਣ ਕੀ ਹੋ ਗਿਆ.... ਹੁਣ ਕਿਉਂ ਨੀ ਵਿੱਕ ਸਕਦੀਆਂ!"

"ਮੈਥੋਂ ਆਈਲਿਟਸ ਨੀ ਹੋਣੀ!"

"ਮੈਂ ਕਰ ਲੈਂਦੀ ਹਾਂ! ਕਪਲ-ਕੇਸ ਪਾ ਲਵਾਂਗੇ।"

"ਕੋਈ ਅੜਚਣ ਆ ਗਈ, ਰੋਟੀ ਤੋਂ ਵੀ ਆਤੁਰ ਹੋ ਜਾਣਾ।" ਮਨ 'ਚ ਹੁੰਦਾ, ਮੀਰਪੁਰ ਵਾਲੀ ਨਮਿਤਾ ਵਾਂਗ ਉਥੇ 'ਨਵਾਂ ਬੁਆਏ-ਫਰੈਂਡ' ਲੱਭ ਲਿਆ ਤਾਂ.....! ਰੋਸੇ, ਤਕਰਾਰ, ਟਕਰਾਅ 'ਚ ਵਟਣ ਲੱਗੇ। ਦਰਾੜਾਂ ਵਧ ਕੇ ਪਾੜ 'ਚ, ਜਿਥੇ ਕਈ ਹੋਰ ਇਲਜ਼ਾਮ ਤਰਾਸ਼ੀਆਂ ਵੀ ਆਣ ਵੜੀਆਂ: "ਹਰ ਪਾਸੇ ਮੇਂਗਣਾਂ ਦੀ ਮੁਸ਼ਕ.... ਆਪਣੀ ਕਿਸੇ ਸਹੇਲੀ ਨੂੰ ਨਾਲ ਨੀ ਲਿਆ ਸਕਦੀ!"

"ਸੌਣ ਲੱਗਿਆਂ ਵੀ ਇੰਜ ਲਗਦਾ ਜਿਵੇਂ ਬਿਸਤਰੇ 'ਚ ਬੱਕਰੀਆਂ ਵੜ ਆਈਆਂ ਹੋਣ!"

"ਤੈਨੂੰ ਤੀਵੀਂ ਨੀ ਬੱਕਰੀ ਚਾਹੀਦੀ ਸੀ।" ਤਾਅਨੇ ਮਿਹਣੇ ਹੱਦ ਟੱਪਣ ਲਗਦੇ ਤਾਂ ਉਹ ਵੀ ਚਿੜ ਕੇ ਉਸੇ ਸੁਰ 'ਚ ਆ ਜਾਂਦਾ, "ਤੂੰ ਵੀ ਦੱਸਦੇ ਤੈਨੂੰ ਕੀ ਚਾਹੀਦਾ ਸੀ..... ਹਰ ਰੋਜ਼ ਨਵਾਂ ਖਸਮ.....ਘਰਵਾਲਾ ਲੱਛਣ ਈ ਕੋਈ ਨੀ!" ਫਿਰ ਕਿੰਨੇ-ਕਿੰਨੇ ਦਿਨ ਬੋਲਚਾਲ ਬੰਦ ਰਹਿੰਦੀ। ਮਨ ਹੀ ਮਨ ਟੁੱਟਦਾ ਰਹਿੰਦਾ, ਪਰ ਰਾਹ ਕੋਈ ਨਾ ਸੁੱਝਦਾ......

..... ਜਦੋਂ ਇੱਜੜ ਗਲ਼ ਪਿਆ, ਉਹਨਾਂ ਚਾਰ-ਛੇ ਮਹੀਨਿਆਂ 'ਚ ਵਿਕ ਜਾਂਦਾ, ਫਿਰ ਸ਼ਾਇਦ ਇਹ ਹੋ ਜਾਂਦਾ! ਪਹਿਲਾਂ-ਪਹਿਲਾਂ ਆਪਣੇ ਆਪ ਨੂੰ ਇਕਸੁਰ ਵੀ ਕਿਥੇ ਕਰ ਸਕਿਆ ਸੀ ਬੱਕਰੀਆਂ ਮਗਰ ਘੁੰਮਣਾ। ਉਦੋਂ ਤਾਂ ਇਹੀ ਸੀ, 'ਦੋ-ਚਾਰ ਮਹੀਨਿਆਂ 'ਚ ਇਹਨਾਂ ਨੂੰ ਕੱਢ ਕੇ, ਅਗਲੇ ਸਾਲ ਪੜ੍ਹਨ ਲੱਗ ਪਵਾਂਗਾ।' ਬੱਕਰੀਆਂ ਨੂੰ ਚਾਰਨ ਜਾਂਦਾ ਨਾਲ ਕਿਤਾਬਾਂ ਵੀ ਲੈ ਜਾਂਦਾ। ਪਰ ਬੱਕਰੀਆਂ ਤਾਂ ਬੱਕਰੀਆਂ ਹੁੰਦੀਆਂ! ਧਿਆਨ ਰਤਾ ਵੀ ਅਵੇਸਲਾ ਹੁੰਦਾ ਤਾਂ ਨਾਲ ਖੜੀ ਫਸਲ ਨੂੰ ਮੂੰਹ ਮਾਰਨ ਲਗਦੀਆਂ। ਕਦੀ ਕੋਈ ਚਰਦੀ ਅਗਾਂਹ ਲੰਘ ਜਾਂਦੀ, ਕਦੀ ਇੱਜੜ ਅਗਾਂਹ ਲੰਘ ਜਾਂਦਾ ਤੇ ਕੋਈ ਕਿਸੇ ਮਲ੍ਹੇ ਦੇ ਪੱਤੇ ਡੁੰਗਦੀ ਪਿਛਾਂਹ। ਛੇਤੀਂ ਹੀ ਅਹਿਸਾਸ ਹੋ ਗਿਆ, ਬੱਕਰੀਆਂ ਤੇ ਪੜ੍ਹਾਈ ਨਾਲੋ-ਨਾਲ ਨਹੀਂ ਚਲ ਸਕਣੀ; ਤੇ ਉਸਨੇ ਕਿਤਾਬਾਂ ਠੱਪ ਕਰ ਅਲਮਾਰੀ 'ਚ ਸਾਂਭ ਦਿੱਤੀਆਂ, ਭਲੇ ਦਿਨਾਂ ਦੀ ਆਸ ਵਿਚ! ਇੱਜੜ ਨੂੰ ਕੱਢ ਦੇਣ ਦੀ ਕੋਸ਼ਿਸ਼ ਕੀਤੀ ਪਰ ਹਰ ਕਿਸੇ ਨੂੰ ਜਿਵੇਂ ਪਹਿਲਾਂ ਹੀ ਪਤਾ ਲਗ ਗਿਆ ਸੀ। ਗਾਹਕ ਆਉਂਦੇ, ਮੁੱਲ ਅੱਧ-ਪਚੱਧਾ ਹੀ ਦਿੰਦੇ। ਜਿਹੋ ਜਿਹੇ ਬੱਕਰਿਆਂ ਨੂੰ ਉਸਦਾ ਬਾਪ ਵੀਹ-ਪੰਝੀ 'ਚ ਵੇਚਦਾ ਸੀ, ਕੋਈ ਬਾਰਾਂ ਹਜ਼ਾਰ ਦਿੰਦਾ, ਕੋਈ ਪੰਦਰਾਂ। ਨਾ ਛਲਾਰੂਆਂ ਦਾ ਭਾਅ ਕਰਦੇ। ਇਹ ਤਾਂ ਚੰਗਾ ਹੋਇਆ ਬਚਪਨ ਤੋਂ ਹੀ ਬਾਪ ਨਾਲ ਸਾਂਭ-ਸੰਭਾਲ ਕਰਦਾ ਰਿਹਾ ਸੀ, ਉਹਨਾਂ ਨੂੰ ਹੁੰਦੀਆਂ ਅਹੁਰਾਂ ਦਾ ਵੀ ਪਤਾ ਸੀ ਤੇ ਦਵਾ-ਬੂਟੀ ਦਾ ਵੀ। ਉਹ ਵਿਰਸੇ 'ਚੋਂ ਮਿਲੀ ਸਮਝ ਦਿਨੋ-ਦਿਨ ਪਰਪੱਕ ਹੁੰਦੀ ਗਈ, ਗੁਆਚਦਾ ਗਿਆ ਇੱਜੜ ਨੂੰ ਵੇਚ ਦੇਣ ਦਾ ਸੁਪਨਾ ਤੇ ਬੱਕਰੀਆਂ ਵਾਲਾ ਸੱਬਾ ਬਣਦਾ ਗਿਆ;

ਆਪਣੇ ਬਾਪ ਭਾਗੇ ਬੱਕਰੀਆਂ ਵਾਲੇ ਦੀ ਥਾਂ ਸੱਬਾ ਬੱਕਰੀਆਂ ਵਾਲਾ; ਲੋਕਾਂ ਦੀ ਜ਼ੁਬਾਨ 'ਤੇ ਚੜਨ ਲੱਗਾ। ਜਿੰਨਾ ਉਹ ਇੱਜੜ 'ਚ ਰੁੱਝਦਾ ਗਿਆ, ਉਨੀ ਹੀ ਰਿੰਪੀ ਉਸ ਤੋਂ ਦੂਰ ਹੁੰਦੀ ਗਈ....

.....ਇਕ ਦਿਨ ਲੜਾਈ-ਝਗੜਾ ਕੁਝ ਜ਼ਿਆਦਾ ਵਧ ਗਿਆ ਤਾਂ ਉਹ ਕੱਪੜਿਆਂ ਵਾਲਾ ਅਟੈਚੀ ਵੀ ਨਾਲ ਲੈ ਗਈ ਤੇ ਆਪਣੀ ਕੁਲੀਗ ਸੁਨੀਤਾ ਦੀ ਰੂਮ-ਮੇਟ ਜਾ ਬਣੀ। ਉਸਦੇ ਜਾਣ 'ਤੇ ਉਹ ਬਹੁਤ ਟੁੱਟਿਆ, ਪਰ ਕਰੇ ਕੀ? ਇਹ ਅਜਿਹਾ ਸੁਆਲੀਆ ਨਿਸ਼ਾਨ ਸੀ, ਜਿਸ ਤੋਂ ਅਗਾਂਹ ਸੁੰਨ-ਸਰਾਂ ਨਜ਼ਰ ਆਉਂਦੀ। ਰਿੰਪੀ ਨਾਲ ਲੜਾਈ ਛੱਡ-ਛੁਡਾਅ 'ਤੇ ਜਾ ਕੇ ਹੀ ਮੁੱਕੀ ਤੇ ਉਹ ਨਵੀਂ ਤਰ੍ਹਾਂ ਢਲਣ ਲੱਗਾ। ਸਵੇਰੇ ਦੇਰ ਨਾਲ ਉੱਠਣਾ, ਅੱਠ ਕੁ ਵਜੇ ਦੇ ਆਸਪਾਸ। ਉੱਠਦਿਆਂ ਮਾਂ ਚਾਹ ਬਣਾ ਦਿੰਦੀ। ਚਾਹ ਨਾਲ ਕਦੀ ਬਿਸਕੁੱਟ, ਕਦੀ ਪਿੰਨੀ ਖਾ ਕੇ ਡਾਟ ਫੜ ਰੁੱਖਾਂ ਦਾ ਪੱਤਾ ਲੈਣ ਲਈ ਤੁਰ ਪੈਣਾ। ਵੀਹ-ਪੱਚੀ ਦਿਨਾਂ ਤਕ ਦੇ ਛਲਾਰੂਆਂ ਨੂੰ ਇੱਜੜ ਨਾਲ ਨਹੀਂ ਸੀ ਲਿਜਾਂਦਾ। ਉਹਨਾਂ ਨੂੰ ਘਰ ਹੀ ਪੱਤਾ ਪਾਉਣਾ ਹੁੰਦਾ। ਬੱਕਰੀਆਂ ਚਾਰਦੇ ਨੂੰ ਕਦੀ ਸ਼ੀਸ਼ੋ ਦਾ ਫੋਨ ਆ ਜਾਂਦਾ ਜਾਂ ਵੀਡੀਓ-ਕਾਲ। ਉਸਦੀਆਂ ਦੋ ਅਰਥੀਆਂ ਗੱਲਾਂ। ਕਦੀ ਯੂ-ਟਿਊਬ 'ਤੇ ਲੁੱਚੀਆਂ ਵੀਡੀਓ ਦੇਖਣ ਲੱਗ ਜਾਣਾ। ਇਹ ਗੱਲਾਂ ਉਸ ਅੰਦਰ ਉਤੇਜਨਾ ਦਾ ਉਫ਼ਾਨ ਭਰਨ ਲੱਗਦੀਆਂ। ਔਰਤ ਦੇਹ ਲਈ ਤਾਂਘ ਉਬਾਲੇ ਮਾਰਨ ਲਗਦੀ। ਸ਼ੀਸ਼ੋ ਤੋਂ ਬਿਨਾਂ ਪਰ ਕੋਈ ਔਰਤ/ਕੁੜੀ ਉਸਦੀਆਂ ਅੱਖਾਂ ਦਾ ਮੋੜਵਾਂ ਹੁੰਗਾਰਾ ਨਾ ਭਰਦੀ! ਰਿੰਪੀ ਨਾਲੋਂ ਤੋੜ-ਵਿਛੋੜੇ ਵੇਲੇ ਦੇ ਇਲਜ਼ਾਮ ਅਜੇ ਵੀ ਲੋਕਾਂ ਦੀ ਜ਼ੁਬਾਨ 'ਤੇ ਤੁਰੇ ਫਿਰਦੇ ਸਨ, ਸਗੋਂ ਰਸ ਲੈ ਲੈ ਕੇ ਉਹਨਾਂ 'ਚ ਵਾਧਾ ਹੁੰਦਾ ਰਹਿੰਦਾ। ਉਹਨਾਂ 'ਚੋਂ ਮਨਮਰਜ਼ੀ ਦੇ ਅਰਥ ਕੱਢੇ ਜਾਂਦੇ। ਸਾਂਝੀਆਂ-ਮੀਂਝੀਆਂ ਰਿਸ਼ਤੇਦਾਰੀਆਂ ਰਾਹੀਂ ਕਦੀ ਕੋਈ ਕਨਸੋਅ ਵੀ ਪੁੱਜ ਜਾਂਦੀ "ਆਪਣੇ ਨਾਲ ਕੰਮ ਕਰਦੇ ਕਿਸੇ ਮੁੰਡੇ ਨਾਲ ਰਹਿਣ ਲੱਗ ਪਈ ਐ!"

"ਘਰਦਿਆਂ ਨੇ ਉਸ ਨਾਲੋਂ ਸੰਬੰਧ ਤੋੜ ਲਏ ਐ। ਭਰਾ ਨੇ ਸਾਫ ਕਹਿ ਦਿੱਤਾ, ਜੇ ਇਹੀ ਲੱਛਣ ਰੱਖਣੇ ਐ, ਅਸੀਂ ਤੇਰੇ ਲਈ ਮਰ ਗਏ, ਤੂੰ ਸਾਡੇ ਲਈ।" ਇਹਨਾਂ ਗੱਲਾਂ ਨਾਲ ਉਸਦੀ ਜ਼ਿੰਦਗੀ 'ਤੇ ਕੋਈ ਫ਼ਰਕ ਨਹੀਂ ਸੀ ਪੈਣਾ, ਪਰ ਫਿਰ ਵੀ ਉਸਨੂੰ ਰਾਹਤ ਦਿੰਦੀਆਂ।

ਪਿੰਡ ਨੇੜੇ ਆ ਬੱਕਰੀਆਂ ਆਪਣੇ ਆਪ ਹੀ ਪਹੇ ਤੋਂ ਫਿਰਨੀ 'ਤੇ ਪੈ ਚੜ੍ਹਦੀ ਵਲ ਨੂੰ ਹੋ ਤੁਰੀਆਂ। ਇਥੇ ਕੁ ਫਿਰਨੀ ਦੇ ਦੋਹੀਂ ਪਾਸੀਂ ਲੋਕਾਂ ਨੇ ਘਰ ਕੋਠੀਆਂ ਉਸਾਰੀਆਂ ਹੋਈਆਂ ਸਨ ਕਿ ਫਿਰਨੀ ਗਲੀ 'ਚ ਵਟ ਗਈ ਲਗਦੀ। ਇਥੇ ਹੀ ਬਾਹਰਲੇ ਪਾਸੇ ਸ਼ੀਸ਼ੋ ਦੀ ਦੋ-ਮੰਜ਼ਲੀ ਕੋਠੀ ਸੀ, ਸਿਖ਼ਰ 'ਤੇ ਜਹਾਜ ਵਾਲੀ ਟੈਂਕੀ। ਕੋਠੀ ਦੇ ਅੰਦਰ-ਬਾਹਰ ਲੱਗੇ ਹੋਏ ਕੈਮਰੇ। ਘਰ 'ਚ ਹੁੰਦੀ ਹਰ ਗਤੀਵਿਧੀ ਨਿਗਾਹ ਹੇਠ। ਇਹ ਕੈਮਰੇ ਦੂਰ ਕੈਲੇਫੋਰਨੀਆ 'ਚ ਬੈਠੇ ਜਗਜੀਤ ਨੂੰ 'ਸਭ ਅੱਛਾ' ਦਾ ਧਰਵਾਸ ਦੇਈ ਰੱਖਦੇ। ਪਰ ਇਹਨਾਂ ਕੈਮਰਿਆਂ ਦੀ ਅੱਖ ਤੋਂ ਬਾਹਰ.....!..... ਜਦੋਂ ਉਸਨੇ ਸੱਬੇ ਨੂੰ

ਮਿਲਣਾ ਹੁੰਦਾ, ਪਿਛਲੇ ਪਾਸੇ ਦੇ ਸਵਿਚ ਆਫ਼ ਕਰ ਦਿੰਦੀ ਤੇ ਪਿਛਲੇ ਦਰਵਾਜ਼ੇ ਥਾਣੀ ਉਸਨੂੰ ਬੈੱਡਰੂਮ 'ਚ ਲੈ ਵੜਦੀ।

ਬੱਕਰੀਆਂ ਦੇ ਕਦਮ ਹੁਣ ਤੇਜ਼ ਹੋ ਗਏ ਸਨ। ਉਹਨਾਂ ਨੂੰ ਆਪਣਾ ਘਰ ਨੇੜੇ ਆਉਂਦਾ ਲੱਗਣ ਲਗ ਪਿਆ ਸੀ। 'ਜਾਨਵਰ ਵੀ ਕਿੰਨੇ ਸਿਆਣੇ ਹੁੰਦੇ ਐ! ਇਹਨਾਂ ਨੂੰ ਵੀ ਪਤਾ ਆਪਣੇ ਰੈਣ-ਬਸੇਰੇ ਦਾ..... ਬੰਦਾ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ, ਪਰ ਹੈ ਜਾਨਵਰਾਂ ਤੋਂ ਵੀ ਗਿਆ-ਗੁਜ਼ਰਿਆ! ਸਿਰ ਢੱਕਣ ਲਈ ਥਾਂ ਚਾਹੀਦੀ ਹੁੰਦੀ, ਪਰ ਬੇਲੋੜੇ ਮਹੱਲ ਖੜ੍ਹੇ ਕਰੀ ਜਾਣੇ!'

ਮੋੜ 'ਤੇ ਆ ਕੇ ਫਿਰਨੀ ਉਤਰ-ਵੰਨੀ ਮੁੜੀ ਤਾਂ ਨਾਲ ਹੀ ਉਸਦਾ ਵਾੜਾ ਸੀ। ਮਾਂ ਨੇ ਵਾੜੇ ਦਾ ਗੇਟ ਖੋਹਲਿਆ ਹੋਇਆ ਸੀ। ਮੋਟਰ ਚਲਾ ਕੇ ਚੁਬੱਚਾ ਪਾਣੀ ਨਾਲ ਭਰਿਆ। ਬੱਕਰੀਆਂ ਅਹੁਲ ਕੇ ਚੁਬੱਚੇ ਦੁਆਲੇ ਝੁਰਮਟ ਪਾਉਣ ਲੱਗੀਆਂ। ਕੁਝ ਨੂੰ ਥਾਂ ਮਿਲ ਗਈ, ਕੁਝ ਘੁਸੜ ਕੇ ਫ਼ਸਣ ਦੇ ਯਤਨ 'ਚ। ਕੋਈ ਰੱਜ ਕੇ ਪਾਸੇ ਹੁੰਦੀ ਤਾਂ ਝੱਟ ਕੋਈ ਹੋਰ ਪਾਣੀ ਨੂੰ ਮੂੰਹ ਆ ਲਾਉਂਦੀ। ਕਨਾਲ ਕੁ ਥਾਂ ਦੇ ਆਸੇ-ਪਾਸੇ ਕੀਤੀ ਹੋਈ ਚਾਰਦਿਵਾਰੀ, ਮੋਢਿਆਂ ਬਰਾਬਰ। ਪਿਛਲੇ ਤੀਸਰੇ ਕੁ ਹਿੱਸੇ 'ਚ ਛੱਤੀ ਹੋਈ ਸ਼ੈੱਡ। ਪਾਣੀ ਪੀ ਕੇ ਤਾਜ਼ਾ ਸੂਈਆਂ ਬੱਕਰੀਆਂ ਆਪਣੇ ਛਲਾਰੂਆਂ ਨੂੰ ਦੁੱਧ ਚੁੰਘਾਉਣ ਲੱਗੀਆਂ।

"ਰਤਾ ਸਵੇਲੇ ਮੁੜ ਆਇਆ ਕਰ..... ਹੁਣ ਕਦੋਂ ਵਿਹਲਾ ਹੋਏਂਗਾ?" ਕਿਰਪਾਲੋ ਨੇ ਉਸਨੂੰ ਤੂੜੀ 'ਚ ਛੋਲਿਆਂ ਦਾ ਚੂਰਾ ਰਲਾਉਣ ਲੱਗੇ ਨੂੰ ਕਿਹਾ।

"ਘਾਹ ਕਿਤੇ ਹੈ ਨੀ! ਚੋਈ ਕੰਢੇ-ਕੰਢੇ ਦੂਰ ਤੱਕ ਚਲੀਆਂ ਗਈਆਂ ਫਲਾਹੀਆਂ ਵਾਲੇ ਪੁਲ ਤਕ।" ਉਹ ਬਿਨਾਂ ਮਾਂ ਵਲ ਦੇਖਿਆਂ ਚੂਰਾ ਰਲਾਉਣ 'ਚ ਰੁੱਝਿਆ ਰਿਹਾ। ਇਹ ਗੱਲ ਲੁਕਾ ਗਿਆ, ਕੁਝ ਚਿਰ ਉਂਜ ਹੀ ਰੇਲਵੇ ਲਾਇਨ ਕੋਲ ਬੇਰੀ ਛਾਂਗ ਕੇ ਬੱਕਰੀਆਂ ਨੂੰ ਰੋਕੀ ਰੱਖਿਆ ਸੀ। ਸਾਢੇ ਕੁ ਪੰਜ ਉਥੇ ਕੀਤੇ ਸਨ ਕਿ ਪੌਣੇ ਕੁ ਛੇ ਬਾਗ ਕੋਲ ਪੁੱਜ ਸਕੇ। ਪਿੰਡੋਂ ਤੁਰਕੇ ਉਦੋਂ ਕੁ ਹੀ ਸ਼ੀਸ਼ੋ ਨੇ ਉਥੋਂ ਤੱਕ ਪੁੱਜਣਾ ਸੀ! ਸ਼ੈੱਡ ਦੀਆਂ ਕੰਧਾਂ ਨਾਲ ਬਣਾਈਆਂ ਖੁਰਲੀਆਂ 'ਚ ਉਸਨੇ ਤੂੜੀ ਟੋਕਰੀਆਂ 'ਚ ਭਰ ਸੁੱਟੀ। ਕਿਰਪਾਲੋ ਇਕ ਸੱਤ-ਅੱਠ ਦਿਨਾਂ ਦੇ ਛਲਾਰੂ ਨੂੰ ਦੁੱਧ ਚੁੰਘਣੋ ਹਟਾਉਣ ਲੱਗੀ। ਬੱਕਰੀ ਦੇ ਥਣਾਂ ਨਾਲੋਂ ਟੁੱਟਦਿਆਂ ਉਹ ਮੁੜ-ਮੁੜ ਅਹੁਲਿਆ ਪਰ ਕੁਝ ਦੂਰ ਹੋਇਆ ਤਾਂ ਇਧਰ-ਉਧਰ ਟਪੂਸੀਆਂ ਮਾਰਨ ਲੱਗਾ। ਹੋਰ ਵੀ ਜਿਹੜਾ-ਜਿਹੜਾ ਰੱਜਦਾ ਦਿਸਦਾ, ਉਸਨੂੰ ਥਣਾਂ ਤੋਂ ਹਟਾ ਦਿੰਦੀ। ਉਹਨਾਂ ਨੂੰ ਪਾਸੇ ਕਰ ਦੁੱਧ ਚੋਣ ਲੱਗੀ। ਦੁੱਧ ਚੋਂਦੀ ਨੂੰ ਦੇਖ ਸੱਬੇ ਨੇ ਕਿਹਾ, "ਅੱਜ ਪ੍ਰੋਫੈਸਰ ਹਰਦੀਪ ਪੁੱਛਦਾ ਸੀ ਦੁੱਧ ਬਾਰੇ..... ਮੈਂ ਕਹਿ 'ਤਾ ਲੈ ਜਾਇਆ ਕਰੇ!"

"ਪੈਸੇ ਕਰ ਲੈਣੇ ਸੀ ਪਹਿਲਾਂ।"

"ਦਸ ਦਿੱਤਾ... ਚਾਰ ਸੌ ਰੁਪਏ।"

"ਚੰਗਾ ਕੀਤਾ... ਉਸਦੀ ਘਰਵਾਲੀ ਬੜਾ ਨੱਕ ਚਾੜ੍ਹ-ਚਾੜ੍ਹ ਕੇ ਗੱਲਾਂ ਕਰਦੀ ਐ, ਅਖੇ, 'ਤੁਹਾਨੂੰ ਮੇਂਗਣਾ ਦੀ ਬੂ ਨੀ ਆਉਂਦੀ?"

ਬੱਕਰੀਆਂ ਦੀ ਸਾਂਭ-ਸੰਭਾਲ ਤੋਂ ਵਿਹਲਾ ਹੋ ਮੋਟਰ ਛੱਡ ਕੇ ਚੁਬੱਚੇ 'ਤੇ ਹੀ ਨਹਾ ਲਿਆ। ਫਿਰ ਗੇਟ ਬੰਦ ਕਰ ਘਰ ਵਲ ਤੁਰਿਆ। ਫਿਰਨੀ ਦੇ ਅੰਦਰਲੇ ਪਾਸੇ, ਕੁਝ ਘਰਾਂ ਨੂੰ ਛੱਡ ਕੇ ਉਹਨਾਂ ਦਾ ਘਰ ਸੀ। ਬਣਾਉਣ ਲੱਗਿਆਂ, ਘਰ ਤਾਂ ਉਸਦੇ ਬਾਪ ਨੇ ਨਵੇਂ ਡਿਜ਼ਾਇਨ ਅਨੁਸਾਰ ਖੜ੍ਹਾ ਕਰ ਲਿਆ, ਪਰ ਹੋਰ ਤਿਆਰੀ ਤਾਂ ਕੀ ਹੋਣੀ, ਕੰਧਾਂ ਵੀ ਪਲੱਸਤਰ ਨਾ ਹੋ ਸਕੀਆਂ! ਬਾਹਰਲਾ ਦਰਵਾਜ਼ਾ ਲਾ ਕੇ ਅੰਦਰ ਆ ਗਏ ਸਨ। ਡਰਾਇੰਗ-ਰੂਮ ਵਾਲੀ ਥਾਂ ਰਾਤ ਨੂੰ ਛੋਟੇ ਛਲਾਰੂਆਂ ਨੂੰ ਰੱਖਦੇ ਜਾਂ ਤਾਜ਼ਾ ਸੂਈ ਬੱਕਰੀ ਵੀ ਅੱਠ-ਦਸ ਦਿਨ। ਘਰ ਪੁੱਜਿਆ ਤਾਂ ਮਾਂ ਦਾਲ ਨੂੰ ਤੜਕਾ ਲਾ ਰਹੀ ਸੀ। ਉਹ ਟੀ.ਵੀ. ਮੂਹਰੇ ਕੁਰਸੀ 'ਤੇ ਬਹਿ ਗਿਆ। ਰੋਟੀ ਬਣਾ ਕੇ ਮਾਂ ਨੇ ਪਲੇਟ ਉਸ ਸਾਹਮਣੇ ਲਿਆ ਰੱਖੀ। ਰੋਟੀ ਖਾਂਦਿਆਂ ਵੀ ਅੱਖਾਂ ਟੀ.ਵੀ. ਵੱਲ ਲੱਗੀਆਂ ਰਹੀਆਂ, ਭਾਵੇਂ ਮਨ ਦੇਖਣ 'ਚ ਖੁੱਭ ਨਹੀਂ ਸੀ ਰਿਹਾ। ਉਥੇ ਤਾਂ ਫੈਲ ਰਿਹਾ ਸੀ ਸ਼ੀਸ਼ੋ ਦੇ ਜਿਸਮ ਦਾ ਜਲੌਅ। ਰੋਟੀ ਮੁਕਾ ਕੇ ਉਸ ਮਾਂ ਨੂੰ ਕਿਹਾ, "ਮੈਨੂੰ ਪੰਜ ਕੁ ਸੌ ਰੁਪਏ ਦੇਈਂ...... ਚੂਰਾ ਮੁੱਕਾ ਹੋਇਆ, ਦੋ ਕੁ ਦਿਨਾਂ ਜੋਗਾ ਲੈ ਆਵਾਂ.....ਫਿਰ ਵਿਹਲ ਕੱਢ ਕੇ ਪਿਸਾ ਲਵਾਂਗਾ।"

"ਆਉਂਦਿਆਂ ਚਾਹ ਪੱਤੀ ਵੀ ਲੈਂਦਾ ਆਈਂ।" ਕਿਰਪਾਲੋ ਨੇ ਪੰਜ-ਪੰਜ ਸੌ ਦੇ ਦੋ ਨੋਟ ਉਸਨੂੰ ਫੜਾਉਂਦਿਆਂ ਕਿਹਾ।

ਘਰੋਂ ਬਾਹਰ ਨਿਕਲ, ਸਿੱਧਾ ਵਿਚਲੀ ਗਲੀ ਥਾਣੀਂ ਚੱਕੀ ਨੂੰ ਜਾਣ ਦੀ ਬਜਾਏ ਫਿਰਨੀ ਥਾਣੀ ਹੋ ਤੁਰਿਆ। ਇਧਰ ਦੀ ਸ਼ੀਸ਼ੋ ਦਾ ਘਰ ਰਾਹ 'ਚ ਆਉਂਦਾ ਸੀ। ਸ਼ਾਇਦ ਆਪਣੇ ਗੇਟ 'ਚ ਖੜ੍ਹੀ ਦਿਸ ਜਾਏ। ਅੰਦਰ ਉਤੇਜਨਾ ਦਾ ਉਫ਼ਾਨ ਉਬਾਲ ਨੇੜੇ ਪਹੁੰਚ ਚੁਕਾ ਸੀ; ਕਿਹੜਾ ਵੇਲਾ ਹੋਏ, ਰਾਤ ਡੂੰਘੀ ਹੋਏ! ਭਾਵੇਂ ਉਸਨੇ ਗਿਆਰਾਂ, ਪੌਣੇ ਗਿਆਰਾਂ ਤੋਂ ਪਹਿਲਾਂ ਆਉਣ ਲਈ ਨਹੀਂ ਸੀ ਫੋਨ ਕਰਨਾ, ਜਦੋਂ ਤਕ ਚੁਪ-ਚਾਂ ਨਾ ਪਸਰ ਜਾਂਦੀ। ਉਸਦਾ ਬਾਹਰਲਾ ਗੇਟ ਬੰਦ ਸੀ। ਉਸਨੂੰ ਘੋਰ ਨਿਰਾਸ਼ਾ ਹੋਈ।

ਚੱਕੀ ਦੇ ਬਾਹਰ ਚੌਕ 'ਚ ਰਾਧੇ ਪੰਡਿਤ ਨਾਲ ਹੋਰ ਵੀ ਤਿੰਨ-ਚਾਰ ਜਣੇ ਖੜ੍ਹੇ ਸਨ। ਉਹਨਾਂ ਨਾਲ ਗੱਲ ਨੂੰ ਵਿਚੇ ਰੋਕ ਕੇ ਰਾਧੇ ਨੇ ਉਸਨੂੰ ਚੂਰਾ ਤੋਲ ਕੇ ਦਿੱਤਾ ਤੇ ਉਸ ਨਾਲ ਹੀ ਬਾਹਰ ਨਿਕਲ ਆਇਆ। ਆਉਂਦਿਆਂ ਨੂੰ ਕਰਤਾਰਾ ਚੁਗਲ ਦਸ ਰਿਹਾ ਸੀ, "ਮਾਨਾਂ ਦੇ ਪ੍ਰੋਫੈਸਰ ਨੇ ਆਪਣੀ ਆਬਾਦੀ ਵਾਲਾ ਹਿੱਸਾ ਆਪਣੇ ਭਰਾ ਨੂੰ ਬਾਰਾਂ ਲੱਖ 'ਚ ਵੇਚ ਦਿੱਤਾ।"

"ਲਗਦਾ, ਸ਼ਹਿਰ 'ਚ ਪਲਾਟ ਖਰੀਦੇਗਾ।" ਇਹ ਤਿਰਲੋਕਾ ਸੀ।

"ਸੁਆਹ ਤੇ ਖੇਹ..... ਕਾਰ ਦੀਆਂ ਕਿਸ਼ਤਾਂ ਵਾਲੇ ਤੀਏ ਦਿਨ ਲਾਹ-ਪਾਹ ਕਰਕੇ ਜਾਂਦੇ ਐ!"

" ਪਿੰਡ 'ਚ ਹੋਈ ਪਤਾ ਨਹੀਂ ਕੀ ਜਾਂਦਾ... ਇਕ ਦੂਜੇ ਦੀ ਰੀਸੇ ਸਾਰੇ ਆਪਣਾ ਆਪ ਉਜਾੜਨ ਦੇ ਰਾਹ ਤੁਰੇ ਹੋਏ ਆ। ਨੰਜਣ ਨੇ ਵੀ ਤਾਂ ਦੋ ਕਿੱਲੇ ਵੇਚਕੇ ਕੈਲੇ ਨੂੰ ਅਮਰੀਕਾ ਕੱਢਿਆ ਸੀ'।"

"ਬਚੀ ਦੋ ਕਿੱਲੇ ਵੀ ਬਚਦੀ ਨਈਂ ਲਗਦੀ। ਕਹਿੰਦੇ ਟਰੰਪ ਫੜਿਆਂ ਸਾਰਿਆਂ

ਨੂੰ ਵਾਪਸ ਭੇਜ ਰਿਹਾ ਜਹਾਜ ਭਰ-ਭਰ।"

"ਜਦੋਂ ਅੱਡੀਆਂ ਚੁਕ-ਚੁਕ ਫਾਹਾ ਲੈਣਾ...!... ਆਹ ਪ੍ਰੋਫੈਸਰ ਕੋਲ ਪੁਰਾਣਾ ਚੰਗਾ ਭਲਾ ਘਰ ਸੀ। ਪਹਿਲਾਂ ਕਿੱਲਾ ਵੇਚਕੇ ਕੋਠੀ ਪਾਈ, ਹੁਣ ਅਬਾਦੀ ਗਈ... ਪਰ ਕੱਪੜਿਆਂ, ਰਹਿਣ-ਸਹਿਣ 'ਚ ਕੋਈ ਫਰਕ ਨਈਂ। ਘਰਵਾਲੀ ਸੈਰ ਲਈ ਵੀ ਪਰੈਸ ਕੀਤੇ ਕੱਪੜੇ ਪਾ ਕੇ ਨਿਕਲੂ।"

"ਇਹ ਨਵਾਂ ਪਾਖੰਡ ਸ਼ੁਰੂ ਹੋ ਗਿਆ..... ਪਿੰਡ ਦੇ ਅੱਧੇ ਬੰਦੇ-ਤੀਵੀਆਂ ਸ਼ਾਮ ਨੂੰ ਤੁਰੇ ਹੁੰਦੇ ਐ..... ਘਰਾਂ 'ਚ ਕੰਮ ਨੀ ਕਰਨਾ.....'!" ਡੇਅਰੀ ਵਾਲੇ ਰਾਮ ਸਿੰਘ ਦੇ ਅੰਦਰੋਂ ਆਪਣਾ ਦੁੱਖ ਛਲਕਿਆ। ਬੈਂਕ 'ਚ ਨੌਕਰੀ ਕਰਦੀ ਉਸਦੀ ਨੂੰਹ ਨੂੰ, ਸੱਸ ਦੇ ਹੱਥਾਂ ਦੀ ਰੋਟੀ ਖਾਣੀ ਔਖੀ ਲਗਦੀ। "ਗੋਹਾ ਨਹੁੰਆਂ 'ਚੋਂ ਨਿਕਲਦਾ ਕਿਥੇ ਐ!" ਉਹ ਕਈ ਵਾਰ ਸਿੱਧਾ ਹੀ ਕਹਿ ਦਿੰਦੀ। "ਮੁੰਡਾ ਲੇਲੇ ਵਾਂਗ ਉਸਦੇ ਅੱਗੇ-ਪਿੱਛੇ ਘੁੰਮਦਾ ਮਜ਼ਾਲ ਐ, ਉਸਦੀ ਕਿਸੇ ਗੱਲ ਨੂੰ ਟੋਕੇ।"

"ਕੁੰਡਾ ਨੀ ਰਿਹਾ! ਨਾ ਘਰਾਂ 'ਚ, ਨਾ ਸਮਾਜ 'ਚ।"

ਉਹ ਕੁਝ ਚਿਰ ਰੁਕਿਆ ਰਿਹਾ, ਪਰ ਗੱਲਾਂ 'ਚ ਕੋਈ ਦਖ਼ਲ-ਅੰਦਾਜ਼ੀ ਨਾ ਕੀਤੀ। ਕਰਦਾ ਵੀ ਕੀ! ਉਹ ਕਿਹੜਾ ਘੱਟ ਭੁਗਤ ਰਿਹਾ ਸੀ। ਆਪਣੇ ਪੈਰ ਨਹੀਂ ਛੱਡੇ ਤਾਂ ਉਲਟੇ ਹੋਰ ਸਿਆਪੇ... ਘਰ ਟੁੱਟ ਗਿਆ, ਰਿਸ਼ਤੇਦਾਰੀ 'ਚੋਂ ਕੋਈ ਮੂੰਹ ਨਹੀਂ ਕਰਦਾ। ਕਿਤੇ ਫਸੀ ਨੂੰ ਆਉ ਵੀ ਤਾਂ ਮਜਾਲ ਐ, ਰਾਤ ਰਿਹਾ ਹੋਵੇ! ਰਿੰਪੀ ਵਾਂਗ ਸਿੱਧਾ ਮਿਹਣਾ ਭਾਵੇਂ ਨਹੀਂ ਦਿੰਦੇ, 'ਹਰ ਪਾਸਿਉਂ ਮੀਂਗਣਾ ਦੀ ਬਦਬੋਅ ਆਉਂਦੀ ਐ।' ਪਰ ਉਨ੍ਹਾਂ ਦੇ ਚਿਹਰੇ 'ਤੇ ਇਹੀ ਉਕਰਿਆ ਹੁੰਦਾ। ਘਰ ਆ ਚੂਰੇ ਵਾਲਾ ਥੈਲਾ ਗੇਟ ਦੇ ਅੰਦਰਲੇ ਪਾਸੇ ਰੱਖਿਆ ਤੇ ਚਾਹ-ਪੱਤੀ ਦਾ ਪੈਕਟ ਰਸੋਈ 'ਚ। ਕਿਰਪਾਲੋ ਬਰਤਨ ਸਾਫ ਕਰਨ ਲੱਗੀ ਹੋਈ ਸੀ। ਉਹ ਮੁੜ ਟੀ.ਵੀ. ਸਾਹਮਣੇ ਬਹਿ ਗਿਆ। ਧਿਆਨ ਵਾਰ-ਵਾਰ ਮੋਬਾਇਲ 'ਤੇ ਜਾਂਦਾ। ਸ਼ਾਇਦ ਉਸਦਾ ਮੈਸਿਜ ਆ ਗਿਆ ਹੋਵੇ! ਪਰ.... ਇਹ ਕੀ? 'ਗੈਸਟ ਆ ਗਏ ਐ। ਅੱਜ ਨੀ ਮਿਲ ਹੋਣਾ!' ਮੈਸਿਜ ਪੜ੍ਹਕੇ ਆਕਾਸ਼ ਤੋਂ ਉੱਡਦਾ ਜਿਵੇਂ ਧੜੰਮ ਧਰਤੀ 'ਤੇ ਆ ਡਿਗਿਆ! ਕਿਥੇ ਰੰਗੀਨ ਸੁਪਨਿਆਂ ਦੀ ਝਿਲਮਿਲ ਤੇ ਕਿੱਥੇ.....?..... ਕੀ ਕਰੇ। ਉਸਦੇ ਹੱਥ-ਵੱਸ ਕੀ ਸੀ? ਫੋਨ ਵੀ ਨਹੀਂ ਸੀ ਕਰ ਸਕਦਾ। ਉਸਨੇ ਸਖ਼ਤੀ ਨਾਲ ਮਨ੍ਹਾ ਕੀਤਾ ਹੋਇਆ ਸੀ, "ਫੋਨ ਜਾਂ ਮੈਸਜ਼ ਨੀ ਕਰਨਾ! ਸਮਾਂ ਦੇਖ ਆਪ ਹੀ ਕਰਿਆ ਕਰਾਂਗੀ।" ਬਿਲਕੁੱਲ ਬੇਵਸੀ ਦੀ ਸਥਿਤੀ...... ਅੰਦਰ-ਬਾਹਰ ਫੈਲਣ ਲੱਗੀ ਸੀ ਇਕ ਸੜਣ। ਇਸਦੇ ਸੇਕ 'ਚ ਝੁਲਸਦਾ ਅੰਗ-ਅੰਗ। ਝੁਲਸਣ/ਸੜਨ ਦੀ ਬੂ ਜ਼ਿਹਨ 'ਚ ਫੈਲ ਕੇ ਉਥੇ ਵੀ ਧੂੰਆਂ-ਧੂੰਆਂ ਕਰਦੀ ਹੋਈ। ਸੜਣ ਜਰਨੀ ਔਖੀ ਹੋਣ ਲੱਗੀ ਤਾਂ ਉਹ ਮੋਬਾਇਲ ਫੜ ਉੱਠ ਪਿਆ, "ਮਾਤਾ ਗੇਟ ਨੂੰ ਅੰਦਰੋਂ ਕੁੰਡੀ ਲਾ ਲੈ..... ਮੈਂ ਵਾੜੇ 'ਚ ਸੌਣ ਚੱਲਿਆਂ।"

ਆਪਣੇ ਕੰਮ 'ਚ ਰੁਝੀ ਕਿਰਪਾਲੋ ਪਰ, ਉਸ ਅੰਦਰੋਂ ਉੱਠ ਰਹੀ ਇਸ ਬੂ ਨੂੰ ਸੁੰਘ ਨਾ ਸਕੀ!

ਕਹਾਣੀ

# ਵਾਰਨੇ

-ਜਸਪਾਲ ਕੌਰ

ਉੱਠ ਪੁੱਤ ਤਿਆਰ ਹੋ ਜਾ, ਮਾੜਾ ਮੋਟਾ ਮੂੰਹ ਵਿਖਾ ਆ ਤੂੰ ਵੀ। ਅੱਜ ਜੰਞ ਆ, ਕੱਲ੍ਹ ਸ਼ਗਨ 'ਤੇ ਵੀ ਨਹੀਂ ਗਿਆ ਤੂੰ। ਸਵਰਨ ਕੌਰ ਆਪਣੇ ਵਿੱਟਰ ਕੇ ਬੈਠੇ ਪੁੱਤ ਨੂੰ ਜੰਞੇ ਜਾਣ ਦੇ ਵਾਸਤੇ ਪਾ ਰਹੀ ਸੀ।

'ਕੁਝ ਨਹੀਂ ਲਗਦੇ ਸਾਡੇ ਇਹ। ਵੱਡਾ ਤਾਇਆ ਬਣਿਆ ਫਿਰਦਾ।'

ਤੇ ਨਾ ਈ ਕੱਪੜੇ ਹੈਗੇ ਚੱਜ ਦੇ ਪਾਉਣ ਵਾਲੇ। ਸਾਡੀ ਹਾਜ਼ਰੀ ਦੀ ਲੋੜ ਹੁੰਦੀ ਤੇ ਮਾੜੇ ਵੇਲੇ ਖਲੋਂਦੇ ਸਾਡੇ ਨਾਲ।'

ਸਵਰਨ ਕੌਰ ਨੂੰ ਛੋਟ ਨਹੀਂ ਸੀ ਤੇ ਉਹਨੇ ਆਪਣਾ 'ਚੱਜ' ਦਾ ਸੂਟ ਕੱਢਿਆ ਤੇ ਬਿਨਾਂ ਪੁੱਤ ਨਾਲ ਜਿਰਾਹ ਕੀਤੇ ਕਿਸੇ ਰਿਸ਼ਤੇਦਾਰ ਦੀ ਗੱਡੀ 'ਚ ਖਾਲੀ ਸੀਟ ਪੁੱਛ ਕੇ ਬਹਿ ਗਈ।

ਕੱਲ੍ਹ ਵਾਂਗ ਅੱਜ ਵੀ ਕਿਹੜਾ ਕੋਈ ਘਾਟਾ ਸੀ। ਲੋਕ ਈ ਲੋਕ। ਪਹਿਨੇ ਪੱਚਰੇ। ਖਾਂਦੇ ਪੀਂਦੇ। ਹੱਸਦੇ ਨੱਚਦੇ।

ਜਠਾਣੀ ਦਾ ਟੌਹਰ ਝੱਲਿਆ ਨਹੀਂ ਸੀ ਜਾਂਦਾ। ਬਰੀਕ ਕਢਾਈਆਂ ਵਾਲਾ ਸੂਟ ਤੇ ਗਹਿਣਾ ਗੱਟਾ ਉਹਦੀ ਭਾਰੀ ਹੋਂਦ ਦਾ ਸਬੂਤ ਸੀ।

ਮੁੰਡਾ ਕੁੜੀ ਫੇਰਿਆਂ ਮਗਰੋਂ ਨਵੀਂ ਜੋੜੀ 'ਤੇ ਢੁਕਦੇ ਗੀਤਾਂ ਤੇ ਨੱਚ ਰਹੇ ਸਨ।

ਲੋਕ ਆਪੋ ਆਪਣੇ ਰਿਸ਼ਤੇਦਾਰਾਂ ਨਾਲ ਸਜੇ ਹੋਏ ਮੇਜ਼ਾਂ ਕੁਰਸੀਆਂ 'ਤੇ ਬੈਠੇ ਸਨ।

ਸਵਰਨ ਕੌਰ ਕੱਲੀ ਬੈਠੀ ਸੀ। ਸ਼ਰੀਕੇ ਚੋਂ ਲਗਦੀਆਂ ਦਰਾਣੀਆਂ-ਜਠਾਣੀਆਂ ਆਣ ਉਹਦੇ ਕੋਲ ਬਹਿ ਗਈਆਂ।

'ਕੀ ਗੱਲ ਮੁੰਡੇ ਦੀ ਚਾਚੀ ਕੱਲੀ ਬੈਠੀ, ਕਰ ਕੋਈ ਸ਼ਗਨ ਵਿਹਾਰ ਤੂੰ ਵੀ ਭੈਣ'।

'ਕਰਨ ਵਾਲੇ ਕਰਨ ਡਹੇ ਨੇ, ਸਾਡੇ ਤੇ ਵਿਹਾਰ ਖ਼ਤਮ ਹੋ ਗੇ ਭੈਣ'। ਸਵਰਨ ਕੌਰ ਨਪੇ ਤੁਲੇ ਜਵਾਬ ਨਾਲ ਹੁੰਗਾਰਾ ਭਰਦੀ ਏ।

'ਸਵਰਨ ਕੁਰੇ ਡਾਹਢੇ ਨਾਲ ਕਾਹਦਾ ਆਹਢਾ'।

ਸਵਰਨ ਕੌਰ ਬਿਨਾਂ ਹੁੰਗਾਰਾ ਭਰੇ ਹੱਥ ਜੋੜ ਦਿੰਦੀ ਏ। ਜਿਵੇਂ 'ਡਾਹਢੇ' ਦੀ ਸ਼ਰਨ ਵਿੱਚ ਚਲੀ ਗਈ ਹੋਵੇ।

ਡੀ ਜੇ ਤੇ ਉੱਚੀ ਆਵਾਜ਼ ਵਿੱਚ ਗਾਣਾ ਵੱਜ ਰਿਹਾ ਸੀ। ਵਿਆਹ ਵਾਲੇ ਮੁੰਡੇ ਦੇ ਯਾਰ ਦੋਸਤ ਪੂਰੇ ਮੱਛਰੇ ਸਨ ਤੇ ਬਾਹਵਾਂ ਚੁੱਕ-ਚੁੱਕ ਭੰਗੜਾ ਪਾਉਂਦੇ। ਮੁੰਡੇ ਦਾ ਪਿਓ ਨੱਚਦੇ ਮੁੰਡਿਆਂ ਤੋਂ ਪੈਸੇ ਵਾਰ ਵਾਰ ਸੁੱਟ ਰਿਹਾ ਸੀ। ਸਵਰਨ ਕੌਰ ਦੂਰ ਮੇਜ਼ 'ਤੇ

ਬੈਠੀ ਜੇਠ ਦੇ ਹੱਥ ਫੜੀ ਨੋਟਾਂ ਦੀ ਦੱਥੀ ਵੇਖਦੀ, ਫੇਰ ਉੱਡਦੇ ਨੋਟ ਵੇਖਦੀ ਤੇ ਨਾਲ ਈ ਉਹਦੀ ਨਜ਼ਰ ਪੈਸੇ 'ਕੱਠੇ ਕਰਦਿਆਂ ਵੱਲ ਵੀ ਜਾਂਦੀ।

ਹਵਾ 'ਚ ਉੱਡ-ਉੱਡ ਥੱਲੇ ਡਿੱਗਦੇ ਨੋਟਾਂ ਦੇ ਨਾਲ-ਨਾਲ ਨੋਟ ਚੁੱਕਣ ਵਾਲੇ ਵੀ ਨੀਵੇਂ ਲੱਕ ਹੁੰਦੇ। ਜਿੱਥੇ-ਜਿੱਥੇ ਨੋਟ ਡਿੱਗਦਾ ਉਹਨਾਂ ਦੇ ਪੱਬ ਕਦੇ 'ਗਾਂਹ ਕਦੇ ਪਿਛਾਂਹ ਹੁੰਦੇ। ਜਿਵੇਂ ਉਹ ਵੀ ਨੱਚ ਰਹੇ ਹੋਣ। ਸਿਰ 'ਠਾਂਹ ਕਰਕੇ ਤੇ ਬਾਹਵਾਂ ਆਸੇ-ਪਾਸੇ ਪਸਾਰ ਕੇ। ਉਹਨਾਂ ਦੇ ਨਾਚ ਵਿੱਚ ਰੁਦਨ ਸੁਣਾਈ ਦਿੰਦਾ ਤੇ ਹੱਥ ਤਾਹਨੇ ਦਿੰਦੇ ਜਾਪਦੇ।

ਵਿਆਹ ਵਾਲਾ ਮੁੰਡਾ ਤੇ ਉਹਦੇ ਯਾਰ ਦੋਸਤ ਸਿਰ 'ਤਾਂਹ ਕਰਕੇ ਤੇ ਬਾਹਵਾਂ ਹਵਾ 'ਚ ਖਲਾਰ ਨੱਚਦੇ।

"ਮਾਲਕਾ ਕਿਹੋ ਜਿਹੇ ਨਾਚ ਨਚਾਉਂਦਾ ਏ ਤੂੰ? ਹਰ ਕਿਸੇ ਲਈ ਵੱਖਰਾ ਨਾਚ।" ਹਉਕਾ ਲੈ ਕੇ ਮੇਜ਼ 'ਤੇ ਬੈਠੀ ਨੇ ਜੂਸ ਦਾ ਗਲਾਸ ਥੱਲੇ ਰੱਖਿਆ, ਜਿਵੇਂ ਉਹਦੇ ਹਾਉਕੇ ਨਾਲ ਤਪ ਕੇ ਬੇਸੁਆਦਾ ਹੋ ਗਿਆ ਹੋਵੇ।

ਕੋਲ ਬੈਠੀ ਦਰਾਣੀ ਲਗਦੀ ਨੇ ਉਹਦਾ ਅੰਦਰ ਭਾਂਪ ਲਿਆ ਤੇ ਅਫਸੋਸ ਦੀ ਮਲ੍ਹਮ ਲਾਉਂਦਿਆਂ ਬੋਲੀ, "ਕੀ ਸੀ ਜੇ ਭਰਾ ਦੀ ਬਾਂਹ ਫੜ ਲੈਂਦਾ ਤਾਂ। ਰੱਬ ਨੇ ਬਥੇਰਾ ਦਿੱਤਾ ਸੀ।"

ਸਵਰਨ ਕੌਰ ਚੁੱਪ ਸੀ। ਦਾਅ੍ਵਿਆਂ ਦਿਲਾਸਿਆਂ ਨਾਲ ਉਹਦਾ ਅੰਦਰ ਨਹੀਂ ਠਰਦਾ ਸੀ। ਅੱਗ ਬਲਦੀ ਸੀ ਹਰ ਵੇਲੇ। ਸਾੜ ਕੇ ਸਵਾਹ ਕਰਨ ਵਾਲੀ ਅੱਗ। ਨਹੀਂ, ਤਪਾਅ ਤਪਾਅ, ਸੇਕ ਲਵਾਅ-ਲਵਾਅ ਅੜਾਟ ਕਢਾਉਣ ਵਾਲੀ ਭੱਠੀ ਬਲ਼ਦੀ ਸੀ। ਜੀਹਦੇ ਵਿੱਚ ਮਘਦੇ ਅੰਗਿਆਰ ਕਦੇ ਠਰਨੇ ਨਹੀਂ ਸਨ। ਇਹ ਅੰਗਿਆਰ ਤੇ ਉਹਦੇ ਹੌਂਕਿਆਂ ਦੀ ਹਾਅ ਨਾਲ ਹੋਰ ਮਘਦੇ ਤੇ ਤਪਾਉਂਦੇ ਰਹਿੰਦੇ ਉਹਨੂੰ।

ਚਿੱਟੀ-ਕਾਲੀ ਵਰਦੀ ਪਾਈ ਬਹਿਰੇ ਨਾਲ-ਨਾਲ ਮੇਜ਼ਾਂ ਦੁਆਲਿਓਂ ਜੂਠੇ ਕੱਪ, ਪਲੇਟਾਂ ਚੁੱਕ-ਚੁੱਕ ਬਾਲਟੀ 'ਚ ਪਾਉਂਦੇ। ਇੱਕ ਨੇ ਬਾਲਟੀ ਫੜੀ ਸੀ ਤੇ ਦੂਜਾ ਵਿੱਚ ਪਾਈ ਜਾਂਦਾ। ਅੱਧ ਖਾਧੀਆਂ ਟਿੱਕੀਆਂ ਤੇ ਫਰੂਟ ਚਾਟ ਦੇ ਛੱਡੇ ਟੁਕੜਿਆਂ ਵੱਲ ਵੇਖਣ ਦੇ ਬਾਵਜੂਦ ਬਿਨਾਂ ਕੋਈ ਹਾਵ-ਭਾਵ ਦਿੱਤੇ ਪਲੇਟਾਂ 'ਕੱਠੇ ਕਰੀ ਜਾਂਦੇ। ਜਿਵੇਂ ਉਹ ਮਸ਼ੀਨਾਂ ਹੋਣ, ਉਹਨਾਂ ਦੇ ਸਿਰਫ਼ ਹੱਥ ਹਿਲਦੇ ਹੋਣ।

ਸਵਰਨ ਕੌਰ ਓਥੋਂ ਉੱਠ ਕੇ ਬਾਹਰ ਜਾਂਦੀ ਏ ਤੇ ਹਾਲ ਦੇ ਬਾਹਰ ਇਕ ਮੈਲ਼ੇ ਕੁਚੈਲ਼ੇ ਕੱਪੜੇ ਪਾਈ ਔਰਤ ਆਪਣੇ ਸੱਤਾਂ ਅੱਠਾਂ ਸਾਲਾਂ ਦੇ ਬੱਚੇ ਨੂੰ ਬਚਿਆ-ਖੁਚਿਆ ਖਾਣਾ ਖਾਣ ਤੋਂ ਰੋਕ ਰਹੀ ਸੀ।

ਸੇਬ ਦੀ ਫਾੜੀ ਪਲੇਟ 'ਚੋਂ ਚੁੱਕਣ ਲੱਗੇ ਨੂੰ ਉਸ ਔਰਤ ਨੇ ਰੋਕਿਆ, "ਜੂਠ ਨਾ ਖਾਹ, ਔਥੇ ਜਾ ਕੇ ਨੋਟ 'ਕੱਠੇ ਕਰ ਤੂੰ, ਕੋਈ ਪੰਜਾਹ ਸੱਠ ਬਣਾ ਲਾ।"

ਬੱਚੇ ਨੂੰ ਧੱਕ-ਧੱਕ ਅੰਦਰ ਘੱਲ ਹੀ ਦਿੰਦੀ ਹੈ। ਮੁੰਡਾ ਪੰਜੀਂ ਸੱਤੀਂ ਮਿੰਟੀ ਮੁੜ

ਆਉਂਦਾ ਹੈ।

"ਬੀਬੀ ਡੀ ਜੇ ਆਲੇ ਨੀਂ ਚੁੱਕਣ ਦਿੰਦੇ, ਆਂਹਦੇ, ਇਹ ਸਾਡੇ ਆ। ਦੋ ਹੀ ਲੱਭੇ ਬੱਸ।"

ਦਸਾਂ-ਦਸਾਂ ਦੇ ਦੋ ਨੋਟ ਆਪਣੀ ਮਾਂ ਨੂੰ ਫੜਾਉਂਦਿਆਂ ਬੱਚਾ ਬੋਲਿਆ।

ਕੋਈ ਨਾ ਕੋਈ ਰਸਮ ਚੱਲੀ ਜਾ ਰਹੀ ਸੀ।

ਬਣੀ ਠਣੀ ਲਹਿੰਗੇ 'ਚ ਸੱਜੀ ਪੰਜ ਸੱਤ ਭਾਬੀਆਂ ਭੈਣਾਂ ਦੇ ਝੁੰਡ ਵਿੱਚ ਕਿਸੇ ਰਾਜਕੁਮਾਰੀ ਵਾਂਗੂੰ ਪੱਬ ਧਰਦੀ ਆਉਂਦੀ ਵਹੁਟੀ ਤੇ ਸਾਹਮਣੇ ਪਿਛਲੇ ਪੈਰੀਂ ਤੁਰਦਾ ਫੋਟੋਗਰਾਫਰ ਉਹਦੀ ਹਰ ਅਦਾ ਨੂੰ ਕੈਦ ਕਰਦਾ ਸਟੇਜ ਤੱਕ ਪਹੁੰਚਦਾ ਹੈ।

ਉਧਰ ਡੀ ਜੇ ਤੇ ਹੁਣ ਗਾਣਾ ਬਦਲ ਜਾਂਦਾ ਏ, 'ਜੇ ਹੱਕ ਜਿਹਾ ਜਤਾਉਣਾ ਜੱਟੀ 'ਤੇ ਵੇ ਲੈ ਜੀ ਬੰਨ੍ਹ ਕੇ ਸੁਹਣਿਆਂ ਸਿਹਰੇ....'

ਗਾਣੇ ਦੇ ਬੋਲ ਸੰਗੀਤਮਈ ਸਕੂਨ ਬਣ ਨੇੜਲਿਆਂ ਦੇ ਚਿਹਰਿਆਂ 'ਤੇ ਫ਼ੈਲ ਜਾਂਦੇ। ਜਿਵੇਂ ਇਹ ਸਭ ਉਹਨਾਂ ਲਈ ਬਣਿਆ ਹੋਵੇ ਤੇ ਪਲ ਪਲ ਛਿਣ ਛਿਣ ਮਾਣਦੇ ਰਸਮਾਂ ਕਰਦੇ ਕੁੜੀ ਸਟੇਜ ਤੇ ਸੋਹਣੇ ਸੋਫੇ 'ਤੇ ਬੈਠੀ ਸੀ ਤੇ ਆਲੇ-ਦੁਆਲੇ ਕਈ ਤਰ੍ਹਾਂ ਦਾ ਕੀਮਤੀ ਨਿੱਕ ਸੁੱਕ ਪਿਆ ਸੀ ।

ਸਵਰਨ ਕੌਰ ਨੂੰ ਵੀ ਆਪਣਾ ਸੋਹਣਾ ਚੇਤੇ ਆਇਆ, ਸਿਹਰੇ ਬੰਨ੍ਹ ਕੇ ਲੈ ਜਾਣ ਵਾਲਾ।

'ਸ਼ਗਨ ਭਾਵੇਂ ਵਿਚੋਲਾ ਈ ਫੜਾ ਗਿਆ ਸੀ। ਨੀਵੀਂ ਪਾਈ ਬੈਠੀ ਦੇ ਸਿਰ ਚੁੰਨੀ ਧਰ ਦਿੱਤੀ ਸੀ। ਜੋੜੀ ਤੋਂ ਪੈਸੇ ਤਾਂ ਮੇਰੇ ਜ਼ਮਾਨੇ ਵਿੱਚ ਵੀ ਵਾਰੇ ਸਨ। ਲਾਲ ਰੰਗ ਦੀ ਸ਼ਨੀਲ ਦੀ ਗੁਥਲੀ ਵਿੱਚ ਕੁਝ ਭਾਨ ਸੀ ਜੀਹਦੀ ਮੁੱਠ ਭਰ ਕੇ ਸਾਡੇ ਸਿਰਾਂ ਤੋਂ ਵਾਰੀ ਸੀ ਤੇ ਫੇਰ ਦੋ ਤਿੰਨ ਮੁੱਠਾਂ ਹੋਰ। ਭਾਨ ਦੀ ਛਣਕਾਰ ਦੀ ਗੂੰਜ ਅੱਜ ਵੀ ਯਾਦ ਏ ਮੈਨੂੰ'। ਸੋਚਦੀ ਦੇ ਮੂੰਹ ਤੇ ਮੁਸਕਾਨ ਦੀ ਪਤਲੀ ਲਹਿਰ ਫੇਰੀ ਪਾ ਜਾਂਦੀ।

'ਪਤਾ ਨਹੀਂ ਕਦੋਂ ਭਾਨ ਰੁਪਈਆਂ 'ਚ ਵੱਟ ਗਈ ਤੇ ਛਣਕਾਰ ਦੀ ਥਾਂ ਲਲਕਾਰੇ ਵੱਜਣ ਲੱਗ ਪਏ। ਪੈਸੇ ਦੀਆਂ ਗੱਲਾਂ ਸਭ'। ਮੁਸਕਾਨ ਨਾਲ ਝੋਰੇ ਨੇ ਪੂਰੀ ਅੜ ਲਾਈ ਸੀ। ਨਾਲ ਈ ਫੇਰੀ ਪਾਉਣ ਉਦਾਸੀ, ਚਿੰਤਾ, ਝੋਰੇ ਹੋਰੀਂ 'ਕੱਠੇ ਹੋ ਆ ਜਾਂਦੇ।

ਸਵਰਨ ਕੌਰ ਦੀ ਸੱਸ ਵੀ ਛੇਤੀ ਤੁਰ ਗਈ ਸੀ। ਬੀਬੀ ਆਖ ਬੁਲਾਉਂਦੇ ਹੁੰਦੇ ਸੀ ਸਾਰੇ। ਜੇ ਉਹ ਕੁਝ ਚਿਰ ਹੋਰ ਜਿਊਂਦੀ ਰਹਿੰਦੀ ਤੇ ਸ਼ਾਇਦ ਉਹਦਾ ਟੱਬਰ ਵੀ ਸੌਖੇ ਸਾਹ ਭਰਦਾ।

'ਖੌਰੇ ਮਾਂ ਦੇ ਲਿਹਾਜ਼ ਨੂੰ ਭਰਾ ਵੀ ਦਮ ਭਰਦਾ। ਹੁਣ ਤਾਂ ਉਹ ਸਿਰਫ਼ ਮੇਰਾ ਜੇਠ ਈ ਆ।'

ਸਿਆਣੇ ਕਹਿੰਦੇ 'ਕੱਠ 'ਚ ਬਰਕਤ ਹੁੰਦੀ ਏ। ਬਰਕਤਾਂ ਲੈ ਕੇ ਬਾਹਰ ਉੱਡ

ਗਿਆ ਤੇ ਮਗਰਲਿਆਂ ਨੂੰ ਦੋ ਚਾਰ ਗੇੜਿਆਂ ਮਗਰੋਂ ’ਕੱਠ ਤੋਂ ’ਕੱਲ ਦੇ ਦਿੱਤੀ।

ਕਿੱਦਾਂ ਭੁੱਲਾਂ ਜਦੋਂ ਜਠਾਣੀ ਨੇ ਬੱਚਿਆਂ ਦੇ ਭਵਿੱਖ ਲਈ ਬਾਹਰ ਜਾਣ ਨੂੰ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਭਾਵੇਂ ਆਪ ਗਿਆਰਾਂ ਬਾਰ੍ਹਾਂ ਪੜ੍ਹੀ ਸੀ ਪਰ ਚੰਗੀ ਸਮਝ ਰੱਖਦੀ ਸੀ।

ਪਹਿਲਾਂ ਆਪ ਵਰਕ ਪਰਮਿਟ ਲੈ ਕੇ ਦੁਬਈ ਚਲਾ ਗਿਆ ਤੇ ਫੇਰ ਓਥੋਂ ਕੋਈ ਬੰਨ੍ਹ-ਸੁਭ੍ਹ ਕਰਕੇ ਕਨੈਡਾ ਚਲਾ ਗਿਆ।

‘ਚੱਲ ਪੁੱਤ ਤੂੰ ਘਰ-ਬਾਹਰ ਸਾਂਭੀ ਤੇ ਵੱਡਾ ਜਦੋਂ ਓਥੇ ਸੈੱਟ ਹੋਜੂ ਤੈਨੂੰ ਵੀ ਬੁਲਾ ਲਊ’ ਬੀਬੀ ਨੇ ਆਖਣਾ।

ਉਹਨੇ ਬੁਲਾਇਆ ਤੇ ਜ਼ਰੂਰ ਪਰ ਆਪਣੇ ਘਰਵਾਲ਼ੀ ਤੇ ਨਿਆਣਿਆਂ ਨੂੰ ਤੇ ਸਾਡੀ ਫਾਈਲ ਲਾਉਣ ਦਾ ਧਰਵਾਸਾ ਦੇ ਦਿੱਤਾ।

ਅਸੀਂ ਦੋਵੇਂ ਜੀਅ ਖੁਸ਼। ਪੱਬ ਚੁੱਕ-ਚੁੱਕ ਤੁਰਦੇ ਤੇ ਭੱਜ-ਭੱਜ ਕੰਮ ਕਰਦੇ। ਮਗਰੋਂ ਛੇਤੀ ਹੀ ਅਸੀਂ ਪੱਬ ਘਸੀਟਣ ਲੱਗ ਪਏ ਜਦੋਂ ਜਠਾਣੀ ਦਾ ਭਰਾ ਜਹਾਜੇ ਚੜ੍ਹ ਗਿਆ ਤੇ ਫੇਰ ਸਾਡੀ ਉਮੀਦ ਖੁਰਨ ਲੱਗ ਪਈ।

ਹੁਣ ਆਪਣੇ ਹਿੱਸੇ ਦਾ ਠੇਕਾ ਵੀ ਓਥੇ ਬੈਠਾ ਮੰਗਣ ਲੱਗ ਪਿਆ ਤੇ ਠੇਕੇ ’ਤੇ ਈ ਓਥੇ ਬੈਠੇ-ਬੈਠੇ ਨੇ ਪਿੰਡ ਵੰਡੇ ਆਉਂਦੇ ਥਾਂ ਵਿੱਚ ਕੋਠੀ ਵੀ ਛੱਤਣੀ ਸ਼ੁਰੂ ਕਰਤੀ।

ਓਦਣ ਬੀਬੀ ਨੂੰ ਬੜਾ ਧੱਪ ਚੜ੍ਹਿਆ ਸੀ, ’ਸਾਰਾ ਇਸ ਬੇਗਾਨੇ ਥਾਓਂ ਆਈ ਦਾ ਕਸੂਰ ਆ, ਮੇਰਾ ਪੁੱਤ ਤੇ ਟੱਬਰ ਦੇ ਸਾਹੀਂ ਜੀਂਦਾ ਸੀ। ਖ਼ੌਰੇ ਕੀ ਘੋਲ ਕੇ ਪਿਆ ਤਾ ਮੁੰਡੇ ਨੂੰ ਜਾਂਦਿਆਂ ਈ’।

‘ਕਿਉਂ ਬੀਬੀ ਭਾਜੀ ਦਾ ਆਪਣਾ ਦਿਮਾਗ ਨਹੀਂ ਕੰਮ ਕਰਦਾ ਪਈ ਜਿਹੜਾ ਸਾਂਝੇ ਘਰੋਂ ਟਿੰਡ ਫੂਹੜੀ ’ਕੱਠੀ ਕਰਕੇ ਏਥੇ ਤੱਕ ਪਹੁੰਚਿਆ’।

‘ਨੀ ਨਹੀਂ ਵਰਤਣ ਦਿੰਦੀਆਂ ਦਿਮਾਗ, ਤੂੰ ਵੀ ਸਿਰ ਨਾ ਖਾ ਮੇਰਾ, ਤਪੀ ਨੂੰ ਹੋਰ ਨਾ ਤਪਾ। ਫੂਨ ਆਊਗਾ ਤੇ ਪੁੱਛਦੀ ਆਂ ਉਹਨੂੰ’।

ਮੁੜ ਉਸਨੇ ਕਦੇ ਬੀਬੀ ਦਾ ਸਿਰ ਨਹੀਂ ਖਾਧਾ। ਦੋਵਾਂ ਜੀਆਂ ਨੇ ਟਰੈਕਟਰ ਲੈ ਕੇ ਤੇ ਠੇਕੇ ਵਾਹੀ ਕਰਨ ਦੀ ਸੋਚੀ। ਘਰ ਭਰਿਆ ਭਰਿਆ ਜਾਪਦਾ।

ਮਨ ਵੀ ਟਿਕਾਣੇ ਸੀ। ਮੁੰਡੇ ਨੂੰ ਕਾਲਜ ਦਾਖ਼ਲ ਕਰਾ ਦਿੱਤਾ। ਬਾਹਰ ਘੱਲਣ ਦੀਆਂ ਸਕੀਮਾਂ ਵੀ ਸੋਚਦੇ ਪਰ ਪੁੱਤ ਕੋਲੋਂ ਆਈਲਟ ਹੋਇਆ ਨਾ ਤੇ ਏਜੰਟ ਪੈਸੇ ਦੇ ਢੇਰ ਮੰਗਦੇ।

‘ਭਾਵੇਂ ਪੋਰ-ਪੋਰ ਵਿੰਨ੍ਹੀ ਆ, ਆਉਣਾ ਈ ਪੈਣਾ ਸੀ ਸ਼ਰੀਕੇ ਭਾਈਚਾਰੇ ’ਚ ਹਾਜ਼ਰੀ ਲਵਾਉਣ।

ਕੋਈ ਤਿੰਨੀ ਸਾਲੀਂ ਆਇਆ ਸੀ ਸਵਰਨ ਕੌਰ ਦੇ ਜੇਠ ਦਾ ਸਾਰਾ ਪਰਿਵਾਰ ਪਿੰਡ। ਪੁੱਤ ਵਿਆਹੁਣਾ ਸੀ। ਕੁੜੀ ਨਰਸਿੰਗ ਕੀਤੀ ਲੱਭ ਗਈ ਸੀ। ਆਪ ਵੀ ਮੁੰਡਾ

ਲੈਬੋਰਟਰੀ ਟੈਕਨੀਸ਼ੀਅਨ ਦੱਸਦੇ ਨੇ।

ਪਿੰਡ ਆ ਕੇ ਸਭ ਨੂੰ ਹੱਸ-ਹੱਸ ਮਿਲਣਾ ਤੇ ਖੁਸ਼ ਰਹਿਣਾ, ਸੁਖੀ ਹੋਣ ਦੀ ਮੁਹਰ ਸੀ। ਜੇ ਰੁਆਂਸੇ ਮੂੰਹ ਨਾਲ ਵਿਆਹ 'ਚ ਸ਼ਾਮਲ ਸੀ ਤਾਂ ਉਹ ਸਵਰਨ ਕੌਰ ਸੀ। ਉਹਨਾਂ ਵੱਲ ਵੇਖ-ਵੇਖ ਹਉਕੇ ਭਰਦੀ ਤੇ ਸੋਚਦੀ, 'ਟਰਾਲੇ ਚਲਾ-ਚਲਾ 'ਕੱਠੇ ਕੀਤੇ ਡਾਲਰਾਂ ਦੀ ਚਮਕ ਅੱਜ ਈ ਤੇ ਵਿਖਾਉਣੀ ਏ। ਮੇਰਾ ਤੇ ਸਾਰੀ ਉਮਰ ਟਰਾਲੀ ਧੂੰਹਦਾ ਆਪ ਈ ਧੂਹਿਆ ਗਿਆ'।

ਨੂੰਹ ਪੁੱਤ ਨੂੰ ਜੱਫ਼ੀ 'ਚ ਲੈ ਕੇ ਜੇਠ ਫੋਟੋ ਖਿਚਾਉਂਦਾ ਤੇ ਗਲ ਨਾਲ ਲਾ ਲਾ ਅੰਤਾਂ ਦਾ ਪਿਆਰ ਜਤਾਉਂਦਾ ਏ। ਸਵਰਨ ਕੌਰ ਦੀਆਂ ਸੋਚਾਂ ਕਿਤੇ ਸਨ ਤੇ ਨਜ਼ਰਾਂ ਕਿਤੇ। ਓਹ ਸਟੇਜ ਤੇ ਜਦੋਂ ਆਪਣੇ ਪੁੱਤ ਨੂੰ ਮਹਿਸੂਸ ਕਰਦੀ ਵੇਖਦੀ ਤਾਂ ਚੁਫੇਰੇ ਸੰਨਾਟਾ ਤੇ ਪੁੱਤ ਦੀ ਉਦਾਸੀ ਦਿਸਦੀ। ਬਾਬਲ ਦਾ ਵਿਗੋਚਾ ਮੂੰਹ ਤੇ ਦਿਸਦਾ।

ਸਵਰਨ ਕੌਰ ਆਪਣੀ ਥਾਂ ਤੇ ਹੀ ਬੈਠੀ ਰਹਿੰਦੀ ਏ। ਪੈਲੇਸ 'ਚ ਲੱਗੇ ਸਟਾਲਾਂ ਤੇ ਵੰਨ-ਸੁਵੰਨੀਆਂ ਚੀਜ਼ਾਂ ਖਾਣ ਨਹੀਂ ਜਾਂਦੀ। ਜੋ ਬਹਿਰੇ ਫੜਾ ਜਾਂਦੇ, ਕੁਝ ਨਾ ਕੁਝ ਲੈ ਲੈਂਦੀ। ਪਿੰਡ ਚੋਂ ਆਈਆਂ ਚਾਚੀਆਂ ਤਾਈਆਂ ਉਹਦੇ ਕੋਲ ਬਹਿ ਜਾਂਦੀਆਂ, ਕਦੇ ਉੱਠ ਜਾਂਦੀਆਂ। ਉਹ ਬੱਸ ਥਾਏਂ ਹੀ ਜਿਵੇਂ ਗੱਡੀ ਹੋਵੇ। ਬੁੱਤ ਈ ਬੈਠਾ ਹੋਵੇ। ਕਦੇ ਕੋਈ ਗੱਲ ਕਰਦਾ ਤੇ ਬੋਲ ਪੈਂਦੀ।

'ਜੇ ਮੇਰਾ ਪੁੱਤ ਆ ਜਾਂਦਾ ਤਾਂ ਏਨੀ ਬੇਆਸਰੀ ਜਿਹੀ ਨਾ ਹੁੰਦੀ ਏਥੇ, ਪਰ ਪੁੱਤ ਦਾ ਰੋਸਾ ਵੀ ਨਜੈਜ਼ ਨਹੀਂ ਸੀ'।

'ਕੁਝ ਨਹੀਂ ਲਗਦੇ ਸਾਡੇ ਇਹ। ਵੱਡਾ ਤਾਇਆ ਬਣਿਆ ਫਿਰਦਾ'। ਉਹਦੇ ਸਵੇਰ ਦੇ ਕਹੇ ਲਫ਼ਜ਼ ਉਹਨੂੰ ਫੇਰ ਚੇਤੇ ਆਉਂਦੇ।

'ਜੇ ਚਾਹੁੰਦਾ ਤੇ ਮੈਨੂੰ ਵੀ ਬੁਲਾ ਸਕਦਾ ਸੀ ਬਾਹਰ। ਮੈਂ ਵੀ ਘਰ ਦੇ ਧੋਣੇ ਧੋ ਦਿੰਦਾ। ਹੁਣ ਸਾਡਾ ਘਰ ਈ ਧੋਤਾ ਗਿਆ'।

ਰਿਸ਼ਤੇਦਾਰ ਸਟੇਜ ਤੇ ਬੈਠੀ ਜੋੜੀ ਨੂੰ ਸ਼ਗਨ ਪਾਉਂਦੇ ਹਨ। ਸਵਰਨ ਕੌਰ ਦੀ ਜਠਾਣੀ ਉਹਨੂੰ ਹੱਕ ਤੇ ਪਿਆਰ ਨਾਲ ਸਟੇਜ ਵੱਲ ਖੜਦੀ ਹੈ ਤੇ ਲੱਤਾਂ ਧੂੰਹਦੀ ਸਵਰਨ ਕੌਰ ਜਾ ਕੇ ਸ਼ਗਨ ਪਾਉਂਦੀ ਹੈ।ਵੀਹ ਦਾ ਨੋਟ ਵਾਰ ਕੇ ਕੋਲ ਖੜ੍ਹੀ ਲਾਗਣ ਦੇ ਹੱਥ ਧਰਦੀ ਏ।

ਡੀ ਜੇ ਫਲੋਰ ਤੇ ਵੀਹ ਪੰਝੀ ਨੇੜਲੇ ਲੋਕਾਂ ਨੇ ਭੜਥੂ ਪਾਇਆ ਸੀ ਤੇ ਚੌਂਹਾਂ ਪੰਜਾਂ ਦੇ ਹੱਥ ਵਿੱਚ ਨੋਟਾਂ ਦੀਆਂ ਥਹੀਆਂ ਸਨ। ਸਵਰਨ ਕੌਰ ਕਦੇ ਉੱਤੇ ਵੱਲ ਵੇਖਦੀ ਤੇ ਕਦੇ ਥੱਲੇ ਵੱਲ। ਦਸਾਂ ਦਸਾਂ ਦੇ ਨਾਲ ਪੰਜਾਹਾਂ ਦੇ ਨੋਟ ਵੀ ਸਨ। ਦੁਨੀਆਂ ਤਾਲ ਤੇ ਥਿਰਕ ਰਹੀ ਸੀ ਤੇ ਸਵਰਨ ਕੌਰ ਨੋਟਾਂ ਵੱਲ ਵੇਖ ਸਿਸਕ ਰਹੀ ਸੀ।ਉਂਝ ਇਹ ਸਿਸਕਣਾ ਕਿਸੇ ਨੂੰ ਸੁਣਨਾ ਥੋੜ੍ਹੇ ਈ ਸੀ। ਰੁਪਈਏ 'ਕੱਠੇ ਕਰਨ ਵਾਲਾ ਪਹਿਲਾਂ ਪੰਜਾਹ ਦਾ ਨੋਟ ਚੁੱਕਦਾ ਤੇ ਫੇਰ ਦਸਾਂ ਵਾਲੇ। ਚੁੱਕਣ ਵਾਲੇ ਪੰਜ ਸੱਤ ਜਣੇ ਸਨ। ਇੱਕ ਨੋਟ ਸਵਰਨ

ਕੌਰ ਦੀ ਗੁਰਗਾਬੀ ਤੇ ਵੀ ਡਿੱਗਾ ਤੇ ਉਹਨੇ ਆਪ ਚੁੱਕ ਕੇ ਫੜਾ ਦਿੱਤਾ।

ਚੁੱਕਣ ਵਾਲਿਆਂ ਦਾ ਝੁਕ ਝੁਕ ਨੋਟ ਚੁੱਕਣਾ ਉਹਦੇ ਦਿਲ ਨੂੰ ਚੀਰਦਾ ਜਾਂਦਾ ਸੀ। ਫਿਰ ਵਿੱਚੇ ਈ ਸੋਚਦੀ,ਚੱਲ ਇਹਦੇ ਘਰਵਾਲੀ ਕਿੰਨੀ ਖ਼ੁਸ਼ ਹੋਊਗੀ ਜਦੋਂ ਇਹ ਦੋ ਤਿੰਨ ਸੌ ਰੁਪਈਆ ਜਾ ਕੇ ਫੜਾਊਗਾ। ਪਰ ਇਹਦਾ ਸਿਰ ਤੇ ਝੁਕਿਆ ਈ ਰਹਿਣਾ। ਥੱਲੇ ਧੌਣ ਕਰਕੇ ਪੈਰਾਂ ਚੋਂ ਪੈਸੇ ਚੁੱਕਣੇ।

ਮਾਲਕਾ ਇਹ ਵੀ ਤੇਰੀ ਰਜ਼ਾ ਕਿਸੇ ਦਾ ਝੁਕਾਉਨੈਂ, ਕਿਸੇ ਦਾ ਸਜਾਉਦੈਂ! ਤੇ ਕਿਸੇ ਦਾ ਫਸਾਉਂਦੈਂ।

ਉਹ ਵੇਖਦੀ ਏ, ਡੀ ਜੇ ਸਟੇਜ ਤੋਂ ਥੋੜ੍ਹਾ ਹਟਵਾਂ ਖਲੋਤਾ ਪਿੰਡ ਦਾ ਸ਼ਾਹ ਤੇ ਉਹਦੇ ਪੁੱਤ ਨੂੰ ਵੀ ਜੇਠ ਸ਼ਾਮਲ ਹੋਣ ਲਈ ਹੱਥ ਨਾਲ ਇਸ਼ਾਰਾ ਕਰਦਾ ਤੇ ਖਿੱਚਦਾ ਹੈ। ਸ਼ਾਹ ਹੱਥ ਜੋੜ ਦਿੰਦਾ ਹੈ। ਡੀ ਜੇ ਕੁਝ ਦੇਰ ਲਈ ਬੰਦ ਹੁੰਦਾ ਏ ਤੇ ਫ਼ੋਟੋਗ੍ਰਾਫਰ ਕਦੇ ਜੋੜੇ ਨੂੰ ਕੁਝ ਹਦਾਇਤਾਂ ਦੇ ਰਿਹਾ ਹੈ ਤੇ ਕੋਈ ਬਹੁਤਾ ਚਾਅ ਜਤਾਉਂਦੀ ਭੈਣ ਭਰਜਾਈ ਫ਼ੋਟੋਗ੍ਰਾਫਰ ਨੂੰ ਨੁਕਤੇ ਸਮਝਾਉਂਦੀ ਹੈ।

ਸਵਰਨ ਕੌਰ ਹੁਣ ਕੁਰਸੀ ’ਤੇ ਬਹਿ ਜਾਂਦੀ ਹੈ।

ਸ਼ਾਹ ਦੇ ਲਾਗੇ ਪਿੰਡ ਦੇ ਹੋਰ ਦੋ ਚਾਰ ਮੋਹਤਬਰ ਬੈਠ ਜਾਂਦੇ ਹਨ ਤੇ ਚਰਚਾ ਸ਼ੁਰੂ ਹੋ ਜਾਂਦੀ ਹੈ, ‘ਵੱਟ ਕੱਢਤੇ ਫੇਰ ਜੱਟ ਨੇ ਵਿਆਹ ਵਾਲੇ’

ਸ਼ਾਹ ਖਚਰਾ ਜਿਹਾ ਹਾਸਾ ਹੱਸਦਾ ਏ, ‘ਕੀ ਲੋੜ ਇਹ ਸਭ ਕੁਝ ਕਰਨ ਦੀ। ਕੱਲ ਸ਼ਗਨ ਤੇ ਵੀ ਇਹੋ ਕੁਝ ਤੇ ਅੱਜ ਵਿਆਹ ਤੇ ਵੀ।ਇਹਨਾਂ ਬਾਹਰੋਂ ਆਇਆਂ ਨੂੰ ਤੇ ਸਗੋਂ ਸਾਦੇ ਵਿਆਹ ਕਰਕੇ ਮਿਸਾਲ ਕਾਇਮ ਕਰਨੀ ਚਾਹੀਦੀ’।

‘ਆਹੋ ਜੀ ਕਈ ਰੰਗਾਂ ਦੀ ਦੁਨੀਆਂ, ਜੇ ਇਕ ਧਿਰ ਰਾਜੀ ਤੇ ਦੂਜੀ ਨਹੀਂ ਹਾਮੀ ਭਰਦੀ।’

ਸਵਾਲਾਂ ਤੇ ਬਹਿਸਾਂ ’ਚ ਮਿਸਾਲਾਂ ਫੇਰ ਮਸਲੀਆਂ ਜਾਂਦੀਆਂ।

‘ਅਸੀਂ ਤੇ ਪਈ ਮਾਇਆ ਨੂੰ ਮੱਥਾ ਟੇਕਦੇ ਤੇ ਇਹ ਪੈਰਾਂ ’ਚ ਰੋਲ ਰਹੇ’।

ਠੀਕ ਕਿਹਾ ਸ਼ਾਹ ਜੀ, ਐਵੇਂ ਥੋੜ੍ਹਾ ਕਹਿੰਦੇ, ‘ਵਣਜ ਕਰੇਂਦੇ ਬਾਣੀਏਂ, ਹੋਰ ਕਰੇਂਦੇ ਰੀਸ’।

‘ਆਪ ਇਹਨਾਂ ਬਾਹਰ ਚਲੇ ਜਾਣਾ ਤੇ ਹੋਰ ਕਈਆਂ ਨੂੰ ਬੇਸਬਰੇ ਕਰ ਜਾਣਾ’।

‘ਤੇ ਤੁਸੀਂ ਫੇਰ ਮੇਰੇ ਵਿਆਹ ਤੇ ਵਾਰਨੇ ਨਹੀਂ ਕਰੋਗੇ’? ਸ਼ਾਹ ਦਾ ਪੁੱਤ ਸਵਾਲ ਕਰਦਾ ਹੈ।

‘ਵਾਰ ਕੇ ਗਰੀਬ ਦੇ ਹੱਥ ਵਿੱਚ ਦਿਆਂਗਾ। ਲੱਛਮੀ ਨੂੰ ਪੈਰਾਂ ਚ ਨਹੀਂ ਸੁੱਟਾਂਗਾ। ਵਿਖਾਵੇ ਲਈ ਕਿਸੇ ਦੀ ਰੀਸ ਕਰਨ ਦੀ ਹਾਮੀ ਨਹੀਂ ਭਰਦਾ ਮੈਂ।’

‘ਨਹੀਂ ਸ਼ਾਹ ਜੀ, ਗੱਲ ਤੇ ਸੱਚੀ ਆ। ਵੇਖੋ ਵੇਖੀ ਕਦੇ ਗੱਡੀ ਲੈ ਲਾ ਤੇ ਕਦੇ ਫੁਕਰੀਆਂ ਮਾਰਲੋ। ਜਦੋਂ ਚਾਦਰ ਚੋਂ ਪੈਰ ਬਾਹਰ ਕੱਢਣੇ ਤੇ ਫੇਰ ਕਿਸ਼ਤਾਂ ਨਹੀਂ ਤਰਦੀਆਂ।

ਤੁਰ ਪੈਂਦੇ ਫੇਰ ਪੈਲੀਆਂ ਗਹਿਣੇ ਕਰਨ ਨੂੰ ਤੇ ਅਖੀਰ ਜ਼ਿੰਦਗੀ ਗਹਿਣੇ ਧਰ ਦਿੰਦੇ'।

ਸਵਰਨ ਕੌਰ ਨੇ ਬਾਣੀਏ ਦੀ ਫ਼ਿਲਾਸਫੀ ਸੁਣ ਲਈ ਸੀ।

ਇਸੇ ਦੀ ਆੜ੍ਹਤ ਤੇ ਜਿਣਸ ਸੁੱਟਦਾ ਸੀ ਤੁਰ ਜਾਣ ਵਾਲਾ। ਉਹਦੇ ਅੰਦਰ ਬਲਦੀ ਭੱਠੀ ਚੋਂ ਲਾਵਾ ਫੁੱਟਣ ਲੱਗਾ। ਫ਼ਸਲ ਸੁੱਟ ਸੁੱਟ ਉਹਦਾ ਲੱਕ ਟੁੱਟ ਗਿਆ ਪਰ ਕਰਜ਼ੇ ਦਾ ਲੱਕ ਨਾ ਟੁੱਟਿਆ। ਉਹਦਾ ਜੀਅ ਕੀਤਾ ਸਾਰੇ ਥਾਈਂ ਨੋਟ ਖਿੱਲਰੇ ਹੋਣ ਤੇ ਮੈਂ ਚੁਗੀ ਜਾਵਾਂ, ਚੁਗੀ ਜਾਵਾਂ। ਕੱਠੇ ਕਰ ਕਰ ਬੈਂਕ ਦੀ ਕਿਸ਼ਤ ਤਾਰ ਆਵਾਂ ਤੇ ਰੋਵਾਂ ਪਿੱਟਾਂ, 'ਆਹ ਲਓ ਆਪਣੇ ਪੈਸੇ, ਤੇ ਮੇਰਾ ਸਾਈਂ ਮੋੜ ਦਿਓ। ਵੇ ਪੈਸੇ ਤਾਂ ਗਾਹੇ ਬਗਾਹੇ ਆ ਜਾਂਦੇ, ਉਹ ਜਾਣ ਵਾਲਾ ਕਿੱਥੋਂ ਆਊ'? ਸਵਰਨ ਕੌਰ ਦੀ ਚੁੱਪ ਵੈਣ ਪਾਉਂਦੀ ਹੈ।

'ਜੀ ਕਰਦਾ ਬੈਂਕ ਵਾਲਿਆਂ ਦੀਆਂ ਸਾਰੀਆਂ ਫਾਈਲਾਂ ਸਾੜ ਦਵਾਂ ਜਿਹੜੀਆਂ ਰੋਜ ਤੀਜੇ ਦਿਨ ਚੁੱਕ ਕੇ ਆ ਵਿਹੜੇ ਬਹਿੰਦੇ ਸੀ। ਵਧਦੇ ਵਿਆਜ ਦੀਆਂ ਪੜ੍ਹਤਾਂ ਪੜ੍ਹ-ਪੜ੍ਹ ਮੇਰੇ ਆਦਮੀ ਦੇ ਸਿਰ ਏਨਾ ਭਾਰ ਪਾ ਜਾਂਦੇ ਕਿ ਉਹਦਾ ਘੰਟਿਆਂਬੱਧੀ ਸਿਰ ਨਾ ਤਾਂਹ ਹੁੰਦਾ। ਇਸੇ ਟਰੈਕਟਰ ਦੇ ਵਿਆਜ ਨੇ ਕਮਾਈ ਘੱਟ ਤੇ ਘੁਮਾਈ ਜ਼ਿਆਦਾ ਰੱਖਿਆ।

ਤੇ ਅੰਤ ਸੁਹਾਗੇ ਨਾਲੋਂ ਰੱਸਾ ਖੋਲ੍ਹ ਕੇ ਉਸੇ ਟਰੈਕਟਰ ਨੂੰ ਟਾਹਲੀ ਲਾਗੇ ਖਲਾਰ ਕੇ ਉੱਤੇ ਪੈਰ ਰੱਖ ਕੇ ਮੋਟੇ ਡਾਹਣ ਨਾਲ ਝੂਲ ਗਿਆ ਸੀ'।

ਸਟੇਜ ਤੇ ਕਾਰ ਵਿਹਾਰ ਕਰਦੇ ਉਹਦੇ ਜੇਠ ਨੇ ਭਰਜਾਈ ਨੂੰ ਵੇਖ ਲਿਆ ਸੀ। ਉਹਦੀਆਂ ਅੱਖਾਂ 'ਚ ਰੋਹ ਵੇਖ ਕੇ ਘਾਬਰ ਜਿਹਾ ਗਿਆ। ਉਹਨੇ ਘਰਵਾਲੀ ਨੂੰ ਇਸ਼ਾਰਾ ਕੀਤਾ ਤੇ ਦੋਵੇਂ ਜੀਅ ਸਟੇਜ ਵੱਲ ਜਾਣ ਲਈ ਕਹਿੰਦੇ ਹਨ।

ਸਵਰਨ ਕੌਰ ਨੂੰ ਸਟੇਜ 'ਤੇ ਨੱਚਦੇ ਲੋਕ ਆਪਣੇ ਉੱਤੇ ਹੱਸਦੇ ਜਾਪੇ। ਉਹਦੇ ਅੰਦਰ ਵੈਣ ਖੌਰੂ ਪਾਉਂਦੇ। ਉਹਦੀਆਂ ਅੱਖਾਂ 'ਚ ਕੋਈ ਸਿੱਲ੍ਹ ਆਉਂਦੀ ਜਾਪੀ ਤੇ ਅਵਾਜ਼ ਰੋਣਹਾਕੀ ਹੁੰਦੀ।

ਫੇਰ ਸੰਭਲਦੀ ਏ, 'ਨਹੀਂ ਨਹੀਂ ਅੱਖ ਗਿੱਲੀ ਨਹੀਂ ਕਰਨੀ, ਸ਼ਗਨਾਂ ਦਾ ਕੰਮ ਏ'।

ਢਿੱਡੋਂ ਸਵਰਨ ਕੌਰ ਨੂੰ ਕੋਈ ਸਾੜਾ ਨਹੀਂ ਸੀ। ਗਿਲਾ ਪਰ ਜੇਠ ਨਾਲ ਉਹਨੂੰ ਦਿਲੋਂ ਪੂਰਾ ਸੀ। ਤੇ ਫੇਰ ਉਹਦਾ ਕੜ ਪਾਟ ਗਿਆ, 'ਫੁਕਰਿਆ ਜੱਟਾ, ਤੂੰ ਵੱਡਾ ਏਂ ਰਿਸ਼ਤੇ 'ਚ, ਪਰ ਅੱਜ ਤੂੰ ਮੇਰੀ ਨਜ਼ਰ 'ਚ ਬਹੁਤ ਛੋਟਾ ਏ। ਸਾਂਝੇ ਘਰ 'ਚ ਬਰਕਤਾਂ ਕਰਨ ਲਈ ਬਾਹਰ ਘੱਲਿਆ ਸੀ ਟੱਬਰ ਨੇ। ਤੂੰ ਤੇ ਪਿੱਛੇ ਮੁੜਿਆ ਈ ਨਾ। ਏਹੋ ਨੋਟ ਜੇ ਛੋਟੇ ਭਰਾ ਤੋਂ ਵਾਰ ਦਿੰਦਾ ਤੇ ਮੇਰਾ ਸੱਜਾ ਪਾਸਾ ਨਾ ਮਰਦਾ।

ਲਾਹਣਤ ਆ ਭਰਾ ਹੋਣ 'ਤੇ'।

ਜੇਠ ਕਦੇ ਡਾਂਸ ਫਲੋਰ ਤੇ ਡਿੱਗਦੇ ਨੋਟਾਂ ਵੱਲ ਵੇਖਦਾ ਸੀ ਤੇ ਕਦੇ ਲੱਤਾਂ ਧੂੰਹਦੀ 'ਕੱਲੀ ਤੁਰੀ ਜਾਂਦੀ ਭਰਜਾਈ ਵੱਲ।

ਕਹਾਣੀ

# ਸਹੁੰ ਦੀ ਪਿਉਂਦ

-ਆਗਾਜ਼ਬੀਰ

ਦਫ਼ਤਰ ਬੈਠਾ ਮੈਂ ਕਿੰਨੇ ਵਾਰੀ ਸਾਹਮਣੇ ਟੰਗੀ ਘੜੀ ਵੇਖ ਚੁੱਕਾ ਹਾਂ। ਸੂਈਆਂ ਦੀ ਟਿੱਕ-ਟਿੱਕ ਲਗਾਤਾਰ ਕੰਨਾਂ ਵਿਚ ਵੱਜਦੀ ਏ। ਇਹ ਸੂਈਆਂ ਘੋੜੇ ਦੀ ਰਫ਼ਤਾਰ ਤੋਂ ਵੀ ਵੱਧ ਤੇਜ਼ ਦੌੜੀ ਜਾ ਰਹੀਆਂ ਨੇ।

ਇੱਧਰ ਮੇਰਾ ਮਨ ਵੀ ਦੌੜ ਰਿਹਾ ਏ... ਕਦੇ ਅੱਗੇ ਤੇ ਕਦੇ ਪਿੱਛੇ ਵੱਲ। ਮੈਨੂੰ ਘਬਰਾਹਟ ਵੀ ਬਿਲਕੁਲ ਉਸੇ ਤਰ੍ਹਾਂ ਦੀ ਆ, ਜਿਸ ਤਰ੍ਹਾਂ ਹਸਪਤਾਲ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਸਾਰੇ ਪਰਿਵਾਰ ਨੂੰ ਹੁੰਦੀ ਏ।

"ਕੀ ਹੋਵੇਗਾ...?"

"ਰੱਬਾ! ਸਾਨੂੰ ਹੁਣ ਕੀ ਕਰਨਾ ਚਾਹੀਦਾ ਏ...?"

"ਨਹੀਂ!... ਨਹੀਂ! ਇਹ ਪੈਂਡਾ ਤਾਂ ਡਾਹਢਾ ਔਖਾ ਏ?... ਰੱਬ ਭੁੱਲ ਕੇ ਵੀ ਵਾਹ ਨਾ ਪਾਵੇ।"

ਬਾਕੀ ਦਫ਼ਤਰੀ ਗੱਲਾਂ ਤੋਂ ਪਰ੍ਹੇ, ਮੇਰਾ ਸਾਰਾ ਧਿਆਨ ਉਸ ਮੰਜ਼ਰ 'ਤੇ ਜਾ ਖੜ੍ਹਦੈ, ਜਿਸ ਕਾਰਨ ਮੈਂ ਮੂਧੇ ਮੂੰਹ ਜਾ ਡਿੱਗਾ ਸਾਂ।

ਸਾਰੇ ਪੁਆੜੇ ਦੀ ਜੜ੍ਹ ਉਹ ਇਨਾਮ ਸੀ, ਜੋ ਮੇਰੇ ਕਹਾਣੀ ਸੰਗ੍ਰਹਿ ਨੂੰ ਮਿਲਿਆ। ਇਨਾਮ ਨਾਲ਼ ਮਿਲ਼ੀ ਰਾਸ਼ੀ ਕਰਕੇ ਹੀ ਅਦਬੀ ਹਲਕਿਆਂ ਵਿਚ ਚਰਚਾ ਛਿੜ ਪਈ।

ਅਦਬੀ ਗਰੁੱਪਾਂ ਵਿਚ ਧੂੰਆਂ ਉੱਠਿਆ। ਫ਼ੋਨ 'ਤੇ ਵਧਾਈਆਂ ਸਭ ਅਦੀਬਾਂ ਨੇ ਘੱਲੀਆਂ। ਗਿਣਤੀ ਦੇ ਅਦੀਬ ਵਧਾਈਆਂ ਦੇਣ ਘਰੇ ਆਏ। ਮੈਨੂੰ ਉਹਨਾਂ ਦੇ ਘਰ ਆਉਣ ਦੀ ਮਾਸਾ ਵੀ ਭਿਣਕ ਨਾ ਲੱਗੀ।

"ਵਧਾਈਆਂ ਬਾਜਵਾ ਸਾਹਬ ਵਧਾਈਆਂ...ਤੁਸਾਂ ਤਾਂ ਛਿੱਤਰ ਨਾਲ਼ ਮੁਰਗਾਬੀ ਕੁੱਟ ਧਰੀ ਏ... ਇਨਾਮ ਵਾਲ਼ਾ ਢੰਗ-ਤਰੀਕਾ, ਸਾਨੂੰ ਵੀ ਦੱਸੋ ਖਾਂ... ਏਹ ਜੋੜ ਆ ਕਿ ਕੋਈ ਜੁਗਾੜ ਏ?" ਸਾਡੀ ਸਭਾ ਦਾ ਪ੍ਰਧਾਨ ਰੇਤ 'ਚੋਂ ਮੋਤੀ ਚੁਗਣਾ ਚਾਹੁੰਦਾ ਸੀ।

ਮੈਂ ਅਜੇ ਉਸਦੀਆਂ ਕਹੀਆਂ ਗੱਲਾਂ ਦੀ ਰਮਜ਼ ਫੜ ਹੀ ਰਿਹਾ ਸਾਂ ਕਿ ਦੂਸਰਾ ਬੋਲਿਆ, "ਉਹ ਤੇਰੀ 'ਸ਼ਤਰਮੁਰਗ' ਕਹਾਣੀ ਨੇ ਹੀ ਤੈਨੂੰ ਇਨਾਮ ਦਿਵਾ ਛੋੜਿਆ...ਵੈਸੇ ਬਾਜਵਾ ਸਾਹਬ...ਉਹ ਕਹਾਣੀ ਅੱਧੀ ਤੋਂ ਵੱਧ ਲਿਖੀ ਤੁਸੀਂ ਆਵਦੀ...।" ਉਹ ਸੱਜੇ ਹੱਥ ਦੀਆਂ ਦੋ ਉਂਗਲ਼ਾਂ ਨਾਲ਼ ਨਕਸ਼ਾ ਜਿਹਾ ਬਣਾ ਕੇ ਬਾਕੀ ਗੱਲ ਸੰਘ ਵਿਚ ਰੱਖ ਗਿਆ।

ਮੈਂ ਤੇ ਸਾਰੇ ਅਦੀਬ ਸਮਝ ਗਏ। ਪਤਨੀ ਦਾ ਨਾਮ ਨਾ ਲੈਣ ਕਰਕੇ, ਮੈਂ ਠੰਢਾ ਸਾਹ ਲਿਆ।

"ਤੂੰ ਪਹਿਲਾ ਬੰਦਾ ਏਂ... ਜਿਹੜਾ ਸੱਪ ਵਾਂਗੂੰ ਡੰਗ ਮਾਰ ਜ਼ਹਿਰ ਕੱਢੀ ਵੀ

ਜਾਨੈਂ ਤੇ ਉਸੇ ਖੁੱਡ ਵਿਚ ਰਹੀ ਵੀ ਜਾਨੈਂ...ਬੰਦਾ ਤੂੰ ਜੌਹਰੀ ਕਿਸਮ ਦਾ ਏਂ...।" ਤੀਸਰਾ ਅਦੀਬ ਬੋਲਣੋਂ ਨਾ ਹਟਿਆ। ਉਸਨੇ ਆਪਣੇ ਮਨ ਅੰਦਰ ਵਸਿਆ ਸਾੜਾ ਕੱਢ ਕੇ ਹੀ ਦਮ ਲਿਆ। ਉਸਨੇ ਮੇਰੇ ਬਣਾਏ ਸਾਰੇ ਕਿੰਗਰੇ ਢਹਿ-ਢੇਰੀ ਕਰ ਦਿੱਤੇ।

ਆਖ਼ਿਰ ਮੈਂ ਉਸ ਦਾ ਗੋਡਾ ਹੱਥ ਨਾਲ਼ ਘੁੱਟਿਆ ਤੇ ਪਲ ਦੀ ਪਲ ਉਸ ਅੱਗੇ ਹੱਥ ਵੀ ਜੋੜੇ ਤਾਂ ਕਿ ਉਹ ਆਪਣੀ ਜ਼ੁਬਾਨ ਨੂੰ ਲਗਾਮ ਦੇਵੇ।

ਇਹਨਾਂ ਅਦੀਬਾਂ ਦੀਆਂ 'ਵਧਾਈਆਂ ਮਿਲਣ ਕਰਕੇ' ਹੀ ਸਾਰਾ ਭਾਣਾ ਵਾਪਰ ਚੁੱਕਾ ਸੀ। ਪਤਨੀ ਦੇ ਕੰਨ ਡਰਾਇੰਗ-ਰੂਮ ਵੱਲ ਹੀ ਸਨ। ਉਹਨੂੰ 'ਸਾਰੀ ਕਹਾਣੀ' ਸਮਝ ਆ ਗਈ ਸੀ।

"ਬਾਜਵਾ ਜੀ...ਆਇਓ ਉਰ੍ਹੇ...ਇਕ ਮਿੰਟ ਲਈ...ਗੱਲ ਸੁਣ ਕੇ ਜਾਇਓ ਮੇਰੀ।" ਪਤਨੀ ਬੋਲਾਂ ਵਿਚ ਕੁਰੱਖ਼ਤ ਸੀ ਤੇ ਗੁੱਸਾ ਸਾਫ਼ ਝਲਕ ਰਿਹਾ ਸੀ।

ਉਹ ਬੈੱਡ-ਰੂਮ ਵਿਚ ਬੈਠੀ ਸੀ।

ਮੈਂ ਅਦੀਬਾਂ ਨੂੰ 'ਬੈਠੋ, ਦੋ ਮਿੰਟ' ਕਹਿ ਪਤਨੀ ਅੱਗੇ ਜਾ 'ਲਾਈਨ ਹਾਜ਼ਰ' ਹੋਇਆ। ਮੈਂ ਇਸ ਤਰ੍ਹਾਂ ਖੜ੍ਹ ਗਿਆ, ਜਿਵੇਂ ਰਾਸ਼ਟਰੀ ਗਾਣ ਸਮੇਂ ਲੋਕ ਖੜ੍ਹਦੇ ਨੇ।

"ਹਾਂ ਜੀ...ਹਾਂ ਜੀ...।" ਮੈਂ ਹਮੇਸ਼ਾ ਵਾਂਗ ਨਿਮਰਤਾ ਨਾਲ਼ ਮੁਖ਼ਾਤਿਬ ਹੋਇਆ।

"ਸ਼ਰਮ ਕਰੋ...ਕੁਝ ਤਾਂ ਸ਼ਰਮ ਕਰੋ...ਇਕ ਤਾਂ ਪੂਰੇ ਜੱਗ 'ਚ ਸਾਨੂੰ ਭੰਡਿਐ...ਤੇ ਦੂਸਰਾ ਏਹ ਦੁਆਨੀ ਦੇ ਬੰਦੇ ਘਰੇ ਬਿਠਾ ਲਏ...ਏਹਨਾਂ ਨੂੰ ਬੋਲਨ ਦਾ ਪਤਾ ਨੀਂ...ਏਹਨਾਂ ਨੂੰ ਕਹੋ...ਆਪੋ-ਆਪਣੇ ਘਰਾਂ ਨੂੰ ਡੰਡੀ ਪੈਣ...ਨਹੀਂ ਤਾਂ 'ਕੱਲੇ-'ਕੱਲੇ ਨੂੰ ਧੱਕੇ ਮਾਰ ਬਾਹਰ ਕੱਢ ਦੇਣਾ ਈ ਮੈਂ।" ਉਸਨੇ ਅੰਗੂਠੇ ਦੇ ਨਾਲ਼ ਵਾਲ਼ੀ ਉਂਗਲ਼ ਖੜ੍ਹੀ ਕੀਤੀ। ਉਹ ਉਂਗਲ਼ ਦੁਨਾਲ਼ੀ ਵਰਗੀ ਲੱਗ ਰਹੀ ਸੀ। ਪਤਨੀ ਦਾ ਹੁਕਮ ਅਬਦਾਲੀ ਦੇ ਫ਼ਤਵੇ ਵਰਗਾ ਸੀ।

ਮੈਂ ਉਸ ਫ਼ਤਵੇ ਨੂੰ ਸੁਣ ਕੇ ਅਮਲ ਕਰਨਾ ਸੀ। ਮੇਰੇ ਪੈਰ ਜੁੜ ਜਿਹੇ ਗਏ। ਅੱਖਾਂ ਸਾਹਵੇਂ ਬੈੱਡ-ਰੂਮ ਘੁੰਮ ਰਿਹਾ ਸੀ। ਲਾਇਬਰੇਰੀ ਵਾਂਗ ਬੈੱਡ-ਰੂਮ ਵਿਚ ਸੰਨਾਟਾ ਛਾ ਗਿਆ।

ਆਖ਼ਿਰ ਮੈਂ ਥੋੜ੍ਹੀ-ਬਹੁਤੀ ਹਿੰਮਤ ਇਕੱਠੀ ਕਰ, ਡਰਾਇੰਗ-ਰੂਮ ਵੱਲ ਤੁਰ ਹੀ ਪਿਆ।

ਖਾਲੀ ਡਰਾਇੰਗ-ਰੂਮ ਵੇਖ, ਮੇਰੇ ਸਾਹ ਉੱਤੇ ਦੇ ਉੱਤੇ ਤੇ ਹੇਠਾਂ ਦੇ ਹੇਠਾਂ ਰਹਿ ਗਏ। ਮੈਨੂੰ ਤਰੇਲ਼ੀਆਂ ਛੁੱਟ ਰਹੀਆਂ ਸਨ।

ਤਰੇਲ਼ੀਆਂ ਤਾਂ ਮੈਨੂੰ ਹੁਣ ਦਫ਼ਤਰ ਬੈਠਿਆਂ ਵੀ ਛੁੱਟ ਰਹੀਆਂ ਨੇ। ਸਵੇਰੇ ਤਾਂ ਮੈਂ ਦੱਬਵੇਂ ਪੈਰੀਂ ਘਰੋਂ ਦਫ਼ਤਰ ਆ ਗਿਆ ਸਾਂ। ਇਕ ਵਾਰ ਤਾਂ ਮੁਸੀਬਤ 'ਚੋਂ ਨਿੱਕਲ਼ਣਾ ਹੀ ਬਿਹਤਰ ਸਮਝਿਆ। ਘਰ ਤੋਂ ਬਾਹਰ ਨਿਕਲ਼ ਜਾਨ 'ਚ ਜਾਨ ਆਈ ਪਰ ਉਹੀ ਜਾਨ ਫੇਰ ਫੰਦੇ 'ਚ ਫਸ ਗਈ ਏ। ਘਰ, ਪਤਨੀ, ਅਦੀਬ ਤੇ ਇਨਾਮ ਦੀ ਕਹਾਣੀ ਵਿਚ ਉਲ਼ਝਿਆ ਪਿਆ ਹਾਂ।

ਇੱਧਰ ਦੀਵਾਰ-ਘੜੀ ਦੀਆਂ ਸੂਈਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਪੰਜ ਵੱਜਣ ਵਾਲ਼ੇ ਹੋ ਚੱਲੇ ਨੇ। ਘਰ ਜਾਣ ਦਾ ਵਕਤ ਹੋਈ ਜਾਂਦਾ ਏ ਪਰ ਮੇਰਾ ਮਨ ਘਰ ਜਾਣ ਨੂੰ ਉੱਕਾ ਹੀ ਨੀਂ ਮੰਨਦਾ। ਸਵੇਰ ਦਾ ਜਿਵੇਂ ਆਇਆ ਹਾਂ, ਉਸੇ ਤਰ੍ਹਾਂ ਹੀ ਬੈਠਾ ਹਾਂ। ਸੋਚਾਂ ਦੇ ਘੋੜੇ ਦੌੜਾ ਰਿਹਾ ਹਾਂ। ਇਹ ਘੋੜੇ ਦੁੜੰਗੇ ਲਾ ਰਹੇ ਨੇ। ਮੈਥੋਂ ਇਹਨਾਂ ਦੀ ਲਗਾਮ ਫੜ ਨੀਂ ਹੁੰਦੀ।

ਇਹ ਖ਼ਿਆਲਾਂ ਦੀ ਮੁਹਾਰ ਹੈ ਹੀ ਐਸੀ, ਫੜਨੀ ਸੌਖੀ ਨੀਂ ਹੁੰਦੀ। ਸੋਚਾਂ ਦੇ ਭਵਜਲ ਵਿਚ ਚੰਗੇ ਮੰਦੇ ਖ਼ਿਆਲ ਆ ਜਾ ਰਹੇ ਨੇ। ਮੇਰੀਆਂ ਅੱਖਾਂ ਸਾਹਵੇਂ ਕਈ ਭੁੱਲੇ-ਵਿੱਸਰੇ ਚਿਹਰੇ ਆਣ ਖੜ੍ਹਦੇ ਨੇ। ਉਹਨਾਂ ਚਿਹਰਿਆਂ ਵਿਚ ਇਕ ਚਿਹਰਾ ਰਾਧੇ ਸ਼ਿਆਮ ਦਾ ਬਣਦਾ ਏ। ਬਗਲੇ ਵਰਗੇ ਕੱਪੜੇ ਪਾ, ਉਹ ਆਪਣੀ ਹੱਟੀ 'ਤੇ ਚੌਕੜਾ ਮਾਰ ਗੱਦੀ 'ਤੇ ਬੈਠਾ ਏ।

"ਕਿਉਂ ਸਮਝਿਆ ਨਾ?" ਇਹ ਉਹਦਾ ਤਕੀਆ ਕਲਾਮ ਸੀ।

"ਕਿਉਂ ਸਮਝਿਆ ਨਾ?...ਹਜ਼ਾਰਾਂ ਘਰ ਵਿਖਦੇ ਨੇ ਮੈਨੂੰ...ਏਹਨਾਂ ਹਜ਼ਾਰਾਂ ਘਰਾਂ 'ਚੋਂ ਪੰਜਾਹ ਘਰ ਤੁਹਾਡੇ ਵਰਗੇ ਨੇ....ਪਰ...ਪਰ ਏਹ ਕਿ ਮੈਂ ਹਰੇਕ ਨੂੰ ਵੀ ਕਹਿ ਵੀ ਨੀਂ ਸਕਦਾ ਰੋਅਬ ਨਾਲ਼... ਤੂੰ ਸਮਝਿਆ ਕਿ ਨਾ?" ਉਹ ਗੁਰੂ ਦਰੋਣਾਚਾਰੀਆ ਵਾਂਗੂੰ ਸਮਝਾਉਂਦਾ ਏ ਤੇ ਮੈਂ ਉਸ ਦੀ ਬੁਝਾਰਤ ਦੀ ਤੰਦ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹਾਂ।

ਇਹ ਕੋਈ ਆਲੌਕਿਕ ਭਾਸ਼ਾ ਨੀਂ ਸੀ, ਜਿਸਨੂੰ ਮੈਂ ਸਮਝ ਨਾ ਸਕਾਂ। ਮਸਲਾ ਸਿੱਧਾ ਤੇ ਸਾਫ਼ ਸੀ। ਸਾਡਾ ਪਰਿਵਾਰ ਛੋਟਾ ਸੀ। ਅਸੀਂ ਅੰਤਾਂ ਦੀ ਗ਼ਰੀਬੀ ਵਿਚ ਧਸੇ ਸਾਂ। ਦਾਦੇ-ਪੜਦਾਦੇ ਤੋਂ ਬਾਪ ਤੱਕ ਉਹੀ ਰਾਮ ਕਹਾਣੀ ਤੁਰੀ ਆ ਰਹੀ ਸੀ।

ਜਦ ਦੀ ਮੈਂ ਸੁਰਤ ਸੰਭਾਲ਼ੀ ਸੀ, ਘਰ ਦੀ ਹਾਲਤ ਪਤਲੀ ਸੀ। ਦਸਵੀਂ ਤੱਕ ਤਾਂ ਮੈਂ ਕਿਵੇਂ ਨਾ ਕਿਵੇਂ ਪੜ੍ਹਦਾ ਰਿਹਾ। ਮੈਂ ਪੜ੍ਹਨ ਵਿਚ ਕਈ ਰਿਕਾਰਡ ਤੋੜੇ ਸਨ। ਪੜ੍ਹਾਈ ਦੀ ਕੀਮਤ ਬਾਪੂ ਵੀ ਭਲੀ-ਭਾਂਤ ਸਮਝਦਾ ਸੀ ਪਰ ਖਾਲੀ ਖੀਸਾ ਬੰਦੇ ਨੂੰ ਟਾਹਣੀਆਂ ਵਾਂਗ ਝੁਕਣ ਲਈ ਮਜਬੂਰ ਕਰ ਦਿੰਦਾ ਏ। ਮੈਂ ਵੀ ਗ਼ਰੀਬੀ ਦੀ ਪਰਿਭਾਸ਼ਾ ਬਾਰੇ ਉਸ ਦਿਨ ਸਮਝਿਆ ਕਿ ਜਦ ਮੈਂ ਤੇ ਬਾਪੂ ਰਾਧੇ ਸ਼ਿਆਮ ਨੂੰ ਮਿਲੇ ਸਾਂ। ਬਾਪੂ ਨਿਮਾਣਾ ਜਿਹਾ ਬਣਿਆ ਹੱਥ ਜੋੜੀ ਖੜ੍ਹਾ ਸੀ।

ਰਾਧੇ ਸ਼ਿਆਮ ਮਿੱਟੀ ਤੇ ਸੋਨੇ ਦੀ ਪਰਖ਼ ਚੰਗੀ ਤਰ੍ਹਾਂ ਰੱਖਦਾ। ਉਸਨੇ ਕੁਝ ਸੋਚ-ਸਮਝ ਕੇ ਮੇਰੀ ਪੜ੍ਹਾਈ 'ਤੇ ਦਾਅ ਲਾਇਆ।

"ਜੇ ਅਸੀਂ ਤੈਨੂੰ ਨੀਂ ਪੜ੍ਹਾਵਾਂਗੇ ਤਾਂ ਹੋਰ ਦੱਸ ਤੈਨੂੰ ਕੌਣ ਪੜ੍ਹਾਊ?...ਪਰ ਇਕ ਗੱਲ ਸਿੱਧੀ ਜਹੀ ਆ ਭਾਈ...ਪੈਸੇ ਤੇਰੇ 'ਤੇ ਲਾਵਾਂਗੇ ਅਸੀਂ... ਜਦ ਮੈਨੂੰ ਲੋੜ ਪਈ, ਉਦੋਂ ਪਿੱਛੇ ਨਾ ਹਟੀਂ। ਕਿਉਂ ਸਮਝਿਆ ਕਿ ਨਾ...ਮਤਲਬ ਜ਼ੁਬਾਨ 'ਤੇ ਖੜ੍ਹਾ ਰਹੀਂ।" ਉਸਨੇ ਪਾਣੀ ਦੀ ਗੜਵੀ 'ਤੇ ਹੱਥ ਰਖਵਾ ਬਾਪੂ ਤੋਂ ਸਹੁੰ ਚੁਕਵਾ ਲਈ।

ਇੱਥੇ ਰਾਧੇ ਸ਼ਿਆਮ ਨੇ ਇਕ ਤੀਰ ਨਾਲ਼ ਦੋ ਨਿਸ਼ਾਨੇ ਲਾਏ। ਇਕ ਤਾਂ ਉਹ ਮੇਰੇ

ਗਲ਼ ਚ ਕਰਜ਼ ਵਾਲ਼ਾ ਬੋਝ ਲਟਕਣ ਲੱਗ ਪਿਆ ਤੇ ਦੂਸਰਾ ਆਵਦੇ ਮੁੰਡੇ ਨੂੰ ਵੀ ਮੇਰੇ ਨਾਲ਼ ਬੰਨ੍ਹ ਗਿਆ।

ਰਾਧੇ ਸ਼ਿਆਮ ਦਾ ਮੁੰਡਾ ਮੱਖਣ ਚੰਦ ਮੇਰਾ ਜਮਾਤੀ ਸੀ। ਪੜ੍ਹਨੇ ਵਿਚ ਠੀਕ-ਠਾਕ ਈ ਸੀ ਪਰ ਸਿਫ਼ਾਰਿਸ਼ਾਂ ਨਾਲ਼ ਉਹਨੇ ਦਸਵੀਂ ਡੁੱਕ ਲਈ ਸੀ।

ਸਾਡੀ ਕਹਾਣੀ ਤੁਰੀ। ਅਸੀਂ ਮੰਡੀ ਵਾਲ਼ੇ ਸਕੂਲ ਜਾ, ਗਿਆਰਵੀਂ 'ਚ ਦਾਖ਼ਲਾ ਲੈ ਲਿਆ। ਕਈ ਮਹੀਨੇ ਬੀਤ ਗਏ। ਮੈਂ ਗੁਰੂਆਂ ਪਾਸੋਂ ਸ਼ਾਬਾਸ਼ 'ਤੇ ਸ਼ਾਬਾਸ਼ ਲੈਂਦਾ ਰਿਹਾ।

"ਮੈਥੋਂ ਨੀਂ ਆੜੀ ਪੜ੍ਹਿਆ ਜਾਣਾ...ਮੈਨੂੰ ਤੂੰ ਨਾ ਪਾਸ ਹੋਣ ਜੋਗੀ ਨਕਲ ਕਰਵਾ ਦਿਆ ਕਰ...ਏਨਾ ਹੀ ਬਹੁਤ ਏ...ਜੇ ਜ਼ਿਆਦਾ ਨੰਬਰ ਲੈ ਗਿਆ ਤਾਂ ਬੁੱਢੜੇ ਨੇ ਕਿਸੇ ਕੋਰਸ ਵਿਚ ਫਸਾ ਦੇਣਾ... ਨੌਕਰੀ ਤਾਂ ਆਪਾਂ ਕਰਨੀ ਨੀਂ...ਨੌਕਰੀ ਗ਼ੁਲਾਮੀ ਦਾ ਘਰ ਹੁੰਦੀ ਏ...ਤੂੰ ਸਮਝਿਆ ਕਿ ਨਾ?" ਮੱਖਣ ਚੰਦ ਰਾਧੇ ਸ਼ਿਆਮ ਦੀ ਨਕਲ ਕਰ ਚਿੜ੍ਹਾਉਂਦਾ ਰਹਿੰਦਾ।

ਮੈਂ ਪੜ੍ਹਦਾ ਰਿਹਾ। ਸਬੱਬੀਂ ਸਾਡੇ ਪੇਪਰਾਂ ਵਿਚ ਰੋਲ ਨੰਬਰ ਵੀ ਇਕੱਠੇ ਆਉਂਦੇ ਰਹੇ। ਕਦੇ ਅੱਗੜ, ਕਦੇ ਪਿੱਛੜ। ਮੱਖਣ ਚੰਦ ਵਿਚਕਾਰ ਹੀ ਪੜ੍ਹਾਈ ਛੱਡ ਗਿਆ। ਉਹ ਪੜ੍ਹਾਈ ਛੱਡ ਰਾਧੇ ਸ਼ਿਆਮ ਨਾਲ਼ ਹੱਟੀ 'ਤੇ ਜਾ ਬੈਠਾ। ਮੈਂ ਇੰਜਨੀਅਰ ਦੀ ਪੜ੍ਹਾਈ ਕੀਤੀ। ਸਰਕਾਰ ਨੇ ਵਜ਼ੀਫ਼ਾ ਵੀ ਲਾਇਆ। ਰਾਧੇ ਸ਼ਿਆਮ ਰੁਪਏ ਵੀ ਘੱਲਦਾ ਰਿਹਾ।

ਪੜ੍ਹਾਈ ਪੂਰੀ ਹੁੰਦਿਆਂ ਹੀ ਮੈਂ ਨਹਿਰੀ ਵਿਭਾਗ ਵਿਚ ਨੌਕਰੀ ਜਾ ਲੱਗਾ। ਇੱਥੇ ਮੇਰੀ ਸ਼ਾਹੀ ਨੌਕਰੀ ਸੀ। ਮੈਨੂੰ ਮਿਹਨਤ ਦਾ ਫਲ਼ ਮਿਲਿਆ। ਮੈਂ ਪੁੱਠੀਆਂ ਛਾਲ਼ਾਂ ਮਾਰਨ ਲੱਗਾ ਸਾਂ। ਮੇਰੇ ਸੁਫ਼ਨਿਆਂ ਨੂੰ ਖੰਭ ਜੋ ਲੱਗ ਗਏ ਸਨ।

ਇੱਧਰ ਰਾਧੇ ਸ਼ਿਆਮ ਨੇ ਆਪਣੀ ਗੁਰ-ਦਕਸ਼ਣਾ ਮੰਗੀ। ਮੈਂ ਤੇ ਬਾਪੂ ਹੱਟੀ 'ਤੇ ਖਲੋਤੇ ਸਾਂ।

"ਸੁਣ ਭਾਈ ਮੇਰਿਆ! ਹੁਣ ਤੂੰ ਲੱਗ ਗਿਆ ਅਫ਼ਸਰ...ਮੈਂ ਆਪਣਾ ਧਰਮ ਨਿਭਾਇਆ...ਤੇਰਾ ਬਾਪ ਵੀ ਇਸਦਾ ਜ਼ਾਮਨ ਏ... ਤੁਹਾਡਾ ਵੀ ਇਕ ਫ਼ਰਜ਼ ਨਿਭਾਉਣ ਵਾਲ਼ਾ ਪਿਆ ਏ...ਜਿਹੜਾ ਤੈਨੂੰ ਨਿਭਾਉਣਾ ਈ ਪਵੇਗਾ....ਸਮਝਿਆ ਕਿ ਨਾ...?" ਰਾਧੇ ਸ਼ਿਆਮ ਅਰਾਮ ਨਾਲ਼ ਰਾਜ਼ ਖੋਲ੍ਹਣ ਦਾ ਮੁੱਢ ਬੰਨ੍ਹਦਾ ਏ।

ਮੈਨੂੰ ਉਦੋਂ ਇੰਝ ਮਹਿਸੂਸ ਹੋਇਆ ਕਿ ਸੇਠ ਆਪਣੀ ਲਾਲ ਪੱਤਰੀ ਕੱਢੇਗਾ ਤੇ ਲਿਖਤ ਵੇਖ ਕੇ ਪਾਈ-ਪਾਈ ਦਾ ਹਿਸਾਬ ਲਵੇਗਾ।

"ਦੱਸੋ ਜੀ...ਮੈਂ ਕਿਹੜਾ ਕਿਤੇ ਭੱਜਣ ਲੱਗਾ ਆਂ। ਪੰਜੀ-ਪੰਜੀ ਚੁਕਵਾਂਗਾ।" ਮੇਰੀ ਅੰਤਰ-ਆਤਮਾ ਨੇ ਇਸ ਚੁਣੌਤੀ ਨੂੰ ਸਵੀਕਾਰ ਕਰ ਲਿਆ ਸੀ।

ਬਾਪੂ ਨੇ ਇਕ ਟੱਕ ਮੇਰੇ ਵੱਲ ਵੇਖਿਆ। ਫੇਰ ਉਸਦੀ ਧੌਣ ਝੁਕੀ ਹੀ ਵੇਖੀ ਮੈਂ।

"ਗੱਲ ਬੜੀ ਸਿੱਧੀ ਤੇ ਸਾਫ਼ ਜਿਹੀ ਏ...ਮੇਰਾ ਇਕ ਦੋਸਤ ਏ ਸ਼ਹਿਰ ਤੋਂ।

ਉਹਦਾ ਮੇਰੇ ਨਾਲ਼ ਬਹੁਤ ਵਾਹ-ਵਾਸਤਾ ਏ। ਸਮਝ ਲੈ ਬਈ...ਅਸੀਂ ਭਰਾ-ਭਰਾ ਜੋ ਹੋਏ।" ਰਾਧੇ ਸ਼ਿਆਮ ਬਹੁਤੇ ਵਿੰਗ-ਵਲ਼ੇਵੇਂ ਨੀਂ ਪਾਉਂਦਾ ਤੇ ਸਿੱਧਾ ਮੁੱਦੇ 'ਤੇ ਆਉਂਦਾ ਏ।

"ਉਹਦੀ ਇੱਕ ਬੇਟੀ ਏ। ਉਹ ਵਿਆਹੁਣ ਵਾਲ਼ੀ ਹੋ ਗਈ ਏ। ਉਹ ਮੁੰਡੇ ਦੀ ਭਾਲ਼ 'ਚ ਨੇ। ਵੇਖ...ਭਾਵੇਂ ਮੁੰਡਿਆਂ ਨਾਲ਼ ਦੁਨੀਆ ਭਰੀ ਪਈ ਏ ਪਰ ਗੱਲ ਸਾਰੀ ਭਰੋਸੇ 'ਤੇ ਆਣ ਖੜ੍ਹਦੀ ਏ। ਉਹਨੂੰ ਮੇਰੇ 'ਤੇ ਪੂਰਾ ਯਕੀਨ ਏ...ਤੇ ਮੈਨੂੰ ਤੁਹਾਡੇ 'ਤੇ। ਮੇਰੀ ਮੰਨ ਕੇ ਚੱਲੋਂ ਤਾਂ ਉਹ ਆਪਣੀ ਸਾਰੀ ਤਸੱਲੀ ਕਰੀਂ ਬੈਠੇ ਨੇ।"

"ਦੂਸਰੀ ਗੱਲ ਏਹ ਆ ਕਿ ਉਹ ਰੱਖਣਗੇ ਘਰ-ਜਵਾਈ ਬਣਾ ਕੇ। ਸਾਰੀ ਗਾਰੰਟੀ ਮੈਂ ਦਿੰਨਾਂ। ਤੁਹਾਡੇ ਸਾਰੇ ਨਰਕ ਚੁੱਕੇ ਜਾਣਗੇ। ਮੈਨੂੰ ਜਵਾਬ ਨੀਂ ਚਾਹੀਦਾ...ਸਿਰਫ਼ ਹਾਂ ਚਾਹੀਦੀ ਏ। ਸਮਝਿਆ ਕਿ ਨਾ...।" ਮੈਂ ਤੇ ਬਾਪੂ ਕੁੜਿੱਕੀ ਵਿਚ ਫਸ ਗਏ।

ਇੰਝ ਲੱਗਦਾ ਸੀ, ਜਿਵੇਂ ਸਾਡੇ ਮਾਂਹ ਮਾਰੇ ਗਏ ਹੋਣ। ਮੈਨੂੰ ਤੇ ਬਾਪੂ ਨੂੰ ਕੁਝ ਨਾ ਸੁੱਝੀ। ਸਾਡੇ ਚਿਹਰਿਆਂ ਦੇ ਕਈ ਰੰਗ ਬਦਲੇ। ਅਸੀਂ ਦੋਵੇਂ ਇਕ-ਦੂਸਰੇ ਦੇ ਮੂੰਹਾਂ ਵੱਲ ਤੱਕ ਰਹੇ ਸਾਂ।

ਫੇਰ ਸਿਆਣਪ ਬੋਲ ਪਈ।

"ਇਕ ਵਾਰੀ ਰਾਇ ਕਰ ਲਈਏ ਘਰੇ...ਅਸੀਂ ਸ਼ਾਹ ਜੀ, ਕਿਧਰੇ ਭੱਜੇ ਨੀਂ ਜਾ ਰਹੇ।"

ਬਾਪੂ ਨੇ ਥੋੜ੍ਹਾ ਵਕਤ ਮੰਗਿਆ ਤੇ ਰਾਧੇ ਸ਼ਿਆਮ ਨੇ ਹਾਮੀ ਭਰ ਦਿੱਤੀ।

ਕੁਝ ਸੁਣ-ਸੁਣਾ ਕੇ ਅਸੀਂ ਘਰ ਆ ਗਏ।

ਮੈਂ ਬਾਗ਼ੀ ਹੋਣਾ ਚਾਹੁੰਦਾ ਸਾਂ। ਬਾਪ ਦੇ ਜੁੜੇ ਹੱਥ ਤੇ ਮਾਂ ਦੇ ਤਰਲਿਆਂ ਨੇ ਮੇਰਾ ਚੜ੍ਹਿ ਆ ਗੁੱਸਾ ਬਰਫ਼ ਵਰਗਾ ਕਰ ਦਿੱਤਾ।

ਮਾਂ ਮੈਥੋਂ ਹਾਂ ਕਰਵਾ ਕੇ ਹੁਬਕੀਆਂ ਲੈ ਰੋਈ। ਮੈਨੂੰ ਉਸ ਅੰਦਰੋਂ ਕੁਝ ਟੁੱਟਣ ਦੀ ਆਵਾਜ਼ ਵੀ ਆਈ।

ਆਵਾਜ਼ਾਂ ਤਾਂ ਹੁਣ ਵੀ ਆ ਰਹੀਆਂ ਨੇ। ਇਹ ਆਵਾਜ਼ਾਂ ਦਫ਼ਤਰੀ ਕਾਮਿਆਂ ਦੇ ਘਰ ਪਰਤਣ ਦੀਆਂ ਸਨ। ਸਾਰੇ ਮੁਲਾਜ਼ਮ ਘੜੀ ਦੀਆਂ ਸੂਈਆਂ ਵੇਖ ਤੁਰੇ ਜਾ ਰਹੇ ਸਨ। ਉਹਨਾਂ ਨੂੰ ਕਾਹਲ਼ ਸੀ, ਘਰ ਜਲਦੀ ਪਹੁੰਚਣ ਦੀ। ਘਰ ਉਹਨਾਂ ਨੂੰ ਖਿੱਚਦਾ ਸੀ, ਚੁੰਬਕ ਵਾਂਗ। ਇੱਧਰ ਮੇਰਾ ਮਨ ਆਵਾਰਗੀ ਨਾਲ਼ ਭਰਿਆ ਪਿਆ ਸੀ।

ਮੇਰੇ ਅੰਦਰ ਘਮਸਾਨ ਚੱਲ ਰਿਹਾ ਸੀ। ਇਸ ਯੁੱਧ ਵਿਚ ਮੇਰੇ ਆਪਣੇ ਹਥਿਆਰ ਹੀ ਮੇਰੇ ਉਲਟ ਚੱਲ ਪਏ। ਜਿਨ੍ਹਾਂ ਸ਼ਬਦਾਂ ਨਾਲ਼ ਮੈਂ ਪ੍ਰਸਿੱਧੀ ਖੱਟੀ ਸੀ, ਉਨ੍ਹਾਂ ਹੀ ਮੈਨੂੰ ਰਣਖੇਤਰ ਵਿਚ ਹਰਾ ਦੇਣਾ ਸੀ। ਇੱਥੋ ਮੈਂ ਬਚ ਵੀ ਨਹੀਂ ਸਕਦਾ ਸਾਂ ਕਿਉਂਕਿ ਜੋ ਕਹਾਣੀਆਂ ਮੈਂ ਲਿਖੀਆਂ ਸਨ, ਉਹਨਾਂ ਵਿੱਚ ਮੇਰਾ ਸਹੁਰਾ ਘਰ ਕੇਂਦਰ ਵਿੱਚ ਸੀ। ਕਹਾਣੀਆਂ ਦੀ ਲਿਖਤ ਹੀ ਮੁੱਖ ਸਬੂਤ ਸੀ।

ਇਸ ਘਰ ਦੇ ਪਾਤਰਾਂ ਨੇ ਮੈਨੂੰ ਤੜਫ਼ਾਇਆ ਤੇ ਰੁਲਾਇਆ ਬਹੁਤ ਏ। ਤਨ-

ਮਨ 'ਤੇ ਜ਼ਹਿਰੀਲੇ ਡੰਗ ਮਾਰੇ ਨੇ। ਭਾਵੇਂ ਪੜ੍ਹਨ ਦਾ ਸ਼ੌਕ ਬਚਪਨ ਤੋਂ ਰਿਹਾ ਏ। ਮੈਂ ਤੁਕਬੰਦੀ ਕਰਦਾ-ਕਰਦਾ ਕਹਾਣੀਕਾਰ ਬਣ ਗਿਆ। ਜਦ ਦਾ ਸ਼ਹਿਰ ਆਇਆ। ਵੱਡੇ ਲੇਖਕਾਂ ਨੂੰ ਮਿਲਿਆ। ਥੋੜ੍ਹਾ-ਬਹੁਤਾ ਸਾਹਿਤ ਸਭਾਵਾਂ ਵਿਚ ਵੀ ਗਿਆ। ਉਹਨਾਂ ਦੀਆਂ ਦੱਸੀਆਂ ਤਕਨੀਕਾਂ ਨੂੰ ਸਮਝ ਕੇ ਕਹਾਣੀਆਂ ਲਿਖੀਆਂ। ਕਦੇ ਦਫ਼ਤਰ ਵਿਚ ਤੇ ਕਦੇ ਲਾਇਬਰੇਰੀ ਵਿਚ ਬਹਿ ਕੇ। ਘਰ ਬੈਠ ਕੇ ਬਹੁਤ ਘੱਟ ਕਹਾਣੀਆਂ ਸਿਰਜੀਆਂ। ਉਹ ਕਹਾਣੀਆਂ ਸਭ ਨੇ ਪਸੰਦ ਕੀਤੀਆਂ। ਪਾਠਕ ਹੋਣ, ਭਾਵੇਂ ਵਿਦਵਾਨ। ਮੇਰੀ ਹਰ ਕਹਾਣੀ ਨੇ ਨਵੇਂ ਮੁਕਾਮ ਸਿਰਜੇ।

ਇਹ ਕਹਾਣੀਆਂ ਵਿਚ ਸੱਚ ਸੀ। ਮੈਂ ਕੁਹਜ ਨੂੰ ਸੁਹਜਮਈ ਬਣਾਇਆ। ਹਰੇਕ ਪਲ ਨੂੰ ਬਾਰੀਕੀ ਨਾਲ਼ ਚਿਤਰਿਆ।

ਇਸ ਚਿਤਰਨ ਵਿਚ, ਸਭ ਤੋਂ ਪਹਿਲਾਂ ਮੇਰਾ ਸਹੁਰਾ ਕੇਂਦਰ ਬਿੰਦੂ ਸੀ। ਮੇਰੇ ਸਹੁਰੇ ਦੀਆਂ ਮਾੜੀਆਂ ਹਰਕਤਾਂ ਨੇ ਮੇਰੇ ਤਨ-ਮਨ 'ਤੇ ਬਹੁਤ ਡੂੰਘੀਆਂ ਝਰੀਟਾਂ ਪਾਈਆਂ। ਭਾਵੇਂ ਮੈਂ ਹਰ ਸਮੇਂ ਉਸਦਾ ਸਤਿਕਾਰ ਕਰਦਾ ਆਂ। ਉਸਦਾ ਕਿਹਾ ਸਿਰ-ਮੱਥੇ ਲੈਨਾਂ। ਬਾਪ ਦੇ ਸਮਾਨ ਕਹਿਣ ਵਿਚ ਵੀ ਝਿਜਕ ਨਹੀਂ ਮੰਨਦਾ। ਕਈ ਕਾਰਨਾਮੇ ਤਾਂ ਮੈਂ ਉਸ ਦੇ ਸੁਣੇ ਹੋਏ ਸਨ। ਉਹ ਆਦਮੀ ਦੇ ਭੇਸ ਵਿਚ ਲੁਕਿਆ ਸ਼ੈਤਾਨ ਏ। ਪਹਿਲਾਂ-ਪਹਿਲ ਤਾਂ ਮੈਂ ਵੀ ਉਸ ਨੂੰ ਦਾਨਿਸ਼ਵਰ ਸਮਝਦਾ ਰਿਹਾ।

ਮੇਰੀਆਂ ਅੱਖਾਂ ਤੋਂ ਪੱਟੀ ਜਲਦ ਉੱਤਰ ਗਈ। ਮੇਰੀਆਂ ਨਾਸਾਂ ਨੂੰ ਉਹ ਧੂੰਆਂ ਚੜ੍ਹਿਆ, ਜਿਸ ਵਿਚ ਸਿਰਫ਼ ਗੰਧ ਹੀ ਗੰਧ ਸ਼ਾਮਿਲ ਸੀ। ਇਹ ਪੂਰਾ ਘਟਨਾਕ੍ਰਮ ਮੈਂ ਸੁਣਿਆ ਸੀ। ਮੈਂ ਸੁਣ ਹੈਰਾਨ ਰਹਿ ਗਿਆ। ਅਸਲ ਕਹਾਣੀ ਤਾਂ ਇਹ ਸੀ ਕਿ ਮੇਰੇ ਸਹੁਰੇ ਨੇ ਆਪਣੇ ਦਫ਼ਤਰ ਕੰਮ ਕਰਦੀ ਸੋਹਣੀ-ਸੁਨੱਖੀ ਔਰਤ ਨੂੰ ਮੱਕੜ-ਜਾਲ਼ ਵਿਚ ਫਸਾ ਲਿਆ। ਉਹ ਵਿਧਵਾ ਸੀ ਤੇ ਬੇਸਹਾਰਾ ਵੀ। ਇਸਨੇ ਵੱਡੇ-ਵੱਡੇ ਸੁਫ਼ਨੇ ਵਿਖਾ ਉਸਦੇ ਨਾਲ਼ ਖੇਡਣਾ ਸ਼ੁਰੂ ਕਰ ਦਿੱਤਾ। ਇਸੇ ਖੇਡ ਵਿਚ ਇਕ ਅਣਹੋਣੀ ਵਾਪਰ ਗਈ। ਉਹ ਔਰਤ ਗਰਭਵਤੀ ਹੋ ਗਈ। ਪੇਟ 'ਚ ਪਲ਼ ਰਹੇ ਬੱਚੇ ਦਾ ਬਾਪ ਮੇਰਾ ਸਹੁਰਾ ਸੀ। ਦੁਨੀਆਦਾਰੀ ਦੀ ਬਦਨਾਮੀ ਤੋਂ ਬਚਣ ਲਈ, ਇਸਨੇ ਉਸ ਔਰਤ ਨੂੰ ਆਪਣੇ ਘਰ ਦਾ ਉੱਪਰਲਾ ਪੋਰਸ਼ਨ ਕਿਰਾਏ 'ਤੇ ਦੇ ਦਿੱਤਾ। ਉਸਦੀ ਨੌਕਰੀ ਛੁਡਵਾ ਦਿੱਤੀ। ਗਲ਼ੀ-ਗੁਆਂਢ ਵਿਚ ਇਹ ਦੱਸਿਆ-ਉਸ ਦਾ ਪਤੀ ਜਰਮਨ ਗਿਆ ਹੋਇਆ। ਘਰ ਵਿਚ ਵੀ ਤੇ ਗਲ਼ੀ-ਗੁਆਂਢ 'ਚ ਵੀ ਇਹਨਾਂ ਦੇ ਸਬੰਧਾਂ ਦਾ ਰੱਤੀ ਭਰ ਸ਼ੱਕ ਨਾ ਹੋਇਆ। ਮੇਰਾ ਸਹੁਰਾ ਉਸ ਔਰਤ ਨੂੰ ਹਰ ਸਮੇਂ 'ਭੈਣ ਜੀ' ਆਖ ਬੁਲਾਉਂਦਾ। ਉਹ ਔਰਤ ਚੁੱਪ ਦੀ ਮੂਰਤ ਬਣ ਗਈ।

ਫੇਰ ਉਹ ਘਟਨਾ ਘਟੀ, ਜਿਸ ਨੂੰ ਵੇਖ ਸਾਰਿਆਂ ਦੇ ਦੰਦਾਂ ਥੱਲੇ ਜੀਭ ਆ ਗਈ। ਜਦ ਨੌਂ ਮਹੀਨੇ ਪੂਰੇ ਹੋਏ। ਹਸਪਤਾਲ ਵਿਚ ਬੱਚੇ ਨੇ ਜਨਮ ਲਿਆ। ਰਾਜਕੁਮਾਰਾਂ ਵਰਗੇ ਮੁੰਡੇ ਨੂੰ ਵੇਖ ਰੂਹ ਰੱਜ ਹੋਈ।

"ਵਧਾਈਆਂ ਲਾਣੇਦਾਰੀਨੇ...ਮੁੰਡਾ ਤਾਂ ਰੱਬ ਕਰਮਾਂ ਵਾਲ਼ੇ ਨੂੰ ਦਿੰਦਾ। ਤੇਰੀ

ਵੇਲ ਵਧੇ...।" ਸਭ ਖ਼ੁਸ਼ ਹੁੰਦੇ ਰਹੇ ਪਰ ਉਹ ਔਰਤ ਚੁੱਪ ਸੀ।

ਉਸ ਨੇ ਚੰਗੀ-ਮੰਦੀ ਗੱਲ ਨੂੰ ਦਿਲ 'ਤੇ ਨਾ ਲਾਇਆ। ਉਸ ਔਰਤ ਅੰਦਰ ਕੀ ਚੱਲ ਰਿਹਾ ਸੀ? ਇਸ ਬਾਰੇ ਸਾਰੇ ਅਣਜਾਣ ਸਨ। ਉਹ ਔਰਤ ਦੋ ਦਿਨ ਖ਼ਾਮੋਸ਼ ਰਹੀ।

ਫੇਰ ਉਹ ਦਿਨ ਆਇਆ। ਜਦ ਵੇਖਿਆ, ਉਹ ਹਸਪਤਾਲ ਦੇ ਕਮਰੇ ਵਿਚ ਨਹੀਂ ਸੀ। ਬੱਚਾ ਕੱਪੜੇ ਵਿਚ ਲਪੇਟਿਆ ਮਿਲਿਆ। ਉਸਦੀ ਕਿਲਕਾਰੀ ਬੰਦ ਸੀ। ਪੂਰਾ ਮੰਜ਼ਰ ਵੇਖ ਮੇਰੇ ਸਹੁਰੇ ਦਾ ਮਨ ਅੰਦਰੋਂ-ਬਾਹਰੋਂ ਬਹੁਤ ਟੁੱਟਿਆ। ਉਹ ਧਾਹਾਂ ਮਾਰ ਰੋਇਆ ਵੀ।

ਇਹ ਵੀ ਸੱਚ ਸੀ-ਪੈਸੇ ਦੇ ਜ਼ੋਰ 'ਤੇ ਧੂੰਆਂ ਅਸਮਾਨੀਂ ਚੜ੍ਹਿਆ ਹੀ ਨਾ।

ਕਿਤੇ ਨਾ ਕਿਤੇ ਇਹ ਗੱਲ ਮੇਰਾ ਸਹੁਰਾ ਖ਼ੁਦ ਮੰਨਦਾ ਏ, "ਆਪ ਕਿਧਰੇ ਮਰਜ਼ੀ ਚਲੀ ਜਾਂਦੀ, ਉਹਦਾ ਦੁੱਖ ਨੀਂ ਸੀ...ਪਰ ਕਮਲ਼ੀ ਉਸ ਬੱਚੇ ਨੂੰ ਤਾਂ ਨਾ ਮਾਰਦੀ...?" ਅੱਖ ਦੇ ਅੱਥਰੂ ਜਦ ਵੀ ਅੰਦਰ ਡਿੱਗਦੇ ਨੇ ਤਾਂ ਜ਼ਖ਼ਮ ਕਰਦੇ ਨੇ। ਇਹ ਇਸ ਵਿਯੋਗ ਵਿਚ ਤੜਫ਼ਦਾ ਰਿਹਾ।

ਇਹ ਅੰਦਰਲੇ ਜ਼ਖ਼ਮ ਨਾਸੂਰ ਬਣ ਗਏ। ਇਸੇ ਕਰਕੇ ਇਸਨੂੰ ਹਾਰਟ ਅਟੈਕ ਹੋਇਆ। ਜਾਨ ਮਸਾਂ ਬਚੀ।

ਇਹ ਪੂਰੀ ਪਾਪ ਕਹਾਣੀ ਨੂੰ ਮੈਂ ਨਾਂ, ਥਾਂ, ਪਾਤਰ ਤੇ ਘਟਨਾਵਾਂ ਬਦਲ ਲਿਖਿਆ। ਕਹਾਣੀ ਪੜ੍ਹ ਪਾਠਕ ਹੁਬਕੀਆਂ ਲੈ ਰੋਏ।

ਮੈਂ ਦਫ਼ਤਰ ਵਿਚ ਬੈਠਾ ਅਤੀਤ ਦੇ ਉਹ ਪੰਨੇ ਵੀ ਫਰੋਲ਼ ਰਿਹਾ ਹਾਂ, ਜਿੱਥੇ ਮੈਨੂੰ ਪੈਰ-ਪੈਰ 'ਤੇ ਸਿੱਖਣਾ ਪਿਆ। ਕੌੜਾ ਘੁੱਟ ਭਰਨਾ ਪਿਆ। ਸਬਰ ਕਰਦਾ ਰਿਹਾ ਸਾਂ। ਚੁੱਪ ਮੇਰੇ ਚਿਹਰੇ 'ਤੇ ਹਮੇਸ਼ਾ ਤਣੀ ਰਹਿੰਦੀ ਸੀ। ਮੈਂ ਬਹੁਤ ਵਾਰੀ ਫੋੜੇ ਵਾਂਗ ਭਰਿਆ ਤੇ ਫਿੱਸਿਆ ਵੀ ਪਰ ਦਿਲ ਦੇ ਕਾਲ਼ੇ ਲੋਕਾਂ ਨੂੰ ਸਮਝ ਹੀ ਨਹੀਂ ਆਈ।

ਮੈਨੂੰ ਉਹ ਦਿਨ ਕਦੀ ਨਹੀਂ ਭੁੱਲਿਆ, ਜਦ ਮੇਰੀ ਸੱਸ ਦਾ ਬੱਚੇਦਾਨੀ ਆਪ੍ਰੇਸ਼ਨ ਕਰਵਾਉਣਾ ਸੀ। ਬੱਚੇਦਾਨੀ ਵਿਚ ਰਸੌਲ਼ੀ ਦੀਆਂ ਗੰਢਾਂ ਸਨ। ਉਹ ਦਰਦ ਨਾਲ਼ ਪੀੜਤ ਸੀ। ਵੱਡੇ ਹਸਪਤਾਲ ਯਕਦਮ ਲਿਜਾਣਾ ਪਿਆ। ਡਾਕਟਰਾਂ ਨੇ ਐਮਰਜੈਂਸੀ ਦਾਖ਼ਲ ਕੀਤਾ। ਆਪ੍ਰੇਸ਼ਨ ਕਾਮਯਾਬ ਰਿਹਾ। ਆਪ੍ਰੇਸ਼ਨ ਤੋਂ ਬਾਅਦ, ਨਿਕਲ਼ੇ ਮਾਸ ਦੇ ਟੁਕੜਿਆਂ ਦੇ ਟੈਸਟ ਦੁਬਾਰਾ ਹੋਏ। ਕੁਝ ਸੈਂਪਲ ਜਾਂਚ ਲਈ ਵੱਡੇ ਸ਼ਹਿਰ ਭੇਜਣੇ ਪਏ। ਜਾਂਚ ਦੇ ਕੁਝ ਟੁਕੜੇ ਲਏ। ਬਾਕੀ ਮਾਸ ਦੇ ਟੁਕੜੇ ਮੈਨੂੰ ਡੱਬੇ ਵਿਚ ਪਾ ਕੇ ਡਾਕਟਰ ਨੇ ਫੜਾ ਦਿੱਤੇ। ਮੈਂ ਦੁਬਿਧਾ ਵਿਚ ਸਾਂ ਕਿ ਇਸਨੂੰ ਕਿੱਥੇ ਸੁੱਟਾਂ?

ਮੈਂ ਦੂਰ ਨਹਿਰ ਵਿਚ ਸੁੱਟਣ ਦੀ ਕਸ਼-ਮ-ਕਸ਼ ਵਿਚ ਸਾਂ। ਮੈਂ ਹਸਪਤਾਲ ਤੋਂ ਤੁਰਨਾ ਹੀ ਬਿਹਤਰ ਸਮਝਿਆ।

ਸੱਸ ਨੇ ਮੈਨੂੰ ਉਹ ਡੱਬਾ ਲਿਜਾਂਦਿਆਂ ਵੇਖ ਲਿਆ। ਉਸਨੇ ਬੜੀ ਨਰਮ ਆਵਾਜ਼ ਦੇ ਕੇ ਕੋਲ਼ ਸੱਦਿਆ ਤੇ ਆਪਣੀ ਪੀੜ ਮੇਰੇ ਨਾਲ਼ ਸਾਂਝੀ ਕੀਤੀ, "ਪੁੱਤ! ਭਾਵੇਂ ਇਹਨੂੰ ਖੇਤਾਂ ਵਿਚ ਸੁੱਟ ਤੇ ਭਾਵੇਂ ਨਹਿਰ ਵਿਚ। ਇਹਦਾ ਹੁਣ ਕੀ ਫ਼ਾਇਦਾ ਏ? ਇਹ ਤਾਂ

ਮਾਸ ਏ ਹੁਣ। ਇਸ ਮਾਸ 'ਤੇ ਲੱਖ ਲਾਹਨਤ ਏ, ਜਿਹੜਾ ਆਵਦੇ ਪਰਿਵਾਰ ਨੂੰ ਵਾਰਸ ਨੀਂ ਦੇ ਸਕਿਆ।" ਸੱਸ ਨੇ ਲੰਮੀ ਹਾਂਅ ਭਰੀ।

ਮੇਰੇ ਹੱਥ 'ਚੋਂ ਡੱਬਾ ਮਸਾਂ ਡਿੱਗਣੋਂ ਬਚਿਆ। ਮੈਂ ਆਪਣੇ ਆਪ ਨੂੰ ਸਥਿਰ ਕੀਤਾ ਸੀ। ਉੱਥੋਂ ਮਸਾਂ ਤੁਰਿਆ।

ਭਾਵੇਂ ਮੈਂ ਉਹ ਡੱਬੇ ਨੂੰ ਸੱਸ ਅਨੁਸਾਰ ਅੰਜਾਮ ਦੇ ਆਇਆ ਪਰ ਅਣਜੰਮੇ ਬੱਚੇ ਦੀਆਂ ਕਿਲਕਾਰੀਆਂ ਆਪਣੇ ਸੁਫ਼ਨਿਆਂ ਵਿਚ ਸੁਣਦਾ ਰਿਹਾ। ਆਪਣੀ ਸੱਸ ਦੇ ਅੱਖਾਂ ਅੰਦਰ ਬਣੀ ਝੀਲ ਨੂੰ ਮਿਣਦਾ ਰਿਹਾ। ਤੜਫ਼ਦਾ ਰਿਹਾ। ਬੁੜ੍ਹਕ-ਬੁੜ੍ਹਕ ਰਾਤ ਨੂੰ ਉਠਦਾ ਵੀ ਰਿਹਾ। ਜਦ ਵੀ ਅੱਖ ਲੱਗਦੀ, ਉਹ ਸੁਫ਼ਨੇ ਮੁੜ ਫੇਰਾ ਪਾ ਜਾਂਦੇ ਰਹੇ।

ਬਹੁਤ ਕੁਝ ਜੋ ਇਸ ਪਰਿਵਾਰ ਬਾਰੇ ਸੁਣਿਆ ਹੋਇਆ ਸੀ ਤੇ ਬਾਕੀ ਅੱਖੀਂ ਵੇਖਿਆ ਵੀ। ਉਹ ਸਾਰੇ ਵੇਖੇ-ਸੁਣੇ ਵਰਤਾਰੇ ਨੂੰ ਡੀਕੋਡ ਕੀਤਾ। ਸ਼ੁਰੂਆਤ ਵਿਚ ਮੈਂ ਆਪਣੀ ਪਤਨੀ ਦੀ ਉਗਲ਼ੀ ਜ਼ਹਿਰ ਨੂੰ ਨਸ਼ਰ ਕੀਤਾ। ਜਦ ਵੀ ਕੋਈ ਕਹਾਣੀ ਵਿਚ ਕਿਸੇ ਔਰਤ ਦਾ ਬਿੰਬ ਪ੍ਰਤਿਬਿੰਬ ਚਿਤਰਨਾ ਹੁੰਦਾ ਤਾਂ ਮੇਰੇ ਅੱਗੇ ਪਤਨੀ ਦਾ ਚਿਹਰਾ ਹੀ ਉੱਕਰਦਾ ਏ।

ਮੈਂ ਉਹਦੀ ਜ਼ਿੰਦਗੀ ਦੇ ਵੱਖ-ਵੱਖ ਰੂਪਾਂ ਬਾਰੇ ਕਈ ਕਹਾਣੀਆਂ ਲਿਖ, ਕਿਤਾਬ ਵਿਚ ਛਪਾ ਲਈਆਂ; ਜਿਸਨੂੰ ਸਾਹਿਤਕ ਦਾਇਰਿਆਂ ਵਿਚ ਮਚੇਵੇਂ ਦਾ ਸਾਹਿਤ ਬੋਲਦੇ ਨੇ।

ਇਹ ਕਹਾਣੀਆਂ ਅੱਜ ਜੱਗ-ਜ਼ਾਹਿਰ ਹੋ ਹੀ ਗਈਆਂ ਨੇ, ਜਦ ਲੇਖਕਾਂ ਨੇ ਵੀ ਘਰ ਆ ਕੇ ਖਿਲਾਰੇ ਪਾ ਦਿੱਤੇ। ਮੇਰੇ ਵੱਸ ਕੁਝ ਨਾ ਰਿਹਾ।

ਮੈਨੂੰ ਧੁੜਕੂ ਸੀ ਕਿ ਜਦ ਮੈਂ ਸਵੇਰੇ ਘਰੋਂ ਦਫ਼ਤਰ ਵੱਲ ਤੁਰ ਆਇਆ ਸਾਂ ਤਾਂ ਸੱਬੂ ਕੁਝ ਪੜ੍ਹ ਰਹੀ ਸੀ। ਇਕੇਰਾਂ ਭੁਲੇਖਾ ਲੱਗਾ, ਜਿਵੇਂ ਸ਼ਾਇਦ ਮੇਰੀ ਕਹਾਣੀਆਂ ਦੀ ਕਿਤਾਬ ਪੜ੍ਹ ਰਹੀ ਹੋਵੇ। ਇਹਨਾਂ ਨੂੰ ਮੈਂ ਹੁਣ ਇਸ ਨਜ਼ਰ ਨਾਲ਼ ਵੇਖਦਾ, ਜਿਸ ਤਰ੍ਹਾਂ ਉਹ ਸਾਰੀਆਂ ਕਹਾਣੀਆਂ ਨੂੰ ਪੜ੍ਹੇਗੀ। ਕਿਰਦਾਰਾਂ ਨੂੰ ਸਮਝੇਗੀ। ਸਬੂਤਾਂ ਦੇ ਤੌਰ 'ਤੇ ਸਾਂਭ ਕੇ ਰੱਖੇਗੀ। ਇਹ ਮੇਰਾ ਸ਼ੱਕ ਏ, ਜਦ ਵੀ ਘਰ ਪਹੁੰਚਾਂਗਾ ਤਾਂ ਉਸ ਸਮੇਂ ਤੱਕ ਕਿਤਾਬ ਪੜ੍ਹ ਸੱਬੂ ਨੇ ਸਾਰੇ ਪਾਤਰਾਂ, ਨਾਵਾਂ, ਥਾਵਾਂ ਤੇ ਬੋਲਾਂ ਦੇ ਨਕਸ਼ਾਂ ਨੂੰ ਸਮਝ ਲਿਆ ਹੋਵੇਗਾ। ਘਰ ਪਹੁੰਚਦਿਆਂ ਉਸਨੇ ਸਿੰਗ ਮਿੱਟੀ ਚੁੱਕ ਲੈਣੀ ਏ। ਸਾਰੇ ਦਾ ਸਾਰਾ ਕਸੂਰ ਮੇਰਾ ਕੱਢੇਗੀ।

ਜੇ ਵੇਖਿਆ ਜਾਵੇ ਤਾਂ ਇਸ ਵਿਚ ਮੇਰਾ ਦੁੱਕੀ ਭਰ ਕਸੂਰ ਨਹੀਂ। ਮੈਨੂੰ ਡਰ ਨਹੀਂ ਕਿ ਮੈਂ ਇਸ ਘਰ ਤੋਂ ਬੇ-ਦਖ਼ਲ ਹੋ ਜਾਵਾਂਗਾ। ਡਰ ਇਹ ਹੈ, ਜੋ ਕਾਲਖ਼ ਲੱਗੇਗੀ, ਉਸਦੇ ਦਾਗ਼ ਸਾਰੀ ਉਮਰ ਮਿਟਦੇ ਨੀਂ ਹੁੰਦੇ।

ਇਹ ਸੱਚ ਹੈ ਕਿ ਸੱਬੂ ਦਾ ਪਹਿਲੇ ਦਿਨ ਤੋਂ ਮੇਰੇ ਪ੍ਰਤੀ ਵਿਹਾਰ ਹਮੇਸ਼ਾ ਨੌਕਰ ਵਾਲ਼ਾ ਹੀ ਰਿਹਾ। ਉਹ ਹਰ ਸਮੇਂ ਮੇਰੇ ਵੱਲ ਗੁਸੈਲ ਨਜ਼ਰਾਂ ਨਾਲ਼ ਤੱਕਦੀ ਏ। ਇਸਦੇ ਕਈ ਕਾਰਨ ਮੈਨੂੰ ਨਜ਼ਰੀਂ ਆਉਂਦੇ ਨੇ।

ਉਹਨਾਂ ਵਿਚੋਂ ਇਕ ਕਾਰਨ ਮੈਨੂੰ ਨਜ਼ਰੀਂ ਪੈਂਦਾ ਏ; ਉਸਨੂੰ ਕੋਈ ਮੁੰਡਾ ਪਸੰਦ ਸੀ। ਉਹਦਾ ਨਾਂ ਕਬੀਰ ਸੀ। ਦੋਵੇਂ ਸਕੂਲ ਸਮੇਂ ਤੋਂ ਜਾਣੂ ਸਨ। ਹੌਲ਼ੀ-ਹੌਲ਼ੀ ਪਿਆਰ ਦੋਹਾਂ ਵਿਚ ਕਰੂੰਬਲ਼ਾਂ ਵਾਂਗ ਫੁੱਟ ਪਿਆ। ਵਕਤ ਗੁਜ਼ਰਿਆ। ਇਹਨਾਂ ਨੇ ਬਹੁਤ ਸਾਰੇ ਸੁਫ਼ਨੇ ਸਾਂਝੇ ਵੇਖੇ ਹੋਣੇ। ਹਾਲਾਤ ਬਦਲੇ, ਉਹ ਮੁੰਡਾ ਅੱਧ-ਵਿਚਕਾਰ ਪੜ੍ਹਾਈ ਛੱਡ ਬੈਲਜੀਅਮ ਚਲਾ ਗਿਆ। ਮੈਨੂੰ ਤਾਂ ਇੰਝ ਲੱਗਦੈ, ਜਿਵੇਂ ਮੇਰੇ ਸਹੁਰੇ ਨੇ ਉਸ ਨੂੰ ਵਿਦੇਸ਼ ਭੇਜਿਆ ਹੋਵੇ।

"ਡੈਡੀ ਮੈਂ ਤਾਂ ਜਾਣਾ ਹੀ ਜਾਣਾ ਬੈਲਜੀਅਮ...ਜੇ ਨਾ ਗਈ...ਤਾਂ ਮੈਂ ਮਰ ਜਾਣਾ ਏ।"

ਸੱਬੂ ਨੇ ਬੈਲਜੀਅਮ ਜਾਣ ਲਈ ਬਹੁਤ ਤਣੇ ਤੁੜਾਏ। ਪਿਤਾ ਲਈ ਇਹ ਕੋਈ ਵੱਡਾ ਕੰਮ ਨਹੀਂ ਸੀ ਪਰ ਜਦੋਂ ਕਰਨਾ ਹੀ ਨਾ ਹੋਵੇ। ਉਸ ਸਮੇਂ ਸੌ ਬਹਾਨੇ।

"ਸਭ ਕੁਝ ਬਾਅਦ ਵਿਚ... ਪਹਿਲਾਂ ਜਾਤ-ਬਰਾਦਰੀ। ਬਰਾਦਰੀ ਤੋਂ ਬਾਹਰ ਹੋਏ ਰਿਸ਼ਤਿਆਂ ਦੀ ਕੀ ਪਛਾਣ...?" ਆਖ਼ਰੀ ਜਾਦੂ ਪੱਤਾ ਹੱਥੋਂ ਡਿੱਗਿਆ। ਉਸ ਨਿਯਮ ਦੇ ਅੱਗੇ ਸਾਰੇ ਨਿਯਮ ਫੇਲ੍ਹ ਹੋ ਗਏ।

ਸੱਬੂ ਦਾ ਡੈਡੀ ਸਮਝ ਗਿਆ ਕਿ ਕਹਾਣੀ ਨੂੰ ਅੰਜਾਮ ਕੀ ਦੇਣਾ ਏ?

ਸੱਬੂ ਦਾ ਡੈਡੀ ਨਾ ਮੰਨਿਆ। ਮਰਦ ਜ਼ਾਤ ਆਪਣੀ ਹਾਰ ਕਦੀ ਮਨਜ਼ੂਰ ਨਹੀਂ ਕਰਦੀ। ਉਸਨੇ ਹਰ ਸੂਤਰ ਵਰਤਿਆ।

ਸੱਬੂ ਵੀ ਇੱਕ ਲੱਤ 'ਤੇ ਗਈ ਪਰ ਮੇਰੇ ਸਹੁਰੇ ਦੇ ਪੈਂਤੜੇ ਤਾਂ ਰੱਬ ਤੋ ਬਿਨਾਂ ਦੂਜਾ ਕੋਈ ਸਮਝ ਹੀ ਨੀਂ ਸਕਦਾ।

"ਬੰਦਾ ਸਾਰੀ ਦੁਨੀਆ ਜਿੱਤ ਸਕਦਾ ਪਰ ਜਦੋਂ ਹਾਰਨ 'ਤੇ ਆਉਂਦਾ ਤਾਂ ਆਪਣੀ ਔਲਾਦ ਹੱਥੋਂ ਹਾਰ ਜਾਂਦੈ।" ਮੇਰੀ ਸੱਸ ਨੇ ਕਸੀਸ ਵੱਟੀ ਸੀ।

ਸੱਬੂ ਚੁੱਪ ਵੱਟ ਗਈ। ਕੋਈ ਜ਼ੁਲਮ ਵੀ ਹੋਇਆ ਹੋਣਾ; ਜਿਸ ਬਾਰੇ ਮੈਨੂੰ ਕੋਈ ਭਿਣਕ ਨੀਂ। ਬੱਸ ਇਹ ਪਤਾ ਲੱਗਦਾ, ਕਬੀਰ ਦੇ ਜਾਣ ਕਰਕੇ ਇਹ ਪੂਰੀ ਤਰ੍ਹਾਂ ਟੁੱਟ ਗਈ। ਬਾਪ ਦੀ ਮਰਦਾਵੀਂ ਧੌਂਸ ਕਰਕੇ ਇਸਦੇ ਸੁਫ਼ਨੇ ਤੀਲ੍ਹੇ-ਤੀਲ੍ਹੇ ਹੋ ਗਏ। ਇਹ ਦਿਮਾਗ਼ੀ ਤੌਰ 'ਤੇ ਡੋਲ ਗਈ। ਪਹਿਲੀ ਵਾਰ ਅੱਧ-ਨੀਮ ਪਾਗ਼ਲ ਜਿਹੀ ਵਿਆਹ ਵੇਲ਼ੇ ਵੇਖੀ ਸੀ ਮੈਂ।

ਇੱਥੇ ਮੈਂ ਬਦਕਿਸਮਤ ਸਾਂ ਕਿ ਰਾਧੇ ਸ਼ਿਆਮ ਸਾਡਾ ਵਿਚੋਲਾ ਬਣਿਆ। ਜਦ ਮੇਰੇ ਨਾਲ਼ ਵਿਆਹੀ, ਉਸ ਸਮੇਂ ਸੱਬੂ ਜਿਉਂਦੀ ਲਾਸ਼ ਮੇਰੇ ਨਾਲ਼ ਬੰਨ੍ਹ ਦਿੱਤੀ।

"ਮੇਰਾ ਸਭ ਕੁਝ ਉੱਜੜ ਗਿਆ, ਨਾ ਘਰ ਰਿਹਾ, ਨਾ ਮਾਂ ਤੇ ਬਾਪ।"

ਮੈਂ ਅਕਸਰ ਬੈਠਾ ਸੋਚਦਾ ਰਹਿੰਨਾ ਹਾਂ।

ਖ਼ਾਸ ਸ਼ਰਤਾਂ ਅਧੀਨ ਮੇਰਾ ਵਿਆਹ ਹੋਇਆ। ਮੈਂ ਉਸ ਚਿੜੀਆਘਰ ਘਰ ਦੇ ਹਾਥੀ ਵਰਗਾ ਸਾਂ, ਖਾ-ਪੀ ਤਾਂ ਸਕਦਾ ਸੀ ਪਰ ਆਜ਼ਾਦੀ ਨੀਂ ਮਾਣ ਸਕਦਾ।

ਇਹ ਸਾਰੇ ਮੈਨੂੰ ਪੁਲਿਸ ਅੱਖ ਨਾਲ਼ ਕਿਉਂ ਵੇਖਦੇ ਨੇ...।"

ਮੇਰੇ ਨਰਮ ਦਿਲ ਅੰਦਰ ਕੋਈ ਅਹਿਸਾਸ ਧੜਕ ਰਿਹਾ ਹੁੰਦਾ।

ਫੇਰ ਉਹ ਦਿਨ ਆਇਆ। ਜਦ ਮੈਂ ਤੇ ਸੱਬੂ ਕਈ ਮਹੀਨਿਆਂ ਬਾਅਦ ਪਿੰਡ ਜਾ ਰਹੇ ਸਾਂ। ਮੈਂ ਉਹ ਰਾਹਵਾਂ ਕਈ ਦਿਨਾਂ ਬਾਅਦ ਨਿਹਾਰੀਆਂ। ਰਾਹਵਾਂ ਵੇਖ, ਮੇਰੀਆਂ ਅੱਖਾਂ ਭਰ ਆਈਆਂ। ਮਨ ਕਾਇਨਾਤ ਨੂੰ ਵੇਖ ਉੱਛਲਣ ਲੱਗਿਆ। ਇਹ ਰਾਹਵਾਂ 'ਤੇ ਸ਼ਾਇਦ ਹੁਣ ਮੈਂ ਕਦੀ ਨਹੀਂ ਤੁਰਨਾ ਸੀ।

ਜਦ ਘਰ ਵੇਖਿਆ। ਮਾਂ ਤੇ ਬਾਪ ਸਾਨੂੰ ਵੇਖ ਉਠ ਖਲੋਏ। ਉਹਨਾਂ ਦੀਆਂ ਸੁੱਕੀਆਂ ਅੱਖਾਂ ਵਿਚ ਪਾਣੀ ਝਰਨੇ ਵਾਂਗ ਵਹਿ ਤੁਰਿਆ।

"ਜੁਗ-ਜੁਗ ਜੀਵੋ। ਵਡਭਾਗਾ ਦਿਨ ਚੜ੍ਹਿਆ ਅੱਜ।"

ਮੈਂ ਉਸ ਦਿਨ ਮਹਿਸੂਸ ਕੀਤਾ ਕਿ ਸੰਤਾਨ ਵਿੱਛੜਨ 'ਤੇ ਮਾਂ ਦੇ ਤਨ-ਮਨ 'ਤੇ ਕੀ ਬੀਤਦੀ ਹੈ...ਉਹ ਚਿੰਤਾਵਾਂ ਵਿਚ ਬਿਲਕੁਲ ਉਸ ਤਰ੍ਹਾਂ ਹੋ ਜਾਂਦੀ ਏ; ਜਿਸ ਤਰ੍ਹਾਂ ਲੱਕੜੀ ਮੱਚ ਕੇ ਕੋਲਾ ਹੋ ਜਾਂਦੀ ਏ।

ਬਾਪ ਰੱਬ ਦਾ ਸ਼ੁਕਰ ਅਦਾ ਕਰ ਰਿਹਾ ਸੀ। ਮਹੀਨਾ ਭਾਵੇਂ ਭਾਦੋਂ ਦਾ ਸੀ ਪਰ ਲੱਗਦਾ ਸੀ ਬਸੰਤ ਆ ਗਈ ਏ।

"ਚੱਲੋ...ਉੱਠੋ। ਮੇਰਾ ਏਥੇ ਦਮ ਘੁਟ ਜਾਣਾ।" ਘਰ ਵਿਚ ਪਹੁੰਚੇ ਨੂੰ ਮਸਾਂ ਥੋੜ੍ਹਾ ਵਕਤ ਹੋਇਆ ਸੀ।

ਸੱਬੂ ਦੀ ਅੱਚਵੀ ਨੇ ਮੈਨੂੰ ਦੁਖੀ ਕਰ ਛੱਡਿਆ। ਇਸ ਦੇ ਹਾਵ-ਭਾਵ ਗਿਰਗਿਟ ਵਾਂਗ ਬਦਲ ਰਹੇ ਸਨ। ਡਾਕਟਰਾਂ ਅਨੁਸਾਰ ਇਹ ਦਿਮਾਗ਼ੀ ਤੌਰ 'ਤੇ ਕਾਫ਼ੀ ਹੱਦ ਤੱਕ ਸਥਿਰ ਸੀ ਪਰ ਇਸਨੇ ਘਰ ਜਲਦੀ ਮੁੜਨ ਦੀ ਜ਼ਿੱਦ ਹਾਵੀ ਰਹੀ। ਪਾਗਲਪਣ ਵਧਦਾ ਗਿਆ।

ਚਾਵਾਂ ਨਾਲ਼ ਮਾਂ ਦਾ ਬਣਾਇਆ ਖਾਣਾ ਨਾ ਖਾਧਾ। ਵੱਡੀ ਮਜਾਜ਼ਣ ਦੇ ਨੱਕ ਤੋਂ ਰੁਮਾਲ ਹੀ ਨਾ ਉੱਠਿਆ। ਕੁਰਸੀ 'ਤੇ ਚਿਪਕ ਕੇ ਬੈਠੀ ਰਹੀ। ਇਸ ਦਾ ਇਹ ਵਿਹਾਰ ਮੈਨੂੰ ਅੱਖਰਿਆ ਬਹੁਤ। ਮੈਂ ਵਾਰ-ਵਾਰ ਸਮਝਾਇਆ ਵੀ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਰਸਮਾਂ ਪੂਰੀਆਂ ਕਰਵਾਉਣਾ ਤਾਂ ਦੂਰ ਦੀ ਕਹਾਣੀ ਰਹੀ।

"ਰਾਜ਼ੀ-ਖ਼ੁਸ਼ੀ ਰਹੋ...ਜਦ ਨੂੰਹ-ਰਾਣੀ ਠੀਕ ਹੋ ਜਾਵੇ, ਉਦੋਂ ਗੇੜਾ ਮਾਰ ਜਾਇਓ।"

ਜਿਹੜੀ ਮਾਂ ਦੀਆਂ ਹਜ਼ਾਰਾਂ ਸੱਧਰਾਂ ਸਨ, ਉਸਨੇ ਮੌਕਾ ਸੰਭਾਲ਼ਿਆ। ਬਾਪੂ ਨੇ ਹਲਕੇ ਜਿਹੇ ਹੱਥ ਨਾਲ਼ ਮੋਢਾ ਪਲ਼ੋਸਿਆ।

"ਸ਼ਹਿਰ ਰਹਿਣ ਵਾਲ਼ੇ ਪਿੰਡ ਨਾਲ਼ ਕਿੱਥੇ ਮੁਹੱਬਤ ਕਰਦੇ ਆ।" ਮੈਨੂੰ ਲੱਗਿਆ, ਜਿਵੇਂ ਬਾਪੂ ਨੇ ਵਿਦਾਇਗੀ ਵੇਲ਼ੇ ਕਿਹਾ ਹੋਵੇ।

ਮੇਰੇ ਕਲ਼ੇਜੇ ਅੰਦਰ ਅਸਮਾਨੀਂ ਬਿਜਲੀ ਵਾਂਗ ਕੋਈ ਲਾਟ ਆਰ-ਪਾਰ ਹੋ ਗਈ।

ਸੰਧੂਰੀ ਸੂਰਜ ਹੋਣ ਤੋਂ ਪਹਿਲਾਂ ਹੀ ਅਸੀਂ 'ਕੋਠੀ' ਵਿਚ ਮੁੜ ਆਏ।

ਵਿਆਹ ਤੋਂ ਛੇ ਮਹੀਨੇ ਤੀਕ ਸੱਬੂ ਹੌਲ਼ੀ-ਹੌਲ਼ੀ ਠੀਕ ਹੋਣ ਲੱਗੀ। ਨੌਕਰੀ ਤੋਂ

ਲੱਗਭਗ ਛੁੱਟੀਆਂ 'ਤੇ ਰਿਹਾ। ਮੈਂ ਪਤਨੀ ਦੀ ਪੂਰੀ ਖ਼ਾਤਰਦਾਰੀ ਕਰਦਾ। ਰੁੱਖੇ-ਤੱਤੇ ਬੋਲਾਂ ਨੂੰ ਸਹਿਣ ਕਰਦਾ।

ਦਵਾਈਆਂ ਤੇ ਦੁਆਵਾਂ ਰੰਗ ਲਿਆਈਆਂ। ਸੱਬੂ ਦਿਮਾਗ਼ੀ ਤੌਰ 'ਤੇ ਬਿਹਤਰ ਹੁੰਦੀ ਗਈ।

"ਡੌਂਟ ਟੱਚ ਮੀਂ...ਆਈ ਕਿੱਲ ਯੂ ਇਫ਼ ਯੂ ਟੱਚ ਮਾਈ ਬਾਡੀ।" ਜਦ ਵੀ ਛੋਹਿਆ, ਨਤੀਜਾ ਉਲਟ ਮਿਲਿਆ ਪਰ ਮੈਂ ਅਣਖਿਝ ਹੋ ਕੰਮ ਕਰਦਾ ਰਿਹਾ।

ਸਾਡੇ ਵਿਚ ਪਤੀ-ਪਤਨੀ ਵਾਲ਼ਾ ਕੋਈ ਸਬੰਧ ਹੀ ਨਾ ਬਣਿਆ। ਫੇਰ ਵੀ ਮੈਂ ਚੁੱਪ ਰਿਹਾ। ਘਰ ਵਿਚ ਨੌਕਰ ਦੀ ਤਰ੍ਹਾਂ ਲੱਗ ਰਿਹਾ ਹੁੰਨਾਂ ਹਾਂ। ਮੇਰੀ ਵੁੱਕਤ ਸਿਫ਼ਰ ਏ। ਨਿਰਣਾ ਕੋਈ ਨੀਂ ਲੈ ਸਕਦਾ। ਮਰਜ਼ੀ ਦਾ ਪਹਿਨ ਨੀਂ ਸਕਦਾ। ਕਿਸੇ ਥਾਂ ਜਾ ਨੀਂ ਸਕਦਾ। ਹਰ ਸਮੇਂ 'ਹਾਜ਼ਰ ਜੀ-ਹਾਜ਼ਰ' ਕਹਿਣਾ ਪੈਂਦਾ। ਉਲਟੇ ਸਿੱਧੇ ਸਵਾਲ ਸੁਣ-ਸੁਣ ਕੰਨ ਪੱਕ ਗਏ ਨੇ।

"ਤੁਸੀਂ ਸਾਰੀ ਉਮਰ ਦਿਹਾਤੀ ਦੇ ਦਿਹਾਤੀ ਹੀ ਰਹਿਣਾ ਏ। ਨਾ ਖਾਣ ਦਾ ਪਤੈ, ਨਾ ਪਹਿਨਣ ਦਾ।" ਅਜਿਹੇ ਬੋਲਾਂ ਦੀ ਲੰਮੀ ਲੜੀ ਸੀ, ਜਿਸਨੂੰ ਸੁਣਦਾ ਆ ਰਿਹਾ ਸਾਂ।

ਪਹਿਲਾਂ-ਪਹਿਲ ਜਦ ਦਵਾਈ ਚਲਦੀ ਸੀ। ਜਦ ਵੀ ਦਵਾਈ ਲੈਣੀ ਭੁੱਲ ਜਾਂਦੀ ਜਾਂ ਸੱਬੂ ਜਾਣ-ਬੁੱਝ ਕੇ ਡੋਲ੍ਹ ਦਿੰਦੀ। ਉਸ ਸਮੇਂ ਘਰ ਦੇ ਕਿਸੇ ਮੈਂਬਰ ਨੂੰ ਨਾ ਬਖ਼ਸ਼ਦੀ ਪਰ ਭਾਂਡਾ ਹਮੇਸ਼ਾ ਮੇਰੇ ਸਿਰ ਆ ਕੇ ਹੀ ਭੰਨਿਆ ਜਾਂਦਾ। ਫਿਰ ਡੈੱਕ ਦੀ ਰੀਲ੍ਹ ਵਾਂਗ ਸ਼ੁਰੂ ਹੋ ਜਾਂਦੀ। ਇਹ ਰੁਕਦੀ ਹੀ ਨਾ।

ਇਹ ਮੇਰੀ ਦੇਵੀ ਸਮਾਨ ਮਾਂ ਨੂੰ ਵੀ ਨਾ ਬਖ਼ਸ਼ਦੀ। ਮੇਰੀ ਮਾਂ ਨੂੰ ਤਾਂ ਸਾਰਾ ਪਿੰਡ 'ਦਾਨੀ ਮਾਂ ਜੀ' ਆਖ ਬੁਲਾਉਂਦਾ ਸੀ। ਜਦ ਵੀ ਇਹ ਹਿਰਖ਼ ਵਿਚ ਬੋਲਦੀ, ਉਸਨੂੰ ਵੀ ਵਿਚ ਲਪੇਟ ਦਿੰਦੀ, "ਤੇਰੀ ਮਾਂ ਨੇ ਤੈਨੂੰ ਉੱਲੂ ਜੰਮਿਆ...ਕੀ ਸਿੱਖ ਕੇ ਆਇਆਂ?...ਕੁੱਝ ਵੀ ਨੀਂ...ਬਿਟਰ-ਬਿਟਰ ਤੱਕਦਾ ਰਹਿੰਨਾਂ...ਸਾਰਾ ਦਿਨ।" ਨੂੰਹੇਂ ਦੇ ਡੰਗ ਵਰਗੇ ਜ਼ਹਿਰੀ ਬੋਲ ਤਨ ਮਨ ਨੂੰ ਕੁਰੇਦਦੇ। ਮੈਂ ਭੱਠੀ ਦੀਆਂ ਖਿੱਲਾਂ ਵਾਂਗ ਅੰਦਰੋਂ-ਅੰਦਰੀ ਬੁੜ੍ਹਕਦਾ ਰਹਿੰਦਾ।

"ਮੈਨੂੰ ਤਾਂ ਤੂੰ ਬਰੂਨੋ ਲਗਦੈ...।"

ਬਰੂਨੋ ਉਹਨਾਂ ਦੇ ਕੁੱਤੇ ਦਾ ਨਾਂ ਸੀ।

ਮੈਂ ਜ਼ਹਿਰ ਵਰਗੇ ਬੋਲਾਂ ਨੂੰ ਸਹਾਰਦਾ ਰਹਿੰਦਾ ਜਾਂ ਸਹਾਰਨ ਦਾ ਆਦੀ ਹੋ ਗਿਆ ਸੀ।

ਜਦ ਦਾ ਮੈਂ ਇਸ ਘਰ ਦਾ ਮੈਂਬਰ ਬਣਿਆ ਹਾਂ, ਇਹਦੇ ਸੁਭਾਅ ਵਿਚ ਥੋੜ੍ਹੀ-ਬਹੁਤੀ ਤਬਦੀਲੀ ਆਈ ਏ। ਆਕੜ ਦੇ ਘੜੇ ਵਿਚ ਤਰੇੜ ਪਈ ਏ। ਇਹ ਆਕੜ ਦਾ ਘੜਾ ਉਸ ਦਿਨ ਵੀ ਫੁੱਟਿਆ ਸੀ, ਜਦ ਇਸ ਦਾ ਜਨਮ ਦਿਨ ਸੀ। ਮੈਂ ਸਵੇਰੇ ਹੀ ਫ਼ੋਨ ਗਿਫ਼ਟ ਕੀਤਾ। ਇਸ ਦੀ ਜਵਾਬੀ ਕੋਈ ਪ੍ਰਤੀਕ੍ਰਿਆ ਨਹੀਂ ਸੀ। ਸ਼ਾਮ ਨੂੰ ਜਦ ਇਹ ਪੱਬ

ਵਿਚ ਆਪਣੀਆਂ ਸਹੇਲੀਆਂ ਨਾਲ਼ ਪਾਰਟੀ ਕਰ ਰਹੀ ਸੀ, ਸਭ ਨੇ ਇਸ ਕੋਲ਼ ਮੋਬਾਈਲ ਵੇਖਿਆ। ਸਾਰੀਆਂ ਹੈਰਾਨ ਰਹਿ ਗਈਆਂ।

"ਇਹ ਤਾਂ ਅਜੇ ਹੁਣੇ ਲਾਂਚ ਹੋਇਆ। ਆਪਣੇ ਪੂਰੇ ਸ਼ਹਿਰ ਵਿਚ ਤਾਂ ਅਜੇ ਐਂਟਰੀ ਵੀ ਨੀ ਹੋਈ।"

"ਯਾਰ, ਤੂੰ ਤਾਂ ਲੱਕੀ ਏਂ। ਹਾਓ ਗੌਟ ਇਟ?"

ਇਸ ਨੇ ਘਰ ਆ ਕੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਤੱਕਿਆ। ਅੱਖਾਂ ਬੋਲ ਰਹੀਆਂ ਸਨ, ਬੁੱਲ੍ਹ ਸੀਤੇ ਹੋਏ ਸਨ।

ਇਸ ਦਾ ਇਹ ਰੂਪ ਵੇਖ ਮੇਰੇ ਮਨ ਨੂੰ ਤਸੱਲੀ ਹੋਈ ਕਿ ਪੱਥਰ 'ਤੇ ਵੀ ਬੂੰਦ ਦਾ ਅਸਰ ਹੋ ਸਕਦਾ ਏ।

ਇਹ ਅਸਰ ਦਾ ਮੁੱਢ ਵੇਖਦਾ ਹਾਂ ਤਾਂ ਮੇਰੇ ਚੇਤਿਆਂ ਵਿਚ ਸਹੁਰੇ ਦੀਆਂ ਕਹੀਆਂ ਗੱਲਾਂ ਦੇ ਰੰਗ ਗੂੜ੍ਹੇ ਹੁੰਦੇ ਨੇ।

ਲਾਡ-ਪੁਣੇ ਨੇ ਵਿਗਾੜਿਆ ਪੁੱਤ। ਹੋਰ ਕੀ...? ਖੁੱਲ੍ਹਾ ਖਾਣ ਨੂੰ...ਚੰਗਾ ਪਹਿਨਣ ਨੂੰ ਤੇ ਮਾੜਾ...।" 'ਬੋਲਣ' ਵਾਲ਼ੀ ਸਤਰ ਉਹ ਵਿਚ ਹੀ ਦੱਬ ਜਾਂਦਾ।

ਮੈਂ ਹੋਰ ਡੂੰਘਾਈ ਵਿਚ ਜਾਂਦਾ। ਕਾਰਨ ਲੱਭਦਾ। ਮੇਰੇ ਹੱਥ 'ਬਥੇਰਾ ਕੁਝ' ਲਗਦਾ।

ਸੱਬੂ ਦਾ ਡੈਡੀ ਨਿਆਂ ਪ੍ਰਬੰਧ ਦੀ ਵੱਡੀ ਪੋਸਟ 'ਤੇ ਸੀ। ਰੁਪਏ ਮੀਂਹ ਵਾਂਗ ਘਰ ਆਉਂਦੇ। ਵੱਡੇ ਸ਼ਹਿਰਾਂ ਵਿਚ ਪਲਾਟ ਤੇ ਫਲੈਟ ਲੈ ਲਏ। ਕੁਝ ਜ਼ਮੀਨ ਸੜਕ 'ਤੇ ਸੀ। ਉਹ ਕਰੋੜਾਂ ਦੇ ਭਾਅ ਵਿਕੀ ਤੇ ਵਰਤਣ ਵਾਲ਼ੀ ਇਕੱਲੀ ਕੁੜੀ। ਉੱਪਰੋਂ ਸੱਬੂ ਦੇ ਸ਼ੌਕ ਵੀ ਮਹਿੰਗੇ। ਜਵਾਨੀ ਵਿਚ ਪੈਰ ਧਰਦਿਆਂ ਵਿਗੜ ਜਾਣਾ।

ਇੱਥੋਂ ਤੱਕ ਸਿਗਰਟ ਵੀ ਪੀਂਦੀ ਰਹੀ। ਆਜ਼ਾਦ ਖ਼ਿਆਲਾਂ ਦੀ ਸੀ। ਬਾਪ ਦੇ ਜ਼ਿਦ ਤੇ ਜਾਤ ਦੇ ਦਾਇਰਿਆਂ ਵਿਚ ਸਭ ਸੁੰਗੜ ਗਿਆ।

ਮੈਂ ਜਦ ਦਾ ਇਸ ਘਰ ਦਾ ਮੈਂਬਰ ਬਣਿਆ, ਆਪਣੀ ਖ਼ੁਸ਼ੀ ਨਾਲ਼ ਪਿੰਡ ਵੀ ਨੀਂ ਜਾ ਸਕਿਆ। ਪਹਿਲਾਂ ਤਾਂ ਸ਼ਹਿਰੋਂ ਵੀਹ-ਪੱਚੀ ਕਿਲੋਮੀਟਰ ਹੀ ਪੈਂਡਾ ਸੀ। ਸਹੁਰੇ ਦੇ ਰਿਟਾਇਰਮੈਂਟ ਲੈਂਦਿਆਂ ਹੀ, ਸਾਰਾ ਪਰਿਵਾਰ ਰਾਜਧਾਨੀ ਆ ਗਿਆ।

"ਮੈਂ ਸ਼ਹਿਰ ਛੱਡ ਸਕਦਾ ਹਾਂ...ਪਰ ਨੌਕਰੀ ਨਹੀਂ। ਮੇਰੇ ਤੋਂ ਅਸਤੀਫ਼ਾ ਨਾ ਦਿਵਾਓ।"

ਮੈਂ ਬਥੇਰੀ ਕੋਸ਼ਿਸ਼ ਕੀਤੀ ਕਿ ਨੌਕਰੀ ਨੂੰ ਨਾ ਛੱਡਿਆ ਜਾਵੇ। ਮਿਹਨਤ ਨਾਲ਼ ਮਿਲ਼ੀ ਚੀਜ਼ ਕੌਡੀਆਂ ਦੇ ਭਾਅ ਸੁੱਟਣ ਦਾ ਦੁੱਖ ਰਿਹਾ।

ਆਖ਼ਿਰ ਮੇਰੀ ਨੌਕਰੀ ਜਾਂਦੀ ਰਹੀ। ਮੈਂ ਬਥੇਰਾ ਰੋਇਆ-ਕੁਰਲਾਇਆ ਸਾਂ। ਮੇਰੇ ਵੱਸ ਕੁਝ ਵੀ ਨੀਂ ਸੀ ਰਿਹਾ। ਉਸ ਨੌਕਰੀ ਨੂੰ ਆਧਾਰ ਮੰਨ ਕੇ ਮੈਨੂੰ ਰਾਜਧਾਨੀ ਵਿਚ ਨਵੀਂ ਨੌਕਰੀ ਮਿਲ਼ ਗਈ। ਮਨ ਨੂੰ ਥੋੜ੍ਹਾ-ਬਹੁਤਾ ਧਰਵਾਸਾ ਮਿਲਿਆ। ਕੰਮ ਦਫ਼ਤਰੀ ਸੀ।

ਹੁਣ ਉਸੇ ਦਫ਼ਤਰ ਵਿਚ ਤੜਿਆ ਬੈਠਾ ਹਾਂ। ਘਰ ਜਾਣ ਦਾ ਉੱਕਾ ਮਨ ਨਹੀਂ । ਘਰ ਜਾਣ ਦਾ ਸਮਾਂ ਕਦੋਂ ਦਾ ਲੰਘ ਗਿਆ ਸੀ। ਜਾਣਾ ਤਾਂ ਪੈਣਾ ਹੀ ਸੀ। ਮਨ ਨੂੰ ਸਮਝਾ ਕੇ ਘਰ ਵੱਲ ਤੁਰ ਪੈਂਦਾ ਹਾਂ। ਉਸ ਭਵਜਲ ਵਿਚ ਮੈਂ ਅਜੇ ਵੀ ਫਸਿਆ ਪਿਆ ਹਾਂ। ਮੈਂ ਗ਼ੁਲਾਮਾਂ ਵਾਂਗ ਤੁਰ ਪਿਆ ਹਾਂ।

ਇਸ ਗ਼ੁਲਾਮ ਬੰਦੇ ਅੰਦਰ, ਆਜ਼ਾਦ ਰੂਹ ਵੱਸੀ ਹੋਈ ਏ। ਇਸ ਰੂਹ ਕਰਕੇ, ਮੈਂ ਕਹਾਣੀਆਂ ਲਿਖੀਆਂ। ਇਕ ਸੋਚ ਅੱਜ ਵੀ ਜਿਉਂਦੀ ਏ; ਬੰਦਾ ਆਜ਼ਾਦ ਜੰਮਦਾ ਏ, ਆਜ਼ਾਦ ਮਰਦਾ ਏ। ਉਸ ਨੂੰ ਖਾਣ-ਪੀਣ, ਸੌਣ ਤੇ ਹੱਸਣ ਦੀ ਆਜ਼ਾਦੀ ਏ। ਉਸ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਏ। ਉਹ ਆਜ਼ਾਦ ਸੁਫ਼ਨੇ ਵੀ ਲੈ ਸਕਦਾ ਏ।

ਮੇਰੇ ਸੁਫ਼ਨੇ ਜੋ ਸਹਿਕ ਰਹੇ ਨੇ। ਮੈਂ ਉਹਨਾਂ ਨੂੰ ਮਾਣਨਾ ਚਾਹੁੰਨਾਂ ਹਾਂ। ਉਹ ਸੁਫ਼ਨਾ, ਜੋ ਮੇਰੇ ਚੇਤਿਆਂ ਵਿਚ ਵਸਿਆ ਹੋਇਆ ਏ। ਭੁੱਲਿਆ ਵੀ ਨੀਂ ਭੁੱਲਦਾ। ਸਦਾ ਸਾਹਾਂ ਵਾਂਗ ਆਉਂਦਾ ਏ।

ਉਹ ਪਿੰਡ, ਜੋ ਮੇਰੀ ਧਰਤੀ ਸੀ। ਸਵਰਗ ਸੀ। ਜਿੱਥੇ ਅਸਮਾਨ ਵੀ ਮੇਰਾ ਸੀ। ਮੈਂ ਉਹ ਨਹਿਰ ਦੇ ਕਿਨਾਰੇ ਜਾ ਖੜ੍ਹਦਾ, ਜਿੱਥੇ ਉੱਗੀ ਕੂਲ਼ੀ-ਕੂਲ਼ੀ ਘਾਹ ਅੱਖਾਂ ਨੂੰ ਪਿਆਰੀ ਲੱਗਦੀ। ਮੈਂ ਦੁਮੇਲ ਤੀਕ ਵੇਖਦਾ। ਦਰੱਖ਼ਤਾਂ ਦੀਆਂ ਟਾਹਣੀਆਂ ਵਿਚ ਛੁਪਦਾ ਸੂਰਜ ਕਈ ਰੰਗ ਵਟਾਉਂਦਾ।

ਮੈਂ ਉਸ ਖ਼ੁਮਾਰੀ ਚੋਂ ਤਦ ਬਾਹਰ ਆਉਂਦਾ, ਜਦ ਮਾਂ ਆਵਾਜ਼ ਮਾਰਦੀ, "ਆਜੋ...ਚੱਲੀਏ ਘਰੇ...ਕਦੋਂ ਤੱਕ ਖੜ੍ਹਾ ਰਹੇਂਗਾ।"

ਘਰ ਵੱਲ ਜਾਂਦਿਆਂ ਦੁੜੰਗੀਆਂ ਲਾਉਂਦੇ ਖ਼ਰਗੋਸ਼, ਕੂਕਦੇ ਮੋਰ, ਡਰ ਕੇ ਛੁਪ ਰਹੇ ਤਿੱਤਰ ਤੇ ਸੱਪ ਦੀਆਂ ਲੀਹਾਂ ਵੇਖ ਅੰਦਾਜ਼ੇ ਲਾਉਂਦੇ ਜਾਣਾ ਸੀ। ਨਹਿਰ ਵਿਚ ਤਾਰੀਆਂ ਲਾਉਂਦੇ ਨਾਰੀਅਲ ਤੇ ਫਲ਼ ਵੇਖ ਮਨ ਮਚਲ ਉਠਦਾ। ਉਹਨਾਂ ਨੂੰ ਹੱਥ ਵਿਚ ਫੜਨ ਦੀ ਜ਼ਿੱਦ ਸੀ। ਮਾਂ ਵਾਰ-ਵਾਰ ਰੋਕਦੀ।

"ਉਹ ਵੇਖ ਖਾਂ, ਤੇਰਾ ਬਾਪੂ ਆਈ ਜਾਂਦਾ।" ਮਾਂ ਐਵੇਂ ਕਿਸੇ ਬੰਦੇ ਨੂੰ ਨਹਿਰ ਦੀ ਪਟੜੀ ਵੇਖ ਡਰਾ ਦਿੰਦੀ। ਮੈਂ ਐਵੇਂ ਛਿੱਥਾ ਜਿਹਾ ਹੋ ਕੇ ਤੁਰ ਪੈਂਦਾ। ਮੈਂ ਮਾਂ ਦਾ ਕਹਿਣਾ ਨਾ ਮੋੜਦਾ। ਘਰ ਵੱਲ ਰੁਮਕ-ਰੁਮਕ ਤੁਰ ਪੈਂਦਾ।

ਹੁਣ ਵੀ ਮੈਂ ਘਰ ਵੱਲ ਹੀ ਜਾ ਰਿਹਾ ਹਾਂ। ਉਹ ਘਰ, ਜਿੱਥੇ ਜਾਣ ਨੂੰ ਮਨ ਨੀਂ ਮੰਨ ਰਿਹਾ।

ਮਨ ਵਿਚ ਇਕ ਹਵਾ ਰੁਮਕਦੀ ਏ। ਜੇ ਇੱਥੋਂ ਇਕ ਪਾਸਾ ਹੋ ਗਿਆ। ਮੈਂ ਉਸ ਨਹਿਰ 'ਤੇ ਦੁਬਾਰਾ ਜਾਵਾਂਗਾ। ਸੱਬੂ ਨੂੰ 'ਬੁਆਏ ਫਰੈਂਡ' ਕੋਲ਼ ਜਾਣ ਦੀ ਆਜ਼ਾਦੀ ਹੋਵੇਗੀ।

'ਮੈਂ ਸਾਰੀਆਂ ਪਾਈਆਂ ਸਹੁੰਆਂ ਤੋੜ ਦੇਵਾਂਗਾ। ਇਹ ਵੈਦਿਕ ਕਾਲ਼ ਥੋੜ੍ਹੈ।' ਸਹੁੰ ਦੀ ਪਿਉਂਦ ਕੱਟ ਦੇਣ ਦਾ ਮਨ ਏ।

ਗੜਵੀ ਦੇ ਵਿਚ ਰੱਖੇ ਪਾਣੀ 'ਤੇ ਲੱਤ ਮਾਰਦਾ ਹਾਂ, ਜਿਸ ਦੀ ਸਹੁੰ ਖਾ ਮੈਂ ਇੱਥੇ ਪਹੁੰਚਿਆ ਸੀ।

ਘਰ ਨੂੰ ਜਾ ਰਿਹਾ ਹਾਂ। ਕਿੰਨੇ ਹੀ ਸਵਾਲ-ਜਵਾਬ ਮਨ ਮਸਤਕ ਨੇ। ਉਹਨਾਂ ਘੁੰਮਣ-ਘੇਰੀਆਂ 'ਚੋਂ ਬਾਹਰ ਨਿੱਕਲ਼ਣ ਦੀ ਕੋਸ਼ਿਸ਼ ਵਿਚ ਹਾਂ; ਜਿਹੜੇ ਰਿਸ਼ਤਿਆਂ ਵਿਚ ਆਈਆਂ ਦਰਾੜਾਂ ਨੂੰ ਹੁਣ ਤੀਕ ਮੇਟ ਨੀਂ ਸਕੇ।

ਬੱਸ ਹੁਣ ਹੋਰ ਨਹੀਂ...ਕਿਨਾਰਾ ਕਰਨਾ ਹੀ ਬਿਹਤਰ ਹੋਵੇਗਾ...ਹਿੱਕ ਠੋਕ ਕੇ ਕਰਾਂਗਾ।" ਮੈਂ ਇਹ ਸੋਚ ਕੇ 'ਕੋਠੀ' ਦੀ ਦਹਿਲੀਜ਼ ਅੱਗੇ ਆਣ ਖੜ੍ਹਾ ਆਂ।

ਘਰ ਅੱਗੇ ਆ ਕੇ ਡੋਰ-ਬੈੱਲ ਕੀਤੀ ਏ। ਉਮੀਦ ਸੀ ਹਮੇਸ਼ਾ ਵਾਂਗ ਮੇਰਾ ਸਹੁਰਾ ਹੀ ਗੇਟ ਖੋਲ੍ਹੇਗਾ।

ਵੱਡਾ ਗੇਟ ਸੱਬੂ ਨੇ ਖੋਲ੍ਹਿਆ। ਸਾਡੀਆਂ ਨਜ਼ਰਾਂ ਨਾਲ਼ ਨਜ਼ਰਾਂ ਮਿਲ਼ੀਆਂ। ਮੈਂ ਤਣ ਕੇ ਤੁਰਨਾ ਚਾਹਿਆ। ਉਹ ਬਲੌਰੀ ਅੱਖਾਂ ਨਾਲ਼ ਮੈਨੂੰ ਸਿਰ ਤੋਂ ਪੈਰਾਂ ਤੱਕ ਗਹੁ ਨਾਲ਼ ਵੇਖਦੀ ਏ। ਪੁਲਿਸ ਵਾਂਗ ਤਫ਼ਤੀਸ਼ ਕਰਨ ਦੀ ਇੱਛੁਕ ਏ। ਮੈਂ ਇਕ ਕਦਮ ਅੱਗੇ ਵੱਲ ਪੁੱਟਣ ਦੀ ਹਿੰਮਤ ਕਰਦਾ ਹਾਂ ਪਰ ਮੇਰੇ ਕਦਮ ਅਜੇ ਵੀ ਉੱਠ ਨਹੀਂ ਰਹੇ।

"ਆ ਗਏ ਕਹਾਣੀਕਾਰ ਸਾਹਬ! ਬੜੀਆਂ ਕਹਾਣੀਆਂ ਲਿਖੀਆਂ ਨੇ ਤੁਸੀਂ, ਸਾਡੇ 'ਤੇ।" ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨਾ ਚਾਹੁੰਦੀ ਏ।

"ਮੈਂ ਅੱਜ ਸਾਰੀਆਂ ਪੜ੍ਹ ਲਈਆਂ ਨੇ। ਤੁਸੀਂ ਤਾਂ ਮੈਨੂੰ ਵੀ ਨੀਂ ਛੱਡਿਆ। ਬੜੇ ਛੁਪੇ ਰੁਸਤਮ ਨਿਕਲ਼ੇ...ਬਾਜਵਾ ਸਾਹਬ।"

ਉਸਦੇ ਚਿਹਰੇ 'ਤੇ ਅਜੀਬ ਕਿਸਮ ਦੀ ਭਾਅ ਮਾਰਦੀ ਏ।

"ਤੁਸੀਂ ਮੇਰੇ ਦਰਦ ਨੂੰ ਜਾਣਿਆ... ਕਹਾਣੀਆਂ ਪੜ੍ਹ-ਪੜ੍ਹ ਰੋਈ ਹਾਂ। ਮੈਂ ਗ਼ਲਤ ਸਾਂ ਜਾਂ ਸਹੀ। ਇਹ ਬਾਅਦ ਦੀ ਗੱਲ ਏ ਪਰ ਹੁਣ ਮੈਂ ਨਾ ਆਪ ਰੋਵਾਂਗੀ ਤੇ ਨਾ ਹੀ ਤੁਹਾਨੂੰ ਰੋਣ ਦਿਆਂਗੀ...ਸਮਝਿਆ ਕਿ ਨਾ?" ਉਹ ਮੈਨੂੰ ਖੁੱਲ੍ਹੀ ਕਵਿਤਾ ਵਰਗੀ ਲੱਗਦੀ ਏ, ਜਿੱਥੇ ਨਾ ਵਲ਼ ਏ ਤੇ ਨਾ ਛਲ਼।

ਸੱਬੂ ਮੈਨੂੰ ਘੁੱਟ ਕੇ ਗਲ਼ਵੱਕੜੀ ਪਾਉਂਦੀ ਏ। ਉਸ ਗਲ਼ਵੱਕੜੀ ਵਿਚ ਅੰਤਾਂ ਦਾ ਨਿੱਘ ਏ। ਇਹ ਅਜਿਹਾ ਪਲ ਸੀ, ਜਿਸ ਨਾਲ਼ ਬੀਤਿਆ ਬੁਰਾ ਵਕਤ ਵੀ ਯਾਦ ਨੀਂ ਆਉਂਦਾ।

ਮੈਂ ਸਾਰੇ ਸੰਸਾਰ ਨੂੰ ਦੱਸ ਦੇਣਾ ਚਾਹੁੰਦਾ ਸਾਂ ਕਿ ਸ਼ਬਦਾਂ ਵਿਚ ਵੀ ਅਥਾਹ ਸ਼ਕਤੀ ਹੁੰਦੀ ਏ।

ਹੁਣ ਮੇਰੇ ਦਿਮਾਗ਼ ਵਿਚ ਇਕ ਨਵੀਂ ਕਹਾਣੀ ਦੇ ਬੀਜ ਪੁੰਗਰਨ ਲੱਗੇ ਨੇ, ਜਿਸਨੂੰ ਮੈਂ ਕੋਰੇ ਪੰਨੇ 'ਤੇ ਉਤਾਰ ਦੇਣਾ ਚਾਹੁੰਦਾ ਹਾਂ।

ਕਹਾਣੀ

# ਹਿਰਸ

**-ਅਲ.ਫਾਜ਼**

"ਸ਼ਰਮ ਤਾਂ ਹੈ ਨ੍ਹੀ ਕੋਈ, ਧੌਲੇ ਝਾਟੇ ਸਾਡੇ ਸਿਰ 'ਚ ਸਵਾਹ ਪਵਾਤੀ।" ਦਿਆਲ ਸਿੰਘ ਦਾ ਵੱਡਾ ਮੁੰਡਾ ਉਹਦੇ 'ਤੇ ਲਗਾਤਾਰ ਚੀਖ ਰਿਹਾ ਸੀ ਤੇ ਉਹ ਛੋਟੇ ਜਵਾਕਾਂ ਵਾਂਗ ਨੀਵੀਂ ਪਾਈ, ਸ਼ਰਮ ਨਾਲ ਸਿਰ ਝੁਕਾਈ ਮੁੰਡਿਆ ਦੀਆਂ ਗੱਲਾਂ ਸੁਣ ਰਿਹਾ ਸੀ।

"ਏਹਨੂੰ ਕੀ ਸ਼ਰਮ ਹੋਣੀ ਬਾਈ, ਕੰਜਰਪੁਣੇ 'ਤੇ ਹੋਇਆ, ਸਿਵਿਆਂ 'ਚ ਲੱਤਾਂ ਤੇ ਇਹਨੂੰ ਕੁੜੀ ਕੱਤਰੀ ਚਾਹਦੀ।" ਛੋਟੇ ਮੁੰਡੇ ਨੇ ਵੀ ਆਪਣੀ ਭੜਾਸ ਕੱਢੀ।

"ਲਿਆ ਦੀਏ ਡੋਲਾ ਫੇਰ ਰਾਂਝੇ ਨੂੰ, ਪਰ ਆਹ ਜਿਹੜੀ ਖੇਹ ਸਿਰ 'ਚ ਪਵਾਈ ਆ, ਇਹਦਾ ਕੀ ਕਰੀਏ?"

"ਹੈ ਚੌਰੇ ਨੂੰ ਸ਼ਰਮ ਕੋਈ, ਕਿਵੇਂ ਉਹਦੇ ਮੂਹਰੇ ਤੌੜੇ ਅਰਗਾ ਢਿੱਡ ਕੱਢੀ ਖੜ੍ਹਾ ਸੀ।''

"ਨਾ ਨੂੰਹ ਦੀ ਸ਼ਰਮ ਤੇ ਨਾ ਧੀ ਦੀ ਲੱਜ , ਉੱਤੋਂ ਜਿਹੜਾ ਸੱਤ ਲੱਖ ਗਵਾਇਆ ਉਹ ਅਲੱਗ।''

"ਮੈਂ ਮੰਗ ਲਾ ਤਾਂ ਕਾਲੀ ਕੀੜੀ ਫੇਰ ਦਿੰਦਾ ਬਾਈ, ਹੁਣ ਆਸ਼ਿਕੀ ਕਰਨ ਵਾਰੀ ਪੈਸੇ ਵੀ ਨਿਕਲ ਆਏ।''

ਦੋਵੇਂ ਮੁੰਡੇ ਲਗਾਤਾਰ ਬੋਲ ਰਹੇ ਸੀ, ਬਾਹਰ ਨੂੰਹਾਂ ਖੜ੍ਹੀਆਂ ਮੂੰਹਾਂ 'ਚ ਚੁੰਨੀਆਂ ਲਈ ਖਚਰੀ ਹਾਸੀ ਹੱਸਦੀਆਂ ਸਹੁਰੇ ਦੀ ਹੁੰਦੀ ਬੇਹਯਾਈ ਵੇਖ ਨਾਲ-ਨਾਲ ਉਹਦੇ ਵੱਲ ਝਾਕ ਬੁੱਲ੍ਹ ਕੱਢ ਰਹੀਆਂ ਸਨ।

ਗੁੱਸੇ ਨਾਲ ਭਖਦੇ ਮੁੰਡਿਆਂ ਦੇ ਬੋਲਾਂ ਦੀ ਆਵਾਜ਼ ਖ਼ਲਾਅ ਵਿੱਚ ਜਾਂਦੀ ਪ੍ਰਤੀਤ ਹੋਈ ਤੇ ਅਚਾਨਕ ਗੁੰਮ ਹੋ ਗਈ। ਦਿਆਲ ਸਿੰਘ ਨੂੰ ਦਿਮਾਗ਼ ਸੁੰਨ ਹੋਇਆ ਜਾਪਿਆ, ਅਚਾਨਕ ਉਹਨੂੰ ਸਭ ਸੁਣਨਾ ਜਿਵੇਂ ਬੰਦ ਹੋ ਗਿਆ। ਦਿਮਾਗ਼ ਵਿੱਚ ਸ਼ਾਂ-ਸ਼ਾਂ ਗੂੰਜਣ ਲੱਗੀ। ਮੁੰਡਿਆਂ ਦੀ ਆਵਾਜ਼ ਡੂੰਘੇ ਖੂਹ ਵਿੱਚ ਉਤਰਦੀ ਜਾਪੀ। ਉਹਦੇ ਚੇਤਿਆਂ ਵਿੱਚ ਪੰਜਾਬ ਵਿੱਚ ਉੱਭਰਦੀ ਹਰੀ ਕ੍ਰਾਂਤੀ ਦੇ ਵੇਲਿਆਂ ਦਾ ਦੌਰ ਹਰਾ ਹੋਣ ਲੱਗਾ। ਅੱਖਾਂ ਮੀਟ ਕੇ ਭਲੇ ਵੇਲਿਆਂ 'ਚ ਪਰਤ ਗਿਆ, ਜਦੋ ਉਹ ਹਾਲੇ ਅਲੂਆ ਜਿਹਾ ਸੀ। ਜਵਾਨੀ ਆਮ ਨਾਲੋਂ ਅੱਗੜ ਹੋ ਉਹਦੇ ਬੂਹੇ 'ਤੇ ਦਸਤਕ ਦੇਣ ਲੱਗ ਪਈ ਸੀ। ਉਹਦੀ ਦਾਦੀ ਦਾ ਇੱਕ ਭਰਾ ਅਕਸਰ ਹੀ ਉਹਨਾਂ ਕੋਲ ਰਹਿੰਦਾ ਸੀ, ਹਾੜ੍ਹੀ ਸਾਉਣੀ ਦੇ ਕੰਮਾਂ ਵਿੱਚ ਬਾਪੂ ਹੋਰਾਂ ਦੀ ਮਦਦ ਕਰਵਾਉਂਦਾ। ਬਾਪੂ ਹੋਰਾਂ ਦੀ ਰੀਸ ਨਾਲ ਉਹ ਵੀ ਬਾਬੇ ਦੀ ਬਜਾਇ ਮਾਮਾ ਹੀ ਕਹਿੰਦਾ ਸੀ। ਮਾਮਾ ਪਰਿਵਾਰ 'ਚੋਂ ਸਭ ਤੋਂ ਛੋਟਾ ਤੇ ਲਾਡਲਾ ਸੀ ਤੇ ਉਹਦੀ ਦਾਦੀ ਸਭ ਤੋਂ ਵੱਡੀ। ਦਾਦੀ ਭਰਾ ਨਾਲ ਮੁਹੱਬਤ ਐਨੀ ਕਰਦੀ ਸੀ ਕਿ ਉਹ

ਕਿਸੇ ਨੂੰ ਕੁਝ ਕਹਿਣ ਨਹੀਂ ਸੀ ਦਿੰਦੀ ਤੇ ਉਹ ਵਿਆਹ ਤੋਂ ਬਾਅਦ ਵੀ ਅਕਸਰ ਹੀ ਵੱਡੀ ਭੈਣ ਕੋਲ ਆਇਆ ਹੀ ਰਹਿੰਦਾ, ਜਿਵੇਂ 'ਭੈਣ ਘਰ ਭਾਈ ਕੁੱਤਾ' ਵਾਲੀ ਕਹਾਵਤ ਉਹਦੇ ਤੇ ਢੁੱਕਦੀ ਨਹੀਂ ਸੀ ਤੇ ਥੋੜੇ ਸਮੇਂ ਬਾਅਦ ਆਵਦੇ ਪਿੰਡੋਂ ਸਭ ਵੇਚ ਵੱਟ ਕੇ ਭੈਣ ਦੇ ਕੋਲ ਹੀ ਘਰ ਬਣਾ ਲਿਆ। ਮਾਮੇ ਦਾ ਇੱਕ ਮੁੰਡਾ ਸੀ ਜੋ ਉਹਦੀਆਂ ਤਿੰਨ ਕੁੜੀਆਂ ਤੋਂ ਛੋਟਾ ਸੀ। ਉਹ ਦਿਆਲ ਸਿੰਘ ਦੇ ਹਾਣ ਦਾ ਸੀ। ਉਹ ਦੋਵੇਂ ਅਕਸਰ ਇਕੱਠੇ ਖੇਡਦੇ ਮੱਲਦੇ। ਮੁੰਡੇ ਦਾ ਨਾਂ ਲੱਖੀ ਸੀ, ਜੋ ਵੇਖਣ 'ਚ ਦਿਆਲੇ ਤੋਂ ਵੱਧ ਘਤਿੱਤੀ ਸੀ। ਉਹਨੇ ਦਿਆਲੇ ਨੂੰ ਕੁਝ ਏਵੇਂ ਦਾ ਦੱਸਣਾ ਜਿਸ ਨਾਲ ਦਿਆਲੇ ਨੂੰ ਆਵਦੇ ਗੱਭਰੂ ਹੋਣ ਦਾ ਅਹਿਸਾਸ ਹੁੰਦਾ। ਲੱਖੀ ਹਮ-ਉਮਰ ਕੁੜੀਆਂ ਨਾਲ ਕੀਤੀਆਂ ਸ਼ਰਾਰਤਾਂ ਦਿਆਲੇ ਨੂੰ ਦੱਸਦਾ ਤਾਂ ਦਿਆਲੇ ਦੇ ਮਨ ਵਿੱਚ ਵੀ ਉਹ ਸਭ ਕੁਝ ਕਰਨ ਦੀ ਹਿਰਸ ਪੈਦਾ ਹੋਣ ਲੱਗੀ, ਪਰ ਸੰਗਾਂ-ਸ਼ਰਮਾਂ ਦੇ ਨਾਲ ਛਿੱਤਰਾਂ ਦਾ ਡਰ ਵੱਧ ਸੀ, ਇੱਕ ਦੋ ਵਾਰ ਆਂਢ-ਗੁਆਂਢ ਤੇ ਰਿਸ਼ਤੇਦਾਰੀ 'ਚ ਸਰੀਰਕ ਖਿੱਚ ਕਰਕੇ ਭਿੜੇ ਮੌਕਿਆਂ ਦਾ ਵੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਫ਼ਾਇਦਾ ਨਾ ਚੁੱਕ ਹੋਇਆ। ਇਹੋ ਜਿਹਾ ਕੁਝ ਨਹੀਂ ਸੀ ਹੋਣ ਵਾਲਾ ਜਾਂ ਹੋਇਆ, ਜਿਸਦੀ ਕਦੇ ਉਮੀਦ ਰਹਿੰਦੀ ਸੀ, ਲੱਖੀ ਨੇ ਉਹਨੂੰ ਅੱਖ ਮਾਰਨੀ, ਸੀਟੀ ਵਜਾਉਣੀ ਤੇ ਬੁੱਲ੍ਹ ਚੱਬਣੇ ਕਿੰਨਾ ਹੀ ਕੁੱਝ ਸਿਖਾਇਆ। ਲੱਖੀ ਉਸਤਾਦ ਦੀ ਇਸ਼ਾਰਿਆ ਦੀ ਭਾਸ਼ਾ ਨਾਲ ਦਿਆਲਾ ਖੁਦ ਨੂੰ ਸ਼ਿਕਾਰੀ ਸਮਝਣ ਲੱਗਾ। ਫੇਰ ਲੱਖੀ ਨੇ ਦਿਆਲੇ ਨੂੰ ਬਿਨਾਂ ਕਿਸੇ ਸਹਾਰੇ ਦੇ ਆਪਣੇ ਆਪ ਦਾ ਸਹਾਰਾ ਬਣਨ ਦੀ ਜਾਚ ਦੱਸੀ ਤਾਂ ਉਸ ਦੀਆਂ ਅੱਖਾਂ ਕੇਰਾਂ ਤਾਂ ਅੱਡੀਆਂ ਰਹਿ ਗਈਆਂ। ਉਹ ਦੋਵੇਂ ਘਰ ਦੇ ਬਾਹਰਵਾਰ ਬਣੀ ਬੈਠਕ ਦਾ ਬੂਹਾ ਢੋਅ ਕੇ ਸਾਰਿਆਂ ਤੋਂ ਚੋਰੀ ਕੁਝ ਅਲੋਕਾਰਾ ਕਰਨ ਦੀ ਕੋਸ਼ਿਸ਼ ਕਰਦੇ, ਕੁਝ ਕੁ ਸਮੇਂ ਲਈ ਸਭ ਸੁਪਨਮਈ ਹੋ ਜਾਂਦਾ, ਦਿਮਾਗ਼ 'ਚੋਂ ਛਿੜੀ ਤਾਰ ਵੱਖਰੇ ਰਾਗ ਛੇੜ ਸਾਰੇ ਪਿੰਡੇ ਵਿੱਚ ਝਰਨਾਹਟ ਛੇੜ ਦਿੰਦੀ। ਕੁਝ ਕੁ ਪਲਾਂ ਲਈ ਉਹ ਬੇਸਬਰਾ ਬਣ ਕਿਸੇ ਸਵਾਤੀ ਬੂੰਦ ਦੀ ਪ੍ਰਾਪਤੀ ਲਈ ਲੱਖੀ ਤੋਂ ਗੁਰ ਭਾਲਦਾ। ਲੱਖੀ ਪਹਿਲਾਂ ਉਸ ਦੀ ਹਾਲਤ ਵੇਖ ਗੁੱਝਾ ਜਿਹਾ ਹਾਸਾ ਹੱਸਦਾ ਤੇ ਉਹਨੂੰ ਕਹਿੰਦਾ, "ਉਹ ਉਸ ਤ੍ਰੀਮਤ ਦਾ ਧਿਆਨ ਧਰੇ ,ਜੀਹਦੇ ਵੱਲ ਤੱਕ ਜਾਨ ਹਲਕ 'ਚ ਅਟਕਦੀ ਰਹੀ ਜਾਂਦੀ ਏ, ਉਹਦਾ ਨਾਮ ਲੈ ਕੇ ਖ਼ਾਬਾਂ ਦੇ ਮਹਿਲਾਂ ਨੂੰ ਪਲ 'ਚ ਪੂਰੇ ਕਰਨ ਦੀ ਕੋਸ਼ਿਸ਼ ਕਰਦਾ, ਪਰ ਸੁਪਨਾ ਪਲ 'ਚ ਤਿੜਕ ਜਾਂਦਾ ।ਕਦੇ ਕਦੇ ਉਹ ਵਾਣ ਦੇ ਮੰਜੇ ਦੀ ਬੁਣਤੀ ਵਿਚਲੀਆਂ ਮੋਰੀਆਂ 'ਚ ਉਹ ਸਿਖਰ ਲੱਭਣ ਲੱਗਦੇ ਤਾਂ ਜਾਪਦਾ ਇੰਦਰ ਨੇ ਸਵਰਗ ਦਾ ਨਾਮਕਰਣ ਇੱਥੋਂ ਕਰਿਆ ਹੋਣਾ, ਉਹ ਖੁਸ਼ੀ 'ਚ ਉੱਛਲ-ਉੱਛਲ ਜਾਂਦਾ। ਅਹਿਸਾਸ ਐਨੇ ਖ਼ੂਬਸੂਰਤ ਨੇ ਤਾਂ ਹਕੀਕਤ ਕਿਵੇਂ ਦੀ ਹੋਊ? ਘਰਦੇ ਉਹਨੂੰ ਜਵਾਕ ਕਹਿੰਦੇ ਤਾਂ ਉਹਨੂੰ ਖਿੱਝ ਆਉਂਦੀ। ਗਲੀ ਦੇ ਨਿੱਕੇ ਜਵਾਕਾਂ ਨੂੰ ਬਹਾਨੇ ਨਾਲ ਪੁੱਤ ਪੁੱਤ ਕਹਿੰਦਾ। ਲੱਖੀ ਉਹਨੂੰ ਸਕੂਲ ਦੇ ਮਾਸਟਰ ਵਰਗਾ ਲੱਗਦਾ, ਜੀਹਨੂੰ ਹਰ ਗੱਲ ਦਾ ਇਲਮ ਸੀ, ਵਿਆਹ ਕਰਵਾਉਣਾ ਕਿਉਂ ਜ਼ਰੂਰੀ ਐ? ਉਹਨੇ ਤਾਂ ਬੇਬੇ ਬਾਪੂ ਨੂੰ ਲੜਦਿਆਂ ਹੀ ਵੇਖਿਆ ਸੀ, ਪਰ ਲੱਖੀ ਨੇ ਜਦੋਂ ਸੱਚ ਦੱਸਿਆ ਤਾਂ ਕੇਰਾਂ ਤਾਂ ਘਿਣ ਆਈ ਕਿ ਬੋਲੀ ਕੀ ਜਾਂਦਾ, ਪਰ

ਲੱਖੀ ਕੋਲ ਤਰਕ ਸੀ ਉਹ ਸੋਚਦਾ ਰਿਹਾ ਇਹਨੂੰ ਸਭ ਦੱਸਦਾ ਕੌਣ ਆ?ਜਵਾਕ ਕਿੱਥੋਂ ਆਉਂਦੇ ਨੇ ਇਹ ਵੀ ਲੱਖੀ ਨੇ ਹੀ ਸਮਝਾਇਆ ਸੀ ਨਹੀਂ ਤਾਂ ਉਹਨੂੰ ਹੁਣ ਤੱਕ ਲੱਗਦਾ ਸੀ ਕੋਈ ਪਰੀ ਹੀ ਮਾਂ ਦੀ ਗੋਦੀ 'ਚ ਰੱਖ ਜਾਂਦੀ ਆ। ਲੱਖੀ ਨੇ ਉਸਦਾ ਨਜ਼ਰੀਆ ਹੋਰ ਕਰ ਦਿੱਤਾ, ਬੇਬੇ ਆਂਹਦੀ ਸੀ ਕਿ ਸਭ ਕੁੜੀਆਂ ਭੈਣਾਂ ਹੁੰਦੀਆਂ ਪਰ ਹੁਣ ਉਹਨੂੰ ਲੱਗਦਾ ਕਿ ਨਹੀਂ ਸਭ ਭੈਣਾਂ ਨਹੀਂ ਹੁੰਦੀਆਂ। ਆਥਣੇ ਜਦੋਂ ਕਿਤੇ ਗਲੀ-ਗਵਾਂਢ ਦੇ ਸਾਰੇ ਜਵਾਕ ਇਕੱਠੇ ਖੇਡਦੇ ਤਾਂ ਕਈ ਵਾਰ ਆਂਢ ਗੁਆਂਢ ਦੀ ਕੁੜੀ ਨਾਲ ਲੁਕਦੀ ਤਾਂ ਉਹ ਬੇਕਾਬੂ ਹੁੰਦਾ ਜਾਣ-ਜਾਣ ਕੇ ਅੱਖਾਂ ਬੰਦ ਕਰ ਨਾਲ ਘਸੜ ਕੇ ਕੁਝ ਲੱਭਣ ਦੀ ਕੋਸ਼ਿਸ਼ ਕਰਦਾ ਤੇ ਫਿਰ ਕੀਤੀ ਸ਼ਰਾਰਤ ਬਾਰੇ ਲੱਖੀ ਨੂੰ ਹੁੱਬ ਕੇ ਦੱਸਦਾ, ਲੱਖੀ ਬਲਦੀ ਤੇ ਹੋਰ ਤੇਲ ਪਾਉਂਦਾ, ਉਕਸਾਉਂਦਾ, ਤਾਰੀਫ਼ ਕਰਦਾ। ਚੋਰੀ ਵਾਲੀ ਕਿਰਿਆ ਬਿਨਾਂ ਨਾਗੇ ਦੁਹਰਾਉਣਾ ਸਕੂਨ ਦਿੰਦਾ, ਜਿਸ ਦਿਨ ਉੱਕਦੇ ਤਾਂ ਲੱਗਦਾ ਜਿਵੇਂ ਕੁਝ ਖੁੱਸ ਹੋ ਗਿਆ ਹੋਵੇ। ਅਜੀਬ ਭੁੱਸ ਦਿਮਾਗ਼ ਨੂੰ ਗ਼ਲਤ ਖਿਆਲਾਂ ਨਾਲ ਭਰੀ ਰੱਖਦਾ, ਇੱਕ ਕਰੰਟ ਹੌਸਲਾ ਬਣ ਸਰੀਰ ਨੂੰ ਕੰਬਣੀ ਛੇੜੀ ਰੱਖਦਾ ।ਅਖਾੜੇ ਦਾ ਮੱਲ ਬਣਿਆ ਆਪਣੇ ਆਪ ਨਾਲ ਜ਼ੋਰ ਅਜ਼ਮਾਇਸ਼ ਕਰਦਾ, ਕੁਸ਼ਤੀ ਦੇ ਸਿਖਰ ਤੇ ਇੱਕ ਦਾਅ ਨਾਲ ਤਣਿਆ ਸਰੀਰ ਢੈਲਾ ਪੈ ਰੇਤ ਵਾਂਗ ਕਿਰਦਾ। ਮਿੱਟੀ ਹੋਇਆ ਸਰੀਰ ਉਹਨੂੰ ਗੋਡੇ ਪਰਨੀ ਕਰ ਦਿੰਦਾ। ਅਕੇਂਵਾ ਜਿਹਾ ਲੱਗਦਾ ਤੋਬਾ ਕਰਨ ਦਾ ਮਨ ਕਰਦਾ। ਪਰ ਥੋੜੇ ਕੁ ਟੈਮ ਬਾਅਦ ਫੇਰ ਸਰੀਰ ਰਵਾਂ ਲੱਗਣ ਲੱਗਦਾ, ਫੇਰ ਉਹੀ ਸਭ ਦੁਹਰਾਉਣ ਦਾ ਮਨ ਕਰਦਾ। ਲੱਖੀ ਦੇ ਨਾਲੋਂ ਵੀ ਪਹਿਲਾਂ ਜਦੋਂ ਦਿਆਲੇ ਨਾਲ ਸਭ ਹੋਣ ਲੱਗਾ ਤਾਂ ਉਹ ਖੁਦ ਨੂੰ ਵੱਡਾ ਮੱਲ ਸਮਝਣ ਲੱਗਾ, ਸ਼ੀਸ਼ੇ ਮੂਹਰੇ ਖੜ ਆਪਣਾ ਆਪ ਨਿਹਾਰਦਾ। ਮਨ ਦੀਆਂ ਵਾਗਾਂ ਕਾਬੂ 'ਚ ਨਾ ਰਹਿੰਦੀਆਂ ਤਾਂ ਉਹਦਾ ਜਿਸਮ ਭਖਣ ਲੱਗਦਾ, ਕਈ ਵਾਰ ਨੀਂਦ ਤੋਂ ਜਾਗ ਲੱਗਦਾ ਕਿ ਤਪਦਿਆਂ ਕੋਲਿਆਂ 'ਤੇ ਕਿਸੇ ਨੇ ਪਾਣੀ ਦਾ ਜੱਗ ਉਲਾਰ ਦਿੱਤਾ ਹੋਵੇ, ਘਰਦਿਆਂ ਤੋਂ ਲੁਕਾਉਣਾ ਉਹਨੂੰ ਸਭ ਚੰਗਾ ਜਿਹਾ ਲੱਗਦਾ। ਉਹ ਲੱਖੀ ਦੇ ਤਰਲੇ ਕਰਦਾ ਕਿ ਉਹਦੇ ਖ਼ਾਬਾਂ ਨੂੰ ਕਿਸੇ ਹਕੀਕਤ ਦੀ ਪੁੱਠ ਚਾੜ੍ਹੇ, ਚੜ੍ਹਦੀ ਜਵਾਨੀ ਦਾ ਰਸ਼ਕ ਮਨ 'ਚ ਨਾ ਰਹਿ ਜਾਵੇ, ਪਰ ਲੱਖੀ ਦੇ ਗਪੌੜ ਉਹਦੇ ਲਈ ਸੱਚ ਸੀ ਜੋ ਕਿਸੇ ਅਗਲੀ ਸਦੀ 'ਚ ਪ੍ਰਵਾਨ ਚੜ੍ਹਨੇ ਸੀ। ਕਦੇ ਕਦੇ ਸੱਥ 'ਚ ਬਹਿ ਗੱਲਾਂ ਸੁਣਦਾ, ਸੋਚਦਾ ਦੁਨੀਆ ਕਿੱਥੇ ਆ ਤੇ ਉਹ ਕਿੱਥੇ। ਖਿਆਲ ਦੀ ਤੰਦ ਰੋਜ਼ ਨਵੀਂ ਮਸ਼ੂਕ ਬੁਣ ਛੱਡਦੀ।ਮਸਾਲਾ ਲਾ ਲਾ ਕੇ ਉਸਤਾਦ ਲੱਖੀ ਦੀਆਂ ਗੱਲਾਂ ਜਮਾਤੀਆਂ ਨੂੰ ਆਪਣੇ ਕੋਲੋ ਨਵੇਂ ਰੂਪ 'ਚ ਦੱਸ ਉਨ੍ਹਾਂ ਦਾ ਉਸਤਾਦ ਬਣਿਆ ਰਹਿੰਦਾ, ਉਹ ਉਡੀਕਦੇ, ਮਗਰ ਲੱਗਦੇ ਤੇ ਉਹ ਆਪਣੇ ਆਪ ਨੂੰ ਸਿਆਣਾ ਸਾਬਤ ਕਰਦਾ। ਅੱਧ ਵਿਚਾਲੇ ਸਕੂਲੋਂ ਹੱਟ ਕੇ ਜਦੋਂ ਕੰਮ ਕਾਰ ਵਿੱਚ ਹੱਥ ਵਟਾਉਣ ਲੱਗਿਆ ਤਾਂ ਘਰਦਿਆਂ ਨੇ ਵਿਆਹ ਦੀਆਂ ਗੱਲਾਂ ਤੋਰਨੀਆਂ ਸ਼ੁਰੂ ਕਰ ਦਿੱਤੀਆਂ। ਕੰਨ ਲਾ ਗੱਲਾਂ ਸੁਣਦਾ ਤਾਂ ਦਿਆਲੇ ਦੇ ਮਨ ਵਿੱਚ ਲੱਡੂ ਫੁੱਟਣ ਲੱਗ ਪਏ, ਦਿਆਲੇ ਦੇ ਮਨ ਵਿੱਚ ਉੱਕਰੀਆਂ ਤਸਵੀਰਾਂ ਹੋਰ ਸਜੀਵ ਹੋਣ ਲੱਗੀਆਂ। ਸਿਆਲੂ ਰੁੱਤ 'ਚ ਵੀ ਪਿੰਡਾ ਮੁੜ੍ਹਕੋ-ਮੁੜ੍ਹਕੀ

ਹੋਇਆ ਰਹਿੰਦਾ। ਕਈ ਵਾਰ ਮਨ ਕਰਦਾ ਸੂਤੀ ਕੱਪੜਿਆਂ ਵਾਂਗ ਪਿੰਡੇ ਨੂੰ ਤਾਰ ਤੇ ਪਾ ਹਵਾ ਲਵਾਏ।

ਦੱਬ ਕੇ ਖਾਂਦਾ, ਸਰੀਰ ਨੂੰ ਰੱਜ ਕੇ ਵਾਹੁੰਦਾ, ਪਰ ਲੱਗਦਾ ਕਿ ਹਾਲੇ ਵੀ ਕਮੀ ਆ। ਖ਼ੈਰ! ਮੁੱਛ ਫੁੱਟਣ ਦੇ ਨਾਲ ਹੀ ਘਰ ਵਾਲਿਆਂ ਨੇ ਜਦੋਂ ਮਾਘ ਦੀ ਰੁੱਤੇ ਬਲਵੀਰ ਕੌਰ ਦਾ ਡੋਲਾ ਲਿਆਉਣ ਦੀ ਖ਼ਬਰ ਦਿੱਤੀ ਤਾਂ ਉਹਦਾ ਚਾਅ ਨਾ ਚੁੱਕਿਆ ਜਾਵੇ, ਆਸਮਾਨ 'ਚ ਉੱਡਣ ਦਾ ਮਨ ਕਰੇ, ਬਿਨਾਂ ਗਾਣਿਆਂ ਨੱਚਣ ਦਾ ਮਨ ਹੋਵੇ ਖੁਸ਼ੀਆਂ 'ਚ ਬਾਘੀਆਂ ਪੈਣ ਚਿਹਰੇ 'ਤੇ ਨੂਰ ਉੱਤਰ ਆਇਆ। ਸਭ ਸੋਹਣਾ-ਸੋਹਣਾ ਜਾਪਿਆ। ਸੁਪਨਿਆਂ ਖ਼ਿਆਲਾਂ ਤੇ ਚੇਤਿਆਂ ਇੱਕ ਸੰਗਮਰਮਰੀ ਤਸਵੀਰ ਉੱਕਰ ਗਈ। ਜੀ ਕਰਦਾ ਸਹੁਰਿਆਂ ਦੇ ਪਿੰਡ ਜਾ ਬਲਵੀਰ ਕੁਰ ਦੀ ਝਲਕ ਪਾ ਆਵੇ। ਦਿਮਾਗ਼ ਸਕੀਮਾਂ ਬੁਣਦਾ ਤੇ ਜ਼ੁਬਾਨ ਲੱਖੀ ਨੂੰ ਸੁਣਾਉਂਦੀ। ਰੈਆਂ ਲੈਂਦਾ, ਬਣਾਉਂਦਾ, ਢਾਹੁੰਦਾ ਨਵੀਂ ਦੁਨੀਆਂ 'ਚ ਰਹਿੰਦਾ। ਆਖਿਰ ਜਿਵੇਂ ਰੂੜੀ ਦੀ ਸੁਣੀ ਗਈ ਹੋਵੇ।

ਮੁਕਲਾਵੇ ਤੋਂ ਬਾਅਦ ਕਈ ਦਿਨ ਸਾਂਝੇ ਪਰਿਵਾਰ 'ਚ ਸ਼ਰੀਕ-ਏ-ਹਯਾਤ ਨਾਲ ਮੇਲ ਹੀ ਨਾ ਹੋਇਆ। ਬਥੇਰੇ ਆਨੇ-ਬਹਾਨੇ ਲੱਭਦਾ ਪਰ ਕੋਈ ਨਾ ਕੋਈ ਬੱਦਲ ਸੂਰਜ 'ਤੇ ਧਰਤੀ ਵਿਚਕਾਰ ਆ ਕੇ ਧਰਤੀ 'ਤੇ ਤਪਸ਼ ਪੈਣ ਤੋਂ ਰੋਕ ਦਿੰਦਾ। ਘਰਦਿਆ 'ਤੇ ਖਿੱਝ ਵੀ ਚੜ੍ਹਦੀ ਤੇ ਵੱਸ ਵੀ ਨਾ ਚੱਲਦਾ। ਜਾਪਦਾ ਜਾਣ ਬੁੱਝ ਕੇ ਟਿੰਡ 'ਚ ਕਾਨੇ ਫਸਾਉਂਦੇ ਆ। ਭੱਜ-ਭੱਜ ਕੇ ਕੰਮ ਕਰਦਾ ਪਰ ਆਥਣ ਨੂੰ ਬੱਸ ਆਲੀਂ ਕੁੱਜੀਂ ਹੱਥ ਮਾਰਨ ਜੋਗਾ ਰਹਿ ਜਾਂਦਾ। ਬਥੇਰੇ ਖੰਘੂਰੇ ਮਾਰਦਾ ਪਰ ਲੱਗਦਾ ਬਲਵੀਰ ਕੁਰ ਵੀ ਬੌਲ਼ੀ ਜਿਹੀ ਲਿਆ ਕੇ ਮੱਥੇ ਮਾਰੀ ਸੀ।

ਇੱਕ ਦਿਨ ਪਪੀਹੇ ਨੂੰ ਸਵਾਤੀ ਬੂੰਦ ਲੱਭ ਗਈ, ਜਦੋਂ ਦੋਹਾਂ ਜੀਆਂ ਦੇ ਮੰਜੇ ਕੋਠੇ 'ਤੇ ਚਾੜ੍ਹਨ ਦੇ ਹੁਕਮ ਹੋ ਗਿਆ। ਚਿੱਤ ਖਿੜ ਗਿਆ, ਮਨ ਬਾਘੀਆਂ ਪਾਉਣ ਨੂੰ ਕਰੇ। ਲੱਖੀ ਦੀਆਂ ਮੱਤਾਂ ਸੁਣਨ ਦਾ ਮਨ ਕਰੇ, ਮੱਲ ਨੇ ਅੱਜ ਅਖਾੜੇ ਉਤਰਨਾ ਸੀ। ਲੱਖੀ ਦੇ ਨੁਸਖੇ ਅਜ਼ਮਾਉਣ ਦਾ ਵੇਲਾ ਸੀ। ਲੱਖੀ ਨੇ ਖੇਤ ਬੈਠਿਆਂ ਨੂੰ ਪੋਸਤ ਦੇ ਚਮਚੇ ਲਵਾ ਤੇ ਕੈੜੀ ਜਿਹੀ ਚਾਹ ਬਣਾ ਦਿੱਤੀ ਤੇ ਮੋਢੇ ਥਾਪੜੇ। ਸ਼ਾਮ ਘਰ ਆ ਕੇ ਪਸ਼ੂਆਂ ਵਾਲੇ ਵਾੜੇ ਵਿੱਚੋਂ ਬਾਪੂ ਦੀ ਬਣਾਈ ਦਾਰੂ ਦੇ ਹਾੜ੍ਹੇ ਲਾ ਲਏ। ਕਾਹਲ ਸੀਨੇ 'ਚ ਦੌੜਨ ਲੱਗੀ, ਮੱਲੋ ਜੋਰੀ ਸੋਚ-ਸੋਚ ਕੇ ਹਾਸਾ ਆਈ ਜਾਵੇ। ਲੱਗਦਾ ਸੀ ਜਿਵੇਂ ਸਾਰਿਆਂ ਨੂੰ ਪਤਾ ਹੋਵੇ, ਸਾਰੇ ਕੁਨੱਖੀ ਅੱਖ ਮੁਸਕੜੀਏ ਜਹੇ ਝਾਕਦੇ ਪ੍ਰਤੀਤ ਹੋਏ, ਪਰ ਦਿਲ ਦੀਆਂ ਸੱਧਰਾਂ ਕਿੱਥੇ ਲੁਕਾਇਆਂ ਲੁਕਦੀਆਂ, ਉਹਦਾ ਮਨ ਕਰੇ ਕਿ ਬਲਵੀਰ ਕੁਰ ਨੂੰ ਸਭ ਦੇ ਸਾਹਮਣੇ ਬਾਂਹ ਫੜ੍ਹ ਕੇ ਕੋਠੇ 'ਤੇ ਲਿਜਾਵੇ, ਜੁਰਤ ਵਿਖਾਵੇ। ਨਾਲੇ ਘਰਵਾਲੀ ਸੀ ਡਰ ਕਾਹਦਾ? ਆਦਿ ਕਾਲ ਤੋਂ ਚੱਲ ਰਿਹਾ ਸਭ ਕਿਹੜਾ ਨਵਾਂ ਆ, ਪਤਾ ਤਾਂ ਸਾਰਿਆਂ ਨੂੰ ਹੀ ਹੁੰਦਾ ਆ ਕੋਈ ਖੁੱਲ੍ਹ ਜਾਂਦਾ ਤੇ ਕੋਈ ਸਮਾਜਿਕ ਬੰਧਿਸ਼ਾਂ ਮੂਹਰੇ ਚੁੱਪ ਹੋ ਜਾਂਦਾ ਆ। ਪਰ ਲੁਕੇ ਛਿਪੇ ਸਭ ਚੱਲਦਾ ਆ ਤੇ ਢੱਕੀ ਰਿੱਧੀ ਹੀ ਚੰਗੀ ਹੁੰਦੀ। ਯਾਰ ਦੋਸਤ ਤਾਂ ਹੋਰ ਵੀ ਨੇ, ਉਹਨਾਂ 'ਚ ਬਹੁਤਾ ਜੀਅ ਨਹੀਂ ਲੱਗਦਾ ਤੇ ਮੁਟਿਆਰਾਂ ਵੱਲ ਤਾਂ ਇਉਂ

ਉੱਲਰਦਾ ਜਿਵੇਂ ਲੋਹੇ ਨਾਲ ਚੁੰਬਕ, ਫੇਰ ਵੀ ਹੁਣ ਤੱਕ ਮਿਲੇ ਮੌਕੇ ਵੀ ਭੁਨਾ ਨਾ ਹੋਏ ਤੇ ਅੱਗ ਦਾ ਸੇਕ 'ਕੱਠਾ ਹੋ ਦਿਮਾਗ਼ ਨੂੰ ਪੈਣ ਲੱਗਾ ਸੀ। ਸੋਚਦਾ ਵਿਆਹ ਨੇ ਹੁਣ ਮਨ ਦਾ ਮੌਸਮ ਸ਼ਿਮਲੇ ਦੀ ਬਰਫਬਾਰੀ ਵਰਗਾ ਬਣਾ ਦੇਣਾ। ਕਦੇ-ਕਦੇ ਮਨ ਕਰਦਾ ਵਿਚੋਲੇ ਦੇ ਪੈਰ ਧੋ ਪੀਵੇਂ। ਉਹਨੂੰ ਸੇਕ ਧੁਰ ਅੰਦਰ ਤੱਕ ਪ੍ਰਤੀਤ ਹੁੰਦਾ, ਜੋ ਦਿਮਾਗ ਨੂੰ ਚੜ੍ਹ ਪੁੜਪੁੜੀਆ ਦੀਆਂ ਨਾੜਾਂ ਫੁੜਕਾ ਦਿੰਦਾ।

ਦਿਆਲੇ ਲਈ ਉਹ ਰਾਤ ਸਾਉਣ ਦੀ ਮੱਸਿਆ ਵਰਗੀ ਬੱਦਲਾਂ ਨਾਲ ਭਰੀ ਕਾਲੀ ਬੋਲੀ ਰਾਤ ਸੀ, ਜਿਸ ਵਿੱਚ ਉਹ ਮਰਜ਼ੀ ਦੇ ਨਾਲ ਵਰ੍ਹ ਵਰ੍ਹ ਆਠਰਿਆ। ਉਹ ਵੱਖਰਾ ਅਨੁਭਵ ਇੱਕ ਵੱਖਰਾ ਆਨੰਦਮਈ ਅਹਿਸਾਸ ਸੀ, ਜਿਸਦਾ ਸੁਖਦ ਅਹਿਸਾਸ ਮਿੱਝ ਤੱਕ ਗਿਆ ਸੀ। ਸਭ ਕਲਪਨਾ ਤੋਂ ਪਰ੍ਹੇ ਜਾਪਿਆ, ਉਸ ਦਿਨ ਤੋਂ ਬਾਅਦ ਮੰਜੇ ਰੋਜ਼ ਚੁਬਾਰੇ ਚੜ੍ਹਨ ਲੱਗੇ। ਰਾਤ ਲੰਮੀਆਂ ਹੋਵਣ ਤੇ ਦਿਨ ਚੜ੍ਹੇ ਨਾ। ਸੱਧਰਾਂ ਨੂੰ ਖੰਭ ਲੱਗੇ ਹੋਏ ਸੀ। ਵੰਗ ਵਰਗੀ ਦੀਆਂ ਟੁੱਟੀਆਂ ਵੰਗਾਂ ਵੇਖ ਧੌਣ ਆਕੜਦੀ। ਜਦੋਂ ਕਦੇ ਲੱਖੀ ਛੇੜਦਾ ਤਾਂ ਉਹਦੇ ਕੋਲ ਬਿਆਨ ਕਰਨ ਲਈ ਸ਼ਬਦ ਨਾ ਹੁੰਦੇ, ਉਹ ਮਿੰਨ੍ਹਾ-ਮਿੰਨ੍ਹਾ ਹੱਸ ਆਵਦੇ ਅਹਿਸਾਸਾਂ ਨੂੰ ਜਿਤਾ ਛੱਡਦਾ, ਗੁਲਾਬ ਦੇ ਫੁੱਲ ਹੋਰ ਖਿੜੇ-ਖਿੜੇ ਜਾਪਦੇ। ਚੰਦ ਧਰਤੀਂ ਦੇ ਹੋਰ ਨੇੜੇ ਆ ਝੁਕਿਆ ਲੱਗਦਾ। ਤਾਰਿਆਂ ਦੀ ਰੋਸ਼ਨੀ ਹੋਰ ਚਮਕਣ ਲੱਗੀ। ਦੁਨੀਆ ਸ਼ਾਂਤ ਚਿੱਤ ਹੋਈ ਲੱਗਦੀ। ਪਰ ਥੋੜ੍ਹੇ ਕੁ ਦਿਨਾਂ ਵਿੱਚ ਮਨ ਮਸੋਸਿਆ ਗਿਆ, ਜਦੋਂ ਪਤਾ ਲੱਗਾ ਕਿ ਬਲਵੀਰ ਕੁਰ ਦੇ ਢਿੱਡ ਅੰਦਰ ਨਵਾਂ ਬੂਟਾ ਅੰਗੜਾਈ ਲੈਣ ਲੱਗਾ ਹੈ। ਕੇਰਾਂ ਤਾਂ ਖਿਝਿਆ ਕਿ ਕੀ ਕਰ ਲਿਆ, ਅੱਧ ਅਧੂਰੇ ਚਾਵਾਂ ਦੀ ਮੌਤ ਨੇ ਗੁੱਸਾ ਵੀ ਦੁਆਇਆ ਪਰ ਮਨ ਸੰਭਾਲ਼, ਛੇਤੀ ਨਵੀਂ ਜ਼ਿੰਮੇਵਾਰੀ ਤੇ ਅਹਿਸਾਸ ਨੇ ਰੂਹ ਨੂੰ ਨਸ਼ਿਆ ਕੇ ਰੱਖ ਦਿੱਤਾ, ਭਾਵੇਂ ਤ੍ਰਿਪਤੀ ਦੀ ਖਵਾਹਿਸ਼ ਮਨ ਵਿੱਚ ਹੀ ਰਹਿ ਗਈ। ਉਹਦਾ ਚਾਹ ਕੇ ਵੀ ਘਰਵਾਲੀ ਕੋਲ ਜਾਣਾ ਔਖਾ ਸੀ, ਪਰ ਨਵੇਂ ਜੀਅ ਦੀ ਉਡੀਕ ਸ਼ਿੱਦਤ ਨਾਲ ਸੀ, ਘਰ ਦੀ ਫ਼ਿਜ਼ਾ ਨਵੇਂ ਜੀਅ ਦੇ ਚਾਅ 'ਚ ਰੁੱਝ ਗਈ। ਮੌਸਮ ਬਦਲਣ ਦੀ ਉਡੀਕ ਕਰਦਾ-ਕਰਦਾ ਆਉਣ ਵਾਲ਼ੇ ਮਹੀਨਿਆਂ ਵਿੱਚ ਉਹ ਗੋਭਲੇ ਜਹੇ ਜਵਾਕ ਦਾ ਪਿਉ ਬਣ ਗਿਆ, ਕਬੀਲਦਾਰੀ ਵਾਲੀ ਚੂੜੀ ਦਾ ਨਟ ਥੋੜ੍ਹਾ ਕੱਸਿਆ ਗਿਆ। ਮਨ ਤਾਂ ਬਹੁਤ ਕਰਦਾ ਪਰ ਸਬਰ ਹੀ ਸੀ ਜਿਸਨੂੰ ਕਰ ਕਰ ਕੇ ਨੌਂ ਮਹੀਨੇ ਟਪਾ ਲਏ ਸੀ। ਉਹਨੂੰ ਸੀ ਕਿ ਜਵਾਕ ਹੋਣ ਦੇ ਨਾਲ ਉਹਦੀ ਉਡੀਕ ਵੀ ਖਤਮ ਹੋ ਜਾਊ ਤੇ ਫਿਰ ਤੋਂ ਕਿਸੇ ਭੌਰ ਵਾਂਗ ਫੁੱਲਾਂ ਦੇ ਦੁਆਲੇ ਗੇੜੇ ਕੱਢੂ, ਜਣੇਪਾ ਕੱਟ ਕੇ ਹੌਲ਼ੀ-ਹੌਲ਼ੀ ਘਰ ਦੇ ਕੰਮਾਂ 'ਚ ਆਹਰੇ ਲੱਗਦੀ ਬਲਵੀਰ ਕੁਰ ਉਹਦੀ ਰਮਜ਼ ਪਛਾਣ ਦੋ ਕੁ ਵਾਰ ਕੋਲ ਆਈ ਹੋਣੀ, ਨਾਲ ਹੀ ਫੇਰ ਮਿਲੀਆਂ ਵਧਾਈਆਂ ਤੋਂ ਪਤਾ ਲੱਗ ਗਿਆ ਕਿ ਘਰ 'ਚ ਹੋਰ ਕਿਲਕਾਰੀ ਗੂੰਜਣ ਵਾਲੀ ਆ। ਆਵਦੇ ਵੱਲੋ ਤਾਂ ਪੱਬ ਬੋਚ ਬੋਚ ਕੇ ਧਰੇ ਸੀ ਤੇ ਬਲਵੀਰ ਕੁਰ ਨੂੰ ਵੀ ਗਾਹੇ-ਬਗਾਹੇ ਕੰਨਾਂ ਥਾਣੀ ਕੱਢਿਆ ਵੀ ਸੀ, ਉਦੋਂ ਪਤਾ ਲੱਗਦਾ ਜਦੋਂ ਸਹੁਰੇ ਪੰਜੀਰੀ ਲਿਆਉਣ ਦੀ ਤਿਆਰੀ ਕਰ ਰਹੇ ਹੁੰਦੇ। ਕਬੀਲਦਾਰੀ ਦਾ ਗੱਡਾ ਵੀ ਦਿਨੋ ਦਿਨ ਭਾਰੀ ਹੋਣ ਲੱਗਿਆ। ਉੱਪਰ ਥੱਲੇ ਚਾਰ

ਜਵਾਕ ਹੋ ਗਏ, ਬਲਵੀਰ ਕੁਰ ਜਵਾਕਾਂ ਦੇ ਆਹਰ 'ਚ ਰੁੱਝ ਗਈ। ਨਿਆਣਿਆਂ ਦੇ ਪਾਲਣ ਪੋਸ਼ਣ ਦਾ ਫ਼ਿਕਰ ਪਿਆ ਰਹਿਣ ਲੱਗਾ। ਇੱਕ ਬਾਪੂ ਨੇ ਮਰਨ ਤੋਂ ਪਹਿਲਾਂ-ਪਹਿਲਾਂ ਸਾਰੇ ਭਰਾਵਾਂ ਨੂੰ ਅੱਡ-ਅੱਡ ਕਰਕੇ ਲਾਣੇਦਾਰ ਬਣਾ ਦਿੱਤਾ। ਮਨ ਤਾਂ ਬਥੇਰਾ ਕਰਦਾ, ਪਰ ਸਭ ਵਿੱਚ ਵਿਚਾਲੇ ਰਹਿ ਗਿਆ, ਖਿੜੇ ਗੁਲਾਬਾਂ ਵਰਗੀ ਜਵਾਨੀ ਤੇ ਤੇਜ਼ਾਬ ਵਰਗੀ ਕਬੀਲਦਾਰੀ ਆਣ ਪਈ। ਕਦੇ ਬਲਵੀਰ ਕੁਰ ਦਾ ਚਿਹਰਾ ਵੇਖ ਆਪਣੇ ਆਪ 'ਤੇ ਗੁੱਸਾ ਵੀ ਚੜ੍ਹਦਾ, ਮਨਾ ਸੋਚੀ ਕੀ ਜਾਨਾ? ਗਊ ਵਿਚਾਰੀ ਕਿੱਧਰ-ਕਿੱਧਰ ਹੋਵੇ। ਏਹੋ ਜ਼ਿੰਦਗੀ, ਪਰ ਨਾਲ ਦੀ ਨਾਲ ਸੋਚਾਂ 'ਚ ਕਾਟ ਵੱਜਦੀ। ਬਥੇਰਿਆਂ ਨਾਲ ਸੁੱਖ ਦੁੱਖ ਸਾਂਝਾ ਸੀ, ਪਰ ਸਮਝ ਨਹੀਂ ਸੀ ਆਉਂਦੀ ਕਿ ਆਹ ਕਿਵੇਂ ਸਾਂਝਾ ਕਰਾਂ?ਸਰੀਰ 'ਚ ਨਿਕਲਦੀ ਗਰਮੀ ਕੁੜਤਾ ਗਿੱਲਾ ਕਰੀ ਰੱਖਦੀ। ਵੱਸ ਨਾ ਚੱਲਦਾ ਤਾਂ ਤਰਲੇ ਪਾਉਂਦਾ, ਬਲਵੀਰ ਕੁਰ ਜਵਾਕਾਂ ਦੀ ਸ਼ਰਮ ਕਰ ਸੰਗ ਮੰਨਣ ਨੂੰ ਆਖ ਦਿੰਦੀ। ਜਦੋਂ ਘਰ ਨਾ ਹੁੰਦਾ ਕੋਈ ਤਾਂ ਉਹਦੇ ਮੂੰਹ ਤੇ ਆਂਢ-ਗਵਾਂਢ ਦੀ ਸ਼ਰਮ ਕਰ ਲੈਣ ਦੀ ਗੱਲ ਹੁੰਦੀ। ਕਦੇ ਕਦੇ ਖਿਝ ਆਓਦੀ ਵੀ ਏਥੇ ਕਿਹੜਾ ਕੋਠੇ ਚੜ੍ਹ ਕੇ ਨੁਮਾਇਸ਼ ਲਗਾਉਣੀ। ਪਰ ਹੁਣ ਸਮਝਾਵੇ ਕੌਣ, ਕਦੇ ਕਦਾਈਂ ਮੰਨ ਵੀ ਜਾਂਦੀ ਤਾਂ ਏਦਾਂ ਕਰਦੀ ਜਿਵੇਂ ਅਹਿਸਾਨ ਕਰਨਾ ਹੋਵੇ। ਜੇਠ ਹਾੜ੍ਹ ਦੇ ਤਿੱਖੜ ਦੁਪਹਿਰੇ ਵਗਦੇ ਪਾਣੀ 'ਚੋਂ ਭਰੀ ਚੂਲ਼ੀ ਬੁੱਲ੍ਹ ਤਾਂ ਗਿੱਲੇ ਕਰ ਦਿੰਦੀ ਆ ਪਰ ਪਿਆਸ ਨਹੀਂ ਬੁਝਾ ਸਕਦੀ। ਦਿਆਲ ਦੇ ਅੰਦਰਲੀ ਤੇਹ ਦਿਨੋ-ਦਿਨ ਵੱਧਦੀ ਰਹੀ। ਕੰਮ-ਕਾਜ 'ਚ ਕਦੇ ਮਹੀਨੇ ਮੱਸਿਆ ਗਰਮ ਤਵੇ ਤੇ ਪਏ ਪਾਣੀ ਦੇ ਛਿੱਟੇ ਸ਼ੂੰ ਸ਼ੂੰ ਕਰ ਗਾਇਬ ਹੋ ਜਾਂਦੇ ਤੇ ਅੰਦਰਲੀ ਅੱਗ ਤਵੇ ਨੂੰ ਲਾਲ ਰੱਤਾ ਕਰਨ ਲੱਗਦੀ। 'ਜਵਾਕਾਂ ਦੀ ਹੀ ਸ਼ਰਮ ਕਰ ਲੈ, ਆਹ ਕੋਈ ਉਮਰ ਆ ਸਭ ਕਰਨ ਦੀ, ਤੈਨੂੰ ਹੁਣ ਜਵਾਨੀ ਚੜ੍ਹਨ ਲੱਗੀ ਆ' ਵਰਗੇ ਬੋਲ ਮਿਹਣਿਆਂ ਦਾ ਰੂਪ ਲੈ ਉਹਨੂੰ ਖਿੱਝ ਚਿੜਾਉਂਦੇ ਰਹਿੰਦੇ। ਉਮਰ ਭਾਵੇਂ ਨੰਬਰਾਂ ਦੇ ਰੂਪ ਵਿੱਚ ਵੱਧ ਰਹੀ ਸੀ, ਪਰ ਉਹਦੇ ਅੰਦਰਲੀ ਅੱਗ ਦਾ ਸੇਕ ਪੈਰਾਂ ਦੀ ਤਲੀਆਂ, ਕੰਨਾਂ ਤੇ ਅੱਖਾਂ ਰਾਹੀਂ ਨਿਕਲਦਾ ਰਹਿੰਦਾ। ਸਮਾਜਿਕ ਵਲਗਣਾਂ ਵਿੱਚ ਬੰਨ੍ਹਿਆਂ ਹਰ ਰਿਸ਼ਤਾ ਖ਼ੂਬਸੂਰਤੀ ਨਾਲ ਨਿਭਾ ਰਿਹਾ ਸੀ, ਪਰ ਉਹਦੀ ਭੁੱਖ ਜੋ ਕੁਝ ਖਾਧਿਆਂ ਪੀਤੀ ਨਹੀਂ ਸੀ ਮਿਟਣ ਵਾਲੀ ਉਹਨੂੰ ਲਗਾਤਾਰ ਤੰਗ ਕਰਦੀ।

ਬਲਵੀਰ ਕੁਰ ਬਾਰੇ ਸੋਚਦਾ ਕਿਹੜੀ ਮਿੱਟੀ ਦੀ ਬਣੀ ਆ? ਇਹਦੇ ਮਨ 'ਚ ਵੀ ਸਭ ਆਉਂਦਾ ਹੋਊ? ਪੁੱਛਿਆ ਤਾਂ ਪੁੱਠਾ ਈ ਜਵਾਬ ਦੇਣਾ।

"ਕਦੇ-ਕਦੇ ਲੱਗਦਾ ਸਰੀਰ ਭਸਮ ਹੋ ਕੇ ਮੱਚ ਜਾਣਾ" ਉਹ ਪੈੱਗ ਲਾਉਂਦਾ ਲੱਖੀ ਨੂੰ ਦਿਲ ਦੀ ਗੱਲ ਦੱਸਦਾ।

"ਯਾਰ! ਮੈਨੂੰ ਪਤਾ ਤੇਰੀ ਦੁਖਦੀ ਰਗ ਦਾ, ਪਰ ਤੂੰ ਡਰਾਕਲ ਵੀ ਬਹੁਤ ਆ। ਕਿਤੇ ਬਾਹਰ ਸਿੰਗ ਫਸਾ ਲੈ, ਕਿੰਨੀ ਵਾਰ ਕਿਹਾ ਮੈਂ ਤੇਰੀ ਮੱਦਦ ਕਰ ਦਿੰਨਾਂ ਆ।" ਲੱਖੀ ਉਹਦੀ ਦੁਖਦੀ ਰਗ ਤੇ ਹੱਥ ਰੱਖਦਾ ।

"ਗੱਲ ਤਾਂ ਸਹੀ, ਜਵਾਕ ਬਰਾਬਰ ਦੇ ਹੋਈ ਜਾਂਦੇ। ਕੀ ਕਹਿਣਗੇ? ਬੁੜ੍ਹੇ ਨੂੰ

ਹੁਣ ਜਵਾਨੀ ਚੜ੍ਹੀ ਆ, ਲੋਕਾਂ ਨੇ ਖਹਿੜਾ ਨਹੀਂ ਛੱਡਣਾ।" ਦਿਆਲ ਸਿੰਘ ਆਪਣੀ ਮਜਬੂਰੀ ਗਿਣਾਉਣ ਲੱਗਦਾ।

"ਯਾਰ ਤੂੰ ਕਿਹੜਾ ਦੂਜਾ ਵਿਆਹ ਕਰਵਾਉਣਾ, ਕੁੱਲ ਦੁਨੀਆ ਲੁਕ ਛਿਪ ਕੇ ਕਰੀ ਜਾਂਦੀ ਆ, ਤੂੰ ਕਰਲੇਗਾਂ ਤਾਂ ਕੀ ਲੋਹੜਾ ਆ ਜੂ? ਨਾਲੇ ਤੂੰ ਕੋਈ ਤੀਰ ਤਾਂ ਮਾਰਿਆ ਨਹੀਂ ਸੁਪਨੇ ਹੀ ਲਏ ਆ।" ਲੱਖੀ ਹੋਰ ਹਲੂਣਾ ਮਾਰਦਾ।

"ਯਾਰ, ਉਹ ਗੱਲ ਨਹੀਂ, ਮੈਂ ਤਾਂ ਤੇਰੇ ਦਿੱਤੇ ਗੁਣਮੰਤਰ ਹਾਲੇ ਯਾਦ ਰੱਖੀ ਬੈਠਾਂ", ਜਦੋਂ ਲੱਖੀ ਨੂੰ ਇਹ ਦੱਸਦਾ ਤਾਂ ਉਹ ਰੱਜ ਕੇ ਹੱਸਦਾ ਤੇ ਦਿਆਲੇ ਨੂੰ ਆਪਣਾ ਮਜ਼ਾਕ ਬਣਦਾ ਦਿਸਦਾ।

"ਤੂੰ ਭਰਾਵਾ ਨੂੰਹ ਤੋਂ ਮੇਰੇ ਜੂਤ ਪਤਾਣ ਨਾ ਕਰਵਾ ਦੇਵੀਂ" ਲੱਖੀ ਪੱਲਾ ਝਾੜਦਾ ਉੱਠ ਕੇ ਤੁਰਦਾ।

ਪਰ ਫਿਰ ਕਬੀਲਦਾਰੀ ਦੀ ਕੋਈ ਖੁੱਡ ਭਰਦਾ ਤੇ ਅੱਕਲ ਕਾਣ ਹੋਇਆ ਯੱਕਾ ਧੱਕਦਾ ਹਿਰਸ ਨੂੰ ਮਨ ਦੇ ਕਿਸੇ ਕੋਨੇ ਦੱਬ ਸਭ ਭੁੱਲ ਭੁਲਾ ਜਾਂਦਾ ਤੇ ਗੱਲ ਆਈ ਗਈ ਹੋ ਜਾਂਦੀ।

ਸਮਾਂ ਆਪਣੀ ਚਾਲ ਚੱਲਦਾ ਜਾ ਰਿਹਾ ਸੀ, ਦਿਆਲ ਦੇ ਵਾਲ ਕਾਲਿਆਂ ਤੋਂ ਸਵਾਹ ਰੰਗੇ ਹੋਣ ਲੱਗੇ ਸੀ। ਸੱਥ 'ਚ ਬਹਿ ਕਦੇ ਕਦਾਈਂ ਠਰਕ ਭੋਰ ਆਉਂਦਾ, ਘਰ ਆਉਂਦੇ ਨੂੰ ਕਦੇ ਮੱਝ ਨਾ ਮਿਲਦੀ ਤੇ ਕਦੇ ਮੋਟਰ ਨਾ ਪਾਣੀ ਚੁੱਕਦੀ। ਜਵਾਕ ਅੱਡ ਹੱਥ ਅੱਡੀ ਖੜੇ ਹੁੰਦੇ। ਬਲਵੀਰ ਕੁਰ ਵੱਲੋਂ ਕੋਰਾ ਹੀ ਜਵਾਬ ਸੀ, ਹੁਣ ਤਾਂ ਉਹਦੀ ਸ਼ੂਗਰ ਤੇ ਗੋਡਿਆਂ ਦੀ ਦਵਾਈ ਲਿਆਉਣ 'ਚ ਰਹਿੰਦਾ। ਇੱਕ ਦਿਨ ਸਾਥ ਨਿਭਾਉਂਦੀ-ਨਿਭਾਉਂਦੀ ਬਲਵੀਰ ਕੁਰ ਹੱਥ ਛੁਡਾ ਕੇ ਦੂਸਰੀ ਦੁਨੀਆ ਵਿੱਚ ਚਲੀ ਗਈ। ਸ਼ਾਇਦ ਇਹ ਉਹਦੇ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸੀ, ਸਰੀਰਕ ਨਾ ਸਹੀ ਮਾਨਸਿਕ ਹਿਰਸ ਤਾਂ ਪੂਰੀ ਹੋ ਰਹੀ ਸੀ। ਚਲੋ! ਹੁਣ ਤਾਂ ਸਭ ਕੁਝ ਹੱਥੋਂ ਗਵਾਚ ਗਿਆ ਸੀ।

ਅਤੀਤ ਵੱਲ ਨਿਗਾਹ ਮਾਰੀ ਤਾਂ ਲੇਖਾ ਜੋਖਾ ਕਰਨ ਲੱਗ ਪਿਆ, ਅਠਾਰਵੇਂ 'ਚ ਪਿਓ ਬਣ ਗਿਆ ਸੀ ਤੇ ਪੰਜਾਹ ਦੇ ਨੇੜੇ ਜਾ ਕੇ ਪੁੱਤ ਪੋਤਿਆਂ ਵਾਲਾ ਹੋ ਗਿਆ ਸੀ। ਉਮਰ ਸੱਤਰ ਦੀ ਜਾਪਣ ਲੱਗਣ ਲੱਗ ਪਈ ਸੀ। ਜ਼ਮਾਨਾ ਅਡਵਾਂਸ ਹੋ ਗਿਆ ਸੀ, ਸਾਰਾ ਕੁਝ ਤੇਜ਼ ਤਰਾਰ ਹੋਣ ਲੱਗ ਪਿਆ ਸੀ।

ਖੇਤੀ ਪੱਠੇ ਦਾ ਕੰਮ ਮੁੰਡਿਆਂ ਨੇ ਆਵਦੇ ਹੱਥਾਂ 'ਚ ਲੈ ਲਿਆ ਸੀ, ਕਬੀਲਦਾਰੀ ਸਮੇਟੀ ਗਈ ਸੀ। ਜਵਾਕਾਂ ਨੂੰ ਖਿਡਾਉਂਦਾ ਦਿਆਲ ਸਿੰਘ ਉਹਨਾਂ ਦਾ ਚਿੱਤ ਪਰਚਾ ਕੇ ਰੱਖਦਾ। ਜਦੋਂ ਸੱਥ 'ਚ ਜਾਂਦਾ ਤਾਂ ਨਾਲ ਦੇ ਹਾਣੀਆਂ ਦੀਆਂ ਗੱਲਾਂ ਸੁਣਕੇ ਉਹਨੂੰ ਲੱਗਦਾ ਕਿ ਹੁਣ ਤੱਕ ਝੁੱਡੂ ਈ ਰਿਹਾ, ਇਹਨਾਂ ਦੇ ਕੀ ਗੋਲੀ ਵੱਜ ਗਈ ਜਿਹੜੀ ਮੇਰੇ ਵੱਜ ਜਾਣੀ ਸੀ। ਫੇਰ ਆਪਣੀ ਸੁੱਚਮਤਾ 'ਤੇ ਮਾਣ ਮਹਿਸੂਸ ਕਰਦਾ ਪਰ ਅਗਲੇ ਪਲ ਢਹਿ ਜਾਂਦਾ ਕਿ ਦੁਨੀਆ ਤੋਂ ਲੈ ਕੀ ਜਾਣਾ ਜਦੋਂ ਮਨਆਈ ਨਾ ਕਰ ਸਕਿਆ।

ਕਦੇ ਬਲਵੀਰ ਕੁਰ ਨਾਲ ਨਿਭਾਈ ਵਫ਼ਾਦਾਰੀ ਤੇ ਮਾਣ ਮਹਿਸੂਸ ਹੁੰਦਾ।

ਉਹਦੀਆਂ ਯਾਦਾਂ ਚੇਤਿਆਂ 'ਚ ਰੱਖੀ ਫਿਰਦਾ। ਪਹਿਲੀ ਵਾਰ ਕੋਠੇ 'ਤੇ ਚੜ੍ਹੇ ਮੰਜੇ ਅੱਜ ਵੀ ਸਕੂਨ ਦੇ ਜਾਂਦੇ।

"ਯਾਦਾਂ ਬੰਦਾ ਬਣਾਉਂਦਾ ਤੇ ਫਿਰ ਤਾ-ਉਮਰ ਉਨ੍ਹਾਂ ਨੂੰ ਨਾਲ ਚੁੱਕੀ ਫਿਰਦਾ।" ਇੱਕ ਦਿਨ ਪੈੱਗ ਲਾਉਂਦਿਆਂ ਲੱਖੀ ਕੋਲ ਬੋਲਿਆ,

"ਆੜੀ, ਤੂੰ ਹੋਰ ਵੀ ਬਹੁਤ ਕੁਝ ਨਾਲ ਚੁੱਕੀ ਰੱਖਦਾ "ਲੱਖੀ ਨੇ ਤਾਂ ਹਾਸੇ ਨਾਲ ਕਿਹਾ ਸੀ, ਪਰ ਉਹ ਸੋਚਣ ਲਈ ਮਜਬੂਰ ਸੀ।

ਇੱਕ ਦਿਨ ਕੁੜੀ ਕੋਲ ਸਾਉਣ ਲੈ ਕੇ ਚੱਲਿਆ ਤਾਂ ਰਾਏਕੋਟ ਵਾਲੀ ਬੱਸ 'ਚ ਬੀਬੀ ਰੌਲ਼ਾ ਪਾਈ ਜਾਵੇ, ਪਰਸ ਭੁੱਲ ਗਈ ਹੋਣੀ ਜਾਂ ਕਿਤੇ ਸੁੱਟ ਲਿਆ ਹੋਣਾ। ਕੰਡਕਟਰ ਕਹੇ, "ਟਿਕਟ ਕਟਾ ਜਾਂ ਥੱਲੇ ਉੱਤਰ।" ਸਿਆਣੀ ਬਿਆਣੀ ਤੇ ਵੇਖਣ ਨੂੰ ਚੰਗੇ ਘਰ ਦੀ, ਨਾਲ ਬੈਠੇ ਦਿਆਲ ਸਿੰਘ ਨੇ ਤਰਸ ਜਿਹਾ ਖਾ ਟਿਕਟ ਕਟਾ ਦਿੱਤੀ। ਗੱਲਾਂ ਚੱਲ ਪਈਆਂ, ਉਹ ਵੀ ਕੁੜੀ ਕੋਲੋਂ ਆਈ ਸੀ ਤੇ ਮਨਜੀਤ ਕੁਰ ਨਾਂ ਸੀ। ਉਹਦਾ ਨਾਲ ਬੈਠੀ ਦਾ ਅਹਿਸਾਸ ਮਖਮਲੀ ਸੀ। ਗੱਲਾਂ ਕਰਦਿਆ ਨਿਗਾਹਾਂ ਮਿਲੀਆਂ ਤਾਂ ਜਾਪਿਆ ਮਨਜੀਤ ਕੌਰ ਸੰਗ ਗਈ ਹੋਵੇ। ਪਤਾ ਲੱਗਾ ਕਿ ਸਿਰੋਂ ਨੰਗੀ ਆ, ਘਰ ਵਾਲਾ ਕੁਝ ਸਮਾਂ ਪਹਿਲਾਂ ਅਧਰੰਗ ਤੋਂ ਪੀੜ੍ਹਤ ਪ੍ਰਲੋਕ ਸਿਧਾਰ ਗਿਆ। ਮੁੰਡਾ ਕੋਈ ਹੈ ਨਹੀ ਸੀ, ਧੀਆਂ ਦੇ ਆਸਰੇ ਦਿਨ ਕੱਟੀਆਂ 'ਤੇ ਸੀ। ਘਰੇ 'ਕੱਲੀ ਰਹਿੰਦੀ ਸੀ। ਆਪੋ ਆਪਣਾ ਦੁੱਖ ਸੁੱਖ ਕਰਨ ਲੱਗੇ। ਆਸੇ ਪਾਸੇ ਠੰਡੀ ਠੰਡੀ ਹਵਾ ਰੁਮਕਦੀ ਪ੍ਰਤੀਤ ਹੋਈ, ਕਿਣ-ਮਿਣ 'ਚ ਉੱਠੀ ਮਿੱਟੀ ਦੀ ਮਹਿਕ ਨਾਲ ਰੂਹ ਨਸ਼ਿਆਈ ਗਈ ਤੇ ਪਤਾ ਨ੍ਹੀ ਕਿਉਂ ਆਲ਼ਾ-ਦੁਆਲ਼ਾ ਧੋਤਾ ਜਿਹਾ ਲੱਗਿਆ। ਲੱਗਦਾ ਨਹੀਂ ਸੀ ਕਿ ਦੋਹਤੇ-ਦੋਹਤਰੀਆਂ ਵਾਲੀ ਹੋਊ। ਉਤਰਨ ਲੱਗਿਆ ਇੱਕ ਦੂਜੇ ਦੀਆਂ ਅੱਖਾਂ 'ਚ ਝਾਕਦਿਆਂ ਬਹਾਨੇ ਨਾਲ ਨੰਬਰ ਵਟਾ ਲਏ। ਪਹਿਲ ਮਨਜੀਤ ਕੌਰ ਦੀ ਸੀ ਤੇ ਦਿਆਲ ਸਿੰਘ ਨੇ ਝਕਦਿਆਂ ਨੰਬਰ ਦੇ ਦਿੱਤਾ। ਭਾਦੋਂ 'ਚ ਜਿਵੇਂ ਬੱਦਲ ਚੜ੍ਹ ਆਏ ਹੋਣ। ਬੇਰੰਗ ਜ਼ਿੰਦਗੀ 'ਚ ਫਿਰ ਤੋਂ ਰੌਣਕ ਭਰਨ ਦੀ ਆਸ ਬੱਝੀ। ਬੀਆਬਾਨ ਖੇਤ ਆਬਾਦ ਹੋਣ ਲੱਗੇ। ਦਿਆਲ ਸਿੰਘ ਮੂੰਹ ਤੇ ਆਏ ਖ਼ਤ ਚੁਗਣ ਲੱਗਿਆ। ਵਾਲ਼ਾਂ ਦੀ ਸਫੈਦੀ ਲੁਕਾਉਣ ਲੱਗਾ। ਖੇਤ ਬੰਨ੍ਹੇ ਵੱਲ ਵੱਧ ਗੇੜਾ ਲਾਉਣ ਲੱਗਾ। ਮੁੰਡੇ ਨੂੰਹਾਂ ਦਿਆਲ ਸਿੰਘ ਦੇ ਬਦਲੇ ਰੰਗਾਂ ਤੇ ਹੈਰਾਨ ਤਾਂ ਸੀ, ਪਰ ਹੁਣ ਕਿੱਥੇ ਪੈਰਾਂ ਤੇ ਪਾਣੀ ਦੇਵੇ। ਬਲਵੀਰ ਕੁਰ ਖ਼ਿਆਲਾਂ 'ਚ ਆਉਂਦੀ, ਐਨਾ ਵਰ੍ਹਿਆਂ ਦਾ ਸਾਥ, ਪਰ ਫੇਰ ਹੱਥ ਜੋੜ ਫੋਟੋ ਤੋਂ ਮੁਆਫ਼ੀ ਮੰਗ ਲੈਂਦਾ।

'ਸਰਦਾਰਨੀਏ, ਜਿਉਂਦੇ ਜੀ ਤੇਰਾ ਰਿਹਾ, ਮੇਰਾ ਵੱਸ ਨਹੀਂ ਮੁਆਫ਼ ਕਰੀਂ, ਦਿਲ 'ਤੇ ਬੱਝੀ ਗੰਢ ਹੌਲ਼ੀ ਤਾਂ ਕਰਨੀ ਹੋਈ।'

ਪਹਿਲਾਂ ਵਾਲੀ ਲੰਘੀ ਜਵਾਨੀ ਤਾਂ ਝਕਾਨੀ ਦੇ ਗਈ ਸੀ, ਪਰ ਦੂਜੀ ਵਾਰ ਚੜ੍ਹੀ ਜਵਾਨੀ ਕਾਸ਼ਨੀ ਰੰਗ ਵਰਗੀ ਸੀ ਜਿਸ 'ਚ ਭਿੱਜਿਆ ਰਹਿਣਾ ਲੋਚਦਾ।

ਦੁੱਖ ਸੁੱਖ ਫੋਲਦੇ ਹੌਲ਼ੀ-ਹੌਲ਼ੀ ਇੱਕ ਦੂਜੇ ਤੇ ਧਿਜ ਗਏ, ਫੁੱਟੀ ਜਵਾਨੀ ਸਿਖਰਾਂ

’ਤੇ ਪਹੁੰਚ ਗਈ। ਪਹਿਲੀ ਤਾਂ ਵਾਰ ਡਰਦਾ-ਡਰਦਾ ਗਿਆ ਪਰ ਫੇਰ ਜਕ ਖੁੱਲ੍ਹ ਗਈ। ਮਨਜੀਤ ਕੌਰ ਨੇ ਪਾਣੀ ਗਰਮ ਰੱਖਿਆ ਹੁੰਦਾ, ਨਹਾਉਣ ਤੋਂ ਪਹਿਲਾਂ ਉਹਦੇ ਲਈ ਸ਼ਪੈਸ਼ਲ ਗੁੜ ਵਾਲੀ ਚਾਹ ਬਣਾਉਂਦੀ, ਉਹਦੀ ਮਨਪਸੰਦ ਸ਼ਬਜੀ ਬਣਦੀ। ਰਾਤ ਨੂੰ ਉਹ ਸਭ ਹੁੰਦਾ ਜੋ ਦਿਆਲ ਸਿੰਘ ਦੇ ਦਿਲ ‘ਚ ਦੱਬਿਆ ਪਿਆ ਸੀ। ਉਹਦੇ ਚਾਅ ਮਲ੍ਹਾਰ ਪੂਰੇ ਹੁੰਦੇ। ਜਾਪਦਾ ਮਨਜੀਤ ਬਣੀ ਉਹਦੇ ਲਈ ਆ, ਉਹ ਕਿਸਮਤ ਤੇ ਝੋਰਾ ਕਰਦਾ ਕਿ ਲੇਟ ਕਿਉਂ ਮਿਲੀ ਆ। ਉਹ ਖੁਸ਼ ਰਹਿੰਦਾ ਤੇ ਢੋਲੇ ਦੀਆ ਲਾਉਂਦਾ।ਇਹੀ ਤਾਂ ਜ਼ਿੰਦਗੀ ਸੀ ਜੋ ਉਹ ਜਿਉਣੀ ਲੋਚਦਾ ਸੀ।

ਪਰ ਸਿਆਣਿਆਂ ਐਵੇਂ ਤਾਂ ਨਹੀਂ ਕਿਹਾ ਕਿ ਇਸ਼ਕ ਮੁਸ਼ਕ ਕਦੇ ਗੁੱਝੇ ਨਹੀਂ ਰਹਿੰਦੇ ਤੇ ਲੱਖ ਉਹਨਾਂ ਨੇ ਗੁੜ ਬੁੱਕਲ ’ਚ ਭੋਰ ਕੇ ਖਾਣ ਦੀ ਕੋਸ਼ਿਸ਼ ਕੀਤੀ, ਪਰ ਮਨਜੀਤ ਦੇ ਗਵਾਂਢੀਆਂ ਨੂੰ ਲੱਗੀ ਭਿਣਕ ਨੇ ਗੱਲ ਕੁੜੀਆਂ ਤੇ ਪ੍ਰਾਹੁਣਿਆ ਤੱਕ ਪਹੁੰਚਾ ਦਿੱਤੀ ਤੇ ਉਹਨਾਂ ਨੇ ਰੰਗੇ ਹੱਥੀਂ ਫੜ੍ਹ ਕੇ ਛਿੱਤਰ ਪਰੇਡ ਕੀਤੀ।

ਗੱਲ ਦਿਆਲ ਸਿੰਘ ਦੇ ਘਰ ਵੀ ਪਹੁੰਚ ਗਈ, ਮੁੰਡਿਆਂ ਨੇ ਅੱਖਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਬਗ਼ਾਵਤ ’ਤੇ ਉੱਤਰ ਗਿਆ, ਮਨਜੀਤ ਉਹਦੀ ਨਸ-ਨਸ ਵਿੱਚ ਚਿੱਟੇ ਵਾਂਗ ਉੱਤਰੀ ਪਈ ਸੀ। ਸਭ ਕੁਝ ਮਨਚਾਹਿਆ ਵੀ ਨਹੀਂ ਹੁੰਦਾ। ਮੁੰਡਿਆਂ ਨੇ ਡਰਾ ਧਮਕਾ ਕੇ, ਮਿੰਨਤਾਂ ਕਰਕੇ, ਗੱਲ ਮੁੱਕਦੀ ਸਭ ਹਰਬੇ ਵਰਤ ਪ੍ਰੇਮੀ ਜੋੜੇ ਦੇ ਖੰਭ ਖਿਲਾਰ ਕੇ ਜ਼ਖਮੀ ਕਰ ਦਿੱਤਾ ਤੇ ਆਖਿਰ ਦੋਵਾਂ ਕੋਲ ਅਲੱਗ ਹੋਣ ਤੋਂ ਬਿਨਾਂ ਚਾਰਾ ਨਾ ਬਚਿਆ।

ਮਨਜੀਤ ਨੂੰ ਕੁੜੀਆਂ ਨਾਲ ਲੈ ਗਈਆਂ, ਘਰ ਵੇਚ ਦਿੱਤਾ ਤੇ ਪੈਲ਼ੀ ਨਾਮ ਲਵਾ ਲਈ ਤੇ ਉਹ ਨਿਰਾ ਪੁਰਾ ਉਹਨਾਂ ਦੇ ਆਸਰੇ ਹੋਈ ਕਰ ਕੀ ਸਕਦੀ ਸੀ। ਦਿਆਲ ਸਿੰਘ ਦੀ ਪੈਲ਼ੀ ਭਾਵੇਂ ਉਹਦੇ ਨਾਮ ’ਤੇ ਸੀ ਪਰ ਮੁੰਡਿਆਂ ਨੇ ਸਾਫ਼-ਸਾਫ਼ ਕਹਿ ਦਿੱਤਾ ਕਿ ਜੇ ਹੱਦ ਟੱਪੀ ਤਾਂ ਉਹ ਦੋਵੇਂ ਮੋਨੋਸਿਲ ਪੀਣਗੇ। ਮਰਦਾ ਕੀ ਨਾ ਕਰਦਾ, ਜਵਾਕਾਂ ਅੱਗੇ ਹਥਿਆਰ ਸੁੱਟਣੇ ਪਏ।

ਸਮੇਂ ਦਾ ਪਹੀਆ ਗਿੜਦਾ ਰਿਹਾ, ਮਨਜੀਤ ਭੁੱਲੀ ਤਾਂ ਨਾ, ਪਰ ਉਹਦੀਆਂ ਯਾਦਾਂ ਦੇ ਅਕਸ ਧੁੰਦਲੇ ਪੈਣੇ ਸ਼ੁਰੂ ਹੋ ਗਏ। ਪਰਿਵਾਰ ਵੀ ਦਿਆਲ ਨਾਲ ਸਹਿਜ ਹੋ ਗਿਆ। ਪਰ ਕਰਨ ਲਾਇਕ ਕੁਝ ਨਾ ਹੋਣਾ, ਫਿਰ ਉਹੀ ਸਭ ਦਿਮਾਗ਼ ਨੂੰ ਕੁਰੇਦਦਾ। ਦਿਆਲ ਸਿੰਘ ਨੇ ਇੱਕਲਤਾ ਤੋਂ ਤੰਗ ਆ ਕੇ ਵੱਡੀ ਸਕਰੀਨ ਵਾਲਾ ਫ਼ੋਨ ਲੈ ਲਿਆ। ਨੈੱਟ ਪਵਾ ਲੈਂਦਾ, ਪੋਤਿਆਂ ਤੋਂ ਫੇਸ ਬੁੱਕ ’ਤੇ ਖਾਤਾ ਬਣਵਾ ਲਿਆ। ਕਿਸਾਨ ਯੂਨੀਅਨ ਦਾ ਐਕਟਿਵ ਮੈਂਬਰ ਬਣ ਗਿਆ। ਸਾਰਾ ਦਿਨ ਫ਼ੋਨ ’ਚ ਦੇਸ਼ ਦੁਨੀਆ ਦੀਆਂ ਖ਼ਬਰਾਂ ਸੁਣਦਾ ਰਹਿੰਦਾ। ਜੇ ਕਿਤੇ ਕੋਈ ਅੰਗਿਆਰੀ ਸਿਰ ਚੁੱਕਣ ਲੱਗਦੀ ਤਾਂ ਉਹ ਫੂਕ ਮਾਰ ਕੇ ਬੁਝਾ ਦਿੰਦਾ, ਪਰ ਉਸ ਅੰਗਿਆਰ ਦਾ ਸਾਹ ਲੈਣਾ ਮੁਸ਼ਕਿਲ ਕੀਤੀ ਰੱਖਦਾ।

ਹੁਣ ਤਾਂ ਆਪਣੇ ਆਪ ਨੂੰ ਸਮਝਾਉਣ ਲੱਗਿਆ, ਚਿੱਤ ਗੁਰਬਾਣੀ ਵੱਲ ਧਰ ਲਿਆ। ਗੁਰੂ ਗਿਆਨ ਦੇ ਸ਼ਬਦ ਬੁੱਲ੍ਹਾਂ ਤੇ ਹੁੰਦੇ। ਚਿਹਰੇ ’ਤੇ ਨੂਰ ਵੱਗਦਾ। ਫੇਸਬੁੱਕ ’ਤੇ

ਦਿਖਦੀਆਂ ਬੀਬੀਆਂ ਦੀਆ ਵੀਡਿਓਜ਼ ਵੇਖ ਕੇ ਹਿਰਸ ਛਿੜਦੀ। ਜਵਾਨ ਜਹਾਨ ਬੀਬੀਆਂ ਦੇ ਅਧਨੰਗੇ ਸਰੀਰ ਤੇ ਲੱਕ ਦੇ ਹੁਲਾਰੇ ਉਮਰ ਘਟਾਉਣ ਲੱਗੇ। ਫੋਨ 'ਚ ਖੁੱਭੇ ਨੂੰ ਆਪਣਾ ਆਪ ਵੀਹ-ਬਾਈ ਸਾਲ ਦੇ ਗੱਭਰੂ ਵਰਗਾ ਲੱਗਦਾ। ਫੋਨ 'ਚੋਂ ਬਾਹਰ ਆਓਣਾ ਉਹਨੂੰ ਵਿਹੁ ਵਰਗਾ ਜਾਪਦਾ। ਹੌਲ਼ੀ-ਹੌਲ਼ੀ ਫੋਨ ਚਲਾਉਣ ਦਾ ਵੱਲ ਆ ਗਿਆ। ਪਾਣੀ ਵਰਗੀਆਂ ਨਿੱਤਰੀਆਂ ਸੂਰਤਾਂ ਨਾਲ ਜੀ ਲੱਗਾ ਰਹਿੰਦਾ। ਐਨਾ ਵੀ ਪਤਾ ਲੱਗ ਕਿ ਫੇਸਬੁੱਕ ਤੇ ਵੀ ਕਾਲ ਹੋ ਜਾਂਦੀ, ਉਹ ਸਾਇੰਸ ਦੀ ਤਰੱਕੀ ਦੇ ਵਾਰੇ ਜਾਂਦਾ ਤੇ ਖੁਸ਼ ਹੋ ਕੇ ਅਸੀਸਾਂ ਦਿੰਦਾ ਜਿੰਨ੍ਹਾਂ ਨੇ ਉਹਦੇ ਵਰਗੇ ਬਜ਼ੁਰਗਾਂ ਦਾ ਬੁਢਾਪਾ ਰੰਗਲਾ ਕਰ ਦਿੱਤਾ ਸੀ।

ਬਥੇਰੇ ਯਾਰ ਮਿੱਤਰ ਨਾਲ ਜੁੜੇ ਸੀ, ਬੋਲ ਕੇ ਕੁਮੈਂਟ ਕਰਨੇ ਸਿੱਖ ਲਏ। ਫੇਸਬੁੱਕ 'ਤੇ ਕਿਸੇ ਕੁੜੀ ਦੀ ਫੋਟੋ ਲੱਗੀ ਆਈ ਡੀ ਤੋਂ ਫੋਨ ਆਉਂਦਾ ਤਾਂ ਉਹ ਝੱਟ ਬਾਹਰ ਜਾ ਕੇ ਚੋਰੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਅੱਗੋ ਕੋਈ ਲੌਂਡਾ ਉਹਨੂੰ ਮਿਲਣ ਦੀ ਗੱਲ ਕਰਦਾ। ਸੋਚਦਾ, 'ਦੁਨੀਆ ਦਾ ਵੀ ਸਰਿਆ ਪਿਆ।' ਉਹ ਮਨ 'ਚ ਮੋਟੀਆਂ ਗਾਹਲ਼ਾਂ ਦਿੰਦਾ। ਇਉਂ ਹੀ ਇੱਕ ਦਿਨ ਬੜੀ ਹੁਸੀਨ ਕੁੜੀ ਦੀ ਬੇਨਤੀ ਆਈ ਤਾਂ ਉਹਨੇ ਪ੍ਰਵਾਨ ਕਰ ਲਈ, ਉਸ ਦਿਨ ਜਵਾਕ ਜੱਲਾ ਸਾਰਾ ਵਿਆਹ 'ਤੇ ਗਿਆ ਹੋਇਆ ਸੀ। ਫੋਟੋ ਵੇਖ ਮਨ ਕਾਹਲ਼ਾ ਪਿਆ, ਐਨੇ ਨੂੰ ਰਿੰਗ ਵੱਜੀ ਤੇ ਫੋਨ ਚੁੱਕਿਆ ਤਾਂ ਅੱਗੋਂ ਸੋਨੇ ਦੀ ਜਿਸਮ ਵਰਗੀ ਕੁੜੀ ਅਲਫ਼ ਨੰਗੀ ਹੋ ਉਹਦੇ ਵੱਲ ਵੇਖ-ਵੇਖ ਹੱਸੀ ਜਾਵੇ। ਦਿਆਲ ਸਿੰਘ ਦਾ ਰੋਮ ਰੋਮ ਖਿੜ ਗਿਆ, ਮਰੀਆਂ ਸੱਧਰਾਂ ਹੁੱਝਾਂ ਮਾਰਨ ਲੱਗੀਆਂ। ਉਹ ਕੁੜੀ ਵਾਰ-ਵਾਰ ਫੋਨ 'ਤੇ ਤੁਸੀਂ ਵੀ ਦਿਖਾਉ, ਤੁਸੀਂ ਵੀ ਦਿਖਾਓ, ਦੀਆਂ ਗੱਲਾਂ ਕਰਨ ਲੱਗੀ। ਮੱਥੇ 'ਤੇ ਕਿਸੇ ਨੇ ਕੁਝ ਧੂੜ ਦਿੱਤਾ ਹੋਵੇ, ਸੰਮੋਹਿਤ ਹੋਏ ਦਿਆਲ ਸਿੰਘ ਨੂੰ ਪਤਾ ਨਾ ਲੱਗਿਆ ਕਿ ਕਦੋਂ ਉਹਦਾ ਪਜਾਮਾ ਉੱਤਰ ਕੇ ਪੈਰਾਂ 'ਚ ਆ ਗਿਆ ਤੇ ਉਹਦਾ ਸ਼ੈਤਾਨੀ ਮਨ ਕੁੜੀ ਦੇ ਜਿਸਮ ਦੇ ਆਰ-ਪਾਰ ਹੋ ਗਿਆ। ਬੜਾ ਸੁਖਦ ਅਹਿਸਾਸ ਸੀ। ਜਵਾਨ ਕੁੜੀ ਅੱਗ ਵਾਂਗ ਬਲਦੀ ਦਿਸੀ। ਮਾਣ ਹੋਇਆ ਕਿ ਕੁਝ ਤਾਂ ਕਣ ਕੰਡਾ ਹੈਗਾ।

'ਵਾਹ ਉਏ ਦਿਆਲ ਸਿੰਹਾਂ, ਹੁਣ ਨਹੀਂ ਰੁਲਦਾ ਬੁਢਾਪਾ ਤੇਰਾ'

ਸਭ ਸੋਚਾਂ ਸੀ ਤੇ ਬੋਲ ਹਲਕ 'ਚ ਸੀ ਕਿ 'ਚਾਨਕ ਫੋਨ ਕੱਟਿਆ ਗਿਆ ਤੇ ਦਿਆਲ ਸਿੰਘ ਨੇ ਫੇਰ ਉਸ ਆਈ ਡੀ ਤੇ ਬੈਕ ਕਾਲ ਕਰਨ ਦੀ ਕੋਸ਼ਿਸ਼ ਕੀਤੀ, ਫੋਨ ਨਾ ਲੱਗਿਆ। ਥੋੜੇ ਸਮੇਂ ਬਾਅਦ ਉਸੇ ਆਈ ਡੀ ਦੇ ਇਨਬੌਕਸ ਵਿੱਚ ਇੱਕ ਵੀਡਿਉ ਆਈ, ਦਿਆਲ ਸਿੰਘ ਨੇ ਵੇਖੀ ਤਾਂ ਦਿਮਾਗ ਹਿੱਲ ਗਿਆ। ਵੀਡਿਉ ਵਿੱਚ ਸਿਰਫ ਉਹੀ ਨੰਗਾ ਹੋਇਆ ਨਜ਼ਰ ਆ ਰਿਹਾ ਸੀ, ਕੁੜੀ ਦੀ ਫੋਟੋ ਧੁੰਦਲੀ ਕੀਤੀ ਹੋਈ ਸੀ। ਸੁਪਨਾ ਟੁੱਟ ਚੁੱਕਿਆ ਸੀ, ਉਹ ਹਕੀਕਤ ਵਿੱਚ ਵਾਪਿਸ ਵਰਤਿਆ। ਆਡੀਓ ਕਾਲ ਆਉਣ ਲੱਗੀ, ਦੋ ਕੁ ਵਾਰ ਤਾਂ ਹੜਬੜੇ ਤੋਂ ਚੁੱਕ ਨਾ ਹੋਈ, ਤੀਜੀ ਵਾਰ ਚੁੱਕੀ ਤਾਂ ਅੱਗੋਂ ਆਵਾਜ਼ ਆਈ

"ਤੇਰੀ ਵੀਡਿਉ ਬਣ ਗਈ ਆ, ਸਾਡੇ ਕੋਲ ਆ। ਦੋ ਲੱਖ ਸਾਡੇ ਖਾਤੇ ਵਿੱਚ ਪਾ

ਨਹੀਂ ਤਾਂ ਤੇਰੇ ਸਾਰੇ ਰਿਸ਼ਤੇਦਾਰਾਂ ਕੋਲ ਵੀਡਿਉ ਜਾਊਗੀ, ਨਾਲੇ ਪੁਲੀਸ ਰਿਪੋਰਟ ਕਰਾਂਗੇ। ਉਹਦੇ ਤੌਰ ਚੁੱਕੇ ਗਏ, ਸਰੀਰ 'ਚ ਸੱਤਿਆ ਖਤਮ ਹੋ ਗਈ, ਜੀਭ ਸੁੱਕ ਕੇ ਤਾਲੂਏ ਨਾਲ ਲੱਗ ਗਈ। ਸਾਰਾ ਕੁਝ ਲੁੱਟਿਆ ਪੁੱਟਿਆ ਜਾਪਿਆ। ਹੱਥ ਕੰਬਣ ਲੱਗੇ, ਬੀ.ਪੀ ਵੱਧ ਗਿਆ। ਅੰਦਰੋਂ ਚੀਸਾਂ ਨਿਕਲਣ ਲੱਗਿਆ, ਭਾਣਾ ਵਰਤ ਗਿਆ ਸੀ। ਬਲੈਕ ਮੇਲਰ ਲਗਾਤਾਰ ਫੋਨ ਕਰ ਰਹੇ ਸੀ ਭੇਦ ਖੋਲਣ ਦੀਆਂ ਲਗਾਤਾਰ ਧਮਕੀਆਂ ਦੇ ਰਹੇ ਸੀ।

ਸਮਝ ਨਹੀਂ ਸੀ ਆ ਰਿਹਾ ਕੀ ਕਰਾਂ ਕੀ?ਕੀਹਨੂੰ ਦੱਸਾਂ? ਲੱਖੀ ਹਸਪਤਾਲ ਦਾਖਲ ਸੀ। ਪੁੱਠੇ-ਪੁੱਠੇ ਖਿਆਲ ਭੁਆਟਣੀ ਦੇਣ ਲੱਗੇ। ਸਾਹਮਣੇ ਬਲਵੀਰ ਕੁਰ ਦੀ ਫੋਟੋ ਲਾਹਨਤਾਂ ਪਾਉਂਦੀ ਜਾਪੀ, ਆਪਣੇ ਆਪ ਤੇ ਸ਼ਰਮ ਆਈ ਜਾਵੇ। ਬਾਹਰ ਨਿਕਲ ਕੇ ਵੇਖਿਆ, ਮਸਾਣਾਂ ਵਰਗੀ ਚੁੱਪ ਸੀ। ਕਾਂ ਬਨੇਰੇ ਤੇ ਕਾਂ-ਕਾਂ ਕਰ ਰਿਹਾ ਸੀ, ਅਸਮਾਨ ਤੇ ਚੀਲ ਉੱਡੀ ਫਿਰਦੀ ਸੀ। ਖੁਦ ਤੇ ਖਿਝ ਆਈ, ਫੇਰ ਇੱਜ਼ਤ ਦੀ ਖੇਹ ਸੁਆਹ ਉੱਡਣ ਦੇ ਡਰੋਂ ਬੈਂਕ ਪਹੁੰਚ ਗਿਆ ਤੇ ਦੋ ਲੱਖ ਬਲੈਕ ਮੇਲਰਾਂ ਦੇ ਦਿੱਤੇ ਬੈਂਕ ਖਾਤੇ 'ਚ ਪਾ ਦਿੱਤੇ ਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਵੀਡਿਉ ਡਿਲੀਟ ਮਾਰ ਦੇਣ, ਜਲੂਸ ਨਾ ਕੱਢਣ, ਅੱਗੋਂ ਕੋਈ ਜਵਾਬ ਨਹੀ ਸੀ ਆ ਰਿਹਾ।

ਵਿਆਹ ਤੋਂ ਵਾਪਸ ਆਏ ਜੀਆਂ ਨੇ ਮੰਜੇ ਤੇ ਡਿੱਗਿਆ ਬਾਪੂ ਤਾਂ ਵੇਖਿਆ ਪਰ ਪੁੱਛਿਆ ਕੁਝ ਨਾ, ਸ਼ਾਇਦ ਕੋਈ ਅੰਗ ਪੈਰ ਦੁਖਦਾ ਹੋਣਾ। ਬਲੈਕਮੇਲਰਾਂ ਦੇ ਹੱਥ ਮੁਰਗੀ ਆ ਗਈ ਸੀ ਤੇ ਚੂੰਡਣ ਦਾ ਮੌਕਾ ਮਿਲ ਗਿਆ, ਉਹ ਰੋਜ਼ ਪੈਸੇ ਮੰਗਦੇ, ਵਾਇਰਲ ਕਰਨ ਦੀਆਂ ਧਮਕੀਆਂ ਦਿੰਦੇ।ਲੋਕ ਲੱਜ ਦਾ ਡਰ ਪ੍ਰੇਸ਼ਾਨ ਕਰਦਾ ਤੇ ਏਸ ਡਰ ਦਾ ਫ਼ਾਇਦਾ ਚੁੱਕ ਕੇ ਉਹ ਡਰਾ ਧਮਕਾ ਕੇ ਹੌਲ਼ੀ-ਹੌਲ਼ੀ ਸੱਤ ਲੱਖ ਰੁਪਈਆ ਲੈ ਗਏ।

ਜਦੋਂ ਵਾਰ ਵਾਰ ਮੰਗ ਕਰਨੋ ਨਾ ਹਟੇ ਤਾਂ ਦਿਆਲ ਸਿੰਘ ਨੇ ਹੱਥ ਖੜ੍ਹੇ ਕਰ ਦਿੱਤੇ ਤੇ ਮਿੰਨਤ ਕੀਤੀ ਕਿ ਹੁਣ ਕੁਝ ਪੱਲੇ ਹੈ ਨਹੀਂ, ਬਹੁਤਾ ਤਾਂ ਪੈਲੀ ਦਾ ਕਿੱਲਾ ਨਾਮ ਲਵਾ ਲਵੋ। ਉਹਨਾਂ ਨੂੰ ਜਦੋਂ ਪਤਾ ਲੱਗਾ ਕਿ ਹੁਣ ਕੁਝ ਨਹੀਂ ਮਿਲਣਾ ਤਾਂ ਉਹ ਬਲੌਕ ਮਾਰ ਗਏ। ਦਿਆਲ ਸਿੰਘ ਨੇ ਸੁੱਖ ਦਾ ਸਾਹ ਲਿਆ ਤੇ ਮਹਿਸੂਸ ਕੀਤਾ ਕਿ ਆਈ ਬਲਾ ਟਲ ਗਈ... 'ਜਾਨ ਬਚੀ ਤੋ ਲਾਖੋ ਪਾਏ'...। ਪੈਸੇ ਤਾਂ ਗਏ ਜਿਹੜੇ ਜਿਹੜੇ ਜਾਣੇ ਸੀ, ਪਰ ਇੱਜ਼ਤ ਬੱਚ ਗਈ, ਕਬਾੜਾ ਹੋ ਜਾਣਾ ਸੀ ਸਭ ।ਪਰ ਤੀਜੇ ਚੌਥੇ ਦਿਨ ਛੋਟੇ ਮੁੰਡੇ ਦੇ ਫੋਨ ਤੇ ਆਈ ਵੀਡਿਉ ਨੇ ਖਿਲਾਰਾ ਪਾ ਦਿੱਤਾ, ਇੱਜ਼ਤ ਛੱਜ 'ਚ ਪੈ ਕੇ ਛੱਟੀ ਗਈ। ਸਾਂਭ ਕੇ ਰੱਖੀ ਇੱਜ਼ਤ ਫਲੂਦਾ ਬਣ ਗਈ।ਜ਼ਮੀਨ ਵਿਹਲ ਦਿੰਦੀ ਨਾ ਦਿਸੇ। ਛੋਟੇ ਮੁੰਡੇ ਨੇ ਵੀ ਰੌਲਾ ਪਾਉਣ ਲੱਗੇ ਮਿੰਟ ਨਾ ਲਾਇਆ ਕਿਉਂਕਿ ਥੋੜ੍ਹੇ ਦਿਨ ਪਹਿਲਾਂ ਉਹਨੂੰ ਫ਼ਜ਼ੂਲ ਖਰਚੀ ਕਰਕੇ ਪੈਸਿਆਂ ਤੋਂ ਜਵਾਬ ਦਿੱਤਾ ਸੀ।

ਸਾਰੇ ਘਰ 'ਚ ਗੱਲ ਘੁੰਮ ਗਈ ਤੇ ਨੂੰਹਾਂ ਨਿਆਣਿਆਂ ਨੂੰ ਉਹਦੇ ਤੋਂ ਹੱਥ ਛੁਡਾ ਪਾਸੇ ਲੈ ਗਈਆਂ ਤੇ ਉਨ੍ਹਾਂ ਮੁੰਡਿਆਂ ਦੀਆਂ ਸੁਣਨੀਆਂ ਪੈ ਰਹੀਆਂ ਸੀ ਜੋ ਹੁਣ ਤੱਕ ਅੱਖ 'ਚ ਪਾਏ ਨਹੀਂ ਸੀ ਰੜਕੇ, ਉਹ ਗੱਲ 'ਚ ਗੂਠਾ ਦੇਣ ਤੱਕ ਜਾਣ।

ਅਚਾਨਕ ਮੂੰਹ ਤੇ ਪਾਣੀ ਦੇ ਛਿੱਟੇ ਮਹਿਸੂਸ ਹੋਏ, ਦਿਆਲ ਸਿੰਘ ਹੋਸ਼ 'ਚ ਪਰਤਿਆ। ਮੁੰਡੇ ਹਾਲੇ ਵੀ ਗੁੱਸੇ ਦੇ ਅੰਗਿਆਰ ਉਹਦੇ ਤੇ ਸੁੱਟ ਰਹੇ ਸੀ। ਅੱਖਾਂ 'ਚ ਜਵਾਲਾਮੁਖੀ ਉਹਨੂੰ ਭਸਮ ਕਰਦਾ ਪ੍ਰਤੀਤ ਹੋਇਆ।

"ਲੱਛਣ ਵੇਖ ਕਿਵੇਂ ਕਰਦਾ, ਛਾਪਲਿਆ ਵੇਖ ਕਿਵੇਂ ਪਿਆ।

"ਦੇਖਲਾ ਇਹਦੇ ਤੇ ਈ ਤੀਏ ਦਿਨ ਜਵਾਨੀ ਚੜ੍ਹ ਆਉਂਦੀ, ਪਹਿਲਾਂ ਮਸਾਂ ਖਹਿੜਾ ਛੁਡਾਇਆ ਸੀ।

"ਚੰਗਾ ਸੀ ਉਦੋਂ ਫ਼ਸਤਾ ਵੱਢ ਦਿੰਦੇ, ਆਹ ਦਿਨ ਤਾਂ ਨਾ ਦੇਂਹਦੇ,

ਲਗਾਤਾਰ ਮਿਹਣਿਆਂ ਨਾਲ਼ ਦਿਆਲ ਸਿੰਘ ਨੂੰ ਲੱਗਿਆ ਕਿਸੇ ਸੁਪਨੇ ਤੋਂ ਜਾਗਿਆ ਹੋਵੇ।

'ਬਲਵੀਰ ਕੌਰੇ ਤੂੰ ਹੀ ਨਾ ਛੱਡ ਕੇ ਜਾਂਦੀ ,ਦੁੱਖ ਸੁੱਖ ਤਾਂ ਕਰਦੇ ਰਹਿੰਦੇ। ਹੱਥ ਮੱਲੋ ਮੱਲੀ ਅਸਮਾਨ ਵੱਲ ਜੁੜ ਗਏ ,ਮੁੰਡਿਆਂ ਵੱਲ ਝਾਕਣਾ ਚਾਹਿਆ ਪਰ ਹਿੰਮਤ ਨਾ ਪਈ।

'ਸਾਲਿਓ! ਤੁਸੀਂ ਮਨਜੀਤ ਕੁਰ ਨਾਲ ਰਹਿ ਲੈਣ ਦਿੰਦੇ ਤੇ ਮਨ 'ਚ ਕਿੰਨਾ ਕੁਝ ਬੁੜਬੁੜਾਉਣ ਲੱਗਾ।'

ਦਿਮਾਗ਼ ਵਿੱਚ ਚੱਲਦੇ ਯੁੱਧ 'ਚ ਨੀਵੀਆਂ ਅੱਖਾਂ ਪਾਣੀ ਨਾਲ ਭਰ ਗਈਆਂ ਤੇ ਉਹਨੇ ਫੋਨ ਚਲਾ ਕੇ ਕੰਧ ਨਾਲ ਮਾਰਿਆ। ਫੋਨ ਵਾਂਗ ਉਹ ਆਪ ਵੀ ਖਿਲਰਦਾ ਜਾਪਿਆ, ਸੱਤਿਆ ਮੁੱਕਣ ਲੱਗੀ।

ਦੁੱਧ ਵਰਗੀ ਚਿੱਟੀ ਦਾਹੜੀ ਤੇ ਹੱਥ ਵੱਜਿਆ ਤਾਂ ਆਪਣੇ ਆਪ ਤੇ ਸ਼ਰਮ ਆਈ।

ਆਪ ਮੋਢੇ ਤੇ ਸਾਫ਼ਾ ਰੱਖ ਹੌਲ਼ੀ-ਹੌਲ਼ੀ ਪੌੜੀਆਂ ਚੜ੍ਹਦਾ ਚੁਬਾਰੇ 'ਚ ਜਾ ਕੇ ਅੰਦਰੋਂ ਕੁੰਢਾ ਮਾਰ ਲਿਆ ਤੇ ਫਿਰ ਤੋਂ ਉੱਪਰ ਹੱਥ ਕਰਕੇ ਜਿਵੇਂ ਮਨ 'ਚ ਕੁਝ ਧਿਆਇਆ, ਕੁੰਡੀ ਫੇਰ ਚੈੱਕ ਕਰੀ।

ਤੇ ਫੇਰ... ਸੋਚਿਆ ਬਹੁਤ ਸੋਚਿਆ .

ਦਿਆਲ ਸਿੰਹਾਂ 'ਜੋਗੀ ਚੱਲਦੇ ਭਲੇ ਤੇ ਨਗਰੀ ਵੱਸਦੀ ਭਲੀ'।

ਦੂਰੋ ਪੈੜ-ਚਾਲ ਚੁਬਾਰੇ ਵੱਲ ਨੂੰ ਆਉਣ ਲੱਗੀ ਤੇ ਕੋਈ ਰੌਲਾ ਪਾਉਂਦਾ ਹੋਇਆ ਦਰਵਾਜ਼ਾ ਭੰਨਣ ਲੱਗਿਆ, ਵੱਡਾ ਮੁੰਡਾ ਬੋਲ ਰਿਹਾ ਸੀ,

"ਭਾਪਾ, ਬਾਹਰ ਆ ਜਾ, ਜਿਹੜਾ ਝੱਲ ਖਿਲਾਰਨਾ ਸੀ ਖਿਲਾਰ ਲਿਆ, ਹੋਰ ਨਾ ਖਿਲਾਰੀ ਹੁਣ, ਗੱਲ ਘਰੇ ਈ ਆ, ਪੁਲੀਸ ਰਿਪੋਰਟ ਕਰਵਾਉਨੇਂ ਆ, ਪੈਸੇ ਤਾਂ ਖੌਰੇ ਨਾ ਮੁੜਨ ਪਰ ਵੀਡਿਉ ਡਿਲੀਟ ਹੋ ਜਾਊਂਗੀ ।

ਦਰਵਾਜ਼ਾ ਹਾਲੇ ਵੀ ਖੜਕ ਰਿਹਾ ਸੀ ਤੇ ਝੀਥ ਥਾਣੀਂ ਆਉਂਦੀ ਰੋਸ਼ਨੀ ਜੀਣ ਦਾ ਸੁਨੇਹਾ ਦੇ ਹਿੰਮਤ ਭਰ ਰਹੀ ਸੀ।

ਸਵੈ—ਜੀਵਨੀ ਅੰਸ਼

# ਕਨੈਟੀਕਟ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਉਣ ਦੇ ਪਹਿਲੇ ਅੱਠ ਸਾਲ

-ਪ੍ਰੇਮਮਾਨ

ਮੈਂ ਪਰਿਵਾਰ ਸਮੇਤ 6 ਜਨਵਰੀ 1980 ਨੂੰ ਇੰਗਲੈਂਡ ਤੋਂ ਲਾਸ ਐਂਜਲਜ਼ ਆਇਆ ਸੀ ਜਿੱਥੇ ਮੈਂ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਐਂਜਲਜ਼, ਵਿਚ ਅਰਥ ਸ਼ਾਸਤਰ ਦੀ ਪੀ.ਐੱਚ.ਡੀ. ਕਰਨੀ ਸੀ। ਇੱਥੇ ਪਹਿਲੇ ਸਾਲ ਮੈਂ ਇਸ ਯੂਨੀਵਰਸਿਟੀ ਵਿਚ ਟੀਚਿੰਗ ਅਸਿਸਟੈਂਟ ਰਿਹਾ ਸੀ ਅਤੇ ਨਾਲ਼-ਨਾਲ਼ ਯੂਨੀਵਰਸਿਟੀ ਤੋਂ ਬਾਹਰ ਵੀ ਕੁਝ ਮਹੀਨੇ ਕੰਮ ਕੀਤਾ ਸੀ। ਅਗਸਤ 1980 ਵਿਚ ਮੈਨੂੰ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ, ਲਾਸ ਐਂਜਲਜ਼, ਵਿਚ ਪਾਰਟ-ਟਾਈਮ ਪੜ੍ਹਾਉਣਦੀ ਨੌਕਰੀ ਮਿਲ਼ ਗਈ ਸੀ ਜਨਵਰੀ 1981 ਤੋਂ ਮਈ 1985 ਤੱਕ ਮੈਂ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਦੇ ਲਾਸ ਐਂਜਲਜ਼ ਅਤੇ ਫੁਲਰਟਨ ਦੇ ਕੈਂਪਸਜ਼ ਵਿਚ ਪਾਰਟ-ਟਾਈਮ ਪੜ੍ਹਾਇਆ ਸੀ ਪਰ ਇਨ੍ਹਾਂ ਦੋਹਾਂ ਯੂਨੀਵਰਸਿਟੀਆਂ ਦੇ ਪਾਰਟ-ਟਾਈਮ ਨੂੰ ਜੋੜ ਕੇ ਮੈਂ ਫੁੱਲ-ਟਾਈਮ ਨਾਲ਼ੋਂ ਵੀ ਵੱਧ ਪੜ੍ਹਾ ਰਿਹਾ ਸੀ 1985-86 ਲਈ ਮੈਨੂੰ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਫੁਲਰਟ ਵਿਚ ਪੜ੍ਹਾਉਣ ਦੀ ਇਕ ਸਾਲ ਦੀ ਫੁੱਲ-ਟਾਈਮ ਨੌਕਰੀ ਮਿਲ਼ ਗਈ ਸੀ ਇਨ੍ਹਾਂ ਦਿਨਾਂ ਵਿਚ ਹੀ ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ (Eastern Connecticut State University) ਵਿਚ ਪੜ੍ਹਾਉਣ ਦੀ ਨੌਕਰੀ ਦਾ ਇਸ਼ਤਿਹਾਰ ਨਿਕਲ਼ਿਆ ਸੀ ਅਤੇ ਮੈਂ ਇਸ ਨੌਕਰੀ ਲਈ ਅਰਜ਼ੀ ਭੇਜ ਦਿੱਤੀ ਸੀ। ਫਰਵਰੀ 1986 ਵਿਚ ਮੈਂ ਇੱਥੇ ਇੰਟਰਵਿਊ ਲਈ ਆਇਆ ਸੀ। ਉਸ ਤੋਂ ਦੋ ਕੁ ਹਫ਼ਤਿਆਂ ਬਾਅਦ ਉਨ੍ਹਾਂ ਨੇ ਮੈਨੂੰ ਇਹ ਨੌਕਰੀ ਦੇ ਦਿੱਤੀ ਸੀ। ਮੈਂ ਆਪਣੇ ਪਰਿਵਾਰ ਸਮੇਤ ਜੁਲਾਈ 1986 ਵਿਚ ਲਾਸ ਐਂਜਲਜ਼ ਤੋਂ ਕਨੈਟੀਕਟ ਆ ਗਿਆ ਸੀ। ਇਸ ਲੇਖ ਵਿਚ ਮੈਂ ਕਈ ਥਾਈਂ ਈਸਟਰਨ ਕਨੈਟੀਕਟ ਸਟੇਟਯੂਨੀਵਰਸਿਟੀ ਨੂੰ ਸਿਰਫ਼ ਈਸਟਰਨ ਨਾਂ ਨਾਲ਼ ਹੀ ਸੰਬੋਧਨ ਕਰਾਂਗਾ।

ਕਨੈਟੀਕਟ ਦੀ ਇਸ ਯੂਨੀਵਰਸਿਟੀ ਵਿਚ ਅਰਜ਼ੀ ਭੇਜਣ ਤੋਂ ਪਹਿਲਾਂ ਮੈਨੂੰ ਕਨੈਟੀਕਟ ਬਾਰੇ ਕੁਝ ਵੀ ਨਹੀਂ ਸੀ ਪਤਾ। ਮੈਂ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਫੁਲਰਟਨ ਦੇ ਮੈਨੇਜਮੈਂਟ ਸਾਇੰਸ ਵਿਭਾਗ (ਜਿਸ ਵਿਚ ਮੈਂ ਪੜ੍ਹਾਉਂਦਾ ਸੀ) ਦੇ ਚੇਅਰਮੈਨ, ਡਾ. ਡੇਵਿਡ ਸਟੋਲਰ (Dr. David Stoller), ਨਾਲ਼ ਗੱਲ ਕੀਤੀ। ਉਸ ਨੇ ਮੈਨੂੰ ਦੱਸਿਆ ਕਿ ਕਨੈਟੀਕਟ ਬਹੁਤ ਹੀ ਖ਼ੂਬਸੂਰਤ ਸੂਬਾ ਹੈ। ਜਿੱਥੇ ਦਰਖ਼ਤ ਬਹੁਤ ਹਨ ਅਤੇ ਹਰਿਆਲੀ ਰਹਿੰਦੀ ਹੈ। ਪਤਾ ਲੱਗਾ ਕਿ ਜਿੱਥੇ ਲਾਸ ਐਂਜਲਜ਼ ਅਮਰੀਕਾ ਦੇ ਬਿਲਕੁਲ

ਪੱਛਮ ਵੱਲ ਸਮੁੰਦਰ ਦੇ ਨਾਲ਼ ਲਗਦਾ ਹੈ, ਉੱਥੇ ਕਨੈਟੀਕਟ ਸੂਬਾ ਅਮਰੀਕਾ ਦੇ ਬਿਲਕੁਲ ਪੂਰਬ ਵੱਲ ਸਮੁੰਦਰ ਦੇ ਨਾਲ਼ ਲਗਦਾ ਹੈ ਅਤੇ ਇਨ੍ਹਾਂ ਦੀ ਦੂਰੀ ਕੋਈ 3000 ਮੀਲ (4800 ਕਿਲੋਮੀਟਰ) ਦੇ ਕਰੀਬ ਹੈ। ਖ਼ੈਰ, ਮੈਨੂੰ ਤਾਂ ਪੱਕੀ ਨੌਕਰੀ ਚਾਹੀਦੀ ਸੀ, ਬਾਕੀ ਗੱਲਾਂ ਤਾਂ ਏਨੀ ਮਹੱਤਤਾ ਨਹੀਂ ਸਨ ਰੱਖਦੀਆਂ। ਮੈਂ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਐਂਜਲਜ਼, ਵਿਚ ਦੇਖਿਆ ਸੀ ਕਿ ਇਹੋ ਜਿਹੀਆਂ ਵੱਡੀਆਂ ਯੂਨੀਵਰਸਿਟੀਆਂ ਵਿਚ ਨੌਕਰੀ ਨੂੰ ਬਰਕਰਾਰ ਰੱਖਣਾ ਬਹੁਤ ਔਖਾ ਹੈ। ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਵਿਚ ਉਸ ਵੇਲੇ 40,000 ਤੋਂ ਵੱਧ ਵਿਦਿਆਰਥੀ ਹੋਣਗੇ। ਮੈਂ ਇਸ ਯੂਨੀਵਰਸਿਟੀ ਦੇ ਕਈ ਵਧੀਆ ਪ੍ਰੋਫ਼ੈਸਰਾਂ ਨੂੰ ਕੁਝ ਸਾਲਾਂ ਬਾਅਦ ਨੌਕਰੀਆਂ ਤੋਂ ਜਵਾਬ ਮਿਲ਼ਦਾ ਦੇਖਿਆ ਸੀ ਕਿਉਂਕਿ ਉਹ ਬਹੁਤੇ ਖੋਜ ਲੇਖ ਅਤੇ ਕਿਤਾਬਾਂ ਨਹੀਂ ਸਨ ਛਪਾ ਸਕੇ। ਇਨ੍ਹਾਂ ਵੱਡੀਆਂ ਯੂਨੀਵਰਸਿਟੀਆਂ ਨੂੰ publish or perish ਯੂਨੀਵਰਸਿਟੀਆਂ ਕਿਹਾ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਜਾਂ ਤਾਂ ਤੁਸੀਂ ਬਹੁਤ ਸਾਰੇ ਖੋਜ ਲੇਖ ਅਤੇ ਕਿਤਾਬਾਂ ਲਿਖ ਕੇ ਛਪਾਓ ਅਤੇ ਜਾਂ ਨੌਕਰੀ ਤੋਂ ਹੱਥ ਧੋ ਲਵੋ  ਦੂਜੇ ਪਾਸੇ, ਮੈਂ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਲਾਸ ਐਂਜਲਜ਼ ਅਤੇ ਫੁਲਰਟਨ ਵਿਚ ਦੇਖਿਆ ਸੀ ਕਿ ਉੱਥੇ ਪ੍ਰੋਫ਼ੈਸਰਾਂ ਤੇ ਇਹੋ ਜਿਹਾ ਸਟਰੈਸ ਨਹੀਂ ਸੀ। ਉਹ ਆਪਣੀ ਮਰਜ਼ੀ ਨਾਲ਼ ਜਿੰਨਾ ਚਾਹੁਣ ਲਿਖ ਕੇ ਛਪਾ ਸਕਦੇ ਸਨ  ਇਸ ਲਈ ਮੈਂ ਕੈਲੇਫੋਰਨੀਆ ਸਟੇਟ ਯੂਨੀਵਰਸਿਟੀਆਂ ਵਰਗੀ ਕਿਸੇ ਸਰਕਾਰੀ ਯੂਨੀਵਰਸਿਟੀ ਵਿਚ ਹੀ ਨੌਕਰੀ ਲੈਣੀ ਚਾਹੁੰਦਾ ਸੀ। ਅਮਰੀਕਾ ਵਿਚ ਬਹੁਤ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਵੀ ਹਨ ਪਰ ਇਨ੍ਹਾਂ ਵਿਚ ਨੌਕਰੀ ਤੋਂ ਕਿਸੇ ਵੇਲੇ ਵੀ ਜਵਾਬ ਮਿਲ਼ ਸਕਦਾ ਹੈ। ਇਸ ਲਈ ਮੈਂ ਪ੍ਰਾਈਵੇਟ ਯੂਨੀਵਰਸਿਟੀ ਵਿਚ ਨੌਕਰੀ ਨਹੀਂ ਸੀ ਲੈਣੀ ਚਾਹੁੰਦਾ।

ਹਰ ਸੂਬੇ ਵਿਚ ਸਟੇਟ ਯੂਨੀਵਰਸਿਟੀਆਂ ਹਨ। ਕੈਲੇਫੋਰਨੀਆ ਸੂਬਾ ਬਹੁਤ ਵੱਡਾ ਹੈ ਅਤੇ ਉੱਥੇ 23 ਸਟੇਟ ਯੂਨੀਵਰਸਿਟੀਆਂ ਹਨ। ਪਰ ਕੈਲੇਫੋਰਨੀਆ ਦੇ ਮੁਕਾਬਲੇ, ਕਨੈਟੀਕਟ ਸੂਬਾ ਬਹੁਤ ਛੋਟਾ ਹੈ ਅਤੇ ਇੱਥੇ ਸਿਰਫ਼ ਚਾਰ ਸਟੇਟ ਯੂਨੀਵਰਸਿਟੀਆਂ ਹਨ – Eastern, Western, Central, ਅਤੇ Southern Connecticut State Univeristy. ਸਾਲ 1986 ਵਿਚ ਕਨੈਟੀਕਟ ਵਿਚ 32 ਲੱਖ ਦੇ ਕਰੀਬ ਲੋਕ ਰਹਿੰਦੇ ਸਨ। ਹੁਣ 2025 ਵਿਚ 37 ਲੱਖ ਦੇ ਕਰੀਬ ਲੋਕ ਇਸ ਸੂਬੇ ਵਿਚ ਰਹਿੰਦੇ ਹਨ। ਇਹ ਸੂਬਾ ਇਕ ਪਾਸੇ ਨਿਊ ਯਾਰਕ ਸੂਬੇ ਦੇ ਨਾਲ਼ ਲਗਦਾ ਹੈ ਅਤੇ ਦੂਜੇ ਪਾਸੇ ਦੋ ਹੋਰ ਸੂਬੇ ਲਗਦੇ ਹਨ। ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ ਇਕ ਦਰਮਿਆਨੇ ਸਾਈਜ਼ ਦੇ ਸ਼ਹਿਰ ਵਿਲੀਮੈਂਟਿਕ (Willimantic) ਵਿਚ ਸਥਿਤ ਹੈ ਜੋ ਬੌਸਟਨ ਸ਼ਹਿਰ ਤੋਂ ਤਕਰੀਬਨ 130 ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਨਿਊਯਾਰਕ ਸ਼ਹਿਰ ਤੋਂ ਲਗਭਗ 210 ਕਿਲੋਮੀਟਰ ਦੀ ਦੂਰੀ ਤੇ ਹੈ। ਕਿਸੇ ਵੇਲੇ ਵਿਲੀਮੈਂਟਿਕ ਸ਼ਹਿਰ ਕੱਪੜਿਆਂ ਦੀਆਂ ਮਿੱਲਾਂ ਲਈ ਮਸ਼ਹੂਰ ਸੀ ਅਤੇ ਇੱਥੇ ਬਣੇ ਕੱਪੜੇ ਕਈ ਮੁਲਕਾਂ ਨੂੰ ਭੇਜੇ ਜਾਂਦੇ ਸਨ। ਪਰ

ਬਹੁਤ ਸਾਲ ਪਹਿਲਾਂ ਅੰਤਰ—ਰਾਸ਼ਟਰੀ ਕੰਪੀਟੀਸ਼ਨ ਕਾਰਨ ਇਹ ਮਿੱਲਾਂ ਬੰਦ ਹੋ ਗਈਆਂ ਸਨ। ਹੁਣ ਕੱਪੜੇ ਦੀ ਇਕ ਮਿੱਲ ਨੂੰ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਯੂਨੀਵਰਸਿਟੀ ਬਹੁਤ ਹੀ ਦਿਲਚਸਪ ਥਾਂ ਤੇ ਸਥਿਤ ਹੈ।

ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ ਵਿਚ ਮੈਂ ਅਗਸਤ 1986 ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਉਸ ਵੇਲੇ ਇਸ ਯੂਨੀਵਰਸਿਟੀ ਵਿਚ ਇਕਨਾਮਿਕਸ ਅਤੇ ਬਿਜ਼ਨਸ ਵਿਭਾਗ ਇਕੱਠੇ ਹੀ ਸਨ। ਯੂਨੀਵਰਸਿਟੀ ਦਾ ਵਾਤਾਵਰਨ ਬਹੁਤ ਹੀ ਵਧੀਆ ਪਿਆਰ-ਸਤਿਕਾਰ ਵਾਲ਼ਾ ਸੀ। ਸਾਰੇ ਪ੍ਰੋਫ਼ੈਸਰਾਂ ਵਿਚ ਇਕੱਠ ਸੀ ਅਤੇ ਇਕ-ਦੂਜੇ ਦੇ ਵਿਰੁੱਧ ਕੋਈ ਵੀ ਈਰਖਾ ਜਾਂ ਚਿੜ-ਫਿੜ ਨਹੀਂ ਸੀ। ਮੈਨੂੰ ਸਾਰੇ ਪ੍ਰੋਫ਼ੈਸਰਾਂ ਵੱਲੋਂ ਬਹੁਤ ਸਹਿਯੋਗ ਮਿਲ਼ਿਆ ਜੋ ਮੇਰੀ ਉਮੀਦ ਤੋਂ ਕਿਤੇ ਜ਼ਿਆਦਾ ਸੀ। ਉਸ ਵੇਲੇ ਵਿਭਾਗ ਦਾ ਚੇਅਰਮੈਨ ਡਾ. ਡੇਵਿਡ ਹੇਨਜ਼ (Dr. David Haines) ਸੀ ਜੋ ਮੈਨੇਜਮੈਂਟ ਦਾ ਪ੍ਰੋਫ਼ੈਸਰ ਸੀ। ਅਮਰੀਕਾ ਵਿਚ ਆਮ-ਤੌਰ ’ਤੇ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੂੰ ਪ੍ਰਧਾਨ (President) ਕਹਿੰਦੇ ਹਨ। ਉਸ ਵੇਲੇ ਯੂਨੀਵਰਸਿਟੀ ਦਾ ਪ੍ਰਧਾਨ ਡਾ. ਚਾਰਲਸ ਵੈੱਬ (Dr. Charles Webb) ਸੀ ਜੋ ਹਾਰਵਰਡ ਯੂਨੀਵਰਸਿਟੀ ਤੋਂ ਹਿਸਟਰੀ ਦੀ ਪੀ.ਐੱਚ.ਡੀ. ਸੀ ਅਤੇ ਹਿਸਟਰੀ ਦੇ ਨਾਲ਼-ਨਾਲ਼ ਸੰਗੀਤ ਦਾ ਵੀ ਮਾਹਿਰ ਸੀ। ਉਹ ਬਹੁਤ ਹੀ ਵਧੀਆ ਇਨਸਾਨ ਸੀ। ਉਹ 1988 ਵਿਚ ਰਿਟਾਇਰ ਹੋ ਗਿਆ ਸੀ।

ਮੇਰੇ ਯੂਨੀਵਰਸਿਟੀ ਆਉਣ ਤੋਂ ਇਕ ਸਾਲ ਬਾਅਦ ਸਾਡੇ ਵਿਭਾਗ ਦਾ ਨਵਾਂ ਚੇਅਰਮੈਨ ਡਾ. ਡਮੀਟਰੀ ਅਸਪੈਕਿਸ (Dr. Dimitrios Pachis) ਚੁਣਿਆ ਗਿਆ ਸੀ ਜੋ ਗਰੀਸ ਵਿਚ ਜੰਮਿਆ-ਪਲ਼ਿਆ ਸੀ ਅਤੇ ਉਸ ਨੇ ਅਮਰੀਕਾ ਵਿਚ ਆ ਕੇ ਅਰਥ ਸ਼ਾਸਤਰ ਦੀਐੱਮ.ਏ. ਅਤੇ ਪੀ.ਐੱਚ.ਡੀ. ਕੀਤੀ ਸੀ। ਉਹ ਮੇਰਾ ਕਾਫ਼ੀ ਦੋਸਤ ਬਣ ਗਿਆ ਸੀ। 1988 ਵਿਚ ਡਾ. ਡੇਵਿਡ ਕਾਰਟਰ (Dr. David Carter) ਯੂਨੀਵਰਸਿਟੀ ਦਾ ਪ੍ਰਧਾਨ ਬਣ ਗਿਆ ਸੀ। ਡਾ. ਕਾਰਟਰ ਕਾਲ਼ੇ ਰੰਗ ਦਾ ਬਹੁਤ ਹੀ ਵਧੀਆ ਇਨਸਾਨ ਸੀ ਅਤੇ ਉਸ ਵੇਲੇ ਉਸ ਦੀ ਉਮਰ 45 ਸਾਲ ਦੇ ਕਰੀਬ ਸੀ। ਡਾ. ਕਾਰਟਰ 2006 ਵਿਚ ਕਨੈਟੀਕਟ ਸਟੇਟ ਦੀਆਂ ਚੌਹਾਂ ਯੂਨੀਵਰਸਿਟੀਆਂ ਦਾ ਚਾਂਸਲਰ ਬਣ ਗਿਆ ਸੀ। ਡਾ. ਕਾਰਟਰ ਈਸਟਰਨ ਦਾ ਬਹੁਤ ਹੀ ਸਫ਼ਲ ਪ੍ਰਧਾਨ ਰਿਹਾ ਸੀ। ਕਨੈਟੀਕਟ ਦੀ ਸਰਕਾਰ ਤੋਂ ਯੂਨੀਵਰਸਿਟੀ ਲਈ ਪੈਸੇ ਲੈਣ ਵਿਚ ਉਹ ਬਹੁਤ ਸਫ਼ਲ ਰਿਹਾ ਸੀ ਅਤੇ ਉਸ ਨੇ ਬਹੁਤ ਜਲਦੀ ਹੀ ਯੂਨੀਵਰਸਿਟੀ ਵਿਚ ਕਈ ਨਵੀਆਂ ਬਿਲਡਿੰਗਾਂ ਵੀ ਉਸਾਰ ਦਿੱਤੀਆਂ ਸਨ ਅਤੇ ਕਈ ਨਵੇਂ ਪ੍ਰੋਗਰਾਮ ਵੀ ਸ਼ੁਰੂ ਕਰ ਦਿੱਤੇ ਸਨ। ਈਸਟਰਨ ਦੇ ਇਤਿਹਾਸ ਵਿਚ ਉਹ ਸਭ ਤੋਂ ਸਫ਼ਲ ਪ੍ਰਧਾਨ ਰਿਹਾ ਸੀ। ਉਹ ਮਿਲ਼ਣਸਾਰ ਵੀ ਬਹੁਤ ਸੀ।ਇਕ ਵਾਰੀ ਉਹ ਮੈਨੂੰ ਬਿਲਡਿੰਗ ਦੇ ਬਾਹਰ ਤੁਰਿਆ ਜਾਂਦਾ ਮਿਲ਼ ਗਿਆ। ਉਹ ਉੱਥੇ ਖੜ੍ਹ ਕੇ ਹੀ ਮੇਰੇ ਨਾਲ਼ ਅੱਧਾ ਘੰਟਾ ਗੱਲਾਂ ਕਰਦਾ ਰਿਹਾ। ਡਾ. ਕਾਰਟਰ ਤੋਂ ਬਾਅਦ 2006 ਵਿਚ ਇਕ ਲਾਟੀਨਾ ਔਰਤ ਡਾ.

ਐਲਸਾਨੂਨੇਜ਼ (Dr. Elsa Nunez) ਨੂੰ ਪ੍ਰਧਾਨ ਬਣਾ ਦਿੱਤਾ ਗਿਆ ਸੀ ਜਿਸ ਨੇ ਇਸ ਯੂਨੀਵਰਸਿਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ। ਅਖੀਰ ਡਾ. ਨੂਨੇਜ਼ 2024 ਵਿਚ ਰਿਟਾਇਰ ਹੋ ਗਈ ਸੀ ਅਤੇ ਨਵਾਂ ਪ੍ਰਧਾਨ ਡਾ. ਕਰੀਮ ਇਸਮਾਇਲੀ (Dr. Karim Ismaili) ਚੁਣਿਆ ਗਿਆ ਸੀ। ਖ਼ੈਰ, ਡਾ. ਕਾਰਟਰ ਮੈਨੂੰ ਹਮੇਸ਼ਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਸ਼ੇਰਗਿੱਲ ਦੀ ਯਾਦ ਤਾਜ਼ੀ ਕਰਾਉਂਦਾ ਸੀ। ਪ੍ਰਿੰਸੀਪਲ ਸ਼ੇਰਗਿੱਲ ਨੇ ਦਿਨ-ਰਾਤ ਮਿਹਨਤ ਕਰ ਕੇ ਉਸ ਕਾਲਜ ਨੂੰ ਸਿਖਰ ’ਤੇ ਪਹੁੰਚਾਇਆ ਸੀ। ਉਸੇ ਤਰ੍ਹਾਂ ਡਾ. ਕਾਰਟਰ ਨੇ ਦਿਨ-ਰਾਤ ਮਿਹਨਤ ਕਰ ਕੇ ਈਸਟਰਨ ਨੂੰ ਬਹੁਤ ਵਧੀਆ ਯੂਨੀਵਰਸਿਟੀ ਬਣਾ ਦਿੱਤਾ ਸੀ ਜੋ ਅਮਰੀਕਾ ਦੇ ਉੱਤਰੀ-ਪੂਰਬੀ ਹਿੱਸੇ ਵਿਚ ਸਿਖਰਦੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ ਗਿਣੀ ਜਾਣ ਲੱਗ ਪਈ ਸੀ ਪਰ ਉਸ ਤੋਂ ਬਾਅਦ ਵਾਲ਼ੀ ਪ੍ਰਧਾਨ ਨੇ ਡਾ. ਕਾਰਟਰ ਦੇ ਕੀਤੇ-ਕਰਾਏ ਕੰਮ ਨੂੰ ਮਿੱਟੀ ਵਿਚ ਰੋਲ਼ ਦਿੱਤਾ ਸੀ ਅਤੇ ਯੂਨੀਵਰਸਿਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ।

ਮੈਂ 1987 ਵਿਚ ਆਪਣੀ ਸਟੈਟਿਸਟਿਕਸ (Statistics) ਦੀ ਕਿਤਾਬ ਲਿਖਣੀ ਸ਼ੁਰੂ ਕਰ ਦਿੱਤੀ ਸੀ। ਯੂਨੀਵਰਸਿਟੀ ਨੇ ਮੈਨੂੰ ਇਸ ਕੰਮ ਲਈ ਪੂਰਾ ਸਹਿਯੋਗ ਦਿੱਤਾ ਸੀ। ਯੂਨੀਵਰਸਿਟੀ ਦੇ ਵਿਦਿਆਰਥੀ ਯੂਨੀਵਰਸਿਟੀ ਵਿਚ ਹਫ਼ਤੇ ਦੇ 20 ਘੰਟੇ ਕੰਮ ਕਰ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਕੰਮ ਦੇ ਘੰਟਿਆਂ ਅਨੁਸਾਰ ਪੈਸੇ ਮਿਲ਼ਦੇ ਹਨ। ਯੂਨੀਵਰਸਿਟੀ ਕੋਲ਼ ਇਸ ਕੰਮ ਲਈ ਨਿਸ਼ਚਿਤ ਫ਼ੰਡ ਹੁੰਦਾ ਹੈ। ਇਸ ਫ਼ੰਡ ਵਿਚੋਂ ਯੂਨੀਵਰਸਿਟੀ ਦੇ ਹਰ ਵਿਭਾਗ ਨੂੰ ਉਸ ਵਿਭਾਗ ਦੇ ਸਾਈਜ਼ ਅਨੁਸਾਰ ਪੈਸੇ ਦਿੱਤੇ ਜਾਂਦੇ ਹਨ ਜਿਨ੍ਹਾਂ ਨਾਲ਼ ਉਹ ਵਿਦਿਆਰਥੀਆਂ ਨੂੰ ਕੰਮ ਦੇ ਸਕਦੇ ਹਨ। ਮੇਰੀ ਕਿਤਾਬ ਲਈ ਅੰਕੜੇ ਇਕੱਠੇ ਕਰਨ ਲਈ ਅਤੇ ਟਾਈਪ ਕਰਨ ਲਈ ਮੈਨੂੰ ਮੇਰੇ ਵਿਭਾਗ ਨੇ ਮੇਰੀ ਲੋੜ ਅਨੁਸਾਰ ਵਿਦਿਆਰਥੀ ਵੀ ਦੇ ਦਿੱਤੇ ਸਨ ਜਿਨ੍ਹਾਂ ਨੂੰ ਯੂਨੀਵਰਸਿਟੀ ਤਨਖ਼ਾਹ ਦਿੰਦੀ ਸੀ। ਮੈਂ ਅਰਥ ਸ਼ਾਸਤਰ ਦੀ ਖੋਜ ਵਾਲ਼ੇ ਤਿੰਨ ਕੁ ਲੇਖ ਵੀ ਛਪਾ ਲਏ ਸਨ। ਮੇਰੇ ਪੜ੍ਹਾਉਣ ਤੋਂ ਮੇਰੇ ਵਿਦਿਆਰਥੀ ਵੀ ਬਹੁਤ ਖ਼ੁਸ਼ ਸਨ। ਇਨ੍ਹਾਂ ਸਾਰੇ ਕਾਰਨਾਂ ਕਾਰਨ ਦੋ ਸਾਲਾਂ ਬਾਅਦ ਹੀ ਮੇਰੇ ਵਿਭਾਗ ਨੇ ਮੈਨੂੰ ਅਸਿਸਟੈਂਟ ਪ੍ਰੋਫ਼ੈਸਰ ਤੋਂ ਐਸੋਸੀਏਟ ਪ੍ਰੋਫ਼ੈਸਰ ਦੀ ਪਦਵੀ ਲਈ ਸਿਫ਼ਾਰਿਸ਼ ਕਰ ਦਿੱਤੀ ਸੀ, ਇੱਥੇ ਪਰੋਮੋਸ਼ਨ ਲਈ ਪਹਿਲਾਂ ਵਿਭਾਗ ਦੀ ਬਣਾਈ ਕਮੇਟੀ ਸਿਫ਼ਾਰਿਸ਼ ਕਰਦੀ ਹੈ, ਫਿਰ ਵਿਭਾਗ ਦਾ ਡੀਨ ਸਿਫ਼ਾਰਿਸ਼ ਕਰਦਾ ਹੈ, ਉਸ ਤੋਂ ਬਾਅਦ ਯੂਨੀਵਰਸਿਟੀ ਦਾ ਵਾਈਸ-ਪ੍ਰਧਾਨ ਸਿਫ਼ਾਰਸ਼ ਕਰਦਾ ਹੈ, ਅਤੇ ਇਨ੍ਹਾਂ ਸਾਰੀਆਂ ਸਿਫ਼ਾਰਿਸ਼ਾਂ ਦੇ ਅਧਾਰ ਤੇ ਯੂਨੀਵਰਸਿਟੀ ਦਾ ਪ੍ਰਧਾਨ ਆਖ਼ਰੀ ਫ਼ੈਸਲਾ ਕਰਦਾ ਹੈ।

ਆਮ-ਤੌਰ ’ਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਇਕ ਪਦਵੀ ਤੋਂ ਅਗਲੀ ਪਦਵੀ ਦੀ ਪਰਮੋਸ਼ਨ ਲਈ ਘੱਟੋ-ਘੱਟ ਪੰਜ ਸਾਲ ਦਾ ਸਮਾਂ ਹੁੰਦਾ ਹੈ ਪਰ ਇਹ

ਵੀ ਜ਼ਰੂਰੀ ਨਹੀਂ ਕਿ ਪੰਜ ਸਾਲਾਂ ਬਾਅਦ ਹਰ ਇਕ ਨੂੰ ਪਰੋਮੋਸ਼ਨ ਮਿਲ਼ ਜਾਵੇ। ਕਿਉਂਕਿ ਮੈਂ ਕੈਲੇਫੋਰਨੀਆ ਵਿਚ ਪੜ੍ਹਾਇਆ ਸੀ, ਇਸ ਲਈ ਮੇਰੇ ਵਿਭਾਗ ਨੇ ਮੈਨੂੰ ਦੋ ਸਾਲਾਂ ਬਾਅਦ ਹੀ ਅਸਿਸਟੈਂਟ ਤੋਂ ਐਸੋਸੀਏਟ ਪ੍ਰੋਫ਼ੈਸਰ ਲਈ ਨਾਮਜ਼ਦ ਕਰ ਦਿੱਤਾ ਸੀ। ਪਰ ਸਾਡੇ ਵਿਭਾਗ ਦੇ ਡੀਨ ਨੇ ਮੇਰੀ ਇਸ ਪਰਮੋਸ਼ਨ ਲਈ ਅੱਗੇ ਸਿਫ਼ਾਰਿਸ਼ ਨਾ ਕੀਤੀ ਜਿਸ ਕਾਰਨ ਮੈਨੂੰ ਇਹ ਪਰਮੋਸ਼ਨ ਨਾ ਮਿਲ਼ੀ। ਇਸ ਗੱਲ ਤੋਂ ਨਿਰਾਸ਼ ਹੋ ਕੇ ਮੇਰੇ ਵਿਭਾਗ ਨੇ ਡੀਨ ਨੂੰ ਬਹੁਤ ਸਖ਼ਤ ਚਿੱਠੀ ਲਿਖੀ ਕਿ ਉਸ ਨੇ ਮੇਰੀ ਪਰਮੋਸ਼ਨ ਦੀ ਸਿਫ਼ਾਰਿਸ਼ ਨਾ ਕਰ ਕੇ ਬਹੁਤ ਵੱਡੀ ਗ਼ਲਤੀ ਕੀਤੀ ਸੀ। ਅਗਲੇ ਸਾਲ ਫਿਰ ਮੇਰੇ ਵਿਭਾਗ ਨੇ ਮੇਰੀ ਪਰਮੋਸ਼ਨ ਦੀ ਸਿਫ਼ਾਰਿਸ਼ ਕੀਤੀ ਅਤੇ ਇਸ ਵਾਰੀ ਮੈਨੂੰ ਪਰਮੋਸ਼ਨ ਮਿਲ਼ ਗਈ। ਇਸ ਤਰ੍ਹਾਂ ਮੈਂ ਤਿੰਨ ਸਾਲਾਂ ਬਾਅਦ 1989 ਵਿਚ ਅਸਿਸਟੈਂਟ ਤੋਂ ਐਸੋਸੀਏਟ ਪ੍ਰੋਫ਼ੈਸਰ ਬਣ ਗਿਆ ਸੀ।

ਐਸੋਸੀਏਟ ਪ੍ਰੋਫ਼ੈਸਰ ਬਣਨ ਤੋਂ ਪੂਰੇ ਪੰਜ ਸਾਲਾਂ ਬਾਅਦ 1994 ਵਿਚ ਮੈਂ ਐਸੋਸੀਏਟ ਪ੍ਰੋਫ਼ੈਸਰ ਤੋਂ ਪ੍ਰੋਫ਼ੈਸਰ ਬਣ ਗਿਆ ਸੀ। ਸਾਲ 1994 ਵਿਚ ਹੀ ਸਾਡੇ ਵਿਭਾਗ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ– ਬਿਜ਼ਨਸ ਵਿਭਾਗ ਅਤੇ ਇਕਨਾਮਿਕਸ ਵਿਭਾਗ। ਇਸੇ ਸਾਲ ਮੈਂ ਆਪਣੇ ਵਿਭਾਗ ਦਾ ਚੇਅਰਮੈਨ ਚੁਣਿਆ ਗਿਆ ਸੀ। ਇਸ ਬਾਰੇ ਵੱਖਰੇ ਲੇਖ ਵਿਚ ਗੱਲ ਕਰਾਂਗਾ।

Introductory Statistics ਦੀ ਕਿਤਾਬ ਜੋ ਮੈਂ 1987 ਵਿਚ ਲਿਖਣੀ ਸ਼ੁਰੂ ਕੀਤੀ ਸੀ, 1992 ਵਿਚ ਅਮਰੀਕਾ ਦੀ ਮਸ਼ਹੂਰ ਪਬਲਿਸ਼ਿੰਗ ਕੰਪਨੀ John Wiley & Sons (ਜੋ ਹੁਣ ਸਿਰਫ਼ Wiley ਦੇ ਨਾਂ ਨਾਲ਼ ਜਾਣੀ ਜਾਂਦੀ ਹੈ) ਨੇ ਛਾਪੀ ਸੀ। ਇਹ ਕਿਤਾਬ ਇਸ ਵੇਲੇ ਦਸਵੇਂ ਐਡੀਸ਼ਨ ਵਿਚ ਹੈ ਅਤੇ ਇਸ ਲੈਵਲ ਦੀਆਂ ਸਭ ਤੋਂ ਵੱਧ ਵਿਕਣ ਵਾਲ਼ੀਆਂ ਪੰਜ ਕੁ ਕਿਤਾਬਾਂ ਵਿਚ ਗਿਣੀ ਜਾਂਦੀ ਹੈ। ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਤੋਂ ਇਲਾਵਾ ਇਹ ਕਿਤਾਬ ਕਈ ਹੋਰ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਵੀ ਵਰਤੀ ਜਾਂਦੀ ਹੈ। ਇਹ ਕਿਤਾਬ ਚੀਨ, ਸਰਬੀਆ ਅਤੇ ਪੁਰਤਗਾਲ ਦੀਆਂ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁੱਕੀ ਹੈ।

*****

ਮੈਂ ਰੋਜ਼ਾਨਾ ਸਵੇਰੇ 7:00–7:30 ਵਜੇ ਯੂਨੀਵਰਸਿਟੀ ਪਹੁੰਚ ਜਾਂਦਾ ਸੀ ਅਤੇ ਦਫ਼ਤਰ ਵਿਚ ਬੈਠ ਕੇ ਆਪਣਾ ਕੰਮ ਕਰਦਾ ਸੀ। ਇਨ੍ਹਾਂ ਸਾਲਾਂ ਵਿਚ ਮੈਂ ਹਰ ਸਮੈਸਟਰ ਤਿੰਨ ਜਾਂ ਚਾਰ ਕਲਾਸਾਂ ਪੜ੍ਹਾਉਂਦਾ ਸੀ। ਆਮ–ਤੌਰ ’ਤੇ ਮੇਰੀ ਪਹਿਲੀ ਕਲਾਸ ਸਵੇਰੇ 9:00 ਵਜੇ ਹੁੰਦੀ ਸੀ। ਮੇਰੀਆਂ ਕਲਾਸਾਂ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਹੀ ਹੁੰਦੀਆਂ ਸਨ ਅਤੇ ਹਰ ਕਲਾਸ ਇਕ ਦਿਨ ਵਿਚ ਇਕ ਘੰਟਾ ਹੀ ਹੁੰਦੀ ਸੀ। ਇਸ ਤਰ੍ਹਾਂ ਹਰ ਕਲਾਸ ਨੂੰ ਹਫ਼ਤੇ ਵਿਚ ਤਿੰਨ ਘੰਟੇ ਹੀ ਪੜ੍ਹਾਉਣਾ ਹੁੰਦਾ ਸੀ। ਹਫ਼ਤੇ ਵਿਚ ਮੈਂ ਵੱਧ ਤੋਂ ਵੱਧ 12 ਘੰਟੇ ਹੀ ਪੜ੍ਹਾਉਣਾ ਹੁੰਦਾ ਸੀ। ਹਫ਼ਤੇ ਵਿਚ ਤਿੰਨ ਘੰਟੇ ਦਫ਼ਤਰ ਵਿਚ

ਵਿਦਿਆਰਥੀਆਂ ਲਈ ਜ਼ਰੂਰ ਹਾਜ਼ਰ ਰਹਿਣਾ ਪੈਂਦਾ ਸੀ ਜਦੋਂ ਉਹ ਆ ਕੇ ਮੇਰੇ ਨਾਲ਼ ਆਪਣੀਆਂ ਸਮੱਸਿਆਵਾਂ ਬਾਰੇ ਗੱਲ-ਬਾਤ ਕਰ ਸਕਣ। ਹਰ ਪ੍ਰੋਫ਼ੈਸਰ ਲਈ ਹਫ਼ਤੇ ਵਿਚ ਤਿੰਨ ਦਿਨ ਯੂਨੀਵਰਸਿਟੀ ਆਉਣਾ ਲਾਜ਼ਮੀ ਸੀ। ਤਿੰਨ ਦਿਨਾਂ ਤੋਂ ਵੱਧ ਉਹ ਆਪਣੀ ਮਰਜ਼ੀ ਨਾਲ਼ ਆ ਸਕਦੇ ਸਨ। ਮੈਂ ਦਫ਼ਤਰ ਵਿਚ ਪੰਜ ਦਿਨ ਹੀ ਜਾਂਦਾ ਸੀ ਆਪਣਾ ਲਿਖਾਈ ਦਾ ਕੰਮ ਕਰਨ। ਜਦੋਂ ਮੈਂ ਕਿਤਾਬ ਲਿਖਣੀ ਸ਼ੁਰੂ ਕੀਤੀ ਤਾਂ ਕਈ ਵਾਰੀ ਸਨਿਚਰਵਾਰ ਅਤੇ ਐਤਵਾਰ ਵੀ ਥੋੜ੍ਹੇ ਘੰਟਿਆਂ ਲਈ ਮੈਂ ਯੂਨੀਵਰਸਿਟੀ ਚਲੇ ਜਾਂਦਾ ਸੀ।

*****

ਮੈਨੂੰ ਈਸਟਰਨ ਵਿਚ ਪੜ੍ਹਾਉਂਦੇ ਨੂੰ ਮਹੀਨਾ ਕੁ ਹੀ ਹੋਇਆ ਸੀ ਕਿ ਇਕ ਵਿਦਿਆਰਥੀ ਸ਼ੁੱਕਰਵਾਰ ਨੂੰ ਸਵੇਰੇ ਹੀ 8:00 ਕੁ ਵਜੇ ਮੇਰੇ ਦਫ਼ਤਰ ਮੈਨੂੰ ਮਿਲ਼ਣ ਆਇਆ। ਮੇਰੇ ਨਾਲ਼ ਗੱਲਾਂ ਕਰਦਾ ਉਹ ਉਬਾਸੀਆਂ ਲੈ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਉਸ ਰਾਤ ਸੁੱਤਾ ਨਹੀਂ ਸੀ ਉਸ ਨੇ ਕਿਹਾ, "ਰਾਤੀਂ ਡੀਨ ਦੇ ਪਾਰਟੀ ਸੀ। ਮੈਂ ਉੱਥੋਂ ਤੜਕੇ ਦੋ ਵਜੇ ਘਰ ਆਇਆ ਸੀ।" ਮੈਂ ਉਸ ਨੂੰ ਹੋਰ ਕੁਝ ਵੀ ਨਾ ਪੁੱਛਿਆ ਪਰ ਆਪਣੇ ਮਨ ਵਿਚ ਸੋਚਿਆ ਕਿ ਸਾਡਾ ਡੀਨ ਕਿਹੋ ਜਿਹਾ ਬੰਦਾ ਜਿਹੜਾ ਤੜਕੇ ਦੇ ਦੋ ਵਜੇ ਤੱਕ ਪਾਰਟੀਆਂ ਕਰਦਾ ਅਤੇ ਮੈਨੂੰ ਸੱਦਦਾ ਵੀ ਨਹੀਂ ਗੱਲ ਆਈ-ਗਈ ਹੋ ਗਈ। ਇਕ ਦਿਨ ਮੈਂ ਆਪਣੇ ਨਾਲ਼ ਪੜ੍ਹਾਉਂਦੇ ਇਕ ਪ੍ਰੋਫ਼ੈਸਰ ਨੂੰ ਇਹ ਗੱਲ ਦੱਸੀ ਅਤੇ ਪੁੱਛਿਆ ਕਿ ਡੀਨ ਪਾਰਟੀਆਂ ਕਿੱਥੇ ਕਰਦਾ।ਉਸ ਨੇ ਹੱਸਦੇ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਨੇੜੇ ਹੀ ਮੇਨ ਸਟਰੀਟ 'ਤੇ ਇਕ ਰੈਸਟੋਰੈਂਟ ਹੈ ਜਿਸ ਦਾ ਨਾਂ ਡੀਨ ਦਾ ਆਫ਼ਿਸ (Dean's Office) ਹੈ। ਹਰ ਵੀਰਵਾਰ ਰਾਤ ਨੂੰ ਉੱਥੇ ਸਪੈਸ਼ਲ ਪਾਰਟੀ ਹੁੰਦੀ ਹੈ। ਜਦੋਂ ਭੋਜਨ ਅਤੇ ਸ਼ਰਾਬ ਸਸਤੀ ਹੁੰਦੀ ਹੈ ਅਤੇ ਉਸ ਦਿਨ ਇਹ ਰੈਸਟੋਰੈਂਟ ਤੜਕੇ ਦੋ ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਮੈਂ ਆਪਣੇ-ਆਪ ਵਿਚ ਥੋੜ੍ਹਾ ਸ਼ਰਮਿੰਦਾ ਵੀ ਹੋਇਆ ਕਿ ਮੈਂ ਤਾਂ ਕੁਝ ਹੋਰ ਹੀ ਸੋਚਿਆ ਸੀ।

*****

ਯੂਨੀਵਰਸਿਟੀ ਵਿਚ ਮੇਰੇ ਪਹਿਲੇ ਸਾਲ (1986 ਵਿਚ) ਮੇਰੀ ਕਲਾਸ ਵਿਚ ਇਕ ਵਿਦਿਆਰਥਣ ਸੀ ਜਿਸ ਦਾ ਨਾਂ ਕਾਰਲਾ (Carla) ਸੀ। ਉਹ ਬਹੁਤ ਹੀ ਲਾਇਕ ਵਿਦਿਆਰਥਣ ਸੀ। ਜਦੋਂ ਮੈਂ ਸਟੈਟਿਸਟਿਕਸ ਦੀ ਕਿਤਾਬ ਲਿਖਣੀ ਸ਼ੁਰੂ ਕੀਤੀ ਤਾਂ ਉਸ ਨੇ ਮੇਰੇ ਨਾਲ਼ ਅੰਕੜੇ ਇਕੱਠੇ ਕਰਨ ਅਤੇ ਟਾਈਪ ਕਰਨ ਦਾ ਕੰਮ ਵੀ ਕੀਤਾ ਸੀ। ਉਸ ਨੇ ਮੇਰੇ ਨਾਲ਼ ਤਿੰਨ ਕਲਾਸਾਂ ਵੀ ਲਈਆਂ ਸਨ । ਇਸ ਤਰ੍ਹਾਂ ਉਹ ਮੇਰੇ ਕਾਫ਼ੀ ਨੇੜੇ ਹੋ ਗਈ ਸੀ। ਸਾਲ 1988 ਜਾਂ 1989 ਵਿਚ ਉਸ ਦਾ ਯੂਨੀਵਰਸਿਟੀ ਵਿਚ ਆਖ਼ਰੀ ਸਮੈਸਟਰ ਸੀ। ਜਿਹੜੇ ਵਿਦਿਆਰਥੀ ਚਾਹੁਣ ਉਹ ਕਿਸੇ ਵੀ ਪ੍ਰੋਫ਼ੈਸਰ ਨਾਲ਼ ਇਕ ਕਲਾਸ Independent Study ਦੀ ਲੈ ਸਕਦੇ ਹਨ। ਜਿਸ ਵਿਚ ਉਹ

ਕਿਸੇ ਵਿਸ਼ੇ ਤੇ ਲੰਬਾ ਲੇਖ ਲਿਖਦੇ ਹਨ। ਪ੍ਰੋਫ਼ੈਸਰ ਡੇਵਿਡ ਹੇਨਜ਼ ਨੇ ਕਾਰਲਾ ਨੂੰ ਕਿਹਾ ਕਿ ਉਹ ਪ੍ਰੋਫ਼ੈਸਰ ਹੇਨਜ਼ ਨਾਲ਼ ਇਹ ਕਲਾਸ ਲੈ ਲਵੇ। ਇਸ ਕਲਾਸ ਲਈ ਵਿਦਿਆਰਥੀ ਨੇ ਆਪ ਹੀ ਪੜ੍ਹ ਕੇ ਲੇਖ ਲਿਖਣਾ ਹੁੰਦਾ ਹੈ ਤੇ ਆਪਣੇ ਪ੍ਰੋਫ਼ੈਸਰ ਨੂੰ ਹਰ ਹਫ਼ਤੇ ਉਸ ਦੇ ਦਫ਼ਤਰ ਵਿਚ ਮਿਲ਼ਣਾ ਹੁੰਦਾ ਹੈ ਇਸ ਲੇਖ ਬਾਰੇ ਗੱਲ-ਬਾਤ ਕਰਨ ਲਈ। ਕਾਰਲਾ ਨੇ ਇਹ ਕਲਾਸ ਪ੍ਰੋਫ਼ੈਸਰ ਹੇਨਜ਼ ਨਾਲ਼ ਲੈ ਲਈ। ਉਸ ਵੇਲੇ ਪ੍ਰੋਫ਼ੈਸਰ ਹੇਨਜ਼ ਦੀ ਉਮਰ 50-55 ਕੁ ਦੀ ਹੋਵੇਗੀ। ਦੋ ਕੁ ਹਫ਼ਤਿਆਂ ਬਾਅਦ ਕਾਰਲਾ ਮੈਨੂੰ ਮਿਲ਼ਣ ਆਈ ਅਤੇ ਕਹਿੰਦੀ, "ਪ੍ਰੋਫ਼ੈਸਰ ਮਾਨ, ਮੈਂ ਤੁਹਾਡੇ ਨਾਲ਼ ਇਕ ਜ਼ਰੂਰੀ ਗੱਲ ਕਰ ਸਕਦੀ ਹਾਂ?"

"ਕਾਰਲਾ, ਜ਼ਰੂਰ ਕਰ ਸਕਦੀ ਏਂ, ਦੱਸ ਕੀ ਗੱਲ ਹੈ?"

"ਪ੍ਰੋਫ਼ੈਸਰ ਮਾਨ, ਮੈਂ ਪ੍ਰੋਫ਼ੈਸਰ ਹੇਨਜ਼ ਨਾਲ਼ ਉਸ ਦੇ ਕਹਿਣ ਤੇ Independent Study ਦੀ ਕਲਾਸ ਲਈ ਹੈ। ਉਸ ਨੇ ਅਗਲੇ ਹਫ਼ਤੇ ਕੁਝ ਦਿਨਾਂ ਲਈ ਸਿਐਟਲ ਜਾਣਾ ਹੈ ਅਤੇ ਉਹ ਮੈਨੂੰ ਨਾਲ਼ ਜਾਣ ਲਈ ਕਹਿ ਰਿਹਾ।" ਸਿਐਟਲ ਵਾਸ਼ਿੰਗਟਨ ਸੂਬੇ ਵਿਚ ਇਕ ਵੱਡਾ ਸ਼ਹਿਰ ਹੈ ਜੋ ਕਨੈਟੀਕਟ ਸੂਬੇ ਤੋਂ ਲਗਭਗ 3000 ਮੀਲ ਦੀ ਦੂਰੀ 'ਤੇ ਹੈ।

"ਫਿਰ ਤੂੰ ਕੀ ਕਿਹਾ?" ਮੈਂ ਸਮਝ ਗਿਆ ਸੀ ਕਿ ਪ੍ਰੋਫ਼ੈਸਰ ਹੇਨਜ਼ ਕਾਰਲਾ ਨੂੰ ਕਿਉਂ ਆਪਣੇ ਨਾਲ਼ ਲੈ ਕੇ ਜਾਣਾ ਚਾਹੁੰਦਾ ਸੀ। ਮੈਨੂੰ ਉਸ ਦੀ ਨੀਅਤ ਠੀਕ ਨਹੀਂ ਸੀ ਲਗਦੀ।

"ਮੈਂ ਹਾਲੇ ਉਸ ਨੂੰ ਕੁਝ ਨਹੀਂ ਕਿਹਾ। ਉਸ ਦੀ ਉਮਰ ਵੀ ਕਾਫ਼ੀ ਹੈ। ਦੇਖਣ ਨੂੰ ਵੀ ਭੱਦਾ ਜਿਹਾ ਹੈ। ਉਸ ਤੋਂ ਕਈ ਵਾਰੀ ਮੁਸ਼ਕ ਵੀ ਆਉਂਦਾ ਹੈ। ਜੇ ਉਹ ਘੱਟ ਉਮਰ ਦਾ ਹੋਵੇ ਅਤੇ ਦੇਖਣ ਨੂੰ ਚੰਗਾ ਹੋਵੇ ਤਾਂ ਸ਼ਾਇਦ ਮੈਂ ਹਾਂ ਕਰ ਦੇਵਾਂ।"

"ਪਰ ਤੂੰ ਹਾਂ ਕਿਉਂ ਕਰੇਂਗੀ?"

"ਤੁਸੀਂ ਦੱਸੋ ਮੈਨੂੰ ਕੀ ਕਰਨਾ ਚਾਹੀਦਾ ਹੈ?"

"ਤੂੰ ਪ੍ਰੋਫ਼ੈਸਰ ਹੇਨਜ਼ ਨਾਲ਼ੋਂ Independent Study ਬਦਲ ਕੇ ਮੇਰੇ ਨਾਲ਼ ਲੈ ਲੈ।" ਮੈਂ ਉਸ ਨੂੰ ਸਲਾਹ ਦਿੱਤੀ। ਇੱਥੇ ਯੂਨੀਵਰਸਿਟੀ ਵਿਚ ਵਿਦਿਆਰਥੀ ਸਮੈਸਟਰ ਦੇ ਪਹਿਲੇ ਤਿੰਨ ਜਾਂ ਚਾਰ ਹਫ਼ਤਿਆਂ ਤੱਕ ਕਲਾਸ ਬਦਲ ਸਕਦੇ ਹਨ।

"ਜੇ ਮੈਂ ਇਸ ਤਰ੍ਹਾਂ ਕੀਤਾ ਤਾਂ ਪ੍ਰੋਫ਼ੈਸਰ ਹੇਨਜ਼ ਤੁਹਾਡਾ ਦੁਸ਼ਮਣ ਬਣ ਜਾਵੇਗਾ।"

"ਤੈਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਮੈਂ ਆਪੇ ਇਸ ਨਾਲ਼ ਸਿੱਝ ਲਵਾਂਗਾ।"

ਕਾਰਲਾ ਨੇ ਇਸੇ ਤਰ੍ਹਾਂ ਕੀਤਾ। ਉਸ ਨੇ ਯੂਨੀਵਰਸਿਟੀ ਦੇ ਦਫ਼ਤਰ ਜਾ ਕੇ Independent Study ਦੀ ਕਲਾਸ ਪ੍ਰੋਫ਼ੈਸਰ ਹੇਨਜ਼ ਤੋਂ ਬਦਲ ਕੇ ਮੇਰੇ ਨਾਲ਼ ਲੈ ਲਈ। ਪ੍ਰੋਫ਼ੈਸਰ ਹੇਨਜ਼ ਨੇ ਇਸ ਬਾਰੇ ਮੇਰੇ ਨਾਲ਼ ਕਦੇ ਵੀ ਗੱਲ ਨਾ ਕੀਤੀ।

ਜਦੋਂ ਉਸ ਸਮੈਸਟਰ ਦੇ ਅਖ਼ੀਰ ਤੇ ਕਾਰਲਾ ਨੇ ਬੀ.ਏ. ਦੀ ਡਿਗਰੀ ਪੂਰੀ ਕੀਤੀ

ਤਾਂ ਉਸ ਨੇ ਮੇਰੇ ਦਫ਼ਤਰ ਆ ਕੇ ਮੇਰਾ ਧੰਨਵਾਦ ਵੀ ਕੀਤਾ ਅਤੇ ਮੈਨੂੰ ਇਕ ਕਾਰਡ ਵੀ ਦਿੱਤਾ ਜਿਸ ਵਿਚ ਉਸ ਨੇ ਲਿਖਿਆ ਸੀ, "Professor Mann, You are not only a terrific teacher, you are a friend. The guidance you have given me will never be forgotten. Thank you so much for all you have done. I hope we can always be in touch. You mean the world to me. Good luck with your book. It is an honor to know you and a blessing to have you as a friend. Love, Carla."

*****

1989 ਵਿਚ ਮੇਰੀ ਸਟੈਟਿਸਟਿਕਸ ਦੀ ਕਲਾਸ ਵਿਚ ਤਿੰਨ ਵਿਦਿਆਰਥੀ ਸਨ –ਵਾਰਨ ਰੌਸ (Warren Ross), ਮੈਟ ਸੈਂਗਰ (Matt Sanger), ਅਤੇ ਟੋਰੀ (Torry)। ਮੈਨੂੰ ਟੋਰੀ ਦਾ ਪੂਰਾ ਨਾਂ ਭੁੱਲ ਗਿਆ ਹੈ।ਇਨ੍ਹਾਂ ਵਿਚੋਂ, ਵਾਰਨ ਅਤੇ ਮੈਟ ਬਹੁਤ ਲਾਇਕ ਵਿਦਿਆਰਥੀ ਸਨ। ਟੋਰੀ ਵਿਚਕਾਰਲੇ ਲੈਵਲ ਤੇ ਸੀ। ਇਹ ਤਿੰਨੇ ਵਿਦਿਆਰਥੀ ਆਪੋ ਵਿਚ ਬਹੁਤ ਗੂੜ੍ਹੇ ਦੋਸਤ ਸਨ ਅਤੇ ਆਮ–ਤੌਰ 'ਤੇ ਇਕੱਠੇ ਹੀ ਤੁਰਦੇ–ਫਿਰਦੇ ਨਜ਼ਰ ਆਉਂਦੇ ਸਨ। ਇਹ ਤਿੰਨੇ ਵਿਦਿਆਰਥੀ ਕਲਾਸਾਂ ਵੀ ਇਕੋ ਜਿਹੀਆਂ ਹੀ ਲੈਂਦੇ ਸਨ। ਵਾਰਨ ਅਤੇ ਟੋਰੀ ਦੋਵੇਂ 30 ਕੁ ਸਾਲਾਂ ਦੇ ਕਰੀਬ ਸਨ।ਉਨ੍ਹਾਂ ਦੋਹਾਂ ਨੇ ਹਾਈ ਸਕੂਲ ਤੋਂ ਬਾਅਦ 10 ਕੁ ਸਾਲ ਮਿਲਟਰੀ ਵਿਚ ਕੰਮ ਕੀਤਾ ਸੀ ਅਤੇ ਫਿਰ ਮਿਲਟਰੀ ਨੂੰ ਛੱਡ ਕੇ ਈਸਟਰਨ ਵਿਚ ਪੜ੍ਹਨ ਲੱਗ ਪਏ ਸਨ। ਮੈਟ ਹਾਈ ਸਕੂਲ ਕਰ ਕੇ ਯੂਨੀਵਰਸਿਟੀ ਵਿਚ ਆਇਆ ਸੀ ਅਤੇ ਉਹ 18 ਕੁ ਸਾਲ ਦੀ ਉਮਰ ਦਾ ਸੀ। ਕਲਾਸ ਵਿਚ ਟੋਰੀ ਤਾਂ ਹਮੇਸ਼ਾ ਚੁੱਪ–ਚਾਪ ਹੀ ਰਹਿੰਦਾ ਸੀ। ਮੈਟ ਕਦੇ–ਕਦੇ ਹੀ ਗੱਲ ਕਰਦਾ ਸੀ। ਸਮੈਸਟਰ ਦੇ ਸ਼ੁਰੂ ਵਿਚ ਦੋ ਕੁ ਹਫ਼ਤੇ ਵਾਰਨ ਨੇ ਕਲਾਸ ਵਿਚ ਮੈਨੂੰ ਕਾਫ਼ੀ ਸਵਾਲ ਪੁੱਛੇ ਸਨ। ਕਦੇ–ਕਦੇ ਕੋਈ ਵਿਦਿਆਰਥੀ ਕਲਾਸ ਵਿਚ ਆ ਜਾਂਦਾ ਹੈ ਜੋ ਪ੍ਰੋਫ਼ੈਸਰ ਨੂੰ ਪੈਰਾਂ 'ਚੋਂ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਵਾਰਨ ਦੀ ਇਹ ਕੋਸ਼ਿਸ਼ ਸਫਲ ਨਾ ਹੋਈ ਤਾਂ ਦੋ ਕੁ ਹਫ਼ਤਿਆਂ ਬਾਅਦ ਉਹ ਢਿੱਲਾ ਪੈ ਗਿਆ।ਫਿਰ ਉਹ ਤਿੰਨੇ ਦੋਸਤ ਮੇਰੇ ਦਫ਼ਤਰ ਆਮ ਹੀ ਆਉਣ ਲੱਗ ਪਏ। ਉਨ੍ਹਾਂ ਨੂੰ ਸਟੈਟਿਸਟਿਕਸ ਦੇ ਵਿਸ਼ੇ ਨੂੰ ਸਮਝਣ ਦੀ ਕੋਈ ਸਮੱਸਿਆ ਨਹੀਂ ਸੀ ਪਰ ਉਹ ਮੇਰੇ ਨਾਲ਼ ਮੇਰੇ ਦਫ਼ਤਰ ਵਿਚ ਆਮ ਹੀ ਜ਼ਿੰਦਗੀ ਬਾਰੇ ਗੱਲਾਂ ਕਰਦੇ। ਇਕ ਤਰ੍ਹਾਂ ਨਾਲ਼ ਉਹ ਮੇਰੇ ਦੋਸਤ ਹੀ ਬਣ ਗਏ ਸਨ। ਮੈਂ ਵੈਸੇ ਵੀ ਆਪਣੇ ਵਿਦਿਆਰਥੀਆਂ ਨਾਲ਼ ਦੋਸਤਾਂ ਵਾਲ਼ਾ ਵਿਵਹਾਰ ਕਰਦਾ ਸੀ ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀ ਮੇਰੇ ਦਫ਼ਤਰ ਆ ਕੇ ਕਈ ਦੇਰ ਮੇਰੇ ਨਾਲ਼ ਗੱਲਾਂ ਕਰਦੇ ਰਹਿੰਦੇ ਸਨ। ਕੁਝ ਵਿਦਿਆਰਥੀ ਕਲਾਸ ਤੋਂ ਬਾਹਰ ਮੈਨੂੰ ਪ੍ਰੇਮ ਨਾਂ ਨਾਲ਼ ਬੁਲਾਉਣ ਦੀ ਖੁੱਲ੍ਹ ਵੀ ਲੈ ਲੈਂਦੇ ਸਨ ਅਤੇ ਮੈਂ ਇਸ ਨੂੰ ਕਦੇ ਵੀ ਬੁਰਾ ਨਹੀਂ ਸੀ ਮਨਾਇਆ। ਵਾਰਨ ਵੀ ਕਲਾਸ ਤੋਂ ਬਾਹਰ ਮੈਨੂੰ ਪ੍ਰੇਮ ਨਾਂ ਨਾਲ਼ ਹੀ ਬੁਲਾਉਂਦਾ ਸੀ ਪਰ

ਮੈਟ ਅਤੇ ਟੋਰੀ ਹਮੇਸ਼ਾ ਪ੍ਰੋਫ਼ੈਸਰ ਮਾਨ ਜਾਂ ਡਾ. ਮਾਨ ਕਹਿ ਕੇ ਹੀ ਬੁਲਾਉਂਦੇ। ਇਨ੍ਹਾਂ ਤਿੰਨਾਂ ਵਿਦਿਆਰਥੀਆਂ ਨੇ ਮੇਰੇ ਨਾਲ਼ ਚਾਰ ਕਲਾਸਾਂ ਲਈਆਂ ਜੋ ਮੈਂ ਪੜ੍ਹਾਉਂਦਾ ਸੀ। ਇਹ ਤਿੰਨੇ ਵਿਦਿਆਰਥੀ ਮਈ 1993 ਵਿਚ ਬੀ.ਏ. ਕਰ ਕੇ ਯੂਨੀਵਰਸਿਟੀ ਤੋਂ ਚਲੇ ਗਏ ਸਨ। ਇਸ ਤੋਂ ਬਾਅਦ ਵਾਰਨ ਨੇ ਇਕ ਹੋਰ ਯੂਨੀਵਰਸਿਟੀ ਤੋਂ ਐੱਮ.ਬੀ.ਏ. ਕੀਤੀ ਅਤੇ ਮੈਟ ਨੇ ਐੱਮ.ਏ. ਕੀਤੀ। ਟੋਰੀ ਅੱਗੇ ਨਾ ਪੜ੍ਹਿਆ। ਵਾਰਨ ਨੇ ਕਈ ਵੱਡੀਆਂ ਕੰਪਨੀਆਂ ਨਾਲ਼ ਉੱਚਿਆਂ ਅਹੁਦਿਆਂ 'ਤੇ ਕੰਮ ਕੀਤਾ। ਹੁਣ ਉਹ ਰਿਟਾਇਰ ਹੋ ਕੇ ਵਿਰਜੀਨੀਆਂ ਦੇ ਸੂਬੇ ਵਿਚ ਰਹਿ ਰਿਹਾ ਹੈ। ਮੈਟ ਯੂਨੀਵਰਸਿਟੀ ਆਫ਼ ਕੈਨਟਕੀ ਵਿਚ ਡਾਇਰੈਕਟਰ ਦੀ ਪੁਜ਼ੀਸ਼ਨ ਤੇ ਹੈ। ਟੋਰੀ ਨਾਲ਼ ਮੇਰਾ ਕੋਈ ਸੰਪਰਕ ਨਹੀਂ ਰਿਹਾ। ਜਦੋਂ ਮਈ 1993 ਵਿਚ ਇਨ੍ਹਾਂ ਨੇ ਬੀ.ਏ. ਦੀ ਡਿਗਰੀ ਖ਼ਤਮ ਕੀਤੀ ਤਾਂ ਵਾਰਨ ਨੇ ਮੈਨੂੰ ਡਾਕ ਰਾਹੀਂ ਖ਼ਤ ਭੇਜਿਆ। ਜਿਸ ਵਿਚ ਉਸ ਨੇ ਲਿਖਿਆ ਸੀ, “Dear Prem, You, my friend, in all of my travels, are perhaps the finest person I have ever met. If I had the chance to choose one professor to have a class with, it would most certainly be you. Please accept this small token of appreciation for all you have done. Your contribution to my professional training has been so significant that when I succeed, I will owe part of it to you. I am very proud to have been your student! I will be even prouder, if when I succeed, I hope I can share some of it with you. Rest assured I will keep in contact. Enthusiastically, -Warren Ross.” ਵਾਰਨ ਹਾਲੇ ਵੀ ਮੇਰੇ ਨਾਲ਼ ਈਮੇਲ ਰਾਹੀਂ ਜਾਂ ਫ਼ੋਨ ਰਾਹੀਂ ਗੱਲ-ਬਾਤ ਕਰ ਲੈਂਦਾ ਹੈ। ਜੇ ਉਹ ਕਦੇ ਨਿਊਯਾਰਕ ਵੱਲ ਆਵੇ ਤਾਂ ਮਿਲ਼ ਵੀ ਲੈਂਦਾ ਹੈ।

*****

1988-89 ਵਿਚ ਹੀ ਮੇਰਾ ਇਕ ਵਿਦਿਆਰਥੀ ਸੀ ਜਿਸ ਦਾ ਮੈਨੂੰ ਨਾਂ ਭੁੱਲ ਗਿਆ ਹੈ। ਮੈਂ ਉਸ ਨੂੰ ਫ਼ਰਜ਼ੀ ਚਾਰਲੀ ਨਾਂ ਦੇ ਲੈਂਦਾ ਹਾਂ। ਉਸ ਦੀ ਉਮਰ 55 ਕੁ ਸਾਲ ਦੇ ਆਲ਼ੇ-ਦੁਆਲ਼ੇ ਹੋਵੇਗੀ। ਜਦੋਂ ਉਸ ਨੇ ਮੇਰੇ ਨਾਲ਼ ਪਹਿਲੀ ਕਲਾਸ ਲਈ ਤਾਂ ਜਿਸ ਤਰ੍ਹਾਂ ਉਹ ਕਲਾਸ ਵਿਚ ਬੈਠਦਾ ਅਤੇ ਹਿੱਲਦਾ-ਜੁਲਦਾ ਰਹਿੰਦਾ ਸੀ ਉਸ ਤੋਂ ਮੈਂ ਅੰਦਾਜ਼ਾ ਲਾਇਆ ਸੀ ਕਿ ਉਸ ਨੂੰ ਸ਼ਾਇਦ ਸਿਹਤ ਦੀ ਕੋਈ ਸਮੱਸਿਆ ਸੀ। ਇਕ ਦਿਨ ਮੇਰੇ ਕਲਾਸ ਵਿਚ ਜਾਣ ਤੋਂ ਪਹਿਲਾਂ ਬਲੈਕ-ਬੋਰਡ ਦੇ ਅੱਗੇ ਘੋੜਿਆਂ ਦੇ ਵੱਡੇ-ਵੱਡੇ ਤਿੰਨ-ਚਾਰ ਪੋਸਟਰ ਰੱਖੇ ਹੋਏ ਸਨ। ਮੈਂ ਇਹ ਪੋਸਟਰ ਦੇਖ ਕੇ ਪੁੱਛਿਆ ਕਿ ਇਹ ਕਿਸ ਨੇ ਰੱਖੇ ਹਨ ਤਾਂ ਚਾਰਲੀ ਨੇ ਕਿਹਾ ਕਿ ਉਸ ਨੇ ਰੱਖੇ ਹਨ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਨੂੰ ਘੋੜੇ ਪਸੰਦ ਹਨ। ਮੈਨੂੰ ਕੁਝ ਸ਼ੱਕ ਪੈ ਗਿਆ ਕਿ ਇਹ ਵਿਦਿਆਰਥੀ ਮਾਨਸਿਕ ਤੌਰ 'ਤੇ ਠੀਕ ਨਹੀਂ, ਇਸ ਲਈ ਮੈਂ ਕੁਝ ਨਾ ਕਿਹਾ। ਇਕ

ਦਿਨ ਉਹ ਮੈਨੂੰ ਦਫ਼ਤਰ ਵਿਚ ਮਿਲ਼ਣ ਆਇਆ ਤਾਂ ਅਸੀਂ ਕਾਫ਼ੀ ਦੇਰ ਗੱਲਾਂ ਕਰਦੇ ਰਹੇ। ਉਸ ਨੇ ਦੱਸਿਆ ਕਿ ਵੀਅਤਨਾਮ ਦੀ ਜੰਗ ਵੇਲੇ ਉਹ ਸਮੁੰਦਰੀ ਜਹਾਜ਼ 'ਤੇ ਹਥਿਆਰ, ਭੋਜਨ, ਅਤੇ ਹੋਰ ਲੋੜੀਂਦੀਆਂ ਚੀਜ਼ਾਂ ਮਿਲਟਰੀ ਲਈਅਮਰੀਕਾ ਤੋਂ ਵੀਅਤਨਾਮ ਨੂੰ ਲੈ ਕੇ ਜਾਣ ਦਾ ਕੰਮ ਕਰਦਾ ਸੀ। ਸਮੁੰਦਰ ਵਿਚ ਇੰਨੇ ਸਾਲ ਰਹਿਣ ਕਾਰਨ ਅਤੇ ਇਸ ਜੰਗ ਕਾਰਨ ਉਹ ਮਾਨਸਿਕ ਰੋਗੀ ਹੋ ਗਿਆ ਸੀ। ਉਸ ਦੇ ਦਿਮਾਗ਼ ਦਾ ਸੰਤੁਲਨ ਗੁਆਚ ਗਿਆ ਸੀ। ਹੁਣ ਉਹ ਡਿਪਰੈਸ਼ਨ (depression) ਅਤੇ ਐਂਗਜ਼ਾਇਟੀ(anxiety) ਦੀਆਂ ਦਵਾਈਆਂ ਲੈਂਦਾ ਸੀ। ਕਈ ਵਾਰੀ ਜਦੋਂ ਉਹ ਸ਼ਰਾਬ ਪੀ ਲੈਂਦਾ ਸੀ ਅਤੇ ਦਵਾਈਆਂ ਲੈਣਾ ਭੁੱਲ ਜਾਂਦਾ ਸੀ ਤਾਂ ਉਸ ਦੀ ਹਾਲਤ ਬਹੁਤ ਖ਼ਰਾਬ ਹੋ ਜਾਂਦੀ ਸੀ, ਜਿਸ ਕਾਰਨ ਉਸ ਨੂੰ ਹਸਪਤਾਲ਼ ਜਾਣਾ ਪੈਂਦਾ ਸੀ। ਮੈਂ ਉਸ ਨਾਲ਼ ਹਮਦਰਦੀ ਪ੍ਰਗਟਾਈ ਅਤੇ ਉਸ ਨੂੰ ਹੌਸਲਾ ਦਿੱਤਾ। ਉਸ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਦਵਾਈ ਲੈਣੀ ਕਦੇ ਵੀ ਨਾ ਭੁੱਲੇ। ਉਹ ਉਸ ਵੇਲੇ ਇਕੱਲਾ ਹੀ ਰਹਿ ਰਿਹਾ ਸੀ। ਉਸ ਨੇ ਵਿਆਹ ਕਦੇ ਵੀ ਨਹੀਂ ਸੀ ਕਰਾਇਆ।

ਇਕ ਦਿਨ ਮੇਰੇ ਨਾਲ਼ ਪੜ੍ਹਾਉਂਦਾ ਅਤੇ ਮੈਥੋਂ ਕਾਫ਼ੀ ਸੀਨੀਅਰ ਪ੍ਰੋਫ਼ੈਸਰ ਡਾ. ਜੌਹਨ ਲੰਬਾਰਡ (Dr. John Lombard) ਮੇਰੇ ਦਫ਼ਤਰ ਆਇਆ ਅਤੇ ਕਹਿਣ ਲੱਗਾ, "ਪ੍ਰੇਮ, ਅੱਜ ਚਾਰਲੀ ਮੇਰੀ ਕਲਾਸ ਵਿਚ ਬੈਟਰੀ ਵਾਲ਼ਾ ਵੱਡਾ ਸਾਰਾ ਆਰਾ ਲੈ ਕੇ ਆਇਆ ਸੀ ਅਤੇ ਮੈਨੂੰ ਸਾਰੀ ਕਲਾਸ ਵਿਚ ਡਰ ਲਗਦਾ ਰਿਹਾ ਕਿ ਉਹ ਕੁਝ ਕਰ ਨਾ ਦੇਵੇ। ਮੈਂ ਉਸ ਨੂੰ ਕੁਝ ਵੀ ਨਹੀਂ ਕਿਹਾ। ਮੈਨੂੰ ਕੀ ਕਰਨਾ ਚਾਹੀਦਾ?" ਜੌਹਨ ਦੇ ਦੱਸਣ ਅਨੁਸਾਰ ਇਹ ਆਰਾ ਢਾਈ-ਤਿੰਨ ਫੁੱਟ ਲੰਬਾ ਹੋਵੇਗਾ ਜਿਸ ਨਾਲ਼ ਦਰਖ਼ਤਾਂ ਦੀਆਂ ਟਾਹਣੀਆਂ ਛਾਂਗੀਆਂ ਜਾਂਦੀਆਂ ਹਨ।

"ਜੌਹਨ, ਤੂੰ ਚਾਰਲੀ ਨੂੰ ਕੁਝ ਨਾ ਕਹੀਂ ਪਰ ਡੀਨ ਕੋਲ਼ ਇਸ ਦੀ ਰਿਪੋਰਟ ਕਰ ਦੇ। ਇਸ ਤਰ੍ਹਾਂ ਕਰਨ ਨਾਲ਼ ਜੇ ਕੱਲ੍ਹ ਨੂੰ ਚਾਰਲੀ ਨੇ ਕੁਝ ਕਰ ਦਿੱਤਾ ਤਾਂ ਤੇਰੇ 'ਤੇ ਕੋਈ ਇਲਜ਼ਾਮ ਨਹੀਂ ਆਵੇਗਾ ਕਿ ਤੂੰ ਉਸ ਦੀ ਰਿਪੋਰਟ ਕਿਉਂ ਨਹੀਂ ਕੀਤੀ। ਪਰ ਚਾਰਲੀ ਨਾਲ਼ ਬਹੁਤ ਪਿਆਰ ਨਾਲ਼ ਵਰਤਾਓ ਕਰਨਾ  ਉਸ ਨੂੰ ਕੁਝ ਵੀ ਗ਼ੁੱਸੇ ਵਿਚ ਨਾ ਕਹਿਣਾ।" ਮੈਂ ਜੌਹਨ ਨੂੰ ਸਲਾਹ ਦਿੱਤੀ। ਜੌਹਨ ਨੇ ਮੇਰੀ ਸਲਾਹ ਮੰਨ ਕੇ ਇਸੇ ਤਰ੍ਹਾਂ ਹੀ ਕੀਤਾ।

ਚਾਰਲੀ ਨੇ ਮੇਰੇ ਨਾਲ਼ ਦੋ ਕਲਾਸਾਂ ਲਈਆਂ ਪਰ ਉਸ ਨੇ ਕੋਈ ਵੀ ਵੱਡੀ ਡਰ ਵਾਲ਼ੀ ਗੱਲ ਨਾ ਕੀਤੀ। ਇਕ ਵਾਰੀ ਮੈਂ ਕਲਾਸ ਪੜ੍ਹਾ ਰਿਹਾ ਸੀ ਤਾਂ ਉਸ ਨੇ ਮੈਨੂੰ ਸੰਬੋਧਨ ਕਰ ਕੇ ਬਿੱਲੀਆਂ ਬਾਰੇ ਇਕ ਅਸਭਿਅਤ ਗੱਲ ਆਖੀ। ਸਾਰੇ ਵਿਦਿਆਰਥੀ ਮੇਰੇ ਵੱਲ ਦੇਖ ਰਹੇ ਸੀ ਕਿ ਮੈਂ ਚਾਰਲੀ ਨੂੰ ਕੁਝ ਕਹਾਂਗਾ। ਮੈਂ ਚਾਰਲੀ ਨੂੰ ਗ਼ੁੱਸੇ ਵਿਚ ਨਹੀਂ ਸੀ ਲਿਆਉਣਾ ਚਾਹੁੰਦਾ। ਮੈਂ ਉਸ ਦੀ ਕਹੀ ਗੱਲ ਨੂੰ ਅਣਡਿੱਠ ਕਰ ਕੇ ਪੜ੍ਹਾਉਣਾ ਜਾਰੀ ਰੱਖਿਆ। ਉਸ ਨੇ ਹੋਰ ਕੁਝ ਨਾ ਕਿਹਾ। ਉਸ ਤੋਂ ਬਾਅਦ ਉਸ ਨੇ

ਕੋਈ ਮਾੜੀ ਹਰਕਤ ਨਾ ਕੀਤੀ।

ਜਦੋਂ ਚਾਰਲੀ ਨੇ ਬੀ.ਏ. ਕਰ ਲਈ ਤਾਂ ਉਸ ਨੇ ਈਸਟਰਨ ਵਿਚ ਹੀ ਐੱਮ.ਏ. ਦੀ ਡਿਗਰੀ ਵਿਚ ਦਾਖ਼ਲਾ ਲੈਣ ਲਈ ਅਰਜ਼ੀ ਦਿੱਤੀ। ਐੱਮ.ਏ. ਦੇ ਦਾਖ਼ਲੇ ਦਾ ਇੰਚਾਰਜ ਪ੍ਰੋਫ਼ੈਸਰ ਮੈਨੂੰ ਮਿਲ਼ਣ ਆਇਆ ਅਤੇ ਮੇਰੇ ਕੋਲ਼ੋਂ ਚਾਰਲੀ ਬਾਰੇ ਪੁੱਛਿਆ। ਮੈਂ ਜੋ ਵੀ ਜਾਣਦਾ ਸੀ ਉਸ ਨੂੰ ਦੱਸ ਦਿੱਤਾ ਕਿ ਚਾਰਲੀ ਬਹੁਤ ਲਾਇਕ ਵਿਦਿਆਰਥੀ ਹੈ ਪਰ ਉਹ ਮਾਨਸਿਕ ਰੋਗੀ ਹੈ ਜੋ ਕਿਸੇ ਵੇਲੇ ਵੀ ਕੋਈ ਸੀਰੀਅਸ ਦੁਰਘਟਨਾ ਕਰ ਸਕਦਾ ਹੈ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦਿਆਂ ਯੂਨੀਵਰਸਿਟੀ ਨੇ ਉਸ ਨੂੰ ਐੱਮ.ਏ. ਵਿਚ ਦਾਖ਼ਲਾ ਨਾ ਦਿੱਤਾ। ਉਸ ਤੋਂ ਬਾਅਦ ਮੈਂ ਚਾਰਲੀ ਨੂੰ ਕਦੇ ਵੀ ਨਹੀਂ ਦੇਖਿਆ।

*****

ਜਦੋਂ ਵਿਭਾਗ ਵਿਚ ਨਵਾਂ ਫੁੱਲ-ਟਾਈਮ ਲੈਕਚਰਾਰ ਜਾਂ ਪ੍ਰੋਫ਼ੈਸਰ ਰੱਖਣਾ ਹੋਵੇ ਤਾਂ ਵਿਭਾਗ ਦੇ ਪੰਜ ਕੁ ਪ੍ਰੋਫ਼ੈਸਰਾਂ ਦੀ ਕਮੇਟੀ ਬਣਾਈ ਜਾਂਦੀ ਹੈ ਜੋ ਇਸ ਪੁਜ਼ੀਸ਼ਨ ਲਈ ਆਈਆਂ ਅਰਜ਼ੀਆਂ ਨੂੰ ਦੇਖਦੀ ਹੈ ਅਤੇ ਉਨ੍ਹਾਂ ਵਿਚੋਂ ਕੁਝ ਇਕ ਨੂੰ ਇੰਟਰਵਿਊ ਲਈ ਬੁਲਾਉਣ ਦਾ ਫ਼ੈਸਲਾ ਕਰਦੀ ਹੈ। ਫਿਰ ਇਹ ਕਮੇਟੀ ਕੁਝ ਨਾਵਾਂ ਦੀ ਸਿਫ਼ਾਰਸ਼ ਕਰ ਕੇ ਡੀਨ ਨੂੰ ਭੇਜਦੀ ਹੈ। ਡੀਨ ਆਪਣੀ ਸਿਫ਼ਾਰਸ਼ ਵਾਈਸ-ਪ੍ਰਧਾਨ ਨੂੰ ਕਰਦਾ ਹੈ। ਵਾਈਸ-ਪ੍ਰਧਾਨ ਆਪਣੀ ਸਿਫ਼ਾਰਸ਼ ਪ੍ਰਧਾਨ ਨੂੰ ਕਰਦਾ ਹੈ। ਇਨ੍ਹਾਂ ਸਾਰੀਆਂ ਸਿਫ਼ਾਰਸ਼ਾਂ ਦੇ ਅਧਾਰ 'ਤੇ ਪ੍ਰਧਾਨ ਆਪਣਾ ਫ਼ੈਸਲਾ ਕਰਦਾ ਹੈ ਕਿ ਨੌਕਰੀ ਕਿਸ ਨੂੰ ਦੇਣੀ ਹੈ। ਬਹੁਤੀ ਵਾਰੀ ਵਿਭਾਗ ਵੱਲੋਂ ਸਭ ਤੋਂ ਵਧੀਆ ਦੱਸੇ ਗਏ ਉਮੀਦਵਾਰ ਨੂੰ ਹੀ ਨੌਕਰੀ ਦਿੱਤੀ ਜਾਂਦੀ ਹੈ। ਸਾਲ 1990 ਦੇ ਕਰੀਬ ਹੀ ਅਸੀਂ ਮੈਨੇਜਮੈਂਟ ਦਾ ਇਕ ਲੈਕਚਰਾਰ ਇਕ ਸਾਲ ਲਈ ਫੁੱਲ-ਟਾਈਮ ਰੱਖਣਾ ਸੀ, ਜੋ ਵਿਭਾਗ ਦੀ ਕਮੇਟੀ ਬਣਾਈ ਗਈ ਸੀ ਉਸ ਦਾ ਚੇਅਰਮੈਨ ਡਾ. ਡੇਵਿਡ ਹੇਨਜ਼ ਸੀ ਅਤੇ ਮੈਂ ਮੈਂਬਰਾਂ ਵਿਚੋਂ ਇਕ ਸੀ। ਅਸੀਂ ਕੁਝ ਉਮੀਦਵਾਰਾਂ ਦਾ ਇੰਟਰਵਿਊ ਕੀਤਾ। ਡਾ. ਹੇਨਜ਼ ਨੂੰ ਇਕ ਉਮੀਦਵਾਰ ਬਹੁਤ ਪਸੰਦ ਆਇਆ ਜਿਸ ਬਾਰੇ ਉਸ ਨੇ ਕਿਹਾ, "ਅਸੀਂ ਇਹੋ ਜਿਹਾ ਲੈਕਚਰਾਰ ਹੀ ਲੱਭਣਾ ਚਾਹੁੰਦੇ ਸੀ ਅਤੇ ਸਾਡਾ ਸੁਪਨਾ ਪੂਰਾ ਹੋ ਗਿਆ ਹੈ।" ਪਰ ਮੈਂ ਕਿਹਾ, "ਇਹ ਉਮੀਦਵਾਰ ਵਧੀਆ ਅਧਿਆਪਕ ਨਹੀਂ ਸਿੱਧ ਹੋਵੇਗਾ। ਮੈਨੂੰ ਇਹ ਉਮੀਦਵਾਰ ਕਹਾਣੀਆਂ ਸੁਣਾਉਣ ਵਾਲ਼ਾ (story teller) ਹੀ ਲਗਦਾ ਹੈ। ਮੈਂ ਇਸ ਨੂੰ ਨੌਕਰੀ ਦੇਣ ਦੇ ਹੱਕ ਵਿਚ ਨਹੀਂ।" ਪਰ ਕਮੇਟੀ ਦੇ ਬਹੁਤੇ ਮੈਂਬਰਾਂ ਨੇ ਉਸ ਉਮੀਦਵਾਰ ਨੂੰ ਨੌਕਰੀ ਦੇਣ ਦੇ ਹੱਕ ਵਿਚ ਵੋਟ ਪਾ ਦਿੱਤੀ ਅਤੇ ਉਸ ਨੂੰ ਨੌਕਰੀ ਦੇ ਦਿੱਤੀ ਗਈ। ਸਮੈਸਟਰ ਦੇ ਤਿੰਨ-ਚਾਰ ਹਫ਼ਤੇ ਲੰਘੇ ਸਨ ਜਦੋਂ ਡਾ. ਹੇਨਜ਼ ਮੈਨੂੰ ਮੇਰੇ ਦਫ਼ਤਰ ਮਿਲ਼ਣ ਆਇਆ ਅਤੇ ਕਹਿੰਦਾ, "ਪ੍ਰੇਮ, ਤੂੰ ਬਿਲਕੁਲ ਠੀਕ ਸੀ। ਇਹ ਲੈਕਚਰਾਰ ਤਾਂ ਕਲਾਸਾਂ ਵਿਚ ਕਹਾਣੀਆਂ ਹੀ ਸੁਣਾਉਂਦਾ ਹੈ। ਉਸ ਦੇ ਵਿਰੁੱਧ ਬਹੁਤ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਆਈਆਂ ਹਨ।" ਮੈਂ ਡਾ. ਹੇਨਜ਼ ਨੂੰ ਕਿਹਾ ਕਿ ਉਸ ਨੂੰ ਉਸ

ਲੈਕਚਰਾਰ ਨਾਲ਼ ਗੱਲ ਕਰਨੀ ਚਾਹੀਦੀ ਹੈ ਕਿ ਉਹ ਕਲਾਸਾਂ ਵਿਚ ਕਹਾਣੀਆਂ ਸੁਣਾਉਣ ਦੀ ਥਾਂ ਮੈਨੇਜਮੈਂਟ ਪੜ੍ਹਾਵੇ। ਅਸੀਂ ਉਸ ਵੇਲੇ ਕੁਝ ਵੀ ਨਹੀਂ ਸੀ ਕਰ ਸਕਦੇ। ਇਕ ਸਾਲ ਤਾਂ ਉਸ ਨੂੰ ਰੱਖਣਾ ਹੀ ਪੈਣਾ ਸੀ। ਇਕ ਸਾਲ ਤੋਂ ਬਾਅਦ ਅਸੀਂ ਉਸ ਨੂੰ ਦੁਬਾਰਾ ਨੌਕਰੀ ਨਹੀਂ ਸੀ ਦਿੱਤੀ।

*****

1993 ਵਿਚ ਅਸੀਂ ਮਾਰਕੀਟਿੰਗ (Marketing) ਦੇ ਵਿਸ਼ੇ ਵਿਚ ਇਕ ਪੱਕਾ ਅਸਿਸਟੈਂਟ ਪ੍ਰੋਫ਼ੈਸਰ ਹਾਇਰ (hire) ਕਰਨਾ ਸੀ। ਅਸੀਂ ਜੋ ਪੰਜ ਕੁ ਪ੍ਰੋਫ਼ੈਸਰਾਂ ਦੀ ਕਮੇਟੀ ਬਣਾਈ, ਉਸ ਦਾ ਚੇਅਰਮੈਨ ਮੈਨੂੰ ਬਣਾ ਦਿੱਤਾ ਗਿਆ। ਜੋ ਵੀ ਅਰਜ਼ੀਆਂ ਆਈਆਂ, ਅਸੀਂ ਉਨ੍ਹਾਂ ਨੂੰ ਦੇਖ ਕੇ ਸੱਤ-ਅੱਠ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ। ਇਨ੍ਹਾਂ ਵਿਚੋਂ ਇਕ ਉਮੀਦ ਵਾਰਡਾ. ਬਰਾਂਕੋ ਕਵਰਕਾਪਾ (Dr. Branko Kavarkapa) ਸੀ ਜੋ ਸਰਬੀਆ ਤੋਂ ਆ ਕੇ ਯੂਨੀਵਰਸਿਟੀ ਆਫ਼ ਪੈਨਸਲਵੇਨੀਆ ਵਿਚ ਰਿਸਰਚ ਫੈਲੋ ਸੀ। ਸਰਬੀਆ ਕਿਸੇ ਵੇਲੇ ਯੂਗੋਸਲਾਵੀਆ ਦੇਸ਼ ਦਾ ਹਿੱਸਾ ਸੀ। ਪਰ ਕਈ ਸਾਲ ਪਹਿਲਾਂ ਇਹ ਮੁਲਕ ਕਈ ਹਿੱਸਿਆਂ ਵਿਚ ਵੰਡਿਆ ਗਿਆ ਸੀ, ਜਿਨ੍ਹਾਂ ਵਿਚੋਂ ਇਕ ਹਿੱਸਾ ਸਰਬੀਆ ਸੀ। ਬਰਾਂਕੋ ਨੇ ਸਰਬੀਆ ਤੋਂ ਹੀ ਮਾਰਕੀਟਿੰਗ ਵਿਚ ਪੀ.ਐੱਚ.ਡੀ. ਕੀਤੀ ਸੀ। ਮੈਂ ਡਾ. ਕਵਰਕਾਪਾ ਨੂੰ ਨੌਕਰੀ ਦੇਣ ਦੇ ਹੱਕ ਵਿਚ ਸੀ ਪਰ ਇਕ ਬਿਜ਼ਨਸ ਦਾ ਪ੍ਰੋਫ਼ੈਸਰ ਉਸ ਦੇ ਵਿਰੁੱਧ ਸੀ। ਕਮੇਟੀ ਦੇ ਬਾਕੀ ਸਾਰੇ ਮੈਂਬਰਾਂ ਨੇ ਮੇਰੇ ਨਾਲ਼ ਡਾ. ਕਵਰਕਾਪਾ ਦੇ ਹੱਕ ਵਿਚ ਵੋਟਪਾਈ। ਇਸ ਤਰ੍ਹਾਂ ਡਾ. ਕਵਰਕਾਪਾ ਨੂੰ ਇਹ ਨੌਕਰੀ ਦੇ ਦਿੱਤੀ ਗਈ ਅਤੇ ਉਹ ਬਹੁਤ ਸਫਲ ਅਧਿਆਪਕ ਸਿੱਧ ਹੋਇਆ। ਡਾ. ਕਵਰਕਾਪਾ ਅਤੇ ਮੈਂ ਬਹੁਤ ਵਧੀਆ ਦੋਸਤ ਰਹੇ ਹਾਂ ਅਤੇ ਹਾਲੇ ਵੀ ਦੋਸਤ ਹਾਂ। ਮੈਂ 2015 ਵਿਚ ਰਿਟਾਇਰ ਹੋ ਗਿਆ ਸੀ ਅਤੇ ਡਾ. ਕਵਰਕਾਪਾ 2022 ਵਿਚ ਰਿਟਾਇਰ ਹੋਇਆ ਸੀ।

*****

ਇਨ੍ਹਾਂ ਸਾਲਾਂ ਵਿਚ ਹੀ ਮੇਰੀ ਇਕ ਵਿਦਿਆਰਥਣ ਮੇਰੇ ਨਾਲ਼ ਮੇਰੀ ਕਿਤਾਬ ਨੂੰ ਟਾਈਪ ਕਰਨ ਲਈ ਅਤੇ ਅੰਕੜੇ ਇਕੱਠੇ ਕਰਨ ਲਈ ਕੰਮ ਕਰ ਰਹੀ ਸੀ। ਬਹੁਤ ਹੀ ਪਿਆਰੀ ਲੜਕੀ ਸੀ ਜਿਸ ਦਾ ਨਾਂ ਮੌਰੀਨ (Moureen) ਸੀ। ਉਸ ਵੇਲੇ ਸ਼ਾਮ ਦੇ ਤਿੰਨ ਵਜੇ ਅਮਰੀਕਾ ਦੇ ਇਕ ਟੀ.ਵੀ. ਚੈਨਲ ਤੇ ਇਕ ਸੋਪ ਓਪੇਰਾ (Soap Opera) ਆਉਂਦਾ ਹੁੰਦਾ ਸੀ। ਮੌਰੀਨ ਨੂੰ ਇਸ ਸੋਪ ਓਪੇਰਾ ਨੂੰ ਦੇਖਣ ਦਾ ਨਸ਼ਾ ਸੀ ਅਤੇ ਉਹ ਕਦੇ ਵੀ ਇਸ ਨੂੰ ਮਿੱਸ ਨਹੀਂ ਸੀ ਕਰਦੀ। ਉਸ ਵੇਲੇ ਮੇਰਾ ਦਫ਼ਤਰ ਬਹੁਤ ਵੱਡੇ ਕਮਰੇ ਵਿਚ ਸੀ, ਜਿਸ ਵਿਚ ਇਕ ਪਾਸੇ ਮੇਰੇ ਨਾਲ਼ ਕੰਮ ਕਰਨ ਵਾਲ਼ੇ ਵਿਦਿਆਰਥੀਆਂ ਲਈ ਟੇਬਲ ਅਤੇ ਕੁਰਸੀ ਲੱਗੇ ਹੋਏ ਸਨ। ਜਦੋਂ ਵੀ ਉਹ ਮੇਰੇ ਦਫ਼ਤਰ ਵਿਚ ਕੰਮ ਕਰਦੀ ਹੁੰਦੀ ਤਾਂ ਤਿੰਨ ਵਜੇ ਤੋਂ ਥੋੜ੍ਹੇ ਮਿੰਟ ਪਹਿਲਾਂ ਇਹ ਕਹਿ ਕੇ ਉੱਠ ਖੜ੍ਹਦੀ, "ਸੋਪ ਟਾਈਮ"ਅਤੇ ਆਪਣੇ ਕਮਰੇ ਨੂੰ ਚਲੇ ਜਾਂਦੀ ਜੋ ਯੂਨੀਵਰਸਿਟੀ ਦੇ ਹੋਸਟਲ ਵਿਚ ਹੀ

ਸੀ।

"ਪ੍ਰੋਫ਼ੈਸਰ ਮਾਨ, ਤੁਸੀਂ ਮੈਨੂੰ ਕੋਈ ਕੰਮ ਕਰਨ ਨੂੰ ਕਹਿੰਦੇ ਹੀ ਨਹੀਂ।" ਇਕ ਦਿਨ ਉਹ ਕੰਮ ਕਰਨ ਆਈ ਮੈਨੂੰ ਕਹਿੰਦੀ।

"ਮੌਰੀਨ, ਮੈਂ ਜੋ ਵੀ ਕੰਮ ਤੈਨੂੰ ਦਿੰਦਾ ਹਾਂ, ਤੂੰ ਕਰਦੀ ਰਹਿੰਦੀ ਏਂ।" ਮੈਂ ਕਿਹਾ।

"ਤੁਸੀਂ ਕੋਈ ਹੋਰ ਕੰਮ ਕਰਨ ਨੂੰ ਨਹੀਂ ਕਹਿੰਦੇ।"

"ਮੌਰੀਨ, ਮੈਨੂੰ ਤੇਰੇ ਤੋਂ ਹੋਰ ਕੋਈ ਕੰਮ ਕਰਾਉਣ ਦੀ ਲੋੜ ਨਹੀਂ।" ਮੈਂ ਉਸ ਦੀ ਗੱਲ ਸਮਝ ਗਿਆ ਸੀ ਅਤੇ ਮੇਰਾ ਜਵਾਬ ਸੀ।

*****

ਅਮਰੀਕਾ ਦੇ ਸਾਊਥ ਵਿਚ ਇਕ ਛੋਟਾ ਜਿਹਾ ਮੁਲਕ ਹੈ ਬਹਾਮਾਜ਼ (Bahamas) ਜੋ ਇਕ ਟਾਪੂ ਹੈ। ਬਹੁਤ ਸਾਰੇ ਲੋਕ ਇੱਥੇ ਸੈਰ-ਸਪਾਟੇ ਲਈ ਜਾਂਦੇ ਹਨ ਅਤੇ ਇਹੋ ਇੱਥੇ ਦੇ ਲੋਕਾਂ ਦੇ ਰੁਜ਼ਗਾਰ ਦਾ ਮੁੱਖ ਸਾਧਨ ਹੈ। ਸਾਲ 1988 ਦੇ ਕਰੀਬ ਇਸ ਮੁਲਕ ਤੋਂ ਇਕ ਵਿਦਿਆਰਥਣ, ਲੂਸ਼ੀਆ (Lucia), ਅਰਥ ਸ਼ਾਸਤਰ ਦੀ ਬੀ.ਏ. ਕਰਨ ਲਈ ਈਸਟਰਨ ਆਈ। ਬਹੁਤ ਹੀ ਲਾਇਕ ਵਿਦਿਆਰਥਣ ਸੀ ਅਤੇ ਪਿਆਰੀ ਵੀ ਬਹੁਤ ਸੀ। ਮੈਨੂੰ ਮਿਲ਼ਣ ਉਹ ਆਮ ਹੀ ਮੇਰੇ ਦਫ਼ਤਰ ਵਿਚ ਆਉਂਦੀ। ਉਸ ਨੇ ਮੇਰੇ ਨਾਲ਼ ਤਿੰਨ ਜਾਂ ਚਾਰ ਕਲਾਸਾਂ ਲਈਆਂ ਸਨ। ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ, ਮੈਂ ਆਪਣੇ ਵਿਦਿਆਰਥੀਆਂ ਨਾਲ਼ ਬਹੁਤ ਪਿਆਰ ਵਾਲ਼ਾ ਵਿਵਹਾਰ ਕਰਦਾ ਸੀ ਅਤੇ ਮੇਰੇ ਕਈ ਵਿਦਿਆਰਥੀ ਮੇਰੇ ਦਫ਼ਤਰ ਆ ਕੇ ਮੇਰੇ ਨਾਲ਼ ਜ਼ਿੰਦਗੀ ਬਾਰੇ ਆਮ ਗੱਲਾਂ ਕਰਦੇ ਰਹਿੰਦੇ ਸਨ। ਲੂਸ਼ੀਆ ਵੀ ਕਈ ਵਾਰੀ ਮੇਰੇ ਦਫ਼ਤਰ ਆ ਜਾਂਦੀ ਸੀ। ਲੂਸ਼ੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ ਕਾਫ਼ੀ ਪਾਪੂਲਰ ਸੀ। ਉਸ ਦੇ ਚਿਹਰੇ 'ਤੇ ਹਰ ਵੇਲੇ ਮੁਸਕਰਾਹਟ ਰਹਿੰਦੀ ਸੀ। ਸਾਡੀ ਯੂਨੀਵਰਸਿਟੀ ਵਿਚ ਥੋੜ੍ਹੇ ਜਿਹੇ ਹਿੰਦੁਸਤਾਨੀ ਅਤੇ ਪਾਕਿਸਤਾਨੀ ਵਿਦਿਆਰਥੀ ਵੀ ਸਨ।

"ਪ੍ਰੋਫ਼ੈਸਰ ਮਾਨ, ਮੈਨੂੰ ਪਤਾ ਤੁਹਾਡੇ ਨਾਂ ਪ੍ਰੇਮ ਦਾ ਕੀ ਮਤਲਬ ਹੈ।" ਇਕ ਦਿਨ ਉਹ ਮੈਨੂੰ ਮਿਲ਼ਣ ਆਈ ਹੱਸ ਕੇ ਕਹਿੰਦੀ।

"ਤੈਨੂੰ ਕਿਵੇਂ ਪਤਾ?ਤੂੰ ਕਿਸੇ ਤੋਂ ਪੁੱਛਿਆ?" ਮੈਂ ਵੀ ਹੱਸ ਕੇ ਉਸ ਨੂੰ ਆਖਿਆ।

"ਮੈਂ ਇਕ ਇੰਡੀਅਨ ਦੋਸਤ ਨੂੰ ਪੁੱਛਿਆ ਹੈ।"

"ਤੂੰ ਹੁਣ ਇਸ ਨੂੰ ਆਪਣੇ ਤੱਕ ਹੀ ਰੱਖੀਂ ਐਵੇਂ ਨਾ ਹੋਰ ਵਿਦਿਆਰਥੀਆਂ ਨੂੰ ਦੱਸਦੀ ਫਿਰੀਂ।" ਮੈਂ ਮੁਸਕਰਾਉਂਦਿਆਂ ਹੋਇਆਂ ਉਸ ਨੂੰ ਕਿਹਾ।

ਇਕ ਵਾਰੀ ਸ਼ੁੱਕਰਵਾਰ ਨੂੰ ਸਵੇਰੇ 8:00 ਵਜੇ ਇਕ ਵਿਦਿਆਰਥੀ ਮੈਨੂੰ ਮੇਰੇ ਦਫ਼ਤਰ ਵਿਚ ਮਿਲ਼ਣ ਆਇਆ। ਉਸ ਨੇ ਗੱਲਾਂ ਕਰਦਿਆਂ ਦੱਸਿਆ ਕਿ ਡੀਨ ਦਾ ਆਫ਼ਿਸ ਰੈਸਟੋਰੈਂਟ ਵਿਚ ਪਿਛਲੀ ਰਾਤ ਨੂੰ ਹੋਈ ਪਾਰਟੀ ਵਿਚ ਲੂਸ਼ੀਆ ਇਕ ਟੇਬਲ 'ਤੇ ਚੜ੍ਹ ਕੇ ਨੱਚੀ ਸੀ। ਜਿਵੇਂ ਮੈਂ ਪਹਿਲਾਂ ਕਿਹਾ, ਵੀਰਵਾਰ ਦੀ ਰਾਤ ਨੂੰ ਆਮ-ਤੌਰ

’ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਘਰੀਂ ਅਤੇ ਰੈਸਟੋਰੈਂਟਾਂ ਵਿਚ ਪਾਰਟੀਆਂ ਕਰਨ ਲਈ ਮਸ਼ਹੂਰ ਹਨ। ਇਸ ਨੂੰ ਹੈਪੀ ਆਵਰਜ਼ (happy hours) ਕਿਹਾ ਜਾਂਦਾ ਹੈ। ਇਸ ਤਰ੍ਹਾਂ ਹਰ ਵੀਰਵਾਰ ਰਾਤ ਨੂੰ ਡੀਨ ਦਾ ਆਫ਼ਿਸ ਰੈਸਟੋਰੈਂਟ ਵਿਚ ਵੀ ਤੜਕੇ ਦੋ ਵਜੇ ਤੱਕ ਵਿਦਿਆਰਥੀ ਪਾਰਟੀ ਕਰਦੇ ਰਹਿੰਦੇ ਸਨ।ਇਸ ਦਿਨ ਬਾਕੀ ਦਿਨਾਂ ਨਾਲ਼ੋਂ ਸ਼ਰਾਬ ਵੀ ਸਸਤੀ ਵੇਚੀ ਜਾਂਦੀ ਸੀ। ਸ਼ੁੱਕਰਵਾਰ ਨੂੰ ਮੇਰੀ ਕਲਾਸ 10:00 ਵਜੇ ਸੀ, ਜਿਸ ਵਿਚ ਲੂਸ਼ੀਆ ਵੀ ਸੀ। ਮੈਂ ਜਦੋਂ ਕਲਾਸ ਪੜ੍ਹਾ ਰਿਹਾ ਸੀ ਤਾਂ ਲੂਸ਼ੀਆ ਨੇ ਕਈ ਵਾਰੀ ਉਬਾਸੀਆਂ ਲਈਆਂ।

“ਲੂਸ਼ੀਆ, ਤੂੰ ਲਗਾਤਾਰ ਉਬਾਸੀਆਂ ਲੈ ਰਹੀ ਏਂ। ਲਗਦਾ ਤੂੰ ਰਾਤੀਂ ਸੁੱਤੀ ਨਹੀਂ।” ਮੈਂ ਕਿਹਾ।

“ਪ੍ਰੋਫ਼ੈਸਰ ਮਾਨ, ਮੈਂ ਸੁੱਤੀ ਤਾਂ ਸੀ ਪਰ ਥਕਾਵਟ ਜਿਹੀ ਮਹਿਸੂਸ ਕਰ ਰਹੀ ਆਂ।”

“ਮੈਂ ਸੁਣਿਆ ਤੂੰ ਰਾਤੀਂ ਦੋ ਵਜੇ ਤੱਕ ਡੀਨ ਵਿਚ ਪਾਰਟੀ ਕਰਦੀ ਰਹੀ ਸੀ। ਮੈਂ ਸੁਣਿਆ ਤੂੰ ਟੇਬਲ ’ਤੇ ਚੜ੍ਹ ਕੇ ਖ਼ੂਬ ਡਾਂਸ ਕੀਤਾ ਸੀ।” ਸਾਰੀ ਕਲਾਸ ਹੱਸ ਪਈ ਪਰ ਲੂਸ਼ੀਆ ਦਾ ਚਿਹਰਾ ਥੋੜ੍ਹਾ ਲਾਲ ਹੋ ਗਿਆ। ਮੇਰੇ ਵਿਦਿਆਰਥੀ ਜਾਣਦੇ ਸਨ ਕਿ ਮੈਂ ਕਲਾਸ ਵਿਚ ਮਖ਼ੌਲ ਕਰਦਾ ਰਹਿੰਦਾ ਸੀ।

ਲੂਸ਼ੀਆ ਨੇ ਕਲਾਸ ਵਿਚ ਤਾਂ ਕੁਝ ਨਾ ਕਿਹਾ ਪਰ ਬਾਅਦ ਵਿਚ ਮੇਰੇ ਦਫ਼ਤਰ ਆਈ ਅਤੇ ਹੱਸਦੀ ਹੋਈ ਕਹਿਣ ਲੱਗੀ, “ਪ੍ਰੋਫ਼ੈਸਰ ਮਾਨ, ਤੁਸੀਂ ਕਲਾਸ ਵਿਚ ਮੈਨੂੰ ਬਹੁਤ ਸ਼ਰਮਿੰਦਾ ਕੀਤਾ।” ਮੈਂ ਮੁਸਕਰਾਉਣ ਤੋਂ ਸਿਵਾਏ ਕੁਝ ਨਾ ਕਿਹਾ।

ਲੂਸ਼ੀਆ ਨੇ ਆਪਣੇ ਨਾਲ਼ ਪੜ੍ਹਦੇ ਕਾਲ਼ੇ ਰੰਗ ਦੇ ਲੜਕੇ ਰਿਚਰਡ ਨਾਲ਼ ਸ਼ਾਦੀ ਕਰ ਲਈ ਸੀ। ਬੀ.ਏ. ਕਰ ਕੇ ਉਹ ਦੋਵੇਂ ਹੀ ਬਹਾਮਾਜ਼ ਨੂੰ ਚਲੇ ਗਏ। ਉਸ ਤੋਂ ਦੋ ਕੁ ਸਾਲਾਂ ਬਾਅਦ ਲੂਸ਼ੀਆ ਨੇ ਇੰਗਲੈਂਡ ਤੋਂ ਬਰਿਸਟਰ ਦੀ ਡਿਗਰੀ ਹਾਸਲ ਕਰ ਲਈ ਸੀ ਅਤੇ ਉਹ ਬਹਾਮਾਜ਼ ਵਿਚ ਵਕਾਲਤ ਕਰਨ ਲੱਗ ਪਈ ਸੀ। ਕਦੇ-ਕਦੇ ਹਾਲੇ ਵੀ ਉਹ ਮੇਰੇ ਨਾਲ਼ ਤਾਲ-ਮੇਲ ਰੱਖਦੀ ਹੈ। ਦੋ ਕੁ ਸਾਲ ਪਹਿਲਾਂ ਉਸ ਨੇ ਦੱਸਿਆ ਸੀ ਕਿ ਉਸ ਦੀ ਬੇਟੀ ਨਿਊਯਾਰਕ ਵਿਚ ਪੜ੍ਹਦੀ ਹੈ।

*****

ਇਸ ਤਰ੍ਹਾਂ ਮੇਰੇ ਪਹਿਲੇ ਅੱਠ ਸਾਲ ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ ਵਿਚ ਬਹੁਤ ਹੀ ਦਿਲਚਸਪ ਰਹੇ। ਮੈਂ ਆਪਣੇ ਨਾਲ਼ ਪੜ੍ਹਾਉਣ ਵਾਲ਼ੇ ਪ੍ਰੋਫ਼ੈਸਰਾਂ ਅਤੇ ਆਪਣੇ ਵਿਦਿਆਰਥੀਆਂ ਨਾਲ਼ ਬਹੁਤ ਮੋਹ-ਮੁਹੱਬਤ ਵਾਲ਼ਾ ਵਿਵਹਾਰ ਕਰਦਾ ਸੀ। ਮੈਨੂੰ ਜੋ ਪਿਆਰ ਅਤੇ ਸਤਿਕਾਰ ਮੇਰੇ ਨਾਲ਼ ਪੜ੍ਹਾਉਣ ਵਾਲ਼ੇ ਪ੍ਰੋਫ਼ੈਸਰਾਂ ਅਤੇ ਮੇਰੇ ਵਿਦਿਆਰਥੀਆਂ ਤੋਂ ਮਿਲ਼ਿਆ, ਉਹ ਹਮੇਸ਼ਾ ਲਈ ਮੇਰੀਆਂ ਯਾਦਾਂ ਵਿਚ ਉੱਕਰਿਆ ਹੋਇਆ ਹੈ।

*****

# ਸਮਾਨਤਾ, ਨਵ-ਸਾਮਰਾਜ ਅਤੇ ਪੰਜਾਬੀ ਸਾਹਿਤ ਦਾ ਸਮਕਾਲੀ ਦ੍ਰਿਸ਼

-ਪ੍ਰੋ. ਧਨਵੰਤ ਕੌਰ

ਮਨੁੱਖ ਨੇ, ਮਨੁੱਖੀ ਚੇਤਨਾ ਨੇ ਜਦੋਂ ਜੰਗਲ ਰਾਜ ਦੇ ਸਮਵਿੱਥ ਮਨੁੱਖੀ ਸਮਾਜ ਸਿਰਜਣ ਦਾ ਸੁਪਨਾ ਲਿਆ ਤਾਂ, ਬਿਨਾਂ ਸ਼ੱਕ, ਚਾਹਤ ਇਕ ਅਜਿਹਾ ਨਿਜ਼ਾਮ ਸਿਰਜਣਾ ਸੀ, ਜਿੱਥੇ ਮਾੜਾ ਤਕੜੇ ਦਾ ਖਾਜਾ ਨਾ ਬਣੇ। ਪਰ ਮਨੁੱਖੀ ਸਭਿਅਤਾ ਦਾ ਹੁਣ ਤੱਕ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖਤਾ, ਹਾਲ ਦੀ ਘੜੀ, ਸਭ ਲਈ ਸਮਾਨਤਾ ਭਰੇ ਜੀਵਨ ਦਾ ਹੱਕ ਦੇ ਇਸ ਕਦੀਮੀ ਅਤੇ ਅਜ਼ੀਮ ਤਰੀਨ ਸੁਪਨੇ ਨੂੰ ਸਾਕਾਰ ਕਰਨ ਵਿੱਚ ਸਫਲ ਨਹੀਂ ਹੋ ਸਕੀ। ਮਨੁੱਖਤਾ ਦਾ ਇਤਿਹਾਸ ਅਜਿਹੇ ਅਣਗਿਣਤ ਪ੍ਰਮਾਣਾਂ ਨਾਲ ਲੱਦਿਆ ਹੋਇਆ ਹੈ, ਜਿੱਥੇ ਮਾੜੇ ਤਕੜਿਆਂ ਦਾ ਧੱਕਾ, ਧੌਂਸ, ਜਬਰ, ਜ਼ੁਲਮ ਸਹਿਣ ਲਈ ਮਜਬੂਰ ਹਨ। ਰੋਜ਼ਮਰ੍ਹਾ ਦੇ ਜੀਵਨ ਵਿੱਚੋਂ ਹੀ, ਮਨੁੱਖ ਵਲੋਂ ਮਨੁੱਖ ਨਾਲ ਕੀਤੇ ਜਾ ਰਹੇ ਵਿਤਕਰਿਆਂ ਕਰਕੇ ਮਨੁੱਖਤਾ ਦੇ ਹੋ ਰਹੇ ਘਾਣ ਦੀਆਂ ਬੇਸ਼ੁਮਾਰ ਗਵਾਹੀਆਂ ਲੱਭਣੀਆਂ ਮੁਸ਼ਕਿਲ ਨਹੀਂ।ਪਰ ਮਨੁੱਖੀ ਚੇਤਨਾ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸਨੇ ਸਮਾਨਤਾ ਦਾ ਸੁਪਨਾ ਕਦੇ ਮਰਨ ਨਹੀਂ ਦਿੱਤਾ। ਬਲਕਿ ਹਰ ਪੜਾਅ 'ਤੇ ਮਨੁੱਖੀ ਪਛਾਣ ਨੂੰ, ਮਨੁੱਖ ਦੇ ਮਨੁੱਖ ਹੋਣ ਦੇ ਗੌਰਵ ਨੂੰ ਤਸਲੀਮ ਕਰਨ ਅਤੇ ਸਾਰੇ ਮਨੁੱਖਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਦੀ ਵੱਡੀ ਕਦਰ ਨੂੰ ਹਮੇਸ਼ਾਂ ਮੂਹਰੇ ਰੱਖਿਆ ਹੈ।

ਮਨੁੱਖ ਦੀ ਪਾਰਗਾਮੀ ਚੇਤਨਾ ਦੇ ਹੋਰ ਬਹੁਤ ਸਾਰੇ ਪ੍ਰਗਟਾਵਿਆਂ ਵਿੱਚੋਂ ਸਾਹਿਤ ਇਕ ਅਜਿਹੀ ਸਿਰਜਣਾ ਹੈ, ਜਿਸ ਨੇ ਮਨੁੱਖੀ ਸੰਵੇਦਨਾ ਅਤੇ ਚੇਤਨਾ ਦੇ ਇਸ ਕਦੀਮੀ ਸੁਪਨੇ ਨੂੰ ਸੰਜੋਈ ਰੱਖਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਹਰ ਦੌਰ, ਹਰ ਸਮਾਜ ਸਭਿਆਚਾਰ ਵਿੱਚ ਸਾਹਿਤ ਨੇ ਮਾੜਿਆਂ ਲਤਾੜਿਆਂ ਦੀ ਧਿਰ ਬਣਦਿਆਂ ਉਹਨਾਂ ਦੇ ਮਨੁੱਖੀ ਗੌਰਵ ਨੂੰ ਦ੍ਰਿੜਾਇਆ ਹੈ। ਸਾਹਿਤ ਨੇ ਮਨੁੱਖ ਦੇ ਮਨੁੱਖ ਹੋਣ ਦੀ ਵੱਡੀ ਕਦਰ ਨੂੰ ਪਹਿਲ ਦਿੰਦਿਆਂ, ਸਭ ਲਈ ਆਜ਼ਾਦੀ ਅਤੇ ਬਰਾਬਰੀ ਦੇ ਹੱਕ ਨੂੰ ਮਾਨਤਾ ਦਿੰਦਿਆਂ, ਮਨੁੱਖੀ ਸਮਾਨਤਾ ਦਾ ਅਜੰਡਾ ਆਪਣੀ ਸਰੋਕਾਰਤਾ ਵਿਚੋਂ ਕਦੇ ਮਨਫ਼ੀ ਨਹੀਂ ਹੋਣ ਦਿੱਤਾ। ਪੰਜਾਬੀ ਸਾਹਿਤ ਦੀ ਵੱਡੀ, ਲੋਕ ਹਿੱਤਾਂ ਨੂੰ ਪ੍ਰਚਾਰਨ ਪ੍ਰਸਾਰਨ ਵਾਲੀ ਮਾਣਮੱਤੀ ਵਿਰਾਸਤ ਇਸਦਾ ਪੁਖ਼ਤਾ ਪ੍ਰਮਾਣ ਹੈ।ਇਹ ਨਿਰੋਲ ਸਿਆਸੀ ਮਸਲਾ ਮਾਤਰ ਨਹੀਂ ਹੈ। ਸਮੁੱਚੀ ਮਾਨਵ ਜਾਤੀ ਹੀ ਨਹੀਂ, ਕੁਦਰਤ ਕਾਇਨਾਤ ਲਈ ਇਹ ਕੇਂਦਰੀ ਅਤੇ ਮੁੱਖ ਹੈ।ਸਮਾਨਤਾ ਦੇ ਹਵਾਲੇ ਨਾਲ ਅਜੋਕੇ ਸਮਿਆਂ ਵਿੱਚ, ਪੰਜਾਬੀ ਪਛਾਣ/ਰਹਿਤਲ/ ਲੋਕਾਈ ਨੂੰ ਦਰਪੇਸ਼ ਵੰਗਾਰਾਂ ਅਤੇ ਇਨ੍ਹਾਂ ਵੰਗਾਰਾਂ ਪ੍ਰਤੀ ਪੰਜਾਬੀ ਰਚਨਾਤਮਕਤਾ ਦੀ ਵਾਬਸਤਗੀ, ਮੇਰੀ ਜਾਚੇ, ਪੰਜਾਬੀ ਸਾਹਿਤ ਦੇ ਸਮਕਾਲੀ ਦ੍ਰਿਸ਼ ਨੂੰ ਜਾਨਣ ਸਮਝਣ ਦਾ ਇਕ ਮਹੱਤਵਪੂਰਨ ਜ਼ਾਵੀਆ ਹੋ ਸਕਦਾ ਹੈ।

ਸਾਹਿਤ ਦੀ ਬਿਰਤੀ ਅਤੇ ਪ੍ਰਕਿਰਤੀ ਨੂੰ ਜਾਨਣ ਵਾਲੇ ਇਹ ਭਲੀਭਾਂਤ ਜਾਣਦੇ

ਹਨ ਕਿ ਜੀਣ ਥੀਣ ਦੇ ਭਖਦੇ ਮਸਲਿਆਂ ਅਤੇ ਸੁਲਗਦੇ ਸਵਾਲਾਂ ਨੂੰ ਸਭ ਤੋਂ ਪਹਿਲਾਂ ਸਾਹਿਤ ਵਿੱਚ ਹੀ ਥਾਂ ਮਿਲਦੀ ਹੈ। ਸਮਕਾਲੀ ਪੰਜਾਬੀ ਸਾਹਿਤ ਉਤੇ ਪਾਈ ਇਕ ਸਰਸਰੀ ਝਾਤ ਵੀ, ਸਹਿਜੇ ਹੀ ਇਹ ਧਾਰਨਾ ਬਣਾਉਣ ਲਈ ਬਲ ਅਤੇ ਪ੍ਰਮਾਣ ਮੁਹਈਆ ਕਰ ਰਹੀ ਹੈ ਕਿ ਸਮਕਾਲ ਦਾ ਹਰ ਜ਼ਿੰਮੇਵਾਰ ਲੇਖਕ ਆਪਣੇ ਸਮਿਆਂ ਲਈ ਲਿਖ ਰਿਹਾ ਹੈ। ਪੰਜਾਬੀ ਰਹਿਤਲ ਦਾ ਬੜੀ ਤੇਜ਼ੀ ਨਾਲ, ਓਹਲਿਆਂ ਹੇਠ ਬਦਲਦਾ ਪਰਿਦ੍ਰਿਸ਼ ਅਤੇ ਅਸਾਵੇਂ ਭੇੜ ਵਿੱਚ ਪਈਆਂ ਪੰਜਾਬੀ ਸ਼ਨਾਖਤਾਂ ਉਸਦੀ ਪਹਿਲੀ ਸਰੋਕਾਰਤਾ ਬਣੀਆਂ ਹੋਈਆਂ ਹਨ। ਇਕੀਵੀਂ ਸਦੀ ਦੀ ਪਹਿਲੀ ਚੌਥਾਈ ਦਾ ਇਹ ਉਹ ਵਰਤਮਾਨ ਹੈ, ਜਿਸ ਵਿੱਚ ਸਮਿਆਂ ਦੀ ਗਤੀ ਦੀ ਦਰ ਅਤੇ ਦਿਸ਼ਾ ਹੀ ਅਸਧਾਰਨ ਨਹੀਂ ,ਚੁਣੌਤੀਆਂ ਅਤੇ ਸੰਕਟ ਵੀ ਅਣਕਿਆਸੇ ਹਨ। ਆਵਾਜਾਈ ਦੇ, ਸੰਚਾਰ ਦੇ ਸਾਧਨਾਂ ਨੇ ਮਨੁੱਖ ਨੂੰ ਨੇੜੇ ਨੇੜੇ ਲੈ ਆਂਦਾ ਹੈ, ਪਰ ਆਮ ਲੋਕਾਈ ਦੀਆਂ ਮੁਸ਼ਕਲਾਂ, ਮੁਸੀਬਤਾਂ ਦੀ ਗਿਣਤੀ, ਭਾਰ ਅਤੇ ਆਕਾਰ ਦਿਨੋ ਦਿਨ ਵੱਧ ਰਿਹਾ ਹੈ। ਸਾਡਾ ਲੋਕ ਪੱਖੀ ਚਿੰਤਨ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦਾ ਪਾਠ ਪੜ੍ਹਾਉਂਦਾ ਦ੍ਰਿੜਾਉਂਦਾ ਰਿਹਾ ਹੈ, ਪਰ ਸਮਕਾਲ ਵਿੱਚ ਮਾਨਸ ਵਾਲੀ ਵੱਡੀ ਪਛਾਣ ਦੀ ਥਾਂ ਰੰਗਾਂ, ਨਸਲਾਂ, ਧਰਮਾਂ, ਜਾਤਾਂ, ਜਮਾਤਾਂ ਦੀਆਂ ਵੰਡੀਆਂ ਪਾਉਣ ਵਾਲੀਆਂ ਪਛਾਣਾਂ ਵੱਡੀਆਂ ਅਤੇ ਤਰਜੀਹੀ ਬਣਾਈਆਂ ਜਾ ਰਹੀਆਂ ਹਨ। ਜਿਵੇਂ ਜਿਵੇਂ ਦੁਨੀਆ ਛੋਟੀ ਹੋ ਰਹੀ ਹੈ ਰੰਗ, ਨਸਲ, ਜਾਤ, ਜਮਾਤ, ਜੈਂਡਰ, ਧਰਮ ਦੇ ਆਸਰੇ ਵੱਡੇ ਹੁੰਦੇ ਜਾ ਰਹੇ ਹਨ। ਆਮ ਲੋਕਾਈ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਸਥਾਨਕ, ਕੌਮੀ, ਕੌਮਾਂਤਰੀ ਖ਼ਬਰ ਜਗਤ ਹਿੰਸਾ, ਹਤਿਆਵਾਂ, ਧੱਕੇ, ਧੌਂਸ, ਗ਼ਰੀਬੀ, ਭੁੱਖਮਰੀ, ਭਰਿਸ਼ਟਾਚਾਰ, ਬੇਰੁਜ਼ਗਾਰੀ, ਪਰਵਾਸ, ਪਨਾਹਗ਼ੀਰੀ ਅਤੇ ਇਕਲਾਪੇ ਦੇ ਤਣਾਅ ਨਾਲ ਭਰਿਆ ਪਿਆ ਹੈ।

ਇਹੀ ਈਥੌਸ ਅਤੇ ਇਸੇ ਲੋਕਾਈ ਦਾ ਵਰਤਮਾਨ ਅਤੇ ਭਵਿੱਖ ਹੀ ਸਮਕਾਲੀ ਪੰਜਾਬੀ ਸਾਹਿਤ ਦੇ ਪ੍ਰਤੱਖਣ ਵਿੱਚ ਹੈ। ਅਜੋਕੇ ਮਨੁੱਖ ਦੀਆਂ ਹੋਂਦ-ਹੋਣੀਆਂ ਵਿੱਚ ਦਖਲ-ਅੰਦਾਜ਼ ਪਰਿਸਥਿਤੀਆਂ ਹੀ ਨਹੀਂ, ਇਨ੍ਹਾਂ ਨੂੰ ਮੁਖ਼ਾਤਿਬ ਹੋਣ ਦੇ ਢੰਗ ਤਰੀਕਿਆਂ ਪ੍ਰਤੀ ਨਿੱਠ ਕੇ ਕੀਤਾ ਚਿੰਤਨ ਮਨਨ ਵੀ ਸਾਹਿਤ ਨੂੰ ਨਵੇਂ ਅਨੁਭਵਾਂ, ਅਹਿਸਾਸਾਂ, ਅੰਤਰਦ੍ਰਿਸ਼ਟੀਆਂ ਨਾਲ ਲੈਸ ਕਰ ਰਿਹਾ ਹੈ। ਇਸੇ ਵਰਤਮਾਨ ਦੀਆਂ ਹਕੀਕਤਾਂ ਅਤੇ ਵੰਗਾਰਾਂ ਨੂੰ ਮਨੁੱਖੀ ਸਮਾਨਤਾ ਦੀ ਕਦੀਮੀ ਚਾਹਤ ਦੇ ਸਮਵਿੱਥ ਰੱਖਦਿਆਂ ਸਮਕਾਲੀ ਪੰਜਾਬੀ ਸਾਹਿਤ ਲੋਕਾਈ ਦੀ ਧਿਰ ਹੀ ਨਹੀਂ ਬਣ ਰਿਹਾ, ਇਸ ਸੁਪਨੇ ਦੀ ਸਾਕਾਰਤਾ ਦੇ ਰਾਹ ਵਿੱਚ ਅੜਿੱਕਾ ਬਣ ਰਹੀਆਂ ਲੋਕ ਵਿਰੋਧੀ ਤਾਕਤਾਂ/ਵਰਤਾਰਿਆਂ ਦੀ ਨਿਸ਼ਾਨਦੇਹੀ ਵੀ ਕਰ ਰਿਹਾ ਹੈ। ਇਨ੍ਹਾਂ ਲੋਕ ਵਿਰੋਧੀ ਵਰਤਾਰਿਆਂ ਵਿਚੋਂ ਹੀ ਉੱਘੜਵਾਂ ਹੈ, ਪੰਜਾਬੀ ਸ਼ਾਇਰਾਂ ਵਲੋਂ ਖੂੰਖਾਰ ਦੈਂਤ ਦੇ ਕਾਵਿਕ ਮੈਟਾਫਰ ਵਿਚ ਕਿਆਸਿਆ ਨਵ-ਸਾਮਰਾਜ। ਸਮਾਨਤਾ ਦੇ ਹਵਾਲੇ ਨਾਲ ਵਰਤਮਾਨ ਸਮਿਆਂ ਦੀ ਡਾਇਨੈਮਿਕਸ ਨੂੰ ਜਦੋਂ ਪੰਜਾਬੀ ਸ਼ਾਇਰ ਰਾਜਨੀਤਿਕ ਚੇਤਨਾ ਦੇ ਕ੍ਰਿਟੀਕਲ ਲੈਂਜ਼ ਵਿੱਚ ਪਾ ਕੇ ਦੇਖਦੇ ਹਨ, ਤਾਂ ਆਪਣੀਆਂ ਸੋਝੀਆਂ ਨਿਮਨ ਅਨੁਸਾਰ ਅੰਕਿਤ ਕਰਦੇ ਹਨ:

-ਇੱਕ ਪਾਸੇ ਦੈਂਤ ਏ ਹਾਬੜਿਆ
ਇੱਕ ਪਾਸੇ ਦੁੱਖ ਇਨਸਾਨ ਦਾ ਹੈ। (ਸੁਰਜੀਤ ਪਾਤਰ)
-ਨੌਂ ਗਿਆਰਾਂ ਤੋਂ ਬਾਅਦ ਹੋਰ ਖ਼ੂੰਖਾਰ ਹੋ ਗਿਆ ਹੈ- ਸਾਮਰਾਜਵਾਦ
ਪਸਰਦਾ ਜਾ ਰਿਹਾ ਹੈ ਕਾਰਪੋਰੇਟੀ ਵਿਸ਼ਵੀਕਰਨ- ਨਵ ਬਸਤੀਵਾਦ
ਹੋਰ ਮਜਬੂਤ ਹੋ ਗਿਆ ਹੈ ਧਰਮ ਤੰਤਰ-ਮੂਲਵਾਦ
ਤੇ ਫੈਲ ਰਿਹਾ ਹੈ ਦੋ ਧਾਰੀ ਆਤੰਕਵਾਦ
ਅਤੰਕਿਤ ਹੈ ਸਾਰਾ ਸੰਸਾਰ (ਪ੍ਰੋ ਹਰਭਜਨ ਸਿੰਘ )

ਲੋਕਾਈ ਦਾ ਇਹ ਦੁੱਖ, ਮਾਹੌਲ ਵਿੱਚ ਪਸਰਿਆ ਆਤੰਕ, ਹਰ ਸੰਵੇਦਨਸ਼ੀਲ ਕਲਮ ਦੀ ਨੋਕ 'ਤੇ ਹੈ। ਇਹਨਾਂ ਵੇਲਿਆਂ ਵਿੱਚ ਚੁੱਪ ਰਹਿਣਾ, ਅੱਖਾਂ ਮੀਟਣੀਆਂ ਸਮੇਂ ਦੇ ਪ੍ਰਤਿਭਾਵਾਨਾਂ ਲਈ ਲਾਹਨਤ ਹੈ। ਇਹ ਸਮਾਂ ਤਾਂ ਕਲਮਾਂ ਲਈ ਵੰਗਾਰ ਦਾ ਸਮਾਂ ਹੈ। ਇਸ ਦੈਂਤ ਦੀ ਸਰਪ੍ਰਸਤੀ ਕਬੂਲੀ ਬੈਠੀ ਸਟੇਟ ਦੀ ਆਮ ਲੋਕਾਈ ਦੀ ਹੋਣੀ ਪ੍ਰਤੀ ਬੇਨਿਆਜ਼ੀ ਬਾਰੇ ਸੰਵੇਦਨਸ਼ੀਲ ਵਿਵੇਕਸ਼ੀਲ ਵਿਅਕਤੀ ਦੇ ਮਨ ਵਿਚ ਕੋਈ ਸ਼ੱਕ ਸ਼ੁਬ੍ਹਾ ਨਹੀਂ। ਇਸ ਨਵ-ਸਾਮਰਾਜੀ ਦੈਂਤ ਦੇ ਮੂੰਹ ਆਈ ਲੋਕਾਈ ਦੇ, ਜ਼ਿੰਦਗੀ ਦੇ ਹਸ਼ਰ ਬਾਰੇ ਸੁਚੇਤਤਾ ਅਤੇ ਫ਼ਿਕਰਮੰਦੀ ਦਰਸਾਉਂਦੇ ਕੁਝ ਕਾਵਿ ਬੋਲ ਹਨ:

-ਵਿੱਚ ਅਮਰੀਕਾ ਸਾਡਾ ਨਾਂ
ਜਦ ਤੱਕ ਸਿਰ ਤੇ ਉਹਦੀ ਛਾਂ
ਕੱਟਾ ਚੋਈਏ ਭਾਵੇਂ ਗਾਂ
ਐ ਲੈ ਝੰਡੀ ਨੱਠਾ ਜਾ
ਉੱਠ ਗਰੀਬਾ ਭੰਗੜਾ ਪਾ
ਭੁੱਖਾ ਆਪਣਾ ਢਿੱਡ ਵਜਾ। ਬਾਬਾ ਨਜਮੀ)
-ਲਿਖਾਂ ਇੱਕ ਹੋਰ ਬਾਬਰਵਾਣੀ
ਜਾਂ ਗਰਕ ਜਾਵਾਂ
ਸ਼ਰਾਬਾਂ ਵਿੱਚ, ਸ਼ਬਾਬਾਂ ਵਿੱਚ, ਕਬਾਬਾਂ ਵਿੱਚ,
ਤੇ ਜ਼ਿੰਦਗੀ ਨੂੰ ਛੱਡ ਦਿਆਂ
ਤੜਪਣ ਲਈ
ਦੈਂਤ ਦੇ ਹੱਥਾਂ ਵਿੱਚ। (ਸੁਖਵਿੰਦਰ ਕੰਬੋਜ )

ਸਮਕਾਲ ਦੇ ਈਥੋਸ ਵਿੱਚ ਨਵ-ਸਾਮਰਾਜ/ਨਵ-ਬਸਤੀਵਾਦ ਇਕ ਅਜਿਹਾ ਸ਼ਬਦ/ਸਿਧਾਂਤ/ਸੰਕਲਪ/ਰਾਜਨੀਤਕ ਵਰਤਾਰਾ ਹੈ, ਜਿਹੜਾ ਗਲੋਬਲ ਹੋ ਚੁੱਕੀ ਦੁਨੀਆਂ ਨੂੰ ਗ੍ਰਿਫ਼ਤ ਵਿੱਚ ਲੈ,ਹਰ ਬਸ਼ਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਅਠਾਰ੍ਹਵੀਂ ਉਨੀਵੀਂ ਸਦੀ ਵਿੱਚ, ਯੂਰਪੀ ਤਾਕਤਾਂ ਦੀ ਰਾਜਨੀਤਕ ਇਜਾਰੇਦਾਰੀ ਦੀ ਲਾਲਸਾ ਨੂੰ ਪ੍ਰਗਟਾਉਣ ਵਾਲੇ, ਦੂਜੇ ਮੁਲਕਾਂ ਨੂੰ ਬਸਤੀਆਂ ਬਣਾ ਲੁੱਟਣ ਵਾਲੇ ਸਾਮਰਾਜੀ/ਬਸਤੀਵਾਦੀ ਵਰਤਾਰੇ ਤੋਂ ਅਸੀਂ ਸਾਰੇ ਵਾਕਿਫ਼ ਹਾਂ। ਵੀਹਵੀਂ ਸਦੀ ਤੇ ਪਹਿਲੇ ਅੱਧ ਵਿੱਚ, ਸਾਡੇ ਸਮੇਤ ਬਹੁਤ

ਸਾਰੇ ਮੁਲਕਾਂ ਨੇ ਲੰਮੇ ਸੰਘਰਸ਼ ਪਿਛੋਂ ਆਜ਼ਾਦੀ ਹਾਸਿਲ ਕੀਤੀ। ਹਾਲਾਂਕਿ ਮੁਲਕ ਛੱਡਣ ਉਪਰੰਤ ਵੀ ਉਨ੍ਹਾਂ ਦੀਆਂ ਲੋਟੂ ਨੀਤੀਆਂ ਅਤੇ ਸ਼ਾਤਰ ਚਾਲਾਂ ਦੀ ਇਨ੍ਹਾਂ ਬਸਤੀਆਂ ਵਿੱਚ ਦਖਲਅੰਦਾਜ਼ੀ ਬਣੀ ਰਹੀ। ਵਰਤਮਾਨ ਵਿੱਚ ਸਾਮਰਾਜੀ ਤਾਕਤਾਂ ਦੀ ਇਹ ਲਾਲਸਾ, ਆਪਣੇ ਪ੍ਰਭਾਵ ਖੇਤਰ ਦੀ ਜਕੜ ਅਤੇ ਪਕੜ ਵਧਾਉਣ ਲਈ ਜਿਨ੍ਹਾਂ ਨਵੀਆਂ ਨੀਤੀਆਂ ਤਹਿਤ ਕਾਰਜਸ਼ੀਲ ਹੈ, ਉਸ ਨੂੰ ਸਮਕਾਲੀ ਰਾਜਸੀ ਚਿੰਤਨ ਨੇ ਨਵ-ਸਾਮਰਾਜ/ਨਵ-ਬਸਤੀਵਾਦ ਦੇ ਵਰਤਾਰੇ ਹੇਠ ਸਿਧਾਂਤਬੱਧ ਕੀਤਾ ਹੈ। ਇਸ ਨਵ-ਸਾਮਰਾਜੀ ਵਰਤਾਰੇ ਦੇ ਲੱਛਣ ਅਤੇ ਨੀਤੀਆਂ ਸਮਾਜੀ ਰਾਜਸੀ ਚਿੰਤਨ ਨੇ ਨਿਮਨ ਅਨੁਸਾਰ ਪਛਾਣੇ ਹਨ:

1. ਵਿਸ਼ਵ ਚੌਧਰ ਲਈ ਸਾਮਰਾਜੀ ਤਾਕਤਾਂ ਦੀ ਘੱਟ ਵਿਕਸਿਤ/ਵਿਕਾਸਸ਼ੀਲ ਮੁਲਕਾਂ 'ਤੇ ਰਾਜਨੀਤਿਕ ਧੌਂਸ( ਜਿਹੜੀ ਇਨ੍ਹਾਂ ਗਰੀਬ ਮੁਲਕਾਂ ਵਿੱਚ ਕਠਪੁਤਲੀ ਸਰਕਾਰਾਂ ਬਣਾਉਣ, ਨਿਹੱਕੀਆਂ ਜੰਗਾਂ ਛੇੜਨ ਦੀ ਤਾਕ ਵਿੱਚ ਰਹਿੰਦੀ ਹੈ।)

2. ਸੁਪਰ ਮੁਨਾਫ਼ੇ ਲਈ ਕਾਰਪੋਰੇਟ ਤੰਤਰ ਦਾ ਜਾਲ(ਜਿਹੜਾ ਇਨ੍ਹਾਂ ਮੁਲਕਾਂ ਵਿੱਚ ਮੰਡੀਆਂ ਰਾਹੀਂ ਆਰਥਿਕ ਕੰਟਰੋਲ ਵੀ ਕਰਦਾ ਹੈ ਅਤੇ ਇਨ੍ਹਾਂ ਦੇ ਕੁਦਰਤੀ ਸ੍ਰੋਤਾਂ ਉਤੇ ਕਾਬਜ਼ ਵੀ ਹੁੰਦਾ ਹੈ।)

3. ਆਰਥਿਕ ਦੇ ਨਾਲ ਨਾਲ ਸੱਭਿਆਚਾਰਕ ਇਜਾਰੇਦਾਰੀ ਵਧਾਉਣ ਦਾ ਲੋਭ (ਜਿਹੜਾ ਦੁਨੀਆਂ ਭਰ ਵਿਚ ਗੋਰੀ ਨਸਲ ਆਪਣੇ ਧਰਮ ਅਤੇ ਸਭਿਅਤਾ ਦੀ ਸੁਪਰਮੇਸੀ ਬਣਾਈ ਰੱਖਣ ਲਈ ਮੀਡੀਏ ਦੀ ਵਰਤੋਂ ਕਰਦੀ ਹੈ ਅਤੇ ਸਭਿਆਚਾਰਕ ਪ੍ਰਭਾਵਾਂ ਦਬਾਵਾਂ ਨੂੰ ਬਣਾਈ ਰੱਖਣ ਲਈ ਕੂਟਨੀਤਕ ਚਾਲਾਂ ਵੀ ਚਲਦੀ ਹੈ।)

ਸਮਕਾਲ ਦਾ ਇਥੋਸ ਇਨ੍ਹਾਂ ਨਵ-ਸਾਮਰਾਜੀ ਮਨਸੂਬਿਆਂ ਦੀ ਜਟਿਲਤਾ, ਅਦ੍ਰਿਸ਼ਟਤਾ ਅਤੇ ਅਸਾਧਾਰਨ ਚੁਣੌਤੀਆਂ ਨਾਲ ਅੱਟਿਆ ਪਿਆ ਹੈ। ਨਵ-ਸਾਮਰਾਜ ਦੇ ਇਸ ਵਰਤਾਰੇ ਦੀ ਡਾਇਨੈਮਿਕਸ ਨੂੰ ਜਾਨਣ ਸਮਝਣ ਦੇ ਬਹੁਤ ਸਾਰੇ ਜ਼ਾਵੀਏ ਹਨ, ਪਰ ਸਾਡਾ ਹਵਾਲਾ ਪੰਜਾਬੀ ਸਾਹਿਤ ਹੈ। ਨਵ-ਸਾਮਰਾਜੀ ਮਨਸੂਬੇ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਕਿਵੇਂ ਦਖਲ ਅੰਦਾਜ਼ ਹਨ? ਸਾਨੂੰ, ਸਾਡੀ ਸੋਚ ਨੂੰ ਕਿਵੇਂ ਗ੍ਰਿਫ਼ਤ ਵਿੱਚ ਲੈ ਰਹੇ ਹਨ? ਸਾਡਾ ਅੰਦਰਲਾ ਹੁੰਗਾਰਾ, ਹੌਸਲਾ, ਤ੍ਰਾਣ ਇਹਨਾਂ ਦਰਪੇਸ਼ ਚੁਣੌਤੀਆਂ ਨੂੰ ਕਿਵੇਂ ਲੈ ਰਿਹਾ ਹੈ? ਇਹ ਸਭ ਕੁਝ ਜਾਨਣ ਦਾ ਫੌਰੀ, ਨੇੜਲਾ ਅਤੇ ਪ੍ਰਮਾਣਿਕ ਜ਼ਰੀਆ ਯਕੀਨਨ, ਸਾਡਾ ਸਾਹਿਤ ਹੀ ਹੋ ਸਕਦਾ ਹੈ। ਅਸੀਂ ਪੰਜਾਬੀ ਸਾਹਿਤ ਦੀਆਂ ਗਵਾਹੀਆਂ ਨਾਲ ਇਹ ਜਾਣਨਾ ਚਾਹੁੰਦੇ ਹਾਂ ਕਿ ਨਵ- ਸਾਮਰਾਜ ਦੇ ਇਨ੍ਹਾਂ ਮਨਸੂਬਿਆਂ ਦੇ ਪੰਜਾਬੀ ਲੋਕਾਈ, ਪੰਜਾਬੀ ਰਹਿਤਲ, ਪੰਜਾਬੀ ਸ਼ਨਾਖ਼ਤਾਂ ਅਤੇ ਪੰਜਾਬੀ ਸਮਾਜਾਂ ਲਈ ਕੀ ਮਾਇਨੇ ਬਣਦੇ ਹਨ। ਨਵ-ਸਾਮਰਾਜੀ ਵਰਤਾਰਾ ਅਤੇ ਨੀਤੀਆਂ ਪੰਜਾਬੀ ਲੋਕਾਈ ਲਈ ਕਿਹੋ ਜਿਹੇ ਸੰਕਟ, ਪ੍ਰਭਾਵ ਅਤੇ ਦਬਾਅ ਲੈ ਕੇ ਆਈਆਂ ਹਨ ਅਤੇ ਦੂਜੇ ਪਾਸੇ ਇਹ ਵੀ ਜਾਣਨਾ ਚਾਹੁੰਦੇ ਹਾਂ ਕਿ ਇਹਨਾਂ ਦੀ ਜ਼ਦ ਵਿੱਚ ਆਈਆਂ ਪੰਜਾਬੀ ਸ਼ਨਾਖ਼ਤਾਂ/ਪੰਜਾਬੀ ਸਮਾਜ ਇਨ੍ਹਾਂ ਚੁਣੌਤੀਆਂ ਨਾਲ ਕਿਵੇਂ

ਸਿੱਝ ਰਿਹਾ ਹੈ?ਇਸ ਨਵ-ਸਾਮਰਾਜੀ ਵਰਤਾਰੇ ਦੀ ਬਰਬਰਤਾ ਅਤੇ ਆਤੰਕ ਦੇ ਮੂੰਹ ਆਈ ਪੰਜਾਬੀ ਲੋਕਾਈ ਦੀ ਚੇਤਨਾ ਸੰਵੇਦਨਾ ਕੋਲ ਕਿਹੋ ਜਿਹੇ ਬਦਲ ਪ੍ਰਤੀ ਬਦਲ ਹਨ?

ਸਮਕਾਲੀ ਪੰਜਾਬੀ ਸਾਹਿਤ ਵਿਚ ਇਸ ਵਰਤਾਰੇ ਦੇ ਠੋਸ ਅਤੇ ਨਿਕਟਵਰਤੀ ਪ੍ਰਮਾਣਾਂ ਦੀ ਨਿਸ਼ਾਨਦੇਹੀ ਵੇਲੇ ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਸਮਕਾਲੀ ਪੰਜਾਬੀ ਸਾਹਿਤ ਵਿੱਚ ਇਸ ਵੇਲੇ ਪੇਸ਼ ਹੋ ਰਹੀ ਪੰਜਾਬੀ ਰਹਿਤਲ, ਪੰਜਾਬੀ ਸਮਾਜ ਜਾਂ ਪੰਜਾਬੀ ਲੋਕਾਈ ਅਤੇ ਉਸਦੀਆਂ ਹੋਣੀਆਂ ਨੂੰ ਇੱਕਰੂਪਤਾ ਵਿੱਚ ਜਾਂ ਅਖੰਡ ਰੂਪ ਵਿੱਚ ਪਛਾਣਨਾ/ਵਿਚਾਰਨਾ ਸੰਭਵ ਨਹੀਂ। ਇਹ ਪੰਜਾਬੀ ਲੋਕਾਈ ਦੇ ਮੌਜੂਦਾ ਟਿਕਾਣਿਆਂ ਕਰਕੇ ਵੀ ਹੈ ਅਤੇ ਪੰਜਾਬੀ ਸ਼ਨਾਖਤਾਂ ਦੇ ਬਹੁਨਸਲੀ, ਬਹੁਧਰਮੀ, ਜਾਤੀ ਜਮਾਤੀ ਚਰਿਤਰ ਕਰਕੇ ਵੀ। ਨਵ-ਸਾਮਰਾਜੀ ਮਨਸੂਬਿਆਂ ਦੇ ਪੰਜਾਬ ਦੇ ਪਿੰਡਾਂ ਵਿੱਚ ਵਸਦੀ ਲੋਕਾਈ ਲਈ ਵਿਛਾਏ ਜਾਲ ਸ਼ਹਿਰਾਂ, ਮਹਾਨਗਰਾਂ, ਵਿਕਸਿਤ ਮੁਲਕਾਂ ਵਿੱਚ ਬੈਠੇ ਪੰਜਾਬੀਆਂ ਲਈ ਵਿਛੇ ਜਾਲਾਂ ਤੋਂ ਵੱਖਰੇ ਹੀ ਨਹੀਂ, ਦੋਹਾਂ ਲਈ ਉਹਨਾਂ ਦੇ ਮਾਇਨੇ ਵੀ ਇਕੋ ਨਹੀਂ। ਪਿੰਡਾਂ ਵਿੱਚ ਵੱਸਦੀ ਪੰਜਾਬੀ ਲੋਕਾਈ ਦੀਆਂ ਮੁਸੀਬਤਾਂ ਪਰਵਾਸੀ ਪੰਜਾਬੀਆਂ ਤੋਂ ਹੀ ਵੱਖਰੀਆਂ ਨਹੀਂ, ਭਾਰਤ, ਪਾਕਿਸਤਾਨ ਦੇ ਨਗਰਾਂ ਮਹਾਂਨਗਰਾਂ ਵਿੱਚ ਵੱਸਦੀ ਪੰਜਾਬੀ ਲੋਕਾਈ ਦੀਆਂ ਛੱਟਪਟਾਹਟਾਂ ਤੋਂ ਵੀ ਵੱਖਰੀਆਂ ਹਨ। ਟਿਕਾਣਿਆਂ ਦੇ ਲਿਹਾਜ਼ ਨਾਲ ਸੰਕਟਾਂ ਵੰਗਾਰਾਂ ਵਿੱਚ ਵੀ, ਬਦਲਾਂ ਪ੍ਰਤੀ ਬਦਲਾਂ ਵਿਚ ਵੀ ਅੰਤਰ ਰਹਿਣਾ ਸੁਭਾਵਿਕ ਹੈ।

ਕਾਰਪੋਰੇਟ ਦੇ ਮੀਡੀਆ ਦੇ ਕੰਧੇੜੇ ਚੜ੍ਹੇ ਵਿਸ਼ਵੀਕਰਨ ਵਲੋਂ ਪ੍ਰਚਾਰੇ ਪ੍ਰਸਾਰੇ ਜਾ ਰਹੇ ਨਵ-ਸਾਮਰਾਜੀ ਮਾਪਦੰਡਾਂ ਅਨੁਸਾਰ ਵੇਖੀਏ ਤਾਂ ਹਿੰਦੁਸਤਾਨ ਪਾਕਿਸਤਾਨ ਵਿੱਚ ਵਸਦੇ ਪੰਜਾਬੀ ਤੀਜੀ ਦੁਨੀਆ ਦੇ ਬਾਸ਼ਿੰਦੇ ਅਨਪੜ੍ਹ, ਜਾਹਲ, ਬੇਰੁਜ਼ਗਾਰ, ਅਸਭਿਅਕ ਹਨ ਅਤੇ ਅਮਰੀਕਾ ਇੰਗਲੈਂਡ ਵਰਗੇ ਵਿਕਸਿਤ ਮੁਲਕਾਂ ਵਿੱਚ ਵੱਸਦੇ ਗੋਰੇ ਫਸਟ ਵਰਲਡ ਹਨ। ਕਹਿਣ ਨੂੰ ਤਾਂ ਉਥੇ ਵਸਦੇ ਪੱਕੇ ਪਰਵਾਸੀ ਪਹਿਲੀ ਦੁਨੀਆ ਦੇ ਨਾਗਰਿਕ ਹਨ, ਪਰ ਅਸਲ ਹਕੀਕਤਾਂ ਹੋਰ ਹਨ।ਇਹੀ ਨਹੀਂ ਪੰਜਾਬੀ ਲੋਕਾਈ ਹੁਣ ਤਿੰਨ ਮੁੱਖ ਧਰਮਾਂ (ਸਿੱਖ, ਹਿੰਦੂ, ਮੁਸਲਮਾਨ) ਤਿੰਨ ਜਮਾਤਾਂ (ਸੋਸ਼ਕ, ਸ਼ੋਸ਼ਿਤ, ਮਧਸ਼੍ਰੇਣੀ) ਜਾਂ ਤਿੰਨ ਜੈਂਡਰਾਂ (ਨਰ, ਨਾਰੀ, ਥਰਡ ਜੈਂਡਰ) ਵਿਚ ਹੀ ਨਹੀਂ, ਸਾਮਰਾਜੀ ਚਾਲਾਂ ਹੇਠ, ਰੰਗਾਂ, ਨਸਲਾਂ, ਧਰਮਾਂ ਦੇ ਆਧਾਰ ਉਤੇ ਕਲਪੇ ਜਾ ਰਹੇ ਨਵੇਂ ਰਾਸ਼ਟਰਾਂ ਵਿੱਚ ਬਹੁ-ਗਿਣਤੀ ਘੱਟ-ਗਿਣਤੀ ਦੇ ਨਵੇਂ ਮਾਪਦੰਡਾਂ ਕਰਕੇ ਵੀ ਖੰਡ-ਖੰਡ ਕੀਤੀ ਜਾ ਰਹੀ ਹੈ। ਇਸੇ ਕਰਕੇ ਪੰਜਾਬੀ ਲੋਕਾਈ ਦੀਆਂ ਇਹਨਾਂ ਖੰਡ-ਖੰਡ ਹੋਈਆਂ ਅੰਤਰਮੁਖਤਾਵਾਂ ਨੂੰ ਮੁਖਾਤਬ ਪੰਜਾਬੀ ਸਾਹਿਤ ਸੰਵੇਦਨਾ ਨੂੰ ਅਖੰਡ ਰੂਪ ਵਿੱਚ ਵਿਚਾਰਨਾ ਨਾ ਵਾਜਬ ਹੈ ਨਾ ਸੰਭਵ। ਹਾਲਾਂਕਿ ਸੱਚ ਇਹ ਹੈ ਕਿ ਪੰਜਾਬੀ ਲੋਕਾਈ ਹਰ ਥਾਂ, ਹਰ ਹਾਲ ਵਿੱਚ ਨਵ -ਸਾਮਰਾਜੀ ਤਾਕਤਾਂ ਦੇ ਮਨਸੂਬਿਆਂ ਦੀ ਗ੍ਰਿਫਤ ਵਿੱਚ ਹੈ, ਮਾਰ ਹੇਠ ਹੈ। ਅੱਡ-ਅੱਡ ਮੁਲਕਾਂ ਵਿੱਚ ਵੱਸਦੇ ਪੰਜਾਬੀਆਂ ਲਈ ਨਵ-ਸਾਮਰਾਜੀ ਦੈਂਤ ਵਲੋਂ ਸੁੱਟੀਆਂ

ਚੁਣੌਤੀਆਂ ਦੇ ਰੂਪ ਵੱਖਰੇ ਹੋ ਸਕਦੇ ਹਨ, ਪਰ ਸਾਰ, ਸੁਭਾਅ ਅਤੇ ਮਾਇਨੇ ਇੱਕੋ ਹਨ।

ਸਮਾਨਤਾ ਦੇ ਹਵਾਲੇ ਨਾਲ, ਸਮਕਾਲੀ ਪੰਜਾਬੀ ਸਾਹਿਤ ਦੇ ਮੁੱਖ ਖਿੱਤੇ ਪੰਜਾਬ ਦਾ ਸਮਕਾਲੀ ਦ੍ਰਿਸ਼ ਨਿਹਾਰੀਏ ਤਾਂ ਇਸਦੇ ਦਿਖਦੇ ਵਾਪਰਦੇ ਵਰਤਾਰੇ ਬੜੇ ਸੌਖਿਆਂ ਹੀ ਦੁਬਿਧਾ ਵਿੱਚ ਪਾ ਦਿੰਦੇ ਹਨ। ਜ਼ਮੀਨੀ ਦ੍ਰਿਸ਼ਾਂ ਦੇ ਆਧਾਰ ’ਤੇ ਪੰਜਾਬ ਦਾ ਇਕ ਰੂਪ ਹੈ: ਆਧੁਨਿਕ ਸੱਭਿਅਤਾ ਦੇ ਅਨੁਰੂਪ ਉਸਰਦਾ ਪੰਜਾਬ; ਬਹੁ-ਮੰਜ਼ਲੀ ਇਮਾਰਤਾਂ, ਸੜਕਾਂ ਫਲਾਈ ਓਵਰਾਂ ਦਾ ਜਾਲ, ਵੱਡੀਆਂ-ਵੱਡੀਆਂ ਮਾਲਾਂ, ਕਾਰਾਂ, ਕੋਠੀਆਂ, ਮੈਰਿਜ ਪੈਲੇਸ, ਹਵੇਲੀਆਂ। ਇਕ ਇਕ ਮੈਰਿਜ ਪੈਲੇਸ ਦੀ ਡੈਕੋਰੇਸ਼ਨ ਵੇਖੀਏ... ਟੀਵੀ ਤੇ ਸੋਸ਼ਲ ਮੀਡੀਆ ਦੀਆਂ ਰੀਲਾਂ ਵਿਚ ਹੱਸਦੀ, ਖੇਡਦੀ, ਨੱਚਦੀ ਟੱਪਦੀ, ‘ਫੈਰ’ ਕਰਦੀ ਪੰਜਾਬੀ ਜਵਾਨੀ ਵੇਖੀਏ ਤਾਂ ਕਿਸੇ ਦੀ ਟੈਂ ਨਾ ਮੰਨਣ ਵਾਲੇ ਪੰਜਾਬੀ ਦੀ ਚੜ੍ਹਤ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਦੂਜੇ ਪਾਸੇ ਹਨ ਪੰਜਾਬ ਦੇ ਸਮਾਚਾਰ; ਕਰਜ਼ਿਆਂ ਦੀ ਝੰਭੀ ਆਤਮ ਹੱਤਿਆਵਾਂ ਕਰਦੀ ਕਿਸਾਨੀ, ਨਸ਼ਿਆਂ ਚਿੱਟਿਆਂ ਦੇ ਸੈਲਾਬ ਵਿੱਚ ਰੁੜ੍ਹਦੀ ਜਵਾਨੀ, ਟੈਂਕੀਆਂ ’ਤੇ ਚੜ੍ਹਦੀ ਬੇਰੁਜ਼ਗਾਰੀ, ਕਿਸੇ ਵੀ ਕੀਮਤ ’ਤੇ ਪਰਵਾਸ ਲਈ ਕਾਹਲੀ ਪਈ ਨਵੀਂ ਪੀੜ੍ਹੀ, ਭਾਵ ਸਿਰੇ ਦੀ ਬੇਯਕੀਨੀ, ਲਾਚਾਰੀ, ਬੇਉਮੀਦੀ, ਆਤੁਰਤਾ ਵਿੱਚ ਗਰਕ ਰਿਹਾ ਪੰਜਾਬ ।ਦੋਵੇਂ ਰੂਪ ਪ੍ਰਤੱਖ ਹਨ, ਲੁਕੇ ਛੁਪੇ ਨਹੀਂ, ਪਰ ਨਵ-ਸਾਮਰਾਜੀ ਪਰ-ਉਸਾਰ ਦੀਆਂ ਲੋੜਾਂ, ਨੀਤੀਆਂ ਅਤੇ ਚਾਲਾਂ ਨੂੰ ਸਮਝੇ ਬਿਨਾਂ ਦੋਹਾਂ ਵਿੱਚ ਤਾਲਮੇਲ ਬਿਠਾਉਣਾ ਬੇਹਦ ਔਖਾ ਹੈ। ‘ਪੰਜਾਬ ਜੋ ਸੀ’ ਅਤੇ ‘ਪੰਜਾਬ ਜੋ ਬਣ ਗਿਆ ਹੈ’, ਵਿਚਲੇ ਪਾੜੇ ਨੂੰ ਸਮਝਣ ਮਹਿਸੂਸਣ ਵਾਲੀਆਂ ਕਵਿਤਾਵਾਂ ਕਹਾਣੀਆਂ ਬੇਸ਼ੁਮਾਰ ਹਨ। ਬੇਹਿੱਸ ਜਿਹੇ ਵਿਖਾਈ ਦੇ ਰਹੇ ਪੰਜਾਬ ਬਾਰੇ ਚਿੰਤਾ/ਫ਼ਿਕਰ ਸਰੋਕਾਰਤਾ ਵੀ ਲਗਭਗ ਸਾਂਝੀ ਹੈ। ਮਿਸਾਲ ਵਜੋਂ ਸਮਕਾਲੀ ਕਾਵਿ ਸੰਵੇਦਨਾ ਦੇ ਨਿਮਨ ਇਜ਼ਹਾਰ ਵੇਖੇ ਜਾ ਸਕਦੇ ਹਨ:

-ਹੇਠਾਂ ਜੰਡ ਦੇ ਅਣਖ ਹੈ
ਉੱਪਰ ਬੇਬਸ ਬਾਣ
ਪੰਜ ਨਦੀਆਂ ਦੇ ਦੇਸ ਦੀ
ਗੁੰਮੀ ਫਿਰੇ ਪਛਾਣ। (ਲਖਵਿੰਦਰ ਜੌਹਲ)

-ਸੁੱਕੀਆਂ ਸ਼ਾਖ਼ਾਂ ਤੇ ਮੁਰਝਾਏ ਪਏ ਨੇ ਸਬਜ਼ ਖ਼ਾਬ
ਕੀ ਪਤਾ ਕਿੱਥੇ ਗਿਆ ਹੈ ਪੰਜ ਦਰਿਆਵਾਂ ਦਾ ਆਬ। (ਕੁਲਵਿੰਦਰ)

-ਮੈਂ ਅੰਬਰ ਤੇ ਲਿਖਣਾ ਚਾਹਾਂ ਪਿਆਰ ਨਾਲ ਪੰਜਾਬ,
ਪੂਰੇ ਚੰਨ ਦੀ ਟਿੱਪੀ ਦੇ ਕੇ ਕੁੱਲ ਤਾਰਿਆਂ ਨਾਲ....
ਕਾਲਿਆਂ ਸਮਿਆਂ ਧਰਤੀ ਮੁੱਖ ਦੀ ਖੋਹ ਲਈ ਮੁਸਕਾਣ
ਦਗਦੇ ਸੂਏ ਅੰਬਰ ਅੱਖੀਂ ਮੁੜ ਮੁੜ ਖੋਭੀ ਜਾਣ
ਹਾਕਮ ਖੂਨੀ ਦਰਿਆਵਾਂ ਵਿੱਚ ਪਰਜਾ ਡੋਬੀ ਜਾਣ। (ਬਲਦੇਵ ਬਾਵਾ)

ਪੰਜਾਬ ਦੇ ਪਿੰਡਾਂ ਦੀ ਜਿਹੜੀ ਤਸਵੀਰ ਸਮਕਾਲੀ ਪੰਜਾਬੀ ਬਿਰਤਾਂਤ ਵਿਚ

ਚਿਤਰੀ ਜਾ ਰਹੀ ਹੈ, ਉਹ ਆਪਣੇ ਠੋਸ ਹਵਾਲਿਆਂ, ਵੇਰਵਿਆਂ ਕਰਕੇ ਪਛਾਣਨਯੋਗ ਤਾਂ ਹੈ ਹੀ, ਘੜਮੱਸ ਦੀ ਤਹਿ ਵਿਚ ਲੁਕੇ ਸੱਚਾਂ ਨੂੰ ਲੱਭ ਲਿਆਉਣ ਦੇ ਕਲਾਤਮਕ ਤਰੱਦਦ ਕਰਕੇ ਵਧੇਰੇ ਸਹੀ, ਸਪੱਸ਼ਟ ਅਤੇ ਨਿਆਂਇਕ ਵੀ ਕਹੀ ਜਾ ਸਕਦੀ ਹੈ।ਪਿੰਡ ਪੰਜਾਬੀ ਰਹਿਤਲ ਦਾ ਧੁਰਾ ਰਹੇ ਹਨ, ਪਰ ਵਰਤਮਾਨ ਵਿੱਚ ਕਾਰਪੋਰੇਟ ਸੈਕਟਰ ਦੀ ਅੱਖਾਂ ਵਿੱਚ ਰੜਕ ਰਹੀ ਅਤੇ ਲਗਭਗ ਜਬਾੜਿਆਂ ਹੇਠ ਆਈ ਪੰਜਾਬੀ ਕਿਸਾਨੀ ਦਾ ਉਜਾੜਾ ਕੋਈ ਲੁਕਿਆ ਛੁਪਿਆ ਨਹੀਂ।

ਅਸੀਂ ਜਾਣਦੇ ਹਾਂ ਕਿ ਪਿੰਡ, ਕਿਸਾਨੀ ਸਾਡੇ ਲਈ ਕੀ ਮਾਇਨੇ ਰੱਖਦੀ ਹੈ। ਪੰਜਾਬ ਦੀ ਹਰਿਆਲੀ ਖੁਸ਼ਹਾਲੀ ਹੀ ਨਹੀਂ, ਪੰਜਾਬੀ ਫ਼ਲਸਫਾ, ਪੰਜਾਬੀ ਕਿਰਦਾਰ ਵੀ ਸਾਡੇ ਪੇਂਡੂ ਵਸੇਬ ਨੇ ਘੜਿਆ ਹੈ। ਕਿਸਾਨੀ ਪੰਜਾਬ ਦੀ ਆਰਥਿਕਤਾ ਦਾ ਹੀ ਨਹੀਂ, ਦਾਰਸ਼ਨਿਕਤਾ ਦਾ ਧੁਰਾ ਵੀ ਹੈ। ਸਾਡੀ ਜੀਵਨ ਜਾਚ ਵਿੱਚ ਕਾਦਰ, ਕੁਦਰਤ ਅਤੇ ਕਿਰਤ ਜੇ ਤਿੰਨੋ ਸਹਿਜ ਰੂਪ ਵਿੱਚ ਰਮੇ ਹੋਏ ਸਨ ਤਾਂ ਇਸੇ ਵਸੇਬ ਕਰਕੇ ਸਨ। ਖੇਤੀ ਜਿਹੜੀ ਸਿਦਕਵਾਨਾਂ ਦੀ ਕਿਰਤ ਸੀ, ਸਾਡੇ ਲਈ ਉੱਤਮ ਸੀ। ਉੱਤਮ ਖੇਤੀ ਮਧਮ ਵਪਾਰ, ਨਖਿੱਧ ਚਾਕਰੀ ਭੀਖ ਨਦਾਰ ਵਰਗੀਆਂ ਧਾਰਨਾਵਾਂ ਅਸੀਂ ਇਸੇ ਵਸੇਬ ਦੀ ਬਦੌਲਤ ਘੜੀਆਂ ਸਨ। ਆਜ਼ਾਦ ਹਿੰਦੁਸਤਾਨ ਦੀ ਗ਼ਰੀਬੀ ਦੇ ਸਮੁੰਦਰ ਵਿੱਚ ਪੰਜਾਬ 'ਹਰਿਆਲੀ ਖੁਸ਼ਹਾਲੀ ਦਾ ਟਾਪੂ,' ਅਤੇ ਪੰਜਾਬ ਹਿੰਦੁਸਤਾਨ ਲਈ 'ਅੰਨਦਾਤਾ' ਇਸੇ ਖੇਤੀ ਦੇ ਸਿਰ ਉਤੇ ਬਣਿਆ ਸੀ। ਪਰ ਵੀਹਵੀਂ ਸਦੀ ਦੇ ਅੰਤ ਤੱਕ ਪਹੁੰਚਦਿਆਂ ਖੇਤੀ ਸਿਦਕਵਾਨਾਂ ਦੀ ਕਿਰਤ ਨਹੀਂ ਸੀ ਰਹਿ ਗਈ। ਆਖ਼ਰੀ ਬਾਬੇ (ਜਸਬੀਰ ਮੰਡ), ਮੈਲੀ ਮਿੱਟੀ (ਹਰਵਿੰਦਰ ਭੰਡਾਲ), ਬਲਦੇ ਦਰਿਆ (ਬਲਦੇਵ ਸਿੰਘ), ਗੁਲਾਬੀ ਸੁੰਡੀ (ਸੁਰਜੀਤ ਬਰਾੜ), ਘੱਗਰ ਕੰਢੇ ਦੇ ਕਜ਼ਾਕ (ਹਰਜੀਤ ਕੌਰ ਵਿਰਕ), ਵੇਂਹਦਿਆਂ-ਵੇਂਹਦਿਆਂ (ਗਿਰਧਰ ਦਲਬੀਰ) ਵਰਗੇ ਬਹੁਤ ਸਾਰੇ ਨਾਵਲਾਂ ਵਿਚ ਇਸੇ ਵਸੇਬੇ ਵਿੱਚ ਦਿਨੋ-ਦਿਨ ਵਿਕਰਾਲ ਹੋ ਰਹੀਆਂ ਸਥਿਤੀਆਂ ਦਾ ਨੇੜਲਾ ਅਨੁਭਵ ਚਿਤਰਿਆ ਗਿਆ ਹੈ। ਇਨ੍ਹਾਂ ਨਾਵਲਾਂ ਵਿਚਲੀ ਵਾਸਤਵਿਕਤਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪਹਿਲਾਂ ਹਰੇ ਇਨਕਲਾਬ ਦੇ ਬਹਾਨੇ ਪੰਜਾਬ ਵਿੱਚ ਆਈ ਮਸ਼ੀਨਰੀ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਨੇ ਪੰਜਾਬ ਦੀ ਧਰਤੀ, ਪੌਣਪਾਣੀ ਨੂੰ ਜ਼ਹਿਰੀ ਕੀਤਾ ਅਤੇ ਹੁਣ ਸਿੰਥੈਟਿਕ ਨਸ਼ੇ, ਡਿਜੀਟਲ ਨੈਟਵਰਕ ਅਤੇ ਪਰਵਾਸ ਦੀ ਇੰਡਸਟਰੀ ਪੰਜਾਬ ਦੇ ਸ੍ਰੋਤਾਂ ਅਤੇ ਜਵਾਨੀ ਨੂੰ ਬੁਰੀ ਤਰ੍ਹਾਂ ਲੁੱਟ ਰਹੀ ਹੈ।

ਦੁੱਖ ਜਦੋਂ ਬਿਰਤਾਂਤਿਆ ਜਾਂਦਾ ਹੈ ਤਾਂ ਦੁੱਖਾਂ ਦੇ ਪ੍ਰਸੰਗ ਅਤੇ ਸੰਦਰਭ ਵਧੇਰੇ ਸਪੱਸ਼ਟ ਹੋ ਜਾਂਦੇ ਹਨ। ਸੰਕਟ ਵਿੱਚ ਘਿਰੀਆਂ ਹੋਂਦਾਂ ਦੀਆਂ ਪੁੱਛਾਂ ਪ੍ਰਤੀਤੀਆਂ ਆਪਣਾ ਸਹੀ ਤੇ ਪ੍ਰਮਾਣਿਕ ਰੂਪ ਅਖ਼ਤਿਆਰ ਕਰਨ ਦੀ ਚਾਰਾਜੋਈ ਕਰਦੀਆਂ ਹਨ। ਸਮਕਾਲੀ ਕਹਾਣੀ ਬਿਰਤਾਂਤ ਵਿਚ, ਮੁਸ਼ਕਿਲਾਂ ਵਿਚ ਘਿਰ ਗਈ ਲੋਕਾਈ ਦੀਆਂ ਅਸਤਿੱਤਵਿਕ ਪੁੱਛਾਂ ਦੇ ਹਵਾਲੇ ਨਾਲ, ਪੇਂਡੂ ਵਸੇਬੇ ਦੀ ਜਿਹੜੀ ਤਸਵੀਰ ਉਭਰ ਰਹੀ ਹੈ, ਉਹ ਹੌਲਨਾਕ ਹੈ। ਸੰਕਟ ਵਿੱਚ ਆਈ ਕਿਸਾਨੀ ਅਤੇ ਖੇਤੀ ਦੇ ਧੰਦੇ ਵਿੱਚੋਂ ਬਾਹਰ ਹੋਣ ਲਈ

ਮਜਬੂਰ ਪੰਜਾਬੀ ਬੰਦਾ ਇਸ ਬਿਰਤਾਂਤ ਦੇ ਕੇਂਦਰ ਵਿਚ ਹੈ। ਜ਼ਮੀਨਾਂ ਵਾਲਿਆਂ ਦੇ ਕਰਜ਼ਈ ਹੋ ਕੇ ਬੇਜ਼ਮੀਨੇ ਹੋਣ, ਕਿਸਾਨੀ ਛੱਡ ਨਿਗੂਣੇ ਕੰਮਾਂ ਧੰਦਿਆਂ ਵਿੱਚੋਂ ਰੋਟੀ ਦਾ ਹੀਲਾ ਵਸੀਲਾ ਬਣਾਉਣ ਦੀ ਲਾਚਾਰੀ ਬਹੁਤ ਸਾਰੇ ਨਾਵਲਾਂ ਅਤੇ ਕਹਾਣੀਆਂ ਦੀ ਆਧਾਰ ਸਮੱਗਰੀ ਬਣੀ ਹੈ। ਡਬੋਲੀਆ (ਬਲਵਿੰਦਰ ਗਰੇਵਾਲ), ਨਸਲਘਾਤ, ਚੂੜੇ ਵਾਲੀ ਬਾਂਹ (ਜਸਬੀਰ ਰਾਣਾ), ਅੱਖ ਦੀ ਲਿਸ਼ਕ (ਤ੍ਰਲੋਚਨ ਸਿੰਘ ਭਾਟੀਆ) ਵਰਗੀਆਂ ਕਈ ਜਾਨਦਾਰ ਕਹਾਣੀਆਂ ਇਸ ਵਸੇਬੇ ਵਿਚੋਂ ਪਿਤਾ ਪੁਰਖੀ ਧੰਦਿਆਂ ਦੇ ਬਿਨਸ ਜਾਣ ਅਤੇ ਦਿਸ਼ਾਹੀਣ ਜਵਾਨੀ ਦੀ ਭਟਕਣਾ ਦੇ ਤ੍ਰਾਸ ਸਿਰਜ ਰਹੀਆਂ ਹਨ। ਚੌਂਹਟੇ ਚੱਕ (ਹਰਪ੍ਰੀਤ ਸਿੰਘ ਚੰਨੂ), ਵੇਲ੍ਹ (ਅਨੇਮਨ ਸਿੰਘ) ਵਰਗੀਆਂ ਕਹਾਣੀਆਂ ਪੰਜਾਬ ਦੇ ਦਿਨੋਂ ਦਿਨ ਗਹਿਰਾ ਰਹੇ ਕਿਸਾਨੀ ਸੰਕਟ ਦੀ ਪਰਤਾਂ ਨੂੰ ਫਰੋਲ ਰਹੀਆਂ ਹਨ।

ਪੰਜਾਬੀ ਕਿਸਾਨੀ ਦੇ ਸੰਕਟ ਨੂੰ ਬਿਰਤਾਂਤਦਿਆਂ ਸਮਕਾਲੀ ਪੰਜਾਬੀ ਬਿਰਤਾਂਤ ਦੀ ਖ਼ੂਬੀ ਸਿਰਫ਼ ਕਰਜ਼ਿਆਂ, ਖਰਚਿਆਂ, ਨਸ਼ਿਆਂ ਕਰਕੇ ਖੇਤੀ ਸੈਕਟਰ ਤੋਂ ਬਾਹਰ ਆ ਰਹੀ, ਬੇਰੁਜ਼ਗਾਰੀ ਵਿਚ ਭਟਕ ਰਹੀ ਪੰਜਾਬੀ ਜਵਾਨੀ ਦੇ ਦੁੱਖਾਂ ਨੂੰ ਫਰੋਲਣ ਵਿੱਚ ਹੀ ਨਹੀਂ, ਪੰਜਾਬੀ ਸਮਾਜ ਵਿਚ ਵਧ ਰਹੀ ਅਸਮਾਨਤਾ ਵਿਚ ਲਾਭਕਾਰੀ ਧਿਰਾਂ ਦੀ ਨਿਸ਼ਾਨਦੇਹੀ ਕਰਨ ਵਿਚ ਵੀ ਹੈ। ਮੈਂ ਹੁਣ ਉਹ ਨਹੀਂ (ਜਸਪਾਲ ਮਾਨਖੇੜਾ) ਵਰਗੇ ਨਾਵਲ ਇਸ ਵਿਵੇਕ ਨੂੰ ਵੀ ਸਾਹਮਣੇ ਲਿਆਉਂਦੇ ਹਨ ਕਿ ਇਹ ਨਹੀਂ ਕਿ ਹੁਣ ਖੇਤੀ ਲਾਹੇਵੰਦੀ ਨਹੀਂ ਰਹੀ। ਪਰ ਮੁਨਾਫ਼ਿਆਂ ਦੀਆਂ ਨਵੀਆਂ ਸਮੀਕਰਨਾਂ ਵਿੱਚ ਲਾਭਕਾਰੀ ਧਿਰਾਂ ਹਨ; ਧਨੀ ਕਿਸਾਨੀ, ਖੇਤੀ ਰਸਾਇਣ ਉਦਯੋਗ, ਖੇਤੀ ਮਸ਼ੀਨਰੀ ਉਦਯੋਗ ਜਾਂ ਖੇਤੀ ਅਧਾਰਿਤ ਪ੍ਰੋਡਕਸ਼ਨ ਅਤੇ ਬਿਜ਼ਨਸ। ਪਿਛਲੇ ਸਮੇਂ ਵਿੱਚ ਕਾਰਪੋਰੇਟੀ ਤਾਕਤਾਂ ਨੇ ਰਾਜਸੀ ਹਥਕੰਡੇ ਵਰਤ ਕੇ ਜਿਹੜੇ ਖੇਤੀ ਕਾਨੂੰਨ ਪਾਸ ਕੀਤੇ, ਉਨ੍ਹਾਂ ਕਾਨੂੰਨਾਂ ਨੇ ਕਾਰਪੋਰੇਟੀ ਤੰਤਰ ਦੇ ਮਨਸ਼ੇ ਜੱਗ ਜ਼ਾਹਰ ਕਰ ਦਿੱਤੇ, ਮੁਨਾਫ਼ੇ ਵਧਾ ਦਿਤੇ ਹਨ।ਇਸ ਐਲਾਨ ਨੇ ਭਾਰਤ ਦੇ ਪੇਂਡੂ ਅਤੇ ਖੇਤੀ ਆਧਾਰਿਤ ਲੋਕਾਂ ਦੀ ਦਸ਼ਾ ਅਤੇ ਦਿਸ਼ਾ ਨੂੰ ਵਿਚਾਰਨ ਵਾਲੇ ਸਾਡੇ ਆਪਣੇ ਚਿੰਤਕ ਪੀ ਸਾਈਨਾਥ ਦੇ ਖ਼ਦਸ਼ਿਆਂ ਨੂੰ ਹਕੀਕਤ ਵਿੱਚ ਬਦਲ ਦਿੱਤਾ। ਪੀ-ਸਾਈਨਾਥ ਨੇ ਕਾਰਪੋਰੇਟ ਘਰਾਣਿਆਂ ਦੀ ਖੇਤੀ ਨੂੰ, ਖੇਤੀ ਬਹਾਨੇ ਰੋਟੀ ਨੂੰ ਕੰਟਰੋਲ ਵਿਚ ਲੈਣ ਦੀ ਕੂਟਨੀਤੀ ਨੂੰ ਇਤਿਹਾਸ ਦੀ ਸਭ ਤੋਂ ਵੱਡੀ ਲੁੱਟ ਜਾਂ ਲੋਕਾਂ ਦੇ ਹੱਕਾਂ ਉਤੇ ਡਾਕਾ ਹੀ ਨਹੀਂ ਸੀ ਕਿਹਾ, ਸਗੋਂ ਮਾੜਿਆਂ ਲਤਾੜਿਆਂ ਦੀਆਂ ਸੰਭਾਵੀ ਹੋਣੀਆਂ ਦੇ ਅਸਲ ਵਿਵੇਕ ਬਾਰੇ ਆਗਾਹ ਕਰਦਿਆਂ ਕਿਹਾ ਸੀ:

"ਕਿਸਾਨਾਂ ਦੇ ਖ਼ਿਲਾਫ਼ ਇਤਿਹਾਸ ਦਾ ਸਭ ਤੋਂ ਵੱਡਾ ਯੁੱਧ ਚੱਲ ਰਿਹੈ।"

"ਹੁਣ ਵੱਡੀਆਂ ਫ਼ਸਲਾਂ ਕਣਕ ਅਤੇ ਝੋਨਾ ਨਹੀਂ, ਭੁੱਖ ਅਤੇ ਪਿਆਸ ਹਨ, ਜਿਨ੍ਹਾਂ ਨੂੰ ਕਾਰਪੋਰੇਟੀ ਫਾਰਮਿੰਗ ਵਾਲੇ ਵੱਢ ਰਹੇ ਹਨ।"

ਇਤਿਹਾਸ ਗਵਾਹ ਰਹੇਗਾ ਕਿ ਕਿਸਾਨ ਨੂੰ ਆਪਣੀ ਭੋਇੰ ਤੋਂ ਉਖਾੜਨ ਵਾਲੇ ਇਨ੍ਹਾਂ ਕਾਲੇ ਕਾਨੂੰਨਾਂ ਦੀ ਮਾਰ ਦੀ ਸਮਝ, ਪੰਜਾਬੀਆਂ ਨੂੰ ਨਾ ਕੇਵਲ ਸਭ ਤੋਂ ਪਹਿਲਾਂ ਪਈ, ਇਨ੍ਹਾਂ ਵਿਰੁੱਧ ਝੰਡਾ ਚੁਕਣ ਵਿੱਚ ਵੀ ਉਨ੍ਹਾਂ ਪਹਿਲ ਕੀਤੀ। ਉਹ ਪੰਜਾਬ

ਜਿਹੜਾ ਕਰਜ਼ਿਆਂ, ਨਸ਼ਿਆਂ, ਖ਼ੁਦਕੁਸ਼ੀਆਂ, ਵੈਲੀਆਂ, ਗੈਂਗਸਟਰਾਂ ਆਦਿ ਦੀਆਂ ਨਮੋਸ਼ੀਆਂ ਨਾਲ ਝੰਭਿਆ ਪਿਆ ਸੀ,ਇਕੋ ਝਟਕੇ ਨਾਲ ਖੜ੍ਹਾ ਹੋ ਗਿਆ, ਕਰੋਨਾ ਮਹਾਂਮਾਰੀ ਦੇ ਬਾਵਜੂਦ।ਤਤਕਾਲੀ ਪੰਜਾਬੀ ਲੋਕਾਈ ਅਤੇ ਪੰਜਾਬੀ ਸਾਹਿਤ ਸੰਵੇਦਨਾ ਦਾ ਕਿਸਾਨ ਅੰਦੋਲਨ ਨੂੰ ਹੁੰਗਾਰਾ ਮਿਸਾਲੀ ਰਿਹਾ। ਸਿਆੜਾਂ ਦੀ ਕਰਵਟ (ਬਲਬੀਰ ਪਰਵਾਨਾ), ਧਰਤੀ ਦੇ ਜਾਏ(ਕੰਵਰ ਜਸਮਿੰਦਰ ਪਾਲ ਸਿੰਘ),ਚੰਦਨ ਰੁੱਖ ਤੇ ਨਾਗ (ਨਰਿੰਦਰ ਨੈਬ), ਅਬ ਜੂਝਣ ਕੋ ਦਾਓ (ਅਤਰਜੀਤ) ਵਰਗੇ ਕਈ ਨਾਵਲਾਂ ਨੇ ਮਾਯੂਸੀਆਂ, ਬੇਯਕੀਨੀਆਂ ਵਿੱਚ ਘਿਰੇ ਪੰਜਾਬ ਦੀ ਪੁਨਰ ਸਿਰਜਣਾ ਲਈ ਆਸ ਧਰਵਾਸ ਦੀ ਮਾਡਲ ਚੇਤਨਾ ਲੱਭ ਲਿਆਉਣ ਵਾਲੇ ਇਸ ਮੋੜ ਨੂੰ ਆਪਣੇ ਨਾਵਲਾਂ ਦੀ ਪਰਿਪੇਖ ਸੋਝੀ ਬਣਾਇਆ।ਭਰਵਾਂ ਕਾਵਿ ਉਚਾਰ, ਜਿਹੜਾ ਬਾਅਦ ਵਿੱਚ 'ਧਰਤ ਵੰਗਾਰੇ ਤਖਤ ਨੂੰ' ਸਿਰਨਾਵੇਂ ਹੇਠ 13 ਜਿਲਦਾਂ ਵਿੱਚ ਸੰਪਾਦਿਤ ਵੀ ਹੋਇਆ, ਲੋਕ ਪੱਖੀ ਪੰਜਾਬੀ ਕਾਵਿ ਸੰਵੇਦਨਾ ਦਾ ਆਪਣੇ ਸਮਿਆਂ ਨੂੰ ਸਭ ਤੋਂ ਸ਼ਕਤੀਸ਼ਾਲੀ ਹੁੰਗਾਰਾ ਹੋ ਨਿਬੜਿਆ। ਕਵੀਆਂ ਨੇ ਜਿਵੇਂ ਅੱਗੇ ਹੋ ਲੋਕ ਮੁਕਤੀ ਦਾ ਬਿਗਲ ਵਜਾਇਆ, ਉਸਦੇ ਕੁਝ ਆਹਲਾ ਪ੍ਰਮਾਣ ਹਨ:

-ਕਿਸਾਨ ਹਾਂ, ਕਿਸਾਨ ਹਾਂ ਮੈਂ
ਜ਼ਾਲਮ ਦੇ ਅੱਗੇ,ਜੰਗ ਦਾ ਐਲਾਨ ਹਾਂ ਮੈਂ। (ਸਵਰਾਜਬੀਰ)
-ਇਹ ਹੱਲਾ ਬੋਲ ਕਿਸਾਨ ਦਾ ਏ
ਹੱਕ ਮੰਗਦੇ ਹਰ ਇਨਸਾਨ ਦਾ ਏ। (ਸੁਰਜੀਤ ਜੱਜ)
-ਇਹ ਬਾਤ ਨਿਰੀ ਏਨੀ ਹੀ ਨਹੀਂ
ਨਾ ਇਹ ਮਸਲਾ ਸਿਰਫ ਕਿਸਾਨ ਦਾ ਏ
ਇਹ ਪਿੰਡ ਦੇ ਵਸਦੇ ਰਹਿਣ ਦਾ ਏ
ਜਿਹਨੂੰ ਤੌਖਲਾ ਉਜੜ ਜਾਣਦਾ ਏ। (ਸੁਰਜੀਤ ਪਾਤਰ)
-ਖੁੰਡੀਆਂ ਕਟਾਰਾਂ ਤਲਵਾਰ ਹੋ ਗਈਆਂ,
ਠਰੀਆਂ ਕਲਮਾਂ ਅੰਗਿਆਰ ਹੋ ਗਈਆਂ
ਹੁਸੜੀਆਂ ਰੁੱਤਾਂ ਬਹਾਰ ਹੋ ਗਈਆਂ,
ਘੱਗੀਆਂ ਆਵਾਜ਼ਾਂ ਲਲਕਾਰ ਹੋ ਗਈਆਂ
ਕਿਸਾਨਾ ਤੇਰਾ ਸ਼ੁਕਰੀਆ, ਅੰਨਦਾਤਿਆ ਸ਼ੁਕਰੀਆ,
ਹੇ ਕਿਰਤੀਆ ਸ਼ੁਕਰੀਆ, ਕਬੀਲਦਾਰਾ ਸ਼ੁਕਰੀਆ। (ਸਤਪਾਲ ਭੀਖੀ)

ਸਾਹਿਤ ਦਾ ਮਕਸਦ ਮਨੁੱਖ ਨੂੰ ਵਰਤਮਾਨ ਵਿੱਚ ਜਿਊਣਾ, ਜੂਝਣਾ ਸਿਖਾਉਣਾ, ਵੰਗਾਰਾਂ ਲਈ ਤਿਆਰ ਕਰਨਾ ਅਤੇ ਜ਼ਿੰਦਗੀ ਬਿਹਤਰ ਬਣਾਉਣ ਲਈ ਸਾਕਾਰਾਤਮਕ ਊਰਜਾ ਨਾਲ ਸੀਖਣਾ ਹੁੰਦਾ ਹੈ। ਪੰਜਾਬ ਦੇ ਸਮਕਾਲੀ ਦ੍ਰਿਸ਼ ਨੂੰ ਜੇ ਅੰਕੜਿਆਂ, ਵਿਸ਼ਲੇਸ਼ਣਾਂ, ਸੁਆਲਾਂ, ਸੰਤਾਪਾਂ, ਬੇਯਕੀਨੀਆਂ, ਮਾਯੂਸੀਆਂ ਵਿਚੋਂ ਵੇਖਾਂਗੇ ਤਾਂ ਲੱਗੇਗਾ ਕੁਝ ਨਹੀਂ ਹੋ ਸਕਦਾ। ਪਰ ਸਾਹਿਤ ਇਸ ਗੱਲ ਦਾ ਪ੍ਰਮਾਣ ਬਣੇਗਾ ਕਿ ਮਨੁੱਖ ਹੋਣੀਆਂ

ਅੱਗੇ ਗੋਡੇ ਟੇਕਣ ਲਈ ਨਹੀਂ ਬਣਿਆ। ਇਹ ਕਵਿਤਾਵਾਂ ਨਿਰਸੰਦੇਹ, ਲੋਕਾਈ ਨੂੰ ਜਾਗਰੂਕ ਅਤੇ ਸਮਾਜ ਨੂੰ ਆਪਣੇ ਹੱਕਾਂ ਲਈ ਅੰਦੋਲਿਤ ਕਰਦੀਆਂ ਹਨ। ਸਾਡੇ ਖੇਤੀ ਢਾਂਚੇ ਦਾ ਅਤੇ ਕਾਰਪੋਰੇਟੀ ਸਿਆਸਤ ਦਾ ਭੇੜ ਅਸਾਵਾਂ ਹੈ।ਇਸ ਵਿਚੋਂ ਬਚ ਨਿਕਲਣ ਦਾ ਸਵਾਲ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਪਰ ਲੋਕਾਈ ਦੀ ਧਿਰ ਬਣ,ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਿਚ ਸਮਕਾਲੀ ਸਾਹਿਤ ਨੇ ਜਿਹੜਾ ਰੋਲ ਅਦਾ ਕੀਤਾ, ਉਹ ਮਿਸਾਲੀ ਰਿਹਾ।

ਮਾੜਿਆਂ ਲਤਾੜਿਆਂ ਨੂੰ ਹਰ ਕਿਸਮ ਦੇ ਕੁਦਰਤੀ ਸ੍ਰੋਤਾਂ ਦੀ ਮਾਲਕੀ ਤੋਂ ਲਾਂਭੇ ਕਰਨ, ਵੰਚਿਤ ਕਰਨ ਦੀਆਂ ਕਾਰਪੋਰੇਟੀ ਚਾਲਾਂ ਦੇ ਨਾਲ ਨਾਲ ਨਵ-ਸਾਮਰਾਜੀ ਨੀਤੀਆਂ ਦਾ ਅਗਲਾ ਮਨਸੂਬਾ ਹੈ, ਲੋਕਾਈ ਨੂੰ ਲੁਭਾਂਵੇਂ ਖਪਤਵਾਦ ਦੇ ਚੱਕਰਵਿਊ ਵਿਚ ਫਸਾਉਣਾ। ਬਾਜ਼ਾਰ, ਮੀਡੀਆ, ਵਿਗਿਆਪਨ, ਫੈਸ਼ਨ, ਕੌਸਮੈਟਿਕਸ ਵਰਗੇ ਕਈ ਉਦਯੋਗ ਇਸੇ ਮਨਸੂਬੇ ਦੇ ਪਛਾਣੇ ਜਾ ਸਕਣ ਵਾਲੇ ਚਿਹਰੇ ਹਨ। ਪਹਿਲੀ ਦੁਨੀਆਂ ਕਹਾਉਂਦੇ ਅਮੀਰ ਮੁਲਕਾਂ ਦੀ ਇਕੋਨਮੀ ਗਰੀਬ ਮੁਲਕਾਂ ਦੇ ਬਜ਼ਾਰਾਂ ਵਿੱਚੋਂ ਇਕੱਠੇ ਕੀਤੇ ਸੁਪਰ ਮੁਨਾਫ਼ੇ ਉਤੇ ਪਲਦੀ ਹੈ ਅਤੇ ਸਭਿਆਚਾਰਕ ਇਜਾਰੇਦਾਰੀ ਆਪਣੇ ਸੁਹਜ ਸੁਆਦਾਂ, ਕਦਰਾਂ ਕੀਮਤਾਂ ਨੂੰ ਹੀ ਮਾਨਵੀ ਆਜ਼ਾਦੀ, ਖੁਸ਼ਹਾਲੀ ਅਤੇ ਖ਼ੁਦਮੁਖਤਿਆਰੀ ਦੇ ਮਾਪਦੰਡ ਬਣਾ ਬਣਾ ਦਰਸਾਉਣ ਵਿੱਚ।ਇਸ ਮਕਸਦ ਲਈ ਨਵ-ਸਾਮਰਾਜੀ ਚਾਲਾਂ ਦੇ ਨਿਸ਼ਾਨੇ ਉਤੇ ਮੁੱਖ ਰੂਪ ਵਿੱਚ ਹੁੰਦੀ ਹੈ ਮੱਧ ਸ਼੍ਰੇਣੀ। ਪੂੰਜੀਵਾਦ ਦੀ ਪੈਦਾ ਕੀਤੀ ਇਸ ਸ਼੍ਰੇਣੀ ਦੇ ਕੁਝ ਆਪਣੇ ਲੱਛਣ ਹਨ।ਆਰਥਿਕ ਵਸੀਲਿਆਂ ਪੱਖੋਂ ਇਹ ਸ਼੍ਰੇਣੀ ਕਠੋਰ ਮਹਿਰੂਮੀਅਤਾਂ ਵਿੱਚ ਨਹੀਂ ਜਿਊਂਦੀ। ਲਾਲਸਾ ਵੱਡੇ ਹੋਣ/ਦਿਖਣ ਦੀ ਹੁੰਦੀ ਹੈ, ਪਰ ਵੱਡੇ ਖ਼ਤਰੇ ਸਹੇੜਨ ਦੀ ਪੁੱਜਤ ਵੀ ਨਹੀਂ ਹੁੰਦੀ। ਨਿੱਕੇ ਨਿੱਕੇ ਮਾਅਰਕੇ, ਆਪੋਧਾਪੀਆਂ,ਡਰ,ਸ਼ੰਕੇ ਇਸਦੀ ਹੋਂਦ ਮੀਮਾਂਸਾ ਵਿਚ ਸੁਤੇ ਸਿੱਧ ਹੀ ਆ ਸ਼ਾਮਲ ਹੁੰਦੇ ਹਨ। ਮਧ ਸ਼੍ਰੇਣੀ ਦੀਆਂ ਨਿੱਜੀ ਜਿਹੀਆਂ ਚਾਹਤਾਂ ਅਤੇ ਖ਼ਬਤ ਖਪਤਵਾਦੀ ਸਭਿਆਚਾਰ ਨੂੰ ਬੜੇ ਰਾਸ ਆਉਂਦੇ ਹਨ।ਧਾਰਮਿਕ ਸਭਿਆਚਾਰਕ ਸਿਆਸਤਾਂ ਤੇ ਉਸਰਦੀਆਂ ਪਲਰਦੀਆਂ ਜਮਹੂਰੀਅਤਾਂ ਵੀ ਇਨ੍ਹਾਂ ਦੇ ਡਰਾਂ ਤੌਖਲਿਆਂ ਨੂੰ ਭਨਾ ਕੇ ਆਪਣੀ ਉਮਰ ਲੰਮੀ ਕਰਦੀਆਂ ਹਨ। ਵਰਤਮਾਨ ਵਿੱਚ ਫਿਰਕੂ ਰਾਜਨੀਤੀ ਅਤੇ ਕਾਰਪੋਰੇਟ ਘਰਾਣਿਆਂ ਦੇ ਗੱਠਜੋੜ ਵਿੱਚ ਗਹਿਰਾਈ ਅਤੇ ਗੰਧਲੀ ਹੋਈ ਸਿਆਸਤ ਮੱਧ ਸ਼੍ਰੇਣੀ ਨੂੰ ਜਿਵੇਂ ਡਰਾਉਂਦੀ ਅਤੇ ਵਰਗਲਾਉਂਦੀ ਹੈ, ਉਸਦੇ ਕਲਾਤਮਕ ਪ੍ਰਮਾਣ ਇਸ ਦੌਰ ਦੀ ਬਿਰਤਾਂਤਕਾਰੀ ਦਾ ਹਾਸਿਲ ਬਣੇ ਹਨ। ਭਗਵੇ ਬੱਦਲਾਂ ਵਿਚ ਫ਼ਸੇ ਸਿੰਗ (ਦੀਪਤੀ ਬਬੂਟਾ), ਚੁੱਪ ਮਹਾਂਭਾਰਤ (ਪਰਮਜੀਤ ਢੀਂਗਰਾ),ਮਸਾਣ(ਬਲਵਿੰਦਰ ਗਰੇਵਾਲ), ਸਫ਼ੈਦ ਦਾੜ੍ਹੀ ਤੇ ਬੈਠੀ ਤਿਤਲੀ (ਜਸਵੀਰ ਰਾਣਾ), ਹੁਣ ਤੂੰ ਗੱਲ ਨਾ ਕਰੀਂ (ਮਹਿੰਦਰ ਸਿੰਘ ਤਤਲਾ) ਵਰਗੀਆਂ ਕਹਾਣੀਆਂ ਮੱਧ ਸ਼੍ਰੇਣਿਕ ਸਮਾਜ ਦੇ ਗੁੱਝੇ ਰਾਜਸੀਕਰਨ ਦੇ ਕਰੂਰ ਯਥਾਰਥ ਨੂੰ ਵੀ ਉਭਾਰਦੀਆਂ ਹਨ ਅਤੇ ਇਸ ਸ਼੍ਰੇਣੀ ਦੇ ਧਾਰਮਿਕ ਸੰਸਕਾਰਾਂ, ਡਰਾਂ, ਲਾਲਚਾਂ ’ਤੇ ਸੱਟਾ ਲਾ ਕੇ ਜਮਹੂਰੀਅਤਾਂ ਵਲੋਂ ਕੀਤੇ ਜਾ ਰਹੇ ਧੱਕੇ ਵੀ

ਬਿਰਤਾਂਤਦੀਆਂ ਹਨ।

ਨਵ-ਸਾਮਰਾਜੀ ਤਾਕਤਾਂ ਦਾ ਹੱਥ ਠੋਕਾ ਬਣਿਆ ਮੀਡੀਆ ਵਿਗਿਆਪਨਾਂ, ਸੀਰੀਅਲਾਂ, ਫੈਸ਼ਨਾਂ ਰਾਹੀਂ ਜਿਸ ਗਲੋਬਲ ਅਸਥੈਟਿਕਸ ਅਤੇ ਨੈਤਿਕ ਸਦਾਚਾਰ ਨੂੰ ਪ੍ਰਚਾਰਦਾ ਪ੍ਰਸਾਰਦਾ ਹੈ, ਉਸਦੇ ਪ੍ਰਭਾਵ/ਮਾਰ ਹੇਠ ਸਭ ਤੋਂ ਵੱਧ ਇਹੀ ਸ਼੍ਰੇਣੀ ਆਉਂਦੀ ਵੇਖੀ ਜਾ ਸਕਦੀ ਹੈ। ਨਿੱਜਵਾਦ, ਦੇਹਵਾਦ, ਨੈਤਿਕ ਸਦਾਚਾਰਕ ਭੰਬਲਭੂਸੇ ਜੇ ਦੁਨੀਆਂ ਭਰ ਦੇ ਸਮਕਾਲੀ ਸਾਹਿਤ ਦੇ ਉਘੜਵੇਂ ਥੀਮ ਬਣੇ ਹੋਏ ਹਨ ਤਾਂ ਇਸੇ ਕਰਕੇ ਹਨ। ਸਮਕਾਲੀ ਪੰਜਾਬੀ ਸਾਹਿਤ ਵਿਚ ਇਸੇ ਮੱਧ ਸ਼੍ਰੇਣੀ ਦੀਆਂ ਖ਼ੁਸ਼ੀਆਂ ਆਨੰਦਾਂ,ਕਾਮ ਕਾਮਨਾਵਾਂ, ਡਰਾਂ ਤੌਖਲਿਆਂ ਨੂੰ ਭਰਵੀਂ ਸਪੇਸ ਮਿਲੀ ਹੈ ਅਤੇ ਇਹ ਸਪੇਸ ਪੰਜਾਬੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਣ ਵਿੱਚ ਵੀ ਸਹਾਈ ਹੁੰਦੀ ਹੈ। ਭੂਗੋਲਿਕ ਤੌਰ ’ਤੇ ਦੁਨੀਆਂ ਦੇ ਵੱਖ ਵੱਖ ਖਿੱਤਿਆਂ ਵਿਚ ਵਸੇ ਹੋਣ ਦੇ ਬਾਵਜੂਦ ਬਹੁਤ ਸਾਰੇ ਸਾਹਿਤਕਾਰ ਇਸ ਸ਼੍ਰੇਣੀ ਵਿੱਚੋਂ ਹਨ।ਇਸੇ ਕਰਕੇ ਸਮਕਾਲੀ ਸਾਹਿਤ ਵਿਚ ਇਸ ਸ਼੍ਰੇਣੀ ਦੇ ਉਚਾਰ ਦਾ ਅਨੁਪਾਤ ਵੀ ਮੁਕਾਬਲਤਨ ਵਡੇਰਾ ਹੈ। ਖਪਤਕਾਰੀ ਸੱਭਿਆਚਾਰ ਦੀ ਜ਼ਦ ਵਿੱਚ ਆਈ ਪੰਜਾਬੀ ਲੋਕਾਈ ਨੂੰ ਚਿਤਰਨ ਵੇਲੇ ਪੰਜਾਬੀ ਰਹਿਤਲ ਦੀਆਂ ਸਬਰ, ਸੰਤੋਖ, ਸਦਾਚਾਰ, ਸਾਦਗੀ ਵਾਲੀਆਂ ਕਦਰਾਂ ਕੀਮਤਾਂ ਨੂੰ ਅਲੋਪ ਹੁੰਦੇ ਵਿਖਾਉਣਾ ਅਤੇ ਪੈਸਾ ਕਮਾਉਣ ਦੀ ਅੰਨ੍ਹੀ ਹੋੜ, ਬੇਥਵ੍ਹੀ ਲਾਲਸਾ ਅਤੇ ਹੋਰ ਹੋਰ ਲਈ ਹਾਬੜੇ ਪੰਜਾਬੀ ਬੰਦੇ ਨੂੰ ਨਾਂਹਮੁਖੀ ਅੰਦਾਜ਼ ਵਿੱਚ ਪੇਸ਼ ਕਰਨ ਦੀ ਰੁਝੀ, ਇਸ ਉਚਾਰ ਦੇ ਹਵਾਲੇ ਨਾਲ ਲਿਖੀ ਲਗਭਗ ਹਰ ਲਿਖਤ ਵਿਚ ਹਾਜ਼ਰ ਹੈ।ਪੰਜਾਬੀ ਘਰਾਂ ਪਰਿਵਾਰਾਂ ਨੂੰ, ਪੰਜਾਬੀ ਕਦਰਾਂ ਕੀਮਤਾਂ ਨੂੰ ਲੱਗ ਰਹੇ ਖੋਰਿਆਂ,ਖਸਾਰਿਆਂ ਦੀ ਥਾਹ ਪਾਉਣ ਲਈ ਇਸ ਸ਼੍ਰੇਣੀ ਦੇ ਥਿੜਕਨ ਨੂੰ ਕੇਂਦਰ ਵਿਚ ਰੱਖ ਕੇ ਲਿਖਿਆ ਜਾ ਰਿਹਾ ਸਾਹਿਤ ਵੱਡੀ ਭੂਮਿਕਾ ਨਿਭਾਉਂਦਾ ਹੈ।

ਇਸ ਪ੍ਰਥਾਇ ਸਮਕਾਲੀ ਸਾਹਿਤ ਸੰਵੇਦਨਾ ਦੀ ਦਿਲਚਸਪੀ ਦੇ ਦੋ ਮੁੱਖ ਪੈਂਤੜੇ ਹਨ, ਪਹਿਲਾ ਹੈ ਖਪਤਵਾਦੀ ਸਭਿਆਚਾਰ ਨੂੰ ਪ੍ਰਚਾਰਨ ਪ੍ਰਸਾਰਨ ਵਾਲੀਆਂ ਸਾਮਰਾਜੀ ਚਾਲਾਂ ਨੂੰ ਨਸ਼ਰ ਕਰਨਾ ਅਤੇ ਦੂਜਾ ਹੈ ਇਨ੍ਹਾਂ ਪ੍ਰਭਾਵਾਂ ਦਬਾਵਾਂ ਵਿੱਚ ਬਦਲ ਰਹੀਆਂ, ਘੜੀਆਂ ਜਾ ਰਹੀਆਂ ਪੰਜਾਬੀ ਸ਼ਨਾਖ਼ਤਾਂ ਦੇ ਬੌਣੇਪਨ ਨੂੰ ਕਾਂਟੇ ਹੇਠ ਲਿਆਉਣਾ। ਮੱਧ ਸ਼੍ਰੇਣੀ ਤੇ ਖਪਤ ਸੱਭਿਆਚਾਰ ਦੇ ਦਬਾਵਾਂ ਪ੍ਰਭਾਵਾਂ ਨੂੰ ਆਂਕਣ ਵੇਲੇ ਇੱਕ ਸੁਰ ਹੈ ਰਾਜਸੀ ਚੇਤਨਾ ਵਾਲੀ, ਜਿਹੜੀ ਇਹ ਗੱਲ ਬਾਖ਼ੂਬੀ ਸਮਝਦੀ ਹੈ ਕਿ ਸਾਮਰਾਜ ਦੀਆਂ ਕੂਟਨੀਤਕ ਚਾਲਾਂ ਨੇ ਮਧ ਸ਼੍ਰੇਣੀ ਨੂੰ ਮਾੜਿਆਂ ਲਤਾੜਿਆਂ ਦੀ ਧਿਰ ਬਣਨ ਦੀ ਥਾਂ, ਸਾਂਝੇ ਮਸਲਿਆਂ ਲਈ ਮੋਹਰੀ ਹੋ ਸਾਂਝੇ ਸੰਘਰਸ਼ਾਂ ਦੀ ਵਾਗਡੋਰ ਸੰਭਾਲਣ ਦੀਆਂ ਸੋਝੀਆਂ ਅਰਜਿਤ ਕਰਨ ਦੀ ਥਾਂ ਨਿੱਜੀ ਲੋਭਾਂ ਲਾਲਸਾਵਾਂ ਵਿੱਚ ਉਲਝਾ ਲਿਆ ਹੈ। ਮਿਸਾਲ ਵਜੋਂ ਕੁਝ ਕਾਵਿ ਬੋਲ ਹਨ:

-ਸ਼ਾਤਰ ਹੈ ਸਾਮਰਾਜ ਜਿਸਨੇ ਸਾਡੀ ਲੜਾਈ ਨੂੰ
ਵਿੱਢ ਦਿੱਤਾ ਹੈ ਨਿਰਜੀਵਤਾ ਨਾਲ

ਵਸਤਾਂ ਦੇ ਲਾਲਚ ਦੀ ਦੌੜ
ਗ਼ਰੀਬਾਂ ਦੀ ਮਿਣਤੀ ਤੋਂ ਦੂਰ। (ਪਰਮਿੰਦਰ ਸਵੈਚ)
-ਗੁਆਚ ਜਾਂਦਾ ਹਾਂ ਘਰ ਦੇ ਖਲਾਰ ਅੰਦਰ
ਘਰਾਂ ਨੂੰ ਛਾਣਾ ਲਾਉਂਦਾ ਹਾਂ ਕਿ ਵਾਧੂ ਵਸਤਾਂ ਛਾਂਟ ਸਕਾਂ
ਘਰ ਨੂੰ ਸਵਾਰ ਸਕਾਂ
ਅਗਲੇ ਹੀ ਪਲ ਡਰ ਜਾਂਦਾ ਹਾਂ
ਕਿ ਵਸਤਾਂ ਹੀ ਨਾ ਮੇਰੀ ਪਹਿਚਾਣ ਬਣ ਜਾਣ। (ਦਰਸ਼ਨ ਬੁਲੰਦਵੀ)

ਚੀਜ਼ਾਂ ਵਸਤਾਂ ਨਾਲ ਭਰੇ, ਸਾਜ਼ਿਸ਼ਾਂ ਵਿਚ ਘਿਰੇ ਘਰਾਂ ਵਿੱਚ ਇਕੱਲਾ ਹੋ ਰਿਹਾ ਤੇ ਸਹਿਮਿਆ ਮਨੁੱਖ, ਸਮਕਾਲੀ ਸਾਹਿਤ ਵਿਚ ਮੱਧ ਸ਼੍ਰੇਣਿਕ ਚਰਿੱਤਰ ਦੀ ਨਿਰਮਾਣਕਾਰੀ ਦਾ ਅਹਿਮ ਪਹਿਲੂ ਹੈ। ਬਹੁਤ ਸਾਰੇ ਚੁਰੱਸਤੇ (ਬਲਬੀਰ ਪਰਵਾਨਾ), ਲਵ ਪ੍ਰੋਜੈਕਟ (ਬੂਟਾ ਸਿੰਘ ਚੌਹਾਨ), 360 ਡਿਗਰੀ(ਅਮਨਪ੍ਰੀਤ ਸਿੰਘ ਮਾਨ)ਵਰਗੇ ਨਾਵਲ ਇਸ ਸ਼੍ਰੇਣੀ ਦੇ ਯਥਾਰਥ ਅਤੇ ਤਲਿੱਸਮ ਵਿਚਲੇ ਪਾੜੇ ਨੂੰ ਰੋਜ਼ਮਰ੍ਹਾ ਦੇ ਵਿਹਾਰਕ ਨੈਤਿਕ ਜੀਵਨ ਵਿੱਚੋਂ ਉਭਾਰ ਕੇ ਵਿਖਾਉਂਦੇ ਹਨ।ਅੰਬਰਪਰੀਆਂ (ਬਲਜਿੰਦਰ ਨਸਰਾਲੀ), ਸੁਰਖ਼ ਸਾਜ਼ (ਜਸਵਿੰਦਰ ਸਿੰਘ),ਕਿੱਸਾ ਰੌਕੀ ਰੇਸ਼ਮਾ (ਪਾਲੀ ਭੁਪਿੰਦਰ) ਵਰਗੇ ਨਾਵਲ ਖਪਤਵਾਦੀ ਵਿਕਾਸ ਮਾਡਲ ਵਿਚੋਂ ਉਸਰੀ ਜੀਵਨ ਜਾਚ ਦੇ ਅਡੰਬਰਾਂ, ਐਡਵੈਂਚਰਾਂ, ਕਾਮੁਕਤਾਵਾਂ ਅਤੇ ਨਿਗੂਣਤਾਵਾਂ ਦਾ ਕਲਾਤਮਕ ਪ੍ਰਗਟਾਵਾ ਹਨ। ਅਜਿਹੇ ਵੇਲੇ ਇਨ੍ਹਾਂ ਲਿਖਤਾਂ ਵਿਚਲੀ ਸਥਾਨਕਤਾ ਨੂੰ ਪਛਾਣਨ ਵਿੱਚ ਵੀ ਬਹੁਤੀ ਮੁਸ਼ਕਲ ਨਹੀਂ ਆਉਂਦੀ। ਮਸਲਨ ਪਾਕਿਸਤਾਨ ਦੇ ਮਜ਼ਹਬੀ ਤੁਅੱਸਬਾਂ ਜਾਂ ਸਾਮੰਤਵਾਦੀ ਕਿਲ੍ਹਾ ਬੰਦੀਆਂ ਬਾਰੇ ਗੱਲ ਕਰਨ ਲੱਗਿਆਂ ਪਾਕਿਸਤਾਨੀ ਪੰਜਾਬੀ ਸਾਹਿਤਕਾਰ ਭਾਵੇਂ ਪ੍ਰਤੀਕਾਂ ਦਾ ਸਹਾਰਾ ਲੈਂਦੇ ਹਨ, ਪਰ ਮਧਸ਼੍ਰੈਣਿਕ ਆਪੋਧਾਪੀਆਂ,ਸਵਾਰਥਾਂ ਵਿਚ ਬਦਲ ਰਹੇ ਬੰਦੇ ਪ੍ਰਤਿ ਉਹ ਬੇਲਿਹਾਜ਼ ਹਨ। ਨੈਨ ਸੁਖ (ਸੱਪ ਜੋਗੀ ਤ੍ਰਾਹ), ਮਖ਼ਦੂਮ ਟੀਪੂ(ਹੂਕਾਂ), ਕਰਾਮਾਤ ਮੁਗਲ(ਪੁੱਠੇ ਤੁਰਦੇ ਲੋਕ)ਦੀਆਂ ਗਲਪ ਰਚਨਾਵਾਂ, ਆਪਣੀ ਅਜਿਹੀ ਬੇਲਿਹਾਜ਼ੀ ਦਾ ਇਜ਼ਹਾਰ, ਮਧਸ਼੍ਰੈਣਿਕ ਮਨੁੱਖ ਵਲੋਂ ਆਪਣੀ ਹੋਂਦ ਹਸਤੀ ਨੂੰ, ਉਨ੍ਹਾਂ ਵਲੋਂ ਕਲਪੇ ਆਪਣੀ ਜ਼ਿੰਦਗੀ ਦੇ ਮਕਸਦ ਨੂੰ ਬੜੇ ਨਿਗੂਣੇ ਨਿਗੂਣੇ ਬਿੰਬਾਂ ਵਿੱਚ ਬੰਨ ਕੇ ਕਰਦੀਆਂ ਹਨ।

ਨਿੱਜਵਾਦ, ਦੇਹਵਾਦ, ਨੈਤਿਕ ਸਦਾਚਾਰਕ ਭੰਬਲਭੂਸੇ ਇਸ ਸ਼੍ਰੇਣੀ ਨਾਲ ਸਬੰਧਤ ਸਾਹਿਤਕ ਉਚਾਰ ਦੇ ਮੁੱਖ ਮੁੱਦੇ ਹਨ। ਸਮਕਾਲੀ ਪੰਜਾਬੀ ਬਿਰਤਾਂਤ ਵਿਚ ਮਧਸ਼੍ਰੇਣੀ ਦੀ ਛਟਪਟਾਹਟ ਅਤੇ ਲਾਲਸਾ ਦਾ ਬਹੁਤਾ ਪ੍ਰਗਟਾਵਾ ਮਰਦ ਔਰਤ ਸੰਬੰਧਾਂ ਦੇ ਹਵਾਲੇ ਨਾਲ ਹੋਇਆ ਹੈ ਅਤੇ ਵੱਡੀ ਗਾਜ਼ ਔਰਤ ਦੇ ਬਦਲ ਜਾਣ ਉਤੇ ਡਿੱਗੀ ਹੈ। ਜਿਵੇਂ ਜਿਵੇਂ ਪੜ੍ਹੀ ਲਿਖੀ, ਕੰਮਕਾਜੀ, ਸ਼ਹਿਰੀ, ਮਹਾਂਨਗਰੀ, ਪਰਵਾਸੀ,ਕੈਰੀਅਰਿਸਟ ਨਾਰੀ ਪੰਜਾਬੀ ਸਮਾਜ ਦੀ ਹਕੀਕਤ ਬਣੀ ਹੈ, ਤਿਵੇਂ ਤਿਵੇਂ ਉਸ ਦੀਆਂ ਚਾਹਤਾਂ, ਚੁਣੌਤੀਆਂ,ਖ਼ਲਾਅ,ਭਰਾਈਆਂ,ਕਾਮੁਕਤਾਵਾਂ, ਬੇਚੈਨੀਆਂ ਬਿਰਤਾਂਤ ਦਾ ਮਨਭਾਉਂਦਾ

ਵਿਸ਼ਾ ਬਣੀਆਂ ਹਨ। ਪਰ ਇਨ੍ਹਾਂ ਪੇਸ਼ਕਾਰੀਆਂ ਵਿਚੋਂ ਜਦੋਂ ਅਸੀਂ ਮਾਇਨੇ ਤਲਾਸ਼ਣ ਲਗਦੇ ਹਾਂ ਤਾਂ ਦੋ ਤਿੰਨ ਇੰਕਸ਼ਾਫ ਬੜੇ ਸਾਫ਼ ਨਜ਼ਰ ਆਉਂਦੇ ਹਨ। ਪਹਿਲਾਂ ਇਹ ਕਿ ਸਮਾਜ ਵਿਚ ਨਾਰੀ ਦੇ ਵਿਕਾਸ ਦੀ ਯਾਤਰਾ ਓਨੀ ਸਹਿਜ ਅਤੇ ਬੇਰੋਕ ਨਹੀਂ ਰਹੀ, ਜਿੰਨੀ ਬਾਹਰੋਂ ਜਾਪਦੀ ਹੈ। ਪਿਤਰਕੀ ਨੇ ਆਪ ਹੀ ਅੜਿੱਕੇ ਨਹੀਂ ਡਾਹੇ, ਪੂੰਜੀਵਾਦ ਨਾਲ, ਤਕਨੀਕ ਨਾਲ, ਮੰਡੀ ਨਾਲ, ਮੀਡੀਏ ਨਾਲ ਗੰਢ ਤੁਪ ਕਰਕੇ ਨਾਰੀ ਲਈ ਨਵੇਂ ਜਾਲ ਵਿਛਾਏ ਹਨ। ਆਜ਼ਾਦੀ ਖ਼ੁਦਮੁਖ਼ਤਿਆਰੀ ਦੇ ਨਾਂ 'ਤੇ ਉਸ ਨੂੰ ਘਰ ਅਤੇ ਬਾਹਰ ਵਿਚੋਂ, ਕਿਰਦਾਰ ਅਤੇ ਕੈਰੀਅਰ ਵਿੱਚੋਂ ਇੱਕ ਨੂੰ ਚੁਣਨ ਲਈ ਵਰਗਲਾਇਆ ਹੈ ਅਤੇ ਬਾਹਰ ਨਿਕਲੀ ਨੂੰ ਰੌਂਦਿਆ ਹੈ। ਮਾਇਆ (ਸੁਰਿੰਦਰ ਨੀਰ), ਥੈਂਕਯੂ ਬਾਪੂ, (ਬਲਬੀਰ ਪਰਵਾਨਾ) ਵਰਗੇ ਅਣਗਿਣਤ ਬਿਰਤਾਂਤਾਂ ਦੇ ਵੇਰਵੇ ਨਾਰੀਆਂ ਨੂੰ ਪੁਰਸ਼ ਦੇ ਮੁਕਾਬਲੇ ਖਪਤਵਾਦ ਦੀਆਂ ਵਧੇਰੇ ਸ਼ਿਕਾਰ ਹੋਈਆਂ ਵਿਖਾ ਰਹੇ ਹਨ। ਸਮਕਾਲੀ ਪੰਜਾਬੀ ਬਿਰਤਾਂਤ ਦਾ ਇਹ ਪ੍ਰਤੱਖਣ ਆਂਸ਼ਿਕ ਤੌਰ 'ਤੇ ਸਹੀ ਵੀ ਲੱਗਦਾ ਹੈ ਕਿਉਂਕਿ ਬਾਜ਼ਾਰਵਾਦ ਉਸ ਨੂੰ ਆਪਣੇ ਕਮਾਏ ਪੈਸਿਆਂ ਨਾਲ ਆਪਣੀ ਮਰਜ਼ੀ ਕਰਨ,ਸੱਜਣ ਸੰਵਰਨ ਤੇ ਆਪਣੀ ਮਰਜ਼ੀ ਨਾਲ ਖਰਚਣ ਲਈ ਭਰਮਾਉਂਦਾ ਹੈ। ਮੀਡੀਏ ਦੀ ਹਾਈਪਰ ਰਿਐਲਿਟੀ ਉਸਦੀ ਖ਼ਰੀਦ ਸਕਣ ਦੀ ਸਮਰੱਥਾ ਨੂੰ ਹੀ ਉਸ ਦੀਆਂ ਮਰਜ਼ੀਆਂ, ਆਜ਼ਾਦੀਆਂ, ਖ਼ੁਦਮੁਖ਼ਤਿਆਰੀਆਂ ਦਾ ਪ੍ਰਮਾਣ ਬਣਾ ਬਣਾ ਵਿਖਾਉਂਦੀ ਹੈ।

ਚੰਦਨ ਰੁੱਖ ਅਤੇ ਨਾਗ (ਨਰਿੰਦਰ ਨੈਬ), ਟੁਕੜੇ (ਪ੍ਰਵੇਜ਼ ਸੰਧੂ) ਹੌਲੀਡੇ ਵਾਈਫ਼, ਆਫਟਰ ਫੌਰਟੀ (ਸਰਘੀ), ਇਨ੍ਹਾਂ ਪਲਾਂ ਨੂੰ ਮਾਣ ਨਾ ਲਵਾਂ (ਸਰਬਜੀਤ ਸੋਹਲ), ਲਿੱਪ ਗਲੌਸ (ਅਰਵਿੰਦਰ ਧਾਲੀਵਾਲ), ਅਣਕਹੀ ਪੀੜ (ਵਿਪਨ ਗਿਲ), ਅਪਡੇਟ (ਰਮਨਦੀਪ ਵਿਰਕ) ਵਰਗੀਆਂ ਅਣਗਿਣਤ ਕਹਾਣੀਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਘਰਾਂ ਗ੍ਰਹਿਸਤੀਆਂ ਵਿਚ ਬੁਰੀ ਤਰ੍ਹਾਂ ਬੇਚੈਨ, ਠੱਗੀਆਂ ਮਹਿਸੂਸ ਕਰਦੀਆਂ ਨਾਰੀਆਂ ਦੇ ਬਿੰਬਾਂ ਦੀ ਨਿਰਮਾਣਕਾਰੀ ਸਮਕਾਲੀ ਗਲਪ ਦਾ ਪ੍ਰਮੁੱਖ ਰੁਝਾਨ ਹੈ। ਦਰਅਸਲ ਜੈਂਡਰ ਸਮਾਨਤਾ ਦਾ ਮਤਲਬ ਹੁਣ ਇਹ ਮੰਨ ਲਿਆ ਗਿਆ ਕਿ ਧਨ ਸ਼ੁਹਰਤ, ਐਸ਼ਪ੍ਰਸਤੀ, ਖੁਸ਼ੀ ਆਨੰਦ, ਕਾਮ ਕਾਮਨਾਵਾਂ, ਚਕਮੇ ਸਮਝੌਤੇ ਵਰਗੇ ਸਾਰੇ ਪ੍ਰਤਿਮਾਨਾਂ ਦੀ ਹੁਣ ਨਾਰੀ ਪਾਤਰਾਂ ਦੀ ਚਰਿੱਤਰਕ ਉਸਾਰੀ ਲਈ ਵੀ ਵੈਧਤਾ ਸਵੀਕਾਰ ਲਈ ਜਾਵੇ। ਪਰ ਲੋਕ ਪੱਖੀ ਸਾਹਿਤ ਸੰਵੇਦਨਾ ਦਾ ਇੰਕਸ਼ਾਫ ਲਿੰਗਕ ਦਰਜਾਬੰਦੀਆਂ ਵਾਲੇ ਸਮਾਜ ਵਿਚ ਸਮਾਨਤਾ ਦੇ ਇਨ੍ਹਾਂ ਪ੍ਰਤਿਮਾਨਾਂ ਦੇ ਸਮਵਿੱਥ ਨਾਰੀ ਵਿਰੁੱਧ ਵਧ ਰਹੀ ਹਿੰਸਾ, ਅਸਹਿਮਤੀ ਉਤੇ ਕੇਂਦ੍ਰਿਤ ਹੈ। ਘਰੋਂ ਨਿਕਲੀ ਨਾਰੀ ਦੀਆਂ ਕੰਮਕਾਜ ਦੀਆਂ ਥਾਵਾਂ ਉਤੇ, ਪਬਲਿਕ ਥਾਵਾਂ ਉਤੇ ਸਾਰੀਆਂ ਚੌਕਸੀਆਂ ਦੇ ਬਾਵਜੂਦ ਵਧੀਆਂ ਚੁਨੌਤੀਆਂ ਅਤੇ ਸੰਕਟ ਹੀ ਨਹੀਂ, ਦੇਹੀ ਦੇ ਹਵਾਲੇ ਨਾਲ ਵਧੀਆਂ ਘਟਨਾਵਾਂ ਦੁਰਘਟਨਾਵਾਂ ਦੀ ਵਿਆਪਕ ਪੇਸ਼ਕਾਰੀ ਵੀ ਲਿੰਗਕ ਅਸਮਾਨਤਾ ਦਰਜ ਕਰਦੀ ਹੈ।

ਪਰ ਸਭ ਕਾਸੇ ਦੇ ਬਾਵਜੂਦ, ਸਮਕਾਲੀ ਪੰਜਾਬੀ ਸਾਹਿਤ ਨਾਰੀ ਦੇ ਤਕੜੇ ਹੋਣ ਦੇ ਪ੍ਰਮਾਣ ਸਿਰਜ ਰਿਹਾ ਹੈ। ਲਿਪਟੀ ਸਿਮਟੀ, ਡਰੀ ਦਹਿਲੀ, ਚੁੱਪ ਰਹਿ ਕੇ ਜਰਨ

ਮਰਨ ਵਾਲੀ, ਆਪਣੀ ਆਹੂਤੀ ਨਾਲ ਹੀ ਆਪਣੇ ਹੋਣ ਦੀ ਸਾਖੀ ਭਰਨ ਵਾਲੀ ਨਾਰੀ ਹੁਣ ਸਾਹਿਤ ਦੇ ਨਿਰਮਾਣ ਅਧੀਨ ਨਹੀਂ। ਸਮਕਾਲੀ ਨਾਰੀ ਲੇਖਨ ਵਿਚ ਵਿਸ਼ੇਸ਼ ਤੌਰ ’ਤੇ ਅਜਿਹੇ ਪ੍ਰਗਟਾਵੇ ਨਜ਼ਰੀਂ ਪੈਂਦੇ ਹਨ, ਜਿਨ੍ਹਾਂ ਵਿਚ ਨਾਰੀ ਆਪਣੀ ਮਾਨਵੀ ਹੋਂਦ ਦੇ ਗੌਰਵ ਅਤੇ ਰਹੱਸ ਨੂੰ ਖੋਜਣ ਦੇ ਰਾਹ ਪੈਂਦੀ ਹੈ। ਮਾਤਲੋਕ (ਜਸਵਿੰਦਰ ਸਿੰਘ) ਅੰਗਾਰ (ਨਿਰਮਲ ਜਸਵਾਲ), ਮੈਂ ਕੀ ਹਾਂ?(ਵੀਨਾ ਵਰਮਾ), ਮਾਇਆ, (ਸੁਰਿੰਦਰ ਨੀਰ) ਵਰਗੀਆਂ ਬਹੁਤ ਸਾਰੀਆਂ ਕਹਾਣੀਆਂ ਨਾਵਲਾਂ ਵਿਚ ਕਥਾ ਨਾਇਕਾਵਾਂ ਆਪਣੇ ਆਪ ਨੂੰ ਪਿਆਰ, ਵਿਆਹ, ਇਸ਼ਕ, ਦੋਸਤੀ ਦੇ ਮਰਦਾਵੇਂ ਝਾਂਸਿਆਂ ਤੋਂ ਬਾਹਰ ਆ ਕੇ, ਆਪਣੇ ਆਪ ਨੂੰ ਸਾਲਮ ਸਬੂਤੀ ਮਨੁੱਖੀ ਹੋਂਦ ਮੰਨ ਕੇ ਜਿਊਣ ਵਿਚਰਨ ਦੇ ਅਭਿਆਸ ਵਿੱਚ ਪਈਆਂ ਵੇਖੀਆਂ ਜਾ ਸਕਦੀਆਂ ਹਨ। ਆਪਣੀ ਪਾਰਗਾਮੀ ਚੇਤਨਾ ਦਾ ਪਿੱਛਾ ਕਰ ਆਪਣੀਆਂ ਸੰਭਾਵਨਾਵਾਂ ਨੂੰ ਗਾਹੁਣ ਨਿਕਲੀ ਕਾਵਿ ਸੰਵੇਦਨਾ ਦੇ ਪ੍ਰਗਟਾਵੇ ਕੁਝ ਇਸ ਕਿਸਮ ਦੇ ਹਨ:

–ਮੈਂ ਖੁੱਲ੍ਹੀ ਅੱਖ ਦੇ ਸੁਪਨੇ ਨੂੰ ਜੀਵਣਾ ਹੈ
ਅਜੇ ਨੀਂਦ ਤੋਂ ਖੋਹਣਾ ਹੈ
ਜਾਗਦਾ ਸਮਾਂ। (ਦਲਵੀਰ ਕੌਰ)
–ਜ਼ਮੀਨ ’ਚ ਗੱਡੇ ਪੈਰ
ਆਕਾਸ਼ ਵੱਲ ਖੁੱਲਾ ਮੂੰਹ
ਧਰਤ ਨਾਲ ਜੁੜਨਾ ਸਿਖਾਵੇ।
ਵਿਸ਼ਾਲ ਸੁਪਨ ਸੰਸਾਰ ਵੱਲ
ਤੱਕਣ ਦਾ ਗੁਰ ਸਮਝਾਏ
ਅਸੀਂ ਸਭ ਮੂਧਿਆਂ ਭਾਂਡਿਆਂ ਵਰਗੇ
ਕੀ ਜਾਣੀਏ ਅਸਮਾਨ ਵੱਲ ਖੁੱਲ੍ਹੇ ਮੂੰਹਾਂ ਦਾ ਰਹੱਸ। (ਸਰਬਜੀਤ ਕੌਰ ਜੱਸ)

ਸਮਕਾਲੀ ਸਾਹਿਤ ਵਿੱਚ ਖਪਤਕਾਰੀ ਸੱਭਿਆਚਾਰ ਦਾ ਤੋੜਾ ਲੱਭਣ ਲਈ ਆਪਣੀ ਗਿਆਨ ਪਰੰਪਰਾ ਨੂੰ ਮੁੜ ਖੋਜਣ, ਅੱਗੇ ਲਿਆਉਣ ਦੇ ਯਤਨ ਵੀ ਬਾਖ਼ੂਬੀ ਹੋਏ ਹਨ। ਮਿਸਾਲ ਵਜੋਂ ਡਾਕਟਰ ਮਨਮੋਹਨ ਦਾ ਨਾਵਲ–ਸਹਿਜ ਗੁਫ਼ਾ ਮਹਿ ਆਸਣ ਭਰਥਰੀ ਹਰੀ ਦੀ ਕਥਾ ਦੀ ਪੁਨਰ ਸਿਰਜਣਾ ਕਰਦਾ ਹੈ। ਕਥਾ ਵਿਚਲੀਆਂ ਸੈਨਤਾਂ ਅਤੇ ਰਮਜ਼ਾਂ ਰਾਹੀਂ ਉਹ ਪਾਠਕਾਂ ਨੂੰ ਵਰਤਮਾਨ ਦੇ ਛਲਾਵੇ ਸਮਝਣ ਅਤੇ ਉੱਦਾਤ ਜੀਵਨ ਦੀਆਂ ਸੰਭਾਵਨਾਵਾਂ ਤਲਾਸ਼ਣ ਦੇ ਰਾਹ ਤੋਰਦਾ ਹੈ। ਪ੍ਰਕਿਰਤੀ ਦੇ ਰੰਗ ਹਜ਼ਾਰ (ਮਨਮੋਹਨ ਬਾਵਾ) ਵਰਗੀਆਂ ਲਿਖਤਾਂ ਮਨੁੱਖ ਦਾ ਮੂੰਹ ਕੁਦਰਤ ਵੱਲ ਮੋੜਨ ਦਾ ਮਨੋਰਥ ਰੱਖਦੀਆਂ ਹਨ।ਭਾਰੂ ਰੁਝਾਨ ਭਾਵੇਂ ਖਪਤਕਾਰੀ ਸੱਭਿਆਚਾਰ ਦੇ ਹੜ੍ਹ ਆਏ ਪਾਣੀਆਂ ਵਿੱਚ ਗੋਤੇ ਖਾਂਦੀਆਂ ਹੋਂਦਾਂ ਨੂੰ ਪਛਾਣਨ ਦਾ ਹੈ। ਪਰ ਖਪਤਵਾਦੀ ਸਭਿਆਚਾਰ ਵਿੱਚ ਮਸ਼ੀਨੀ ਅਤੇ ਮਸਨੂਈ ਹੋ ਰਹੀਆਂ ਪਛਾਣਾਂ ਤੋਂ ਬਾਖ਼ਬਰ ਕਰਨ ਵਾਲਾ, ਇਸ ਸੈਲਾਬ ਵਿੱਚ ਰੁੜਨੋਂ ਹੋੜਨ ਵਰਜਣ ਵਾਲਾ ਕਾਵਿ ਉਚਾਰ ਵੀ ਵੱਡੀ

ਮਾਤਰਾ ਵਿਚ ਮੌਜੂਦ ਹੈ:

–ਆਪੇ ਨੂੰ ਪਲ ਪਲ
ਡਿਲੀਟ ਹੁੰਦੇ ਵੇਖਣ ਲਈ ਤਿਆਰ ਹੋ। (ਸਵਰਨਜੀਤ ਸਵੀ)
–ਜੇ ਆਪਣੇ ਸ਼ੀਸ਼ੇ 'ਚ ਮੈਂ ਝਾਤੀ ਨਾ ਮਾਰਦਾ
ਰਹਿਣਾ ਸੀ ਸਾਰੀ ਉਮਰ ਹੀ ਪੱਥਰ ਉਛਾਲਦਾ। (ਗੁਰਤੇਜ ਕੋਹਾਰਵਾਲਾ)

ਸਮਾਨਤਾ ਦੇ ਹਵਾਲੇ ਨਾਲ ਪੰਜਾਬੀ ਸਮਾਜ ਦੀਆਂ ਸਬਾਲਟਰਨ ਧਿਰਾਂ ਦਾ ਉਭਾਰ ਅਤੇ ਜਦੋਜਹਿਦ ਸਮਕਾਲੀ ਪੰਜਾਬੀ ਸਾਹਿਤ ਦਾ ਇਕ ਹੋਰ ਪਛਾਣਨਯੋਗ ਪਹਿਲੂ ਹੈ। ਮਨੁੱਖੀ ਸਮਾਜ ਵਿੱਚ ਚਿਰਾਂ ਤੋਂ ਜਾਤ,ਜਮਾਤ, ਰੰਗ,ਨਸਲ,ਲਿੰਗ ਜਾਂ ਦੇਸ਼ ਕਰਕੇ ਦਮਨ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਈਆਂ,ਸੱਤਾਵਾਨਾਂ ਦੀਆਂ ਭੀੜਾਂ ਵੱਲੋਂ ਡਰਾ ਧਮਕਾ ਕੇ ਖ਼ਾਮੋਸ਼ ਕੀਤੀਆਂ, ਅਤੀਤ ਵਿੱਚ ਮਿਲੇ ਜ਼ਖ਼ਮਾਂ ਤੋਂ ਤ੍ਰਹਿੰਦੀਆਂ, ਸਮਾਜਾਂ ਦੇ ਹਾਸ਼ੀਏ ਉਤੇ ਧੱਕੀਆਂ ਧਿਰਾਂ ਨੂੰ ਅਜੋਕਾ ਚਿੰਤਨ ਸਬਾਲਟਰਨ ਦੀ ਕੈਟਾਗਰੀ ਵਿੱਚ ਰੱਖ ਕੇ ਵਿਚਾਰਦਾ ਹੈ। ਦਲਿਤਾਂ,ਦਮਿਤਾਂ, ਨਾਰੀਆਂ, ਸਮਲਿੰਗੀਆਂ,ਥਰਡ ਜੈਂਡਰ, ਆਦਿ ਵਾਸੀਆਂ, ਸ਼ਰਨਾਰਥੀਆਂ, ਪਰਵਾਸੀਆਂ ਦੀ ਚੁੱਪ ਨੂੰ ਸਬਾਲਟਰਨ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਜਿਵੇਂ ਕਿ ਕਾਵਿ ਬੋਲ ਹਨ:

–ਜਿਊਂਦਾ ਨਹੀਂ ਉਹ ਜਿਹੜਾ ਚੁੱਪ ਏ
ਵੇਖੋ ਕਿਹੜਾ ਕਿਹੜਾ ਚੁੱਪ ਏ। (ਸਾਬਰ ਅਲੀ ਸਾਬਰ)

ਸਮਕਾਲੀ ਪੰਜਾਬੀ ਸਾਹਿਤ ਇਨ੍ਹਾਂ ਸਾਰੀਆਂ ਹੋਂਦ ਹਸਤੀਆਂ ਨਾਲ ਸਰੋਕਾਰਤਾ ਹੀ ਨਹੀਂ ਵਧਾਉਂਦਾ, ਉਨ੍ਹਾਂ ਦੀ ਨੈਤਿਕਤਾ, ਖ਼ੌਫ਼, ਸੰਤਾਪ , ਅੰਤਰਮੁਖਤਾਵਾਂ, ਗੁੰਝਲਾਂ ਨੂੰ ਸਮਝਣ ਗੋਚਰਾ ਬਣਾਉਂਦਾ ਹੈ, ਉਨ੍ਹਾਂ ਦੇ ਮਾਨਵੀ ਗੌਰਵ ਨੂੰ ਮਾਨਤਾ ਦਿਵਾਉਂਦਾ ਹੈ ਅਤੇ ਇਨ੍ਹਾਂ ਦੇ ਸਾਹਸ, ਤ੍ਰਾਣ ਵਿੱਚ ਆਉਣ ਦੇ ਮਾਨਵੀ ਤਰਕ ਉਸਾਰਦਾ ਹੈ।

ਤਕੜੀ ਹੋ ਰਹੀ ਨਾਰੀ ਹੀ ਨਹੀਂ, ਦਲਿਤ ਦ੍ਰਿਸ਼ਟੀ ਅਤੇ ਪਰਵਾਸੀ ਪੰਜਾਬੀਆਂ ਦੇ ਨਵੇਂ ਪੈਂਤੜੇ ਵੀ ਸਮਕਾਲੀ ਪੰਜਾਬੀ ਸਾਹਿਤ ਦੀ ਰਾਸ਼ਟਰੀ ਅੰਤਰਰਾਸ਼ਟਰੀ ਸੰਵੇਦਨਾ ਚੇਤਨਾ ਵਿੱਚ ਨਵੇਂ ਆਏ ਜ਼ਿਕਰਯੋਗ ਵਾਧਾ ਦਰਜ ਕਰ ਰਹੇ ਹਨ। ਦਲਿਤ ਬਿਰਤਾਂਤ ਵਿਚੋਂ ਦਲਿਤ ਸਮਾਜ ਦੀ ਸਦੀਆਂ ਤੱਕ ਸਹੀ ਪੀੜਾ ਮਨਫ਼ੀ ਨਹੀਂ ਹੋ ਸਕਦੀ, ਪਰ ਜ਼ਖ਼ਮਾਂ ਨੂੰ ਸਹਿਲਾਈ ਜਾਣਾ, ਉਚੇੜੀ ਜਾਣਾ ਵੀ ਉਨ੍ਹਾਂ ਦੀ ਉਮਰ ਲੰਮੀ ਕਰਦਾ ਹੈ। ਸਮਕਾਲੀ ਸਾਹਿਤ ਦੀਆਂ ਗੌਲਣਯੋਗ ਰਚਨਾਵਾਂ ਉਹ ਹਨ, ਜਿਹੜੀਆਂ ਇਨ੍ਹਾਂ ਧਿਰਾਂ ਦੇ ਸਿਰਫ਼ ਤ੍ਰਾਸ ਦੀ ਬਾਤ ਨਹੀਂ ਪਾਉਂਦੀਆਂ, ਇਨ੍ਹਾਂ ਦੇ ਬੋਲਣ ਲਈ ਮਾਹੌਲ ਅਤੇ ਗੁੰਜਾਇਸ਼ ਦੋਵੇਂ ਬਣਾਉਂਦੀਆਂ ਹਨ। ਨਿਰਵਾਣ (ਮਨਮੋਹਨ) ਨਿਰਵਾਣ ਦੀ ਨਿੱਜੀ ਤਲਾਸ਼ ਅਤੇ ਲੋਕ ਮੁਕਤੀ ਦੇ ਸਮੂਹਿਕ ਯਤਨਾਂ ਨੂੰ ਦਲਿਤ ਲੋਕਾਈ ਦੇ ਹੁੰਗਾਰਿਆਂ ਅਤੇ ਰੂਪਾਂਤਰਣਾਂ ਦੇ ਇਤਿਹਾਸਕ ਪ੍ਰਸੰਗ ਵਿਚ ਪੜ੍ਹ ਕੇ ਵਿਖਾਉਂਦਾ ਹੈ। ਪਰਣੇਸ਼ਵਰੀ (ਦੇਸ ਰਾਜ ਕਾਲੀ), ਮਿੱਟੀ ਬੋਲ ਪਈ (ਬਲਬੀਰ ਮਾਧੋਪੁਰੀ), ਨੂਣ (ਬਲੀਜੀਤ) ਵਰਗੀਆਂ ਬਹੁਤ ਸਾਰੀਆਂ ਗਲਪ ਰਚਨਾਵਾਂ ਦਾ ਮਨੋਰਥ ਦਲਿਤ ਸਮਾਜ ਦੀ ਸੂਝ ਨੂੰ ਸੀਖਣਾ

ਹੈ। ਉਨ੍ਹਾਂ ਦੇ ਹੱਥੋਂ ਛੁੱਟ ਗਈ ਜੀਵਨ ਰੌਂਅ ਲੱਭ ਕੇ ਉਨ੍ਹਾਂ ਦੇ ਹੱਥ ਫੜਾਉਣੀ ਹੈ। ਸਮਾਨਤਾ ਲਈ ਇਹੀ ਪੈਂਤੜੇ ਲੋੜੀਂਦੇ ਹਨ।

ਡਾਇਸਪੋਰਿਕ ਘਾੜਤਾਂ ਵਿਚ ਪਈਆਂ ਪਰਵਾਸੀ ਪੰਜਾਬੀ ਸ਼ਨਾਖ਼ਤਾਂ ਸਮਕਾਲੀ ਪੰਜਾਬੀ ਸਾਹਿਤ ਦੀ ਇਕ ਹੋਰ ਵੱਡੀ ਵਾਬਸਤਗੀ ਹਨ।ਨਵ ਸਾਮਰਾਜੀ ਨੀਤੀਆਂ, ਚਾਲਾਂ ਨੂੰ ਨੇੜਿਓਂ ਪਛਾਣਨ ਅਤੇ ਰਾਜਨੀਤੀ ਦੇ ਵਡੇਰੇ ਵਿਸ਼ਵਵਿਆਪੀ ਫ਼ਲਕ ਤੇ ਪ੍ਰਤੱਖਣ ਦੀ ਤੌਫੀਕ ਸਮਕਾਲੀ ਪਰਵਾਸੀ ਪੰਜਾਬੀ ਸਾਹਿਤ ਵਿਚ ਵਧੇਰੇ ਉਭਰਵੇਂ ਰੂਪ ਵਿੱਚ ਨਜ਼ਰ ਆਉਂਦੀ ਹੈ। ਸਾਮਰਾਜੀ ਤਾਕਤਾਂ ਦੀਆਂ ਅਣਮਨੁੱਖੀ ਨੀਤੀਆਂ ਜਿਵੇਂ ਨਿਹੱਕੀਆਂ ਜੰਗਾਂ, ਆਰਥਿਕ ਮੰਦਵਾੜੇ, ਅਸਾਇਲਮ ਪਾਲਿਸੀ,ਸੋਸ਼ਲ ਵੈਲਫੇਅਰ,ਐਨ ਜੀ ਓਜ਼ ਦਾ ਹੀਜ ਪਿਆਜ਼ ਫੋਲਣ ਅਤੇ ਇਨ੍ਹਾਂ ਦਾ ਮਨੁੱਖ ਵਿਰੋਧੀ ਚਿਹਰਾ ਵਿਖਾਉਣ ਵਿੱਚ ਪਰਵਾਸੀ ਪੰਜਾਬੀ ਲਿਖਤਾਂ ਵਧੇਰੇ ਮੁਖ਼ਰ ਹਨ।ਸਟਾਪ ਇਟ, ਗਰਾਊਂਡ ਜ਼ੀਰੋ (ਪ੍ਰੋ. ਹਰਭਜਨ ਸਿੰਘ), ਕਰਫਿਊ ਜਾਰੀ ਹੈ (ਰਾਣੀ ਨਗਿੰਦਰ), ਕਾਲੇ ਵਰਕੇ (ਜਰਨੈਲ ਸਿੰਘ), ਤੇ ਕਾਨੂੰ ਮਰ ਗਿਆ (ਸੰਤੋਖ ਧਾਲੀਵਾਲ), ਧੁੰਦ ਵਿੱਚ ਜਗਦੀ ਬੱਤੀ (ਮਹਿੰਦਰਪਾਲ ਧਾਲੀਵਾਲ) ਵਰਗੀਆਂ ਕਈ ਕਹਾਣੀਆਂ ਕਾਰਪੋਰੇਟੀ ਮੀਡੀਏ, ਮਿਡਲ ਈਸਟ ਵਿੱਚ ਤੇਲ ਲਾਬੀ ਵਲੋਂ ਲੜੀਆਂ ਜਾ ਰਹੀਆਂ ਜੰਗਾਂ ਵਿੱਚ ਲੋਕਾਈ ਦੇ ਘਰੋਂ ਬੇਘਰ ਹੋ ਰੁਲਣ ਦੀ ਗਾਥਾ ਹਨ। ਆਰਥਿਕ ਮੰਦਵਾੜਿਆਂ ਦੇ ਕੱਚ ਸੱਚ ਨੂੰ ਫਰੋਲਣ ਅਤੇ ਵਲੈਤੀ ਕਮਾਈਆਂ ਦੀ ਮਿੱਥ ਨੂੰ ਤੋੜਨ ਵਾਲੇ ਵੇਰਵੇ ਸਮਕਾਲੀ ਸਾਹਿਤ ਸੰਵੇਦਨਾ ਦਾ ਸਾਂਝਾ ਅਨੁਭਵ ਹਨ।ਬੇਘਰਤਾ ਦਾ ਅਹਿਸਾਸ ਜਿਹੜਾ ਪਰਵਾਸੀਆਂ, ਸ਼ਰਨਾਰਥੀਆਂ ਦੇ ਮਨਾਂ ਵਿਚ ਅਨਿਸ਼ਚਤਤਾ ਅਸੁਰੱਖਿਅਤਾ ਪੈਦਾ ਕਰਦਾ, ਉਸ ਨੂੰ ਮਘਾਈ ਰੱਖਣ ਦੇ ਨਵ-ਸਾਮਰਾਜੀ ਮਨਸੂਬੇ ਕਾਵਿ ਬੋਲਾਂ ਵਿਚ ਇੰਜ ਆਉਂਦਾ ਹੈ:

ਨਾ ਦਰਿਆ, ਝੀਲ ਨ ਸਾਗਰ, ਨਾ ਬੱਦਲ ਹੀ ਹਾਂ ਮੈਂ ਕੋਈ
ਮੈਂ ਉਹ ਚਸ਼ਮਾ ਹਾਂ ਸੋ ਆਪਣੀ ਹੀ ਅੱਖ ਚੋਂ ਵਗ ਰਿਹਾਂ ਅਕਸਰ।
(ਜਗਜੀਤ ਨੁਸ਼ਹਿਰਵੀ)

-ਜੋਗੇ ਦਾ ਸਿਰ ਅਤੇ ਦੋਵੇਂ ਹੱਥ
ਬੈਂਕ ਦੇ ਕਿਸੇ ਖਾਤੇ ਵਿੱਚ ਰੱਖ
ਜੋਗੇ ਦੇ ਲਹੂ ਨੂੰ ਉਸ ਦੇ ਪਸੀਨੇ ਨਾਲ ਜ਼ਰਬਾਂ ਦਿੰਦਾ ਗੁਰੂ
ਹਾਂ 'ਚ ਸਿਰ ਹਿਲਾਉਂਦਾ। (ਓਂਕਾਰਪ੍ਰੀਤ)
ਨਾ ਹੁਣ ਸਾਡਾ ਜ਼ਿਕਰ ਸਾਡੇ ਯਾਰਾਂ ਵਿੱਚ,
ਨਾ ਹੀ ਪੈੜ ਅਸਾਡੀ ਪਿੰਡ ਦੀਆਂ ਜੂਹਾਂ ਤੇ। ( ਹਰਜਿੰਦਰ ਕੰਗ)
ਸੱਤਾ ਦੇ ਰਾਵਣ ਇਕ ਪਾਸੇ
ਅੰਬਰ ਦੀ ਗੜਕਣ ਦੇ ਹਾਸੇ
ਮਨੁੱਖਤਾ ਗਰਕਾਣ ਲਈ ਜੋ
ਦੱਸ ਰਹੇ ਨੇ ਰੰਗ ਤਮਾਸ਼ੇ

ਪਰਮਾਣੂ ਦੇ ਬਲ ਦੇ ਉੱਤੇ
ਨਿਰਬਲ ਦੀ ਕਰ ਮਾਰ ਰਹੇ ਹਨ
ਆਪੋ ਆਪਣੀ ਸਾਰ ਰਹੇ ਹਨ। (ਸੁਰਿੰਦਰ ਸੀਰਤ)

ਇਸਤਰਾਂ ਪਰਵਾਸੀ ਪੰਜਾਬੀ ਸਾਹਿਤ ਦੀ ਸੁਰ ਵੀ ਬਦਲੀ ਹੈ, ਸਰੋਕਾਰਤਾ ਨੇ ਵੀ ਖੰਭ ਖੋਲ੍ਹੇ ਹਨ। ਸਮਕਾਲੀ ਪਰਵਾਸੀ ਸਾਹਿਤ ਸੰਵੇਦਨਾ ਦੇ ਹਵਾਲੇ ਨਾਲ ਬਿਗਾਨੇ ਮੁਲਕਾਂ ਵਿੱਚ ਵੱਸਦਾ ਪੰਜਾਬੀ ਡਾਇਸਪੋਰਾ ਆਪਣੀਆਂ ਵਾਸਭੂਮੀਆਂ ਨਾਲ ਸਾਂਝ ਸੰਵਾਦ ਵਧਾਉਂਦਾ, ਨਵੇਂ ਕਲੇਮ ਬਣਾਉਂਦਾ ਨਜ਼ਰ ਆਉਂਦਾ ਹੈ। ਬਰਤਾਨਵੀ ਪੰਜਾਬੀ ਨਾਵਲ ਦੀ ਇਕ ਵਿਸ਼ੇਸ਼ ਪ੍ਰਵਿਰਤੀ ਇਤਿਹਾਸਮੁਖੀ ਹੈ, ਜਿਹੜੀ ਅਤੀਤ ਵੱਲ ਮੁੜਦੀ ਹੈ। ਵਹਿਣ(ਦਰਸ਼ਨ ਧੀਰ),ਸਰਘੀ(ਸੰਤੋਖ ਧਾਲੀਵਾਲ), ਆਪਣਾ (ਹਰਜੀਤ ਅਟਵਾਲ), ਸੋਫ਼ੀਆ (ਮਹਿੰਦਰ ਪਾਲ ਧਾਲੀਵਾਲ) ਵਰਗੇ ਨਾਵਲ ਇਤਿਹਾਸਕ ਪਿਛੋਕੜ ਵਿੱਚ ਪਈ ਗੋਰਿਆਂ ਦੀ ਗੁਲਾਮੀ/ਦੁਸ਼ਮਣੀ ਦੇ ਮਾਨਸਿਕ ਜੂਲੇ ਨੂੰ ਤਿਆਗ ਪਰਾਈਆਂ ਧਰਤੀਆਂ 'ਤੇ ਆਪਣੀਆਂ ਸ਼ਨਾਖ਼ਤਾਂ ਦੇ ਪੈੜ ਚਿੰਨ੍ਹ ਲੱਭਦੇ ਅਤੇ ਭੁੱਲੇ ਵਿਸਰੇ ਗੌਰਵ ਤਲਾਸ਼ਦੇ ਹਨ। ਅਮਰੀਕੀ ਪੰਜਾਬੀ ਕਹਾਣੀ ਵਿਚ ਆਪਣੇ ਵਰਗੇ ਹੋਰ ਡਾਇਸਪੋਰਿਕ ਸਮੂਹਾਂ ਨਾਲ ਸਾਂਝ ਵਧਾਉਣ ਦੀ ਪ੍ਰਵਿਰਤੀ ਉਭਾਰ ਵਿਚ ਹੈ।ਰੂਹ ਤੇ ਉਕਰੇ ਚਿਤਰ(ਪ੍ਰੋ ਹਰਭਜਨ ਸਿੰਘ), ਕਰਜ਼ (ਹਰਮਹਿੰਦਰ ਚਹਿਲ),ਕਿਸ ਪਹਿ ਖੋਲਹੁ ਗੰਠੜੀ (ਰਾਣੀ ਨਗਿੰਦਰ) ਵਰਗੀਆਂ ਕਹਾਣੀਆਂ ਦਸਦੀਆਂ ਹਨ ਕਿ ਪਰਵਾਸੀ ਪੰਜਾਬੀ ਹੁਣ ਆਪਣੀਆਂ ਬਸਤੀਆਂ ਜਾਂ ਘੁਰਨਿਆਂ ਵਿਚ ਸਿਮਟ ਕੇ ਰਹਿਣ ਦੀ ਥਾਂ ਆਪਣੇ ਵਰਗੇ ਹੋਰ ਭਾਈਚਾਰਿਆਂ (ਕਾਲਿਆਂ, ਕੈਸੋਵਾਂ, ਆਰਮੀਨੀਅਨਾਂ, ਸਪੈਨਿਸ਼ ਆਦਿ) ਨਾਲ ਰਾਬਤਾ ਕਾਇਮ ਕਰ ਰਿਹਾ ਹੈ। ਇਸੇ ਤਰ੍ਹਾਂ ਸ਼ਰਨਾਰਥੀਆਂ, ਆਦਿਵਾਸੀਆਂ ਦੇ ਹੱਕ ਵਿੱਚ ਆਵਾਜ਼ ਦਰਜ ਕਰਕੇ ਪਰਵਾਸੀ ਪੰਜਾਬੀ ਕਹਾਣੀ ਪੰਜਾਬੀ ਭਾਈਚਾਰੇ ਦੀ ਬਹੁਸਭਿਆਚਾਰਕ ਸਮਾਜਾਂ ਦੀ ਸਭਿਆਚਾਰਕ ਸਿਆਸਤ ਵਿੱਚ ਆਪਣੀ ਧਿਰਬੰਦੀ ਸਾਫ਼ ਕਰ ਰਹੀਆਂ ਹਨ। ਇਹ ਕੌਮਾਂਤਰੀ ਚੇਤਨਾ ਦਾ ਉਭਾਰ, ਦੁਨੀਆ ਭਰ ਦੀਆਂ ਲੋਕਪੱਖੀ ਧਿਰਾਂ ਨਾਲ ਸਾਂਝੀ ਧਿਰਬੰਦੀ ਉਨ੍ਹਾਂ ਦੀ ਗਤੀਸ਼ੀਲਤਾ ਦਾ ਪ੍ਰਮਾਣ ਬਣ ਰਹੀ ਹੈ।

ਸੋ ਸਮਕਾਲੀ ਸਾਹਿਤ ਜਿਥੇ ਇਕ ਪਾਸੇ ਨਵ-ਸਾਮਰਾਜੀ ਮਨਸੂਬਿਆਂ ਦਾ ਪਰਦਾਫਾਸ਼ ਕਰਦਾ ਹੈ, ਉਨ੍ਹਾਂ ਦੇ ਅਮਾਨਵੀ ਚਿਹਰੇ ਨੂੰ ਨੰਗਾ ਕਰਦਾ ਅਤੇ ਲੋਕ ਵਿਰੋਧੀ ਮਨਸ਼ੇ ਉਭਾਰਦਾ ਹੈ, ਉਥੇ ਲੋਕ ਮੁਕਤੀ ਲਈ ਆਵਾਜ਼ ਵੀ ਬੁਲੰਦ ਕਰਦਾ ਹੈ। ਲੋਕਾਈ ਨੂੰ ਆਸ, ਧਰਵਾਸ, ਸਾਹਸ ਦੇਣਾ, ਅਨਿਆਂ ਵਿਰੁੱਧ, ਅਸਮਾਨਤਾ ਵਿਰੁੱਧ ਅੜਨ ਖੜਨ ਲਈ ਤਿਆਰ ਕਰਨਾ, ਚੁਣੌਤੀਆਂ ਦੀ ਸੂਝ ਦੇਣੀ, ਇਹ ਉਹ ਸਭ ਕੁਝ ਹੈ ਜੋ ਸਮਕਾਲੀ ਪੰਜਾਬੀ ਸਾਹਿਤ ਬੜੀ ਸੁਚੇਤਤਾ, ਸੰਜੀਦਗੀ ਅਤੇ ਪ੍ਰਤਿਬੱਧਤਾ ਨਾਲ ਕਰ ਰਿਹਾ ਹੈ। ਸਾਹਿਤ ਦਾ ਧਰਮ ਹੈ ਜ਼ਿੰਦਗੀ ਨੂੰ ਸਾਕਾਰਾਤਮਕ ਊਰਜਾ ਨਾਲ ਸੀਖਣਾ, ਮਨੁੱਖ ਦਾ ਜ਼ਿੰਦਗੀ ਵਿਚ ਯਕੀਨ ਬਣਾਉਣਾ, ਦਰਪੇਸ਼ ਵੰਗਾਰਾਂ ਨਾਲ

ਜੂਝਣਾ ਸਿਖਾਉਣਾ ਅਤੇ ਵਰਤਮਾਨ ਵਿਚ ਸਿਰ ਉੱਚਾ ਕਰਕੇ ਜੀਣ ਦੀਆਂ ਸੋਝੀਆਂ ਨਾਲ ਲੈਸ ਕਰਨਾ।

ਬਿਨਾਂ ਸ਼ੱਕ ਪੰਜਾਬੀ ਬਿਰਤਾਂਤ ਦਾ ਸੁਭਾਅ ਮੁੱਢ ਤੋਂ ਹੀ ਯਥਾਰਥਵਾਦੀ ਹੈ ਅਤੇ ਸੁਰ ਲੋਕ ਪੱਖੀ। ਸਮਕਾਲੀ ਪੰਜਾਬੀ ਸਮਾਜ ਦੀ ਨਕਸ਼ਾ ਨਵੀਸੀ ਕਰਦਿਆਂ ਵੀ ਇਸ ਵਿਚਲਾ ਯਥਾਰਥ ਹਾਈਪਰ ਰਿਐਲਿਟੀ ਨਹੀਂ ਬਣਦਾ । ਸਮਕਾਲੀ ਬਿਰਤਾਂਤ ਵਿਚਲੀ ਵਾਸਤਵਿਕਤਾ ਵੀ,ਗਾਲਪਨਿਕਤਾ ਵੀ ਦਰਅਸਲ ਸਾਡਾ ਹੀ ਪਰਤੌਂ ਹੈ। ਸਮਕਾਲੀ ਸਾਹਿਤ ਨੂੰ ਪੜ੍ਹਦਿਆਂ ਅਸੀਂ ਆਪਣੇ ਆਪ ਨੂੰ ਪਛਾਣਦੇ ਹਾਂ। ਜਦੋਂ ਅਸੀਂ ਸਮਕਾਲੀ ਸਾਹਿਤ ਵਿਚ ਭਰਵੇਂ ਅਤੇ ਭਖਵੇਂ ਸੰਵਾਦ ਕਰਨ ਵਾਲੇ ਪਾਤਰਾਂ ਦੀ ਘਾਟ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਆਪਣੇ 'ਤੇ ਹੀ ਸੁਆਲ ਕਰਨਾ ਪਵੇਗਾ ਕਿ ਕੀ ਅਸੀਂ ਹੀ ਸੰਵਾਦ ਦੀ ਮਰਿਯਾਦਾ ਅਤੇ ਦਲੀਲ ਦੀ ਉਦਾਤਤਾ ਤਾਂ ਨਹੀਂ ਭੁੱਲ ਗਏ? ਕੀ ਆਸੇ ਪਾਸੇ ਪਸਰੀ ਧੁੰਦ ਨੇ ਸਾਨੂੰ ਆਪਣਾ ਸੱਚ ਹੀ ਅਸਲ ਸੱਚ, ਆਪਣਾ ਦੁੱਖ ਹੀ ਅਸਲ ਦੁੱਖ ਲੱਗਣ ਨਹੀਂ ਲਾ ਦਿੱਤਾ?ਵਰਤਮਾਨ ਦਾ ਸਭ ਤੋਂ ਖ਼ਤਰਨਾਕ ਰੁਝਾਨ, ਜਿਹੜਾ ਸਮਕਾਲੀ ਪੰਜਾਬੀ ਗਲਪ ਵਿਚ, ਪਾਤਰਾਂ ਦੀ ਨਿਰਮਾਣਕਾਰੀ ਦੇ ਹਵਾਲੇ ਨਾਲ ਸਾਹਮਣੇ ਆ ਰਿਹਾ ਹੈ, ਉਹ ਇਹ ਕਿ ਸਮਕਾਲੀ ਕਹਾਣੀ/ਨਾਵਲ ਦੇ ਪਾਤਰ ਆਪਣਾ ਪੱਖ ਬੜੀ ਰਾਜ਼ਦਾਰੀ ਨਾਲ, ਜੁਰਅਤ ਨਾਲ ਬਿਰਤਾਂਤ ਸ੍ਰੋਤਿਆਂ ਸਨਮੁੱਖ ਰੱਖਦੇ ਹਨ,ਪਰ ਆਪਣੇ ਰੋਲ ਤੋਂ ਪਾਸਾ ਵੱਟਦੇ ਹਨ। ਮਨੁੱਖਤਾ ਦਾ ਇਤਿਹਾਸ ਮਨੁੱਖ ਦੀ ਭੂਮਿਕਾ ਤੋਂ ਵਿਰਵਾ ਨਹੀਂ ਹੋ ਸਕਦਾ। ਮਨੁੱਖਤਾ ਪੱਖੀ ਹੋਣਾ, ਮਾਨਵਵਾਦੀ ਹੋਣਾ, ਇਕੱਠੇ ਹੋਣਾ, ਸਰਬੱਤ ਦੀ ਸਮਾਨਤਾ ਅਤੇ ਭਲਾਈ ਵਿੱਚ ਯਕੀਨ ਬਣਾਉਣਾ ਹੈ। ਜਿੰਨੀ ਨਿੱਜਤਾ ਵਧੇਗੀ, ਸਾਹਿਤ ਓਨਾ ਹੀ ਕਮਜ਼ੋਰ ਹੋਵੇਗਾ, ਸਮਾਜ ਓਨਾ ਹੀ ਛਿੱਜੇਗਾ।

ਲੋਕ ਪੱਖੀ ਸਾਹਿਤ ਜਦੋਂ ਸਮਾਜਿਕ ਵਰਤਾਰਿਆਂ ਅਤੇ ਮਨੁੱਖੀ ਫਿਤਰਤਾਂ ਦੇ ਭੇੜ ਵਿੱਚ ਤਾਲਮੇਲ ਬਿਠਾਉਣ ਦੇ ਔਖੇ ਅਭਿਆਸ ਵਿੱਚੋਂ ਨਿਕਲਦਾ ਹੈ ਤਾਂ ਸੱਚ ਦਿਖਦੇ ਨਾਲੋਂ ਵੀ ਵਧੇਰੇ ਸਹੀ, ਗਹਿਰਾ ਤੇ ਪ੍ਰਮਾਣਿਕ ਹੋ ਜਾਂਦਾ ਹੈ।ਜ਼ਿੰਦਗੀ ਵਿਚ ਜਿਹੜੇ ਰਾਹ ਨਹੀਂ ਵੀ ਲੱਭਦੇ, ਸਾਹਿਤ ਵਿਚ ਉਹ ਵੀ ਉਕਰੇ ਜਾ ਸਕਦੇ ਹਨ। ਸਮਕਾਲੀ ਪੰਜਾਬੀ ਸਾਹਿਤ ਸੰਵੇਦਨਾ ਦਸਤਪੰਜਾ ਲੈ ਰਹੀ ਹੈ, ਉਨ੍ਹਾਂ ਨਵ-ਸਾਮਰਾਜੀ ਮਨਸੂਬਿਆਂ ਨਾਲ ਜਿਹੜੇ ਸਿਰਫ਼ ਆਰਥਿਕ ਪਾੜੇ ਹੀ ਨਹੀਂ ਵਧਾਉਂਦੇ, ਮਨੁੱਖੀ ਸਮਾਨਤਾ ਵਾਲੇ ਕਦੀਮੀ ਸੁਪਨੇ ਤਕ ਪਹੁੰਚਣ ਦੀ ਮੰਜ਼ਿਲ ਨੇੜੇ ਲਿਆਉਣ ਦੀ ਥਾਂ ਮਨੁੱਖਤਾ ਨੂੰ ਧਰਮਾਂ, ਨਸਲਾਂ, ਜਾਤਾਂ, ਲਿੰਗਾਂ, ਰਾਸ਼ਟਰਾਂ ਵਰਗੀਆਂ ਹਰ ਕਿਸਮ ਦੀਆਂ ਵੰਡੀਆਂ ਵਿੱਚ ਪਾ ਕੇ ਅਸਮਾਨਤਾ ਨੂੰ ਵਧਾਉਣ ਵਾਲੀਆਂ ਰਾਜਨੀਤੀਆਂ ਨੂੰ ਤਿੱਖਾ ਕਰ ਰਹੇ ਹਨ। ਮਨੁੱਖ ਦੀ ਮਨੁੱਖ ਪੱਖੀ ਸੋਚ ਅਤੇ ਸੰਵੇਦਨਾ ਨੂੰ ਖੁੰਢਾ ਕਰ ਰਹੇ ਹਨ।ਇਨ੍ਹਾਂ ਵੰਗਾਰਾਂ ਦੇ ਮੱਦੇਨਜ਼ਰ,ਆਪਣੀ ਭੂਮਿਕਾ ਨਿਭਾਉਂਦਿਆਂ ਸਮਕਾਲੀ ਪੰਜਾਬੀ ਸਾਹਿਤ ਕਾਰਪੋਰੇਟੀ ਤੰਤਰ ਦੇ ਪ੍ਰਭਾਵਾਂ ਦਬਾਵਾਂ ਦੀ ਨਿਸ਼ਾਨਦੇਹੀ ਵੀ ਹੈ, ਕ੍ਰਿਟੀਕ ਵੀ ਹੈ ਅਤੇ ਇਸ ਵਿਰੁੱਧ ਅੜਨ ਖੜ੍ਹਨ ਵਾਲੀ ਦ੍ਰਿੜਤਾ ਦਾ ਉਚਾਰ ਵੀ।

# ਪੰਜਾਬੀ ਸਾਹਿਤ ਵਿੱਚ ਨਾਰੀ ਕਹਾਣੀ ਦਾ ਉਦਭਵ: ਤੱਥਗਤ ਪੜਚੋਲ

**ਡਾ. ਪ੍ਰਭਜੋਤ ਕੌਰ**

ਪੰਜਾਬੀ ਸਾਹਿਤ ਦੇ ਇਤਿਹਾਸਕਾਰ ਇਸ ਦੇ ਮੁੱਢ ਬਾਰੇ ਚਰਚਾ ਕਰਦੇ ਹੋਏ, ਇਸ ਨੂੰ ਅੱਠਵੀਂ ਨੌਵੀਂ ਸਦੀ ਅਰਥਾਤ ਨਾਥਾਂ ਜੋਗੀਆਂ ਦੇ ਕਾਲ ਤੱਕ ਲੈ ਜਾਂਦੇ ਹਨ। ਪੰਜਾਬੀ ਸਾਹਿਤ ਦੇ ਕੁਝ ਆਲੋਚਕ ਉਪਭਾਵੁਕਤਾ ਦੀ ਪੱਧਰ 'ਤੇ ਵਿਚਰਦਿਆਂ ਇਸ ਦਾ ਪਿਛੋਕੜ ਰਿਗਵੈਦਿਕ ਕਾਲ ਤੋਂ ਮੰਨਦੇ ਹਨ। ਪੰਜਾਬੀ ਸਾਹਿਤ ਭਾਵੇਂ ਸਦੀਆਂ ਪੁਰਾਣਾ ਹੈ ਪਰ ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚ ਔਰਤ ਰਚਨਾਕਾਰ ਵਜੋਂ ਮਰਦ ਤੋਂ ਕਾਫ਼ੀ ਪੱਛੜ ਕੇ ਸਾਹਮਣੇ ਆਉਂਦੀ ਹੈ। ਬੇਸ਼ੱਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਔਰਤ ਰਚਨਾਕਾਰ ਵਜੋਂ ਸ਼ੁਮਾਰ ਰਹੀ ਹੈ ਪਰ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਔਰਤ ਦੀ ਕਹਾਣੀਕਾਰ ਦੇ ਤੌਰ 'ਤੇ ਨਿਸ਼ਾਨਦੇਹੀ ਹਾਸ਼ੀਆਗ੍ਰਸਤ ਹੀ ਰਹੀ ਹੈ। ਸਾਡਾ ਮੁੱਖ ਮਸਲਾ ਪੰਜਾਬੀ ਕਹਾਣੀ ਦੇ ਖੇਤਰ ਵਿਚ ਪੰਜਾਬੀ ਸਾਹਿਤ ਆਲੋਚਕਾਂ ਦੁਆਰਾ ਅਣਗੌਲੀ ਗਈ ਔਰਤ ਰਚਨਾਕਾਰ ਦੀ ਪਛਾਣ ਕਰਨਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਔਰਤ ਦੇ ਕਹਾਣੀ-ਰਚਨਾਕਾਰ ਵਜੋਂ ਅਣਗੌਲੇ ਕੀਤੇ ਜਾਣ ਦੇ ਦੋ ਕਾਰਨ ਮੰਨੇ ਜਾ ਸਕਦੇ ਹਨ। ਪਹਿਲਾ ਕਾਰਣ ਪੰਜਾਬੀ ਸਾਹਿਤ ਆਲੋਚਕਾਂ ਦੁਆਰਾ ਤੱਥਾਂ ਦੀ ਪੜਚੋਲ ਦੌਰਾਨ ਵਰਤੀ ਅਣਗਹਿਲੀ ਅਤੇ ਦੂਸਰਾ ਕਾਰਣ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਸਮੀਖਿਆਤਮਕ ਪ੍ਰਵਚਨ ਵਿਚ ਮਰਦ ਰਚਿਤ ਸਾਹਿਤ ਦਾ ਜ਼ਿਆਦਾ ਭਾਰੂ ਹੋਣਾ। ਪੰਜਾਬੀ ਸਾਹਿਤ ਦੇ ਇਤਿਹਾਸਕਾਰ ਤੱਥਾਂ ਦੀ ਸੰਪੂਰਨ ਪੜਚੋਲ ਕਰਨ ਤੋਂ ਅਵੇਸਲੇ ਰਹੇ ਹਨ। ਤੱਥਾਂ ਦੀ ਸੰਪੂਰਨ ਤਲਾਸ਼ ਕਰਨ ਉਪਰੰਤ ਅਸੀਂ ਬਹੁਤ ਸਾਰੀਆਂ ਅਜਿਹੀਆਂ ਰਚਨਾਵਾਂ ਤੱਕ ਪਹੁੰਚ ਬਣਾ ਸਕਦੇ ਹਾਂ ਜਿਹੜੀਆਂ ਹੁਣ ਤੱਕ ਅੱਖੋਂ ਪਰੋਖੇ ਰਹੀਆਂ ਹਨ। ਤੱਥਾਂ ਦੀ ਪੜਚੋਲ ਪ੍ਰਤੀ ਕੀਤੀ ਗਈ ਅਣਗਹਿਲੀ ਸਾਡੀ ਸਾਹਿਤ ਦੀ ਇਤਿਹਾਸਕਾਰੀ ਦਾ ਪ੍ਰਮੁੱਖ ਦੋਸ਼ ਰਿਹਾ ਹੈ। ਇਹ ਦੋਸ਼ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਵਿਚ ਬਾਦਸਤੂਰ ਮੌਜੂਦ ਰਹਿੰਦਾ ਹੈ, ਜਿਸ ਪ੍ਰਤੀ ਟੀ. ਆਰ. ਵਿਨੋਦ ਨੇ ਵੀ ਆਪਣੀ ਕਿਤਾਬ 'ਪੰਜਾਬੀ ਕਹਾਣੀ ਅਧਿਐਨ' ਵਿਚ ਇਸ਼ਾਰਾ ਕੀਤਾ ਹੈ:

"ਪਿੱਛੇ ਜਿਹੇ 'ਪੰਜਾਬੀ ਕਹਾਣੀ ਕੋਸ਼' ਉੱਤੇ ਕੰਮ ਕਰਦਿਆਂ ਮੈਂ ਵੇਖਿਆ ਹੈ ਕਿ ਪੰਜਾਬੀ ਵਿਚ ਸੈਂਕੜੇ ਕਹਾਣੀ ਸੰਗ੍ਰਹਿ ਅਜਿਹੇ ਛਪੇ ਪਏ ਹਨ, ਜਿਨ੍ਹਾਂ ਦਾ ਨਾਮ ਤੱਕ ਵੀ ਕਿਸੇ ਪੁਸਤਕ ਵਿਚ ਦਰਜ ਨਹੀਂ। ਇਹ ਕਹਾਣੀ ਸੰਗ੍ਰਹਿ ਲਾਇਬਰੇਰੀਆਂ ਜਾਂ ਪ੍ਰਕਾਸ਼ਕਾਂ ਤੋਂ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ ਅਨੇਕਾਂ ਕਹਾਣੀਆਂ ਅਖਬਾਰਾਂ ਅਤੇ 'ਰਸਾਲਿਆਂ' ਵਿਚ ਵੀ ਛਪੀਆਂ ਪਈਆਂ ਹਨ ਜੋ ਕਹਾਣੀ ਸੰਗ੍ਰਹਿਆਂ

ਵਿਚ ਸੰਕਲਿਤ ਨਹੀਂ ਹੋ ਸਕੀਆਂ। ਪੰਜਾਬੀ ਕਹਾਣੀ ਦਾ ਇਤਿਹਾਸ ਲਿਖਣ ਲਈ ਇਹ ਕਹਾਣੀਆਂ ਵੀ ਇਕੱਤਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਸਲ ਵਿਚ ਕਹਾਣੀ ਸੰਬੰਧੀ ਸਾਡੀ ਵਾਕਫ਼ੀਅਤ ਕੋਰਸਾਂ ਵਿਚ ਲੱਗੀਆਂ ਕਿਤਾਬਾਂ ਤੱਕ ਮਹਿਦੂਦ ਹੈ ਜੋ ਕਿ ਇਤਿਹਾਸਕਾਰੀ ਦੇ ਨੁਕਤੇ ਤੋਂ ਬਹੁਤ ਘੱਟ ਹੈ। ਇਤਿਹਾਸ ਲਿਖਣ ਲਈ ਪ੍ਰਸਿੱਧ ਕਹਾਣੀਕਾਰਾਂ ਦੀ ਕਲਾ ਦਾ ਗਿਆਨ ਹੀ ਕਾਫੀ ਨਹੀਂ, ਕਹਾਣੀ ਦੇ ਕਿਸੇ ਝੁਕਾਅ ਨੂੰ ਸਥਾਪਿਤ ਕਰਨ ਵਾਲੇ ਅਣਜਾਣੇ ਜਾਂ ਘੱਟ-ਜਾਣੇ ਕਹਾਣੀਕਾਰਾਂ ਦੀਆਂ ਕਿਰਤਾਂ ਦੀ ਵਾਕਫ਼ੀਅਤ ਵੀ ਦਰਕਾਰ ਹੈ।”[1]

ਸਾਡੇ ਸਾਹਿਤ ਦੇ ਇਤਿਹਾਸਕਾਰ ਬੇਸ਼ਕ ਨਿੱਕੀ ਕਹਾਣੀ ਦੇ ਮੁੱਢ ਦੀ ਨਿਸ਼ਾਨਦੇਹੀ ਰਸਾਲਿਆਂ ਵਿੱਚੋਂ ਛਪਦੀਆਂ ਕਹਾਣੀਆਂ ਵਿਚੋਂ ਕਰਦੇ ਹਨ, ਪਰ ਉਹ ਪੁਸਤਕ ਰੂਪ ਵਿਚ ਛਪੀ ਰਚਨਾ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ। ਬਹੁਤੇ ਵਿਦਵਾਨ ਪੰਜਾਬੀ ਕਹਾਣੀ ਦਾ ਮੁੱਢ ਭਾਈ ਮੋਹਨ ਸਿੰਘ ਵੈਦ ਤੋਂ ਮੰਨਦੇ ਹੋਏ, ਉਸ ਦੇ ਕਹਾਣੀ ਸੰਗ੍ਰਹਿਆਂ ਦਾ ਵੇਰਵਾ ਦਿੰਦੇ ਹਨ। ਟੀ. ਆਰ. ਵਿਨੋਦ ਅਨੁਸਾਰ, ‘ਡਾ. ਸਵਿੰਦਰ ਸਿੰਘ ਉੱਪਲ ਆਪਣੇ ਸ਼ੋਧ ਗ੍ਰੰਥ ਵਿਚ ਪੰਜਾਬੀ ਕਹਾਣੀ ਦੇ ਮੁੱਢ ਨੂੰ ਈਸਾਈ ਚੌਪਤਰਿਆਂ ਤੱਕ ਲੈ ਜਾਂਦੇ ਹਨ।’[2] ਬਾਕੀ ਵਿਦਵਾਨ ਵੀ ਸਾਹਿਤ ਦੇ ਇਤਿਹਾਸਾਂ ਦਾ ਜ਼ਿਕਰ ਕਰਦੇ ਹੋਏ ਸ਼ਸ਼ੋਪੰਜ ਵਿਚ ਨਜ਼ਰ ਆਉਂਦੇ ਹਨ। ਉਹ ਪੰਜਾਬੀ ਕਹਾਣੀ ਦਾ ਮੁੱਢ ਭਾਈ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਤੇ ਭਾਈ ਵੀਰ ਸਿੰਘ ਤੋਂ ਮੰਨਦੇ ਹਨ। ਚਰਚਾ ਦੌਰਾਨ ਲਗਭਗ ਸਾਰੇ ਵਿਦਵਾਨ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਨੂੰ ਪੰਜਾਬੀ ਕਹਾਣੀ ਦਾ ਮੋਢੀ ਮੰਨਦੇ ਹਨ ਅਤੇ ਕੁਝ ਆਲੋਚਕ ਨਾਨਕ ਸਿੰਘ ਜਾਂ ਸੰਤ ਸਿੰਘ ਸੇਖੋਂ ਤੋਂ ਹੁਨਰੀ ਨਿੱਕੀ ਕਹਾਣੀ ਦਾ ਮੁੱਢ ਮੰਨਦੇ ਹਨ। ਜਦੋਂ ਪੰਜਾਬੀ ਕਹਾਣੀ ਦੇ ਮੁੱਢ ਬਾਰੇ ਵਿਦਵਾਨਾਂ ਦੀ ਇਕ ਰਾਇ ਨਹੀਂ, ਤਾਂ ਪੰਜਾਬੀ ਦੀ ਪਹਿਲੀ ਨਾਰੀ ਰਚਿਤ ਕਹਾਣੀ ਦੀ ਪਛਾਣ ਦਾ ਮਸਲਾ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ। ਵਿਚਾਰਨਯੋਗ ਮਸਲਾ ਇਹ ਵੀ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਦਾ ਜ਼ਿਕਰ ਮਾਤਰ ਕੀਤਾ ਗਿਆ ਹੈ, ਉਨ੍ਹਾਂ ਨੂੰ ਤਫ਼ਸੀਲ ਵਿਚ ਨਹੀਂ ਵਿਚਾਰਿਆ ਗਿਆ। ਇਸ ਤੋਂ ਇਲਾਵਾ ਕਿਤਾਬੀ ਰੂਪ ਵਿਚ ਸਾਹਮਣੇ ਆਉਣ ਵਾਲੇ ਕਹਾਣੀਕਾਰਾਂ ਬਾਰੇ ਸਾਹਿਤ ਆਲੋਚਕ ਵਿਸਥਾਰ ਵਿਚ ਚਰਚਾ ਕਰਦੇ ਹਨ। ਇਕ ਪਾਸੇ ਕਹਾਣੀ ਆਲੋਚਕ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਦੀ ਪਛਾਣ ਪੰਜਾਬੀ ਕਹਾਣੀ ਦੇ ਮੋਢੀਆਂ ਵਜੋਂ ਕਰਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਕਹਾਣੀਕਾਰਾਂ ਨੂੰ ਬਹੁਤੀ ਅਹਿਮੀਅਤ ਵੀ ਨਹੀਂ ਦਿੰਦੇ।

ਸਾਡੇ ਸਾਹਮਣੇ ਮੁੱਖ ਮੁੱਦਾ ਇਹ ਹੈ ਕਿ ਸਾਹਿਤ ਦੇ ਇਤਿਹਾਸਾਂ ਵਿਚ ਇਸਤਰੀ ਕਹਾਣੀਕਾਰਾਂ ਦਾ ਕੀ ਸਥਾਨ ਹੈ?ਸਾਡੇ ਸਾਹਿਤ ਇਤਿਹਾਸਕਾਰ ਇਸਤਰੀ ਕਹਾਣੀਕਾਰ ਦੇ ਯੋਗਦਾਨ ਬਾਰੇ ਕੀ ਚਰਚਾ ਕਰਦੇ ਹਨ? ਉਸ ਚਰਚਾ ਦਾ ਪੱਧਰ ਕੀ ਹੈ? ਸਭ ਤੋਂ

ਪਹਿਲਾਂ ਅਸੀਂ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਕਰਨ ਵਾਲੇ ਅਤੇ ਪੰਜਾਬੀ ਕਹਾਣੀ ਆਲੋਚਕ ਵਿਦਵਾਨਾਂ ਦੇ ਪੰਜਾਬੀ ਦੀ ਨਾਰੀ ਰਚਿਤ ਕਹਾਣੀ ਬਾਰੇ ਵਿਚਾਰਾਂ ਦੇ ਸਨਮੁੱਖ ਹੁੰਦੇ ਹਾਂ।

ਪੰਜਾਬੀ ਸਾਹਿਤ ਦੇ ਇਤਿਹਾਸਾਂ ਅਤੇ ਪੰਜਾਬੀ ਕਹਾਣੀ ਆਲੋਚਨਾਂ ਦੀ ਘੋਖ ਪੜਤਾਲ ਕਰਨ ਉਪਰੰਤ ਅਸੀਂ ਦੇਖਦੇ ਹਾਂ ਮੁੱਢਲੇ ਕੁਝ ਇਤਿਹਾਸਕਾਰ ਜਿਵੇਂ ਡਾ. ਗੋਪਾਲ ਸਿੰਘ ਦਰਦੀ, 'ਪੰਜਾਬੀ ਸਾਹਿਤ ਦਾ ਇਤਿਹਾਸ' (1942), ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਦਾ ਇਤਿਹਾਸ' (1944 ਸੰਸਕਰਣ ਦੂਜਾ), ਸੁਰਿੰਦਰ ਸਿੰਘ ਨਰੂਲਾ, 'ਪੰਜਾਬੀ ਸਾਹਿਤ ਦੀ ਜਾਣ ਪਛਾਣ' (1944), ਪ੍ਰੋ. ਮੋਹਨ ਸਿੰਘ, 'ਸਾਡੇ ਕਹਾਣੀਕਾਰ' (ਜਨਵਰੀ 1950), ਡਾ. ਮੋਹਨ ਸਿੰਘ ਦੀਵਾਨਾ, 'An introduction to Punjabi literature' (1951) ਪੰਜਾਬੀ ਕਹਾਣੀ ਬਾਰੇ ਵਿਚਾਰ ਦੌਰਾਨ ਇਸਤਰੀ ਲੇਖਿਕਾ ਦਾ ਜ਼ਿਕਰ ਬਿਲਕੁਲ ਨਹੀਂ ਕਰਦੇ ਹਨ।

ਅੰਮ੍ਰਿਤਾ ਪ੍ਰੀਤਮ, 'ਪੰਜਾਬੀ ਸਾਹਿਤ ਦਾ ਵਿਕਾਸ' (1953), ਸੁਖਪਾਲਵੀਰ ਸਿੰਘ ਹਸਰਤ, 'ਪੰਜਾਬੀ ਸਾਹਿਤ ਅਧਿਐਨ ਤੇ ਮੁਲਾਂਕਣ' (1976), ਗਿ. ਹੀਰਾ ਸਿੰਘ ਦਰਦ, 'ਪੰਜਾਬੀ ਸਾਹਿਤ ਦਾ ਇਤਿਹਾਸ' (1954), ਪ੍ਰਿਤਪਾਲ ਸਿੰਘ, 'ਪੰਜਾਬੀ ਸਾਹਿਤ ਦੀ ਜਾਣ ਪਛਾਣ' (1963), ਗੁਰਦਿੱਤ ਸਿੰਘ ਪ੍ਰੇਮੀ, 'ਪੰਜਾਬੀ ਸਾਹਿਤ ਦੀ ਭੂਮਿਕਾ' (1963), ਹਰਚਰਨ ਸਿੰਘ ਤੇ ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦੀ ਸੰਖੇਪ ਜਾਣ ਪਛਾਣ' (1968), ਤ੍ਰੈਲੋਚਨ, 'ਵਿਵੇਚਨ ਵਿਕੋਲਿਤਰਾ' (1972), ਪ੍ਰੋ. ਪਿਆਰਾ ਸਿੰਘ ਭੋਗਲ, 'ਸਚਿੱਤਰ ਪੰਜਾਬੀ ਸਾਹਿਤ ਦਾ ਇਤਿਹਾਸ' (1975), ਡਾ. ਨਛੱਤਰ 'ਸਾਹਿਤਕ ਨਿਬੰਧਮਾਲਾ' (1976), ਦਲੀਪ ਕੌਰ ਟਿਵਾਣਾ, 'ਪੰਜਾਬੀ ਕਹਾਣੀ ਦਾ ਸਫਰ' (1978), ਹਰਚਰਨ ਸਿੰਘ, 'ਜੇਬੀ ਪੰਜਾਬੀ ਸਾਹਿਤ ਦਾ ਇਤਿਹਾਸ' (1954), ਕਰਤਾਰ ਸਿੰਘ ਦੁੱਗਲ, 'ਗਲਪ ਵਿਸ਼ੇਸ਼ ਅੰਕ' (1982), ਰਘਬੀਰ ਸਿੰਘ, 'ਪੰਜਾਬੀ ਸਾਹਿਤ ਦੀ ਪਛਾਣ'(1998), ਜੀਤ ਸਿੰਘ ਜੋਸ਼ੀ, 'ਪੰਜਾਬੀ ਕਹਾਣੀ ਸੀਮਾ ਤੇ ਸੰਭਾਵਨਾ' (1999), ਆਈ. ਸੇਰੇਬਰੀਆਈਕੋਵ, 'ਪੰਜਾਬੀ ਸਾਹਿਤ' (2000), ਬਿਕਰਮ ਸਿੰਘ ਘੁੰਮਣ, 'ਪੰਜਾਬੀ ਨਿੱਕੀ ਕਹਾਣੀ ਸਿਧਾਂਤ ਸਰੂਪ ਤੇ ਵਿਕਾਸ' (1989), ਬਲਵੰਤ ਸਿੰਘ ਸੰਧੂ, 'ਪੰਜਾਬੀ ਕਹਾਣੀ : ਨਵੇਂ ਪ੍ਰਤੀਮਾਨ' (2006) ਇਸਤਰੀ ਕਹਾਣੀਕਾਰਾਂ ਦੇ ਸਿਰਫ਼ ਨਾਵਾਂ ਦਾ ਜ਼ਿਕਰ ਕਰਦੇ ਹਨ, ਉਨ੍ਹਾਂ ਦੀਆਂ ਰਚਨਾਵਾਂ ਬਾਰੇ ਹੋਰ ਕੋਈ ਵੇਰਵਾ ਨਹੀਂ ਦਿੰਦੇ।

ਨਿਹਾਲ ਸਿੰਘ ਰਸ, 'ਪੰਜਾਬੀ ਸਾਹਿਤ ਦਾ ਵਿਕਾਸ' (1953), ਹਰਚਰਨ ਸਿੰਘ, 'ਜੇਬੀ ਪੰਜਾਬੀ ਸਾਹਿਤ ਦਾ ਇਤਿਹਾਸ' (1954), ਗੁਰਚਰਨ ਸਿੰਘ, 'ਪੰਜਾਬੀ ਗਲਪ ਦਾ ਇਤਿਹਾਸ' (1961), ਪ੍ਰੋ. ਪਿਆਰ ਸਿੰਘ, 'ਸਾਹਿਤ ਪਰਿਚਯ' (1961), ਸੁਰਿੰਦਰਪਾਲ ਸਿੰਘ, 'ਪੰਜਾਬੀ ਕਹਾਣੀ: ਨਵੇਂ ਪ੍ਰਯੋਗ' (1969), ਨਰਿੰਦਰ ਸਿੰਘ ਦੁੱਗਲ, 'ਪੰਜਾਬੀ ਸਾਹਿਤ ਇਕ ਪਰਿਚਯ' (1971), ਪ੍ਰੋ. ਪਿਆਰ ਸਿੰਘ, ਚਾਨਣ

ਸਿੰਘ ਨਿਰਮਲ, ਡਾ. ਈਸ਼ਰ ਸਿੰਘ ਤਾਂਘ ਇਸਤਰੀ ਕਹਾਣੀਕਾਰਾਂ ਦੇ ਜ਼ਿਕਰ ਦੇ ਨਾਲ ਉਨ੍ਹਾਂ ਦੀਆਂ ਰਚਨਾਵਾਂ ਅਤੇ ਕਹਾਣੀ ਸੰਗ੍ਰਹਿਆਂ ਬਾਰੇ ਜਾਣਕਾਰੀ ਵੀ ਦਿੰਦੇ ਹਨ, ਪਰ ਰਚਨਾਵਾਂ ਦੇ ਪ੍ਰਕਾਸ਼ਨ ਕਾਲ ਦਾ ਵੇਰਵਾ ਨਹੀਂ ਦਿੰਦੇ। ਇਸਤਰੀ ਕਹਾਣੀਕਾਰਾਂ ਦੇ ਤੌਰ ਤੇ ਉਹ ਅੰਮ੍ਰਿਤਾ ਪ੍ਰੀਤਮ ਤੇ ਦਲੀਪ ਕੌਰ ਟਿਵਾਣਾ ਦਾ ਹੀ ਜ਼ਿਕਰ ਕਰਦੇ ਹਨ।

ਬਲਬੀਰ ਸਿੰਘ ਦਿਲ, ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਤੇ ਗੋਬਿੰਦ ਸਿੰਘ ਲਾਂਬਾ, ਪਿਆਰਾ ਸਿੰਘ ਭੋਗਲ, ਜੋਗਿੰਦਰ ਸਿੰਘ, ਜੀਤ ਸਿੰਘ ਸੀਤਲ, ਡਾ. ਮਹਿੰਦਰਪਾਲ ਸਿੰਘ ਕੋਹਲੀ, ਬਿਕਰਮ ਸਿੰਘ ਘੁੰਮਣ, ਮਨਮੋਹਨ ਕੇਸਰ, ਡਾ. ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ, ਧਰਮਪਾਲ ਸਿੰਗਲ, ਰਾਜਿੰਦਰ ਸਿੰਘ ਸੇਖੋਂ ਪੰਜਾਬੀ ਇਸਤਰੀ ਕਹਾਣੀ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਦੀਆਂ ਰਚਨਾਵਾਂ ਤੇ ਉਨ੍ਹਾਂ ਵਿਚ ਛੋਹੇ ਮਸਲਿਆਂ 'ਤੇ ਵਿਚਾਰ ਕਰਦੇ ਹਨ। ਇਹ ਵਿਦਵਾਨ ਵੀ ਇਸਤਰੀ ਕਹਾਣੀਕਾਰਾਂ ਦੀਆਂ ਕਥਾ-ਰਚਨਾਵਾਂ ਦੇ ਪ੍ਰਕਾਸ਼ਨ ਕਾਲ ਦਾ ਵੇਰਵਾ ਨਹੀਂ ਦਿੰਦੇ। ਨਾਰੀ ਲੇਖਿਕਾਵਾਂ ਵਜੋਂ ਪਹਿਲੀ ਨਾਰੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੂੰ ਹੀ ਮੰਨਦੇ ਹਨ।

ਗੁਰਮੁਖ ਸਿੰਘ ਜੀਤ ਇਸਤਰੀ ਕਹਾਣੀ ਰਚਨਾ ਦਾ ਕਾਲਗਤ ਵੇਰਵਾ ਦੇ ਕੇ ਰਚਨਾਵਾਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕਰਦਾ ਹੈ। ਇਸ ਤੋਂ ਬਾਅਦ ਸਵਿੰਦਰ ਸਿੰਘ ਉੱਪਲ ਤੇ ਬਲਦੇਵ ਸਿੰਘ ਧਾਲੀਵਾਲ ਨੇ ਇਸਤਰੀ ਕਹਾਣੀਕਾਰਾਂ ਦੀਆਂ ਰਚਨਾਵਾਂ ਦੇ ਪ੍ਰਕਾਸ਼ਨ ਬਾਰੇ ਕਾਲਿਕ ਵੇਰਵੇ ਦੇ ਕੇ ਉਨ੍ਹਾਂ ਦੁਆਰਾ ਰਚਿਤ ਕਹਾਣੀ 'ਤੇ ਵਿਸਥਾਰ ਵਿਚ ਚਰਚਾ ਕੀਤੀ ਹੈ। ਪਰ ਇਹ ਵੀ ਨਾਰੀ ਰਚਿਤ ਪੰਜਾਬੀ ਕਹਾਣੀ ਦੀ ਸ਼ੁਰੂਆਤ ਅੰਮ੍ਰਿਤਾ ਪ੍ਰੀਤਮ ਦੇ ਕਹਾਣੀ ਸੰਗ੍ਰਿਹ '26 ਵਰ੍ਹੇ ਬਾਅਦ' ਤੋਂ ਮੰਨਦੇ ਹਨ। ਇਹ ਕਹਾਣੀ ਸੰਗ੍ਰਹਿ 1943 ਵਿਚ ਪ੍ਰਕਾਸ਼ਿਤ ਹੋਇਆ।

ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਸਾਹਿਤ ਦੇ ਇਤਿਹਾਸਕਾਰ ਅੰਮ੍ਰਿਤਾ ਪ੍ਰੀਤਮ ਤੇ ਦਲੀਪ ਕੌਰ ਟਿਵਾਣਾ ਨੂੰ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਪਹਿਲੀਆਂ ਇਸਤਰੀ ਕਹਾਣੀਕਾਰਾਂ ਵਜੋਂ ਵਿਚਾਰਦੇ ਹਨ। ਗੁਰਮੁਖ ਸਿੰਘ ਜੀਤ, ਸਵਿੰਦਰ ਸਿੰਘ ਉੱਪਲ ਤੇ ਡਾ. ਧਾਲੀਵਾਲ ਤੋਂ ਬਿਨਾਂ ਹੋਰ ਕੋਈ ਵਿਦਵਾਨ ਲੇਖਕ ਇਸਤਰੀਆਂ ਦੁਆਰਾ ਰਚਿਤ ਕਹਾਣੀਆਂ ਦੇ ਰਚਨਾ-ਕਾਲ ਦਾ ਠੋਸ ਵੇਰਵਾ ਨਹੀਂ ਦਿੰਦਾ। ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਅਤੇ ਕਹਾਣੀ ਆਲੋਚਨਾ ਨਾਲ ਜੁੜੇ ਇਨ੍ਹਾਂ ਤਿੰਨਾਂ ਲੇਖਕਾਂ ਨੇ ਅੰਮ੍ਰਿਤਾ ਦੇ ਪਹਿਲੇ ਕਹਾਣੀ ਸੰਗ੍ਰਹਿ '26 ਵਰ੍ਹੇ ਬਾਅਦ' ਦਾ ਪ੍ਰਕਾਸ਼ਨ ਕਾਲ 1943 ਦਿੱਤਾ ਹੈ। ਇਨ੍ਹਾਂ ਦੀਆਂ ਧਾਰਨਾਵਾਂ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਨਾਰੀ ਲੇਖਿਕਾਵਾਂ ਦੁਆਰਾ ਰਚੀ ਗਈ ਕਹਾਣੀ ਰਚਨਾ ਦਾ ਆਰੰਭ 1943 ਤੋਂ ਮੰਨਿਆ ਜਾ ਸਕਦਾ ਹੈ। ਬੇਸ਼ੱਕ ਪ੍ਰੋ. ਪਿਆਰ ਸਿੰਘ, ਗੁਰਦਿੱਤ ਸਿੰਘ ਪ੍ਰੇਮੀ, ਪਿਆਰਾ ਸਿੰਘ ਭੋਗਲ, ਜੋਗਿੰਦਰ ਸਿੰਘ, ਜੀਤ ਸਿੰਘ ਸੀਤਲ, ਮੇਵਾ ਸਿੰਘ ਸਿੱਧੂ, ਬਿਕਰਮ ਸਿੰਘ ਘੁੰਮਣ ਨਾਰੀ ਕਹਾਣੀਕਾਰ ਵਜੋਂ ਦਲੀਪ ਕੌਰ ਟਿਵਾਣਾ ਨੂੰ ਅੰਮ੍ਰਿਤਾ ਪ੍ਰੀਤਮ ਤੋਂ ਪਹਿਲਾਂ ਵਿਚਾਰਦੇ ਹਨ ਪਰ ਉਹ ਆਪਣੀ ਧਾਰਨਾ

ਨੂੰ ਤੱਥਾਂ ਦੇ ਆਧਾਰ ਤੇ ਸਥਾਪਿਤ ਕਰਨ ਦਾ ਕੋਈ ਯਤਨ ਨਹੀਂ ਕਰਦੇ। ਵਾਸਤਵ ਵਿਚ ਅਜਿਹਾ ਸਾਡੇ ਕਥਾ-ਆਲੋਚਕਾਂ ਅਤੇ ਇਤਿਹਾਸਕਾਰਾਂ ਦਾ ਸਾਹਿਤ ਦੀ ਕਾਲਕ੍ਰਮਿਕਤਾ ਪ੍ਰਤਿ ਅਵੇਸਲੇਪਨ ਕਰਕੇ ਹੀ ਹੈ ਕਿ ਉਹ ਲੇਖਕਾਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਨੂੰ ਕਾਲਕ੍ਰਮ ਅਨੁਸਾਰ ਪੇਸ਼ ਨਹੀਂ ਕਰਦੇ। ਸਾਡੇ ਵਿਚਾਰ ਅਧੀਨ ਬਾਕੀ ਸਾਰੇ ਸਾਹਿਤ-ਇਤਿਹਾਸਕਾਰ ਅੰਮ੍ਰਿਤਾ ਪ੍ਰੀਤਮ ਨੂੰ ਹੀ ਪਹਿਲੀ ਔਰਤ ਕਹਾਣੀਕਾਰ ਦੇ ਰੂਪ ਵਿਚ ਵਿਚਾਰਦੇ ਹਨ। ਗੁਰਮੁਖ ਸਿੰਘ ਜੀਤ ਨੇ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀ ਪੁਸਤਕਾਂ '26 ਵਰ੍ਹੇ ਬਾਅਦ' ਤੇ 'ਕੁੰਜੀਆ' ਦਾ ਕਾਲ 1943 ਈ. ਦਿੱਤਾ ਹੈ। ਸਵਿੰਦਰ ਸਿੰਘ ਉੱਪਲ ਨੇ ਵੀ ਅੰਮ੍ਰਿਤਾ ਦੀ ਪਹਿਲੀ ਪੁਸਤਕ '26 ਵਰ੍ਹੇ ਬਾਅਦ' ਦਾ ਕਾਲਿਕ ਵੇਰਵਾ 1943 ਈ. ਦਿੱਤਾ ਹੈ। ਬਲਦੇਵ ਸਿੰਘ ਧਾਲੀਵਾਲ ਵੀ ਪਹਿਲਾਂ ਅੰਮ੍ਰਿਤਾ ਪ੍ਰੀਤਮ ਦਾ ਜ਼ਿਕਰ ਕਰਦਾ ਹੈ ਅਤੇ 1943 ਈ.ਤੋਂ ਉਨ੍ਹਾਂ ਦੇ ਕਹਾਣੀ ਸੰਗ੍ਰਹਿਆਂ ਦਾ ਵੇਰਵਾ ਦਿੰਦਾ ਹੈ। ਬਲਦੇਵ ਸਿੰਘ ਧਾਲੀਵਾਲ ਕ੍ਰਮਵਾਰ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ ਅਤੇ ਦਲੀਪ ਕੌਰ ਟਿਵਾਣਾ ਦਾ ਜ਼ਿਕਰ ਕਰਦਾ ਹੈ। ਉਸ ਦੀ ਇਹ ਜਾਣਕਾਰੀ ਤੱਥਾਂ 'ਤੇ ਖ਼ਰੀ ਉਤਰਦੀ ਹੈ। ਉਸ ਨੇ ਸਾਰੀਆਂ ਰਚਨਾਵਾਂ ਦਾ ਵੇਰਵਾ ਕਾਲਕ੍ਰਮ ਅਨੁਸਾਰ ਦਿੱਤਾ ਹੈ। ਡਾ. ਧਾਲੀਵਾਲ ਦੁਆਰਾ ਦਿੱਤੇ ਰਚਨਾਵਾਂ ਦੇ ਵੇਰਵੇ ਅਨੁਸਾਰ ਅੰਮ੍ਰਿਤਾ ਪ੍ਰੀਤਮ 1943 ਵਿਚ ਪ੍ਰਭਜੋਤ ਕੌਰ 1952 ਵਿਚ ਤੇ ਦਲੀਪ ਕੌਰ ਟਿਵਾਣਾ 1954 ਵਿਚ ਕਹਾਣੀਕਾਰ ਵਜੋਂ ਸਾਹਮਣੇ ਆਉਂਦੀਆਂ ਹਨ। ਉਪਰੋਕਤ ਅਧਿਐਨ ਦੇ ਅਧਾਰ 'ਤੇ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਪੰਜਾਬੀ ਵਿਚ ਨਾਰੀ ਕਹਾਣੀ ਦਾ ਮੁੱਢ 1943 ਤੋਂ ਮੰਨਦੇ ਹਨ ਤੇ ਪਹਿਲੀ ਇਸਤਰੀ ਕਹਾਣੀਕਾਰ ਅੰਮ੍ਰਿਤਾ ਪ੍ਰੀਤਮ ਨੂੰ ਮੰਨਦੇ ਹਨ।

ਇਸ ਤੋਂ ਬਿਨਾਂ ਪੰਜਾਬੀ ਸਾਹਿਤ/ਕਹਾਣੀ ਦੇ ਇਤਿਹਾਸਾਂ ਅਤੇ ਪੰਜਾਬੀ ਕਹਾਣੀ ਦੇ ਵਿਕਾਸ ਬਾਰੇ ਉਪਰੋਕਤ ਉਪਲੱਬਧ ਅਧਿਐਨ ਸਰੋਤਾਂ ਵਿਚ ਇਸਤਰੀ ਕਹਾਣੀਕਾਰਾਂ ਬਾਰੇ ਦਿੱਤੇ ਗਏ ਤੱਥਾਂ ਬਾਰੇ ਚਰਚਾ ਦੌਰਾਨ ਅਸੀਂ ਦੇਖਦੇ ਹਾਂ ਕਿ ਲਗਭਗ ਸਾਰੇ ਹੀ ਸਾਹਿਤ-ਇਤਿਹਾਸਕਾਰ ਪੰਜਾਬੀ ਦੀ ਮੁੱਢਲੀ ਕਹਾਣੀ ਬਾਰੇ ਚਰਚਾ ਕਰਦੇ ਹਨ। ਪਹਿਲੀ ਪੰਜਾਬੀ ਕਹਾਣੀ ਬਾਰੇ ਬਹਿਸ ਕਰਦਿਆਂ ਉਹ ਮੁੱਢ ਵਿਚ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਦਾ ਵੇਰਵਾ ਵੀ ਦਿੰਦੇ ਹਨ ਅਤੇ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਇਨ੍ਹਾਂ ਕਹਾਣੀਕਾਰਾਂ ਦਾ ਪ੍ਰਮੁੱਖ ਯੋਗਦਾਨ ਵੀ ਮੰਨਦੇ ਹਨ ਪਰ ਸਾਰੇ ਸਾਹਿਤ-ਇਤਿਹਾਸਕਾਰ ਮੁੱਢਲੀ ਕਹਾਣੀ ਵਿਚ ਕਿਸੇ ਇਸਤਰੀ ਕਹਾਣੀਕਾਰ ਦੀ ਹੋਂਦ ਦਾ ਜ਼ਿਕਰ ਨਹੀਂ ਕਰਦੇ ਹਨ। ਸਿਰਫ਼ ਬਲਦੇਵ ਸਿੰਘ ਧਾਲੀਵਾਲ ਨੇ ਅੰਮ੍ਰਿਤਾ ਪ੍ਰੀਤਮ ਤੋਂ ਪਹਿਲਾਂ ਦੀਆਂ ਨਾਰੀ ਕਹਾਣੀ ਲੇਖਿਕਾਵਾਂ ਦਾ ਜ਼ਿਕਰ ਕੀਤਾ ਹੈ। ਮੁੱਢਲੇ ਦੌਰ ਦੀ ਕਹਾਣੀ 'ਤੇ ਵਿਚਾਰ ਕਰਦੇ ਹੋਏ, ਉਸ ਸਮੇਂ ਰਸਾਲਿਆਂ ਵਿਚ ਛਪਣ ਵਾਲੇ ਕਹਾਣੀਕਾਰਾਂ ਦਾ ਵੇਰਵਾ ਦਰਜ ਕਰਨ ਦੌਰਾਨ ਡਾ. ਧਾਲੀਵਾਲ ਦੋ ਇਸਤਰੀ ਕਹਾਣੀਕਾਰਾਂ ਬੀਬੀ ਇੰਦਰਜੀਤ ਕੌਰ ਅਤੇ ਬੀਬੀ ਕਰਤਾਰ ਕੌਰ ਦਾ ਜ਼ਿਕਰ

ਕਰਦਾ ਹੈ। ਡਾ. ਧਾਲੀਵਾਲ ਨੇ ਇਨ੍ਹਾਂ ਦੋ ਨਾਰੀ ਕਹਾਣੀਕਾਰਾਂ ਦੇ ਨਾਮ ਬਾਕੀ ਕਹਾਣੀਕਾਰਾਂ ਦੀ ਇਕ ਸੂਚੀ ਵਿਚ ਦਿੱਤੇ ਹਨ। ਉਨ੍ਹਾਂ ਲੇਖਿਕਾਵਾਂ ਦੀਆਂ ਰਚਨਾਵਾਂ ਬਾਰੇ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਸਰੋਕਾਰਾਂ ਬਾਰੇ ਚਾਨਣਾ ਨਹੀਂ ਪਾਇਆ। ਉਹ ਅੰਮ੍ਰਿਤਾ ਪ੍ਰੀਤਮ ਤੇ ਉਸ ਤੋਂ ਬਾਅਦ ਦੀਆਂ ਨਾਰੀ ਰਚਨਾਕਾਰਾਂ ਨੂੰ ਖੁੱਲ੍ਹ ਕੇ ਵਿਚਾਰਦਾ ਹੈ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਵੀ ਬਹੁਮੁੱਲਾ ਵੇਰਵਾ ਦਰਜ ਕਰਦਾ ਹੈ। ਇਸ ਤੋਂ ਬਿਨਾਂ ਉਹ ਪੰਜਾਬੀ ਕਹਾਣੀ ਦੇ ਮੁੱਢ ਦੀ ਨਿਸ਼ਾਨਦੇਹੀ ਕਰਨ ਦੀ ਵੀ ਬਿਹਤਰ ਕੋਸ਼ਿਸ਼ ਕਰਦਾ ਹੈ, ਪਰ ਨਾਰੀ ਕਹਾਣੀ ਦੇ ਮੁੱਢ ਬਾਰੇ ਤੱਥਾਂ ਦੀ ਛਾਣਬੀਣ ਉਸ ਦਾ ਅਧਿਐਨ ਸਰੋਕਾਰ ਬਣਦਾ ਪ੍ਰਤੀਤ ਨਹੀਂ ਹੁੰਦਾ। ਤੱਥਾਂ ਦੀ ਪੂਰੀ ਤਰ੍ਹਾਂ ਖੋਜ-ਪੜਤਾਲ ਨਾ ਕਰਨੀ ਸਾਡੀ ਸਾਹਿਤ ਦੀ ਇਤਿਹਾਸਕਾਰੀ ਦੀ ਪ੍ਰਮੁੱਖ ਸਮੱਸਿਆ ਰਹੀ ਹੈ।

ਪੰਜਾਬੀ ਵਿਚ ਪ੍ਰਕਾਸ਼ਿਤ ਰਸਾਲਿਆਂ ਅਤੇ ਅਖ਼ਬਾਰਾਂ ਨੂੰ ਘੋਖਣ ਤੋਂ ਬਾਅਦ ਸਾਡੇ ਵੱਲੋਂ ਲੱਭੇ ਗਏ ਤੱਥਾਂ ਦੇ ਆਧਾਰ 'ਤੇ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ, ਕਿ ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਵਿਚ ਹੀ ਨਾਰੀ ਰਚਿਤ ਕਹਾਣੀਆਂ ਛਪਣ ਲੱਗ ਪਈਆਂ ਸਨ। ਸਾਹਿਤ ਦੇ ਇਤਿਹਾਸਕਾਰ ਮੂਲ ਸਾਹਿਤਕ ਤੱਥਾਂ ਤਕ ਪਹੁੰਚ ਨਾ ਕਰਨ ਕਾਰਨ ਜਾਂ ਤੱਥਾਂ ਦੀ ਪੂਰੀ ਤਰ੍ਹਾਂ ਖੋਜ-ਪੜਤਾਲ ਨਾ ਕਰਨ ਕਰਕੇ ਇਸਤਰੀ ਲੇਖਕਾਂ ਦੁਆਰਾ ਰਚਿਤ ਕਹਾਣੀਆਂ ਪ੍ਰਤੀ ਅਵੇਸਲੇ ਰਹੇ ਹਨ। ਪੰਜਾਬੀ ਕਹਾਣੀ ਦੇ ਇਤਿਹਾਸ ਬਾਰੇ ਉਪਲੱਬਧ ਸਰੋਤਾਂ ਬਾਰੇ ਉਪਰੋਕਤ ਸਰਵੇਖਣ ਅਤੇ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਬਹੁਤੇ ਆਲੋਚਕ ਜਿਨ੍ਹਾਂ ਰਸਾਲਿਆਂ (ਫੁਲਵਾੜੀ, ਕਿਰਤੀ, ਹੰਸ) ਵਿਚੋਂ ਪੰਜਾਬੀ ਕਹਾਣੀ ਦੇ ਮੁੱਢ ਦੇ ਨਕਸ਼ ਤਲਾਸ਼ਦੇ ਹਨ, ਉਨ੍ਹਾਂ ਰਸਾਲਿਆਂ ਵਿਚ ਹੀ ਮਰਦਾਂ ਦੀਆਂ ਕਹਾਣੀਆਂ ਦੇ ਸਮਾਨਾਂਤਰ ਹੀ ਇਸਤਰੀਆਂ ਦੁਆਰਾ ਰਚਿਤ ਕਹਾਣੀਆਂ ਛਪਦੀਆਂ ਰਹੀਆਂ ਹਨ ਪਰ ਸਾਨੂੰ ਸਾਹਿਤ ਦੇ ਆਲੋਚਕਾਂ ਦਾ ਇਸ ਪ੍ਰਤੀ ਧਿਆਨ ਨਾ ਜਾਣ ਦਾ ਕਾਰਨ ਉਨ੍ਹਾਂ ਦਾ ਅਵੇਸਲਾਪਣ ਹੀ ਜਾਪਦਾ ਹੈ। 'ਸਾਡੇ ਕੋਲ ਪ੍ਰਾਪਤ ਤੱਥਾਂ ਮੁਤਾਬਕ ਕਿਸੇ ਨਾਰੀ ਕਹਾਣੀਕਾਰ ਦੁਆਰਾ ਰਚਿਤ ਪਹਿਲੀ ਕਹਾਣੀ 'ਆਪ ਹੁਦਰੀ' ਸਿਰਲੇਖ ਅਧੀਨ 'ਪੰਜਾਬੀ ਭੈਣ' ਰਸਾਲੇ ਵਿਚ ਛਪਦੀ ਹੈ। ਇਸ ਕਹਾਣੀ ਦੀ ਲੇਖਿਕਾ 'ਟਸਪ ਪ੍ਰਣੀਤ' ਅਤੇ ਰਚਨਾਕਾਲ 1919 ਹੈ।'[3] ਇਸ ਤੋਂ ਬਾਅਦ 1926 ਵਿਚ ਬੀਬੀ ਨਰਿੰਦਰ ਕੌਰ ਦੁਆਰਾ ਰਚਿਤ ਕਹਾਣੀ 'ਕ੍ਰਿਸ਼ਨਾ ਕੁਮਾਰੀ' 'ਇਸਤਰੀ ਰਤਨ' ਨਾਂ ਦੇ ਰਸਾਲੇ ਵਿਚ ਛਪਦੀ ਹੈ। ਇਨ੍ਹਾਂ ਸ਼ੁਰੂਆਤੀ ਕਹਾਣੀਆਂ ਤੋਂ ਬਾਅਦ ਇਸਤਰੀਆਂ ਦੁਆਰਾ ਲਿਖੀਆਂ ਗਈਆਂ ਕਹਾਣੀਆਂ ਲਗਾਤਾਰ ਛਪਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਈਸ਼ਰ ਕੌਰ ਕਲੀ ਨਾਮ ਦੀ ਨਾਰੀ ਕਹਾਣੀਕਾਰਾ ਦੀਆਂ ਸਭ ਤੋਂ ਵੱਧ ਕਹਾਣੀਆਂ ਛਪਦੀਆਂ ਹਨ। ਈਸ਼ਰ ਕੌਰ ਕਲੀ ਜੁਲਾਈ 1930 ਤੋਂ ਪੰਜਾਬੀ ਰਸਾਲਿਆਂ ਵਿਚ ਛਪਣਾ ਸ਼ੁਰੂ ਹੁੰਦੀ ਹੈ। ਉਸ ਦੀਆਂ 'ਸੁੰਦਰ' (1930), 'ਪਿਤਾ ਦੀ ਅੰਤਿਮ ਅਸੀਸ' (1930), 'ਬਰਾਦਰੀ ਦਾ ਦੁੱਖ' (1931), 'ਪਦਮ' (1931), 'ਕਲੀ ਦਾ ਉਲਾਂਭਾ' (1931), 'ਬੇ ਤੁਅਸਬ

ਪ੍ਰੇਮ'(1931), 'ਸੁਰਗ ਦੀ ਦੇਵੀ'(1933), 'ਪ੍ਰੋਫੈਸਰ ਦਾ ਭਰਮ' (1934), 'ਸਿਤਾਰ' (1934), 'ਸਵਰਗ ਜਾਂ ਨਰਕ' (1934), 'ਪ੍ਰੇਮ ਪ੍ਰਿਖਿਆ' (1934), 'ਪ੍ਰੀਤਮ' (1936) ਕਹਾਣੀਆਂ ਉਲੇਖਯੋਗ ਹਨ। ਇਸ ਤੋਂ ਬਿਨਾਂ ਬੀਬੀ ਸ਼ਮਸ਼ੇਰ ਕੌਰ, ਬੀਬੀ ਨਰਿੰਦਰ ਕੌਰ, ਦਲਜੀਤ ਕੌਰ ਬਾਹੀਆ, ਐੱਚ. ਐਸ. ਰਾਹੀ, ਬੀਬੀ ਸਨੇਹਲਤਾ, ਇੰਦਰਜੀਤ ਕੌਰ, ਬੀਬੀ ਕਰਤਾਰ ਕੌਰ, ਬੀਬੀ ਦਾਤਾਰ ਕੌਰ, ਲੀਲਾਵੰਤੀ, ਬੀਬੀ ਦਰਸ਼ਨ ਕੌਰ, ਰਾਜਿੰਦਰ ਕੌਰ, ਬੀਬੀ ਬ੍ਰਿਜਇੰਦਰ ਕੌਰ ਵਿਦਿਆਰਥਣ, ਗਿਆਨੀ ਹਰਨਾਮ ਕੌਰ, ਸ਼੍ਰੀਮਤੀ ਸਿਬਰਾਣੀ ਜੀ, ਬੀਬੀ ਤੇਜ ਕੌਰ, ਬੀਬੀ ਦਵਿੰਦਰ ਕੌਰ, ਬੀਬੀ ਰਣਜੀਤ ਕੌਰ, ਬੀਬੀ ਸਤਵੰਤ ਕੌਰ, ਪਰਉਪਕਾਰ ਕੌਰ, ਮੰਗਲਾ ਦੇਵੀ, ਮਿ. ਰਤਨ ਕੌਰ, ਕੁਮਾਰੀ ਮਨਮੋਹਨ ਕੌਰ ਬੀ. ਏ, ਬੀਬੀ ਮਤਾਬ ਕੌਰ ਕੈਰੋਂ, ਪ੍ਰਿਤਮਾ, ਬੀਬਾ ਜਗਜੀਤ ਬੇਦੀ, ਆਦਿ ਹੋਰ ਔਰਤ ਕਹਾਣੀਕਾਰ ਪੰਜਾਬੀ ਰਸਾਲਿਆਂ ਵਿਚ 1943 ਤੋਂ ਪਹਿਲਾਂ ਛਪਦੀਆਂ ਰਹੀਆਂ ਹਨ।

ਉਪਰੋਕਤ ਤੱਥਾਂ ਦੇ ਅਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿਚ ਨਾਰੀ ਰਚਿਤ ਕਹਾਣੀ 1943 ਤੋਂ ਪਹਿਲਾਂ ਵੀ ਮੌਜੂਦ ਹੈ। ਇਨ੍ਹਾਂ ਕਹਾਣੀਆਂ ਨੂੰ ਇਤਿਹਾਸਕਾਰਾਂ ਦੁਆਰਾ ਅਣਗੌਲਿਆ ਕਰਨ ਦਾ ਕੋਈ ਵੀ ਕਾਰਨ ਸਾਨੂੰ ਨਜ਼ਰ ਨਹੀਂ ਆਉਂਦਾ ਹੈ। ਸ਼ਾਇਦ ਸਾਡੇ ਸਾਹਿਤ ਦੇ ਇਤਿਹਾਸਕਾਰ ਕਿਤਾਬੀ ਰੂਪ ਵਿਚ ਆਈ ਰਚਨਾ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਰਹੇ ਹਨ। ਪੰਜਾਬੀ ਕਹਾਣੀ ਦਾ ਮੁੱਢ ਲਗਭਗ ਬਹੁਤੇ ਇਤਿਹਾਸਕਾਰ ਮੋਹਨ ਸਿੰਘ ਵੈਦ ਤੋਂ ਮੰਨਦੇ ਹਨ। ਉਹ ਰਸਾਲਿਆਂ ਵਿਚ ਛਪਣ ਵਾਲੀ ਰਚਨਾ ਦਾ ਮਾਮੂਲੀ ਜਿਹਾ ਜ਼ਿਕਰ ਕਰਦੇ ਹਨ, ਜਦ ਕਿ ਕਿਤਾਬੀ ਰੂਪ ਵਿਚ ਆਈ ਰਚਨਾ 'ਤੇ ਥੋੜ੍ਹਾ ਵਿਸਥਾਰ ਵਿਚ ਵਿਚਾਰ ਕਰਦੇ ਹਨ। ਬਹੁਤੇ ਵਿਦਵਾਨ ਇਸਤਰੀ ਕਹਾਣੀ ਦੇ ਮੁੱਢ ਦੀ ਨਿਸ਼ਾਨਦੇਹੀ ਅੰਮ੍ਰਿਤਾ ਪ੍ਰੀਤਮ ਤੋਂ ਹੀ ਕਰਦੇ ਹਨ। ਇਸ ਤੋਂ ਪਹਿਲਾਂ ਰਸਾਲਿਆਂ ਵਿਚ ਸਾਹਮਣੇ ਆ ਚੁੱਕੀਆਂ ਉਸਦੀਆਂ ਕਹਾਣੀਆਂ ਨੂੰ ਤਵੱਜੋ ਨਹੀਂ ਦਿੰਦੇ। ਇੱਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਉਸਦੇ ਕਹਾਣੀ ਸੰਗ੍ਰਹਿ '26 ਵਰ੍ਹੇ ਬਾਅਦ' ਦੇ ਪ੍ਰਕਾਸ਼ਨ ਤੋਂ ਪਹਿਲਾਂ ਰਸਾਲਿਆਂ ਵਿਚ ਵੀ ਸਾਹਮਣੇ ਆ ਚੁੱਕੀਆਂ ਸਨ। ਕੋਈ ਵੀ ਆਲੋਚਕ/ ਵਿਦਵਾਨ 1943 ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ ਲੇਖਿਕਾ ਵਜੋਂ ਨਿਸ਼ਾਨਦੇਹੀ ਨਹੀਂ ਕਰਦਾ ਹੈ। ਬੇਸ਼ੱਕ ਗੁਰਚਰਨ ਸਿੰਘ ਆਪਣੀ ਕਿਤਾਬ 'ਪੰਜਾਬੀ ਗਲਪ ਦਾ ਇਤਿਹਾਸ' ਵਿਚ ਅੰਮ੍ਰਿਤਾ ਪ੍ਰੀਤਮ ਦੇ ਰਸਾਲੇ 'ਨਵੀਂ ਦੁਨੀਆਂ' ਦਾ ਜ਼ਿਕਰ ਕਰਦਾ ਹੈ ਪਰ ਉਹ ਰਸਾਲੇ ਵਿਚ ਛਪਦੀ ਅੰਮ੍ਰਿਤਾ ਪ੍ਰੀਤਮ ਦੀ ਕਿਸੇ ਰਚਨਾ ਅਤੇ ਰਚਨਾ ਦੇ ਕਾਲ ਦਾ ਕੋਈ ਵੇਰਵਾ ਨਹੀਂ ਦਿੰਦਾ ਹੈ। ਉਹ ਸਿਰਫ਼ ਇਹ ਹੀ ਸਪੱਸ਼ਟੀਕਰਨ ਦਿੰਦਾ ਹੈ, ਕਿ 'ਨਵੀਂ ਦੁਨੀਆਂ' ਰਸਾਲੇ ਵਿਚ ਛਪਦੀਆਂ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਉਸ ਦੇ ਕਹਾਣੀ ਸੰਗ੍ਰਹਿਆਂ '26 ਵਰ੍ਹੇ ਬਾਅਦ' ਤੇ 'ਕੁੰਜੀਆਂ' ਵਿਚ ਸਾਹਮਣੇ ਆਈਆਂ ਹਨ। ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦੀ ਕਹਾਣੀਕਾਰ ਵਜੋਂ ਪਛਾਣ ਉਸ ਦੇ ਕਹਾਣੀ

ਸੰਗ੍ਰਹਿ '26 ਵਰ੍ਹੇ ਬਾਅਦ' ਰਾਹੀਂ 1943 ਵਿਚ ਹੋਈ ਹੈ। ਅੰਮ੍ਰਿਤਾ ਪ੍ਰੀਤਮ ਦੀ ਕਹਾਣੀ ਰਚਨਾ ਬਾਰੇ ਵੀ ਸਾਡੇ ਸਾਹਿਤ-ਇਤਿਹਾਸਕਾਰਾਂ ਦਾ ਵੇਰਵਾ ਤੱਥਾਂ 'ਤੇ ਖ਼ਰਾ ਨਹੀਂ ਉਤਰਦਾ ਹੈ। ਅੰਮ੍ਰਿਤਾ ਪ੍ਰੀਤਮ 1934 ਵਿਚ ਕਹਾਣੀ ਲੇਖਿਕਾ ਦੇ ਤੌਰ 'ਤੇ ਸਾਹਮਣੇ ਆ ਚੁੱਕੀ ਸੀ। 'ਉਹ ਪਹਿਲੀ ਵਾਰ ਨਵੰਬਰ 1934 ਵਿਚ 'ਪ੍ਰੀਤਮ' ਨਾਂ ਦੇ ਰਸਾਲੇ ਵਿਚ ਬੀਬੀ ਅੰਮ੍ਰਿਤ ਕੌਰ ਗਿਆਨੀ ਲਾਹੌਰ ਦੇ ਨਾਮ ਹੇਠ 'ਪ੍ਰੇਮ ਪ੍ਰਿਖਿਆ'[4] ਨਾਂ ਦੀ ਕਹਾਣੀ ਰਾਹੀਂ ਸਾਹਮਣੇ ਆਈ ਸੀ। ਇਸ ਤੋਂ ਬਿਨਾਂ ਅੰਮ੍ਰਿਤਾ ਪ੍ਰੀਤਮ ਨੇ 'ਨਵੀਂ ਦੁਨੀਆਂ' ਨਾਂ ਦਾ ਰਸਾਲਾ ਕੱਢਿਆ ਸੀ। 'ਨਵੀਂ ਦੁਨੀਆਂ' ਨਾਂ ਦਾ ਰਸਾਲਾ ਅੰਮ੍ਰਿਤ ਕੌਰ ਦੇ ਨਾਮ ਹੇਠ ਛਪਦਾ ਰਿਹਾ ਹੈ। ਉਸ ਵਿਚ ਛਪਦੀਆਂ ਕਹਾਣੀਆਂ ਵੀ ਅੰਮ੍ਰਿਤ ਕੌਰ ਦੇ ਨਾਂ ਹੇਠ ਸਾਹਮਣੇ ਆਈਆਂ ਹਨ। 'ਨਵੀਂ ਦੁਨੀਆਂ' ਵਿਚ ਛਪਦੀਆਂ ਕਹਾਣੀਆਂ ਵਿਚੋਂ 'ਰੱਖੜੀ'[5] ਤੇ 'ਕਹਾਣੀ'[6] ਅੰਮ੍ਰਿਤਾ ਪ੍ਰੀਤਮ ਦੇ ਕਹਾਣੀ ਸੰਗ੍ਰਹਿ '26 ਵਰ੍ਹੇ ਬਾਅਦ' ਵਿਚ ਦਰਜ ਹਨ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਅਸੀਂ ਅੰਮ੍ਰਿਤ ਕੌਰ ਨੂੰ ਅੰਮ੍ਰਿਤਾ ਪ੍ਰੀਤਮ ਮੰਨ ਸਕਦੇ ਹਾਂ। ਇਸ ਸਬੰਧੀ ਗੁਰਚਰਨ ਸਿੰਘ ਲਿਖਦੇ ਹਨ,

"ਆਪਣੇ ਰਸਾਲੇ 'ਨਵੀਂ ਦੁਨੀਆਂ' ਵਿਚ ਅੰਮ੍ਰਿਤਾ ਕਦੇ ਕਦੇ ਕੋਈ ਕਹਾਣੀ ਵੀ ਲਿਖਦੀ ਸੀ ਜੋ 'ਕੁੰਜੀਆਂ' ਤੇ'26 ਵਰ੍ਹੇ ਬਾਅਦ' ਦੋ ਕਹਾਣੀ ਸੰਗ੍ਰਹਿਆਂ ਵਿਚ ਪ੍ਰਕਾਸ਼ਿਤ ਹੋਈਆਂ ਸਨ।"[7] ਅੰਮ੍ਰਿਤ ਕੌਰ ਨੂੰ ਗੁਰਚਰਨ ਸਿੰਘ ਅੰਮ੍ਰਿਤਾ ਪ੍ਰੀਤਮ ਲਿਖਦਾ ਹੈ। ਇਸ ਤੋਂ ਇਲਾਵਾ ਹਰਚਰਨ ਕੌਰ ਆਪਣੀ ਸੰਪਾਦਿਤ ਕਿਤਾਬ 'ਸਮੀਖਿਆ ਵਿਹਾਰ' ਵਿਚ ਦਰਜ ਲੇਖ 'ਅੰਮ੍ਰਿਤਾ ਪ੍ਰੀਤਮਃ ਇਕ ਪਾਠ ਦੇ ਤੌਰ 'ਤੇ' ਵਿਚ ਲਿਖਦੀ ਹੈ;

"ਅੰਮ੍ਰਿਤਾ ਦੇ ਜਨਮ ਤੋਂ ਲੈ ਕੇ ਜਵਾਨੀ ਦੀ ਦਹਿਲੀਜ 'ਤੇ ਪੈਰ ਧਰਨ ਤਕ ਉਸ ਨੇ ਅੰਮ੍ਰਿਤ ਕੌਰ ਵਾਲਾ ਨਾਮ ਹੰਢਾਇਆ ਹੈ, ਜਿਸ ਦਾ ਸੰਬੰਧ ਸਿੱਖ ਧਾਰਮਿਕ ਦਾਇਰੇ ਜਾਂ ਪਰਿਵਾਰ ਨਾਲ ਜਾ ਜੁੜਦਾ ਹੈ।... ਸੋਲਾਂ ਸਾਲ ਦੀ ਉਮਰੇ ਵਿਆਹੇ ਜਾਣ ਤੋਂ ਮਗਰੋਂ ਅੰਮ੍ਰਿਤਾ ਪ੍ਰੀਤਮ ਵਾਲਾ ਨਾਂ ਆਪਣਾ ਸਿਰ ਚੁੱਕਦਾ ਹੈ।"[8]

ਉਪਰੋਕਤ ਹਵਾਲਿਆ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅੰਮ੍ਰਿਤ ਕੌਰ ਹੀ ਅੰਮ੍ਰਿਤਾ ਪ੍ਰੀਤਮ ਹੈ। ਅੰਮ੍ਰਿਤਾ ਪ੍ਰੀਤਮ ਹੀ ਪਹਿਲਾਂ ਪਹਿਲ ਇਕ ਲੇਖਿਕਾ ਦੇ ਤੌਰ 'ਤੇ ਅੰਮ੍ਰਿਤ ਕੌਰ ਦੇ ਨਾਂ ਹੇਠ 1934 ਵਿਚ 'ਪ੍ਰੀਤਮ' ਰਸਾਲੇ ਰਾਹੀਂ ਸਾਹਮਣੇ ਆਈ ਸੀ। ਅਸੀਂ ਕਹਿ ਸਕਦੇ ਹਾਂ ਕਿ ਸਾਡੇ ਸਾਹਿਤ ਦੇ ਇਤਿਹਾਸਕਾਰ ਨਾਰੀ ਰਚਨਾ ਪ੍ਰਤੀ ਆਪਣੀ ਅਣਗਹਿਲੀ ਕਾਰਣ ਉਨ੍ਹਾਂ ਦੁਆਰਾ ਰਚਿਤ ਸਾਹਿਤ ਬਾਰੇ ਸਹੀ ਧਾਰਨਾ ਬਣਾਉਣ ਤੋਂ ਅਸਮਰੱਥ ਰਹੇ ਹਨ। ਪੰਜਾਬੀ ਵਿਚ ਨਾਰੀ ਦੁਆਰਾ ਰਚਿਤ ਕਹਾਣੀ 1943 ਤੋਂ ਬਹੁਤ ਸਮਾਂ ਪਹਿਲਾਂ ਛਪਣੀ ਸ਼ੁਰੂ ਹੋ ਚੁੱਕੀ ਸੀ। ਅੰਮ੍ਰਿਤਾ ਪ੍ਰੀਤਮ ਦੇ ਸਮਾਨਾਂਤਰ ਤੇ ਉਸ ਤੋਂ ਵੀ ਪਹਿਲਾਂ 52 ਹੋਰ ਕਹਾਣੀਕਾਰਾਂ ਛਪ ਚੁੱਕੀਆਂ ਸਨ। ਸਾਨੂੰ 1943 ਤੋਂ ਪਹਿਲਾਂ ਵੱਖ ਵੱਖ ਰਸਾਲਿਆਂ ਵਿਚੋਂ 114 ਕਹਾਣੀਆਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਵਿਚੋਂ 13 ਕਹਾਣੀਆਂ ਅੰਮ੍ਰਿਤ ਕੌਰ ਦੇ ਨਾਂ ਹੇਠ ਛਪਦੀਆਂ

ਹਨ। ਬਾਕੀ ਕਹਾਣੀਆਂ ਹੋਰ ਵੱਖ-ਵੱਖ ਕਹਾਣੀ ਲੇਖਿਕਾਵਾਂ ਦੁਆਰਾ ਰਚੀਆਂ ਗਈਆਂ ਮਿਲਦੀਆਂ ਹਨ।

ਪੰਜਾਬੀ ਕਹਾਣੀ ਦੇ ਇਤਿਹਾਸ ਬਾਰੇ ਉਪਲੱਬਧ ਸਰੋਤਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਅਸੀਂ ਦੇਖਦੇ ਹਾਂ ਕਿ ਪੰਜਾਬੀ ਆਲੋਚਕ ਅਤੇ ਸਾਹਿਤ-ਇਤਹਾਸਕਾਰ ਉਪਰੋਕਤ ਰਚਨਾਵਾਂ ਤੱਕ ਪਹੁੰਚ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦੇ ਹਨ। ਬਲਦੇਵ ਸਿੰਘ ਧਾਲੀਵਾਲ ਬੇਸ਼ਕ ਦੋ ਔਰਤ ਲੇਖਿਕਾਵਾਂ ਦਾ ਨਾਮ ਦਰਜ ਕਰਦਾ ਹੈ ਪਰ ਉਸ ਦੀ ਜਾਣਕਾਰੀ ਦਾ ਘੇਰਾ ਵੀ ਸੀਮਿਤ ਹੈ। ਉਹ ਸਿਰਫ਼ ਨਾਵਾਂ ਦਾ ਵੇਰਵਾ ਦਿੰਦਾ ਹੈ, ਰਚਨਾਵਾਂ ਅਤੇ ਉਨ੍ਹਾਂ ਦੇ ਸਰੋਤਾਂ ਬਾਰੇ ਜ਼ਿਕਰ ਨਹੀਂ ਕਰਦਾ ਹੈ। ਡਾ. ਧਾਲੀਵਾਲ ਦੁਆਰਾ ਰਸਾਲਿਆਂ ਵਿਚ ਛਪਣ ਵਾਲੀਆਂ ਦੋ ਔਰਤ ਰਚਨਾਕਾਰਾਂ ਦਾ ਜ਼ਿਕਰ ਆਇਆ ਹੈ। ਇਨ੍ਹਾਂ ਵਿਚੋਂ ਸਾਨੂੰ ਬੀਬੀ ਇੰਦਰਜੀਤ ਕੌਰ ਦੀਆਂ ਦੋ ਕਹਾਣੀਆਂ 'ਨਵਾਂ ਵਪਾਰ' (ਮਈ 1934) ਤੇ 'ਜੀਤਾਂ' (ਦਸੰਬਰ 1934) ਪ੍ਰਾਪਤ ਹੁੰਦੀਆਂ ਹਨ। ਅਗਸਤ 1936 ਦੇ 'ਫੁਲਵਾੜੀ' ਰਸਾਲੇ ਦੇ ਤਤਕਰੇ ਵਿੱਚ 'ਇਸਤਰੀ ਦਾ ਪ੍ਰੇਮ' ਕਹਾਣੀ ਦੀ ਲੇਖਿਕਾ ਦਾ ਨਾਂ ਕਰਤਾਰ ਕੌਰ ਦਰਜ ਹੈ, ਪਰ ਇਸ ਰਸਾਲੇ ਅੰਦਰ ਦਰਜ ਕਹਾਣੀ ਨੂੰ ਵਾਚਦਿਆਂ ਸਾਨੂੰ ਇਸ ਦੀ ਲੇਖਿਕਾ ਦਾ ਨਾਂ ਦਾਤਾਰ ਕੌਰ ਤਾਕਲਿਆਂ ਵਾਲੀ ਪ੍ਰਾਪਤ ਹੁੰਦਾ ਹੈ। ਇਹ ਸੰਭਵ ਕਿ ਇਹ ਛਪਾਈ ਦੌਰਾਨ ਹੋਈ ਉਕਾਈ ਦਾ ਨਤੀਜਾ ਹੋਵੇ ਅਤੇ ਉਪਰੋਕਤ ਕਹਾਣੀ ਦਾਤਾਰ ਕੌਰ ਦੀ ਹੋਵੇ, ਕਿਉਂਕਿ ਦਾਤਾਰ ਕੌਰ ਉਨ੍ਹਾਂ ਸਮਿਆਂ ਵਿਚ ਬਤੌਰ ਲੇਖਿਕਾ ਸਰਗਰਮ ਰਹੀ ਹੈ ਅਤੇ ਉਸ ਦੀਆਂ ਤਿੰਨ ਕਹਾਣੀਆਂ ਵੱਖ-ਵੱਖ ਰਸਾਲਿਆਂ ਵਿੱਚ ਪ੍ਰਾਪਤ ਹੁੰਦੀਆਂ ਹਨ, ਜਦਕਿ ਕਰਤਾਰ ਕੌਰ ਦੀ ਕੋਈ ਹੋਰ ਕਹਾਣੀ ਸਾਡੇ ਧਿਆਨ ਵਿਚ ਨਹੀਂ ਆਈ। ਇਸ ਤੱਥ ਦੇ ਬਾਵਜੂਦ ਰਸਾਲੇ ਦੇ ਤਤਕਰੇ ਵਿਚ ਦਰਜ ਕਰਤਾਰ ਕੌਰ ਦੇ ਨਾਂ ਵਾਲੇ ਤੱਥ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਇਸ ਲਈ ਸੰਭਾਵਨਾ ਇਹ ਵੀ ਬਣਦੀ ਹੈ ਕਿ 'ਇਸਤਰੀ ਦਾ ਪ੍ਰੇਮ' ਕਹਾਣੀ ਕਰਤਾਰ ਕੌਰ ਦੀ ਹੋਵੇ ਜਾਂ ਉਸ ਦੀਆਂ ਕਹਾਣੀਆਂ ਵੀ ਉਸ ਸਮੇਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹੋਣ। ਇਕ ਅਨੁਮਾਨ ਇਹ ਵੀ ਲਗਾਇਆ ਜਾ ਸਕਦਾ ਹੈ ਕਿ ਇਹ ਦੋਵੇਂ ਨਾਮ ਇੱਕੋ ਕਹਾਣੀਕਾਰ ਦੇ ਹੋਣ ਅਤੇ ਇਨ੍ਹਾਂ ਵਿਚੋਂ ਇਕ ਨਾਮ ਉਸ ਦਾ ਕਲਮੀ ਅਤੇ ਕਾਲਪਨਿਕ ਨਾਮ ਹੋਵੇ। ਕੁਲ ਮਿਲਾ ਕੇ ਅਸੀਂ ਇਸ ਕਹਾਣੀ ਦੀ ਲੇਖਿਕਾ ਬਾਰੇ ਉਪਲੱਬਧ ਠੋਸ ਤੱਥਾਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਇਸ ਨੂੰ ਦਾਤਾਰ ਕੌਰ ਦੀ ਕਹਾਣੀ ਮੰਨਿਆਂ ਜਾਣਾ ਵਧੇਰੇ ਵਾਜਿਬ ਹੈ। ਗੁਰਚਰਨ ਸਿੰਘ 'ਨਵੀਂ ਦੁਨੀਆਂ' ਨਾਂ ਦੇ ਰਸਾਲੇ ਵਿਚ ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਦੀ ਪਛਾਣ ਕਰਦਾ ਹੈ ਪਰ ਉਸ ਦੀ ਜਾਣਕਾਰੀ ਰਚਨਾਵਾਂ ਦੇ ਤੱਥਗਤ ਵੇਰਵੇ ਤੋਂ ਰਹਿਤ ਹੈ। ਇਸ ਰਸਾਲੇ ਵਿਚ ਛਪਣ ਵਾਲੀਆਂ ਹੋਰ ਨਾਰੀ ਲੇਖਿਕਾਵਾਂ ਦੀ ਪਛਾਣ ਦੇ ਕਾਰਜ ਪ੍ਰਤੀ ਉਹ ਅਵੇਸਲਾ ਰਿਹਾ ਹੈ। ਅੰਮ੍ਰਿਤਾ ਪ੍ਰੀਤਮ ਵੀ 'ਪੰਜਾਬੀ ਸਾਹਿਤ ਦਾ ਵਿਕਾਸ' ਕਿਤਾਬ ਵਿਚ ਦਲੀਪ ਕੌਰ ਟਿਵਾਣਾ ਦਾ ਮਾਮੂਲੀ ਜਿਹਾ ਜ਼ਿਕਰ ਕਰਦੀ ਹੈ। ਉਹ ਭਾਵੇਂ ਨਿਰਮਾਣਤਾ ਵੱਸ ਹੀ

ਸਹੀ ਪਰ ਆਪਣੀ ਕਿਸੇ ਕਹਾਣੀ ਰਚਨਾ ਦਾ ਵੀ ਵੇਰਵਾ ਨਹੀਂ ਦਿੰਦੀ ਹੈ। ਅੰਮ੍ਰਿਤਾ ਪ੍ਰੀਤਮ 'ਨਵੀਂ ਦੁਨੀਆਂ' ਰਸਾਲੇ ਦੀ ਸੰਪਾਦਕ ਰਹੀ ਹੈ। ਉਸ ਨੇ ਇਸ ਰਸਾਲੇ ਵਿਚ ਆਪਣੀਆਂ ਤੇ ਹੋਰ ਔਰਤਾਂ ਦੀਆਂ ਕਹਾਣੀ ਰਚਨਾਵਾਂ ਨੂੰ ਪ੍ਰਕਾਸ਼ਿਤ ਕੀਤਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਉਹ ਦਲੀਪ ਕੌਰ ਟਿਵਾਣਾ ਤੋਂ ਬਿਨਾਂ ਕਿਸੇ ਨਾਰੀ ਲੇਖਿਕਾ ਦਾ ਜ਼ਿਕਰ ਵੀ ਨਹੀਂ ਕਰਦੀ ਹੈ। ਦਲੀਪ ਕੌਰ ਟਿਵਾਣਾ 'ਪੰਜਾਬੀ ਆਲੋਚਨਾ ਦੇ ਸਰੂਪ' ਕਿਤਾਬ ਵਿਚ ਆਪਣੇ ਲੇਖ 'ਪੰਜਾਬੀ ਕਹਾਣੀ ਦਾ ਸਫ਼ਰ' ਵਿਚ ਅਜੀਤ ਕੌਰ ਤੇ ਅੰਮ੍ਰਿਤਾ ਪ੍ਰੀਤਮ ਦਾ ਵੇਰਵਾ ਦਿੰਦੀ ਹੈ। ਉਹ ਵੀ ਅੰਮ੍ਰਿਤਾ ਪ੍ਰੀਤਮ ਵਾਂਗ ਹੀ ਨਿਰਮਾਣਤਾ ਕਾਰਣ ਆਪਣੀ ਕਿਸੇ ਕਹਾਣੀ ਰਚਨਾ ਦਾ ਵੇਰਵਾ ਨਹੀਂ ਦਿੰਦੀ ਹੈ। ਗੁਰਮੁਖ ਸਿੰਘ ਜੀਤ ਆਪਣੀ ਪੁਸਤਕ 'ਸਮਕਾਲੀ ਪੰਜਾਬੀ ਕਹਾਣੀ' ਵਿਚ ਕਹਾਣੀਕਾਰ ਵਜੋਂ ਅਜੀਤ ਕੌਰ ਦੀ ਸ਼ਨਾਖ਼ਤ, ਉਸ ਦੀਆਂ ਕਹਾਣੀਆਂ ਦੇ ਪੁਸਤਕ ਰੂਪ ਵਿਚ ਆਉਣ ਤੋਂ ਪਹਿਲਾਂ ਰਸਾਲਿਆਂ ਵਿਚ ਛਪੀਆਂ ਕਹਾਣੀਆਂ ਦੇ ਆਧਾਰ 'ਤੇ ਕਰਦਾ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਪ੍ਰਤੀ ਉਸ ਨੇ ਅਜਿਹੀ ਮੁਸ਼ੱਕਤ ਨਹੀਂ ਕੀਤੀ ਹੈ। ਬੇਸ਼ੱਕ ਉਹ ਅੰਮ੍ਰਿਤਾ ਪ੍ਰੀਤਮ ਬਾਰੇ ਤਫ਼ਸੀਲ ਵਿਚ ਵਿਚਾਰ ਕਰਦਾ ਹੈ ਪਰ ਉਹ ਅੰਮ੍ਰਿਤਾ ਦੀ ਪਛਾਣ ਬਾਕੀ ਆਲੋਚਕਾਂ ਵਾਂਗ ਉਸ ਦੀ ਪੁਸਤਕ '26 ਵਰ੍ਹੇ ਬਾਅਦ' ਤੋਂ ਹੀ ਕਰਦਾ ਹੈ।

ਪੰਜਾਬੀ ਸਾਹਿਤ-ਇਤਿਹਾਸਕਾਰਾਂ ਤੇ ਪੰਜਾਬੀ ਕਹਾਣੀ ਅਲੋਚਕਾਂ ਦੀਆਂ ਇਸਤਰੀ ਰਚਿਤ ਕਹਾਣੀ ਬਾਰੇ ਧਾਰਨਾਵਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਦੇਖਦੇ ਹਾਂ ਕਿ ਅਕਸਰ ਵਿਦਵਾਨ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਆਦਿ ਕਹਾਣੀ ਲੇਖਿਕਾਵਾਂ ਦੀਆਂ ਪੁਸਤਕਾਂ ਦਾ ਵੇਰਵਾ ਤਾਂ ਦਿੰਦੇ ਹਨ ਪਰ ਅੰਮ੍ਰਿਤਾ ਪ੍ਰੀਤਮ ਤੇ ਪ੍ਰਭਜੋਤ ਕੌਰ ਦੇ ਰਚਨਾ ਕਾਲ ਦੌਰਾਨ/ਦਰਮਿਆਨ ਕਹਾਣੀ ਰਚਨਾ ਦੇ ਖੇਤਰ ਵਿਚ ਸਰਗਰਮ ਹੋਰ ਔਰਤ ਕਹਾਣੀਕਾਰਾਂ ਅਮਰਜੀਤ ਕੌਰ ਤੇ ਨਿਰਮਲ ਦਾ ਜ਼ਿਕਰ ਨਹੀਂ ਕਰਦੇ। ਜੇਕਰ ਕਾਲਕ੍ਰਮਿਕ ਵੇਰਵੇ ਨੂੰ ਆਧਾਰ ਬਣਾਇਆ ਜਾਵੇ ਤਾਂ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਨਿਰਮਲ ਤੇ ਅਮਰਜੀਤ ਕੌਰ ਦੀਆ ਕਹਾਣੀਆਂ ਦਾ ਜ਼ਿਕਰ ਆਉਣਾ ਚਾਹੀਦਾ ਹੈ। ਇਨ੍ਹਾਂ ਕਹਾਣੀ ਲੇਖਿਕਾਵਾਂ ਦਾ ਜ਼ਿਕਰ ਨਿਹਾਲ ਸਿੰਘ ਰਸ, ਸੁਰਿੰਦਰਪਾਲ ਸਿੰਘ ਤੇ ਗੁਰਮੁਖ ਸਿੰਘ ਜੀਤ ਤੋਂ ਬਿਨਾਂ ਕਿਸੇ ਵੀ ਆਲੋਚਕ ਨੇ ਨਹੀਂ ਕੀਤਾ ਹੈ। ਨਿਹਾਲ ਸਿੰਘ ਰਸ, ਸੁਰਿੰਦਰਪਾਲ ਸਿੰਘ ਅਤੇ ਗੁਰਮੁਖ ਸਿੰਘ ਜੀਤ ਨੇ ਅਮਰਜੀਤ ਕੌਰ ਦੀ ਕਿਤਾਬ 'ਦਿਲਾਂ ਦੇ ਨੇੜੇ ਨੇੜੇ' ਦਾ ਜ਼ਿਕਰ ਕੀਤਾ ਹੈ। ਇਸ ਕਿਤਾਬ ਦੇ ਮੂਲ-ਪ੍ਰਕਾਸ਼ਿਤ ਪਾਠ ਨੂੰ ਵਾਚਣ ਤੋਂ ਬਾਅਦ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇਸ ਕਿਤਾਬ ਦੀ ਲੇਖਿਕਾ ਸਿਰਫ਼ ਅਮਰਜੀਤ ਕੌਰ ਨਹੀਂ ਹੈ, ਕਿਤਾਬ ਵਿਚ ਨਿਰਮਲ ਤੇ ਅਮਰਜੀਤ ਕੌਰ ਦੋਵਾਂ ਦੀਆਂ ਮੌਲਿਕ ਕਿਰਤਾਂ ਦਰਜ ਹਨ। ਇਹ ਕਿਤਾਬ 1945 ਵਿਚ ਪ੍ਰਕਾਸ਼ਿਤ ਹੁੰਦੀ ਹੈ, ਪਰ ਇਨ੍ਹਾਂ ਆਲੋਚਕਾਂ ਨੇ ਇਸ ਕਿਤਾਬ ਦੇ ਕਰਤਾ ਦੇ ਤੌਰ 'ਤੇ ਕਹਾਣੀਕਾਰ ਨਿਰਮਲ ਅਤੇ ਅਮਰਜੀਤ ਕੌਰ ਦੋਵਾਂ ਦਾ ਨਾਮ ਦੇਣ ਦੀ

ਬਜਾਇ ਸਿਰਫ਼ ਅਮਰਜੀਤ ਕੌਰ ਦਾ ਨਾਮ ਹੀ ਦਿੱਤਾ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਆਲੋਚਕ ਜਿੱਥੇ ਅੰਮ੍ਰਿਤਾ ਪ੍ਰੀਤਮ ਤੋਂ ਪਹਿਲਾਂ ਦੀਆਂ ਰਚਨਾਵਾਂ ਦੇ ਤੱਥਗਤ ਵੇਰਵਿਆਂ ਪ੍ਰਤੀ ਅਣਗਹਿਲੀ ਵਰਤਦੇ ਹਨ, ਉੱਥੇ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਵਾਲੀਆਂ ਕਹਾਣੀਕਾਰਾਂ ਨੂੰ ਵੀ ਬਹੁਤਾ ਗੌਲਦੇ ਨਹੀਂ ਹਨ। ਪੰਜਾਬੀ ਦਾ ਕਹਾਣੀਕਾਰ ਸੁਜਾਨ ਸਿੰਘ 'ਦਿਲਾਂ ਦੇ ਨੇੜੇ ਨੇੜੇ' ਕਿਤਾਬ ਦੀ ਭੂਮਿਕਾ ਵਿਚ ਅਮਰਜੀਤ ਕੌਰ ਦੀ ਸਲਾਹੁਤਾ ਅੰਮ੍ਰਿਤ ਕੌਰ ਤੋਂ ਵੀ ਵੱਧ ਕਰਦਾ ਹੈ। ਸੁਜਾਨ ਸਿੰਘ ਅਨੁਸਾਰ;

"ਵਰਤਮਾਨ ਸਮੇਂ ਪੰਜਾਬੀ ਦੇ ਕਵਿਤਾ-ਸਾਹਿਤ ਵਿਚ ਬੀਬੀ ਅੰਮ੍ਰਿਤ ਕੌਰ ਤੇ ਪ੍ਰਭਜੋਤ ਕੌਰ ਆਪਣਾ ਹਿੱਸਾ ਪਾ ਰਹੀਆਂ ਹਨ ਪਰ ਕਹਾਣੀ ਸਾਹਿਤ ਵਿਚ ਇਸਤਰੀ ਲਿਖਾਰੀਆਂ ਦੀ ਥੁੜ੍ਹ ਹੈ। ਬੀਬੀ ਅਮਰਜੀਤ ਕੌਰ ਸੁਪਤਨੀ ਗਿ. ਨਿਹਾਲ ਸਿੰਘ 'ਰਸ' ਦੀਆਂ ਤਿੰਨ ਕਹਾਣੀਆਂ "ਮੁਸਾਫਰ" "ਮੌਜੂ"ਤੇ "ਵਲੰਟੀਅਰ"ਇਸ ਸੰਗ੍ਰਹਿ ਵਿਚ ਹਨ। ਇਹ ਪਹਿਲੇ ਯਤਨਾਂ ਵਿਚ ਕਾਮਯਾਬ ਕਹਾਣੀ ਲੇਖਿਕਾ ਵਾਲੀਆਂ ਆਸਾਂ ਦਾ ਉਭਾਰ ਹੈ।"[10]

ਸੁਜਾਨ ਸਿੰਘ 'ਦਿਲਾਂ ਦੇ ਨੇੜੇ ਨੇੜੇ' ਪੁਸਤਕ ਦੀ ਭੂਮਿਕਾ ਵਿੱਚ ਕਹਾਣੀਕਾਰ ਅਮਰਜੀਤ ਕੌਰ ਬਾਰੇ ਚਰਚਾ ਕਰਦਿਆਂ, ਉਸ ਦੀਆਂ ਤਿੰਨ ਕਹਾਣੀਆਂ ਦਾ ਜ਼ਿਕਰ ਕਰਦਾ ਹੈ ਪਰ ਇਸੇ ਪੁਸਤਕ ਵਿਚ ਸ਼ਾਮਿਲ ਨਿਰਮਲ ਦੀਆਂ ਛੇ ਕਹਾਣੀਆਂ ਦਾ ਕੋਈ ਵੇਰਵਾ ਨਹੀਂ ਦਿੰਦਾ।

ਇਸ ਤੋਂ ਇਲਾਵਾ ਸੁਜਾਨ ਸਿੰਘ 1934 ਵਿਚ ਕਹਾਣੀ ਲਿਖਣ ਵਾਲੀ ਅੰਮ੍ਰਿਤ ਕੌਰ ਦੀ ਸ਼ਨਾਖ਼ਤ ਨਹੀਂ ਕਰਦਾ ਹੈ। ਅੰਮ੍ਰਿਤਾ ਪ੍ਰੀਤਮ ਦੀ ਪੁਸਤਕ '26 ਵਰ੍ਹੇ ਬਾਅਦ' 1943 ਈ. ਵਿਚ ਆ ਗਈ ਸੀ। 'ਦਿਲਾਂ ਦੇ ਨੇੜੇ ਨੇੜੇ' ਕਿਤਾਬ 1945 ਵਿਚ ਪਹਿਲੀ ਵਾਰ ਛਪਦੀ ਹੈ। ਸੁਜਾਨ ਸਿੰਘ ਦੁਆਰਾ 'ਦਿਲਾਂ ਦੇ ਨੇੜੇ ਨੇੜੇ' ਕਿਤਾਬ ਨੂੰ ਨਾਰੀ ਕਹਾਣੀ ਲੇਖਿਕਾਵਾਂ ਦਾ ਪਹਿਲਾ ਯਤਨ ਮੰਨਣਾ ਤੱਥਾਂ ਮੁਤਾਬਿਕ ਸਹੀ ਨਹੀਂ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਦੇਖਦੇ ਹਾਂ ਕਿ ਸਾਡੇ ਸਾਹਿਤ ਦੇ ਇਤਿਹਾਸਕਾਰ ਅਤੇ ਕਹਾਣੀ ਆਲੋਚਕ ਪੰਜਾਬੀ ਸਾਹਿਤ ਵਿਚ ਇਸਤਰੀ ਕਹਾਣੀਕਾਰ ਨੂੰ ਬਹੁਤ ਸਮੇਂ ਤੱਕ ਅਣਗੌਲਿਆ ਹੀ ਰੱਖਦੇ ਹਨ। ਉਹ ਆਪਣੀ ਵਿਚਾਰ ਚਰਚਾ ਵਿਚ ਪੰਜਾਬੀ ਕਹਾਣੀ ਦੇ ਮੁੱਢ ਅਤੇ ਵਿਕਾਸ ਬਾਰੇ ਡੂੰਘਾ ਅਧਿਐਨ ਕਰਦੇ ਹਨ ਪਰ ਇਸਤਰੀਆਂ ਦੁਆਰਾ ਰਚਿਤ ਕਹਾਣੀਆਂ ਦਾ ਜ਼ਿਕਰ ਮਾਮੂਲੀ ਜਿਹਾ ਹੀ ਕਰਦੇ ਹਨ। ਸਭ ਤੋਂ ਪਹਿਲਾਂ ਗੁਰਮੁਖ ਸਿੰਘ ਜੀਤ ਵਿਸਥਾਰ ਵਿਚ ਨਾਰੀ ਕਹਾਣੀਕਾਰਾਂ ਨੂੰ ਵਿਚਾਰਦਾ ਹੈ। ਇਸ ਤੋਂ ਬਿਨਾਂ ਸਵਿੰਦਰ ਸਿੰਘ ਉੱਪਲ ਆਪਣੀਆਂ ਪੁਸਤਕਾਂ ਵਿਚ ਔਰਤ ਰਚਨਾਵਾਂ ਦਾ ਖੁੱਲ੍ਹ ਕੇ ਅਧਿਐਨ ਕਰਦਾ ਹੈ। ਬਲਦੇਵ ਸਿੰਘ ਧਾਲੀਵਾਲ ਔਰਤ ਦੁਆਰਾ ਲਿਖੀਆਂ ਰਚਨਾਵਾਂ ਦਾ ਕਾਲਕ੍ਰਮਿਕ ਵੇਰਵੇ ਸਹਿਤ ਵਿਸਥਾਰ ਵਿਚ ਜ਼ਿਕਰ ਕਰਦਾ ਹੈ। ਸਾਹਿਤ ਆਲੋਚਕਾਂ ਦੁਆਰਾ ਇਸਤਰੀ ਕਹਾਣੀਕਾਰਾਂ ਦੀਆਂ

ਰਚਨਾਵਾਂ ਬਾਰੇ ਪੇਸ਼ ਵਿਵਰਣਾਂ ਵਿਚ ਅੰਮ੍ਰਿਤਾ ਪ੍ਰੀਤਮ ਦੇ ਕਹਾਣੀ ਸੰਗ੍ਰਹਿ '26 ਵਰ੍ਹੇ ਬਾਅਦ' ਦਾ ਜ਼ਿਕਰ ਸਭ ਤੋਂ ਪਹਿਲਾਂ ਆਉਂਦਾ ਹੈ। ਇਸ ਕਿਤਾਬ ਦਾ ਪ੍ਰਕਾਸ਼ਨ ਕਾਲ 1943 ਹੈ। ਇਸ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਸਾਹਿਤ ਆਲੋਚਕ ਹੁਣ ਤਕ ਪੰਜਾਬੀ ਦੀ ਪਹਿਲੀ ਨਾਰੀ ਕਹਾਣੀਕਾਰ ਅੰਮ੍ਰਿਤਾ ਪ੍ਰੀਤਮ ਨੂੰ ਮੰਨਦੇ ਹਨ। ਇਸ ਦੀ ਤੁਲਨਾ ਵਿਚ ਸਾਡੇ ਵੱਲੋਂ ਖੋਜੇ ਗਏ ਨਵੇਂ ਤੱਥਾਂ ਦੇ ਆਧਾਰ 'ਤੇ ਇਹ ਰਾਇ ਬਣਦੀ ਹੈ ਕਿ ਪੰਜਾਬੀ ਵਿਚ ਇਸਤਰੀ ਲੇਖਕਾਂ ਦੁਆਰਾ ਰਚਿਤ ਕਹਾਣੀ 1919 ਤੋਂ ਛਪਣੀ ਸ਼ੁਰੂ ਹੋ ਗਈ ਸੀ। ਇਸ ਉਪਰੰਤ 1926 ਈ. ਤੋਂ ਬਾਅਦ ਨਾਰੀ ਦੁਆਰਾ ਰਚੀਆਂ ਕਹਾਣੀਆਂ ਲਗਾਤਾਰ ਸਾਹਮਣੇ ਆਉਣ ਲੱਗਦੀਆਂ ਹਨ, ਇਨ੍ਹਾਂ ਦਾ ਸਾਡੇ ਸਾਹਿਤ ਦੇ ਇਤਿਹਾਸਾਂ ਵਿਚ ਕੋਈ ਜ਼ਿਕਰ ਨਹੀਂ ਆਉਂਦਾ। ਅਸੀਂ ਆਪਣੇ ਅਧਿਐਨ ਦੇ ਆਧਾਰ 'ਤੇ ਇਹ ਕਹਿ ਸਕਦੇ ਹਾਂ ਕਿ ਨਾਰੀ ਦੁਆਰਾ ਰਚਿਤ ਪਹਿਲੀ ਕਹਾਣੀ 'ਆਪ ਹੁਦਰੀ' 1919 ਵਿਚ ਪ੍ਰਕਾਸ਼ਿਤ ਹੁੰਦੀ ਹੈ ਅਤੇ ਇਸ ਕਹਾਣੀ ਦੀ ਲੇਖਿਕਾ "ਟਸਪ ਪ੍ਰਣੀਤ" ਹੈ।

### ਹਵਾਲੇ ਅਤੇ ਟਿੱਪਣੀਆਂ


1. ਟੀ. ਆਰ. ਵਿਨੋਦ, ਪੰਜਾਬੀ ਕਹਾਣੀ ਅਧਿਐਨ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਸੰਸਕਰਣ ਪਹਿਲਾ, 1988, ਪੰਨਾ 13–14
2. ਟੀ. ਆਰ. ਵਿਨੋਦ, ਉਹੀ, ਪੰਨਾ 10
3. ਟਸਪ ਪ੍ਰਣੀਤ, 'ਆਪ ਹੁਦਰੀ', ਪੰਜਾਬੀ ਭੈਣ, ਜਿਲਦ 12, ਅੰਕ 3, ਮਾਰਚ 1919, ਪੰਨਾ ਨੰ.19
4. ਬੀਬੀ ਅੰਮ੍ਰਿਤ ਕੌਰ, ਪ੍ਰੇਮ ਪ੍ਰਿਖਿਆ, ਪ੍ਰੀਤਮ, ਜਿਲਦ 24, ਪੰਨਾ 45
5. ਬੀਬੀ ਅੰਮ੍ਰਿਤ ਕੌਰ, 'ਰੱਖੜੀ', ਨਵੀਂ ਦੁਨੀਆ, ਜਿਲਦ 1 ਅੰਕ 11 ਪੰਨਾ 13
6. ਉਹੀ, ਕਹਾਣੀ, ਨਵੀਂ ਦੁਨੀਆ, ਅੰਕ 42, ਪੰਨਾ 17
7. ਗੁਰਚਰਨ ਸਿੰਘ, ਪੰਜਾਬੀ ਗਲਪ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲਾ ਸੰਸ. 1961, ਪੰਨਾ 224
8. ਹਰਚਰਨ ਕੌਰ (ਸੰਪਾ.), ਸਮੀਖਿਆ ਵਿਹਾਰ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, ਜਨਵਰੀ 1987, ਪੰਨਾ 121
9. ਅਮਰਜੀਤ ਤੇ ਨਿਰਮਲ, ਦਿਲਾਂ ਦੇ ਨੇੜੇ ਨੇੜੇ, ਪੰਜਾਬੀ ਪਬਲੀਕੇਸ਼ਨ, ਅੰਮ੍ਰਿਤਸਰ, 1945,
10. ਉਹੀ, ਪੰਨਾ 5

# ਡਿਜੀਟਲ ਯੁੱਗ ਵਿੱਚ ਪੰਜਾਬੀ ਸਾਹਿਤ: ਦਸ਼ਾ ਅਤੇ ਦਿਸ਼ਾ

**-ਡਾ. ਲਤਾ ਖੇੜਾ**

ਅਜੋਕੇ ਤਕਨੀਕੀ ਵਿਕਾਸ ਨੇ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਵਿਆਪਕ ਪੱਧਰ ਉੱਤੇ ਪ੍ਰਭਾਵਿਤ ਕੀਤਾ ਹੈ। ਤਕਨੀਕ ਦੇ ਵਿਸ਼ਾਲ ਪ੍ਰਸਾਰ ਨਾਲ ਸੰਪੂਰਨ ਵਿਸ਼ਵ ਇੱਕ ਪਿੰਡ ਵਜੋਂ ਵਿਚਰ ਰਿਹਾ ਹੈ ਅਤੇ ਭੂਗੋਲਿਕ ਹੱਦ-ਬੰਦੀਆਂ ਦੇ ਬਾਵਜੂਦ ਇੱਕ 'ਟੱਚ' ਮਾਤਰ ਨਾਲ ਦੂਰ-ਦੁਰਾਡੇ ਬੈਠੇ ਵਿਅਕਤੀ ਨਾਲ ਪਲਾਂ ਵਿੱਚ ਸੰਪਰਕ ਸਥਾਪਿਤ ਕੀਤਾ ਜਾ ਸਕਦਾ ਹੈ। ਸੱਭਿਆਚਾਰਕ ਜੀਵਨ-ਮੁੱਲਾਂ ਦੇ ਅੰਤਰ-ਵਟਾਂਦਰੇ ਨਾਲ ਮਨੁੱਖੀ ਜੀਵਨ ਵਿੱਚ ਇੱਕ ਕ੍ਰਾਂਤੀਕਾਰੀ ਪਰਿਵਰਤਨ ਆਇਆ ਹੈ। ਜਿੱਥੇ ਡਿਜੀਟਲ ਯੁੱਗ ਨੇ ਬਹੁ-ਸੱਭਿਆਚਾਰਵਾਦ ਦੇ ਵਿਸ਼ਾਲ ਅਮਲ ਨੂੰ ਸਾਹਿਤ ਵਿੱਚ ਸੰਮਿਲਿਤ ਹੋਣ ਵਿੱਚ ਅਹਿਮ ਭੂਮਿਕਾ ਅਦਾ ਕੀਤੀ ਹੈ, ਉੱਥੇ ਮਨੁੱਖ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਮਨੋਵਿਗਿਆਨਿਕ ਅਤੇ ਸਾਹਿਤਿਕ ਕਦਰਾਂ-ਕੀਮਤਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਵਰਤਮਾਨ ਸਮੇਂ ਵਿੱਚ ਪੰਜਾਬੀ ਸਾਹਿਤ ਦੇ ਸਿਰਜਣਾਤਮਕ ਅਮਲ ਉੱਤੇ ਵਿਸ਼ੇਗਤ ਅਤੇ ਵਿਧਾਗਤ ਪੱਧਰ 'ਤੇ ਪੈ ਰਹੇ ਸੂਚਨਾ ਦੇ ਤਕਨੀਕੀ ਪ੍ਰਭਾਵ ਦੇ ਨਾਲ-ਨਾਲ ਪੰਜਾਬੀ ਸਾਹਿਤਕ ਵਿਰਾਸਤ ਦੀ ਸੁਰੱਖਿਆ ਅਤੇ ਸੰਭਾਲ ਵਿੱਚ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਹੈ। ਮਸ਼ੀਨੀ ਬੁੱਧੀਮਾਨਤਾ (ARTIFICIAL INTELLI-GENCE) ਦੇ ਵਰਤਮਾਨ ਦੌਰ ਵਿੱਚ ਪੰਜਾਬੀ ਸਾਹਿਤ ਦੀ ਸਿਰਜਣ ਪ੍ਰਕਿਰਿਆ ਦੇ ਸਮੁੱਚੇ ਪਰਿਪੇਖ ਨੂੰ ਰਚਨਾ ਲੇਖਨ, ਪ੍ਰਕਾਸ਼ਨ, ਅਨੁਵਾਦ ਅਤੇ ਸਮੀਖਿਆ ਆਦਿ ਵਿਸ਼ੇਸ਼ ਸੰਦਰਭਾਂ ਵਿੱਚ ਵਾਚਣਾ ਲਾਜ਼ਮੀ ਹੈ। ਹਥਲੇ ਖੋਜ-ਪੱਤਰ ਦਾ ਅਧਿਐਨ ਡਿਜਿਟਲਾਈਜੇਸ਼ਨ ਦੇ ਵਿਸ਼ੇਸ਼ ਪ੍ਰਸੰਗ ਵਿੱਚ ਪੰਜਾਬੀ ਸਾਹਿਤ ਦੀ ਦਸ਼ਾ ਨਿਰਧਾਰਿਤ ਕਰਨ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਦੀਆਂ ਭਵਿੱਖਮੁਖੀ ਸੰਭਾਵਨਾਵਾਂ ਨੂੰ ਉਜਾਗਰ ਕਰਨ ਉੱਤੇ ਕੇਂਦ੍ਰਿਤ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਲੇਖਕ ਅੱਜ ਕਲਮ ਦੇ ਨਾਲ-ਨਾਲ ਵੀਡੀਓ, ਪੌਡਕਾਸਟ, ਅਤੇ ਗ੍ਰਾਫਿਕ ਆਦਿ ਜਿਹੇ ਵਿਭਿੰਨ ਡਿਜੀਟਲ ਮਾਧਿਅਮਾਂ ਰਾਹੀਂ ਆਪਣੀ ਕਲਾ ਦਾ ਵਿਆਪਕ ਪੱਧਰ 'ਤੇ ਪ੍ਰਸਾਰ ਕਰ ਰਹੇ ਹਨ। ਬੇਸ਼ੱਕ ਇਸ ਕ੍ਰਾਂਤੀਕਾਰੀ ਪਰਿਵਰਤਨ ਨਾਲ ਖੇਤਰੀ ਭਾਸ਼ਾਵਾਂ ਅਤੇ ਉਪ- ਭਾਸ਼ਾਵਾਂ ਲਈ ਹੋਂਦ ਦਾ ਸੰਕਟ ਪੈਦਾ ਹੋ ਰਿਹਾ ਹੈ, ਇਸਦੇ ਬਾਵਜੂਦ ਸਾਹਿਤ ਸਿਰਜਣ ਦੇ ਕਲਾਤਮਕ ਕਾਰਜ ਵਿੱਚ ਰੁੱਝੇ ਲੇਖਕਾਂ ਦੀ ਨਿਰੰਤਰ ਸਾਧਨਾ ਸਦਕਾ ਪੰਜਾਬੀ ਸਾਹਿਤ ਨੇ ਵਿਸ਼ਵ ਸਾਹਿਤ ਦੇ ਸਮਾਨਾਂਤਰ ਉੱਤਮਤਾ ਦੇ ਨਵੇਂ ਸਿਖਰਾਂ ਤੱਕ ਪਹੁੰਚ ਕੀਤੀ ਹੈ। ਰਚਨਾਤਮਕ ਵਿਧਾਨ ਦੇ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਦਿਆਂ ਪੰਜਾਬੀ ਸਾਹਿਤ ਜਗਤ ਦੇ ਸਰੂਪਗਤ ਅਤੇ ਵਸਤੂਗਤ ਦੋਹਾਂ ਪੱਖਾਂ ਉੱਤੇ ਤਕਨੀਕੀ ਵਿਕਾਸ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀਗੋਚਰ

ਹੁੰਦਾ ਹੈ। ਮਸ਼ੀਨੀਕਰਣ ਦੇ ਪ੍ਰਭਾਵ ਸਦਕਾ ਸਧਾਰਨ ਮਨੁੱਖ ਦੇ ਜੀਵਨ ਦੀ ਰਫ਼ਤਾਰ ਅਤੇ ਨੁਹਾਰ ਵਿੱਚ ਆਏ ਰੂਪਾਂਤਰਣ ਨੇ ਲੇਖਕਾਂ ਦੇ ਸਨਮੁੱਖ ਨਵੀਂ, ਵਿਲੱਖਣ ਵਿਸ਼ੇ-ਸਮੱਗਰੀ ਪੇਸ਼ ਕੀਤੀ ਹੈ। ਆਧੁਨਿਕੀਕਰਨ ਦੇ ਸਮੇਂ ਵਿੱਚ ਲੇਖਕ ਮਨੁੱਖ ਦੀਆਂ ਨਿਜੀ, ਮਾਨਸਿਕ, ਸਮਾਜਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚ ਆ ਰਹੇ ਬਦਲਾਅ ਨੂੰ ਚਿਤਰਦੇ ਹੋਏ ਆਪਣੇ ਮੂਲ ਦੀ ਪੁਨਰ-ਪਹਿਚਾਣ ਦੇ ਦਵੰਦ ਵਿੱਚ ਫਸੇ ਮਨੁੱਖ ਦੇ ਜੀਵਨ ਸੰਘਰਸ਼ ਨੂੰ ਬਿਆਨ ਕਰਦਾ ਹੈ। ਇਸ ਸੰਘਰਸ਼ਮਈ ਜੀਵਨ ਵਿੱਚ ਮਾਨਵ ਦੇ ਸਰੋਕਾਰ ਬੜੀ ਤੇਜ਼ੀ ਨਾਲ ਬਦਲਦੇ ਹਨ, ਜਿਹੜੇ ਰਚਨਾਕਾਰੀ ਦੇ ਖੇਤਰ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਦੇ ਨਾਲ ਹੀ ਲਿਖਤ ਵਰਤਮਾਨ ਦੌਰ ਵਿੱਚ ਸਮੁੱਚੀ ਮਨੁੱਖਤਾ ਲਈ ਦਰਪੇਸ਼ ਚੁਣੌਤੀਆਂ ਅਤੇ ਨਿਵੇਕਲੇ ਵਿਸ਼ੇ-ਪਾਸਾਰ, ਪੰਜਾਬੀ ਸਾਹਿਤ ਨੂੰ ਨਵੀਂ ਸੁਰ ਵਿੱਚ ਉਜਾਗਰ ਕਰਦੇ ਹਨ। ਸ਼ਤਾਬਦੀ ਰਫ਼ਤਾਰ 'ਤੇ ਦੌੜ ਰਹੀ ਅਜੋਕੀ ਜ਼ਿੰਦਗੀ ਵਿੱਚ ਮਨੁੱਖ ਆਪਣੇ ਵਿਰਸੇ ਅਤੇ ਵਿਰਾਸਤ ਤੋਂ ਦੂਰ ਹੁੰਦਾ ਜਾ ਰਿਹਾ ਹੈ, ਨਤੀਜਤਨ ਸਮਾਜ ਪ੍ਰਤੀ ਚੇਤੰਨ ਲੇਖਕ ਇਹਨਾਂ ਸੰਵੇਦਨਸ਼ੀਲ ਮਸਲਿਆਂ ਨੂੰ ਆਪਣੀਆਂ ਸਿਰਜਣਾਤਮਕ ਸਮਰੱਥਾ ਅਨੁਸਾਰ ਕਲਮਬੱਧ ਕਰ ਰਹੇ ਹਨ।

ਅਜੋਕੇ ਡਿਜੀਟਲ ਯੁਗ ਵਿੱਚ ਪੰਜਾਬੀ ਸਾਹਿਤ ਸਿਰਜਣਕਾਰੀ ਨੇ ਸਮਕਾਲੀ ਮਨੁੱਖ ਦੇ ਜੀਵਨ ਬਿਰਤਾਂਤ ਨੂੰ ਆਧਾਰ ਬਣਾਉਂਦਿਆਂ ਜਿੱਥੇ ਵਿਆਪਕ ਵਿਸ਼ੇਗਤ ਪਸਾਰ ਦੀਆਂ ਹੱਦ-ਬੰਦੀਆਂ ਨੂੰ ਉਲੰਘਿਆ ਹੈ, ਉੱਥੇ ਸਾਹਿਤ ਰਚਨਾ ਦੇ ਇਸ ਅਮਲ ਨੇ ਵਿਧਾਗੱਤ ਪੱਧਰ 'ਤੇ ਵੀ ਮਹੱਤਵਪੂਰਨ ਪ੍ਰਵਚਨ ਉਸਾਰਿਆ ਹੈ। ਪਾਠਕ ਵਰਗ ਕੋਲ਼ ਸਮੇਂ ਦੀ ਘਾਟ ਦੇ ਮਸਲੇ ਨੇ ਸਾਹਿਤਕਾਰਾਂ ਲਈ ਇੱਕ ਨਵੀਂ ਚੁਣੌਤੀ ਪੈਦਾ ਕੀਤੀ ਹੈ। ਅੱਜ ਦਾ ਪਾਠਕ ਘੱਟ ਤੋਂ ਘੱਟ ਸਮੇਂ ਵਿੱਚ ਪੜ੍ਹੀ ਜਾ ਸਕਣ ਵਾਲੀ ਰਚਨਾ ਨੂੰ ਤਰਜੀਹ ਦਿੰਦਾ ਹੈ, ਪਾਠਕ ਸਮਾਜ ਦੇ ਇਸ ਰੁਝਾਨ ਨੂੰ ਦੇਖਦੇ ਹੋਏ ਸਾਹਿਤ ਦੇ ਰਵਾਇਤੀ ਮੈਕਰੋ ਰੂਪ-ਵਿਧਾਨ ਨਿੱਕੇ ਤੋਂ ਮਿੰਨੀ ਅਤੇ ਹੁਣ ਉਸਤੋਂ ਵੀ ਅਗਾਂਹ ਮਾਈਕਰੋ ਭਾਵ ਨੈਨੋ ਰੂਪ ਅਖ਼ਤਿਆਰ ਕਰ ਰਹੇ ਹਨ। ਉਦਾਹਰਣ ਦੇ ਤੌਰ 'ਤੇ ਪ੍ਰੋਫ਼ੈਸਰ ਸਤੀਸ਼ ਕੁਮਾਰ ਵਰਮਾ ਦੁਆਰਾ ਰਚਿਤ ਨੈਨੋ-ਨਾਟਕਾਂ ਦੀ ਲੜੀਵਾਰ ਪੇਸ਼ਕਾਰੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਸਲ ਵਿੱਚ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਿਰਜਣਾਤਮਕ ਅਮਲ ਦਾ ਹਰ ਪੱਖ ਭਾਵ ਲੇਖਣ, ਪ੍ਰਕਾਸ਼ਨ, ਪਹੁੰਚ, ਪੜ੍ਹਤ ਅਤੇ ਮੁਲਾਂਕਣ ਆਦਿ ਡਿਜੀਟਲਾਈਜੇਸ਼ਨ ਦੀ ਮੁੱਖ ਧਾਰਾ ਦਾ ਪ੍ਰਭਾਵ ਗ੍ਰਹਿਣ ਕਰਦਾ ਹੋਇਆ ਨਵੇਂ ਰੂਪ ਵਿੱਚ ਪੇਸ਼ ਹੋ ਰਿਹਾ ਹੈ।

ਲੇਖਨ ਦੇ ਦ੍ਰਿਸ਼ਟੀਕੋਣ ਤੋਂ ਇਹ ਕੇਵਲ ਵਿਸ਼ੇਗਤ ਅਤੇ ਰੂਪਗਤ ਪੱਧਰਾਂ 'ਤੇ ਪ੍ਰਭਾਵ ਗ੍ਰਹਿਣ ਨਹੀਂ ਕਰਦਾ, ਸਗੋਂ ਲੇਖਕ ਦੁਆਰਾ ਲਿਖਤਾਂ ਨੂੰ ਬਹੁਤ ਹੀ ਥੋੜੇ ਸਮੇਂ ਵਿੱਚ ਪਾਠਕ ਵਰਗ ਤੱਕ ਪਹੁੰਚਾਉਣ ਖਾਤਰ ਇਹਨਾਂ ਡਿਜੀਟਲ ਮਾਧਿਅਮਾਂ ਨੇ ਅਹਿਮ ਭੂਮਿਕਾ ਅਦਾ ਕੀਤੀ ਹੈ। ਅੱਜ ਇਹਨਾਂ ਤਕਨੀਕੀ ਮਾਧਿਅਮਾਂ ਦੀ

ਵਿਸ਼ਵਵਿਆਪੀ ਪਹੁੰਚ ਨਾਲ ਲੇਖਕ ਆਪਣੀ ਰਚਨਾ ਨੂੰ ਕੁਝ ਹੀ ਮਿੰਟਾਂ-ਸਕਿੰਟਾਂ ਵਿੱਚ ਵਿਸ਼ਵ ਪੱਧਰ 'ਤੇ ਰਚੇ ਜਾ ਰਹੇ ਸਾਹਿਤ ਦੇ ਸਮਵਿੱਥ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ, ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਅਤੇ ਟਵਿੱਟਰ ਨੇ ਸਾਹਿਤਕ ਰਚਨਾਵਾਂ ਨੂੰ ਪ੍ਰਸਾਰਤ ਕਰਨ ਦਾ ਨਵਾਂ ਮਾਧਿਅਮ ਦਿੱਤਾ ਹੈ। ਇਹ ਡਿਜੀਟਲ ਮਾਧਿਅਮ ਲੇਖਕ ਨੂੰ ਕੇਵਲ ਵਿਸ਼ੇਗਤ ਸਮਗਰੀ ਹੀ ਪ੍ਰਦਾਨ ਨਹੀਂ ਕਰਦੇ ਸਗੋਂ ਇੱਕ ਅਜਿਹਾ ਪਲੇਟਫਾਰਮ ਵੀ ਪ੍ਰਦਾਨ ਕਰ ਰਹੇ ਹਨ ਜਿੱਥੇ ਲੇਖਕ ਬਿਨਾਂ ਕਿਸੇ ਉਲਾਰਵਾਦ ਦੇ ਨਿਰਪੱਖ ਹੋ ਕੇ ਆਪਣੀਆਂ ਲਿਖਤਾਂ ਨੂੰ ਸੁਚੇਤ ਪੱਧਰ 'ਤੇ ਸਮਾਜ ਦੇ ਹਰ ਵਰਗ ਨਾਲ ਸਾਂਝਾ ਕਰਦੇ ਹਨ। ਡਿਜੀਟਲ ਪਲੇਟਫਾਰਮਾਂ 'ਤੇ ਮੌਜੂਦ ਸਮੱਗਰੀ ਨਾਲ ਪੰਜਾਬੀ ਸਾਹਿਤ ਦੀ ਪਹੁੰਚ ਸਿਰਫ ਪੰਜਾਬ ਅਤੇ ਭਾਰਤ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਇਸਦਾ ਪ੍ਰਸਾਰ ਵਿਸ਼ਵ ਪੱਧਰ 'ਤੇ ਹੈ। ਨਵੀਂ ਪੀੜ੍ਹੀ ਦੇ ਲੇਖਕ ਆਪਣੇ ਵਿਚਾਰਾਂ ਨੂੰ ਸਿਰਫ ਲਿਖਤ ਰਾਹੀਂ ਨਹੀਂ, ਸਗੋਂ ਵੀਡੀਓ, ਆਡੀਓ, ਅਤੇ ਇਲੈਕਟਰਾਨਿਕ ਮੀਡੀਆ ਰਾਹੀਂ ਵੀ ਪ੍ਰਗਟ ਕਰ ਰਹੇ ਹਨ। ਇਸ ਨਾਲ ਰਚਨਾਕਾਰੀ ਦੇ ਰਵਾਇਤੀ ਅਮਲ ਕਵਿਤਾ, ਕਹਾਣੀ, ਅਤੇ ਨਾਟਕ ਦੇ ਰੂਪਾਂ 'ਚ ਵੀ ਵਿਭਿੰਨਤਾ ਆ ਰਹੀ ਹੈ।

ਆਧੁਨਿਕ ਸਮੇਂ ਡਿਜੀਟਲ ਤਕਨਾਲੌਜੀ ਦੇ ਵਿਕਾਸ ਸਦਕਾ ਨਵੇਂ ਇਜਾਦ ਹੋਏ ਆਨਲਾਈਨ ਪਲੇਟਫਾਰਮ ਜਿਵੇਂ ਬਲੌਗ, ਈ-ਬੁੱਕਸ, ਪੌਡਕਾਸਟ, ਅਤੇ ਸੋਸ਼ਲ-ਮੀਡੀਆ ਰਾਹੀਂ ਵੀ ਪੰਜਾਬੀ ਸਾਹਿਤ ਨੂੰ ਭਰਵਾਂ ਹੁਲਾਰਾ ਮਿਲ ਰਿਹਾ ਹੈ। ਫੇਸਬੁੱਕ, ਵਟਸਐਪ ਗਰੁੱਪ ਅਤੇ ਹੋਰ ਡਿਜਿਟਲ ਫੋਰਮਾਂ 'ਤੇ ਪੰਜਾਬੀ ਲੇਖਕਾਂ ਅਤੇ ਪਾਠਕਾਂ ਦੇ ਵਿਚਾਲੇ ਵਿਚਾਰ-ਵਟਾਂਦਰੇ ਅਤੇ ਰਚਨਾਤਮਕ ਸਾਂਝ ਬਹੁਤ ਵਧੀ ਹੈ। ਇਸ ਨਾਲ ਪੰਜਾਬੀ ਸਾਹਿਤ ਨੂੰ ਡਿਜੀਟਲ ਯੁੱਗ ਵਿੱਚ ਇੱਕ ਨਵਾਂ ਉਤਸ਼ਾਹ ਅਤੇ ਊਰਜਾ ਮਿਲ ਰਹੀ ਹੈ।ਅਜਿਹੇ ਸਾਂਝੇ ਸੋਸ਼ਲ ਪਲੇਟਫਾਰਮ ਲੇਖਕ ਅਤੇ ਪਾਠਕ ਵਰਗ ਲਈ ਪੰਜਾਬੀ ਸਾਹਿਤ ਦੇ ਅਧਿਐਨ ਅਤੇ ਅਧਿਆਪਨ ਦਾ ਰਾਹ ਮੋਕਲਾ ਕਰਦੇ ਹਨ।

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਡਿਜੀਟਲ ਤਕਨਾਲੌਜੀ ਦੇ ਪ੍ਰਭਾਵ ਨੂੰ ਸਾਹਿਤਕਾਰੀ ਦੇ ਵਿਸ਼ੇਸ਼ ਸੰਦਰਭ ਵਿੱਚ ਵਾਚਦਿਆਂ ਲੇਖਕ ਸਮਾਜ ਦੇ ਨਾਲ-ਨਾਲ ਪਾਠਕ ਵਰਗ ਦੀ ਅਹਿਮ ਭੂਮਿਕਾ ਨੂੰ ਰੇਖਾਂਕਿਤ ਕਰਨਾ ਵੀ ਲਾਜ਼ਮੀ ਹੈ। ਬੁੱਧੀਜੀਵੀ ਪਾਠਕ ਵਰਗ ਹੁਣ ਸਿਰਫ ਪਾਠਕ ਨਾ ਹੋ ਕੇ ਬਤੌਰ ਆਲੋਚਕ, ਸਮੀਖਿਆਕਾਰ, ਸੰਪਾਦਕ ਵੱਜੋਂ ਵਿਚਰਦਾ ਹੋਇਆ ਪ੍ਰਸਤੁਤ ਰਚਨਾਵਾਂ ਪ੍ਰਤੀ ਕਮੈਂਟ, ਸਾਂਝਾ, ਅਤੇ ਸਮੀਖਿਆ ਦੇ ਰਾਹੀਂ ਲੇਖਕਾਂ ਨੂੰ ਤੁਰੰਤ ਫੀਡਬੈਕ ਦੇ ਸਕਦੇ ਹਨ। ਸਾਹਿਤਕ ਪਲੇਟਫਾਰਮਾਂ ਦੇ ਵਿਕਾਸ ਨਾਲ਼ ਅਨੇਕਾਂ ਔਨਲਾਈਨ ਫੋਰਮ ਅਤੇ ਸਾਂਝੇਦਾਰੀ ਪਲੇਟਫਾਰਮਾਂ ਰਾਹੀਂ ਲੇਖਕਾਂ ਦੁਆਰਾ ਸਾਂਝੀਆਂ ਕੀਤੀਆਂ ਪੋਸਟਾਂ 'ਤੇ ਪਾਠਕਾਂ ਦੁਆਰਾ ਦਿੱਤੀ ਪ੍ਰਤਿਪੁਸ਼ਟੀ ਨਾਲ ਲੇਖਕਾਂ ਅਤੇ ਪਾਠਕਾਂ ਵਿਚਕਾਰ ਅੰਤਰ-ਸੰਵਾਦ ਸੰਭਵ ਹੋ ਸਕਿਆ ਹੈ।

ਡਿਜੀਟਲ ਸਰੋਤਾਂ ਨੇ ਪੰਜਾਬੀ ਸਾਹਿਤ ਦੀ ਪਹੁੰਚ ਨੂੰ ਵਿਸ਼ਾਲ ਪੱਧਰ 'ਤੇ ਵਧਾਇਆ ਹੈ। ਅੱਜ-ਕੱਲ੍ਹ ਪਾਠਕ ਵੱਖ-ਵੱਖ ਵੈੱਬਸਾਈਟਾਂ, ਬਲੌਗਾਂ, ਈ-ਬੁੱਕਸ ਅਤੇ ਮੋਬਾਈਲ ਐਪਾਂ ਆਦਿ ਅਸੰਖਿਅ ਮਾਧਿਅਮਾਂ ਰਾਹੀਂ ਪੰਜਾਬੀ ਲਿਖਤਾਂ ਨੂੰ ਸੌਖੇ ਢੰਗ ਨਾਲ ਪੜ੍ਹ ਸਕਦੇ ਹਨ। ਇਸ ਨਾਲ ਗੱਤਕੀਆਂ* ਅਤੇ ਕਿਤਾਬਾਂ ਦੀ ਪ੍ਰਾਪਤੀ ਦੀਆਂ ਸੀਮਾਵਾਂ ਦਾ ਅੰਤ ਹੋ ਰਿਹਾ ਹੈ। ਡਿਜੀਟਲ ਪਲੇਟਫਾਰਮਾਂ ਰਾਹੀਂ ਕਿਤਾਬਾਂ, ਕਵਿਤਾਵਾਂ, ਅਤੇ ਲਿਖਤਾਂ ਦੀ ਸੌਖੀ ਪਹੁੰਚ ਨੇ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਲੋਕ ਜਿਨ੍ਹਾਂ ਨੂੰ ਰਵਾਇਤੀ ਗੱਤਕੀਆਂ ਦੀ ਪਹੁੰਚ ਨਹੀਂ ਸੀ, ਉਹ ਹੁਣ ਈ-ਬੁੱਕਾਸ ਅਤੇ ਔਨਲਾਈਨ ਲਿਖਤਾਂ  ਨੂੰ ਵਿਚਾਰ ਸਕਦੇ ਹਨ। ਰਚਨਾ ਦੀ ਪੜ੍ਹਤ ਪ੍ਰਤੀ ਪਾਠਕਾਂ ਦੀ ਪਰਿਵਰਤਿਤ ਬਿਰਤੀ ਵਿੱਚ ਵੀ ਇਸ ਤਕਨੀਕੀ ਵਿਕਾਸ ਦਾ ਅਹਿਮ ਰੋਲ ਰਿਹਾ ਹੈ।

ਸਾਹਿਤ ਦੇ ਸੰਪਾਦਨ ਅਤੇ ਪ੍ਰਕਾਸ਼ਨ ਸੰਬੰਧੀ ਤਕਨੀਕੀ ਕਾਰਜ ਨੂੰ ਅਜੋਕੀ ਡਿਜੀਟਲਾਈਜੇਸ਼ਨ ਦੀ ਪ੍ਰਕਿਰਿਆ ਨੇ ਇਨਕਲਾਬੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਪ੍ਰਕਾਸ਼ਨ ਦੇ ਰਵਾਇਤੀ ਤਰੀਕਿਆਂ ਤੋਂ ਇਲਾਵਾ, ਡਿਜਿਟਲ ਸਰੋਤਾਂ ਕਾਰਨ ਪ੍ਰਕਾਸ਼ਨ ਦੇ ਢੰਗ ਅਤੇ ਸਰੂਪ ਵਿੱਚ ਵੀ ਕਈ ਤਰ੍ਹਾਂ ਦੇ ਬਦਲਾਅ ਆਏ ਹਨ। ਪਹਿਲਾਂ ਜਿੱਥੇ ਕਿਤਾਬਾਂ ਛਪਣ ਲਈ ਮਪੀਆ** ਛਪਾਈ ਦੇ ਖਰਚ ਅਤੇ ਵੇਚਣ ਦੀਆਂ ਪਾਬੰਦੀਆਂ ਹੁੰਦੀਆਂ ਸਨ, ਓਥੇ ਹੁਣ ਲੇਖਕ ਡਿਜੀਟਲ ਮਾਧਿਅਮਾਂ ਈ-ਬੁੱਕਸ, ਬਲੌਗ, ਅਤੇ ਵੈੱਬਸਾਈਟਾਂ ਆਦਿ ਰਾਹੀਂ ਆਪਣੀਆਂ ਰਚਨਾਵਾਂ ਨੂੰ ਵਿਆਪਕ ਪੱਧਰ 'ਤੇ ਪ੍ਰਕਾਸ਼ਿਤ ਕਰ ਸਕਦੇ ਹਨ। ਡਿਜੀਟਲ ਯੁੱਗ ਵਿੱਚ ਸਵੈ-ਪ੍ਰਕਾਸ਼ਨ ਦੀ ਸੁਵਿਧਾ ਨੇ ਲੇਖਕਾਂ ਸੰਪਾਦਨ ਅਤੇ ਪ੍ਰਕਾਸ਼ਨ ਨੂੰ ਬੇਹਤਰ ਬਣਾਇਆ ਹੈ। ਹੁਣ ਲੇਖਕ ਮੋਨਟਾਈਜ਼ੇਸ਼ਨ ਅਤੇ ਮਾਰਕੀਟਿੰਗ ਦੇ ਵੱਖ-ਵੱਖ ਔਨਲਾਈਨ ਪਲੇਟਫਾਰਮਾਂ (ਜਿਵੇਂ ਕਿ ਅਮੈਜ਼ਾਨ, ਕਿੰਡਲ ਡਾਇਰੈਕਟ ਪਬਲਿਸ਼ਿੰਗ) ਰਾਹੀਂ ਆਪਣੀਆਂ ਕਿਤਾਬਾਂ ਨੂੰ ਆਸਾਨੀ ਨਾਲ ਪ੍ਰਕਾਸ਼ਿਤ ਕਰ ਵੇਚ ਸਕਦੇ ਹਨ। ਐਨੀਮੇਸ਼ਨ, ਗ੍ਰਾਫਿਕ ਨਾਵਲਾਂ, ਅਤੇ ਡਿਜੀਟਲ ਕਲਾਕਾਰੀਆਂ ਰਾਹੀਂ ਪੰਜਾਬੀ ਕਹਾਣੀਆਂ ਅਤੇ ਕਵਿਤਾਵਾਂ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਵਿਜ਼ੂਅਲ ਰੂਪ ਨਵੀਂ ਪੀੜ੍ਹੀ ਨੂੰ ਆਕਰਸ਼ਿਤ ਕਰਦੇ ਹਨ ਅਤੇ ਸਾਹਿਤ ਦੀ ਸਮਝ ਨੂੰ ਹੋਰ ਵੀ ਗਹਿਨ ਬਣਾਉਂਦੇ ਹਨ।

1. *'ਗੱਤਕੀਆਂ' ਸ਼ਬਦ ਦਾ ਅਰਥ ਪੰਜਾਬੀ ਭਾਸ਼ਾ ਵਿੱਚ 'ਪ੍ਰਿੰਟ ਕੀਤੀਆਂ ਕਿਤਾਬਾਂ' ਜਾਂ 'ਪ੍ਰਿੰਟ ਮੀਡੀਆ' ਨਾਲ ਹੁੰਦਾ ਹੈ। ਇਹ ਸ਼ਬਦ ਅਕਸਰ ਰਵਾਇਤੀ ਛਪੀ ਕਿਤਾਬਾਂ, ਰਸਾਲਿਆਂ ਜਾਂ ਪੱਤਰਕਾਵਾਂ ਲਈ ਵਰਤਿਆ ਜਾਂਦਾ ਹੈ। ਡਿਜੀਟਲ ਯੁੱਗ ਤੋਂ ਪਹਿਲਾਂ ਸਾਹਿਤ ਦੇ ਪ੍ਰਚਾਰ ਦਾ ਮੁੱਖ ਸਾਧਨ ਗੱਤਕੀਆਂ ਹੀ ਸਨ, ਜਿੱਥੇ ਲੇਖਕਾਂ ਦੀਆਂ ਕ੍ਰਿਤੀਆਂ ਛਾਪੀਆਂ ਜਾਂਦੀਆਂ ਸਨ।

2.** 'ਮਪੀਆ' ਪੰਜਾਬੀ ਵਿੱਚ 'ਪ੍ਰਿੰਟਰ' ਜਾਂ 'ਛਪਾਈ ਕਰਨ ਵਾਲੇ ਜੰਤਰ' ਨੂੰ

ਕਿਹਾ ਜਾਂਦਾ ਹੈ। ਇਹ ਉਹ ਯੰਤਰ ਹੈ ਜਿਸਦਾ ਇਸਤੇਮਾਲ ਕਿਤਾਬਾਂ, ਰਸਾਲਿਆਂ ਅਤੇ ਹੋਰ ਛਪੀ ਹੋਈ ਸਮੱਗਰੀ ਨੂੰ ਛਾਪਣ ਲਈ ਕੀਤਾ ਜਾਂਦਾ ਹੈ।

ਪ੍ਰਕਾਸ਼ਕਾਂ 'ਤੇ ਨਿਰਭਰਤਾ ਨਾ ਰਹਿਣ  ਨਾਲ ਲੇਖਕ ਦੀ ਸਿਰਜਣਾਤਮਕ ਕੌਸ਼ਲਤਾ ਅਤੇ ਸਮਰੱਥਾ ਦੇ ਵਿਕਾਸ ਦੀ ਸੰਭਾਵਨਾ ਵਿੱਚ ਇਜ਼ਾਫ਼ਾ ਹੋ ਸਕਦਾ ਹੈ। ਪ੍ਰਕਾਸ਼ਨ ਕਾਰਜ ਨੂੰ ਆਰਥਿਕ ਪੱਖ ਤੋਂ ਵਿਚਾਰ ਕੀਤਿਆਂ ਵੀ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਰਵਾਇਤੀ ਪ੍ਰਕਾਸ਼ਨ ਨਾਲ ਜੁੜੇ ਖਰਚ (ਕਾਗਜ਼, ਛਪਾਈ, ਸਟੋਰਜ) ਦੇ ਮੁਕਾਬਲਤਨ ਡਿਜੀਟਲ ਪ੍ਰਕਾਸ਼ਨ ਦੀ ਲਾਗਤ ਘੱਟ ਹੈ। ਇਸ ਨਾਲ ਨਵੇਂ ਲੇਖਕ ਜਿਨ੍ਹਾਂ ਕੋਲ ਵਿੱਤੀ ਸਾਧਨਾਂ ਦੀ ਅਣਹੋਂਦ ਹੈ, ਉਹ ਵੀ ਆਪਣੀਆਂ ਰਚਨਾਵਾਂ ਨੂੰ ਘੱਟ ਖਰਚ ਅਤੇ ਘੱਟ ਸਮੇਂ ਵਿੱਚ ਆਸਾਨੀ ਨਾਲ ਬਹੁ-ਜਨ ਤੱਕ ਪਹੁੰਚਾ ਸਕਦੇ ਹਨ।ਡਿਜੀਟਲ ਮਾਰਕੀਟਿੰਗ ਦੇ ਜ਼ਰੀਏ ਲੇਖਕਾਂ ਨੂੰ ਆਪਣੀਆਂ ਕਿਤਾਬਾਂ ਦਾ ਪ੍ਰਚਾਰ ਅਤੇ ਵਿਕਰੀ ਕਰਨ ਦਾ ਵੱਧ ਮੌਕਾ ਮਿਲਦਾ ਹੈ। ਸਮਾਜਿਕ ਮੀਡੀਆ, ਔਨਲਾਈਨ ਸਮੀਖਿਆਵਾਂ, ਅਤੇ ਈ-ਮੇਲ ਨਿਊਜ਼ਲੈਟਰਾਂ ਰਾਹੀਂ ਲੇਖਕ ਆਪਣੇ ਨਵੇਂ ਪ੍ਰਕਾਸ਼ਨਾਂ ਦੀ ਜਾਣਕਾਰੀ ਪਾਠਕਾਂ ਤੱਕ ਆਸਾਨੀ ਨਾਲ ਪਹੁੰਚਾ ਸਕਦੇ ਹਨ। ਗੁਰਬਾਣੀ, ਵਾਰਾਂ ਅਤੇ ਹੋਰ ਕਲਾਸਿਕ ਸਾਹਿਤਕ ਰਚਨਾਵਾਂ ਨੂੰ ਡਿਜੀਟਲ ਲਾਇਬ੍ਰੇਰੀਆਂ ਵਿੱਚ ਸੁਰੱਖਿਅਤ ਕੀਤਾ ਜਾ ਰਿਹਾ ਹੈ, ਜਿਸ ਨਾਲ ਪਰੰਪਰਾਗਤ ਸਾਹਿਤਕ ਵਿਰਾਸਤ ਨੂੰ ਬਚਾਇਆ ਜਾ ਸਕਦਾ ਹੈ। ਇਸਤੋਂ ਇਲਾਵਾ ਪੰਜਾਬੀ ਦੇ ਸਥਾਪਿਤ ਸਾਹਿਤਕਾਰਾਂ ਦੀਆਂ ਦੀਆਂ ਪ੍ਰਮਾਣਿਕ ਰਚਨਾਵਾਂ, ਹੱਥ-ਲਿਖਤਾਂ,ਪੁਸਤਕਾਂ ਅਤੇ ਰਸਾਲੇ ਜੋ ਛਪਾਈ ਦੀ ਕਮੀ ਕਰਕੇ ਹੁਣ ਪ੍ਰਿੰਟ ਰੂਪ ਵਿੱਚ ਪੁਨਰ-ਪ੍ਰਕਾਸ਼ਨ ਦੀ ਅਵਸਥਾ ਵਿੱਚ ਨਹੀਂ ਹਨ, ਉਹਨਾਂ ਦੇ ਇੰਦਰਾਜ਼ ਹੁਣ ਡਿਜੀਟਲ ਰੂਪ ਵਿੱਚ ਪ੍ਰਕਾਸ਼ਨ ਕਰ ਪੰਜਾਬੀ ਸਾਹਿਤਕ ਵਿਰਾਸਤ ਨੂੰ  ਨਵੀਂ ਪੀੜ੍ਹੀ ਲਈ ਸੁਰੱਖਿਅਤ ਕੀਤਾ ਜਾ ਰਿਹਾ ਹੈ।ਡਿਜਿਟਲ ਲਾਇਬ੍ਰੇਰੀਆਂ ਪੰਜਾਬੀ ਸਾਹਿਤ ਦੇ ਪੁਰਾਣੇ ਅਤੇ ਨਵੇਂ ਪਾਠਾਂ ਨੂੰ ਸੁਰੱਖਿਅਤ ਕਰਨ ਲਈ ਮਹੱਤਵਪੂਰਨ ਸਾਧਨ ਸਾਬਤ ਹੋ ਰਹੀਆਂ ਹਨ। ਇਹ ਲਾਇਬ੍ਰੇਰੀਆਂ ਪਾਠਕਾਂ ਨੂੰ ਬਿਨਾਂ ਕਿਸੇ ਭੁਗੋਲਿਕ ਰੁਕਾਵਟ ਦੇ ਆਨਲਾਈਨ ਪਾਠਾਂ ਦੀ ਪਹੁੰਚ ਪ੍ਰਦਾਨ ਕਰ ਸਕਦੀਆਂ ਹਨ, ਜਿਸ ਨਾਲ ਵਿਸ਼ੇਸ਼ ਤੌਰ 'ਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਵਿੱਚ ਮਦਦ ਮਿਲੇਗੀ।

ਰਚਨਾਕਾਰੀ ਦੇ ਨਾਲ਼-ਨਾਲ਼ ਅਧਿਐਨ ਅਤੇ ਅਧਿਆਪਨ ਦੇ ਖੇਤਰ ਵਿੱਚ ਵੀ ਇਹਨਾਂ ਡਿਜੀਟਲ ਸਰੋਤਾਂ ਦੇ ਮਹੱਤਵ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਖੋਜ ਦੇ ਵਿਸ਼ੇਸ਼ ਸੰਦਰਭ ਵਿੱਚ ਇਹਨਾਂ ਡਿਜੀਟਲ ਪਲੈਟਫਾਰਮਾਂ ਦੀ ਪਿਛਲੇ ਕੁਝ ਦਹਾਕਿਆਂ ਵਿੱਚ ਵਧਦੀ ਵਰਤੋਂ ਨੇ ਸਾਹਿਤਕ ਖੋਜ ਦੇ ਦਾਇਰੇ ਨੂੰ ਵਿਸਤਰਿਤ ਰੂਪ ਪ੍ਰਦਾਨ ਕੀਤਾ ਹੈ। ਵੱਖ ਵੱਖ ਵੈਬਸਾਈਟਾਂ ਅਤੇ ਪ੍ਰਮਾਣਿਕ ਡਿਜੀਟਲ ਸਰੋਤਾਂ ਦੇ ਮਾਧਿਅਮ ਤੋਂ ਨਵੇਂ ਖੋਜ ਕਾਰਜ ਲਈ ਪੂਰਵ ਹੋ ਚੁੱਕੇ ਖੋਜ ਕਾਰਜ ਦੀ ਸਮੀਖਿਆ

ਉਪਰਾਂਤ ਵਿਲੱਖਣਤਾ ਅਤੇ ਨਵੀਨਤਾ ਨੂੰ ਸੁਨਿਸ਼ਚਿਤ ਕੀਤਾ ਜਾ ਸਕਦਾ ਹੈ। ਬੇਸ਼ੱਕ ਤਕਨੀਕੀ ਵਿਕਾਸ ਕਾਰਨ ਸਾਹਿਤ ਦੀ ਸੁਖਾਵੀਂ ਪਹੁੰਚ ਨੇ ਖੋਜ ਕਾਰਜ ਦੇ ਗੁਣਾਤਮਕ ਅਤੇ ਗਿਣਾਤਮਕ ਪੱਖਾਂ ਨੂੰ ਪ੍ਰਭਾਵਿਤ ਕੀਤਾ ਹੈ, ਪ੍ਰੰਤੂ ਇਸ ਨਾਲ ਕਾਪੀਰਾਈਟ ਦੀ ਉਲੰਘਣਾ ਅਤੇ ਪਾਇਰੇਸੀ ਆਦਿ ਸਾਹਿਤਕ ਚੋਰੀ ਜਿਹੇ ਰੁਝਾਨਾਂ ਵਿੱਚ ਵਾਧੇ ਨੇ ਚਿੰਤਾਜਨਕ ਸੰਕੇਤ ਵੀ ਦਿੱਤੇ ਹਨ। ਬਿਨਾਂ ਇਜਾਜ਼ਤ ਦੇ ਰਚਨਾਵਾਂ ਦਾ ਆਨਲਾਈਨ ਵਟਾਂਦਰਾ ਲੇਖਕਾਂ ਦੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਪੱਖੋਂ ਪੰਜਾਬੀ ਸਾਹਿਤਕ ਪਰੰਪਰਾ ਵਿੱਚ ਡਿਜੀਟਲ ਮਾਧਿਅਮਾਂ ਦੀ ਵਰਤੋਂ ਦੇ ਨੇਮ ਪੁਨਰ-ਚਿੰਤਨ ਦੀ ਮੰਗ ਕਰਦੇ ਹਨ। ਅਧਿਆਪਨ ਦੇ ਖੇਤਰ ਵਿੱਚ ਵੀ ਪੰਜਾਬੀ ਸਾਹਿਤ ਵਿਸ਼ੇਸ਼ ਦੇ ਸੂਖਮ ਅਧਿਆਪਨ ਲਈ ਕਈ ਸੋਸ਼ਲ ਪਲੇਟਫਾਰਮ ਕਿਰਿਆਸ਼ੀਲ ਹਨ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਨਿਰੰਤਰ ਪ੍ਰਯਤਨ ਕਰ ਰਹੇ ਹਨ। ਡਿਜਿਟਲ ਮਾਧਿਅਮਾਂ ਦੀ ਵਰਤੋਂ ਨਾਲ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਦੀ ਸੁਰੱਖਿਆ ਲਈ ਵੀ ਪ੍ਰਯਤਨ ਕੀਤੇ ਜਾ ਸਕਦੇ ਹਨ। ਆਨਲਾਈਨ ਕੋਰਸਾਂ ਅਤੇ ਭਾਸ਼ਾਈ ਐਪਲੀਕੇਸ਼ਨਾਂ ਰਾਹੀਂ ਪੰਜਾਬੀ ਭਾਸ਼ਾ ਨੂੰ ਸਿੱਖਣ ਅਤੇ ਸਿੱਖਾਉਣ ਦੀਆਂ ਸਾਹਿਤਕ ਮੁਹਿੰਮਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ।

ਵਿਸ਼ੇਸ਼ ਜ਼ਰੂਰਤਾਂ ਵਾਲੇ ਪੰਜਾਬੀ ਸਾਹਿਤ ਦੇ ਅਧਿਐਨਕਰਤਾ ਡਿਜਿਟਲ ਤਕਨੀਕਾਂ ਜਿਵੇਂ ਕਿ ਟੈਕਸਟ-ਟੂ-ਸਪੀਚ, ਸਪੀਚ-ਟੂ-ਟੈਕਸਟ, ਅਤੇ ਹੋਰ ਸਹਾਇਕ ਐਪਲੀਕੇਸ਼ਨਾਂ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ। ਇਹਨਾਂ ਤਕਨੀਕਾਂ ਦੇ ਪ੍ਰਯੋਗ ਨਾਲ ਵਿਦਿਆਰਥੀ ਆਪਣੀਆਂ ਅਕਾਦਮਿਕ ਅਤੇ ਸਾਹਿਤਿਕ ਗਤੀਵਿਧੀਆਂ ਵਿੱਚ ਆਪਣੀ ਸੁਚਾਰੂ ਭੂਮਿਕਾ ਨਿਭਾ ਸਕਦੇ ਹਨ।

ਨਿਰਸੰਦੇਹ, ਡਿਜੀਟਲ ਸਰੋਤਾਂ ਦੀ ਵਰਤੋਂ ਪੰਜਾਬੀ ਸਾਹਿਤ ਨੂੰ ਨਵੀਂ ਉਚਾਈਆਂ ਤੱਕ ਪਹੁੰਚਾ ਸਕਦੀ ਹੈ। ਇਹ ਸਰੋਤ ਸਿਰਫ ਰਚਨਾਤਮਕਤਾ ਦੀਆਂ ਨਵੀਆਂ ਸਮਰੱਥਾਵਾਂ ਪ੍ਰਦਾਨ ਨਹੀਂ ਕਰਦੇ, ਸਗੋਂ ਭਵਿੱਖ ਵਿੱਚ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਬਣਾਉਣ ਦੇ ਮੌਕੇ ਵੀ ਮੁਹੱਈਆ ਕਰਵਾਉਂਦੇ ਹਨ। ਬੇਸ਼ੱਕ ਅਜੋਕੇ ਡਿਜੀਟਲ ਯੁੱਗ ਦੇ ਸਮੁੱਚੇ ਪੰਜਾਬੀ ਸਾਹਿਤ ਜਗਤ ਉੱਤੇ ਪਏ ਵਿਕਾਸਸ਼ੀਲ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੀ ਵਰਤੋਂ ਦੀਆਂ ਅਪਾਰ ਭਵਿੱਖਮੁਖੀ ਸੰਭਾਵਨਾਵਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪ੍ਰੰਤੂ ਪੰਜਾਬੀ ਸਾਹਿਤ ਦੇ ਅੰਤਰਗਤ ਭਾਸ਼ਾ ਦੇ ਵਿਸ਼ੇਸ਼ ਪ੍ਰਸੰਗ ਵਿੱਚ ਇਸਦੀ ਵਰਤੋਂ ਸੰਬੰਧੀ ਨੇਮਾਂ ਦੇ ਪੂਰਵ-ਚਿੰਤਨ ਉਪਰਾਂਤ ਨਿਰਧਾਰਿਤ ਨਿਯਮਾਵਲੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸਾਰਥਕ ਅਧਿਐਨ ਲਈ ਸੇਧ ਪ੍ਰਦਾਨ ਕਰ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. https://www.punjabijagran.com/lifestyle/sahit-and-sabhyachar-books-are-a-big-challenge-for-children-in-the-digital-age-8707292.html
2. https://www.punjabijagran.com/punjab/patialafatehgarh-sahib-director-language-department-emphasized-on-creating-digital-book-culture-9403476.html
3. https://punjabi.abplive.com/general-knowledge/what-does-digital-word-stands-for-766532/amp
4. https://www.punjabitribuneonline.com/news/delhi/discussion-about-challenges-to-punjabi-literature-and-culture/
5. https://punjabipedia.org/
6. https://www.panjabdigilib.org/InitialSearchedPage?ID=5658&page=1&CategoryID=1&Searched=
7. https://www.researchgate.net/publication/304646027_The_Punjab_Peasant_and_Digital_Culture

# ਪੰਜਾਬ ਦੇ ਸੱਭਿਆਚਾਰ ਦੇ ਇਕ ਪੱਖ ਉਤੇ ਝਾਤ

**-ਪਰਮਜੀਤ ਸਿੰਘ ਜੱਜ**

ਆਮ ਤੌਰ 'ਤੇ ਸੱਭਿਆਚਾਰ ਬਾਰੇ ਬਹੁਤ ਕੁਝ ਆਖਿਆ ਤੇ ਲਿਖਿਆ ਜਾਂਦਾ ਹੈ। ਇਸ ਵਿਚ ਹਰ ਤਰ੍ਹਾਂ ਦੇ ਵਿਅਕਤੀ ਜੋ ਵੱਖਰੇ ਵੱਖਰੇ ਪੇਸ਼ਿਆਂ ਨਾਲ ਜੁੜੇ ਹੁੰਦੇ ਹਨ ਆਪਣੇ ਆਪ ਨੂੰ ਪੰਜਾਬ ਦੇ ਸੱਭਿਆਚਾਰ ਬਾਰੇ ਇਕ ਸਪੈਸ਼ਲਿਸਟ ਵਾਂਗ ਬੋਲਦੇ ਹਨ। ਪੰਜਾਬ ਵਿਚ ਅਜਿਹੇ ਵਿਅਕਤੀਆਂ ਦੀ ਕੋਈ ਘਾਟ ਨਹੀਂ ਹੈ। ਸੱਭਿਆਚਾਰ ਦੇ ਸੰਦਰਭ ਵਿਚ ਉਹ ਜੋ ਵੀ ਬੋਲਦੇ ਜਾਂ ਲਿਖਦੇ ਹਨ, ਗ਼ਲਤ ਨਹੀਂ ਹੁੰਦਾ। ਪਰ ਇਥੇ ਸਮੱਸਿਆ ਇਹ ਆਣ ਖੜੀ ਹੁੰਦੀ ਹੈ ਕਿ ਕਈ ਵਾਰ ਦੋ ਵਿਅਕਤੀਆਂ ਦੁਆਰਾ ਆਖੀਆਂ ਜਾਂ ਲਿਖੀਆਂ ਗੱਲਾਂ ਦਵੰਦਾਤਮਕ ਹੁੰਦੀਆਂ ਹਨ। ਕਈ ਵਾਰ ਦੋਵੇਂ ਗੱਲਾਂ ਸਹੀ ਹੋ ਸਕਦੀਆਂ ਹਨ ਕਿਉਂਕਿ ਸੱਭਿਆਚਾਰ ਕਿਸੇ ਵੀ ਮਨੁੱਖੀ ਸਮਾਜ ਦਾ ਉਹ ਪੱਖ ਹੈ ਜਿਹੜਾ ਸਦੀਆਂ ਤੋਂ ਇਕ ਸਮਾਜ ਦੀ ਸਿਰਜਣਾ ਦੀ ਪ੍ਰਕ੍ਰਿਆ ਵਿਚ ਉਸਰਦਾ ਹੈ। ਇਹ ਹੀ ਕਾਰਨ ਹੈ ਕਿ ਸਮਾਜ ਵਿਗਿਆਨੀ ਸੱਭਿਆਚਾਰ ਨੂੰ ਇਕ ਅਜਿਹਾ ਤੱਥ ਮੰਨਦੇ ਹਨ ਜੋ ਮਨੁੱਖਾਂ ਦੁਆਰਾ ਅਤੇ ਉਹਨਾਂ ਦੇ ਆਪਸੀ ਅੰਤਰ-ਕਾਰਜਾਂ ਦੁਆਰਾ ਉਸਰਦਾ ਹੈ। ਉਦਾਹਰਣ ਦੇ ਤੌਰ 'ਤੇ ਜੇਕਰ ਅਸੀਂ ਸਮਾਜ ਦੇ ਆਰਥਿਕ ਪੱਖ ਨੂੰ ਲੈ ਲਈਏ ਤਾਂ ਪੈਦਾਵਾਰ ਲਈ ਜੁਟਾਏ ਗਏ ਸਾਧਨ ਭੌਤਿਕੀ ਸੱਭਿਆਚਾਰ ਦਾ ਹਿੱਸਾ ਹੁੰਦੇ ਹਨ। ਆਰਥਿਕ ਸੰਬੰਧਾਂ ਨੂੰ ਕੰਟਰੋਲ ਕਰਨ ਵਾਲੀਆਂ ਕਦਰਾਂ ਕੀਮਤਾਂ ਗ਼ੈਰ-ਭੌਤਿਕੀ ਸਭਿਆਚਾਰ ਦਾ ਹਿੱਸਾ ਹਨ। ਇਸੇ ਲਈ ਸਮਾਜ ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਰੌਬਿਨਸਨ ਕਰੂਸੋ ਦੇ ਇਕ ਖਾਲ੍ਹੀ ਪਏ ਟਾਪੂ ਉੱਤੇ ਪਏ ਪੈਰਾਂ ਦੇ ਨਿਸ਼ਾਨ ਵੀ ਸੱਭਿਆਚਾਰ ਦਾ ਹਿੱਸਾ ਹਨ।

ਪੰਜਾਬ ਦੇ ਸੱਭਿਆਚਾਰ ਉੱਤੇ ਚਰਚਾ ਕਰਨ ਤੋਂ ਪਹਿਲਾਂ ਮੈਂ ਤਿੰਨ ਸਪਸ਼ਟੀਕਰਨ ਦੇਣਾ ਚਾਹੁੰਦਾ ਹਾਂ।

1. ਸੱਭਿਆਚਾਰ, ਭਾਵੇਂ ਕੋਈ ਵੀ ਹੋਵੇ, ਉਸਨੂੰ ਚੰਗਾ ਜਾਂ ਮਾੜਾ ਨਹੀਂ ਆਖਿਆ ਜਾ ਸਕਦਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸੱਭਿਆਚਾਰ ਹਰ ਸਮਾਜ ਦੀਆਂ ਭੌਤਿਕੀ ਅਤੇ ਆਰਥਿਕ ਹਾਲਤਾਂ ਵਿਚੋਂ ਉੱਭਰਦਾ ਹੈ। ਸਮੇਂ ਦੇ ਬੀਤਣ ਨਾਲ ਹਰ ਸਮਾਜ ਦੇ ਲੋਕ ਆਪਣੇ ਕਈ ਸੱਭਿਆਚਾਰਕ ਅਭਿਆਸਾਂ ਨੂੰ ਚੰਗਾ ਜਾਂ ਮਾੜਾ ਆਖਣ ਲਗ ਜਾਂਦੇ ਹਨ। ਇਸਦਾ ਮੁੱਖ ਕਾਰਨ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿਚ ਕਈ ਪਰੰਪਰਾਵਾਂ, ਕੀਮਤਾਂ ਤੇ ਅਭਿਆਸ ਗ਼ਲਤ ਜਾਂ ਗ਼ੈਰ-ਪ੍ਰਸੰਗਿਕ ਜਾਪਣ ਲਗ ਜਾਂਦੇ ਹਨ। ਪੰਜਾਬ ਵੀ ਇਸ ਪੱਖ ਤੋਂ ਕੋਈ ਵੱਖਰਾ ਨਹੀਂ ਹੈ। ਇਸ ਲਈ ਹਰ ਵਿਸ਼ੇਸ਼ਤਾ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਬਿਨਾਂ ਕਿਸੇ ਪੁਣ-ਛਾਣ ਤੋਂ ਲੋਕਾਂ ਸਾਹਮਣੇ

ਆਪਣੇ ਸੱਭਿਆਚਾਰਕ ਯਥਾਰਥ ਨੂੰ ਪੇਸ਼ ਕਰੇ।

2. ਧਰਮ ਤੇ ਸੱਭਿਆਚਾਰ ਇਕ ਨਹੀਂ ਹੁੰਦੇ ਹਨ। ਇਹ ਦੋਵੇਂ ਸਮਾਜ ਦੇ ਵਿਭਿੰਨ ਪੱਖਾਂ ਨੂੰ ਦਰਸਾਉਂਦੇ ਹਨ। ਧਰਮ ਸਾਡਾ ਪਵਿੱਤਰ ਸੰਸਾਰ ਹੈ। ਪਰ ਇਕ ਸਮਾਜ ਵਿਚ ਰਹਿੰਦੇ ਹੋਏ ਲੋਕਾਂ ਦਾ ਸ਼ਾਇਦ ਹੀ ਇਕ ਧਰਮ ਹੋਵੇ। ਪੰਜਾਬ ਦੀ ਉਦਾਹਰਣ ਲੈ ਲਓ। ਪੰਜਾਬ ਵਿਚ ਸਿੱਖ, ਮੁਸਲਮਾਨ, ਹਿੰਦੂ ਤੇ ਈਸਾਈ 1947 ਤੋਂ ਪਹਿਲਾਂ ਵੀ ਤੇ ਹੁਣ ਵਾਲੇ ਭਾਰਤੀ ਸਮਾਜ ਇਕੱਠੇ ਰਹਿੰਦੇ ਰਹੇ ਹਨ। ਇਸ ਸਭ ਦੇ ਬਾਵਜੂਦ ਸਾਰੇ ਪੰਜਾਬੀਆਂ ਦਾ ਸੱਭਿਆਚਾਰ ਸਾਂਝਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸੱਭਿਆਚਾਰ ਪਵਿੱਤਰ ਦੁਨੀਆ ਨਾਲ ਸੰਬੰਧਤ ਨਹੀਂ ਹੈ ਬਲਕਿ ਸੰਸਾਰਿਕ ਪੱਖ ਨਾਲ ਜੁੜਿਆ ਹੋਇਆ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਧਰਮ ਨੇ ਲੋਕਾਂ ਦੇ ਸੱਭਿਆਚਾਰ ਵਿਚ ਘੁਸਪੈਠ ਵੀ ਕੀਤੀ ਹੈ, ਪਰ ਕਈ ਕਾਰਨਾਂ ਕਰਕੇ ਸਮਾਜ ਦੇ ਕੁਝ ਪੱਖਾਂ ਲਈ ਇਹ ਜ਼ਰੂਰੀ ਵੀ ਸੀ। ਅਸੀਂ ਵੇਖ ਸਕਦੇ ਹਾਂ ਕਿ ਵਿਆਹ ਦੀ ਰਸਮ ਧਾਰਮਿਕ ਰੀਤੀ ਰਿਵਾਜਾਂ ਨਾਲ ਹੁੰਦੀ ਹੈ। ਇਸੇ ਕਰਕੇ ਹਰ ਧਰਮ ਵਿਚ ਇਸ ਪੱਖੋਂ ਵਿਭਿੰਨਤਾ ਹੈ।

3. ਭਾਸ਼ਾ ਤੇ ਸੱਭਿਆਚਾਰ ਨੂੰ ਇਕ ਨਹੀਂ ਸਮਝਣਾ ਚਾਹੀਦਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸੱਭਿਆਚਾਰ ਨੂੰ ਸਪਸ਼ਟ ਕਰਨ ਲਈ ਭਾਸ਼ਾ ਦੀ ਜ਼ਰੂਰਤ ਪੈਂਦੀ ਹੈ। ਭਾਸ਼ਾ ਰਾਹੀਂ ਹੀ ਸਾਡਾ ਅਰਥਾਂ ਦਾ ਸੰਸਾਰ ਸਿਰਜਿਆ ਜਾਂਦਾ ਹੈ। ਪ੍ਰਸਿੱਧ ਦਾਰਸ਼ਨਿਕ ਨੇ ਆਖਿਆ ਸੀ, "ਸਾਡੀ ਭਾਸ਼ਾ ਦੀ ਸੀਮਾ ਹੀ ਸਾਡੇ ਸੰਸਾਰ ਦੀ ਸੀਮਾ ਹੈ।" ਭਾਸ਼ਾ ਸਾਨੂੰ ਸੱਭਿਆਚਾਰ ਨੂੰ ਸਮਝਣ ਤੇ ਲੋਕਾਂ ਨੂੰ ਸਮਝਾਉਣ ਦੇ ਕੰਮ ਆਉਂਦੀ ਹੈ। ਪੰਜਾਬੀ ਇਕ ਪੁਰਾਤਨ ਤੇ ਅਮੀਰ ਭਾਸ਼ਾ ਹੈ, ਪਰ ਇਸਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਸ ਦੀ ਲਿਪੀ ਨੂੰ ਲੈ ਕੇ ਸਾਡੀ ਸਹਿਮਤੀ ਨਹੀਂ ਹੈ। ਪਾਕਿਸਤਾਨੀ ਪੰਜਾਬ ਵਿਚ ਸ਼ਾਹਮੁਖੀ ਤੇ ਭਾਰਤੀ ਪੰਜਾਬ ਵਿਚ ਗੁਰਮੁਖੀ ਲਿਪੀਆਂ ਵਰਤੀਆਂ ਜਾਂਦੀਆਂ ਹਨ। ਇਸਦੇ ਕਾਰਨ ਅਸੀਂ ਇਕ ਦੂਜੇ ਦੀ ਭਾਸ਼ਾ ਸਮਝ ਤਾਂ ਸਕਦੇ ਹਾਂ, ਪਰ ਪੜ੍ਹ ਨਹੀਂ ਸਕਦੇ।

## ਪੰਜਾਬ ਦਾ ਸੱਭਿਆਚਾਰ

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹ ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਪੰਜਾਬ ਦੇ ਸੱਭਿਆਚਾਰ ਦੇ ਸਿਰਫ ਇਕ ਪੱਖ ਬਾਰੇ ਹੀ ਆਪਣੇ ਵਿਚਾਰ ਪੇਸ਼ ਕਰਾਂਗਾ। ਜਿਸ ਪੱਖ ਨੂੰ ਮੈਂ ਪੇਸ਼ ਕਰਨ ਜਾ ਰਿਹਾ ਹਾਂ ਉਸ ਦੀ ਮਹੱਤਤਾ ਬਾਰੇ ਮੈਂ ਕੋਈ ਤਰਕ ਪੇਸ਼ ਨਹੀਂ ਕਰਨਾ ਚਾਹੁੰਦਾ ਹਾਂ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪੱਖ ਉੱਤੇ ਕਿਤੇ ਨਾ ਕਿਤੇ ਚਰਚਾ ਹੁੰਦੀ ਰਹਿੰਦੀ ਹੈ।

ਇਤਿਹਾਸਕਾਰ ਫਾਈਨਾ ਮੀਰ ਨੇ ਇਕ ਫ਼ਾਰਸੀ ਦੀ ਕਿਤਾਬ ਉੱਤੇ ਬਹੁਤ ਹੀ

ਦਿਲਚਸਪ ਟਿੱਪਣੀ ਕੀਤੀ ਹੈ। ਇਹ ਕਿਤਾਬ ਤਕਰੀਬਨ ਉਨੀਵੀਂ ਸਦੀ ਦੇ ਅੱਧ ਵਿਚ ਲਿਖੀ ਗਈ ਸੀ। ਇਹ ਕਿਤਾਬ ਗਣੇਸ਼ ਦਾਸ ਵਢੇਰਾ ਨੇ ਲਿਖੀ ਸੀ ਜਿਸ ਦਾ ਸਿਰਲੇਖ ਸੀ 'ਚਾਰਬਾਗ਼-ਏ-ਪੰਜਾਬ।' ਇਸ ਕਿਤਾਬ ਦੀ ਖ਼ਾਸੀਅਤ ਮੀਰ ਅਨੁਸਾਰ ਇਹ ਹੈ ਕਿ ਇਸ ਦਾ ਇਕ ਤਿਹਾਈ ਹਿੱਸਾ ਕਿੱਸਿਆ ਉੱਤੇ ਕੇਂਦਰਿਤ ਹੈ। ਇਹ ਸਾਰੇ ਕਿੱਸੇ ਉਹ ਹਨ ਜੋ ਕੁੜੀ ਮੁੰਡੇ ਦੇ ਪਿਆਰ ਨਾਲ ਜੁੜੇ ਹੋਏ ਹਨ। ਇਸ ਪ੍ਰਸੰਗ ਵਿਚ ਸੱਭ ਤੋਂ ਮਹੱਤਵਪੂਰਨ ਮੁੱਦਾ ਇਹ ਹੈ ਕਿ ਗਣੇਸ਼ ਦਾਸ ਨੇ ਇਹਨਾਂ ਕਿੱਸਿਆਂ ਨੂੰ ਇੰਨੀ ਮਹੱਤਤਾ ਕਿਉਂ ਦਿੱਤੀ। ਇੰਜ ਪ੍ਰਤੀਤ ਹੁੰਦਾ ਹੈ ਕਿ ਗਣੇਸ਼ ਦਾਸ ਦੇ ਵਿਚਾਰ ਅਨੁਸਾਰ ਇਹ ਪੰਜਾਬ ਤੇ ਇਸਦੇ ਇਤਿਹਾਸ ਨੂੰ ਸਮਝਣ ਲਈ ਬਹੁਤ ਹੀ ਮਹੱਤਵਪੂਰਨ ਸ੍ਰੋਤ ਹਨ। ਇਥੇ ਇਹ ਪੱਖ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਜੋ ਮੇਰੇ ਅਨੁਸਾਰ ਸੱਭਿਆਚਾਰਕ ਦ੍ਰਿਸ਼ਟੀਕੋਣ ਤੋਂ ਜ਼ਰੂਰੀ ਹੋ ਜਾਂਦਾ ਹੈ। ਉਹ ਹੈ ਇਹਨਾਂ ਕਿੱਸਿਆਂ ਦੀ ਪੰਜਾਬੀ ਸਮਾਜ ਵਿਚ ਮਹੱਤਤਾ ਤੇ ਇਸਦਾ ਮੌਜੂਦਾ ਸੱਭਿਆਚਾਰ ਅਭਿਆਸ ਜੋ ਆਧੁਨਿਕ ਪੰਜਾਬ ਵਿਚ ਸ਼ਾਇਦ ਬਹੁਤ ਸਾਰੇ ਚਿੰਤਕਾਂ ਲਈ ਗ਼ੈਰ-ਜ਼ਰੂਰੀ ਸਮਝੇ ਜਾ ਸਕਦੇ ਹਨ। ਪੰਜਾਬ ਵਿਚ ਇਸ਼ਕ ਨਾਲ ਜੁੜੇ ਹੋਏ ਚਾਰ ਕਿੱਸੇ ਕਾਫੀ ਮਸ਼ਹੂਰ ਰਹੇ ਹਨ। ਉਹ ਹਨ ਹੀਰ-ਰਾਂਝਾ, ਸੱਸੀ ਪੁਨੂੰ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਇਹਨਾਂ ਚਾਰਾਂ ਵਿਚ ਸਭ ਤੋਂ ਸਾਂਝੀ ਕੜੀ ਇਹ ਹੈ ਕਿ ਪਿਆਰੇ ਕਰਨ ਵਾਲੇ ਆਪਣੇ ਇਸ਼ਕ ਖਾਤਿਰ ਜ਼ਿੰਦਗੀ ਕੁਰਬਾਨ ਕਰ ਦਿੰਦੇ ਹਨ।

ਇਹਨਾਂ ਵਿਚੋਂ ਦੋ ਕਿੱਸਿਆਂ ਦੀਆਂ ਕਹਾਣੀਆਂ ਦੇ ਕੁੱਝ ਪਹਿਲੂ ਮੈਂ ਉਜਾਗਰ ਕਰਨਾ ਚਾਹੁੰਦਾ ਹਾਂ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਦੋਵੇਂ ਕਿੱਸੇ ਬਹੁਤੇ ਪੁਰਾਣੇ ਹੋਣ ਦੇ ਬਾਵਜੂਦ ਅਜੇ ਵੀ ਖਿਚ ਦਾ ਕੇਂਦਰ ਹਨ। ਇਹਨਾਂ ਦੋਹਾਂ ਕਿੱਸਿਆਂ ਦੀਆਂ ਕਹਾਣੀਆਂ ਦੀ ਬਣਤਰ ਤੇ ਦਿਸ਼ਾ ਵੱਖਰੀਆਂ ਹਨ, ਪਰ ਫਿਰ ਵੀ ਇਹਨਾਂ ਕਹਾਣੀਆਂ ਵਿਚ ਕੁਝ ਤੱਤ ਸਾਂਝੇ ਹਨ। ਦੋਵੇਂ ਕਿੱਸਿਆਂ ਵਿਚ ਮੁੱਖ ਕਿਰਦਾਰ ਜੱਟ ਹਨ ਅਤੇ ਮੁਸਲਮਾਨ ਹਨ। ਮੇਰਾ ਖਿਆਲ ਹੈ ਕਿ ਇਹਨਾਂ ਕਿੱਸਿਆਂ ਦੇ ਕਾਰਨ ਹੀ ਪੰਜਾਬੀ ਸੱਭਿਆਚਾਰ ਵਿਚ, ਖਾਸ ਤੌਰ 'ਤੇ ਗਾਣਿਆਂ ਵਿਚ ਜੱਟ ਸ਼ਬਦ ਦਾ ਪ੍ਰਯੋਗ ਬਹੁਤ ਪ੍ਰਚਲਤ ਹੋਇਆ ਹੈ। ਜਿਵੇਂ ਕਿ ਪਹਿਲਾਂ ਟਿੱਪਣੀ ਕੀਤੀ ਗਈ ਹੈ ਦੋਵਾਂ ਕਿੱਸਿਆਂ ਵਿਚ ਮੁੱਖ ਕਿਰਦਾਰ ਮਰ ਜਾਂਦੇ ਹਨ। ਇਹਨਾਂ ਕਿੱਸਿਆਂ ਨੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਕਈ ਪ੍ਰਸੰਗ, ਚਿੰਨ੍ਹ ਤੇ ਰੂਪਕ ਦਿੱਤੇ ਹਨ ਜੋ ਹੁਣ ਤੱਕ ਆਮ ਲੋਕਾਂ ਦੁਆਰਾ ਵਰਤੇ ਜਾਂਦੇ ਹਨ। ਜੇਕਰ ਕੋਈ ਆਪਣੀ ਮਾਸ਼ੂਕ ਦੇ ਦਿੱਤੇ ਧੋਖੇ ਨੂੰ ਪ੍ਰਗਟਾਉਂਦਾ ਹੈ ਤਾਂ ਸਾਹਿਬਾਂ ਦਾ ਜ਼ਿਕਰ ਕਰਦਾ ਹੈ। ਇਕ ਢੰਗ ਨਾਲ ਇਹ ਦੋਵੇਂ ਕਿੱਸੇ ਵਿਭਿੰਨ ਕਹਾਣੀਆਂ ਦੇ ਬਾਵਜੂਦ ਵੀ ਸਭ ਤੋਂ ਜ਼ਿਆਦਾ ਪ੍ਰਚਲਤ ਹਨ।

ਪਰ ਇਹਨਾਂ ਦੋਨਾਂ ਕਿੱਸਿਆਂ ਵਿਚ ਫ਼ਰਕ ਬਹੁਤ ਹੀ ਦਿਲਚਸਪ ਹੈ। ਰਾਂਝਾ

ਇਕ ਜੱਟ ਜ਼ਿਮੀਂਦਾਰ ਦਾ ਸੱਭ ਤੋਂ ਛੋਟਾ ਬੇਟਾ ਹੈ ਅਤੇ ਨਿਕੰਮਾ ਨਜ਼ਰ ਆਉਂਦਾ ਹੈ। ਸ਼ਾਇਦ ਸ਼ੌਕੀਨੀ ਤੇ ਵੰਝਲੀ ਤੋਂ ਬਿਨਾਂ ਉਸਨੂੰ ਕੋਈ ਕੰਮ ਨਹੀਂ। ਸੰਕਟ ਉਸ ਵਕਤ ਆਉਂਦਾ ਹੈ ਜਦੋਂ ਪਿਓ ਦੀ ਮੌਤ ਹੋ ਜਾਂਦੀ ਹੈ ਤੇ ਉਸਦੇ ਵੱਡੇ ਭਰਾ ਉਸਨੂੰ ਮਾੜੀ ਜ਼ਮੀਨ ਹਿੱਸੇ ਵਿਚ ਦੇ ਦਿੰਦੇ ਹਨ। ਜਦੋਂ ਉਸਦੀ ਭਾਬੀਆਂ ਉਸਨੂੰ ਹੀਰ ਦਾ ਨਾਂ ਲੈ ਕੇ ਮਿਹਣਾ ਦਿੰਦੀ ਹਨ ਤਾਂ ਉਹ ਘਰ ਬਾਰ ਛੱਡ ਕੇ ਹੀਰ ਨੂੰ ਵਿਆਹ ਕੇ ਲਿਆਉਣ ਦਾ ਫ਼ੈਸਲਾ ਕਰਕੇ ਘਰੋਂ ਨਿਕਲ ਜਾਂਦਾ ਹੈ। ਜਦੋਂ ਉਹ ਵੰਝਲੀ ਵਜਾ ਕੇ ਪੰਜ ਪੀਰਾਂ ਨੂੰ ਖ਼ੁਸ਼ ਕਰ ਦਿੰਦਾ ਹੈ ਤਾਂ ਪੀਰ ਉਸਨੂੰ ਹੀਰ ਦਾ ਵਰਦਾਨ ਦੇ ਦਿੰਦੇ ਹਨ। ਇਥੋਂ ਹੀਰ ਰਾਂਝੇ ਦੀ ਕਹਾਣੀ ਵਿਚ ਇਲਾਹੀ ਜਾਂ ਦੈਵੀ ਤੱਤ ਸ਼ਾਮਿਲ ਹੋ ਜਾਂਦਾ ਹੈ ਅਤੇ ਤਕਰੀਬਨ ਅੰਤ ਤੱਕ ਰਹਿੰਦਾ ਹੈ।

ਹੀਰ-ਰਾਂਝੇ ਦੀ ਕਹਾਣੀ ਦਾ ਸਭ ਤੋਂ ਖ਼ਾਸ ਪਹਿਲੂ ਇਹ ਹੈ ਕਿ ਹੀਰ ਦੇ ਵਿਆਹ ਦੇ ਉਪਰੰਤ ਉਹ ਹੀਰ ਨੂੰ ਮੁੜ ਪ੍ਰਾਪਤ ਕਰਨ ਲਈ ਯੋਗੀ ਬਾਲ ਨਾਥ ਦੇ ਡੇਰੇ ਜਾਂਦਾ ਹੈ। ਸੱਚੀ ਗੱਲ ਦੱਸ ਕੇ ਉਹ ਬਾਲ ਨਾਥ ਨੂੰ ਬੇਨਤੀ ਕਰਦਾ ਹੈ ਕਿ ਉਹ ਉਸਨੂੰ ਯੋਗ ਦੇਵੇ। ਉਸਦੇ ਨਿਰੰਤਰ ਜ਼ਿਦ ਕਰਨ 'ਤੇ ਬਾਲ ਨਾਥ ਅੰਤਰ ਧਿਆਨ ਹੋ ਜਾਂਦਾ ਹੈ ਤਾਂ ਉਸਨੂੰ ਪਤਾ ਲੱਗਦਾ ਹੈ ਕਿ ਪੰਜ ਪੀਰਾਂ ਨੇ ਪਹਿਲਾਂ ਹੀ ਉਸਨੂੰ ਹੀਰ ਦਾ ਆਸ਼ੀਰਵਾਦ ਦੇ ਦਿੱਤਾ ਹੈ। ਇਸ ਉਪਰੰਤ ਉਹ ਰਾਂਝੇ ਨੂੰ ਯੋਗ ਦੇ ਦਿੰਦਾ ਹੈ। ਕਹਾਣੀ ਦਾ ਇਹ ਪੱਖ ਬਹੁਤ ਹੀ ਮਹੱਤਵਪੂਰਨ ਹੈ। ਇਹ ਹੈਰਾਨਜਨਕ ਘਟਨਾ ਹੈ। ਇਕ ਮੁਸਲਮਾਨ ਵਿਅਕਤੀ ਨੂੰ ਇਕ ਹਿੰਦੂ ਯੋਗੀ ਦੁਆਰਾ ਯੋਗ ਦੇਣਾ ਕਿੱਸੇ ਦੀ ਬਹੁਤ ਹੀ ਧਿਆਨਯੋਗ ਗੱਲ ਹੈ। ਯੋਗੀ ਬਣਨ ਦੇ ਬਾਵਜੂਦ ਵੀ ਰਾਂਝਾ ਮੁਸਲਮਾਨ ਰਹਿੰਦਾ ਹੈ। ਸ਼ਾਇਦ ਇਹੀ ਕਾਰਣ ਹੋਵੇ ਕਿ ਹੀਰ ਰਾਂਝੇ ਦਾ ਕਿੱਸਾ ਸਰਬਵਿਆਪਕ ਤੌਰ 'ਤੇ ਪਸੰਦ ਕੀਤਾ ਜਾਂਦਾ ਹੈ। ਜਦੋਂ ਇਕ ਪਾਕਿਸਤਾਨੀ ਗਾਇਕਾ ਇਹ ਗਾਣਾ ਗਾਉਂਦੀ ਹੈ ਕਿ 'ਮੈਂ ਜਾਣਾ ਯੋਗੀ ਦੇ ਨਾਲ' ਤਾਂ ਕੋਈ ਵੀ ਹੈਰਾਨ ਨਹੀਂ ਹੁੰਦਾ। ਪਾਕਿਸਤਾਨ ਵਿਚ ਵੀ ਕੋਈ ਪ੍ਰਤੀਕ੍ਰਿਆ ਨਹੀਂ ਹੁੰਦੀ।

ਇਸ ਦੇ ਉਲਟ ਮਿਰਜ਼ਾ ਸਾਹਿਬਾਂ ਦੀ ਕਹਾਣੀ ਵਿਚ ਪ੍ਰੇਮੀ ਯੋਗੀ ਨਹੀਂ ਬਣਦਾ ਬਲਕਿ ਯੋਧਾ ਬਣਦਾ ਹੈ। ਜਦੋਂ ਮਿਰਜ਼ੇ ਨੂੰ ਪਤਾ ਲਗਦਾ ਹੈ ਕਿ ਸਾਹਿਬਾਂ ਕਿਸੇ ਹੋਰ ਨਾਲ ਵਿਆਹੇ ਜਾਣ ਵਾਲੀ ਹੈ ਤਾਂ ਉਹ ਸਾਹਿਬਾਂ ਦੇ ਪਿੰਡ ਪਹੁੰਚ ਕੇ ਉਸਨੂੰ ਉਧਾਲ ਦੇ ਲੈ ਆਉਂਦਾ ਹੈ। ਰਸਤੇ ਵਿਚ ਜਦੋਂ ਉਹ ਅਰਾਮ ਕਰਨ ਲਈ ਰੁਕਦੇ ਹਨ ਤਾਂ ਸਾਹਿਬਾਂ ਦੇ ਭਰਾ ਉਹਨੂੰ ਤੇ ਮਿਰਜ਼ੇ ਨੂੰ ਮਾਰ ਦਿੰਦੇ ਹਨ। ਮਿਰਜ਼ਾ ਬਹਾਦਰੀ ਨਾਲ ਲੜਦਾ ਹੈ, ਪਰ ਇਕੱਲਾ ਹੋਣ ਕਰਕੇ ਅੰਤ ਨੂੰ ਹਾਰ ਜਾਂਦਾ ਹੈ। ਕਿੱਸੇ ਮੁਤਾਬਿਕ ਸਾਹਿਬਾਂ ਆਪਣੇ ਭਰਾਵਾਂ ਦੀ ਸਲਾਮਤੀ ਲਈ ਮਿਰਜ਼ੇ ਦੇ ਤਰਕਸ਼ ਨੂੰ ਜੰਡ 'ਤੇ ਟੰਗ ਦਿੰਦੀ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਸਾਹਿਬਾਂ ਉਸਦੇ ਤੀਰ ਤੋੜ ਦਿੰਦੀ ਹੈ।

ਭਾਵੇਂ ਪੀਲੂ ਦੁਆਰਾ ਲਿਖਿਆ ਕਿੱਸਾ ਸਭ ਤੋਂ ਮਸ਼ਹੂਰ ਹੋਇਆ ਹੈ ਪਰ ਕਹਾਣੀ ਦੀ ਨਿਰੰਤਰਤਾ ਲਈ ਕਈਆਂ ਨੇ ਕਾਫੀ ਕੁਝ ਜੋੜ ਦਿੱਤਾ ਹੈ। ਇਕ ਢੰਗ ਨਾਲ ਇਹ ਕਿੱਸਾ ਮਰਦ ਨੂੰ ਯੋਧਾ ਤੇ ਔਰਤ ਨੂੰ ਬੇਵਫਾ ਦਾ ਰੂਪਕ ਪ੍ਰਦਾਨ ਕਰਦਾ ਹੈ। ਇਸ ਦੇ ਨਤੀਜੇ ਵਜੋਂ ਜਦੋਂ ਅਸੀਂ ਇਸ਼ਕ ਨੂੰ ਪੰਜਾਬੀ ਪਰੰਪਰਾ ਵਿਚ ਇਹਨਾਂ ਕਿੱਸਿਆਂ ਦੀ ਰੋਸ਼ਨੀ ਵਿਚ ਵੇਖਦੇ ਹਾਂ ਤਾਂ ਸਾਨੂੰ ਇਹ ਦੋ ਵਿਭਿੰਨ ਰੂਪ ਵਿਚ ਉਭਰਦਾ ਹੋਇਆ ਦਿਸਦਾ ਹੈ। ਇਹ ਹਨ: ਇਸ਼ਕ ਇਕ ਭਗਤੀ ਅਤੇ ਇਸ਼ਕ ਇਕ ਹਿੰਸਾ। ਇਹਨਾਂ ਬਾਰੇ ਕੁਝ ਵਿਸਥਾਰ ਵਿਚ ਗੱਲ ਕਰਨੀ ਬਣਦੀ ਹੈ।

1. **ਇਸ਼ਕ ਇਕ ਭਗਤੀ**:- ਪੰਜਾਬ ਦੀ ਭਗਤੀ ਪਰੰਪਰਾ ਵਿਚ ਸੂਫ਼ੀ ਮੱਤ ਦਾ ਕਾਫੀ ਯੋਗਦਾਨ ਰਿਹਾ ਹੈ। ਬਾਬਾ ਫਰੀਦ ਤੋਂ ਸ਼ੁਰੂ ਹੁੰਦੀ ਇਹ ਰਵਾਇਤ ਪੰਜਾਬੀ ਸਭਿਆਚਾਰ ਵਿਚ ਇਕ ਮਹੱਤਵਪੂਰਣ ਸਥਾਨ ਰੱਖਦੀ ਹੈ। ਇਸ ਵਿਚ ਭਗਤੀ ਦੀ ਅਭਿਵਿਅਕਤੀ ਔਰਤ ਤੇ ਮਰਦ ਦੇ ਰੂਪਕਾਂ ਰਾਹੀਂ ਕੀਤੀ ਗਈ ਹੈ, ਜਿਸ ਵਿਚ ਭਗਤ ਨੂੰ ਔਰਤ ਤੇ ਰੱਬ ਨੂੰ ਇਕ ਮਰਦ ਦੇ ਤੌਰ 'ਤੇ ਦਰਸਾਇਆ ਗਿਆ ਹੈ। ਬਾਬਾ ਫਰੀਦ ਦੀਆਂ ਕਈ ਕਾਫ਼ੀਆਂ ਇਹਨਾਂ ਰੂਪਕਾਂ ਦੀ ਵਰਤੋਂ ਕਰਕੇ ਆਪਣੀ ਰੱਬ ਪ੍ਰਤੀ ਨਿਸ਼ਟਾ ਪ੍ਰਗਟਾਉਂਦੀਆਂ ਹਨ। ਜਿਵੇਂ 'ਕਾਲੀ ਕੋਇਲ ਨੂੰ ਕ੍ਰਿਤੁ ਗੁਣ ਕਾਲੀ, ਆਪਣੇ ਪ੍ਰੀਤਮ ਕੇ ਹਓਂ ਬਿਰਹੋਂ ਜਾਲੀ।' ਬਾਬਾ ਫਰੀਦ ਦੀਆਂ ਕਾਫ਼ੀਆਂ ਵਿਚ ਸਾਨੂੰ ਅਜਿਹੇ ਰੂਪਕ ਮਿਲ ਜਾਂਦੇ ਹਨ। ਫਰੀਦ ਹੀ ਸੂਫ਼ੀ ਕਵਿਤਾ ਦੀ ਇਕ ਵਿਸ਼ਿਸ਼ਟ ਪਰੰਪਰਾ ਪੰਜਾਬ ਵਿਚ ਸਥਾਪਿਤ ਕਰਦਾ ਹੈ। ਇਸ ਵਿਚ ਮਹੱਤਵਪੂਰਣ ਤਬਦੀਲੀ ਮੇਰੇ ਵਿਚਾਰ ਅਨੁਸਾਰ ਸ਼ਾਹ ਹੁਸੈਨ ਲੈ ਕੇ ਆਉਂਦਾ ਹੈ। ਉਹ ਤਬਦੀਲੀ ਹੈ ਰੂਪਕਾਂ ਵਿਚ ਮੌਲਿਕ ਪਰਿਵਰਤਨ। ਸ਼ਾਹ ਹੁਸੈਨ ਆਪਣਾ ਰੱਬ ਪ੍ਰਤੀ ਪਿਆਰ ਦਰਸਾਉਣ ਲਈ ਔਰਤ ਤੇ ਮਰਦ ਦੇ ਰੂਪਕਾਂ ਨੂੰ ਹੋਰ ਰੂਪਕ ਦੇ ਦਿੰਦਾ ਹੈ। ਉਹ ਹਨ ਹੀਰ ਤੇ ਰਾਂਝਾ ਦੇ ਰੂਪਕ। ਜਿਵੇਂ ਉਹ ਲਿਖਦਾ ਹੈ, 'ਨੀ ਮਾਏਂ ਮੈਨੂੰ ਖੇੜਿਆਂ ਦੀ ਗੱਲ ਨਾ ਆਖ, ਰਾਂਝਾ ਮੇਰਾ ਮੈਂ ਰਾਂਝੇ ਦੀ।' ਪਰ ਇਸ ਅਭਿਵਿਅਕਤੀ ਨੂੰ ਬੁੱਲ੍ਹੇ ਸ਼ਾਹ ਸਿਖਰ ਤੇ ਪਹੁੰਚਾਉਂਦਾ ਹੈ।

'ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ
ਜਿਤ ਵੱਲ ਯਾਰ ਉਤੇ ਵੱਲ ਕਾਬਾ, ਭਾਵੇਂ ਫੋਲ ਕਿਤਾਬਾਂ ਚਾਰੇ
ਜਾਂ
ਰਾਂਝਾ, ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।

ਰਾਂਝੇ ਨੂੰ ਇਕ ਰੱਬ ਦੇ ਰੂਪਕ ਵਜੋਂ ਸਿਰਜਣਾ ਇਸ਼ਕ ਨੂੰ ਇਕ ਸਿਖਰ ਤੱਕ ਪੁਚਾਉਣਾ ਹੈ। ਪਰ ਇਸ ਪ੍ਰਕ੍ਰਿਆ ਵਿਚ ਸੂਫ਼ੀ ਪਰੰਪਰਾ ਦੇ ਰੱਬ ਤੇ ਭਗਤ ਨੂੰ ਰਾਂਝਾ ਤੇ ਹੀਰ ਵਿਚ ਬਦਲਣਾ ਇਕ ਅਜਿਹੀ ਪ੍ਰਕ੍ਰਿਆ ਜਿਸ ਵਿਚ ਔਰਤ ਮਰਦ ਦੇ ਆਪਸੀ

ਸੰਬੰਧਾਂ ਨੂੰ ਇਕ ਪਵਿੱਤਰਤਾ ਦਾ ਦਰਜਾ ਦਿੰਦਾ ਹੈ। ਇਹ ਇਕ ਵਿਭਿੰਨ ਤੇ ਪੰਜਾਬੀ ਪਰੰਪਰਾ ਵਿਚ ਹੀ ਵਾਪਰਿਆ ਵਰਤਾਰਾ ਹੈ। ਇਕ ਢੰਗ ਨਾਲ ਇਹ ਪੰਜਾਬੀ ਸੱਭਿਆਚਾਰਕ ਚੇਤਨਾ ਤੇ ਅਭਿਆਸ ਦਾ ਇਕ ਵਿਆਪਕ ਹਿੱਸਾ ਬਣ ਚੁੱਕਾ ਹੈ।

**ਇਸ਼ਕ ਇਕ ਹਿੰਸਾ**:- ਮਿਰਜ਼ਾ-ਸਾਹਿਬਾਂ ਦੀ ਕਹਾਣੀ ਬਿਲਕੁਲ ਵੱਖਰੀ ਕਹਾਣੀ ਹੈ। ਇਸ ਵਿਚ ਕਿੱਸੇ ਦਾ ਨਾਇਕ ਇਕ ਬਹਾਦਰ ਯੋਧਾ ਹੈ। ਉਹ ਆਪਣੇ ਪਿਆਰ ਦੀ ਪ੍ਰਾਪਤੀ ਲਈ ਹਿੰਸਾ ਦਾ ਉਪਯੋਗ ਕਰਨ ਤੋਂ ਝਿਜਕਦਾ ਨਹੀਂ। ਉਸਨੂੰ ਆਪਣੇ ਤੇ ਇਕ ਬਹਾਦਰ ਯੋਧਾ ਹੋਣ ਦਾ ਗਰੂਰ ਹੈ। ਉਸਦਾ ਆਤਮ ਵਿਸ਼ਵਾਸ ਇਤਨਾ ਹੈ ਕਿ ਉਹ ਸੋਚਦਾ ਹੈ ਕਿ ਉਹ ਸਾਹਿਬਾਂ ਦੇ ਭਰਾਵਾਂ ਨਾਲ ਇਕੱਲਾ ਟੱਕਰ ਲੈ ਸਕਦਾ ਹੈ। ਮਿਰਜ਼ਾ ਰਾਂਝੇ ਦੇ ਮੁਕਾਬਲੇ ਇਕ ਵੱਖਰੀ ਕਿਸਮ ਦਾ ਆਸ਼ਕ ਹੈ ਤਾਂ ਉਹ ਜੱਟ ਹੋਣ ਦਾ ਇਸ ਤਰ੍ਹਾਂ ਪ੍ਰਗਟਾਵਾ ਕਰਦਾ ਹੈ ਜਿਵੇਂ ਉਹ ਆਪਣੀ ਜਾਤ ਕਰਕੇ ਵੀ ਲੜਾਕੂ ਹੈ। ਮਿਰਜ਼ੇ ਦੀ ਕਹਾਣੀ ਨੌਜਵਾਨਾਂ ਲਈ ਰੂਪਕ ਬਣ ਕੇ ਉੱਭਰਦੀ ਹੈ। ਇਸ ਵਿਚ ਕਈ ਵਰਤੇ ਹੋਏ ਸ਼ਬਦ ਸਮੇਂ ਨਾਲ ਬਦਲ ਗਏ ਹਨ, ਪਰ ਉਹ ਉਸ ਵਿਚਾਰ ਨਾਲ ਹੀ ਵਰਤੇ ਜਾਂਦੇ ਹਨ। ਮਿਰਜ਼ੇ ਦੀ ਕਹਾਣੀ ਵਿਚ ਤੀਰ ਕਮਾਨ ਤੇ ਬੱਕੀ ਹੁਣ ਬਦਲ ਕੇ ਬੰਦੂਕ ਤੇ ਕਾਰ ਹੋ ਗਏ ਹਨ। ਇਹ ਵੀ ਇਕ ਦਿਲਚਸਪ ਗੱਲ ਹੈ ਜਿੰਨੇ ਵੀ ਕਿੱਸੇ ਪੰਜਾਬ ਵਿਚ ਮਸ਼ਹੂਰ ਹਨ ਉਹਨਾਂ ਦੇ ਸੀਰਸ਼ਕਾਂ ਵਿਚ ਔਰਤ ਦਾ ਸਭ ਤੋਂ ਪਹਿਲਾਂ ਜ਼ਿਕਰ ਹੈ। ਪਰ ਮਿਰਜ਼ਾ ਸਾਹਿਬਾਂ ਦੇ ਇਸ਼ਕ ਦੀ ਕਹਾਣੀ ਵਿਚ ਮਿਰਜ਼ਾ ਸੀਰਸ਼ਕ ਹੈ। ਇਸ ਮਰਦ ਪ੍ਰਧਾਨ ਕਿੱਸੇ ਵਿਚ ਨਾਇਕ ਇਕ ਯੋਧਾ ਤੇ ਜੱਟ ਦੇ ਰੂਪਕ ਦੇ ਤੌਰ 'ਤੇ ਉਭਰਦਾ ਹੈ। ਪੰਜਾਬੀ ਸੱਭਿਆਚਾਰ ਵਿਚ ਉਹ ਪਿਆਰ ਅਤੇ ਭਗਤੀ ਦੀ ਪਰੰਪਰਾ ਵਿਚ ਇਕ ਵਿਕਲਪ ਬਣ ਕੇ ਉੱਭਰਦਾ ਹੈ।

ਇਹਨਾਂ ਦੋਵੇਂ ਕਿੱਸਿਆਂ ਦੇ ਪ੍ਰਚਲਤ ਹੋਣ ਦਾ ਆਧਾਰ ਕੋਈ ਅਨੋਖੀ ਘਟਨਾ ਨਹੀਂ ਹੈ। ਇਹ ਦੋਵੇਂ ਕਿੱਸੇ ਪੰਜਾਬ ਦੀ ਪਰੰਪਰਾ ਨਾਲ ਜੁੜੇ ਹੋਏ ਹਨ ਜਿਸ ਵਿਚ ਮੱਧਕਾਲ ਵਿਚ ਹੋਈ ਧਰਮਾਂ ਦੇ ਆਧਾਰ ਤੇ ਲੋਕਾਂ ਦੀ ਵੰਡ ਦਾ ਵੀ ਕੋਈ ਖ਼ਾਸ ਅਸਰ ਨਹੀਂ ਹੋਇਆ ਹੈ। ਇਹ ਇਕ ਦਿਲਚਸਪ ਗੱਲ ਹੈ ਕਿ ਪੂਰਨ ਭਗਤ ਦਾ ਪ੍ਰਚਲਤ ਕਿੱਸਾ ਕਾਦਰ ਯਾਰ, ਇਕ ਮੁਸਲਮਾਨ ਨੇ ਲਿਖਿਆ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਨਾਥ ਯੋਗੀ ਪਰੰਪਰਾ ਜਿਸ ਵਿਚ ਗੋਰਖ ਨਾਥ ਸਭ ਤੋਂ ਵੱਡੀ ਸ਼ਖ਼ਸੀਅਤ ਦੇ ਤੌਰ 'ਤੇ ਇਸਲਾਮ ਦੇ ਪੰਜਾਬ ਵਿਚ ਪਹੁੰਚਣ ਤੋਂ ਪਹਿਲਾਂ ਹੀ ਮੌਜੂਦ ਸੀ। ਹੀਰ ਰਾਂਝੇ ਦੇ ਕਿੱਸੇ ਵਿਚ ਬਾਲ ਨਾਥ ਇਸੇ ਯੋਗੀ ਪ੍ਰੰਪਰਾ ਦਾ ਹਿੱਸਾ ਹੈ। ਇਥੇ ਇਹ ਤੱਥ ਸਾਡਾ ਧਿਆਨ ਖਿੱਚਦਾ ਹੈ ਕਿ ਨਾਥ ਯੋਗੀਆਂ ਦੇ ਸਮਾਨੰਤਰ ਨਾਗਾ ਸਾਧੂਆਂ ਦੀ ਪ੍ਰੰਪਰਾ ਸੀ। ਇਹਨਾਂ ਦੋਹਾਂ ਵਿਚ ਸੱਭ ਤੋਂ ਵੱਡਾ ਅੰਤਰ ਇਹ ਸੀ ਕਿ ਨਾਥ ਯੋਗੀ ਭਗਤੀ ਤੇ ਜਤ ਨੂੰ ਮੰਨਦੇ ਤੇ ਅਪਣਾਉਂਦੇ ਸਨ, ਪਰ ਨਾਗਾ ਸਾਧੂ ਭਗਤੀ ਦੇ ਨਾਲ ਨਾਲ ਲੜਾਕੇ ਵੀ

ਹੁੰਦੇ ਸਨ। ਉਹ ਹਥਿਆਰਾਂ ਦੀ ਲੜਾਈ ਵਿਚ ਸ਼ਾਮਿਲ ਹੁੰਦੇ ਹੋਏ ਯੋਗ ਵਰਤੋਂ ਕਰਦੇ ਸਨ। ਉਹ ਜਤੀ ਵੀ ਨਹੀਂ ਸਨ ਹੁੰਦੇ, ਪਰ ਉਹ ਗ੍ਰਹਿਸਥੀ ਜੀਵਨ ਨਹੀਂ ਬਿਤਾਉਂਦੇ ਸਨ। ਇਕ ਢੰਗ ਨਾਲ ਇਸਲਾਮ ਦੇ ਆਉਣ ਤੋਂ ਪਹਿਲਾਂ ਹੀ ਸਾਡੇ ਕੋਲ ਦੋ ਰਵਾਇਤਾਂ ਸਨ। ਉਹ ਸਨਃ

(1) ਸੰਤ ਤੇ ਭਗਤੀ

(2) ਸੰਤ ਤੇ ਜੰਗਜੂ/ਯੋਧਾ

ਇਕ ਤਰ੍ਹਾਂ ਨਾਲ ਜੇਕਰ ਅਸੀਂ ਮੌਜੂਦਾ ਸਮਿਆਂ ਉੱਤੇ ਝਾਤ ਮਾਰੀਏ ਤਾਂ ਸਾਨੂੰ ਦੋ ਕਿੱਸਿਆਂ ਅਤੇ ਦੋ ਧਾਰਮਿਕ ਪਰੰਪਰਾਵਾਂ ਦਾ ਆਪਸ ਵਿਚ ਸੰਗਮ ਲਗਦਾ ਹੈ। ਉਹ ਪਰੰਪਰਾਵਾਂ ਹਨਃ- ਨਾਥ ਯੋਗੀ ਤੇ ਨਾਗਾ ਸਾਧੂ ਜੋ ਭਗਵਾਨ ਸ਼ਿਵ ਦੀ ਸੰਪਰਦਾਇ ਨਾਲ ਸੰਬੰਧਤ ਹਨ, ਅਤੇ ਇਸਲਾਮ ਦੀ ਸੂਫੀ ਪ੍ਰੰਪਰਾ। ਪਰ ਸਤਾਰਵੀਂ ਸਦੀ ਵਿਚ ਇਸ ਸੰਗਮ ਵਿਚ ਟੁੱਟ-ਭੱਜ ਹੁੰਦੀ ਹੈ ਜਿਸਦਾ ਮੁੱਖ ਕਾਰਨ ਸਿੱਖ ਧਰਮ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਇਕ ਵਿਸ਼ਿਸ਼ਟ ਮਾਡਲ ਉਸਾਰਦੇ ਹਨ। ਇਸ ਨੂੰ ਅਸੀਂ ਸੰਤ ਸਿਪਾਹੀ ਪ੍ਰੰਪਰਾ ਆਖ ਸਕਦੇ ਹਾਂ। ਇਥੇ ਇਹ ਤੱਥ ਬਹੁਤ ਹੀ ਧਿਆਨਯੋਗ ਹੈ ਕਿ ਸਿੱਖ ਧਰਮ ਦੀ 'ਮਨ ਨੀਵਾਂ' ਭਾਵ ਨਿਮਰਤਾ ਇਕ ਅਜਿਹੀ ਵਿਚਾਰਧਾਰਾ ਹੈ ਕਿ ਗੁਰੂ ਸਾਹਿਬ ਨੂੰ ਫ਼ੌਜ ਦੀ ਪਰਪੰਰਾ ਦਾ ਕੋਈ ਵੱਡੇ ਸੈਨਾਪਤੀ ਦੇ ਤੌਰ 'ਤੇ ਨਹੀਂ ਨਵਾਜਿਆ ਗਿਆ। ਦਸਵੇਂ ਗੁਰੂ ਨਾਲ ਸੰਬੰਧਤ ਇਹ ਟਿੱਪਣੀ 'ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰੂ ਆਪੇ ਚੇਲਾ' ਇਕ ਸਿੱਖ ਗੁਰੂ ਪਰੰਪਰਾ ਦਾ ਬਹੁਤ ਹੀ ਮਹੱਤਵਪੂਰਣ ਪਹਿਲੂ ਹੈ। ਆਸ਼ਕ, ਯੋਗੀ ਤੇ ਸੰਤ ਸਿਪਾਹੀ ਇਕ ਦੂਜੇ ਨਾਲ ਆਪਸ ਵਿਚ ਮਿਲਦੇ ਨਹੀਂ। ਵੱਖਰੀਆਂ ਸੱਭਿਆਚਾਰਕ ਪਰੰਪਰਾਵਾਂ ਵਿਚ ਸਮਾਨ ਅੰਤਰ ਹੋਂਦ ਵਿਚ ਹਨ। ਉਪਰੋਕਤ ਅਨੁਸਾਰ ਪੰਜਾਬ ਦੇ ਸੱਭਿਆਚਾਰ ਵਿਚ ਤਿੰਨ ਰੂਪ ਮੌਜੂਦ ਹਨ ਜੋ ਦੋ ਗੁਣਾਂ ਦੇ ਜੋੜ ਨਾਲ ਉਭਰਦੇ ਹਨ। ਇਹਨਾਂ ਜੋੜਿਆਂ ਦੀ ਚਰਚਾ ਕਰਨਾ ਜ਼ਰੂਰੀ ਹੈ।

1. ਜੰਗਜੂ/ਸੰਤਃ- ਆਮ ਤੌਰ 'ਤੇ ਇਹ ਜੋੜ ਸਿੱਖ ਪਰੰਪਰਾ ਵਿਚ ਸੰਤ/ਸਿਪਾਹੀ ਦੇ ਤੌਰ 'ਤੇ ਦਸਵੇਂ ਗੁਰੂ ਨੂੰ ਪ੍ਰਗਟਾਉਂਦਾ ਹੈ। ਪਰ ਕਿਸੇ ਧਾਰਮਿਕ ਸ਼ਖ਼ਸੀਅਤ ਦਾ ਜੰਗਜੂ ਹੋਣ ਦਾ ਸਫਰ ਅਨੋਖਾ ਨਹੀਂ ਹੈ। ਦੁਨੀਆ ਦੇ ਇਤਿਹਾਸ ਵਿਚ ਅਨੇਕ ਉਦਾਹਰਣਾਂ ਮਿਲ ਜਾਂਦੀਆਂ ਹਨ। ਕੋਲੰਬੀਆ ਦਾ ਇਕ ਪਾਦਰੀ ਕੈਮੀਲੋ ਟੌਰਿਸ, ਖੱਬੇ ਪੱਖੀ ਲੜਾਕਾ ਬਣ ਕੇ ਫੌਜਾਂ ਨਾਲ ਵੀਹਵੀਂ ਸਦੀ ਵਿਚ ਹੀ ਮਾਰਿਆ ਗਿਆ ਸੀ। ਦਸਵੇਂ ਗੁਰੂ ਤੋਂ ਇਲਾਵਾ ਬੰਦਾ ਬਹਾਦਰ ਜਿਸ ਦਾ ਅਸਲੀ ਨਾਂ ਮਾਧੋ ਦਾਸ ਵੈਰਾਗੀ ਸੀ ਅਤੇ ਦਸਵੇਂ ਗੁਰੂ ਦਾ ਭਗਤ ਬਨਣ ਉਪਰੰਤ ਯੋਧਾ ਬਣ ਗਿਆ ਸੀ। ਇਸ ਦੇ ਨਾਲ ਨਾਲ ਸਾਡੇ ਕੋਲ ਅਜਿਹੀਆਂ ਉਦਾਹਰਣਾਂ ਵੀ ਮੌਜੂਦ ਹਨ ਜਦ ਇਕ ਡਾਕੂ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਸੰਤ ਜਾਂ ਸਾਧ ਬਣ ਗਿਆ ਅਤੇ ਆਪਣੇ ਡੇਰੇ

ਵਿਚ ਰਹਿਣ ਲੱਗ ਪਿਆ। ਮੇਰੇ ਕੋਲ ਭਾਵੇਂ ਕਿਸੇ ਵਿਅਕਤੀ ਦੀ ਉਦਾਹਰਣ ਨਹੀਂ ਪਰ ਪੰਜਾਬ ਵਿਚ ਲਾਲ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ ਸਾਧ ਬਣ ਗਏ ਸਨ। ਇਕ ਤਰ੍ਹਾਂ ਨਾਲ ਪੰਜਾਬ ਵਿਚ ਸੰਤ ਤੋਂ ਯੋਧਾ ਬਨਣਾ ਜਾਂ ਜੰਗਜੂ ਤੋਂ ਸੰਤ ਬਨਣਾ ਇਕ ਨਿਰੰਤਰ ਚੱਲ ਰਹੀ ਪ੍ਰਕ੍ਰਿਆ ਹੈ।

2. **ਯੋਧਾ/ਪ੍ਰੇਮੀ**:- ਆਮ ਤੌਰ 'ਤੇ ਇਕ ਆਸ਼ਕ ਨੂੰ ਇਕ ਯੋਧੇ ਦੇ ਤੌਰ 'ਤੇ ਤਸੱਵਰ ਕਰਨਾ ਦਵੰਦਾਤਾਮਕ ਸੰਕਲਪ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਆਮ ਤੌਰ 'ਤੇ ਆਸ ਕੀਤੀ ਜਾਂਦੀ ਹੈ ਕਿ ਇਕ ਪ੍ਰੇਮੀ ਜਜ਼ਬਾਤੀ, ਸੰਵੇਦਨਸ਼ੀਲ ਅਤੇ ਭਗਤੀ ਵਰਗੇ ਇਸ਼ਕ ਵਿਚ ਡੁਬਿਆ ਹੋਵੇਗਾ। ਪਰ ਅਜਿਹਾ ਨਹੀਂ ਹੈ। ਸਪੇਨ ਦੇ ਪ੍ਰਸਿੱਧ ਨਾਟਕਕਾਰ ਲੋਰਕਾ ਦਾ ਨਾਟਕ 'Blood Wedding' ਇਕ ਅਜਿਹੇ ਪ੍ਰੇਮੀ ਦੀ ਕਹਾਣੀ ਹੈ ਜੋ ਆਪਣੀ ਪ੍ਰੇਮਿਕਾ ਨਾਲ ਦੌੜ ਜਾਂਦਾ ਹੈ, ਪਰ ਉਸਦੀ ਪ੍ਰੇਮਿਕਾ ਦਾ ਪਤੀ ਉਸਦਾ ਪਿੱਛਾ ਕਰਦਾ ਹੈ। ਦੋਵੇਂ ਆਪਸ ਵਿਚ ਲੜਦੇ ਹੋਏ ਮਰ ਜਾਂਦੇ ਹਨ। ਪਰ ਪੰਜਾਬ ਵਿਚ ਇਸ ਪ੍ਰਕਾਰ ਦੀ ਕਹਾਣੀ ਦਾ ਅਸੀਂ ਜ਼ਿਕਰ ਕਰ ਚੁੱਕੇ ਹਾਂ ਕਿ ਕਿਸ ਤਰ੍ਹਾਂ ਮਿਰਜ਼ਾ ਸਾਹਿਬਾਂ ਦੇ ਭਰਾਵਾਂ ਦੁਆਰਾ ਮਾਰਿਆ ਜਾਂਦਾ ਹੈ। ਦੋਹਾਂ ਕਹਾਣੀਆਂ ਵਿਚ ਇਕ ਸੱਭਿਆਚਾਰਕ ਅੰਤਰ ਹੈ। ਸਪੇਨ ਦੇ ਪ੍ਰਸੰਗ ਵਿਚ ਮਾਣ ਇੱਜ਼ਤ ਦਾ ਸਵਾਲ ਕੁੜੀ ਨਾਲ ਵਿਆਹੇ ਪਤੀ ਨਾਲ ਜੁੜਿਆ ਹੋਇਆ, ਜਦਕਿ ਮਿਰਜ਼ੇ ਦੇ ਸੰਦਰਭ ਵਿਚ ਸਾਹਿਬਾਂ ਦੇ ਪਰਿਵਾਰ ਤੇ ਉਹਦੇ ਭਰਾਵਾਂ ਦੀ ਇੱਜ਼ਤ ਨਾਲ ਜੁੜਿਆ ਹੋਇਆ ਹੈ। ਪੰਜਾਬ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸੱਭਿਆਚਾਰਕ ਪਰੰਪਰਾ ਵਿਚ ਇੱਜ਼ਤ ਲਈ ਕਤਲ ਕਰਨਾ (Honour Killing) ਅਜੇ ਤੱਕ ਇਸ਼ਕ ਕਰ ਰਹੇ ਪ੍ਰੇਮੀਆਂ ਨਾਲ ਨਿਰੰਤਰ ਵਾਪਰ ਰਹੀ ਘਟਨਾ ਹੈ, ਭਾਵੇਂ ਇਹ ਵੱਡੇ ਪੱਧਰ ਤੇ ਨਹੀਂ ਹੋ ਰਹੀ। ਦੂਸਰੇ ਪਾਸੇ ਮਿਰਜ਼ਾ ਇਕ ਅਜਿਹੇ ਮਰਦ ਦਾ ਮਾਡਲ ਬਣ ਕੇ ਇਕ ਸੱਭਿਆਚਾਰਕ ਚਿੰਨ੍ਹ ਦੇ ਤੌਰ 'ਤੇ ਪੰਜਾਬ ਵਿਚ ਨਿਰੰਤਰ ਮੌਜੂਦ ਰਿਹਾ ਹੈ।

3. **ਸੰਤ/ਪ੍ਰੇਮੀ**:- ਸੰਤ-ਸਿਪਾਹੀ ਇਕ ਅਜਿਹੀ ਇਤਿਹਾਸਕ ਸ਼ਖ਼ਸੀਅਤ ਨੂੰ ਮੂਰਤੀਵਾਨ ਕਰਦੀ ਹੈ ਜਿਸਨੇ ਖਾਲਸਾ ਦੀ ਸਥਾਪਤੀ ਕਰਕੇ ਭਾਰਤ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਹੈ। ਇਸਦੇ ਮੁਕਾਬਲੇ ਵਿਚ ਸੰਤ-ਪ੍ਰੇਮੀ ਦੇ ਜੋੜ ਨੇ ਸਾਨੂੰ ਇਕ ਐਸਾ ਸੱਭਿਆਚਾਰਕ ਰੂਪਕ ਦਿੱਤਾ ਹੈ ਜਿਸ ਵਿਚ ਪ੍ਰੇਮੀ ਜਾਂ ਆਸ਼ਕ ਨੂੰ ਰੱਬ ਬਣਾ ਦਿੱਤਾ ਜਾਂਦਾ ਹੈ। ਹੀਰ-ਰਾਂਝੇ ਦੇ ਇਸ਼ਕ ਦੀ ਕਹਾਣੀ ਵਿਚ ਅਜਿਹੇ ਕਿਹੜੇ ਤੱਤ ਹਨ ਜਿਸ ਕਰਕੇ ਰਾਂਝਾ ਰੱਬ ਦਾ ਰੂਪਕ ਜਾਂ ਚਿੰਨ੍ਹ ਬਣ ਜਾਂਦਾ ਹੈ, ਜਾਨਣਾ ਬਹੁਤ ਹੀ ਜ਼ਰੂਰੀ ਹੈ। ਕਿੱਸੇ ਵਿਚ ਰਾਂਝੇ ਦਾ ਚਰਿਤਰ ਕਿਸੇ ਵੀ ਸਥਿਤੀ ਵਿਚ ਇਹ ਵਧੀਆਂ ਸ਼ਖ਼ਸੀਅਤ ਦਾ ਨਹੀਂ ਜਾਪਦਾ ਸੱਭ ਤੋਂ ਛੋਟਾ ਹੋਣ ਕਰਕੇ ਉਹ ਲਾਡਲਾ ਪਰ ਨਿਕੰਮਾ ਹੈ। ਸਿਵਾਏ ਵੰਝਲੀ ਵਜਾਉਣ ਤੋਂ ਉਸ ਵਿਚ ਲੋਕਾਂ ਨਾਲ ਅੰਤਰ ਕਾਰਜ ਦੀ ਸਿਆਣਪ ਦੀ ਘਾਟ

ਹੀ ਜਾਪਦੀ ਹੈ। ਪਰ ਫਿਰ ਵੀ ਉਹ ਰੱਬ ਬਣ ਜਾਂਦਾ ਹੈ। ਮੈਨੂੰ ਇੰਜ ਲਗਦਾ ਹੈ ਕਿ ਰਾਂਝੇ ਨੂੰ ਦੈਵੀ ਅਸ਼ੀਰਵਾਦ, ਜੋ ਪਹਿਲਾਂ ਪੰਜ ਪੀਰਾਂ ਰਾਹੀਂ ਤੇ ਬਾਅਦ ਵਿਚ ਬਾਲ ਨਾਥ ਰਾਹੀਂ, ਪ੍ਰਾਪਤ ਹੋਇਆ ਇਕ ਪਵਿੱਤਰ ਸ਼ਕਤੀ ਦੇ ਤੌਰ 'ਤੇ ਉਸ ਦੇ ਨਾਲ ਨਾਲ ਚਲਦਾ ਹੈ। ਇਸੇ ਸ਼ਕਤੀ ਦੇ ਕਾਰਨ ਉਸਨੂੰ ਸ਼ਾਹੀ ਤੌਰ 'ਤੇ ਹੀਰ ਦੀ ਪ੍ਰਾਪਤੀ ਹੁੰਦੀ ਹੈ। ਪਰ ਉਹ ਫਿਰ ਵੀ ਇਕ ਸਿੱਧਾ ਸਾਦਾ ਇਨਸਾਨ ਹੈ। ਜਦੋਂ ਉਸਨੂੰ ਹੀਰ ਦੇ ਮਰਨ ਦੀ ਖ਼ਬਰ ਮਿਲਦੀ ਹੈ ਤਾਂ ਉਹ ਗ਼ਮ ਵਿਚ ਹੀ ਮਰ ਜਾਂਦਾ ਹੈ। ਪਰ ਉਸਦੇ ਬਾਅਦ ਸ਼ਾਇਦ ਇਕ ਜਾਂ ਦੋ ਸਦੀਆਂ ਉਪਰੰਤ ਉਹ ਸੂਫ਼ੀ ਪਰੰਪਰਾ ਵਿਚ ਰੱਬ ਦਾ ਰੂਪਕ ਬਣ ਕੇ ਉੱਭਰਦਾ ਹੈ।

ਇਨ੍ਹਾਂ ਤਿੰਨਾਂ ਸੰਕਲਪਾਂ ਦੀਆਂ ਜੋੜੀਆਂ ਦੇ ਪ੍ਰਸੰਗ ਵਿਚ ਪੰਜਾਬ ਦੀ ਸੱਭਿਆਚਾਰਕ ਰਵਾਇਤਾਂ ਬਾਰੇ ਗੱਲ ਕਰਨੀ ਬਹੁਤ ਜ਼ਰੂਰੀ ਹੈ। ਪਰ ਇਥੇ ਇਹ ਵੀ ਆਖਣਾ ਜ਼ਰੂਰੀ ਹੈ ਕਿ ਨਾ ਤਾਂ ਹਰ ਸੰਤ ਸਿਪਾਹੀ ਬਣਦਾ ਹੈ ਅਤੇ ਨਾ ਹੀ ਹਰ ਸੰਤ ਆਸ਼ਕ ਬਣਦਾ ਹੈ। ਪਰ ਇਹਨਾਂ ਵਿਚ ਇਕ ਪੱਖ ਐਸਾ ਹੈ ਜਿਹੜਾ ਪੰਜਾਬੀਆਂ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਉਹ ਹੈ ਸਿਪਾਹੀ। ਸਿਪਾਹੀ ਦਾ ਸੰਕਲਪ ਅੱਜ ਕੱਲ ਦੇ ਪੁਲਿਸ ਵਾਲੇ ਨਹੀਂ ਹਨ। ਇਕ ਸੰਕਲਪ ਦੇ ਤੌਰ 'ਤੇ ਸਿਪਾਹੀ ਇਕ ਜੁਝਾਰੂ, ਜੰਗਜੂ ਅਤੇ ਕ੍ਰਾਂਤੀ ਨਾਲ ਜੁੜਿਆ ਹੋਇਆ ਹੈ। ਜਦ ਪਾਸ਼ ਲਿਖਦਾ ਹੈ, 'ਅਸੀਂ ਜਿਹਨਾਂ ਨੇ ਯੁੱਧ ਨਹੀਂ ਕੀਤਾ, ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ।' ਪੰਜਾਬ ਦੀ ਸੱਭ ਤੋਂ ਵੱਖਰੀ ਸਿਫ਼ਤ ਇਹ ਹੀ ਹੈ ਕਿ ਅਸੀਂ ਜੁਝਾਰੂ ਵਿਅਕਤੀਆਂ ਦੀ ਇਜ਼ਤ ਕਰਦੇ ਹਾਂ। ਇਸ ਵਿਚ ਕਈ ਤਰ੍ਹਾਂ ਦੀਆਂ ਸਖਸ਼ੀਅਤਾਂ ਤੇ ਕਿਰਦਾਰ ਜੁੜੇ ਹੋਏ ਹਨ। ਬਹਾਦਰ ਤੇ ਜੁਝਾਰੂ ਵਿਅਕਤੀ ਨੂੰ ਅਸੀਂ ਖਾੜਕੂ ਵੀ ਆਖਦੇ ਹਾਂ। ਇਕ ਪਾਸੇ ਸਾਡੇ ਕੋਲ ਸਿੱਖ ਇਤਿਹਾਸ ਵਿਚ ਸ਼ਹੀਦ ਹਨ ਤੇ ਦੂਸਰੇ ਪਾਸੇ ਸਾਡੇ ਕੋਲ ਉਹ ਕ੍ਰਾਂਤੀਕਾਰੀ ਹਨ ਜਿਹਨਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਗ਼ਦਰ ਲਹਿਰ ਦੇ ਸ਼ਹੀਦ, ਬੱਬਰ ਅਕਾਲੀ ਲਹਿਰ ਦੇ ਸ਼ਹੀਦ ਅਤੇ ਸ਼ਹੀਦ ਭਗਤ ਸਿੰਘ ਸਾਰੇ ਹੀ ਪੰਜਾਬ ਵਿਚ ਬਹੁਤ ਇੱਜ਼ਤ ਨਾਲ ਜਾਣੇ ਤੇ ਪਛਾਣੇ ਜਾਂਦੇ ਹਨ। ਇਸਦੇ ਨਾਲ ਹੀ ਸਾਡੇ ਕੋਲ ਇਕ ਹੋਰ ਸੂਚੀ ਹੈ ਜਿਸ ਵਿਚ ਦੁੱਲਾ ਭੱਟੀ, ਸੁੱਚਾ ਸੂਰਮਾ ਅਤੇ ਜਿਉਣਾ ਮੌੜ ਜੋ ਸਮਾਜਿਕ ਡਾਕੂ ਸਨ ਪਰ ਅੱਜ ਵੀ ਪੰਜਾਬੀ ਉਹਨਾਂ ਨੂੰ ਯਾਦ ਕਰਦੇ ਹਨ ਅਤੇ ਉਹਨਾਂ ਬਾਰੇ ਗਾਣੇ ਗਾਏ ਜਾਂਦੇ ਹਨ। ਇਕ ਤਰ੍ਹਾਂ ਨਾਲ ਉਹ ਲੋਕ ਕਥਾ ਦੇ ਤੌਰ 'ਤੇ ਸੱਭਿਆਚਾਰਕ ਵਿਰਸੇ ਦਾ ਹਿੱਸਾ ਬਣ ਚੁੱਕੇ ਹਨ। ਇਸ ਚਰਚਾ ਦੇ ਅਖੀਰ ਵਿਚ ਇਕ ਟਿੱਪਣੀ ਕਰਨੀ ਜ਼ਰੂਰੀ ਹੈ। ਇਹ ਤੱਥ ਭਾਰਤੀ ਪੰਜਾਬ ਤੱਕ ਹੀ ਸੀਮਿਤ ਨਹੀਂ ਹੈ। ਇਹ ਪਾਕਿਸਤਾਨੀ ਪੰਜਾਬ ਵਿਚ ਵੀ ਉਤਨੀ ਹੀ ਭਾਰੂ ਹੈ। ਉਦਾਹਰਣ ਦੇ ਤੌਰ 'ਤੇ ਪਾਕਿਸਤਾਨੀ ਪੰਜਾਬ ਵਿਚ ਮੌਲਾ ਜੱਟ ਦੇ ਕਿਰਦਾਰ ਨੂੰ ਇਸੇ ਨਾਂ ਦੀਆਂ ਫਿਲਮਾਂ ਨੂੰ

ਬਹੁਤ ਮਾਨਤਾ ਮਿਲੀ ਹੈ। ਕੁਝ ਇਕ ਸਾਲ ਪਹਿਲਾਂ ਕਾਫੀ ਦੇਰ ਬਾਅਦ ਫਿਰ ਬਣੀ ਫਿਲਮ 'ਦੀ ਲੀਜੈਂਡ ਔਫ ਮੌਲਾ ਜੱਟ' ਨੇ ਪਾਕਿਸਤਾਨੀ ਪੰਜਾਬ ਵਿਚ ਸੱਭ ਤੋਂ ਜ਼ਿਆਦਾ ਪੈਸੇ ਕਮਾਏ। ਇਸ ਪਰੰਪਰਾ ਦਾ ਨਾਕਾਰਾਤਮਕ ਪਹਿਲੂ ਮੌਜੂਦਾ ਪੰਜਾਬ ਵਿਚ ਗੈਂਗਸਟਰਾਂ ਦਾ ਉਭਰਨਾ ਹੈ।

ਅੰਤ ਵਿਚ ਇਹਨਾਂ ਦੋ ਸੱਭਿਆਚਾਰਕ ਰੂਪਾਂ ਦੀ ਸੱਭ ਤੋਂ ਸਪਸ਼ਟ ਅਭਿਵਿਅਕਤੀ ਪੰਜਾਬੀ ਗਾਨਿਆ ਵਿਚ ਮਿਲਦੀ ਹੈ। ਇਕ ਪਾਸੇ ਮਰਦ ਗਾਇਕ, ਜਿਵੇਂ ਗੁਰਦਾਸ ਮਾਨ ਦੇ 'ਸੱਜਣਾ ਵੇ ਸੱਜਣਾ' ਤੇ 'ਕੀ ਖੱਟਿਆ ਮੈਂ' ਤੇਰੀ ਹੀਰ ਬਣ ਕੇ 'ਇਕ ਸੂਫੀ ਪਰੰਪਰਾ ਵਿਚ ਔਰਤ-ਮਰਦ ਤੇ ਭਗਤ-ਰੱਬ ਦੇ ਸੰਬੰਧਾਂ ਦੀ ਤਰਜਮਾਨੀ ਕਰਦੇ ਹਨ। ਦੂਸਰੇ ਪਾਸੇ ਬਹੁਤ ਸਾਰੇ ਗਾਣੇ ਹਥਿਆਰਾਂ ਤੇ ਹਿੰਸਾ ਨੂੰ ਦਰਸਾਉਂਦੇ ਮਿਲ ਜਾਂਦੇ ਹਨ। ਪਰ ਇਥੇ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪ੍ਰੇਮੀ ਜਾਂ ਮਿਰਜ਼ਾ ਹੈ ਤੇ ਜਾਂ ਰਾਂਝਾ ਹੈ। ਪੰਜਾਬੀ ਸੱਭਿਆਚਾਰ ਸਿਰਫ ਉੱਪਰ ਕੀਤੀ ਚਰਚਾ ਵਿਚ ਦਰਸਾਈਆਂ ਗਈਆਂ ਰਵਾਇਤਾਂ ਤੱਕ ਸੀਮਿਤ ਨਹੀਂ ਹੈ। ਪਰ ਪੰਜਾਬ ਵਿੱਚ ਹਿੰਸਾ ਤੇ ਹਥਿਆਰਾਂ ਨੂੰ ਸੱਭਿਆਚਾਰਕ ਪ੍ਰਸੰਗ ਵਿਚ ਸਮਝਣਾ ਜ਼ਰੂਰੀ ਹੈ। ਕਿਸੇ ਵੀ ਸਮਾਜ ਦੇ ਸੱਭਿਆਚਾਰ ਦੇ ਪਹਿਲੂਆਂ ਨੂੰ ਨਿਰੋਲ ਚੰਗਾ ਜਾਂ ਮਾੜਾ ਆਖਣਾ ਇਕ ਈਮਾਨਦਾਰ ਤੇ ਬਾਹਰਮੁਖੀ ਸੋਚ ਨਹੀਂ ਹੈ।

## ਹਵਾਲੇ


1. Frank, Gurbax Singh, 2024 'The Culture's of Punjab', in Rana Nayar, Alpa Sani and Tania Bansal (eds.) (critical Discoursse in Punjabi, London: Rout ledge
2. Judge, Paramjit Singh, 2024. Culture and Popular Music in Punjab. Jaipur: Rawat Publicatons
3. Mir, Farina, 2012. "Genre and Devotion in Punjab Popular Narratives: Rethinking Cultural and Religions Syncretism", in Anshu Malhotra and Ferina Mir (eds.). Punjab Reconsidered. New Delhi: Oxford University Press.

# ਪੰਜਾਬ ਦੀ ਆਰਥਿਕਤਾ: ਕੱਲ੍ਹ, ਅੱਜ ਅਤੇ ਭਲਕ

**-ਡਾ. ਰਣਜੀਤ ਸਿੰਘ ਘੁੰਮਣ**

ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬ ਕਈ ਵਾਰ ਵੰਡਿਆ ਗਿਆ। ਇਸਦਾ ਅਸਰ ਪੰਜਾਬ ਦੇ ਸਮਾਜਿਕ—ਸੱਭਿਆਚਾਰਕ, ਆਰਥਿਕ ਅਤੇ ਸਿਆਸੀ ਜੀਵਨ ਉਪਰ ਵੀ ਪੈਂਦਾ ਰਿਹਾ। ਹੇਠਲੇ ਲੇਖ ਵਿੱਚ ਪੰਜਾਬ ਦੀ ਆਰਥਿਕਤਾ ਉਪਰ ਇਸਦਾ ਪ੍ਰਭਾਵ ਇਸੇ ਪ੍ਰਸੰਗ ਵਿੱਚ ਘੋਖਣ ਦਾ ਯਤਨ ਕੀਤਾ ਜਾ ਰਿਹਾ ਹੈ। ਸੰਨ 1901 ਤੋਂ ਲੈ ਕੇ 1947 ਤੱਕ ਬਹੁਤ ਹੀ ਸੰਖੇਪ ਵਰਣਨ ਕੀਤਾ ਗਿਆ ਹੈ। ਉਸ ਤੋਂ ਬਾਅਦ ਸੰਖੇਪ ਜਿਹਾ ਵਰਣਨ ਆਜ਼ਾਦੀ ਤੋਂ ਲੈ ਕੇ 1966 ਤੱਕ ਦਾ ਕੀਤਾ ਗਿਆ ਹੈ। ਦੇਸ਼—ਵੰਡ ਤੋਂ ਬਾਅਦ ਵੰਡ ਦੇ ਭਿਆਨਕ ਨਤੀਜਿਆਂ ਨਾਲ ਜੂਝਦਾ ਹੋਇਆ ਪੰਜਾਬ ਅਜੇ ਮਸਾਂ ਕੁਝ ਪੈਰੀਂ ਹੋਇਆ ਹੀ ਸੀ ਕਿ 1966 ਵਿੱਚ ਪੰਜਾਬ ਮੁੜ ਦੋ ਭਾਗਾਂ ਵਿੱਚ ਵੰਡਿਆ ਗਿਆ। ਲੇਖ ਦਾ ਮੁੱਖ ਕੇਂਦਰ ਪੰਜਾਬ ਦੇ 1966 ਵਿੱਚ ਹੋਏ ਪੁਨਰਗਠਨ ਤੋਂ ਬਾਅਦ ਦਾ ਹੈ।

1.

**ਵੰਡ ਦਾ ਦੁਖਾਂਤ ਅਤੇ ਆਜ਼ਾਦੀ**

1947 ਤੋਂ ਪਹਿਲਾਂ ਦਾ ਪੰਜਾਬ ਦੇਸ਼ ਦੇ ਬਹੁਤ ਵੱਡੇ ਭੂਗੋਲਿਕ ਖੇਤਰ ਵਿੱਚ ਫੈਲਿਆ ਹੋਇਆ ਸੀ। ਉਸ ਵਿੱਚੋਂ ਬਹੁਤ ਵੱਡਾ ਹਿੱਸਾ ਸਿੱਧੇ ਤੌਰ ਤੇ ਅੰਗਰੇਜ਼ੀ ਸਾਮਰਾਜ ਦੇ ਅਧੀਨ ਸੀ ਤੇ ਇੱਕ ਛੋਟਾ ਜਿਹਾ ਹਿੱਸਾ ਵੱਖ ਵੱਖ ਰਿਆਸਤਾਂ ਦੇ ਅਧੀਨ ਸੀ। ਪਹਿਲੇ ਪੰਜਾਬ ਨੂੰ ਅੰਗਰੇਜ਼ ਅਧੀਨ ਖਿੱਤੇ ਵਜੋਂ ਜਾਣਿਆ ਜਾਂਦਾ ਸੀ। ਭਾਵੇਂ ਰਿਆਸਤਾਂ ਖ਼ੁਦ—ਮੁਖ਼ਤਾਰ ਜਾਂ ਅਰਧ—ਖ਼ੁਦ—ਮੁਖ਼ਤਾਰ ਸਨ ਪਰ ਉਹ ਵੀ ਅਸਿੱਧੇ ਤੌਰ ਤੇ ਅੰਗਰੇਜ਼ ਹਕੂਮਤ ਦੇ ਅਧੀਨ ਹੀ ਸਨ। ਪਰ ਪੰਜਾਬ ਤਾਂ ਅੰਗਰੇਜ਼ੀ ਸਾਮਰਾਜ ਅਧੀਨ ਆਉਣ ਤੋਂ ਪਹਿਲਾਂ ਵੀ ਵਸਦਾ ਸੀ। ਉਸ ਸਮੇਂ ਅੱਜ ਦੇ ਪਾਕਿਸਤਾਨ ਦੇ ਉੱਤਰ—ਪੱਛਮੀ ਸਰਹੱਦੀ ਪ੍ਰਾਂਤ (North-West Frontier Province) ਦੇ ਪੰਜ ਜਿਲ੍ਹੇ (ਪੇਸ਼ਾਵਰ, ਕੋਹਾਟ, ਬੰਨੂ, ਹਜ਼ਾਰਾ ਅਤੇ ਡੇਰਾ—ਈਸਮਾਈਲ ਖਾਨ) ਪੰਜਾਬ ਦਾ ਹੀ ਹਿੱਸਾ ਸਨ। ਪਰ 1901 ਵਿੱਚ ਇਹ ਪੰਜ ਸਰਹੱਦੀ ਜਿਲ੍ਹੇ ਪੰਜਾਬ ਤੋਂ ਵੱਖ ਕਰ ਦਿੱਤੇ ਗਏ। ਜਦ 1911 ਵਿੱਚ ਅੰਗਰੇਜ਼ ਹਕੂਮਤ ਨੇ ਆਪਣੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਬਦਲੀ ਤਾਂ ਦਿੱਲੀ ਪੰਜਾਬ ਤੋਂ ਵੱਖ ਕਰ ਦਿੱਤੀ ਗਈ (Ahmed, 2011)।

ਇਸ ਤਰ੍ਹਾਂ 1911 ਤੋਂ 1947 ਦਾ ਪੰਜਾਬ 1,38,105 ਵਰਗ ਮੀਲ (357692 ਵਰਗ ਕਿਲੋਮੀਟਰ) ਵਿੱਚ ਫੈਲਿਆ ਹੋਇਆ ਸੀ। ਇਸੇ ਪੰਜਾਬ ਨੂੰ ਹੀ ਪੰਜ—ਆਬਾਂ (ਪੰਜ ਦਰਿਆਵਾਂ) ਦੀ ਧਰਤੀ ਕਿਹਾ ਜਾਂਦਾ ਸੀ। ਸਿੰਧ—ਦਰਿਆ ਜੋੜ ਕੇ 6 ਦਰਿਆ (ਸਿੰਧ, ਜਿਹਲਮ, ਚਨਾਬ, ਰਾਵੀ, ਸਤਲੁਜ ਅਤੇ ਬਿਆਸ) ਬਣਦੇ ਹਨ। 1960 ਦੀ ਸਿੰਧ—ਜਲ—ਸੰਧੀ (Indus-Water Treaty) ਅਨੁਸਾਰ ਪਹਿਲੇ ਤਿੰਨ ਦਰਿਆ ਪਾਕਿਸਤਾਨ ਅਤੇ ਪਿਛਲੇ ਤਿੰਨ ਦਰਿਆ ਭਾਰਤ ਦੇ ਹਿੱਸੇ ਆਏ।

ਉਪਰੋਕਤ ਪੰਜਾਬ ਪ੍ਰਾਂਤ ਵਿੱਚ 99,089 ਵਰਗ ਮੀਲ (256640 ਵਰਗ ਕਿਲੋਮੀਟਰ) ਇਲਾਕਾ ਬ੍ਰਿਟਿਸ਼—ਟੈਰੀਟਰੀ (ਸਿੱਧੇ ਤੌਰ 'ਤੇ ਅੰਗਰੇਜ਼ ਹਕੂਮਤ) ਅਧੀਨ ਸੀ ਅਤੇ ਬਾਕੀ ਦਾ(1,01,052 ਵਰਗ ਕਿਲੋਮੀਟਰ) ਇਲਾਕਾ ਰਿਆਸਤਾਂ ਅਧੀਨ ਸੀ। ਇਸ ਤਰ੍ਹਾਂ ਉਸ ਵੇਲੇ ਦੇ ਪੰਜਾਬ ਵਿੱਚ 71.75 ਫੀਸਦੀ ਬ੍ਰਿਟਿਸ਼ ਟੈਰੀਟਰੀ ਅਤੇ ਬਾਕੀ ਦਾ 28.25 ਫੀਸਦੀ ਰਿਆਸਤਾਂ ਅਧੀਨ ਸੀ। ਪ੍ਰਬੰਧ ਵਜੋਂ ਬ੍ਰਿਟਸ਼ ਟੈਰੀਟਰੀ ਨੂੰ ਪੰਜ ਡਵੀਜ਼ਨਾਂ ਅਤੇ 29 ਜ਼ਿਲ੍ਹਿਆਂ ਵਿੱਚ ਵੰਡਿਆ ਗਿਆ ਸੀ। ਜ਼ਿਕਰਯੋਗ ਹੈ ਕਿ ਅਣਵੰਡਿਆ ਪੰਜਾਬ ਪ੍ਰਾਂਤ (ਅੰਗਰੇਜ਼—ਹਕੂਮਤ ਅਧੀਨ ਵਾਲਾ ਅਤੇ ਰਿਆਸਤਾਂ ਵਾਲਾ) ਖੇਤਰਫਲ ਦੇ ਹਿਸਾਬ ਨਾਲ ਅੱਜ ਦੇ ਰਾਜਸਥਾਨ (ਜੋ ਖੇਤਰਫਲ ਵਜੋਂ ਭਾਰਤ ਦੇ ਸਭ ਤੋਂ ਵੱਡਾ ਪ੍ਰਾਂਤ ਹੈ) ਨਾਲੋਂ ਵੱਡਾ ਪ੍ਰਾਂਤ ਸੀ। ਸਾਲ 1941 ਦੀ ਜਨ—ਗਣਨਾ ਅਨੁਸਾਰ ਪੰਜਾਬ ਪ੍ਰਾਂਤ ਦੀ ਆਬਾਦੀ 3.39 ਕਰੋੜ ਸੀ। ਇਸ ਵਿੱਚੋਂ 83.79 ਫੀਸਦੀ ਬ੍ਰਿਟਿਸ਼ ਟੈਰੀਟਰੀ ਵਿੱਚ ਅਤੇ ਬਾਕੀ ਦੀ 16.21 ਫੀਸਦੀ ਰਿਆਸਤਾ ਵਿੱਚ ਰਹਿ ਰਹੀ ਸੀ। ਉਸ ਸਮੇਂ ਪੰਜਾਬ ਪ੍ਰਾਂਤ ਵਿੱਚ 53.2 ਫੀਸਦੀ ਮੁਸਲਮ, 29.1 ਫੀਸਦੀ ਹਿੰਦੂ ਅਤੇ 14.9 ਫੀਸਦੀ ਸਿੱਖ ਆਬਾਦੀ ਸੀ (Ahmed, 2011)।

**ਰੈਡਕਲਿਫ ਆਵਾਰਡ ਅਤੇ ਪੰਜਾਬ ਦੀ ਵੰਡ**

16 ਅਗਸਤ 1947 ਨੂੰ Sir Cyril Radcliffe ਅਧੀਨ ਬਣੇ ਪੰਜ ਮੈਂਬਰੀ ਕਮਿਸ਼ਨ ਨੇ ਪੰਜਾਬ—ਵੰਡ ਦਾ ਅਵਾਰਡ ਦਿੱਤਾ ਸੀ। ਉਹ ਅਵਾਰਡ ਵਾਇਸਰਾਇ ਵੇਵਲ (Wavell) ਸੀਮਾ ਹੱਦਬੰਦੀ ਦੁਆਰਾ ਦਿੱਤੀ ਗਈ 7 ਫਰਵਰੀ 1946 ਨਾਲ ਹੀ ਮਿਲਦਾ ਜੁਲਦਾ ਸੀ। ਇਸ ਤੋਂ ਵੀ ਪਹਿਲਾਂ 27 ਦਸੰਬਰ 1945 ਨੂੰ ਵਾਇਸਰਾਇ ਵੇਵਲ ਦੁਆਰਾ ਬ੍ਰਿਟਸ਼ ਹਕੂਮਤ ਨੂੰ ਪੰਜਾਬ ਵੰਡ ਬਾਰੇ ਇੱਕ ਖ਼ੁਫ਼ੀਆ ਰਿਪੋਰਟ ਭੇਜੀ ਗਈ ਸੀ। ਸੋ, ਸਪਸ਼ਟ ਹੈ ਕਿ ਪੰਜਾਬ ਵੰਡ ਦੀ ਯੋਜਨਾ ਤਾਂ ਆਜ਼ਾਦੀ ਤੋਂ ਤਕਰੀਬਨ ਡੇਢ ਸਾਲ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ। ਵੰਡ ਵੇਲੇ ਦੇਸ਼ ਪੱਧਰ ਤੇ ਮਜ਼ਹਬੀ—ਜਨੂੰਨੀਆਂ ਵਲੋਂ ਤਕਰੀਬਨ 10 ਲੱਖ (ਜਿਸ ਵਿੱਚ 5 ਤੋਂ 8 ਲੱਖ ਪੰਜਾਬ ਵਿੱਚ ਸਨ) ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਤਕਰੀਬਨ 1.8 ਕਰੋੜ ਲੋਕਾਂ ਨੂੰ ਨਵੀਆਂ ਬਣੀਆਂ ਸਰਹੱਦਾਂ ਦੇ ਆਰ—ਪਾਰ ਮਜਬੂਰਨ ਪਰਵਾਸ ਕਰਨਾ ਪਿਆ। ਇਸ ਤੋਂ ਇਲਾਵਾ ਤਕਰੀਬਨ 90,000 ਵਿਅਕਤੀਆਂ ਨੂੰ ਅਗਵਾ ਕੀਤਾ ਗਿਆ। ਹਜ਼ਾਰਾਂ ਔਰਤਾਂ ਨਾਲ ਜਬਰ—ਜਨਾਹ ਕੀਤਾ ਗਿਆ (Ahmed, 2011)।

ਦੇਸ਼ ਵੰਡ ਦਾ ਸਭ ਤੋਂ ਜ਼ਿਆਦਾ ਸੰਤਾਪ ਪੰਜਾਬੀਆਂ ਅਤੇ ਬੰਗਾਲੀਆਂ ਨੂੰ ਝੱਲਣਾ ਪਿਆ। ਵੰਡ ਨੇ ਘੁੱਗ ਵਸਦੇ ਪੰਜਾਬ ਦੇ ਸਮਾਜਿਕ—ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਤਾਣੇ—ਬਾਣੇ ਨੂੰ ਤਹਿਸ—ਨਹਿਸ ਕਰ ਦਿੱਤਾ। ਵੰਡ ਨੇ ਲੋਕਾਂ ਦੀ ਸਮੂਹਿਕ—ਚੇਤਨਾ ਨੂੰ ਵੀ ਬੁਰੀ ਤਰ੍ਹਾਂ ਵਲੂੰਧਰਿਆ ਜਿਸਦਾ ਸੰਤਾਪ ਭਾਰਤ—ਪਾਕਿ ਬਾਰਡਰ ਦੇ ਦੋਵੇਂ ਪਾਸੇ ਵਸਦੇ ਪੰਜਾਬੀ ਅੱਜ ਤੱਕ ਭੁਗਤ ਰਹੇ ਹਨ।

ਭਾਰਤੀ ਪੰਜਾਬ ਦੀ 553 ਕਿਲੋਮੀਟਰ ਸਰਹੱਦ ਅੰਤਰਰਾਸ਼ਟਰੀ ਸਰਹੱਦ ਨਾਲ ਲਗਦੀ ਹੈ। ਹੁਣ ਤੱਕ ਭਾਰਤ ਅਤੇ ਪਾਕਿਸਤਾਨ ਦੋ–ਘੱਟ ਤੀਬਰਤਾ ਵਾਲੀਆਂ ਅਤੇ ਦੋ ਪੂਰੀਆਂ ਲੜਾਈਆਂ ਲੜ ਚੁੱਕੇ ਹਨ। ਪਰ ਆਤੰਕਵਾਦ ਅਤੇ ਕਸ਼ਮੀਰ–ਮਸਲਾ ਜਿਉਂ ਦਾ ਤਿਉਂ ਖੜ੍ਹੇ ਹਨ। ਕਾਰਗਿਲ ਦੀ ਜੰਗ ਅਤੇ ਉਸ ਤੋਂ ਬਾਅਦ ਪੁਲਵਾਮਾਂ ਅਤੇ ਪਹਿਲਗਾਮ ਵਰਗੀਆਂ ਮੰਦਭਾਗੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਬਦਲੇ ਵਿੱਚ ਭਾਰਤ ਨੇ ਬਾਲਾਕੋਟ ਅਤੇ ਉਪਰੇਸ਼ਨ ਸੰਧੂਰ ਕੀਤਾ। ਇਸ ਸਾਰੇ ਕੁਝ ਦੇ ਬਾਵਜੂਦ ਵੀ ਮਸਲਾ ਅੱਜ ਤੱਕ ਨਹੀਂ ਸੁਲਝਿਆ (Ghuman, 1986, 2020, 2024 ns/ Hussain and Signla, 2020)।

**1966 ਦੇ ਪੁਨਰਗਠਨ ਤੋਂ ਬਾਅਦ ਪੰਜਾਬ ਦੀ ਆਰਥਿਕਤਾ**

1 ਨਵੰਬਰ 1966 ਨੂੰ ਪੁਨਰਗਠਨ ਦੇ ਨਾਂ ਹੇਠ ਪੰਜਾਬ ਨੂੰ ਮੁੜ ਵੰਡਿਆ ਗਿਆ। ਇਸ ਵਿੱਚੋਂ ਹਰਿਆਣਾ ਪ੍ਰਾਂਤ ਬਣਾ ਦਿੱਤਾ ਗਿਆ। ਉਸ ਤੋਂ ਪਹਿਲਾਂ ਪੰਜਾਬ ਦਾ ਕਾਫੀ ਵੱਡਾ ਹਿੱਸਾ ਪਹਾੜੀ ਰਾਜ ਹਿਮਾਚਲ ਨੂੰ ਦੇ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਪੁਨਰਗਠਨ ਵੇਲੇ ਵੀ ਕੁਝ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਗਏ। ਪੰਜਾਬ ਦੀ ਆਪਣੀ ਰਾਜਧਾਨੀ ਦਾ ਮਸਲਾ ਅਜੇ ਵੀ ਲਟਕ ਰਿਹਾ ਹੈ। ਦਰਿਆਈ ਪਾਣੀਆਂ ਦੀ ਵੰਡ ਵੇਲੇ ਵੀ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਸਾਲ 1966 ਦੇ ਪੁਨਰਗਠਨ ਤੋਂ ਬਾਅਦ ਪੰਜਾਬ ਕੋਲ ਕੇਵਲ 50362 ਵਰਗ ਕਿਲੋਮੀਟਰ ਭੂਗੋਲਿਕ ਖੇਤਰ (ਵੰਡ ਵੇਲੇ ਦੇ ਪੰਜਾਬ ਦਾ ਕੇਵਲ 14.08 ਫੀਸਦੀ) ਰਹਿ ਗਿਆ ਜੋ ਅਜੋਕੇ ਭਾਰਤ ਦੇ ਸਮੁੱਚੇ ਖੇਤਰਫਲ ਦਾ 1.53 ਫੀਸਦੀ ਬਣਦਾ ਹੈ। ਸਾਲ 2011 ਦੀ ਜਨ–ਗਣਨਾ ਮੁਤਾਬਿਕ ਪੰਜਾਬ ਦੀ ਕੁਲ ਵਸੋਂ 2.77 ਕਰੋੜ (ਭਾਰਤ ਦੀ ਸਮੁੱਚੀ ਵਸੋਂ ਦਾ 2.33 ਫੀਸਦੀ) ਸੀ। ਇਸ ਵੇਲੇ ਹਿਮਾਚਲ ਪ੍ਰੇਦਸ਼ ਕੋਲ 55673 ਵਰਗ ਕਿਲੋਮੀਟਰ ਅਤੇ ਹਰਿਆਣਾ ਕੋਲ 44212 ਵਰਗ ਕਿਲੋਮੀਟਰ ਭੂਗੋਲਿਕ ਖੇਤਰ ਹੈ।

ਕਿਸੇ ਵੀ ਆਰਥਿਕਤਾ ਨੂੰ ਮੁੱਖ ਤੌਰ ਤੇ ਤਿੰਨ ਸੈਕਟਰਾਂ (ਮੁੱਢਲਾ ਸੈਕਟਰ, ਜਿਸ ਵਿੱਚ ਖੇਤੀ ਸੈਕਟਰ, ਆਦਿ ਸ਼ਾਮਲ ਹੈ; ਸੈਕੰਡਰੀ ਸੈਕਟਰ ਜਿਸ ਵਿੱਚ ਉਦਯੋਗ ਆਦਿ ਸ਼ਾਮਲ ਹੈ ਅਤੇ ਟਰਸ਼ਰੀ ਸੈਕਟਰ ਜਿਸ ਵਿੱਚ ਸੇਵਾਵਾਂ, ਆਦਿ ਸ਼ਾਮਲ ਹਨ, ਵੇਖੋ Annexure 1) ਵਿੱਚ ਵੰਡਿਆ ਜਾਂਦਾ ਹੈ। ਰਾਜ ਦਾ ਸਮੁੱਚਾ ਘਰੇਲੂ ਉਤਪਾਦਨ ਇਨ੍ਹਾਂ ਤਿੰਨਾਂ ਸੈਕਟਰਾਂ ਦੇ ਇੱਕ ਸਾਲ ਵਿੱਚ ਪੈਦਾ ਹੋਏ ਕੁਲ ਉਤਪਾਦਨ (ਬਾਜ਼ਾਰ ਮੁੱਲ ਤੇ) ਦਾ ਜੋੜ ਹੁੰਦਾ ਹੈ। ਪਿਛਲੇ ਤਕਰੀਬਨ 50 ਸਾਲਾਂ ਦੌਰਾਨ ਪੰਜਾਬ ਦੇ ਕੁਲ ਘਰੇਲੂ ਉਤਪਾਦਨ ਦੀ ਸੈਕਟਰ ਵਾਰ ਵੰਡ ਵਿੱਚ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ ਹਨ।

Table 1: Composition of Gross State Domestic Product (GSDP): 1970-71 to 2022-23 in Punjab

(%age, at current prices)

| Year | Primary | Secondary | Tertiary | Total |
|---|---|---|---|---|
| 1970-71 | 57.42 | 15.71 | 26.87 | 100.00 |
| 1980-81 | 49.13 | 20.01 | 30.86 | 100.00 |
| 1990-91 | 44.01 | 23.81 | 32.18 | 100.00 |
| 2000-01 | 35.91 | 22.99 | 41.10 | 100.00 |
| 2011-12 | 30.81 | 25.40 | 43.79 | 100.00 |
| 2019-20 | 28.88 | 24.09 | 47.03 | 100.00 |
| 2022-23 (Q) | 27.01 | 27.43 | 45.56 | 100.00 |

Source: Government of Punjab Statistical Abstract (various years).
Q-quick estimates

ਟੇਬਲ 1 ਵਿੱਚ ਦਿਤੇ ਅੰਕੜਿਆਂ ਤੋਂ ਸਪਸ਼ਟ ਹੈ ਕਿ ਸਾਲ 1970—71 ਵਿੱਚ ਮੁੱਢਲੇ ਖੇਤਰ ਦਾ ਪੰਜਾਬ ਦੀ ਸਮੁੱਚੀ ਆਮਦਨ ਵਿੱਚ ਹਿੱਸਾ 57.42 ਫੀਸਦੀ ਸੀ। ਇਸੇ ਸਾਲ ਸੈਕੰਡਰੀ ਸੈਕਟਰ ਦਾ ਹਿੱਸਾ 15.71 ਫੀਸਦੀ ਅਤੇ ਟਰਸ਼ਰੀ ਸੈਕਟਰ ਦਾ ਹਿੱਸਾ 26.87 ਫੀਸਦੀ ਸੀ। ਉਸ ਤੋਂ ਬਾਅਦ ਮੁੱਢਲੇ ਸੈਕਟਰ ਦਾ ਹਿੱਸਾ ਲਗਾਤਾਰ ਘਟਦਾ ਗਿਆ ਅਤੇ ਸੈਕੰਡਰੀ ਅਤੇ ਟਰਸ਼ਰੀ ਸੈਕਟਰਾਂ ਦਾ ਹਿੱਸਾ ਵੱਧਦਾ ਗਿਆ। ਸਾਲ 2022—23 ਵਿੱਚ ਮੁੱਢਲੇ ਸੈਕਟਰ ਦਾ ਹਿੱਸਾ ਕੇਵਲ 27 ਫੀਸਦੀ ਰਹਿ ਗਿਆ ਅਤੇ ਸੈਕੰਡਰੀ ਸੈਕਟਰ ਦਾ ਹਿੱਸਾ ਵੱਧ ਕੇ 27.43 ਫੀਸਦੀ ਅਤੇ ਟਰਸ਼ਰੀ ਸੈਕਟਰ ਦਾ ਹਿੱਸਾ 45.56 ਫੀਸਦੀ ਹੋ ਗਿਆ। ਸਧਾਰਨ ਸ਼ਬਦਾਂ ਵਿੱਚ ਇਸ ਦਾ ਮਤਲਬ ਇਹ ਹੈ ਕਿ ਪੰਜਾਬ ਦੀ ਸਮੁੱਚੀ ਆਰਥਿਕਤਾ ਵਿੱਚ ਮੁੱਢਲੇ ਸੈਕਟਰ (ਖੇਤੀ) ਦੀ ਮਹੱਤਤਾ ਲਗਾਤਾਰ ਘਟਦੀ ਗਈ। ਦੂਸਰੇ ਪਾਸੇ ਸੈਕੰਡਰੀ ਅਤੇ ਟਰਸ਼ਰੀ ਸੈਕਟਰਾਂ ਦੀ ਮਹੱਤਤਾ ਵਿੱਚ ਵਾਧਾ ਹੋਇਆ ਹੈ।

**ਸੈਕਟਰ—ਵਾਰ ਰੁਜ਼ਗਾਰ ਦਾ ਹਿੱਸਾ**

ਆਰਥਿਕ ਵਿਕਾਸ ਦੇ ਨਾਲ ਜਿਥੇ ਆਰਥਿਕਤਾ ਵਿੱਚ ਵੱਖ—ਵੱਖ ਸੈਕਟਰਾਂ ਦੇ ਯੋਗਦਾਨ (ਸੂਬੇ ਦੀ ਆਮਦਨ ਵਿੱਚ) ਵਿੱਚ ਤਬਦੀਲੀ ਹੁੰਦੀ ਹੈ ਉਥੇ ਹਰ ਇੱਕ ਸੈਕਟਰ

ਵਿੱਚ ਲੱਗੀ ਕਿਰਤ ਸ਼ਕਤੀ ਵਿੱਚ ਵੀ ਮਹੱਤਵਪੂਰਨ ਤਬਦੀਲੀ ਹੁੰਦੀ ਹੈ। ਆਰਥਿਕ ਵਿਕਾਸ ਦੇ ਸਿਧਾਂਤ ਅਨੁਸਾਰ ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਅਜਿਹਾ ਵਰਤਾਰਾ ਵੇਖਣ ਨੂੰ ਮਿਲਦਾ ਹੈ। ਇਸੇ ਤਰ੍ਹਾਂ ਭਾਰਤੀ ਆਰਥਿਕਤਾ ਦੇ ਵੱਖ—ਵੱਖ ਸੈਕਟਰਾਂ ਅਤੇ ਵੱਖ—ਵੱਖ ਪ੍ਰਾਂਤਾਂ ਦੇ ਵੱਖ—ਵੱਖ ਸੈਕਟਰਾਂ ਵਿੱਚ ਵੀ ਅਜਿਹਾ ਹੀ ਵਰਤਾਰਾ ਵਾਪਰਿਆ ਹੈ। ਹੇਠਾਂ ਦਿੱਤੇ ਟੇਬਲ 2 ਵਿੱਚ ਪੰਜਾਬ ਦੇ ਵੱਖ—ਵੱਖ ਸੈਕਟਰਾਂ ਵਿੱਚ ਲੱਗੀ ਕਿਰਤ ਸ਼ਕਤੀ (ਭਾਵ ਰੁਜ਼ਗਾਰ) ਦਾ ਵੇਰਵਾ ਦਿੱਤਾ ਗਿਆ ਹੈ।

**Table 2: Percentage Distribution of total workers (main and marginal) in Punjab**

| | 1961 | 1971 | 1981 | 1991 | 2001 | 2011 |
|---|---|---|---|---|---|---|
| Cultivators (C) Agricultural | 46.25 | 42.55 | 35.86 | 31.44 | 22.96 | 19.55 |
| Labourers (AL) | 9.67 | 20.11 | 22.16 | 24.62 | 16.40 | 16.05 |
| Total Agricultural Workers | | | | | | |
| (C+AL) Industrial | 55.92 | 62.66 | 58.02 | 56.06 | 39.36 | 35.60 |
| Workers (IL) | — | 11.31 | 13.51 | 12.29 | 8.41 | 10.24 |
| Other | | | | | | |
| workers (OL) | — | 26.03 | 28.47 | 31.65 | 52.23 | 54.16 |
| Total Non-Agri- | | | | | | |
| Workers (IL+OL) | 44.08 | 37.34 | 41.98 | 43.94 | 60.64 | 64.40 |
| Total | | | | | | |
| (C+AL+IL+OL) | 100 | 100 | 100 | 100 | 100 | 100 |

Source: Government of India, *Census of India* (respective years) and Government of Punjab, Statistical Abstract (various years).

ਟੇਬਲ 2 ਵਿੱਚ ਦਿਤੇ ਅੰਕੜਿਆਂ ਤੋਂ ਸਪਸ਼ਟ ਹੈ ਇਹ1961 ਵਿੱਚ ਪੰਜਾਬ ਦੀ ਕੁਲ ਬਾ—ਰੁਜ਼ਗਾਰ ਕਿਰਤ ਸ਼ਕਤੀ ਵਿੱਚੋਂ ਤਕਰੀਬਨ 56 ਫੀਸਦੀ ਕਿਰਤ ਸ਼ਕਤੀ (ਜਿਸ ਵਿੱਚ 46.25 ਫੀਸਦੀ ਵਾਹੀਕਾਰ ਅਤੇ 8.67 ਫੀਸਦੀ ਖੇਤ—ਮਜ਼ਦੂਰ ਸਨ) ਮੁੱਢਲੇ ਖੇਤਰ ਵਿੱਚ ਲੱਗੀ ਹੋਈ ਸੀ। ਜੋ 2011 ਵਿੱਚ ਘੱਟ ਕੇ 35.60 ਫੀਸਦੀ ਰਹਿ ਗਈ। ਇਸ ਵਿੱਚ 19.55 ਫੀਸਦੀ ਵਾਹੀਕਾਰ ਅਤੇ 16.05 ਫੀਸਦੀ ਖੇਤ—ਮਜ਼ਦੂਰ ਸਨ। ਸਪਸ਼ਟ ਹੈ ਕਿ ਖੇਤੀ ਸੈਕਟਰ ਵਿੱਚੋਂ ਵਾਹੀਕਾਰਾਂ (ਭਾਵ ਕਿਸਾਨਾ) ਦਾ ਅਨੁਪਾਤਿਕ ਹਿੱਸਾ ਘਟਿਆ ਹੈ ਅਤੇ ਖੇਤ—ਮਜ਼ਦੂਰਾਂ ਦਾ ਅਨੁਪਾਤਿਕ ਹਿੱਸਾ ਵਧਿਆ ਹੈ ਮਹੱਤਵਪੂਰਨ ਹੈ ਕਿ 1971 ਤੋਂ 2011 ਤੱਕ ਉਦਯੋਗਿਕ ਕਿਰਤੀਆਂ ਦਾ ਅਨੁਪਾਤਿਕ ਹਿੱਸਾ ਤਕਰੀਬਨ 13.51 ਫੀਸਦੀ ਅਤੇ 8.41 ਫੀਸਦੀ ਦਰਮਿਆਨ ਹੀ ਰਿਹਾ। ਇਸ ਤੋਂ ਭਾਵ ਹੈ ਕਿ ਉਦਯੋਗਿਕ ਖੇਤਰ ਨੇ ਰੁਜ਼ਗਾਰ ਵਿੱਚ ਕੋਈ ਬਹੁਤ ਯੋਗਦਾਨ ਨਹੀਂ ਵਧਾਇਆ। ਇਸ ਦੇ ਉਲਟ ਗ਼ੈਰ—ਖੇਤੀ ਅਤੇ ਗ਼ੈਰ—ਸਨਅਤੀ ਖੇਤਰ ਵਿੱਚ ਅਨੁਪਾਤਿਕ ਰੁਜ਼ਗਾਰ 1971 (26.03 ਫੀਸਦੀ) ਅਤੇ 2011 (54.16 ਫੀਸਦੀ) ਵਿਚਕਾਰ ਲੱਗਭੱਗ ਦੁੱਗਣਾ ਹੋ ਗਿਆ। ਸਾਲ 2022—23 ਵਿੱਚ ਪੰਜਾਬ ਵਿੱਚ 24.64 ਫੀਸਦੀ ਕਿਰਤੀ (ਵਾਹੀਕਾਰ ਅਤੇ ਖੇਤ—ਮਜ਼ਦੂਰ) ਖੇਤੀ ਅਤੇ ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਵਿੱਚ ਲੱਗੇ ਹੋਏ ਸਨ ਜਦ ਕਿ ਇਸ ਖੇਤਰ ਦਾ ਪੰਜਾਬ ਦੀ ਸਮੁੱਚੀ ਆਮਦਨ ਵਿੱਚ ਹਿੱਸਾ 23.22 ਫੀਸਦੀ ਸੀ। ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਪੰਜਾਬ ਹੁਣ ਖੇਤੀ—ਪ੍ਰਧਾਨ ਸੂਬਾ ਨਹੀਂ ਰਿਹਾ ਪਰ ਖੇਤੀ ਸੈਕਟਰ ਦੀ ਮਹਤੱਤਾ ਨੂੰ ਘਟਾ ਕੇ ਵੇਖਣਾ ਵੀ ਠੀਕ ਨਹੀਂ ਹੋਵਗਾ।

ਸਾਲ 2000—01 ਤੋਂ ਬਾਅਦ ਸ਼ੁੱਧ ਬੀਜਿਆ ਰਕਬਾ 42.50 ਲੱਖ ਹੈਕਟੇਅਰ (105.02 ਲੱਖ ਏਕੜ) ਤੋਂ ਘੱਟ ਕੇ ਸਾਲ 2022—23 ਵਿੱਚ 41.14 ਲੱਖ ਹੈਕਟੇਅਰ (ਤਕਰੀਬਨ 101.66 ਲੱਖ ਏਕੜ) ਰਹਿ ਗਿਆ। ਦੂਜੇ ਸ਼ਬਦਾਂ ਵਿੱਚ 22 ਸਾਲ ਦੇ ਅਰਸੇ ਦੌਰਾਨ 1.36 ਲੱਖ ਹੈਕਟੇਅਰ (3.36 ਲੱਖ ਏਕੜ) ਰਕਬਾ ਖੇਤੀ ਹੇਠੋਂ ਨਿਕਲ ਗਿਆ। ਹਾਲ ਹੀ ਵਿੱਚ ਪੰਜਾਬ ਸਰਕਾਰ ਦੀ ਲੈਂਡ—ਪੂਲਿੰਗ ਪਾਲਿਸੀ ਅਧੀਨ 165 ਪਿੰਡਾਂ ਦੀ 65533 ਏਕੜ ਜ਼ਮੀਨ ਉਪਰ ਰਿਹਾਇਸ਼ੀ, ਉਦਯੋਗਿਕ ਅਤੇ ਵਪਾਰਕ ਉਸਾਰੀਆਂ ਕਰਨ ਦੀ ਯੋਜਨਾ ਸੀ। ਸਪਸ਼ਟ ਹੈ ਕਿ ਜੇਕਰ ਇਹ ਯੋਜਨਾ ਸਿਰੇ ਚੜ੍ਹ ਜਾਂਦੀ ਹੈ ਤਾਂ ਅਗਲੇ ਕੁਝ ਸਾਲਾਂ ਦੌਰਾਨ ਹੋਰ 65533 ਏਕੜ ਜ਼ਮੀਨ ਖੇਤੀ ਹੇਠੋਂ ਨਿਕਲ ਜਾਣੀ ਸੀ। ਇਸ ਫ਼ੈਸਲੇ ਨੂੰ ਵਾਪਸ ਲੈਣਾ ਪੰਜਾਬ ਅਤੇ ਕਿਸਾਨੀ ਦੇ ਹਿਤਾਂ ਦੇ ਅਨੁਕੂਲ ਹੀ ਕਿਹਾ ਜਾ ਸਕਦਾ ਹੈ। ਕਮਾਲ ਦੀ ਗੱਲ ਹੈ ਕਿ ਪਿਛਲੇ 20 ਸਾਲਾਂ ਦੌਰਾਨ ਜੋ ਜ਼ਮੀਨ ਖੇਤੀ ਹੇਠੋਂ ਨਿਕਲੀ ਹੈ, ਉਸ ਦਾ ਕਿਸਾਨਾਂ ਅਤੇ ਉਸ ਉਪਰ ਨਿਰਭਰ ਖੇਤ ਮਜ਼ਦੂਰਾਂ ਉਪਰ ਕਿਸ ਕਿਸਮ ਦਾ ਸਮਾਜਿਕ—ਆਰਥਿਕ ਪ੍ਰਭਾਵ ਪਿਆ, ਉਸ ਬਾਰੇ ਸਰਕਾਰ ਨੇ ਅੱਜ ਤੱਕ ਕੋਈ ਪੁਖ਼ਤਾ ਅਧਿਐਨ ਨਹੀਂ ਕਰਵਾਇਆ। ਅਤੇ ਨਾ ਹੀ ਹੁਣ ਇਸਦੀ ਜ਼ਰੂਰਤ ਸਮਝੀ ਗਈ। ਯੋਜਨਾਬੱਧ ਸ਼ਹਿਰੀਕਰਨ ਜ਼ਰੂਰੀ ਹੈ ਪਰ

ਉਸਦੇ ਨਫ਼ੇ—ਨੁਕਸਾਨ ਦਾ ਲੇਖਾ—ਜੋਖਾ ਕਰਨਾ ਵੀ ਜ਼ਰੂਰੀ ਹੈ। ਖੇਤੀ—ਯੋਗ ਜ਼ਮੀਨ (ਵੱਖ ਵੱਖ ਸ਼ਹਿਰਾਂ ਦੇ ਨਾਲ ਲਗਦੇ ਖੇਤਰਾਂ ਵਿੱਚ) ਖੇਤੀ ਹੇਠੋਂ ਨਿਕਲ ਜਾਵੇਗੀ। ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੀ ਕੋਈ ਵੀ ਨੀਤੀ ਬਣਾਉਣ ਵੇਲੇ ਸਾਰੇ ਪੱਖਾਂ ਉਪਰ ਗੰਭੀਰਤਾ ਨਾਲ ਵਿਆਪਕ ਵਿਚਾਰ ਕੀਤਾ ਜਾਵੇ। ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਦੇ ਸਮੁੱਚੇ ਆਰਥਿਕ ਵਿਕਾਸ ਦੇ ਲਈ ਦੂਜੇ ਸੈਕਟਰਾਂ ਦੇ ਵਿਕਾਸ ਵੱਲ ਵੀ ਧਿਆਨ ਦੇਣ ਦੇ ਨਾਲ—ਨਾਲ ਖੇਤੀ ਖੇਤਰ ਦੀ ਮਹੱਤਤਾ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ। ਖੇਤੀ ਉਤਪਾਦਨ ਤੋਂ ਪ੍ਰੋਸੈਸਿੰਗ ਰਾਹੀਂ ਮੁੱਲ ਵਾਧਾ ਕਰਨਾ ਜ਼ਰੂਰੀ ਹੈ ਤਾਂ ਕਿ ਖੇਤੀ ਵਿੱਚ ਲੱਗੀ ਕਿਰਤ ਸ਼ਕਤੀ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇ ਅਤੇ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕੀਤੇ ਜਾਣ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਖੇਤੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵੀ ਘਟ ਰਹੇ ਹਨ ਅਤੇ ਖੇਤੀ ਤੋਂ ਵਿਹਲੀ ਹੋਈ ਕਿਰਤ ਸ਼ਕਤੀ ਲਈ ਹੋਰ ਸੈਕਟਰਾਂ ਵਿੱਚ ਲੋੜੀਂਦੇ ਵਿਕਲਪੀ—ਰੁਜ਼ਗਾਰ ਮੌਕੇ ਉਪਲਬਧ ਨਹੀਂ ਹਨ (Bhalla, 1987 and Gill, 2002)।

ਦੂਜੇ ਸ਼ਬਦਾਂ ਵਿੱਚ ਖੇਤੀ ਸੈਕਟਰ ਵਾਧੂ ਕਿਰਤੀ ਬਾਹਰ ਕੱਢ ਰਿਹਾ ਹੈ ਪਰ ਉਨ੍ਹਾਂ ਲਈ ਦੂਜੇ ਸੈਕਟਰਾਂ ਵਿੱਚ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ (Ghuman, 2005)। ਅਜਿਹੀਆਂ ਪ੍ਰਸਥਿਤੀਆਂ ਵਿੱਚ ਪੰਜਾਬ ਦੇ ਕਿਸਾਨ ਅਤੇ ਖੇਤ—ਮਜਦੂਰ ਡੂੰਘੇ ਆਰਥਿਕ ਸੰਕਟ ਵਿੱਚ ਧਸਦੇ ਜਾ ਰਹੇ ਹਨ। ਰਾਸ਼ਟਰੀ ਸਰਵੇਖਣ ਸੰਸਥਾ (NSSO) ਦੇ 55ਵੇਂ ਗੇੜ (2001) ਅਨੁਸਾਰ ਪੰਜਾਬ ਦੇ 37 ਫੀਸਦੀ ਕਿਸਾਨ ਖੇਤੀ ਨੂੰ ਛੱਡਣਾ ਚਾਹੁੰਦੇ ਸਨ, ਜੇਕਰ ਉਨ੍ਹਾਂ ਕੋਲ ਕੋਈ ਹੋਰ ਵਿਕਲਪ ਹੋਵੇ। ਇੱਕ ਹੋਰ ਅਧਿਐਨ (Ghuman, 2018) ਅਨੁਸਾਰ 75 ਫੀਸਦੀ ਕਿਸਾਨ ਆਪਣੇ ਬੱਚਿਆਂ ਨੂੰ ਖੇਤੀ ਵਿੱਚ ਨਹੀਂ ਰੱਖਣਾ ਚਾਹੁੰਦੇ। ਪੰਜਾਬ ਦਾ ਉਦਯੋਗਿਕ ਖੇਤਰ ਪੰਜਾਬ ਦੇ ਯੁਵਕਾਂ ਨੂੰ ਰੁਜ਼ਗਾਰ ਪੱਖੋਂ ਆਕਰਸ਼ਿਤ ਨਹੀਂ ਕਰਦਾ ਕਿਉਂਕਿ ਉਥੇ ਨਾ ਤਾਂ ਮਜ਼ਦੂਰੀ ਦੀਆਂ ਦਰਾਂ ਅਤੇ ਨਾ ਹੀ ਰੁਜ਼ਗਾਰ ਦੀ ਗੁਣਵੱਤਾ ਪੰਜਾਬੀ ਯੁਵਕਾਂ ਦੀਆਂ ਆਸਾਂ ਦੇ ਅਨੁਸਾਰ ਹਨ (Ghuman, B.S. 2024)। ਟਰਸ਼ਰੀ ਸੈਕਟਰ ਦੇ ਰੁਜ਼ਗਾਰ ਦਾ ਵੀ ਅਜਿਹਾ ਹੀ ਹਾਲ ਹੈ। ਪੰਜਾਬ ਵਿੱਚ 15 ਤੋਂ 29 ਸਾਲਾਂ ਦੇ ਯੁਵਕਾਂ ਵਿੱਚ ਬੇ—ਰੁਜ਼ਗਾਰੀ ਦੀ ਦਰ ਵੀ ਸਾਲ 2005 ਵਿੱਚ 22.95 ਫੀਸਦੀ ਤੋਂ ਵੱਧਕੇ 2022 ਵਿੱਚ 26.33 ਫੀਸਦੀ ਹੋ ਗਈ (ILO and IHD, 2024)। ਫਲਸਰੂਪ ਪੰਜਾਬੀ ਯੁਵਕ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਕਿਸਮਤ ਅਜ਼ਮਾਉਣ ਨੂੰ ਤਰਜੀਹ ਦੇ ਰਹੇ ਹਨ। ਪਰ ਹੁਣ ਅਜਿਹੇ ਅਵਸਰ ਵੀ ਸੁੰਗੜ ਰਹੇ ਹਨ। ਦੂਜੇ ਪਾਸੇ ਪਰਵਾਸੀ ਮਜ਼ਦੂਰ ਪੰਜਾਬ ਵਿੱਚ ਉਹ ਕੰਮ ਕਰ ਰਹੇ ਹਨ ਜਿਹਨਾਂ ਵਿੱਚ ਪੰਜਾਬੀ ਯੁਵਕਾਂ ਦੀ ਕੋਈ ਰੁਚੀ ਨਹੀਂ। ਇਸਦੇ ਬਾਵਜੂਦ ਵੀ ਪੰਜਾਬ ਨੇ ਅਜੇ ਤੱਕ ਆਪਣੀ ਕੋਈ ਖੇਤੀ ਨੀਤੀ ਨਹੀਂ ਬਣਾਈ ਅਤੇ ਨਾ ਹੀ ਕੋਈ ਪੁਖਤਾ ਸਨਅਤੀ ਨੀਤੀ ਹੀ ਹੈ। ਟਰਸ਼ਰੀ ਸੈਕਟਰ ਦੇ ਵਿਕਾਸ ਸੰਬੰਧੀ ਵੀ ਕੋਈ ਪੁਖਤਾ ਨੀਤੀ ਨਹੀਂ ਹੈ। ਰੁਜ਼ਗਾਰ ਨੀਤੀ ਨਾਂ ਦੀ ਤਾਂ ਕੋਈ ਚੀਜ਼ ਹੀ ਨਹੀਂ। ਅਸਲੀਅਤ ਤਾਂ ਇਹ ਹੈ ਕਿ

ਪਿਛਲੇ 35 ਕੁ ਸਾਲਾਂ ਤੋਂ ਪੰਜਾਬ ਨੇ ਕੋਈ ਢੰਗ ਦੀ ਆਰਥਿਕ ਨੀਤੀ ਹੀ ਨਹੀਂ ਬਣਾਈ ਬਸ ਓਹੜ—ਪੋਹੜ ਨਾਲ ਹੀ ਕੰਮ ਚਲਦਾ ਰਿਹਾ। ਢੁਕਵੀਆਂ ਨੀਤੀਆਂ ਦੀ ਅਣਹੋਂਦ ਕਾਰਨ ਪੰਜਾਬ ਪਿਛਲੇ 30—35 ਸਾਲਾਂ ਤੋਂ ਦੂਜੇ ਸੂਬਿਆਂ ਦੇ ਮੁਕਾਬਲੇ ਵਿਕਾਸ ਪੱਖੋਂ ਪਛੜਦਾ ਜਾ ਰਿਹਾ ਹੈ।

**ਪੰਜਾਬ ਦੀ ਆਰਥਿਕ ਚੜ੍ਹਤ ਅਤੇ ਗਿਰਾਵਟ**

ਹਰੀ ਕ੍ਰਾਂਤੀ ਨੇ ਜਿਥੇ ਦੇਸ਼ ਦੀ ਅੰਨ—ਸਮੱਸਿਆ ਨੂੰ ਹੱਲ ਕੀਤਾ ਉਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਹੁਲਾਰਾ ਦਿੱਤਾ ਅਤੇ ਕੁਝ ਹੀ ਸਾਲਾਂ ਵਿੱਚ ਪੰਜਾਬ ਆਰਥਿਕ ਵਿਕਾਸ ਦਰ ਅਤੇ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਦੇਸ਼ ਦਾ ਮੋਹਰੀ ਰਾਜ ਬਣ ਗਿਆ। ਪਰ ਹਰੀ ਕ੍ਰਾਂਤੀ ਕੇਵਲ ਕਣਕ—ਝੋਨੇ ਦੇ ਫਸਲੀ ਚੱਕਰ ਤੱਕ ਹੀ ਸਿਮਟ ਕੇ ਰਹਿ ਗਈ। ਜਿਸ ਨਾਲ ਮਿੱਟੀ ਦੀ ਸਿਹਤ, ਗੁਣਵੱਤਾ ਅਤੇ ਪੰਜਾਬ ਦੀ ਆਬੋ—ਹਵਾ ਦਾ ਵੀ ਨੁਕਸਾਨ ਹੋਇਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪੰਜਾਬ ਦੇਸ਼ ਦੇ ਕੇਵਲ 1.53 ਫੀਸਦੀ ਖੇਤਰਫਲ ਨਾਲ ਦੇਸ਼ ਦੇ ਅੰਨ—ਭੰਡਾਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ। ਇੱਥੋਂ ਤੱਕ ਕਿ 1980—81 ਦੌਰਾਨ ਵੀ ਪੰਜਾਬ ਨੇ ਕੇਂਦਰੀ ਅੰਨਾਜ—ਭੰਡਾਰ ਵਿੱਚ 73 ਫੀਸਦੀ ਕਣਕ ਅਤੇ 45 ਫੀਸਦੀ ਚਾਵਲ ਭੇਜੇ। ਇਸ ਤੋਂ ਬਾਅਦ ਵਾਲੇ 20 ਸਾਲਾਂ ਦੌਰਾਨ ਵੀ ਦੇਸ਼ ਦੇ ਕੇਂਦਰੀ ਅਨਾਜ—ਭੰਡਾਰ ਵਿੱਚ ਕਣਕ ਦਾ ਹਿੱਸਾ 58 ਤੋਂ 61 ਫੀਸਦੀ ਅਤੇ ਚਾਵਲਾਂ ਦਾ ਹਿੱਸਾ 33 ਤੋਂ 41 ਫੀਸਦੀ ਵਿਚਕਾਰ ਰਿਹਾ। ਸਾਲ 2010—11 ਵਿੱਚ ਕਣਕ ਅਤੇ ਚਾਵਲਾਂ ਦਾ ਹਿੱਸਾ ਕ੍ਰਮਵਾਰ 45 ਫੀਸਦੀ ਅਤੇ 25 ਫੀਸਦੀ ਰਹਿ ਗਿਆ। ਇਸ ਤੋਂ ਬਾਅਦ 2021—22 ਵਿੱਚ ਪੰਜਾਬ ਦੇ ਕਣਕ ਅਤੇ ਚਾਵਲਾਂ ਦਾ ਹਿੱਸਾ 30 ਫੀਸਦੀ ਅਤੇ 21 ਫੀਸਦੀ ਰਹਿ ਗਿਆ ਕਿਉਂਕਿ ਦੇਸ਼ ਦੇ ਕਈ ਹੋਰ ਸੂਬੇ ਜਾਂ ਤਾਂ ਅਨਾਜ ਵਿੱਚ ਸ੍ਵੈ—ਨਿਰਭਰ ਹੋ ਗਏ ਜਾਂ ਫਿਰ ਆਪਣੀ ਲੋੜ ਤੋਂ ਜ਼ਿਆਦਾ ਪੈਦਾ ਕਰਨ ਲੱਗ ਪਏ। ਇਸ ਦੇ ਬਾਵਜੂਦ ਵੀ ਦੇਸ਼ ਦੀ ਅੰਨ—ਪੂਰਤੀ ਵਿੱਚ ਪੰਜਾਬ ਦੀ ਮਹੱਤਵਪੂਰਨ ਥਾਂ ਹੈ। ਪਰ ਪੰਜਾਬ ਚਾਵਲਾਂ ਦੇ ਰੂਪ ਵਿੱਚ ਆਪਣਾ ਜ਼ਮੀਨ ਹੇਠਲਾ ਪਾਣੀ ਕੇਂਦਰੀ ਭੰਡਾਰ ਨੂੰ ਦੇ ਰਿਹਾ ਹੈ। ਚਾਵਲ ਪੈਦਾ ਕਰਨ ਉਪਰ ਖਰਚ ਹੋਏ ਕੁੱਲ ਪਾਣੀ ਵਿਚੋਂ 80 ਫੀਸਦੀ ਤੋਂ ਉਪਰ ਪਾਣੀ ਕੇਂਦਰੀ ਭੰਡਾਰ ਨੂੰ ਦਿੱਤੇ ਜਾਣ ਵਾਲੇ ਚਾਵਲਾਂ ਉਪਰ ਖਰਚ ਹੋ ਰਿਹਾ ਹੈ (Ghuman and Sharma, 2018)। ਵਰਨਣਯੋਗ ਹੈ ਕਿ ਪੰਜਾਬ ਵਿੱਚ 1965—66 ਵਿੱਚ ਝੋਨੇ ਹੇਠ ਰਕਬਾ ਕੇਵਲ 7 ਲੱਖ 17 ਹਜ਼ਾਰ ਏਕੜ ਸੀ ਜੋ ਵੱਧਕੇ 2022—23 ਵਿੱਚ 78 ਲੱਖ 28 ਹਜ਼ਾਰ ਏਕੜ ਹੋ ਗਿਆ। ਇਸੇ ਸਮੇਂ ਦੌਰਾਨ ਕਣਕ ਹੇਠ ਰਕਬਾ 37 ਲੱਖ 7 ਹਜ਼ਾਰ ਏਕੜ ਤੋਂ ਵੱਧ ਕੇ 86.98 ਲੱਖ ਏਕੜ ਹੋ ਗਿਆ।

ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਭਾਵੇਂ ਖੇਤੀ ਖੇਤਰ 1970ਵਿਆਂ ਤੋਂ ਪੰਜਾਬ ਦੇ ਵਿਕਾਸ ਦਾ ਮੁੱਖ ਧੁਰਾ ਰਿਹਾ ਪਰ ਖੇਤੀ ਖੇਤਰ ਦੀ ਕਾਮਯਾਬੀ ਨਾਲ

ਉਦਯੋਗਿਕ ਖੇਤਰ ਨੂੰ ਓਨਾ ਹੁਲਾਰਾ ਨਹੀਂ ਮਿਲਿਆ ਜਿਨ੍ਹਾਂ ਮਿਲਣ ਦੀ ਸੰਭਾਵਨਾ ਸੀ। 1970ਵਿਆਂ ਅਤੇ 1980 ਵਿਆਂ ਦੇ ਦਹਾਕਿਆਂ ਦੌਰਾਨ ਪੰਜਾਬ ਦਾ ਸਲਾਨਾ ਔਸਤਨ ਆਰਥਿਕ ਵਿਕਾਸ ਦੇਸ਼ ਦੀ ਔਸਤ ਵਿਕਾਸ ਦਰ ਤੋਂ ਉਪਰ ਰਿਹਾ ਪਰ 1992—93 ਤੋਂ ਬਾਅਦ ਪੰਜਾਬ ਦਾ ਵਿਕਾਸ ਦਰ ਰਾਸ਼ਟਰੀ ਵਿਕਾਸ ਦਰ ਤੋਂ ਲਗਾਤਾਰ ਹੇਠਾ ਰਹਿ ਰਿਹਾ ਹੈ। ਪੰਜਾਬ ਦਾ ਨਿਵੇਸ਼ ਦਰ ਵੀ ਦੇਸ਼ ਦੀ ਔਸਤਨ ਨਿਵੇਸ਼ ਦਰ ਤੋਂ ਹੇਠਾਂ ਰਹਿ ਰਿਹਾ ਹੈ।

**Table 3: Average Annual real growth rate of Punjab and Indian Economy (% per annum)**

| Period | Punjab | India | Base Price | GDCF (Range) | |
|---|---|---|---|---|---|
| | | | | Punjab (%of GSDP) | India (%of GDP) |
| 1970-71 1978-79 | 5.1 | 3.6 | 1970-71 =100 | | |
| 1974-79 ($5^{th}$ Plan) | 6.8 | 5.1 | 1970-71 =100 | | |
| 1980-85 ($6^{th}$ Plan) | 5.3 | 5.7 | 1980-81 =100 | | |
| 1985-90 ($7^{th}$ Plan) | 6.0 | 5.8 | 1980-81 = 100 | | |
| 1992-97 ($8^{th}$ Plan) | 4.8 | 6.8 | 1993-94 =100 | 22.5 to 24.9 | 23.1 to 27.1 |

| | | | | |
|---|---|---|---|---|
| 1997-2002 (9th Plan) | 3.9 | 5.5 | 1993-94 = 100 | 15.2 to 21.0 22.2 to 25.9 |
| 2002-2007 (10th Plan) | 5.1 | 7.8 | 1999-00 = 100 | 16.3 to 20.2 25.0 to 35.8 |
| 2007-12 (11th Plan) | 6.9 | 9.0 | 2004-05 = 100 | 13.4 to 20.1 34.9 to 39.8 |
| 2012-17 (12th Plan) | 5.8 | 7.1 | 2011-12 = 100 | 13.4 to 16.1 34.4 to 39.5 |
| 2014-15 to 2022-23 | 4.62 | 5.67 | 2011-12 = 100 | 13.7 to 17.6 31.3 to 37.4 |

Source: 1. Government of Punjab, *Statistical Abstract of Punjab*, various years.

2. Government of Punjab (2022), 6th Finance Commission of Punjab, p. 27.

3. Chand Ramesh and Jaspal Singh (2024), "Performance of agriculture sector 2014-24: Implications for short- and medium-term strategy", *Economic and Political Weekly*, Vol. 59, No. 39, pp. 70-73.

Note: GDCF stands for gross domestic capital formation; GSDP stands for gross state domestic product and GDP for gross domestic product.

ਕੇਵਲ ਇੰਨਾ ਹੀ ਨਹੀਂ ਕਿ ਪੰਜਾਬ ਦੀ ਔਸਤਨ ਸਲਾਨਾ ਵਿਕਾਸ ਦਰ ਦੇਸ਼ ਦੀ ਔਸਤ ਵਿਕਾਸ ਦਰ ਤੋਂ ਥੱਲੇ ਸੀ ਬਲਕਿ ਬਹੁਤ ਸਾਰੇ ਸੂਬਿਆਂ ਨਾਲੋਂ ਵੀ ਪੰਜਾਬ ਦੀ ਔਸਤਨ ਵਿਕਾਸ ਦਰ ਹੇਠਾਂ ਸੀ। 2014—15 ਅਤੇ 2022—23 ਦੌਰਾਨ ਵਿਕਾਸ ਦਰ ਦੇ ਹਿਸਾਬ ਨਾਲ 21 ਰਾਜਾਂ ਵਿੱਚੋਂ ਪੰਜਾਬ 18ਵੇਂ ਸਥਾਨ ਉਪਰ ਸੀ (Chand and Singh, 2024)। ਇਸੇ ਸਟੱਡੀ ਦੇ ਅਨੁਸਾਰ ਖੇਤੀ ਖੇਤਰ ਵਿੱਚ ਵਿਕਾਸ ਦਰ ਦੇ ਹਿਸਾਬ ਨਾਲ 21 ਰਾਜਾਂ ਵਿੱਚੋਂ ਪੰਜਾਬ 19ਵੇਂ ਸਥਾਨ ਉਪਰ ਅਤੇ ਗ਼ੈਰ—ਖੇਤੀ ਖੇਤਰ ਦੀ ਵਿਕਾਸ ਦਰ ਦੇ ਹਿਸਾਬ ਨਾਲ 14ਵੇਂ ਸਥਾਨ ਉਪਰ ਸੀ। ਪ੍ਰਤੀ—ਜੀਅ ਆਮਦਨ ਦੇ ਹਿਸਾਬ ਨਾਲ 2001—02 ਵਿੱਚ 18 ਮੁੱਖ ਰਾਜਾਂ ਵਿੱਚੋਂ ਪੰਜਾਬ ਪਹਿਲੇ ਸਥਾਨ ਉਪਰ ਸੀ। 2006—07 ਵਿੱਚ ਪੰਜਾਬ ਤੀਜੇ ਸਥਾਨ ਤੇ, 2012—13 ਵਿੱਚ ਛੇਵੇਂ ਸਥਾਨ ਤੇ ਅਤੇ 2022—23 ਵਿੱਚ ਦਸਵੇਂ ਸਥਾਨ ਤੇ ਪਹੁੰਚ ਗਿਆ (CFC; and RBI, 2022-23)।

**ਪੰਜਾਬ ਦੇ ਆਰਥਿਕ ਵਿਕਾਸ ਵਿੱਚ ਪਛੜਣ ਦੇ ਬੁਨਿਆਦੀ ਕਾਰਨ**

ਦੇਸ਼ ਦੇ ਦੂਜੇ ਰਾਜਾਂ ਦੇ ਮੁਕਾਬਲੇ ਵਿਕਾਸ ਦਰ ਅਤੇ ਪ੍ਰਤੀ—ਜੀਅ ਆਮਦਨ ਵਿੱਚ ਪੰਜਾਬ ਦੇ ਪਿੱਛੇ ਰਹਿਣ ਦੇ ਦੋ ਮੁੱਖ ਕਾਰਨ ਹਨ। ਇੱਕ, ਬੱਜਟ ਵਿੱਚ ਵਿਕਾਸ ਕਾਰਜਾਂ ਉਪਰ ਖਰਚ ਕੀਤੀ ਜਾਣ ਵਾਲੀ ਰਾਸ਼ੀ ਦਾ ਹਿੱਸਾ ਘਟਣਾ ਅਤੇ ਦੂਜੇ ਨਿਵੇਸ਼—ਆਮਦਨ (Investment-GSDP) ਅਨੁਪਾਤ ਦਾ ਰਾਸ਼ਟਰੀ ਔਸਤ ਤੋਂ ਬਹੁਤ ਜ਼ਿਆਦਾ ਹੇਠਾਂ ਰਹਿਣਾ। ਅਜਿਹਾ ਵਰਤਾਰਾ ਭਾਵੇਂ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਵੇਖਣ ਨੂੰ ਮਿਲਿਆ ਪਰ ਇਸਦੀ ਸ਼ੁਰੂਆਤ 1980ਵਿਆਂ ਦੇ ਦਹਾਕੇ ਵਿੱਚ ਹੋ ਚੁੱਕੀ ਸੀ ਕਿਉਂਕਿ ਉਸ ਵੇਲੇ ਤੋਂ ਹੀ ਪੰਜਾਬ ਵਿੱਚ ਵਿਕਾਸ ਉਪਰ ਕਾਨੂੰਨ ਵਿਵਸਥਾ ਭਾਰੂ ਹੋ ਗਈ। ਖਾੜਕੂਵਾਦ ਤੋਂ ਉਤਪੰਨ ਹੋਏ ਹਾਲਾਤ ਨਾਲ ਨਜਿਠਣ ਲਈ ਸਰਕਾਰ ਦੀ ਪ੍ਰਾਥਮਿਕਤਾ ਵਿਕਾਸ ਤੋਂ ਕਾਨੂੰਨ ਵਿਵਸਥਾ ਵੱਲ ਝੁਕ ਗਈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੀਆਂ ਨਵ—ਉਦਾਰਵਾਦੀ ਨੀਤੀਆਂ ਅਤੇ ਪੰਜਾਬ ਦੇ ਗਵਾਂਢੀ ਰਾਜਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਨਾਲ ਨਿਜੀ ਨਿਵੇਸ਼ ਪੰਜਾਬ ਵਿੱਚ ਲੱਗਣ ਦੀ ਬਜਾਏ ਉਨ੍ਹਾਂ ਵਿਸ਼ੇਸ਼ ਸਹੂਲਤਾਂ ਵਾਲੇ ਰਾਜਾਂ ਵਿੱਚ ਚਲਾ ਗਿਆ। ਪੰਜਾਬ ਸਰਕਾਰ ਦੀਆਂ ਵਿਕਾਸ ਪ੍ਰਤੀ ਗ਼ਲਤ ਪ੍ਰਾਥਮਿਕਤਾਵਾਂ ਅਤੇ ਨਿਵੇਸ਼ ਪ੍ਰਤੀ ਗਿਰ ਰਹੇ ਅਢੁਕਵੇਂ ਮਾਹੌਲ ਕਾਰਨ ਵੀ ਨਿੱਜੀ ਨਿਵੇਸ਼ ਪੰਜਾਬ 'ਚ ਆਉਣੋ ਝਿਜਕਣ ਲੱਗਿਆ। ਭੂਗੋਲਿਕ ਸਥਿਤੀ ਤੋਂ ਬਾਰਡਰ ਅਤੇ ਲੈਂਡਲਾਕ ਰਾਜ ਹੋਣ ਕਾਰਨ ਵੀ ਪੰਜਾਬ 'ਚ ਨਿਜੀ ਨਿਵੇਸ਼ ਘੱਟ ਹੋਇਆ ਹੈ। ਪੰਜਾਬ ਸਰਕਾਰ ਦੀ ਨਿਵੇਸ਼ ਕਰਨ ਦੀ ਆਪਣੀ ਸਮਰੱਥਾ ਵੀ

ਸੀਮਿਤ ਹੋਣ ਕਾਰਨ ਵਿਕਾਸ ਨੂੰ ਢਾਹ ਲੱਗੀ ਹੈ। ਉਪਰੋਕਤ ਸਾਰੇ ਕਾਰਨਾਂ ਕਰਕੇ ਪੰਜਾਬ ਵਿੱਚੋਂ ਮੌਜੂਦਾ ਉਦਯੋਗਿਕ ਇਕਾਈਆਂ ਵੀ ਦੂਜੇ ਰਾਜਾਂ ਵਿੱਚ ਸ਼ਿਫ਼ਟ ਹੋਣੀਆਂ ਸ਼ੁਰੂ ਹੋ ਗਈਆਂ। ਪੰਜਾਬ ਦੇ ਮੁੱਖ ਸਨਅਤੀ ਸ਼ਹਿਰਾਂ ਅਤੇ ਕੇਂਦਰਾਂ ਵਿੱਚ ਅਜਿਹਾ ਵਰਤਾਰਾ ਆਮ ਹੀ ਵੇਖਣ ਨੂੰ ਮਿਲਦਾ ਹੈ। ਸਾਲ 2007—14 ਦੌਰਾਨ ਪੰਜਾਬ ਵਿੱਚ 18770 ਉਦਯੋਗਿਕ ਇਕਾਈਆਂ ਬੰਦ ਹੋ ਗਈਆਂ ਸਨ। ਉਸ ਤੋਂ ਬਾਅਦ ਦੇ ਪੁਖਤਾ ਅੰਕੜੇ ਘੋਖਣ ਦੀ ਲੋੜ ਹੈ। ਇਨ੍ਹਾਂ ਸਾਰੀਆਂ ਸੀਮਾਵਾਂ ਅਤੇ ਚੁਣੌਤੀਆਂ ਦੇ ਮੱਦੇਨਜ਼ਰ ਪੰਜਾਬ ਨੂੰ ਆਪਣੀਆਂ ਢੁਕਵੀਆਂ ਨੀਤੀਆਂ ਬਣਾਉਣੀਆਂ ਪੈਣਗੀਆਂ ਤਾਂ ਕਿ ਪੰਜਾਬ ਵਿੱਚ ਨਿਵੇਸ਼ ਅਤੇ ਵਿਕਾਸ ਦਰ ਵਧਾਈ ਜਾ ਸਕੇ। ਖਾਸ ਕਰਕੇ ਢੁਕਵੀਂ ਖੇਤੀ ਅਤੇ ਉਦਯੋਗਿਕ ਨੀਤੀ ਬਹੁਤ ਹੀ ਜ਼ਰੂਰੀ ਹੈ।

**ਵਿਕਾਸ ਤੋਂ ਕਾਨੂੰਨ—ਪ੍ਰਬੰਧ ਵੱਲ**

1990ਵਿਆਂ ਤੱਕ ਪੰਜਾਬ ਸਰਕਾਰ ਆਪਣੇ ਬਜਟ ਦਾ ਬਹੁਤਾ ਹਿੱਸਾ ਵਿਕਾਸ ਕਾਰਜਾਂ ਉਪਰ ਖਰਚ ਕਰਦੀ ਸੀ ਉਸ ਤੋਂ ਬਾਅਦ ਇਹ ਹਿੱਸਾ ਘਟਣਾ ਸ਼ੁਰੂ ਹੋ ਗਿਆ। ਟੇਬਲ 4 ਤੋਂ ਸਪਸ਼ਟ ਹੈ ਕਿ 1975—76 ਅਤੇ 1980—81 ਦੌਰਾਨ ਬਜਟ ਦਾ 72 ਫੀਸਦੀ ਖਰਚਾ ਵਿਕਾਸ ਕਾਰਜਾਂ ਉਪਰ ਕੀਤਾ ਗਿਆ। ਇਸ ਵਿੱਚ ਗਿਰਾਵਟ ਖਾੜਕੂਵਾਦ ਦੇ ਦੌਰ ਵਿੱਚ ਵੇਖਣ ਨੂੰ ਮਿਲਦੀ ਹੈ। ਸਾਲ 1985—86 ਅਤੇ 1990—91 ਵਿੱਚ ਵਿਕਾਸ ਕਾਰਜਾਂ ਉਪਰ ਖਰਚਾ ਕ੍ਰਮਵਾਰ 68 ਫੀਸਦੀ ਅਤੇ 66 ਫੀਸਦੀ ਸੀ। ਜਦਕਿ ਇਹ ਖਰਚਾ 1995—96 ਵਿੱਚ 46.45 ਫੀਸਦੀ ਰਹਿ ਗਿਆ ਅਤੇ ਗ਼ੈਰ—ਵਿਕਾਸ ਕਾਰਜਾਂ ਉਪਰ 53.55 ਫੀਸਦੀ ਹੋ ਗਿਆ। ਸਾਲ 2005—06 ਵਿੱਚ ਵਿਕਾਸ ਕਾਰਜਾਂ ਉਪਰ ਕੇਵਲ 42.25 ਫੀਸਦੀ ਖਰਚ ਕੀਤਾ ਗਿਆ। ਉਸ ਤੋਂ ਬਾਅਦ ਵਾਲੇ ਸਾਲਾਂ ਵਿੱਚ (2015—16 ਅਤੇ 2018—19 ਨੂੰ ਛੱਡ ਕੇ) 2021—22 ਤੱਕ ਵਿਕਾਸ ਕਾਰਜਾਂ ਉਪਰ ਖਰਚਾ 50 ਫੀਸਦੀ ਤੋਂ ਹੇਠਾਂ ਰਿਹਾ।

**Table 4: Percentage share of development and non-development expenditure on revenue account in Punjab**

| Year | Percentage Share | |
|---|---|---|
| | Development | Non-Development |
| 1970-71 | 65.28 | 34.72 |
| 1975-76 | 72.31 | 27.69 |
| 1980-81 | 72.12 | 27.88 |
| 1985-86 | 67.99 | 32.01 |

| | | |
|---|---|---|
| 1990-91 | 66.04 | 33.96 |
| 1995-96 | 46.45 | 53.55 |
| 2000-01 | 44.24 | 55.76 |
| 2005-06 | 42.25 | 57.75 |
| 2010-11 | 43.47 | 56.53 |
| 2015-16 | 50.65 | 49.35 |
| 2016-17 | 48.48 | 51.52 |
| 2017-18 | 45.44 | 54.56 |
| 2018-19 | 51.49 | 48.51 |
| 2019-20 | 49.11 | 51.89 |
| 2020-21 | 49.40 | 51.60 |
| 2021-22 | 47.10 | 52.90 |
| 2022-23 (RE) | 50.10 | 49.90 |
| 2023-24 (BE) | 51.20 | 48.80 |

Source: Government of Punjab (2022), Sixth Punjab Finance Commission.

RE-Revised estimates; BE-Budget estimates

**ਨਿਵੇਸ਼ ਦੀ ਘਾਟ**

ਨਿਵੇਸ਼ ਆਰਥਿਕ ਵਿਕਾਸ ਦਾ ਧੁਰਾ ਹੈ ਪਰ ਜਿਵੇਂ ਕਿ ਟੇਬਲ 5 ਤੋਂ ਸਪਸ਼ਟ ਹੈ 1993—94 ਤੋਂ ਬਾਅਦ ਰਾਸ਼ਟਰੀ ਔਸਤ ਦੇ ਮੁਕਾਬਲੇ ਪੰਜਾਬ ਵਿੱਚ ਨਿਵੇਸ਼—ਆਮਦਨ ਅਨੁਪਾਤ ਹੇਠਾਂ ਹੀ ਰਿਹਾ ਹੈ। ਟੇਬਲ 5 ਤੋਂ ਸਪਸ਼ਟ ਹੈ ਕਿ 1990ਵਿਆਂ ਦੇ ਦਹਾਕੇ ਦੌਰਾਨ ਰਾਸ਼ਟਰੀ ਨਿਵੇਸ਼—ਆਮਦਨ ਅਨੁਪਾਤ ਵਿੱਚ ਭਾਵੇਂ ਫ਼ਰਕ ਆਉਣਾ ਸ਼ੁਰੂ ਹੋ ਗਿਆ ਸੀ ਪਰ ਇਹ ਅੰਤਰ ਬਹੁਤ ਜ਼ਿਆਦਾ ਨਹੀਂ ਸੀ। ਪਰ 20ਵੀਂ ਸਦੀ ਦੇ ਅਖੀਰਲੇ ਸਾਲ ਤੋਂ ਇਹ ਅੰਤਰ ਤੇਜੀ ਨਾਲ ਵਧਣਾ ਸ਼ੁਰੂ ਹੋ ਗਿਆ। ਸਾਲ 1999—2000 ਵਿੱਚ ਦੇਸ਼ ਦਾ ਔਸਤਨ ਨਿਵੇਸ਼—ਆਮਦਨ ਅਨੁਪਾਤ 25.9 ਫੀਸਦੀ ਸੀ ਜਦ ਕਿ ਪੰਜਾਬ ਦਾ ਕੇਵਲ 15.2 ਫੀਸਦੀ ਸੀ। ਉਸ ਤੋਂ ਬਾਅਦ ਇੱਕਾ—ਦੁੱਕਾ ਸਾਲਾਂ ਨੂੰ ਛੱਡ ਕੇ ਪੰਜਾਬ ਵਿੱਚ ਨਿਵੇਸ਼—ਆਮਦਨ ਅਨੁਪਾਤ 20 ਫੀਸਦੀ ਤੋਂ ਵੀ ਹੇਠਾਂ ਰਿਹਾ ਜਦ

ਕਿ ਦੇਸ਼ ਦਾ ਔਸਤ ਨਿਵੇਸ਼—ਆਮਦਨ ਅਨੁਪਾਤ 30 ਤੋਂ 35 ਫੀਸਦੀ ਦੇ ਵਿਚਾਕਰ ਰਿਹਾ। ਇੱਥੋਂ ਤੱਕ ਕਿ 2009—10 ਤੋਂ ਲੈ ਕੇ 2012—13 ਦੌਰਾਨ ਦੇਸ ਦਾ ਨਿਵੇਸ਼—ਆਮਦਨ ਅਨੁਪਾਤ ਤਾਂ  38 ਤੋਂ 40 ਫੀਸਦੀ ਤੱਕ ਵੀ ਪਹੁੰਚ ਗਿਆ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਨਿਵੇਸ਼—ਆਮਦਨ ਅਨੁਪਾਤ ਤੋਂ ਭਾਵ ਹੈ ਕਿ ਕੋਈ ਰਾਜ ਜਾਂ ਦੇਸ਼ ਆਪਣੀ ਆਮਦਨ ਵਿਚੋਂ ਕਿੰਨੇ ਫ਼ੀਸਦੀ ਨਿਵੇਸ਼ ਕਰਦਾ ਹੈ। ਨਿਵੇਸ਼ ਤੋਂ ਭਾਵ ਆਮਦਨ ਵਿੱਚੋਂ ਕੀਤਾ ਗਿਆ ਉਹ ਖ਼ਰਚ ਜੋ ਹੋਰ ਆਮਦਨ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ। ਇਹ ਜਾਣਨਾ ਵੀ ਜ਼ਰੂਰੀ ਹੈ ਕਿ ਨਿਵੇਸ਼—ਗੁਣਾਂਕ ਦੇ ਸਿਧਾਂਤ ਅਨੁਸਾਰ ਆਮਦਨ ਵਿੱਚ ਵਾਧਾ ਨਿਵੇਸ਼ ਤੋਂ ਕੁਝ ਗੁਣਾ ਜ਼ਿਆਦਾ ਹੀ ਹੁੰਦਾ ਹੈ। ਨਿਵੇਸ਼ ਜਿਥੇ ਆਰਥਿਕ ਵਿਕਾਸ ਦਾ ਧੁਰਾ ਹੈ ਉਥੇ ਰੁਜ਼ਗਾਰ ਦੇ ਅਵਸਰ ਵੀ ਪੈਦਾ ਕਰਦਾ ਹੈ।

**Table 5: Gross Domestic Capital formation (GDCF as % of GSDP/GDP) and investment deficiency in Punjab: 1993-94 to 2022-23 (at constant prices)**

| Year | gross domestic capital formation | | Difference India-Punjab | Punjab's GSDP (Rs. Crore) | Punjab's Investment Deficiency@ (Rs.Crore) |
|---|---|---|---|---|---|
| | India | Punjab | 3=(1-2) | | 4.5=(3x4) |
| | 1 | 2 | | | |
| 1993-94 | 23.1 | 23.0 | 0.1 | 30248 | 30 |
| 1994-95 | 26.3 | 23.7 | 2.6 | 31139 | 810 |
| 1995-96 | 27.1 | 24.9 | 2.2 | 32433 | 712 |
| 1996-97 | 24.9 | 22.5 | 2.4 | 34819 | 836 |
| 1997-98 | 24.5 | 21.3 | 3.2 | 35865 | 1148 |
| 1998-99 | 23.1 | 21.0 | 2.1 | 37870 | 795 |
| 1999-00 | 25.9 | 15.2 | 10.7 | 67162 | 7119 |
| 2000-01 | 24.1 | 18.2 | 5.9 | 69803 | 4118 |

| | | | | | |
|---|---|---|---|---|---|
| 2001-02 | 22.2 | 17.4 | 4.8 | 71146 | 3415 |
| 2002-03 | 25.0 | 16.4 | 8.6 | 73174 | 6293 |
| 2003-04 | 27.4 | 16.3 | 11.1 | 77618 | 8616 |
| 2004-05 | 32.7 | 19.8 | 12.9 | 96839 | 12492 |
| 2005-06 | 34.2 | 19.3 | 14.9 | 102556 | 15281 |
| 2006-07 | 35.8 | 20.2 | 15.6 | 112997 | 17628 |
| 2007-08 | 38.2 | 20.1 | 18.1 | 123223 | 22303 |
| 2008-09 | 34.9 | 16.7 | 18. | 130431 | 23738 |
| 2009-10 | 38.4 | 16.8 | 21.6 | 138636 | 29945 |
| 2010-11 | 39.8 | 18.3 | 21.5 | 147670 | 31749 |
| 2011-12 | 38.0 | 13.4 | 24.6 | 266628 | 65590 |
| 2012-13 | 39.5 | 13.4 | 26.1 | 280823 | 73295 |
| 2013-14 | 35.2 | 16.1 | 19.1 | 299450 | 57195 |
| 2014-15 | 34.8 | 14.8 | 20.0 | 312125 | 62425 |
| 2015-16 | 34.4 | 13.7 | 20.7 | 330052 | 68321 |
| 2016-17 | 35.0 | 14.2 | 20.8 | 352721 | 73366 |
| 2017-18 | 37.4 | 14.9 | 22.5 | 375406 | 84466 |
| 2018-19 | 34.3 | 15.8 | 18.5 | 397019 | 73449 |
| 2019-20 | 34.3 | 16.4 | 17.9 | 413295 | 73980 |
| 2020-21 | 31.3 | 15.1 | 16.2 | 407264 | 65977 |
| 2021-22 | 34.4 | 17.6 | 16.8 | 433769 | 72873 |
| 2022-23 | 34.8 (R) | 16.4 (P) | 18.4 | 461539 | 84923 |

Source: 1. RBI, *Hand Book of statistics on Indian Economy* (various years).

2. Government of Punjab, *Statistical Abstract of Punjab* (various years).

Note: 1. Data for 1993-94 to 1998-99 is at 1993-94 prices; 1999-2000 to 2003-04 at 1999-00 prices, 2004-05 to 2010-11 at 2004-05 prices, 2011-12 to 2022-23 at 2011-12 prices.

2. Figures are rounded off to the nearest whole.

@ Had Punjab's GDCF rate been equal to the national average.; R- Revised Estimates, P-Provisional

ਟੇਬਲ 5 ਦੇ ਆਖਰੀ ਖਾਨੇ ਵਿਚ ਪੰਜਾਬ ਵਿੱਚ ਨਿਵੇਸ਼ ਦੀ ਘੱਟ ਰਾਸ਼ੀ (ਦੇਸ਼ ਦੇ ਨਿਵੇਸ਼—ਆਮਦਨ ਅਨੁਪਾਤ ਅਤੇ ਪੰਜਾਬ ਦੇ ਨਿਵੇਸ਼—ਆਮਦਨ ਅਨੁਪਾਤ ਦੇ ਅੰਤਰ ਉਪਰ ਆਧਾਰਤ) ਵਿਖਾਈ ਗਈ ਹੈ। ਇਸਦਾ ਮਤਲਬ ਹੈ ਕਿ ਜੇਕਰ ਪੰਜਾਬ ਦਾ ਨਿਵੇਸ਼—ਆਮਦਨ ਅਨੁਪਾਤ ਦੇਸ਼ ਦੇ ਔਸਤ ਨਿਵੇਸ਼—ਆਮਦਨ ਅਨੁਪਾਤ ਦੇ ਬਰਾਬਰ ਹੁੰਦਾ ਤਾਂ ਪੰਜਾਬ ਵਿੱਚ ਹਰ ਸਾਲ ਕਿੰਨਾ ਹੋਰ ਨਿਵੇਸ਼ ਹੋਣਾ ਚਾਹੀਦਾ ਸੀ। ਟੇਬਲ ਤੋਂ ਸਪਸ਼ਟ ਹੈ ਕਿ ਸਾਲ 1994—95 ਵਿੱਚ ਇਹ ਘਾਟ ਨਿਗੁਣੀ ਜਿਹੀ (ਕੇਵਲ 30 ਕਰੋੜ ਰੁਪਏ) ਸੀ ਪਰ ਉਸ ਤੋਂ ਬਾਅਦ ਇਹ ਘਾਟ ਵੱਧਦੀ ਹੀ ਗਈ। ਇੱਕਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਇਹ ਘਾਟ 3415 ਕਰੋੜ (2001—02) ਤੋਂ ਵੱਧ ਕੇ 29945 ਕਰੋੜ ਰੁਪਏ (2009—10 ਵਿੱਚ) ਤੱਕ ਪਹੁੰਚ ਗਈ। ਉਸ ਤੋਂ ਅਗਲੇ ਦਹਾਕੇ ਵਿੱਚ ਇਹ ਰਾਸ਼ੀ ਹੋਰ ਵੀ ਤੇਜ਼ੀ ਨਾਲ ਵੱਧਦੀ ਗਈ। ਸਾਲ 2022—23 ਵਿੱਚ ਇਹ ਰਾਸ਼ੀ ਵੱਧਕੇ 84923 ਕਰੋੜ ਰੁਪਏ ਤੱਕ ਪਹੁੰਚ ਗਈ। ਜ਼ਰਾ ਹਿਸਾਬ ਲਗਾਓ ਕਿ ਜੇਕਰ ਪੰਜਾਬ ਵਿੱਚ ਨਿਵੇਸ਼—ਆਮਦਨ ਅਨੁਪਾਤ ਦੇਸ਼ ਦੇ ਔਸਤ—ਨਿਵੇਸ਼ ਆਮਦਨ ਅਨੁਪਾਤ ਦੇ ਬਰਾਬਰ ਵੀ ਰਹਿੰਦਾ ਤਾਂ ਪੰਜਾਬ ਵਿੱਚ ਅਸਲ ਨਾਲੋਂ ਕਈ ਗੁਣਾ ਜ਼ਿਆਦਾ ਨਿਵੇਸ਼ ਹੋਣਾ ਚਾਹੀਦਾ ਸੀ। ਫ਼ਲਸਰੂਪ ਪੰਜਾਬ ਦਾ ਵਿਕਾਸ ਦਰ ਵੀ ਬਹੁਤ ਉੱਚਾ ਹੁੰਦਾ, ਪ੍ਰਤੀ—ਜੀਅ ਆਮਦਨ ਵੀ ਜ਼ਿਆਦਾ ਹੁੰਦੀ ਅਤੇ ਰੁਜ਼ਗਾਰ ਦੇ ਹੋਰ ਅਵਸਰ ਵੀ ਪੈਦਾ ਹੁੰਦੇ। ਪਰ ਪਹਿਲਾਂ ਦੱਸੇ ਕਾਰਨਾਂ ਕਰਕੇ ਅਜਿਹਾ ਹੋ ਨਹੀਂ ਸਕਿਆ। ਪੰਜਾਬ ਵਿੱਚ ਬੇ—ਰੁਜ਼ਗਾਰੀ ਦੀ ਉਚੇਰੀ ਦਰ ਪਿੱਛੇ ਵੀ ਇਹੀ ਮੁੱਖ ਕਾਰਨ ਹੈ। ਇੱਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਖੇਤੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ ਅਤੇ ਗ਼ੈਰ—ਖੇਤੀ ਖੇਤਰਾਂ ਵਿੱਚ ਢੁਕਵੇਂ ਮੌਕੇ ਉਪਲਬਧ ਨਹੀਂ ਹਨ। ਇਸ ਤੋਂ ਇਲਾਵਾ ਜਿਸ ਕਿਸਮ ਦਾ ਕੰਮ ਅਤੇ ਜਿਸ ਕਿਸਮ ਦੀ ਮਜ਼ਦੂਰੀ—ਦਰ ਗ਼ੈਰ—ਖੇਤੀ ਖੇਤਰਾਂ ਵਿੱਚ ਮਿਲ ਰਹੀ ਹੈ ਉਹ ਵੀ ਪੰਜਾਬੀ ਨੌਜੁਆਨਾਂ ਨੂੰ ਪਸੰਦ ਨਹੀ, ਵਰਨਾ ਗ਼ੈਰ ਖੇਤੀ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਤਾਂ ਹਨ। ਪੰਜਾਬ ਦੇ ਤਕਰੀਬਨ 75 ਫੀਸਦੀ ਕਿਸਾਨ ਆਪਣੇ ਬੱਚਿਆਂ (ਪੁੱਤਰਾਂ) ਨੂੰ ਖੇਤੀ ਵਿੱਚ ਨਹੀਂ ਰੱਖਣਾ ਚਾਹੁੰਦੇ।

ਅੰਤਰਰਾਸ਼ਟਰੀ ਕਿਰਤ ਸੰਸਥਾ (International Labour Organization ILD) ਅਤੇ ਮਨੁੱਖੀ ਵਿਕਾਸ ਸੰਸਥਾ (Institute of Human Development - IHD) ਦੇ ਤਾਜਾ ਅਧਿਐਨ ਅਨੁਸਾਰ ਪੰਜਾਬ ਰੁਜ਼ਗਾਰ ਸੂਚਕ ਅੰਕ (Employment Index) ਦੇ ਅਨੁਸਾਰ ਸਾਲ 2022 ਵਿੱਚ ਭਾਰਤ ਦੇ 21 ਰਾਜਾਂ ਵਿੱਚੋਂ 16ਵੇਂ ਸਥਾਨ ਤੇ ਸੀ। ਵਰਣਨਯੋਗ ਹੈ ਕਿ 2012 ਵਿੱਚ ਪੰਜਾਬ 7ਵੇਂ ਸਥਾਨ ਤੇ ਸੀ। ਰੁਜ਼ਗਾਰ ਸੂਚਕ ਅੰਕ ਵਿੱਚ ਇਹ ਗਿਰਾਵਟ ਮੁੱਖ ਤੌਰ ਤੇ ਰੁਜ਼ਗਾਰ ਦੀਆਂ ਢੁੱਕਵੀਆਂ ਹਾਲਤਾਂ (ਗੁਣਵੱਤਾ ਅਤੇ ਮਜ਼ਦੂਰੀ ਆਦਿ) ਦੀ ਅਣਹੋਂਦ ਅਤੇ ਘੱਟ ਨਿਵੇਸ਼ ਕਾਰਨ ਹੋਈ ਹੈ।

**ਪੰਜਾਬ ਦੀ ਵਿੱਤੀ ਸਿਹਤ**

ਪੰਜਾਬ ਦੀ ਵਿੱਤੀ ਹਾਲਤ ਵਿੱਚ ਨਿਘਾਰ ਦੀ ਸ਼ੁਰੂਆਤ ਤਰਕੀਬਨ ਤਿੰਨ ਕੁ ਦਹਾਕਿਆਂ ਤੋਂ ਸ਼ੁਰੂ ਹੋਈ। ਨੀਤੀ ਆਯੋਗ ਦੀ 2025 ਦੀ ਰਿਪੋਰਟ ਅਨੁਸਾਰ 2022 ਵਿੱਚ ਭਾਰਤ ਦੇ 18 ਮੁੱਖ ਰਾਜਾਂ ਵਿੱਚੋਂ ਵਿੱਤੀ–ਸੂਚਕ ਅੰਕ ਦੇ ਹਿਸਾਬ ਨਾਲ ਪੰਜਾਬ ਦਾ 18ਵਾਂ ਸਥਾਨ ਸੀ, ਭਾਵ ਸਭ ਤੋਂ ਥੱਲੇ ਸੀ। ਸਾਲ 2014–15 ਤੋਂ 2021–22 ਦੌਰਾਨ ਵੀ ਪੰਜਾਬ ਦਾ 18ਵਾਂ ਸਥਾਨ ਹੀ ਸੀ। ਵਿੱਤੀ ਸਿਹਤ ਸੂਚਕ ਅੰਕ ਦੇ ਮੁੱਖ ਨਿਰਧਾਰਕ ਹਨः ਖਰਚੇ ਦੀ ਗੁਣਵੱਤਾ, ਮਾਲੀਆ ਇਕੱਠਾ ਕਰਨ, ਵਿੱਤੀ ਸੰਜਮ, ਕਰਜ਼ੇ ਦਾ ਸੂਚਕ ਅੰਕ ਅਤੇ ਕਰਜ਼ੇ ਦਾ ਟਿਕਾਊਪਨ। ਖਰਚੇ ਦੀ ਗੁਣਵੱਤਾ ਮੁਤਾਬਕ ਨਾ ਕੇਵਲ ਪੰਜਾਬ ਦਾ ਆਖਰੀ ਸਥਾਨ ਹੈ ਸਗੋਂ ਸਕੋਰ ਦੇ ਹਿਸਾਬ ਨਾਲ ਬਹੁਤ ਹੀ ਮਾੜੀ ਸਥਿਤੀ ਹੈ। ਕਰਜ਼ਾ–ਸੂਚਕ–ਅੰਕ ਵਿੱਚ ਤਾਂ ਪੰਜਾਬ ਦਾ ਸਕੋਰ ਸਿਫ਼ਰ ਹੈ। ਵਿੱਤੀ–ਸੰਜਮ ਵਿੱਚ ਵੀ ਪੰਜਾਬ ਫਾਡੀ ਹੈ। ਪਰ ਕਰਜ਼ੇ ਦੇ ਟਿਕਾਊਪਨ ਦੇ ਹਿਸਾਬ ਨਾਲ ਪੰਜਾਬ ਦਾ 12ਵਾਂ ਸਥਾਨ ਅਤੇ ਮਾਲੀਆ ਇਕੱਠਾ ਕਰਨ ਵਿੱਚ 14ਵਾਂ ਸਥਾਨ ਹੈ। ਕੁਲ ਮਿਲਾ ਕੇ ਪਜਾਬ ਦਾ ਵਿੱਤੀ ਸੰਕਟ ਬਹੁਤ ਗੰਭੀਰ ਹੈ। ਜੇਕਰ ਇਹ ਕਹਿ ਲਈਏ ਕਿ ਪੰਜਾਬ ਦੀ ਆਰਥਿਕਤਾ ਆਈ.ਸੀ.ਯੂ. ਵਿੱਚ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪਰ ਕਮਾਲ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਸਰਕਾਰ ਨਾ ਤਾਂ ਇਸ ਸਬੰਧੀ ਕੋਈ ਚਿੰਤਾਂ ਕਰ ਰਹੀ ਹੈ ਅਤੇ ਨਾ ਹੀ ਉਸ ਪਾਸ ਅਜਿਹੀ ਗੰਭੀਰ ਸਥਿਤੀ ਵਿਚੋਂ ਨਿਕਲਣ ਲਈ ਕੋਈ ਰੋਡਮੈਪ (ਯੋਜਨਾ) ਹੈ।

ਆਰਥਿਕਤਾ ਵੀ ਮਨੁੱਖੀ ਸਰੀਰ ਵਾਂਗ ਹੀ ਹੈ। ਜਦ ਵੀ ਸਰੀਰ ਦੇ ਕਿਸੇ ਮਹੱਤਵਪੂਰਨ ਅੰਗ ਵਿੱਚ ਕੋਈ ਗੰਭੀਰ ਖਰਾਬੀ ਹੋਣੀ ਸ਼ੁਰੂ ਹੋ ਜਾਂਦੀ ਹੈ ਤਾਂ (ਜੇਕਰ ਉਸਦਾ ਵੇਲੇ ਸਿਰ ਸਹੀ ਇਲਾਜ ਨਾ ਕੀਤਾ ਜਾਵੇ ਤਾਂ) ਸਮਾਂ ਪਾ ਕੇ ਸਰੀਰ ਦੇ ਹੋਰ ਮਹੱਤਵਪੂਰਨ ਅੰਗਾਂ ਉਪਰ ਵੀ ਉਸਦਾ ਦੁਰ–ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਜਦ ਕਿਡਨੀ ਜਾਂ ਲਿਵਰ (ਜਿਗਰ) ਜਾਂ ਦਿਲ ਵਿੱਚੋਂ ਕੋਈ ਵੀ ਅੰਗ ਸੰਕਟ–ਗ੍ਰਸਤ ਹੁੰਦਾ ਹੈ ਤਾਂ ਸਰੀਰ ਦੇ ਦੂਜੇ ਮਹੱਤਵਪੂਰਨ ਅੰਗ ਪ੍ਰਭਾਵਿਤ ਹੋਣੋ

ਨਹੀਂ ਬਚ ਸਕਦੇ। ਪਰ ਜੇ ਸਮਾਂ ਰਹਿੰਦਿਆਂ ਪੁਖਤਾ ਇਲਾਜ ਕਰ ਲਿਆ ਜਾਵੇ ਤਾਂ ਸਾਰੇ ਅੰਗ ਆਪਣੀ ਆਪਣੀ ਨਾਰਮਲ ਪ੍ਰਕ੍ਰਿਆ ਮੁੜ ਤੋਂ ਸ਼ੁਰੂ ਕਰ ਦਿੰਦੇ ਹਨ ਅਤੇ ਸਰੀਰ ਤੰਦਰੁਸਤ ਹੋ ਜਾਂਦਾ ਹੈ ਨਹੀਂ ਤਾਂ ਫਿਰ ਆਈ.ਸੀ.ਯੂ. ਵਿੱਚ ਪਹੁੰਚ ਜਾਂਦਾ ਹੈ। ਪੰਜਾਬ ਦੀ ਆਰਥਿਕਤਾ ਅੱਜ ਕੱਲ ਅਜਿਹੇ ਹੀ ਦੌਰ ਵਿਚੋਂ ਲੰਘ ਰਹੀ ਹੈ, ਭਾਵ ਆਈ.ਸੀ.ਯੂ. ਵਿੱਚ ਹੀ ਪਈ ਹੋਈ ਹੈ। ਤ੍ਰਾਸਦੀ ਇਹ ਹੈ ਕਿ ਸਰਕਾਰ, ਸਿਆਸਤਦਾਨ, ਅਫ਼ਸਰਸ਼ਾਹੀ ਅਤੇ ਲੋਕ ਇਸ ਗੱਲ ਨੂੰ ਮੰਨਣ ਲਈ ਹੀ ਤਿਆਰ ਨਹੀਂ। ਸਗੋਂ ਉਲਟਾ "ਸ਼ਾਈਲਾਕ" (ਵਿਲੀਅਮ ਸੈਕਸਪੀਅਰ ਦੇ ਨਾਟਕ ਮਰਚੈਂਟ ਆਫ ਵੀਨਸ ਦਾ ਇੱਕ ਪਾਤਰ) ਵਾਂਗ ਆਰਥਿਕਤਾ ਨੂੰ ਲੁੱਟ ਰਹੇ ਹਨ, ਦੂਜੇ ਸ਼ਬਦਾਂ ਵਿੱਚ ਜਿਸ ਦਰਖਤ ਤੇ ਬੈਠੇ ਹਨ, ਉਸ ਨੂੰ ਹੀ ਵੱਢ-ਵੱਢ ਖਾ ਰਹੇ ਹਨ। ਪਰ ਅਜੇ ਵੀ ਪੰਜਾਬ ਦੀ ਆਰਥਿਕਤਾ ਮੁੜ—ਸੁਰਜੀਤ ਕੀਤੀ ਜਾ ਸਕਦੀ ਹੈ ਜੇਕਰ ਅਸੀਂ "ਮੈਂ ਨਾ ਮਾਨੂੰ" ਵਾਲੀ ਸਥਿਤੀ ਵਿਚੋਂ ਬਾਹਰ ਨਿਕਲ ਕੇ ਬੀਮਾਰੀ ਦੀ ਸਹੀ ਨਿਸ਼ਾਨਦੇਹੀ ਕਰਕੇ ਠੀਕ ਦਿਸ਼ਾ ਵੱਲ ਇਲਾਜ ਸ਼ੁਰੂ ਕਰ ਦਈਏ ਅਤੇ ਰਾਜਨੀਤਕ ਪਾਰਟੀਆਂ ਸਸਤੀ ਸ਼ੋਸ਼ੇਬਾਜ਼ੀ ਵਾਲੀ ਸਿਆਸਤ ਛਡਕੇ ਪੰਜਾਬ ਦੀ ਆਰਥਿਕ ਮੁੜ—ਸੁਰਜੀਤੀ ਲਈ ਈਮਾਨਦਾਰੀ ਅਤੇ ਨਿੱਜ ਤੋਂ ਉਪਰ ਉਠ ਕੇ ਕੰਮ ਕਰਨ। ਨਹੀਂ ਤਾਂ ਫਿਰ ਫ਼ਰੀਦ ਜੀ ਦੇ ਕਥਨ ਵਿੱਚ ਦਿੱਤੀ ਨਸੀਹਤ ਦੀ ਤਰ੍ਹਾਂ "ਬੇੜਾ ਬੰਧਿ ਨ ਸਕਿਓ ਬੰਧਨ ਕੀ ਬੇਲਾ। ਭਰਿ ਸਰਵਰ ਜਬ ਊਛਲੇ ਤਬ ਤਰਣੁ ਦੁਹੇਲਾ।" ਵਾਲਾ ਹਾਲ ਹੀ ਹੋਵੇਗਾ। ਰਾਜਨੀਤਕ ਪਾਰਟੀਆਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾ ਦੀ ਹੋਂਦ ਪੰਜਾਬ ਦੀ ਹੋਂਦ ਨਾਲ ਹੀ ਬੱਝੀ ਹੋਈ ਹੈ।

**ਕਰਜ਼ੇ ਦਾ ਮੱਕੜ ਜਾਲ**

ਪੰਜਾਬ ਸਰਕਾਰ ਸਿਰ ਨਿੱਤ ਵੱਧ ਰਹੇ ਕਰਜ਼ੇ ਨੇ ਪੰਜਾਬ ਨੂੰ ਕਰਜ਼ੇ ਦੇ ਮੱਕੜਜਾਲ (debt trap) ਵਿੱਚ ਫਸਾ ਦਿੱਤਾ ਹੈ। ਟੇਬਲ 6 ਤੋਂ ਸਪਸ਼ਟ ਹੈ ਕਿ ਵਿੱਤੀ ਸਾਲ 2022—23 ਵਿੱਚ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਰਾਸ਼ੀ 382935 ਕਰੋੜ ਰੁਪਏ ਸੀ, ਜੋ ਪੰਜਾਬ ਦੀ ਸਮੁੱਚੀ ਆਮਦਨ ਦਾ 47.30 ਫੀਸਦੀ ਬਣਦਾ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ (RBI) ਅਨੁਸਾਰ ਇਹ ਮੁੱਖ ਰਾਜਾਂ ਵਿਚੋਂ ਸਭ ਤੋਂ ਉੱਚਾ ਅਨੁਪਾਤ ਸੀ। ਟੇਬਲ 6 ਵਿੱਚ 1980—81 ਤੋਂ ਲੈ ਕੇ ਪੰਜਾਬ ਸਰਕਾਰ ਸਿਰ ਕਰਜ਼ਾ ਵਧਣ ਦਾ ਰਿਕਾਰਡ ਪੇਸ਼ ਕੀਤਾ ਗਿਆ ਹੈ। ਅੰਕੜਿਆਂ ਤੋਂ ਸਪਸ਼ਟ ਹੈ ਕਿ ਸਾਲ 1980—81 ਵਿੱਚ ਪੰਜਾਬ ਸਰਕਾਰ ਸਿਰ ਕਰਜਾ ਕੇਵਲ 1009 ਕਰੋੜ ਰੁਪਏ ਸੀ ਜੋ ਕਿ ਸੂਬੇ ਦੀ ਆਮਦਨ (GSDP) ਦਾ ਕੇਵਲ 21.12 ਫੀਸਦੀ ਸੀ ਅਤੇ ਸਰਕਾਰ ਦੀ ਕੁਲ ਮਾਲੀਆ ਰਾਸ਼ੀ (Total Revenue Recipt) ਦਾ 178 ਫੀਸਦੀ ਸੀ। ਸਾਲ 1990—91 ਵਿੱਚ ਕਰਜ਼ੇ ਦੀ ਰਾਸ਼ੀ 7102 ਕਰੋੜ ਸੀ ਜੋ ਸਮੁੱਚੀ ਆਮਦਨ ਦਾ 37.61 ਫੀਸਦੀ ਸੀ। ਉਸ ਤੋਂ ਬਾਅਦ 2001—02 ਵਿੱਚ ਕਰਜਾ ਵੱਧਕੇ 34063 ਕਰੋੜ ਰੁਪਏ ਹੋ ਗਿਆ ਜਦ ਕਿ 2010—11 ਵਿੱਚ ਕਰਜਾ ਵਧ ਕੇ 83099 ਕਰੋੜ ਰੁਪਏ ਹੋ ਗਿਆ। ਅਗਲੇ

ਪੰਜ ਸਾਲਾਂ (2016—17 ਵਿਚ) ਕਰਜ਼ੇ ਦਾ ਬੋਝ 182526 ਕਰੋੜ ਰੁਪਏ ਹੋ ਗਿਆ। ਸਾਲ 2021—22 ਵਿੱਚ ਕਰਜੇ ਦੀ ਰਾਸ਼ੀ 281773 ਕਰੋੜ ਰੁਪਏ ਹੋ ਗਈ। ਸਾਲ 2022—23 ਵਿੱਚ ਕਰਜ਼ਾ ਵਧਕੇ 314221 ਕਰੋੜ, 2023—24 ਵਿੱਚ 346185 ਕਰੋੜ ਅਤੇ 2024—25 ਵਿੱਚ 382935 ਕਰੋੜ ਰੁਪਏ ਹੋ ਗਿਆ। ਸਾਲ 2025—26 ਦੇ ਅੰਤ ਤੱਕ ਕਰਜਾ 417136 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।

Table 6: Outstanding public debt of Punjab:1980-81 to 2023-24

**Table 6: Outstanding public debt of Punjab: 1980-81 to 2023-24**

| Year | Debt (Rs. Crore) | Annual Average ↑ese (Rs. crore) | Debt as % of GSDP | Debt as % of TRR | Debt as %of OTR | Power Subsidy % of TRR | Interest as % of Total Revenue expenditure | Int. as % of TRR |
|---|---|---|---|---|---|---|---|---|
| 1980-81 | 1009 | | 21.02 | 178 | 289 | - | | |
| 1990-91 | 7102 | 609 | 37.61 | 359 | 550 | - | | |
| 2001-02 | 34063 | 2696 | 42.74 | 310 | 706 | - | | |
| 2006-07 | 51155 | 3418 | 40.24 | 249 | 567 | 8.19 | | |
| 2011-12 | 83099 | 6389 | 31.7 | 317 | 441 | 12.25 | 18.87 | 23.94 |
| 2016-17 | 182526 | 19885 | 42.74 | 312 | 657 | 12.68 | 22.26 | 24.26 |
| 2021-22 | 281773 | 19849 | 48.24 | 362 | 760 | 17.20 | 19.73 | 24.39 |
| 2022-23 | 314221 | 32448/ | 46.68 | 359 | 744 | 23.06 | 17.51 | 22.72 |
| 2023-24 | 346185 | 31964 | 46.47 | 347 | 668 | 21.73 | 18.33 | 22.24 |
| 2024-25 (RE) | 382935 | 36750 | 47.30 | 360 | 635 | 21.67 | 18.80 | 23.00 |
| 2025-26 (BE) | 417136 | 34201 | 46.80 | 373 | 660 | 18.35 | 18.42 | 22.37 |

Source: Punjab Govt. Budgets of various years; RBI Handbook on Statistics of Indian Economy (various years.).

Note: In 2015-16 outstanding debt was Rs. 128836 crore but in 2016-17, it jumped to Rs. 182526 crore; the abnormal increase was mainly due to conversion of Cash Credit Limit (CCL) of Rs. 30584 crore into a long term debt for the state government. In 2015-16, GoP also borrowed Rs. 5597 crore on account of Uday Scheme and in 2016-17 the borrowing for this scheme was 10031.

GSDP: Gross state domestic product; TRR: Total revenue receipts; OTR: own tax revenue; RE: revised estimates; and BE: Budget estimates, P-Provisional

ਦਿਲਚਸਪ ਗੱਲ ਇਹ ਹੈ ਕਿ 1980ਵਿਆਂ ਦੇ ਦਹਾਕੇ ਵਿੱਚ ਪੰਜਾਬ ਸਿਰ ਹਰ

ਸਾਲ 609 ਕਰੋੜ ਰੁਪਏ ਦਾ ਕਰਜਾ ਚੜ੍ਹਿਆ ਸੀ। ਉਸ ਤੋਂ ਅਗਲੇ ਦਹਾਕੇ ਦੌਰਾਨ ਕਰਜਾ 2696 ਕਰੋੜ ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਵਧਿਆ। ਸਾਲ 2001—02 ਅਤੇ 2006—07 ਦੌਰਾਨ ਕਰਜਾ 3418 ਕਰੋੜ ਰੁਪਏ ਪ੍ਰਤੀ ਸਾਲ ਵਧਿਆ। 2006—07 ਤੋਂ 2011—12 ਦੌਰਾਨ ਕਰਜਾ ਵੱਧਣ ਦੀ ਸਲਾਨਾ ਦਰ 6389 ਕਰੋੜ ਰੁਪਏ ਸੀ ਜਦ ਕਿ ਅਗਲੇ ਪੰਜ ਸਾਲਾਂ ਦੌਰਾਨ ਕਰਜਾ ਵੱਧਣ ਦੀ ਸਲਾਨਾ ਦਰ 19885 ਕਰੋੜ ਰੁਪਏ ਸੀ। ਉਸ ਤੋਂ ਅਗਲੇ ਪੰਜ ਸਾਲਾਂ ਦੌਰਾਨ ਵੀ ਕਰਜਾ 19849 ਕਰੋੜ ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਵਧਿਆ। ਪਰ ਮੌਜੂਦਾ ਸਰਕਾਰ ਦੇ ਤਿੰਨ ਸਾਲਾਂ (2022—23, 2023—24 ਅਤੇ 2024—25) ਦੌਰਾਨ ਪ੍ਰਤੀ ਸਾਲ 33721 ਕਰੋੜ ਰੁਪਏ ਦੀ ਦਰ ਦੇ ਹਿਸਾਬ ਨਾਲ ਕਰਜਾ ਵਧਿਆ। ਸਾਲ 2025—26 ਦੇ ਬੱਜਟ ਵਿੱਚ 49900 ਕਰੋੜ ਰੁਪਏ ਹੋਰ ਕਰਜਾ ਲੈਣ ਦੀ ਵਿਵਸਥਾ ਕੀਤੀ ਗਈ ਹੈ।

ਇੱਥੇ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਖਾੜਕੂਵਾਦ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਨੇ ਕੇਂਦਰ ਤੋਂ ਸਾਲ 1984—85 ਅਤੇ 1993—94 ਦੌਰਾਨ 5799.92 ਕਰੋੜ ਰੁਪਏ ਦਾ ਸਪੈਸ਼ਲ ਟਰਮ ਕਰਜਾ ਲਿਆ ਸੀ। ਇਸ ਕਰਜੇ ਵਿੱਚੋਂ 5028.68 ਕਰੋੜ ਰੁਪਏ ਦਾ ਕਰਜ਼ਾ 1995—96 ਅਤੇ 2006—07 ਦੌਰਾਨ ਕੇਂਦਰ ਵਲੋਂ ਮੁਆਫ਼ ਕਰ ਦਿੱਤਾ ਗਿਆ ਸੀ (Lok Sabha, 2017)। ਸਪਸ਼ਟ ਹੈ ਕਿ ਪੰਜਾਬ ਸਿਰ ਕਰਜ਼ੇ ਦਾ ਬੋਝ ਵਧਣ ਦੀ ਜ਼ਿੰਮੇਵਾਰੀ ਕੇਵਲ ਤੇ ਕੇਵਲ ਖਾੜਕੂਵਾਦ ਵੇਲੇ ਲਏ ਗਏ ਕਰਜ਼ੇ ਸਿਰ ਮੜ੍ਹਨੀ ਵਾਜਿਬ ਨਹੀਂ ਹੈ ਕਿਉਂਕਿ ਉਸ ਸਮੇਂ ਚੜ੍ਹੇ ਕਰਜ਼ੇ ਵਿੱਚੋਂ 5029 ਕਰੋੜ ਰੁਪਏ (90.15 ਫੀਸਦੀ) ਤਾਂ ਕੇਂਦਰ ਸਰਕਾਰ ਨੇ ਮੁਆਫ਼ ਕਰ ਦਿੱਤਾ ਸੀ।

ਧਿਆਨ ਦੇਣ ਯੋਗ ਹੈ ਕਿ (2011—12 ਨੂੰ ਛੱਡਕੇ) 2001—02 ਤੋਂ ਕਰਜ਼ੇ ਅਤੇ ਆਮਦਨ ਦਾ ਅਨੁਪਾਤ 40 ਫੀਸਦੀ ਤੋਂ ਉਪਰ ਰਿਹਾ। ਸਾਲ 2021—22 ਵਿੱਚ ਤਾਂ ਇਹ ਅਨੁਪਾਤ 48.24 ਫੀਸਦੀ ਹੋ ਗਿਆ। ਉਸ ਤੋਂ ਬਾਅਦ ਵਿੱਚ ਕਰਜ਼ਾ—ਆਮਦਨ ਅਨੁਪਾਤ 47 ਫੀਸਦੀ ਦੇ ਆਸ ਪਾਸ ਰਿਹਾ। ਇੱਥੇ ਆਮਦਨ ਤੋਂ ਭਾਵ ਪੰਜਾਬ ਰਾਜ ਵਿੱਚ ਇੱਕ ਵਿੱਤੀ ਸਾਲ ਦੌਰਾਨ ਜੋ ਵੀ ਚੀਜ਼ਾ/ਵਸਤਾਂ ਦਾ ਉਤਪਾਦਨ ਹੁੰਦਾ ਹੈ (ਉਸ ਦਾ ਮੁਦਰਿਕ ਮੁੱਲ) ਅਤੇ ਸੇਵਾਵਾਂ ਦੇ ਮੁਲ ਦਾ ਸਮੁੱਚਾ ਜੋੜ। ਦੂਜੇ ਸ਼ਬਦਾਂ ਵਿੱਚ ਪੰਜਾਬ ਵਿੱਚ ਮੁੱਢਲੇ ਸੈਕਟਰ, ਸੈਕੰਡਰੀ ਸੈਕਟਰ ਅਤੇ ਸੇਵਾਵਾਂ ਦੇ ਸੈਕਟਰ ਵਿੱਚ ਕੁਲ ਉਤਪਾਦਨ ਦੇ ਮੁਦਰਿਕ ਮੁੱਲ ਨੂੰ ਹੀ ਪੰਜਾਬ ਦੀ ਸਮੁੱਚੀ ਆਮਦਨ ਕਿਹਾ ਜਾਂਦਾ ਹੈ (ਆਰਥਿਕਤਾ ਦੇ ਸੈਕਟਰ ਅੰਤਿਕਾ1 ਵਿੱਚ ਦਰਸਾਏ ਗਏ ਹਨ)।

ਟੇਬਲ 6 ਦੇ ਪੰਜਵੇਂ ਖਾਨੇ ਉਪਰ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ। ਇਸ ਵਿਚ ਪੰਜਾਬ ਸਰਕਾਰ ਸਿਰ ਕਰਜ਼ੇ ਅਤੇ ਉਸਦੀ ਕੁੱਲ ਮਾਲੀਆ ਆਮਦਨ ਦਾ ਅਨੁਪਾਤ ਵਿਖਾਇਆ ਗਿਆ ਹੈ। ਅੰਕੜਿਆਂ ਤੋਂ ਸਪਸ਼ਟ ਹੈ ਕਿ ਇਹ ਅਨੁਪਾਤ ਲਗਾਤਾਰ 300 ਫੀਸਦੀ ਤੋਂ ਉਪਰ ਰਿਹਾ ਹੈ। ਸਾਲ 2021—22 ਵਿੱਚ ਪੰਜਾਬ ਸਰਕਾਰ ਦਾ ਕਰਜ਼ਾ ਉਸ ਦੀ ਮਾਲੀਆ ਆਮਦਨ ਦਾ 362 ਫੀਸਦੀ ਸੀ। ਇਹ ਅਨੁਪਾਤ ਵੱਧਕੇ

2025—26 ਵਿੱਚ 373 ਫੀਸਦੀ ਹੋਣ ਦੀ ਸੰਭਾਵਨਾ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਲ 2022—23 ਵਿੱਚ ਮਾਲੀਏ ਦਾ 22.72 ਫੀਸਦੀ ਕਰਜ਼ੇ ਉਪਰ ਵਿਆਜ ਦੀ ਅਦਾਇਗੀ ਅਤੇ 18.37 ਫੀਸਦੀ ਮੂਲ ਉਪਰ ਕਿਸ਼ਤ ਦੀ ਵਾਪਸੀ ਉਪਰ ਹੀ ਖਰਚ ਹੋ ਰਿਹਾ ਸੀ। ਦੂਜੇ ਸ਼ਬਦਾਂ ਵਿੱਚ 41 ਫੀਸਦੀ ਦੇ ਕਰੀਬ ਤਾਂ ਮਾਲੀਆ ਕਰਜ਼ਾ ਵਾਪਸੀ ਉਪਰ ਹੀ ਜਾ ਰਿਹਾ ਹੈ। ਇੱਕ ਗੱਲ ਹੋਰ ਕਰਜ਼ਾ ਉਤਾਰਨ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ। ਉਪਰੋਕਤ ਦੋਹਾਂ ਅਨੁਪਾਤਾਂ (ਕਰਜ਼ਾ—ਕੁਲ—ਆਮਦਨ ਅਨੁਪਾਤ ਅਤੇ ਕਰਜ਼ਾ—ਮਾਲੀਆ ਅਨੁਪਾਤ) ਤੋਂ ਸਪਸ਼ਟ ਹੈ ਕਿ ਮੌਜੂਦਾ ਹਾਲਤਾਂ ਵਿੱਚ ਪੰਜਾਬ ਸਰਕਾਰ ਸਿਰ ਕਰਜ਼ੇ ਦਾ ਬੋਝ ਇੰਨਾ ਵੱਧ ਗਿਆ ਹੈ ਕਿ ਬਿਨਾਂ ਕਿਸੇ ਠੋਸ ਨੀਤੀ ਤੋਂ ਕਰਜ਼ਾ ਉਤਾਰ ਸਕਣਾ ਅਸੰਭਵ ਹੈ। ਕਰਜੇ ਦਾ ਬੋਝ ਘਟਾਉਣ ਲਈ ਚਾਰ ਕੰਮ ਕਰਨੇ ਅਤਿ ਜ਼ਰੂਰੀ ਹਨ: ਪਹਿਲਾ, ਵਿੱਤੀ ਪ੍ਰਬੰਧ ਠੀਕ ਕਰਕੇ ਸਰਕਾਰ ਦੀ ਵਿੱਤੀ ਸਿਹਤ ਠੀਕ ਕਰਨਾ। ਦੂਜਾ, ਖਜ਼ਾਨੇ ਵਿੱਚ ਜਿਨਾ ਸੰਭਾਵਿਤ ਵਿੱਤ ਆ ਸਕਦਾ ਹੈ, ਲਿਆਉਣਾ ਅਤੇ ਉਸ ਦੀ ਠੀਕ ਤਰੀਕੇ ਨਾਲ ਵਰਤੋਂ ਕਰਨੀ। ਤੀਜਾ, ਨਿਵੇਸ਼—ਆਮਦਨ ਅਨੁਪਾਤ ਵਧਾਕੇ ਵਿਕਾਸ ਦਰ ਉਪਰ ਚੁੱਕਣਾ। ਚੌਥਾ, ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੂੰ ਤਰਕ ਸੰਗਤ ਬਣਾਉਣਾ।

ਉਪਰੋਕਤ ਬਿਰਤਾਂਤ ਤੋਂ ਸਪਸ਼ਟ ਹੈ ਕਿ ਸਰਕਾਰ ਨੂੰ ਉਪਲਬਧ ਵਿੱਤੀ ਸਾਧਨਾ ਦੀ ਸਹੀ ਤਰੀਕੇ ਨਾਲ ਵਰਤੋਂ ਕਰਨ ਦੇ ਨਾਲ—ਨਾਲ ਹੋਰ ਵਿੱਤੀ ਸਾਧਨ (ਜਿਸਦੀ ਬਹੁਤ ਸੰਭਾਵਨਾ ਹੈ) ਖਜ਼ਾਨੇ ਵਿੱਚ ਲਿਆਉਣ ਦੇ ਵੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਯਤਨ ਕਰਨੇ ਪੈਣਗੇ। ਪੰਜਾਬ ਦੇ ਛੇਵੇਂ ਵਿੱਤ ਕਮਿਸ਼ਨ (Gop, 2022) ਦੇ ਅਨੁਸਾਰ ਟੈਕਸ ਪ੍ਰਣਾਲੀ ਠੀਕ ਕਰਕੇ ਅਤੇ ਵਿੱਤੀ ਸਾਧਨਾਂ ਵਿੱਚ ਹੋ ਰਹੀ ਘਪਲੇਬਾਜੀ ਠੀਕ ਕਰਕੇ ਬਿਨਾ ਕਿਸੇ ਨਵੇਂ ਟੈਕਸ ਤੋਂ 28500 ਕਰੋੜ ਰੁਪਏ ਸਲਾਨਾ ਹੋਰ ਖਜ਼ਾਨੇ ਵਿੱਚ ਲਿਆਂਦੇ ਜਾ ਸਕਦੇ ਹਨ (ਅੰਤਿਕਾ 2 ਤੇ ਇਸਦੀ ਡਿਟੇਲ ਦਿੱਤੀ ਹੋਈ ਹੈ)। ਇਸ ਤੋਂ ਇਲਾਵਾ ਵਿਕਾਸ ਫੰਡਾਂ ਅਤੇ ਸਮਾਜ—ਭਲਾਈ ਦੀਆਂ ਵੱਖ ਵੱਖ ਮੱਦਾਂ ਵਿੱਚ ਹੋ ਰਹੀ ਘਪਲੇਬਾਜ਼ੀ ਅਤੇ ਰਿਸ਼ਵਤਖੋਰੀ ਘਟਾਉਣ ਨਾਲ ਵੀ ਕਾਫ਼ੀ ਮਾਤਰਾ ਵਿੱਚ ਵਿੱਤੀ—ਸਾਧਨ ਬਚਾਏ ਜਾ ਸਕਦੇ ਹਨ। ਹਾਲਾਤ ਇਹ ਹਨ ਕਿ ਉਪਰੋਕਤ ਸਾਰੇ ਕਿਸਮ ਦੀ ਘਪਲੇਬਾਜ਼ੀ ਅਤੇ ਧਾਂਦਲੀ ਘਟਣ ਦੀ ਥਾਂ ਸਾਲ—ਦਰ—ਸਾਲ ਵਧਦੀ ਹੀ ਜਾ ਰਹੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ (2019—21) ਅਨੁਸਾਰ ਪੰਜਾਬ ਵਿੱਚ 60.6 ਫੀਸਦੀ ਵਸੋਂ ਉਪਰਲੇ 25 ਫੀਸਦੀ ਧੰਨ—ਸਮੂਹ ਵਿੱਚ ਹੈ। ਇਸਦਾ ਮਤਲਬ ਹੈ ਕਿ ਤਰਰੀਬਨ 61 ਫੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਪਾਸੋਂ ਹੋਰ ਵਿੱਤੀ ਸਾਧਨ ਇਕੱਠੇ ਕੀਤੇ ਜਾਣ ਦੀ ਸੰਭਾਵਨਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਉਪਰੋਤ ਸਾਰੇ ਬਿਰਤਾਂਤ ਦੇ ਪ੍ਰਸੰਗ ਵਿੱਚ ਪੰਜਾਬ ਨੂੰ ਆਰਥਿਕ ਪੱਖੋਂ ਠੀਕ ਲੀਹਾਂ ਤੇ ਪਾਉਣ ਲਈ ਕੀ ਕੀਤਾ ਜਾਵੇ।

**ਅੱਗੇ ਦਾ ਰਾਹ**

ਪੰਜਾਬ ਦੀ ਆਰਥਿਕ ਮੁੜ—ਸੁਰਜੀਤੀ ਲਈ ਸਭ ਤੋਂ ਪਹਿਲੀ ਸ਼ਰਤ ਹੈ ਕਿ ਇਹ ਮੰਨਿਆ ਜਾਵੇ ਕਿ ਪੰਜਾਬ ਦੀ ਆਰਥਿਕਤਾ ਨਾ ਕੇਵਲ ਗੰਭੀਰ ਸੰਕਟ ਦਾ ਸ਼ਿਕਾਰ ਬਲਕਿ ਦਲਦਲ ਵਿੱਚ ਫਸੀ ਹੋਈ ਹੈ। ਉਸ ਤੋਂ ਬਾਅਦ ਸਮੱਸਿਆ ਅਤੇ ਬਿਮਾਰੀ ਦੀ ਸਹੀ ਨਿਸ਼ਾਨਦੇਹੀ ਕੀਤੀ ਜਾਵੇ। ਇਸ ਲਈ ਬਾਹਰਲੇ "ਮਾਹਿਰਾਂ" ਦੀ ਥਾਂ ਪੰਜਾਬ ਦੇ ਮਾਹਿਰਾਂ ਦੇ ਸਹਿਯੋਗ ਅਤੇ ਸਲਾਹ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ ਅਤੇ 'ਘਰ ਦਾ ਜੋਗੀ ਜੋਗੜਾ ਅਤੇ ਬਾਹਰ ਦਾ ਜੋਗੀ ਸਿੱਧ' ਵਾਲੀ ਸੋਚ ਅਤੇ ਨੀਤੀ ਤੋਂ ਗੁਰੇਜ਼ ਕੀਤਾ ਜਾਵੇ। ਸਾਰੀਆਂ ਸੰਸਥਾਵਾਂ ਨੂੰ ਸਹੀ ਰੂਪ ਵਿੱਚ ਕਾਰਜਸ਼ੀਲ ਕੀਤਾ ਜਾਵੇ ਅਤੇ ਨਿਵੇਸ਼ ਲਈ ਅਨੁਕੂਲ ਮਾਹੌਲ ਸਥਾਪਤ ਕੀਤਾ ਜਾਵੇ। ਇਸ ਤੋਂ ਇਲਾਵਾ ਜਨਤਕ ਸਾਧਨਾਂ ਦੀ ਈਮਾਨਦਾਰੀ, ਸਮਝਦਾਰੀ ਅਤੇ ਪਾਰਦਰਸ਼ਤਾ ਨਾਲ ਵਰਤੋਂ ਕੀਤੀ ਜਾਵੇ ਅਤੇ ਵਿਕਾਸ ਕਾਰਜਾਂ ਉਪਰ ਕੀਤੇ ਜਾ ਰਹੇ ਖਰਚ ਦਾ ਨਾ ਕੇਵਲ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਉਪਯੋਗ ਕੀਤਾ ਜਾਵੇ ਸਗੋਂ ਉਸਦੇ ਪਰਿਣਾਮ ਉਪਰ ਵੀ ਕਰੜੀ ਨਜ਼ਰ ਰੱਖੀ ਜਾਵੇ ਤਾਂ ਕਿ ਖਰਚ ਕੀਤੀ ਰਾਸ਼ੀ ਨਾਲ ਸਹੀ ਨਤੀਜੇ ਮਿਲ ਸਕਣ।

ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੂੰ ਵੀ ਤਰਕਸੰਗਤ ਬਣਾਉਣਾ ਪਵੇਗਾ। ਸਰਕਾਰ ਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਪੰਜਾਬ ਦੇ ਲੋਕਾਂ ਨੂੰ ਸ੍ਵੈਮਾਣ ਵਾਲੀ ਜ਼ਿੰਦਗੀ ਦੇਣਾ ਚਾਹੁੰਦੇ ਹਨ ਜਾਂ ਤਰਕਹੀਣ ਮੁਫ਼ਤ ਸਹੂਲਤਾਂ ਦੇ ਕੇ ਉਨ੍ਹਾਂ ਨੂੰ ਨਿਕੰਮੇ ਅਤੇ ਨਕਾਰਾ ਬਣਾਉਣਾ ਚਾਹੁੰਦੇ ਹਨ। ਇਹ ਵੀ ਫ਼ੈਸਲਾ ਕਰਨਾ ਹੋਵੇਗਾ ਕਿ ਲੋਕਾ ਨੂੰ ਯੋਗ ਬਣਾਉਣਾ ਚਾਹੁੰਦੇ ਹਨ ਜਾਂ ਆਯੋਗ। ਸਰਕਾਰੀ ਖਜ਼ਾਨੇ ਵਿੱਚ ਜਿੰਨੇ ਵੀ ਸੰਭਾਵਿਤ ਸਾਧਨ ਆ ਸਕਦੇ ਹੋਣ, ਲਿਆਂਦੇ ਜਾਣ ਅਤੇ ਉਨ੍ਹਾਂ ਦੀ ਸੁਹਿਰਦਤਾ ਨਾਲ ਵਰਤੋਂ ਕੀਤੀ ਜਾਵੇ। ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇੱਕ—ਜੁੱਟ ਹੋ ਕੇ ਪੰਜਾਬ ਦੀ ਬਿਹਤਰੀ ਲਈ ਕੰਮ ਕਰਨਾ ਹੋਵੇਗਾ, ਜੇਕਰ ਪੰਜਾਬ ਦੀ ਹੋਂਦ ਸੰਕਟ ਵਿੱਚ ਹੋਵੇਗੀ ਤਾਂ ਸਿਆਸੀ ਪਾਰਟੀਆਂ ਦੀ ਹੋਂਦ ਨੂੰ ਵੀ ਖਤਰਾ ਹੋਵੇਗਾ।

ਕੇਂਦਰ ਸਰਕਾਰ ਤੋਂ ਸਪੈਸ਼ਲ ਪੈਕੇਜ ਅਤੇ ਸਪੈਸ਼ਲ ਸਟੇਟਸ (ਖਾਸ ਕਰਕੇ ਬਾਰਡਰ ਅਤੇ ਨੀਮ—ਪਹਾੜੀ ਖੇਤਰਾਂ ਲਈ) ਲੈਣ ਲਈ ਵੀ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਸੰਗਠਤ ਹੋ ਕੇ ਅਤੇ ਬੁਲੰਦ ਆਵਾਜ਼ ਉਠਾਉਣੀ ਚਾਹੀਦੀ ਹੈ (Ghuman, 2025)। ਕੇਂਦਰੀ ਸਕੀਮਾਂ ਦਾ ਵੀ ਪੂਰਾ ਪੂਰਾ ਫਾਇਦਾ ਚੁੱਕਣਾ ਚਾਹੀਦਾ ਹੈ ਪਰ ਉਨ੍ਹਾਂ ਵਿੱਚ ਆਪਣਾ ਹਿੱਸਾ ਪਾਉਣ ਲਈ ਵਿੱਤੀ ਸਾਧਨ ਵੀ ਜੁਟਾਉਣੇ ਪੈਣਗੇ। ਜਨਤਕ ਅਤੇ ਨਿਜੀ ਨਿਵੇਸ਼ ਨੂੰ ਵੀ ਉਤਸ਼ਾਹਿਤ ਕਰਨਾ ਹੋਵੇਗਾ। ਵਾਹਗਾ—ਅਟਾਰੀ ਬਾਰਡਰ ਰਾਹੀਂ ਵਪਾਰ ਮੁੜ ਸ਼ੁਰੂ ਕਰਨ ਅਤੇ ਇਸਦਾ ਸਕੇਲ ਵਧਾਉਣ ਲਈ ਵੀ ਕੇਂਦਰ ਸਰਕਾਰ ਉਪਰ ਦਬਾਅ ਬਣਾਉਣ ਦੀ ਲੋੜ ਹੈ। ਕਾਨੂੰਨ ਪ੍ਰਬੰਧ ਦੇ ਨਾਲ ਨਾਲ ਮੁੜ ਵਿਕਾਸ ਵੱਲ ਰੁਖ਼ ਕਰਨਾ ਪਵੇਗਾ ਕਿਉਂਕਿ ਵਿਕਾਸ ਤੋਂ ਬਿਨਾ ਨਾ ਤਾਂ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਨਾ ਹੀ ਰਾਜ ਦੀ ਆਮਦਨ ਵਧੇਗੀ ਅਤੇ ਨਾ ਹੀ ਜਨਤਕ—ਨਿਵੇਸ਼ ਵਧਾਉਣ ਦੀ ਸਮਰੱਥਾ ਵਧੇਗੀ। ਖੇਤੀ ਦੇ ਵਿਕਾਸ ਦੇ ਨਾਲ ਨਾਲ ਪੇਂਡੂ ਖੇਤਰਾਂ ਵਿੱਚ

ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਗ਼ੈਰ—ਖੇਤੀ ਸੈਕਟਰਾਂ ਨੂੰ ਵੀ ਵਿਕਸਤ ਕਰਨਾ ਹੋਵੇਗਾ। ਨੀਤੀ—ਅਧਰੰਗ ਵਾਲੇ ਜਮੂਦ ਨੂੰ ਤੋੜਨਾ ਹੋਵੇਗਾ ਅਤੇ ਵਿਕਾਸ ਪੱਖੀਆਂ ਨੀਤੀਆਂ ਬਣਾ ਕੇ, ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨੀਆਂ ਪੈਣਗੀਆਂ। ਪੁਖਤਾ ਨੀਤੀਆਂ (ਖੇਤੀ, ਉਦਯੋਗਿਕ ਅਤੇ ਸੇਵਾਵਾਂ) ਬਣਾਉਣੀਆਂ ਅਤੇ ਪ੍ਰਭਾਵਪੂਰਨ ਢੰਗ ਨਾਲ ਲਾਗੂ ਕਰਨੀਆਂ ਪੈਣਗੀਆਂ।

ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜੇਕਰ ਸਿਆਸੀ ਇੱਛਾ—ਸ਼ਕਤੀ ਹੋਵੇਗੀ ਅਤੇ ਹਰ ਕੰਮ ਦੂਰ-ਅੰਦੇਸ਼ੀ ਅਤੇ ਪ੍ਰਬਲ—ਇੱਛਾ ਸ਼ਕਤੀ ਨਾਲ ਕੀਤਾ ਜਾਵੇ। ਅਫ਼ਸਰਸ਼ਾਹੀ ਨੂੰ ਵੀ ਚੁਸਤ ਦਰੁਸਤ ਹੋਣਾ ਪਵੇਗਾ। ਅਕਾਦਮਿਕ ਖੇਤਰ ਵਿੱਚ ਕੰਮ ਕਰ ਰਹੇ ਵਿਅਕਤੀਆਂ ਅਤੇ ਬੁੱਧੀਜੀਵੀਆਂ ਨੂੰ ਵੀ ਆਪਣਾ ਰੋਲ ਇਮਾਨਦਾਰੀ ਨਾਲ ਨਿਭਾਉਣਾ ਹੋਵੇਗਾ। ਦੇਸ਼ ਦੀ ਅੰਨ—ਸਮੱਸਿਆ ਅਤੇ ਕੌਮੀ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਕੇਂਦਰ ਸਰਕਾਰ ਨੂੰ ਵੀ ਪੰਜਾਬ ਦੇ ਆਰਥਿਕ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਵਿਚਕਾਰ ਸਮਝਦਾਰੀ ਅਤੇ ਤਾਲਮੇਲ ਦਾ ਪੱਧਰ ਵਧਾਉਣ ਦੀ ਵੀ ਲੋੜ ਹੈ।

ਪੰਜਾਬ ਨੂੰ ਮੁੜ ਬੁਲੰਦੀਆਂ ਤੇ ਪਹੁੰਚਾਉਣਾ ਭਾਵੇਂ ਕਠਿਨ ਲੱਗਦਾ ਹੈ ਪਰ ਅਸੰਭਵ ਨਹੀਂ। ਪੰਜਾਬ ਦੀ ਨਿੱਘਰ ਰਹੀ ਆਰਥਿਕ ਸਥਿਤੀ ਨੂੰ ਮੋੜਾ ਦੇਣਾ ਸੰਭਵ ਹੈ ਜੇਕਰ ਸੱਤਾਧਾਰੀ ਰਾਜਸੀ ਪਾਰਟੀ (ਜੋ ਵੀ ਹੋਵੇ) ਸੱਤਾ ਵਿੱਚ ਆਉਣ ਤੋਂ ਬਾਅਦ ਅਗਲੀ ਚੋਣ ਜਿੱਤਣ ਦੀ ਝਾਕ ਛੱਡਕੇ ਇਹ ਫ਼ੈਸਲਾ ਕਰ ਲਵੇ ਕਿ ਪੰਜਾਬ ਦੀ ਪੁਨਰ—ਸੁਰਜੀਤੀ ਹੀ ਉਸਦਾ ਮੁੱਖ ਨਿਸ਼ਾਨਾ ਹੈ ਅਤੇ ਉਸ ਲਈ ਸਿਰ ਤੋੜ ਯਤਨ ਵੀ ਕਰੇ। ਵਿਰੋਧੀ ਪਾਰਟੀਆਂ ਨੂੰ ਆਪਣੇ ਨਾਲ ਲੈ ਕੇ ਚੱਲੇ ਅਤੇ ਕੇਂਦਰ ਸਰਕਾਰ ਨਾਲ ਵੀ ਸਹਿਯੋਗਤਾ ਵਾਲਾ ਤਾਲਮੇਲ ਸਥਾਪਤ ਕਰੇ। ਮੁੱਕਦੀ ਗੱਲ ਇਹ ਹੈ ਕਿ ਅਜਿਹਾ ਕਰਨ ਤੋਂ ਬਿਨਾ ਪੰਜਾਬ ਦੀ ਆਰਥਿਕ ਮੁੜ—ਸੁਰਜੀਤੀ ਹੋਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ। ਇਸ ਲਈ ਕਿਸੇ ਨਾ ਕਿਸੇ ਰਾਜਸੀ ਪਾਰਟੀ ਨੂੰ ਇਹ ਔਖਾ ਫ਼ੈਸਲਾ ਕਰਨਾ ਹੀ ਪਵੇਗਾ ਕਿਉਂਕਿ ਪੰਜਾਬ ਦੀ ਹੋਂਦ ਖਤਰੇ ਵਿੱਚ ਹੈ। ਜੇਕਰ ਕੋਈ ਵੀ ਰਾਜਸੀ ਪਾਰਟੀ ਸੱਤਾ ਵਿੱਚ ਆਉਣ ਤੋਂ ਬਾਅਦ ਪਹਿਲੇ ਦਿਨ ਤੋਂ ਹੀ ਅਜਿਹਾ ਫ਼ੈਸਲਾ ਕਰਕੇ ਇਮਾਨਦਾਰੀ ਅਤੇ ਤਨਦੇਹੀ ਨਾਲ ਸਰਕਾਰ ਚਲਾਵੇ ਤਾਂ ਕੋਈ ਵਜ੍ਹਾ ਨਹੀਂ ਕਿ ਪੰਜ ਸਾਲਾਂ ਵਿੱਚ ਪੰਜਾਬ ਦੀ ਆਰਥਿਕਤਾ ਨੂੰ ਹਾਂ—ਪੱਖੀ ਮੋੜਾ ਨਾ ਪਵੇ। ਪਰ ਇਸ ਲਈ ਸੱਤਾਧਾਰੀ ਪਾਰਟੀ ਨੂੰ 'ਪੰਜਾਬ ਪਹਿਲਾਂ' ਵਾਲਾ ਵਤੀਰਾ ਅਪਨਾਉਣਾ ਪਵੇਗਾ ਅਤੇ ਪੰਜਾਬ ਦੇ ਲੋਕਾਂ ਅਤੇ ਅਫ਼ਸਰਸ਼ਾਹੀ ਨੂੰ ਭਰਪੂਰ ਸਹਿਯੋਗ ਦੇਣਾ ਹੋਵੇਗਾ। ਸਰਕਾਰ ਨੂੰ ਬੁੱਧੀਜੀਵੀਆਂ ਅਤੇ ਆਰਥਿਕ ਮਾਹਿਰਾਂ ਦੀ ਰਾਇ ਵੀ ਸੁਣਨੀ ਪਵੇਗੀ।

ਪੰਜਾਬ ਦੀਆਂ ਸਾਰੀਆਂ ਧਿਰਾਂ (ਵਿਸ਼ੇਸ ਤੌਰ ਤੇ ਨੌਜੁਆਨਾ ਨੂੰ) ਨੂੰ ਪੰਜਾਬ ਦੀ ਆਰਥਿਕ ਪੁਨਰ-ਬਹਾਲੀ ਵਿੱਚ ਪੂਰੀ ਤਨਦੇਹੀ ਅਤੇ ਈਮਾਨਦਾਰੀ ਨਾਲ ਯੋਗਦਾਨ

ਪਾਉਣਾ ਪਵੇਗਾ।ਇਹ ਸਮਝਣਾ ਵੀ ਜ਼ਰੂਰੀ ਹੈ ਕਿ ਪਹਿਲਕਦਮੀ  ਪੰਜਾਬੀਆਂ ਨੂੰ ਹੀ ਕਰਨੀ ਪਵੇਗੀ। ਰੱਬ ਵੀ ਉਨ੍ਹਾਂ ਦੀ ਹੀ ਮਦਦ ਕਰਦਾ ਹੈ ਜਿਹੜੇ ਆਪਣੀ ਮਦਦ ਕਰਦੇ ਹਨ।

ਦੂਰੀਏ ਮੰਜ਼ਿਲ ਕਾ ਮਤਲਬ ਕੁਛ ਨਹੀਂ,  
ਬਸ ਇਰਾਦੋਂ ਕੀ ਕਮੀ ਕਾ ਨਾਮ ਹੈ।।  
ਅਤੇ  
ਅਹਿਲੇ ਹਿੰਮਤ ਕੇ ਲੀਏ ਦੂਰ ਨਹੀਂ ਹੈ ਮੰਜ਼ਿਲ,  
ਕੋਈ ਉਠੇ ਤੋ ਸਹੀ ਮੰਜ਼ਿਲ ਕਾ ਇਰਾਦਾ ਲੇਕਰ।।

**Refereneces**


Ahmed Ishtiaq (2011). *The Punjab Bloodied, partitioned and cleansed* (Ishtiaq Ahmed, Rupa Publications, New Delhi.

Bhalla, Sheila (1987), 'Trends in Employment in Indian agriculture, Land and Asset Distribution", *Indian Journal of Agricultural Economics*, Vol. 42 No. 4, October-December, pp-537-60.

Chand Ramesh and Jaspal Singh (2024). 'Performance of Agriculture Sector 2014-24: Implications for Short and Medium Strategy', Economic and Political weekly, Vol.59, no. 39, pp. 70-73.

CFC Central Finance Commission) Reports (12th CFC to 15th CFC (2001-02, 2006-07, 2012-13 and 2018-19).

Ghuman B.S (2024), 'Punjab must prioritise employment, employability to turn the tide', The Tribune, Chandigarh, p.11.

Ghuman R.S. (2020). 'Indo-Pak trade embargo has hit Punjab's economy', *The Tribune* (Chandigarh) 5 October.

Ghuman R.S. (2024). 'India, Pakistan must work out ways to revive trade ties', *The Tribune* (Chandigarh), 30 July.

Ghuman, R.S. (1986). *Indo-Pakistan Trade Relations, Deep & Deep Publications*, New Delhi.

Ghuman, R.S. (2025). 'Why Punjab deserves a special package and special status' The Tribune 7 June 2025

Ghuman, R.S. and Sharma, R. (2018). *Emerging water insecurity in India: Lessons from an agriculturally advanced state,* Cambridge Scholars Publishing, UK.

Gill, S.S (2002). 'Agricultural Crop Technology and Employment

Generation in Punjab' in *Future of Agriculture in Punjab*, eds. S.S. Johl and S.K. Ray; CRRID, Chandigarh, pp.56-68.

Govt. of Punjab (2022). *Report of the Sixth Punjab Finance Commission*, pp. 68 and 88.

Hussain Afaq & Nikita Singla (2020). *Unilateral Decisions Bilateral Losses*, Bureau of Research on Industry and Economic Fundamentals (BRIEF), New Delhi.

ILO and IHD (2024). *India Employment Report 2024: Youth employment, education and skills*, New Delhi.

Lok Sabha (2017). *Unstarred Question* No. 2106, Govt. of India.

NITI Ayog (2025). Expanding Quality Higher Education through States and State Public Universities: Policy Report, Table 4.1, p.41.

RBI (Reserve Bank of India). Hand Book of Statistics of Indian Exconomy, 2022-23.

**Annexure: 1**

**Economy: Sectors and sub-sectors**

**A. Primary Sector**

1. Agriculture Forestry and Fishing

1.1 Crops

1.2 Live Stock

1.3 Forestry & Logging

1.4 Fishing

2. Mining & Quarrying

**B. Secondary Sector**

3. Manufacturing

4. Electricity, Gas, Water Supply and other utility services

5. Construction

**C. Tertiary Sector**

6. Trade, Hotels & restaurants

6.1 Trade & Repair Services

6.2 Hotels and |Restaurants

7. Transport, storage, communications & services related to broadcasting

7.1 Railways

7.2 Road Transport

7.3 Water Transport
7.4 Air Transport
7.5 Services incidental to transport
7.6 Storage
7.7 Communication & services related to broadcasting
8. Financial services
9. Real estate, ownership of dwellings & professional services
10. Public Administration
11. Other services
12. Gross State Value Added (at basic prices): A+B+C
13. Product taxes
14. Product subsidies

**Annexure 2**

**Potential for Additional Financial Resource Mobilization in Punjab**

- Punjab is passing through a serious financial crisis reflected in rising debt-GSDP ratio, rising interest payments & other committed expenditure liabilities and hardly any capital expenditure.
- Under mobilization of financial resources (reflected in low own tax-GSDP ratio), their injudicious & discretionary use, irrational and untargeted freebies & subsidies (even to the rich), financial mismanagement and misplaced development priorities are further accentuating the problem.
- This has been aptly reflected in Punjab's decelerated growth rate for the last about 30 years far below the national average; and its per capita income rank slid down from 1st till the end of 1990s to 19th amongst all 28 States of India during 2019-20.
- A plethora of election promises (including free electricity, old age pension and financial benefits to women and a lot more) would further aggravate the financial crisis; impair the governance and economic growth in the state.
- Paradoxically, all political parties indulge in such populism-ambit instead of following a credible road map to raise GSDP growth rate and mobilizing additional financial resources (even in the face of Rs. 2.82 lakh crore outstanding debt of the

state in 2021-22 (likely to cross Rs.3 lakh crore by 31 March 2022, interest payments ate away nearly two-third share of its own tax receipts).

· **Scope for additional financial resources:**

a. There is a scope for increasing own tax revenue by Rs. 16012 crore in 2020-21, by adherence to own tax-GSDP ratio of 2004-05 in the state.

b. [1]Additional financial resources to the tune of Rs. 28500 crore annually can be mobilized without imposing any additional taxes/duties. The break-up is as follows: Rs. 5000 crore excise duty; Rs. 9000 crore GST; Rs. 2000 crore stamp and registration; Rs. 3000 crore mining; Rs. 3000 crore property tax; Rs. 1500 crore professional tax; Rs. 1500 crore power theft; Rs. 2500 crore transport and cable; and Rs 1000 crore pilferage in the social welfare schemes.

c. Another Rs. 10000 crore can be added to it by rationalizing the tax regime, subsidies and discretionary spending by Chief Minister, Ministers and MLAs.

d. Strong political-will and merger of Finance and Taxation Ministries into one ministry may be of some help.

e. Every penny should be first brought into the Consolidated Fund of State and the entire expenditure should be approved by the State Legislature.

f. It is time to follow an acclaimed book 'Good Economics for Hard Times'.

**Source**: Report of the *Sixth Punjab Finance Commission (2022)* submitted to Government of Punjab in March 2022 **(Box 4.1), page 88. (Endnotes)**

# ਪੰਜਾਬ ਦੀ ਰਾਜਨੀਤੀ: ਇਕ ਝਾਤ

**-ਡਾ. ਜਗਰੂਪ ਸਿੰਘ ਸੇਖੋਂ**

ਪੰਜਾਬ ਦੇਸ਼ ਦਾ ਸ਼ਾਇਦ ਇਕ ਵਾਹਦ ਸੂਬਾ ਹੈ ਜੋ ਸਦੀਆਂ ਤੋਂ ਰਾਜਨੀਤਕ, ਸਮਾਜਿਕ, ਭੂਗੋਲਿਕ, ਆਰਥਿਕ, ਸਭਿਆਚਾਰਕ ਆਦਿ ਅਨਿਸਚਤਾਵਾਂ ਦਾ ਸਾਹਮਣਾ ਕਰਦਾ ਆਇਆ ਹੈ। ਇਸ ਦਾ ਕਾਰਨ ਇਸਦੀ ਭੂਗੋਲਿਕ ਸਥਿਤੀ ਤੇ ਇਸ ਨਾਲ ਜੁੜੇ ਹੋਏ ਬਹੁਤ ਸਾਰੇ ਕਾਰਨ ਹਨ। ਇਸਦੇ ਇਤਿਹਾਸ ਤੇ ਸਰਸਰੀ ਨਜ਼ਰ ਮਾਰਨ ਤੇ ਪਤਾ ਚਲਦਾ ਹੈ ਕਿ ਇਸ ਧਰਤੀ 'ਤੇ ਸਥਿਰਤਾ ਲੰਮੇ ਸਮੇਂ ਤਕ ਕਦੇ ਨਹੀਂ ਟਿਕੀ ਪਰ ਇਸਦੇ ਨਾਲ ਹੀ ਨਵੀਂ ਤਬਦੀਲੀ ਆਉਣ ਦੇ ਬਾਅਦ ਇਸਦੇ ਸਮਾਜਿਕ, ਆਰਥਿਕ, ਰਾਜਨੀਤਕ ਜੀਵਨ ਦੀ ਲਗਾਤਾਰਤਾ ਬਣੀ ਰਹਿੰਦੀ ਹੈ। ਇਸਦੀ ਰਾਜਨੀਤੀ ਤੇ ਸਮਾਜਿਕ ਵਿਵਸਥਾ ਵਿਚ ਧਰਮ, ਜਾਤੀ, ਭਾਸ਼ਾ ਤੇ ਲੀਡਰਸ਼ਿਪ ਜਿਹੇ ਮੁੱਦਿਆਂ ਨੇ ਹਮੇਸ਼ਾ ਹੀ ਵੱਡਾ ਰੋਲ ਅਦਾ ਕੀਤਾ ਹੈ।

ਇਸ ਪਰਚੇ ਵਿਚ ਅਸੀਂ ਮੌਜੂਦਾ ਪੰਜਾਬ ਦੀ ਆਜ਼ਾਦੀ ਤੋਂ ਬਾਅਦ ਦੀ ਰਾਜਨੀਤੀ ਬਾਰੇ ਸੰਖੇਪ ਚਰਚਾ ਕਰਾਂਗੇ। ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਤੇ ਬੰਗਾਲ ਦੀ ਵੰਡ ਕਾਰਨ ਨਵਾਂ ਦੇਸ਼ ਪਾਕਿਸਤਾਨ ਹੋਂਦ ਵਿਚ ਆਇਆ। ਪੰਜਾਬ ਲਈ ਇਹ ਵੰਡ ਬਹੁਤ ਹੀ ਦੁਖਦਾਈ ਤੇ ਭਿਆਨਕ ਸੀ ਜਿਸ ਵਿਚ ਪੰਜ ਲੱਖ ਦੇ ਕਰੀਬ ਲੋਕ ਮਾਰੇ ਗਏ ਤੇ ਡੇਢ ਕਰੋੜ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਦੂਸਰੇ ਥਾਵਾਂ ਤੇ ਜਾਣਾ ਪਿਆ। ਪੰਜਾਬ ਦਾ ਜਿਹੜਾ ਹਿੱਸਾ ਨਵੇਂ ਬਣੇ ਪਾਕਿਸਤਾਨ ਵੱਲ ਚਲਾ ਗਿਆ ਉਹ ਪੱਛਮੀ ਪੰਜਾਬ ਜਾਂ ਲਹਿੰਦੇ ਪੰਜਾਬ ਦੇ ਨਾਮ ਨਾਲ ਜਾਣਿਆ ਗਿਆ ਤੇ ਭਾਰਤੀ ਹਿੱਸੇ ਦਾ ਪੰਜਾਬ ਪੂਰਬੀ ਪੰਜਾਬ ਜਾਂ ਚੜ੍ਹਦੇ ਪੰਜਾਬ ਨਾਮ ਨਾਲ ਜਾਣਿਆ ਗਿਆ। ਇਸ ਵੰਡ ਨੇ ਪੰਜਾਬ ਦੀਆਂ ਭੂਗੋਲਿਕ, ਰਾਜਨੀਤਕ, ਆਰਥਿਕ, ਸਮਾਜਿਕ ਆਦਿ ਵਿਵਸਥਾਵਾਂ ਵਿਚ ਬਹੁਤ ਵੱਡੀ ਤਬਦੀਲੀ ਲਿਆਂਦੀ। ਇਸ ਵੰਡ ਵਿਚ ਭਾਰਤੀ ਪੰਜਾਬ ਦੇ ਹਿੱਸੇ ਕੁਲ ਰਕਬੇ ਦਾ ਕੋਈ 34% ਤੇ ਆਬਾਦੀ ਦਾ 47% ਹਿੱਸੇ ਆਏ। ਅਣਵੰਡੇ ਪੰਜਾਬ ਦੇ ਕੁਝ ਰਿਆਸਤੀ ਰਾਜਾਂ ਦੇ ਨਾਲ ਕੁੱਲ 29 ਜ਼ਿਲ੍ਹਿਆਂ ਵਿਚੋਂ 13 ਜ਼ਿਲ੍ਹੇ ਭਾਰਤੀ ਪੰਜਾਬ ਦੇ ਹਿੱਸੇ ਆਏ। ਇਸ ਵੰਡ ਤੇ ਕਤਲੋਗਾਰਤ ਤੇ ਹਿਜਰਤ ਤੋਂ ਬਾਅਦ ਦੇਸ਼ ਦੇ ਸਾਹਮਣੇ ਵੱਡੀ ਚੁਣੌਤੀ ਹਿਜਰਤ ਕਰਕੇ ਆਏ ਪਰਿਵਾਰਾਂ ਨੂੰ ਵਸਾਉਣਾ ਤੇ ਜ਼ਮੀਨ ਦੀ ਵੰਡ ਕਰਨਾ ਸੀ। ਭਾਵੇਂ ਉਸ ਸਮੇਂ ਇਹ ਚੁਣੌਤੀ ਹਿਮਾਲਿਆ ਪਰਬਤ ਤੋਂ ਘੱਟ ਨਹੀਂ ਸੀ ਪਰ ਦਾਨਿਸ਼ਮੰਦ ਲੀਡਰ, ਇਮਾਨਦਾਰ ਨੌਕਰਸ਼ਾਹੀ ਤੇ ਮਿਹਨਤੀ ਲੋਕਾਂ ਦੇ ਕਿਰਦਾਰ ਕਰਕੇ ਇੰਨੀ ਵੱਡੀ ਹਿਜਰਤ ਦਾ ਮੁੜ ਵਸੇਬਾ ਬਹੁਤ ਹੀ ਘੱਟ ਸਮੇਂ ਵਿੱਚ ਕੀਤਾ ਜਿਸ ਦੀ ਮਿਸਾਲ ਦੁਨੀਆ ਵਿਚ ਸ਼ਾਇਦ ਕਿਤੇ ਵੀ ਨਹੀਂ ਮਿਲਦੀ ਹੈ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਕਾਂਗਰਸ ਪਾਰਟੀ ਨੇ ਦੇਸ਼ ਤੇ ਪੰਜਾਬ ਵਿਚ ਸਰਕਾਰਾਂ ਬਣਾਈਆਂ। ਪੰਜਾਬ ਵਿਚ ਸਰਕਾਰ ਦੀ ਕਮਾਨ ਗੋਪੀ ਚੰਦ ਭਾਰਗਵ ਦੇ

ਹੱਥ ਸੌਂਪੀ ਗਈ। ਉਸ ਸਮੇਂ ਵੰਡ ਦੀ ਵਜ੍ਹਾ ਕਰਕੇ ਹਰ ਪਾਸੇ ਅਫ਼ਰਾ-ਤਫ਼ਰੀ ਦਾ ਆਲਮ ਸੀ। ਲੋਕ ਵੱਡੀ ਤਰਾਸਦੀ ਵਿੱਚੋਂ ਲੰਘ ਰਹੇ ਸਨ ਕਿਉਂਕਿ ਹਰ ਪਾਸੇ ਤਬਾਹੀ ਤੇ ਮੁਸ਼ਕਲਾਂ ਦਾ ਦੌਰ ਸੀ। ਇਸ ਨਵੀਂ ਬਣਾਈ ਗਈ ਸਰਕਾਰ ਵਿੱਚ ਅਕਾਲੀ ਦਲ ਦੇ ਦੋ ਧੜਿਆਂ ਦਾ ਇਕ ਇਕ ਉਮੀਦਵਾਰ ਸੀ। ਪਰ ਇਸਦੇ ਨਾਲ ਕਾਂਗਰਸ ਵੀ ਧੜੇਬੰਦੀ ਦਾ ਸ਼ਿਕਾਰ ਸੀ ਜਿਸਦੇ ਇਕ ਧੜੇ ਭਾਵ ਗੋਪੀ ਚੰਦ ਭਾਰਗਵ ਨੂੰ ਉਸ ਸਮੇਂ ਦੇ 'ਲੋਹ ਪੁਰਸ਼' ਸਰਦਾਰ ਪਟੇਲ ਦਾ ਸਮਰਥਨ ਪ੍ਰਾਪਤ ਸੀ ਜਦੋਂ ਕਿ ਦੂਜੇ ਧੜੇ ਦੇ ਲੀਡਰ ਭੀਮ ਸੇਨ ਸੱਚਰ ਨੂੰ ਜਵਾਹਰ ਲਾਲ ਨਹਿਰੂ ਦਾ ਆਸ਼ੀਰਵਾਦ ਪ੍ਰਾਪਤ ਸੀ। ਇਸੇ ਤਰੀਕੇ ਨਾਲ ਅਕਾਲੀ ਦਲ ਦੇ ਇਕ ਧੜੇ ਦੇ ਲੀਡਰ ਈਸ਼ਰ ਸਿੰਘ ਮਝੈਲ ਦਾ ਝੁਕਾਅ ਕਾਂਗਰਸ ਵਲ ਸੀ ਜਦੋਂ ਕਿ ਦੂਸਰੇ ਧੜੇ ਦਾ ਲੀਡਰ ਕਾਂਗਰਸ ਦਾ ਕੱਟੜ ਵਿਰੋਧੀ ਸੀ। ਇਸਦੇ ਚਲਦੇ ਹੀ ਕਾਂਗਰਸ ਦੀ ਆਪਸੀ ਫੁੱਟ ਤੇ ਧੜੇਬੰਦੀ ਕਰਕੇ ਅਪ੍ਰੈਲ 1949 ਵਿੱਚ ਨਵੇਂ ਮੁੱਖ ਮੰਤਰੀ ਭੀਮ ਸੇਨ ਸੱਚਰ ਦੀ ਨਿਯੁਕਤੀ ਹੋ ਗਈ। ਪਰ ਉਹ ਪਟੇਲ ਧੜੇ ਨੂੰ ਪਸੰਦ ਨਹੀਂ ਸਨ। ਇਸ ਕਰਕੇ ਉਹਨਾਂ ਨੂੰ ਅਕਤੂਬਰ 1949 ਵਿੱਚ ਹਟਾ ਦਿੱਤਾ। ਭਾਵੇਂ ਉਸਨੂੰ ਕੇਵਲ ਛੇ ਮਹੀਨਿਆਂ ਦਾ ਹੀ ਸਮਾਂ ਮਿਲਿਆ ਪਰ ਉਸਨੇ ਕਮਾਨ ਸੰਭਾਲਦਿਆਂ ਹੀ ਪੰਜਾਬ ਦੀ ਰਾਜਨੀਤਕ ਤੇ ਆਰਥਿਕ ਵਿਵਸਥਾ ਨੂੰ ਠੀਕ ਕਰਨ ਲਈ ਵੱਡੇ ਕਦਮ ਚੁੱਕੇ ਤੇ ਪ੍ਰਦੇਸ ਵਿੱਚ ਪਾਈ ਜਾਂਦੀ ਰਿਸ਼ਵਤਖੋਰੀ ਤੇ ਕਾਲਾ ਬਜ਼ਾਰੀ ਨੂੰ ਰੋਕਣ ਲਈ ਕੋਸ਼ਿਸ਼ ਕੀਤੀ। ਇਸਦੇ ਨਾਲ ਹੀ ਵੰਡ ਤੋਂ ਬਾਅਦ ਪੈਦਾ ਹੋਏ ਮਸਲਿਆਂ ਵਿੱਚ ਇਕ 'ਭਾਸ਼ਾਈ ਮੁੱਦੇ' ਨੂੰ ਹੱਲ ਕਰਨ ਵਾਸਤੇ 'ਦੋ ਭਾਸ਼ਾਈ ਫਾਰਮੂਲੇ' ਲਾਗੂ ਕਰਨ ਦੀ ਗੱਲ ਤੋਰੀ, ਪਰੰਤੂ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਨੇ ਉਸਦੇ ਕੰਮਾਂ ਵਿੱਚ ਵੱਡਾ ਅੜਿੱਕਾ ਖੜਾ ਕੀਤਾ ਤੇ ਅਖੀਰ ਤੇ ਕੁਰਸੀ ਛੱਡਣ ਲਈ ਮਜਬੂਰ ਕੀਤਾ।

ਅਕਤੂਬਰ 1949 ਵਿਚ ਭਾਵੇਂ ਗੋਪੀ ਚੰਦ ਭਾਰਗਵ ਇਕ ਵਾਰੀ ਫਿਰ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠ ਗਏ ਪ੍ਰੰਤੂ ਉਸ ਨੂੰ ਵੀ ਕਈ ਪਾਸਿਆਂ ਤੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹਨਾਂ ਵਿਚੋਂ ਇਕ ਅਕਾਲੀ ਦਲ ਦਾ ਲੀਡਰ ਗਿਆਨੀ ਕਰਤਾਰ ਸਿੰਘ ਤੇ ਦੂਸਰਾ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ। ਇਸਦੇ ਨਾਲ ਹੀ ਉਸ ਸਮੇਂ ਸ੍ਰ: ਪ੍ਰਤਾਪ ਸਿੰਘ ਕੈਰੋਂ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਨਾਲ ਉਸਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਕਿਉਂਕਿ ਕੈਰੋਂ ਸੱਚਰ ਧੜੇ ਨਾਲ ਸਬੰਧਤ ਸੀ। ਇਸ ਤੋਂ ਇਲਾਵਾ ਦਸੰਬਰ 1950 ਵਿੱਚ ਸਰਦਾਰ ਪਟੇਲ ਦੀ ਮੌਤ ਹੋਣ ਕਰਕੇ ਉਹ ਰਾਜਨੀਤਕ ਤੌਰ 'ਤੇ ਬਹੁਤ ਕਮਜ਼ੋਰ ਹੋ ਗਿਆ ਤੇ ਅਖੀਰ ਉਸਨੂੰ 20 ਜੂਨ 1951 ਨੂੰ ਅਸਤੀਫ਼ਾ ਦੇਣਾ ਪਿਆ। ਇਸ ਦੇ ਨਾਲ ਹੀ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਇਆ ਜਿਹੜਾ ਆਉਣ ਵਾਲੀਆਂ ਪਹਿਲੀਆਂ ਚੋਣਾਂ ਤਕ ਲਾਗੂ ਰਿਹਾ।

ਪੰਜਾਬ ਤੇ ਦੇਸ਼ ਵਿਚ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਪਹਿਲੀਆਂ ਚੋਣਾਂ 1952 ਵਿਚ ਮੁਕੰਮਲ ਹੋਈਆਂ। ਕਾਂਗਰਸ ਪਾਰਟੀ ਨੇ ਪੰਜਾਬ ਦੀਆਂ ਕੁੱਲ 15 ਲੋਕ ਸਭਾ ਸੀਟਾਂ ਵਿਚੋਂ 14 ਸੀਟਾਂ ਜਿੱਤੀਆਂ ਤੇ ਇਕ ਸੀਟ ਅਕਾਲੀ ਦਲ ਨੇ ਜਿੱਤੀ।

ਕਾਂਗਰਸ ਪਾਰਟੀ ਤੇ ਅਕਾਲੀ ਦਲ ਨੂੰ ਕੁਲ ਪਈਆਂ ਵੋਟਾਂ ਦਾ ਦਰ 42.76% ਤੇ 11.42 ਮਿਲੀਆਂ। ਦੱਸਣਾ ਬਣਦਾ ਹੈ ਕਿ ਇਹਨਾਂ ਚੋਣਾਂ ਵਿਚ ਕੁਲ ਵੋਟਰਾਂ ਦੇ 55.33% ਵੋਟਰਾਂ ਨੇ ਹਿੱਸਾ ਲਿਆ ਸੀ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਨੇ ਰਾਜ ਵਿਧਾਨ ਸਭਾ ਦੀਆਂ ਕੁਲ 126 ਸੀਟਾਂ ਵਿਚੋਂ 96 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਸੀ.ਪੀ.ਆਈ ਨੇ 13 ਤੇ ਅਕਾਲੀ ਦਲ ਨੇ 4 ਸੀਟਾਂ ਜਿੱਤੀਆਂ। ਭਾਵੇਂ ਇਹ ਚੋਣਾਂ ਇਕੱਠੀਆਂ ਹੋਈਆਂ ਸਨ ਪਰੰਤੂ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਵਿਚ ਲੋਕ ਸਭਾ ਨਾਲੋਂ ਘੱਟ ਭਾਵ ਕੁਲ ਪਈਆਂ ਵੋਟਾਂ ਦਾ ਕੇਵਲ 36.7% ਹੀ ਮਿਲੀਆਂ। ਇਸ ਤੋਂ ਇਲਾਵਾ ਸੀ.ਪੀ.ਆਈ ਤੇ ਅਕਾਲੀ ਦਲ ਨੂੰ ਕ੍ਰਮਵਾਰ 13.9% ਤੇ 12.4% ਵੋਟਾਂ ਮਿਲੀਆਂ।

ਇਹਨਾਂ ਚੋਣਾਂ ਤੋਂ ਬਾਅਦ ਭੀਮ ਸੇਨ ਸੱਚਰ ਇਕ ਵਾਰੀ ਫਿਰ ਮੁੱਖ ਮੰਤਰੀ ਬਣ ਗਿਆ ਪਰ ਉਸਨੂੰ ਆਪਣੀ ਪੰਜ ਸਾਲ ਦੀ ਮਿਆਦ ਪੂਰੀ ਕਰਨ ਤੋਂ ਪਹਿਲਾਂ ਹੀ ਅਸਤੀਫ਼ਾ ਦੇਣਾ ਪਿਆ। ਇਸ ਦਾ ਮੁਖ ਕਾਰਨ ਕਾਂਗਰਸ ਵਿਚ ਧੜੇਬੰਦੀ, ਕਾਂਗਰਸ ਦੇ ਦੋ ਵੱਡੇ ਲੀਡਰਾਂ ਪ੍ਰਤਾਪ ਸਿੰਘ ਕੈਰੋਂ ਤੇ ਲਾਲਾ ਜਗਤ ਨਰਾਇਣ ਦੀ ਆਪਸੀ ਖੁੰਧਕ, ਅਕਾਲੀ ਦਲ ਵੱਲੋਂ ਵੱਖਰੇ ਸੂਬੇ ਲਈ ਜੱਦੋ-ਜਹਿਦ ਕਾਰਨ ਉਸਨੇ ਮਈ 1956 ਵਿਚ ਅਸਤੀਫਾ ਦੇ ਦਿੱਤਾ। ਇਸ ਨਾਲ ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਬਣਨ ਦਾ ਰਸਤਾ ਸਾਫ ਹੋ ਗਿਆ। ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਬਣਨ ਨਾਲ ਪੰਜਾਬ ਦੇ ਰਾਜਨੀਤਕ ਢਾਂਚੇ ਵਿੱਚ ਵੱਡੀ ਤਬਦੀਲੀ ਆਈ ਜਿਸ ਨਾਲ ਪੇਂਡੂ ਕਿਸਾਨੀ ਇਕ ਵਾਰ ਫਿਰ ਤਾਕਤ ਵਿਚ ਆ ਗਈ। ਇਸਦੇ ਨਾਲ ਹੀ ਮੁੱਖ ਮੰਤਰੀ ਨੇ ਆਪਣੇ ਤਜਰਬੇ, ਰੁਤਬੇ ਤੇ ਰਾਜਨੀਤਕ ਸੂਝਬੂਝ ਰਾਹੀਂ ਪੰਜਾਬ ਵਿਚ ਆਰਥਿਕ ਤਰੱਕੀ ਦੀ ਨੀਂਹ ਰੱਖੀ ਤੇ ਅਕਾਲੀਆਂ ਨਾਲ ਗੱਲਬਾਤ ਕਰਕੇ ਇਕ ਨਵੀਂ ਰਾਜਨੀਤਕ ਪਹਿਲ ਦੀ ਸ਼ੁਰੂਆਤ ਕੀਤੀ। ਇਸਦੇ ਨਾਲ ਹੀ ਖੇਤਰੀ ਫਾਰਮੂਲੇ ਤਹਿਤ ਪੈਪਸੂ ਨੂੰ ਪੰਜਾਬ ਵਿਚ 1956 ਨੂੰ ਮਿਲਾ ਕੇ ਅਕਾਲੀਆਂ ਨੂੰ ਸ਼ਾਂਤ ਕੀਤਾ। ਇਸ ਰਾਜਨੀਤੀ ਦੀ ਪਹਿਲੀ ਸਫਲਤਾ 1957 ਦੀਆਂ ਚੋਣਾਂ ਵਿਚ ਮਿਲਦੀ ਹੈ ਜਦੋਂ ਅਕਾਲੀ ਦਲ ਕਾਂਗਰਸ ਵਿਚ ਸ਼ਾਮਲ ਹੋ ਕੇ ਚੋਣਾਂ ਲੜਦਾ ਹੈ। ਇਸ ਰਾਜਨੀਤਕ ਵਰਤਾਰੇ ਨਾਲ ਮੁੱਖ ਮੰਤਰੀ ਦਾ ਦਬਦਬਾ ਪੰਜਾਬ ਦੀ ਰਾਜਨੀਤੀ ਵਿਚ ਵਧ ਗਿਆ ਤੇ ਉਹ ਦੇਸ਼ ਵਿੱਚ ਵੱਡੇ ਲੀਡਰ ਦੇ ਤੌਰ 'ਤੇ ਉਭਰਿਆ।

1957 ਦੀਆਂ ਚੋਣਾਂ ਵੇਲੇ ਪੰਜਾਬ ਦੀਆਂ ਲੋਕ ਸਭਾ ਦੀਆਂ ਸੀਟਾਂ 15 ਤੋਂ 17 ਤੇ ਵਿਧਾਨ ਸਭਾ ਦੀਆਂ 126 ਤੋਂ 154 ਹੋ ਗਈਆਂ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਕਿ ਅਕਾਲੀ ਦਲ ਦਾ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਇਹਨਾਂ ਚੋਣਾਂ ਵਿਚ ਕਾਂਗਰਸ ਦਾ ਸਿੱਧਾ ਮੁਕਾਬਲਾ ਸੀ.ਪੀ.ਆਈ ਤੇ ਜਨ ਸੰਘ ਨਾਲ ਸੀ। ਇਹਨਾਂ ਚੋਣਾਂ ਵਿਚ ਵੀ ਕਾਂਗਰਸ ਪਾਰਟੀ ਦਾ ਦਬਦਬਾ ਰਿਹਾ ਤੇ ਇਸਨੇ ਲੋਕ ਸਭਾ 17 ਵਿਚੋਂ 16 'ਤੇ ਜਿੱਤ ਪ੍ਰਾਪਤ ਕੀਤੀ ਤੇ ਇਕ ਸੀਟ ਸੀ.ਪੀ.ਆਈ ਨੇ ਜਿੱਤੀ। ਕਾਂਗਰਸ ਪਾਰਟੀ ਨੇ

ਕੁਲ ਪਈਆਂ ਵੋਟਾਂ ਦਾ 52.16% ਤੇ ਸੀ.ਪੀ.ਆਈ ਨੇ 16.8% ਪ੍ਰਾਪਤ ਕੀਤਾ। ਇਸਦੇ ਨਾਲ ਹੀ ਕਾਂਗਰਸ ਨੇ ਵਿਧਾਨ ਸਭਾ ਦੀਆਂ ਕੁਲ 154 ਸੀਟਾਂ ਵਿਚ 120 ਤੇ ਜਿੱਤ ਪ੍ਰਾਪਤ ਕੀਤੀ ਤੇ 6 ਸੀਟਾਂ ਸੀ.ਪੀ.ਆਈ ਦੇ ਹਿੱਸੇ ਆਈਆਂ। ਦੋਹਾਂ ਪਾਰਟੀਆਂ ਦਾ ਕੁਲ ਪਈਆਂ ਵੋਟਾਂ ਵਿਚ ਹਿੱਸਾ ਕ੍ਰਮਵਾਰ 47.5% ਤੇ 13.6% ਸੀ। ਦੂਸਰੇ ਪਾਸੇ ਜਨ ਸੰਘ ਭਾਵੇਂ ਲੋਕ ਸਭਾ ਦੀ ਕੋਈ ਸੀਟ ਨਹੀਂ ਜਿੱਤ ਸਕੀ ਪਰ ਉਸ ਨੇ ਵਿਧਾਨ ਸਭਾ ਵਿਚ 8.6% ਵੋਟਾਂ ਲੈ ਕੇ 9 ਸੀਟਾਂ ਜਿੱਤੀਆਂ ਤੇ ਦੂਸਰਾ ਸਥਾਨ ਹਾਸਲ ਕੀਤਾ।

ਇਸ ਵੱਡੀ ਜਿੱਤ ਤੋਂ ਬਾਅਦ ਪ੍ਰਤਾਪ ਸਿੰਘ ਕੈਰੋਂ ਫਿਰ ਮੁੱਖ ਮੰਤਰੀ ਬਣੇ। ਸਮਕਾਲੀ ਸਮੇਂ ਦੀ ਰਾਜਨੀਤੀ ਨੂੰ ਸਮਝਦੇ ਹੋਏ ਤੇ ਆਪਣੀ ਰਾਜਨੀਤਕ ਤਾਕਤ ਨੂੰ ਮਜ਼ਬੂਤ ਕਰਨ ਲਈ ਉਸ ਨੇ ਆਪਣੇ ਮੰਤਰੀ ਮੰਡਲ ਵਿਚ ਦੋ ਵੱਡੇ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਤੇ ਗਿਆਨ ਸਿੰਘ ਰਾੜੇਵਾਲੇ ਨੂੰ ਸ਼ਾਮਲ ਕੀਤਾ। ਉਸ ਦੀ ਇਹ ਚਾਲ ਅਕਾਲੀ ਦਲ ਵਿਚ ਕਾਂਗਰਸ ਨਾਲ ਪਾਈ ਸਾਂਝ ਵਿਚੋਂ ਉਪਜੀ ਬੇਚੈਨੀ ਨੂੰ ਕਾਬੂ ਕਰਨ ਲਈ ਜ਼ਿਆਦਾ ਸਮੇਂ ਤਕ ਕਾਮਯਾਬ ਨਹੀਂ ਹੋ ਸਕੀ। ਅਕਾਲੀ ਦਲ ਨੇ ਮੁੜ ਤੋਂ ਪੰਜਾਬੀ ਸੂਬੇ ਦੀ ਮੰਗ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਦਾ ਇਕ ਕਾਰਨ ਅਕਾਲੀ ਦਲ ਨੂੰ 1959 ਵਿਚ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਬਹੁਤ ਵੱਡੀ ਜਿੱਤ ਪ੍ਰਾਪਤ ਹੋਈ ਤੇ ਪ੍ਰਤਾਪ ਸਿੰਘ ਕੈਰੋਂ ਵੱਲੋਂ ਹਮਾਇਤ ਪ੍ਰਾਪਤ ਸਾਧ ਸੰਗਤ ਬੋਰਡ ਦੀ ਨਮੋਸ਼ੀ ਭਰੀ ਹਾਰ ਵੀ ਸੀ। ਇਸ ਤਰੀਕੇ ਨਾਲ ਅਕਾਲੀ ਦਲ ਨੇ 1960 ਦੇ ਸ਼ੁਰੂ ਵਿਚ ਵੱਖਰੇ ਸੂਬੇ ਦੀ ਮੰਗ ਜ਼ੋਰਦਾਰ ਢੰਗ ਨਾਲ ਦੁਹਰਾਈ ਤੇ ਵੱਡੀ ਗਿਣਤੀ ਵਿਚ ਅਕਾਲੀ ਵਰਕਰਾਂ ਤੇ ਲੀਡਰਾਂ ਨੇ ਗ੍ਰਿਫਤਾਰੀ ਦਿੱਤੀ। ਇਸੇ ਰਾਜਨੀਤਕ ਮਾਹੌਲ ਨੂੰ ਹੋਰ ਗਰਮ ਕਰਨ ਵਾਸਤੇ ਅਕਾਲੀ ਦਲ ਦੇ ਨਵੇਂ ਉਭਰੇ ਨੇਤਾ ਸੰਤ ਫਤਿਹ ਸਿੰਘ ਨੇ ਪੰਜਾਬੀ ਸੂਬੇ ਦੇ ਹੱਕ ਵਿਚ 18 ਦਸੰਬਰ, 1960 ਨੂੰ ਮਰਨ ਵਰਤ ਸ਼ੁਰੂ ਕੀਤਾ ਜਿਹੜਾ 9 ਜਨਵਰੀ 1961 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਪੰਜਾਬੀ ਸੂਬੇ ਦੀ ਮੰਗ ਨੂੰ ਵਿਚਾਰਨ ਦੀ ਸਹਿਮਤੀ ਦੇਣ ਮਗਰੋਂ ਖਤਮ ਹੋਇਆ। ਪਰ ਅਖੀਰ ਵਿਚ ਇਹ ਮੰਗ ਸਿਰੇ ਨਾ ਚੜ੍ਹੀ। ਇਸ ਦਬਾਅ ਨੂੰ ਕਾਇਮ ਰੱਖਣ ਵਾਸਤੇ ਉਸ ਸਮੇਂ ਦੇ ਸਿਰਮੌਰ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੇ 1961 ਵਿਚ 47 ਦਿਨਾਂ ਦਾ ਮਰਨ ਵਰਤ ਰੱਖਿਆ ਪ੍ਰੰਤੂ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਵਾਅਦੇ ਮਿਲਣ 'ਤੇ ਖਤਮ ਕਰਕੇ ਆਪਣੇ ਰਾਜਸੀ ਜੀਵਨ ਦਾ ਅੰਤ ਕੀਤਾ। ਇਸ ਵਰਤਾਰੇ ਨਾਲ ਸੰਤ ਫਤਿਹ ਸਿੰਘ ਜੋ ਕਿਸਾਨੀ ਪਰਿਵਾਰ ਨਾਲ ਸਬੰਧਤ ਸੀ ਨੂੰ ਸਿੱਖਾਂ ਵਿਚ ਵੱਡਾ ਲੀਡਰ ਬਣਨ ਦਾ ਮੌਕਾ ਮਿਲਿਆ। ਇਸ ਵਰਤਾਰੇ ਨਾਲ ਅਕਾਲੀ ਸਿਆਸਤ ਵਿਚ ਨਵਾਂ ਮੋੜ ਆਇਆ ਜਿਸ ਨਾਲ ਪੇਂਡੂ ਲੀਡਰਸ਼ਿਪ ਦਾ ਦਬਦਬਾ ਵਧ ਗਿਆ। ਇਕ ਹੋਰ ਵੱਡੀ ਰਾਜਨੀਤਕ ਘਟਨਾ ਦੀ ਸ਼ੁਰੂਆਤ ਹੋਈ ਤੇ ਉਸ ਸਮੇਂ ਪੰਜਾਬ ਦੀ ਬਹੁਗਿਣਤੀ ਵਸੋਂ ਦੀ ਲੀਡਰਸ਼ਿਪ ਨੇ ਭੀਮ ਸੇਨ ਸੱਚਰ ਦੇ ਖੇਤਰੀ ਫਾਰਮੂਲੇ ਦਾ ਵਿਰੋਧ ਸ਼ੁਰੂ ਕਰ ਦਿੱਤਾ। ਆਰੀਆ ਸਮਾਜ ਤੇ ਹਿੰਦੀ ਰਖਸ਼ਾ ਸੰਮਤੀ ਦੇ ਲੀਡਰਾਂ ਨੇ ਸਕੂਲਾਂ

ਵਿਚ ਸਿੱਖਿਆ ਦੇ ਮਾਧਿਅਮ ਨੂੰ ਬੱਚਿਆਂ ਦੇ ਮਾਪਿਆਂ ਦੀ ਪਸੰਦ ’ਤੇ ਛੱਡਣ ’ਤੇ ਜ਼ੋਰ ਦਿੱਤਾ। ਇਸਦੇ ਨਾਲ 1961 ਵਿਚ ਹੋਈ ਮਰਦਮਸ਼ੁਮਾਰੀ ਵਿਚ ਬੋਲੀ ਦੇ ਆਧਾਰ ’ਤੇ ਕੀਤੀ ਰਾਜਨੀਤੀ ਨੇ ਵੀ ਰਾਜ ਦੇ ਰਾਜਨੀਤਕ ਮਾਹੌਲ ਵਿਚ ਕਾਫ਼ੀ ਤਲਖ਼ੀ ਪੈਦਾ ਕੀਤੀ। ਭਾਵੇਂ ਇਹ ਵਰਤਾਰੇ ਉਸ ਸਮੇਂ ਦੀ ਰਾਜਨੀਤੀ ਲਈ ਕੋਈ ਵੱਡੀ ਵੰਗਾਰ ਨਹੀਂ ਬਣ ਸਕੇ ਪਰ ਬਾਅਦ ਵਿਚ ਪੰਜਾਬ ਨੂੰ ਇਸਦੇ ਨਤੀਜੇ ਭੁਗਤਣੇ ਪਏ।

ਦੇਸ਼ ਤੇ ਪੰਜਾਬ ਵਿਚ ਤੀਸਰੀ ਚੋਣ 1962 ਵਿਚ ਹੋਈ ਜਿਸ ਵਿਚ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ 17 ਤੋਂ 22 ਹੋ ਗਈ ਪ੍ਰੰਤੂ ਵਿਧਾਨ ਸਭਾ ਦੇ ਮੈਂਬਰ ਦੀ ਗਿਣਤੀ ਪਹਿਲਾਂ ਵਾਲੀ ਭਾਵ 154 ਹੀ ਰਹੀ। ਕਾਂਗਰਸ ਪਾਰਟੀ ਨੇ ਇਹਨਾਂ ਚੋਣਾਂ ਵਿਚ ਲੋਕ ਸਭਾ ਦੀਆਂ 14 ਸੀਟਾਂ ਤੇ ਵੋਟਾਂ ਦਾ 41.33% ਲੈ ਕੇ ਜਿੱਤ ਪ੍ਰਾਪਤ ਕੀਤੀ। ਇਸਦੇ ਨਾਲ ਹੀ ਉਸਨੇ ਵਿਧਾਨ ਸਭਾ ਦੀਆਂ 154 ਸੀਟਾਂ ਵਿਚੋਂ ਕੁਲ ਪਈਆਂ ਵੋਟਾਂ ਦਾ 43.7% ਲੈ ਕੇ 90 ਸੀਟਾਂ ਜਿੱਤੀਆਂ। ਇਹਨਾਂ ਚੋਣਾਂ ਦੇ ਰੁਝਾਨ ਤੋਂ ਲੱਗਦਾ ਹੈ ਕਿ ਕਾਂਗਰਸ ਪਾਰਟੀ ਪ੍ਰਤੀ ਲੋਕਾਂ ਦੀ ਰਾਜਨੀਤਕ ਪਸੰਦ ਕਾਫ਼ੀ ਹੱਦ ਤਕ ਘਟੀ ਸੀ।

ਦੂਸਰੇ ਪਾਸੇ ਅਕਾਲੀ ਦਲ ਨੇ ਭਾਵੇਂ ਇਹਨਾਂ ਚੋਣਾਂ ਵਿਚ ਪੰਜਾਬੀ ਸੂਬੇ ਦਾ ਮੁੱਦਾ ਬਣਾਇਆ ਪ੍ਰੰਤੂ ਇਸਨੂੰ ਕੋਈ ਖ਼ਾਸ ਸਫ਼ਲਤਾ ਪ੍ਰਾਪਤ ਨਹੀਂ ਹੋਈ ਤੇ ਪਾਰਟੀ ਸਿੱਖ ਬਹੁਮਤ ਵਾਲੇ ਪਾਸਿਆਂ ਤੋਂ ਵੀ ਸਫਲਤਾ ਪ੍ਰਾਪਤ ਨਹੀਂ ਕਰ ਸਕੀ। ਪਾਰਟੀ ਕੁਲ ਵੋਟਾਂ ਦਾ 12% ਲੈ ਕੇ ਕੇਵਲ ਇਕ ਲੋਕ ਸਭਾ ਸੀਟ ਤੇ 19 ਵਿਧਾਨ ਸਭਾ ਦੀਆਂ ਸੀਟਾਂ ਹੀ ਜਿੱਤ ਸਕੀ। ਦੂਸਰੇ ਪਾਸੇ ਜਨਸੰਘ ਨੇ 3 ਲੋਕ ਸਭਾ ਤੇ 8 ਵਿਧਾਨ ਸਭਾ ਦੀਆਂ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਸੀ.ਪੀ.ਆਈ ਕੇਵਲ ਵਿਧਾਨ ਸਭਾ ਦੀਆਂ 12 ਸੀਟਾਂ ਹੀ ਜਿੱਤ ਸਕੀ।

ਅਕਾਲੀ ਦਲ ਦੀ ਇਹਨਾਂ ਚੋਣਾਂ ਵਿਚ ਮਾੜੀ ਕਾਰਜਗੁਜ਼ਾਰੀ ਕਰਕੇ ਅਕਾਲੀ ਦਲ ਵਿਚ ਦੁਫਾੜ ਹੋ ਗਿਆ। ਇਕ ਧੜੇ ਦੇ ਨੇਤਾ ਸੰਤ ਫਤਿਹ ਸਿੰਘ ਜਿਸਨੂੰ ਪੇਂਡੂ ਲੋਕਾਂ ਦੀ ਹਮਾਇਤ ਪ੍ਰਾਪਤ ਸੀ ਤੇ ਦੂਸਰੇ ਧੜੇ ਦੇ ਨੇਤਾ ਮਾਸਟਰ ਤਾਰਾ ਸਿੰਘ ਸਨ। ਦੋਹਾਂ ਲੀਡਰਾਂ ਦੀ ਪੰਜਾਬੀ ਸੂਬਾ ਬਣਾਉਣ ਦੀ ਪਹੁੰਚ ਵਿਚ ਫ਼ਰਕ ਸੀ। ਸੰਤ ਫਤਿਹ ਸਿੰਘ ਦੇ ਧੜੇ ਦੀ ਪੰਜਾਬੀ ਸੂਬੇ ਦੀ ਮੰਗ ਪੰਜਾਬੀ ਬੋਲੀ ’ਤੇ ਆਧਾਰਤ ਸੀ ਜਿਸ ਦਾ ਆਧਾਰ ਦੇਸ਼ ਵਿਚ ਬੋਲੀ ਆਧਾਰਤ ਸੂਬਿਆਂ ਦਾ ਪੁਨਰਗਠਨ ਸੀ ਜੋ 1953 ਤੋਂ ਚਲ ਰਿਹਾ ਸੀ। ਇਸ ਤਰੀਕੇ ਨਾਲ ਇਹ ਮੰਗ ਨਿਰੋਲ ਸੰਵਿਧਾਨਕ ਤੇ ਧਰਮ ਨਿਰਪੱਖ ਸੀ। ਸੰਤ ਫਤਿਹ ਸਿੰਘ ਧੜੇ ਨੂੰ ਸਭ ਤੋਂ ਵੱਡੀ ਸਫਲਤਾ ਓਦੋਂ ਮਿਲੀ ਜਦੋਂ ਇਸ ਨੇ 1965 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕੁਲ 138 ਸੀਟਾਂ ਵਿਚੋਂ 95 ’ਤੇ ਜਿੱਤ ਪ੍ਰਾਪਤ ਕੀਤੀ ਤੇ ਮਾਸਟਰ ਧੜੇ ਦੀ ਨਮੋਸ਼ੀਜਨਕ ਹਾਰ ਹੋਈ। ਇਸ ਵਰਤਾਰੇ ਨਾਲ ਸੰਤ ਧੜਾ ਹੋਰ ਮਜਬੂਤ ਹੋ ਗਿਆ। ਭਾਵੇਂ ਇਸ ਹਾਰ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੇ ਕੁਝ ਭਾਵਕ ਮੁੱਦਿਆਂ ਨੂੰ ਉਠਾ ਕੇ ਰਾਜਨੀਤਕ ਸਾਰਥਿਕਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ। ਦੂਸਰੇ ਪਾਸੇ ਸੰਤ ਫਤਿਹ ਸਿੰਘ

ਆਪਣੀ ਪੰਜਾਬੀ ਸੂਬੇ ਦੀ ਮੰਗ 'ਤੇ ਅੜੇ ਰਹੇ ਤੇ ਅਖੀਰ ਵਿਚ ਇਹ ਮੰਗ ਪੂਰੀ ਹੋਈ ਤੇ 1 ਨਵੰਬਰ 1966 ਨੂੰ ਮੌਜੂਦਾ ਪੰਜਾਬੀ ਸੂਬਾ ਹੋਂਦ ਵਿਚ ਆਇਆ। 1960ਵੇਂ ਦਾ ਦਹਾਕਾ ਦੇਸ਼ ਤੇ ਪੰਜਾਬ ਲਈ ਬਹੁਤ ਚੁਣੌਤੀਆਂ ਭਰਿਆ ਸੀ। ਇਸ ਦਹਾਕੇ ਵਿਚ ਭਾਰਤ ਦੀ ਚੀਨ ਤੇ ਪਾਕਿਸਤਾਨ ਨਾਲ ਲੜਾਈ, ਨਹਿਰੂ ਦੀ ਮੌਤ, ਪ੍ਰਤਾਪ ਸਿੰਘ ਕੈਰੋਂ ਨੂੰ ਪਹਿਲਾਂ ਮੁੱਖ ਮੰਤਰੀ ਦੇ ਆਹੁਦੇ ਤੋਂ ਹਟਾਉਣਾ ਤੇ ਬਾਅਦ ਵਿਚ ਕਤਲ, ਵਸਤਾਂ ਦੀ ਥੁੜ ਤੇ ਕਾਲਾਬਜਾਰੀ, ਭਾਰਤੀ ਮੁਦਰਾ ਦਾ ਡਿੱਗਣਾ, ਕਾਂਗਰਸ ਵਿਚ ਵੱਡਾ ਸੰਕਟ ਆਦਿ ਸਨ ਜਿਨ੍ਹਾਂ ਦੀ ਵਜ੍ਹਾ ਕਰਕੇ ਪੰਜਾਬ ਤੇ ਦੇਸ਼ ਦੀ ਰਾਜਨੀਤੀ ਵਿਚ ਵੱਡਾ ਅਸਰ ਦੇਖਣ ਨੂੰ ਮਿਲਦਾ ਹੈ। ਰਾਸ਼ਟਰੀ ਪੱਧਰ 'ਤੇ ਕਾਂਗਰਸ ਦੇ ਕਮਜ਼ੋਰ ਹੋਣ ਨਾਲ ਖੇਤਰੀ ਪਾਰਟੀਆਂ ਤੇ ਖੇਤਰਵਾਦ ਦੀ ਰਾਜਨੀਤੀ ਦੀ ਸ਼ੁਰੂਆਤ ਵੀ ਏਸੇ ਦੌਰ ਦੀ ਦੇਣ ਹੈ।

ਦੇਸ਼ ਤੇ ਪੰਜਾਬ ਵਿਚ ਚੌਥੀਆਂ ਚੋਣਾਂ 1967 ਵਿਚ ਹੁੰਦੀਆਂ ਹਨ। ਭਾਵੇਂ ਕਾਂਗਰਸ ਪਾਰਟੀ ਕੇਂਦਰ ਵਿਚ ਆਪਣੀ ਸਰਕਾਰ ਬਣਾ ਲੈਂਦੀ ਹੈ ਪ੍ਰੰਤੂ ਪੰਜਾਬ ਤੇ ਦੇਸ਼ ਦੇ ਹੋਰ ਅੱਠ ਸੂਬਿਆਂ ਵਿਚ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਬਣਦੀਆਂ, ਇਸ ਦੌਰ ਵਿਚ ਹੀ ਦੇਸ਼ ਵਿਚ ਖੇਤਰਵਾਦ ਦੀ ਰਾਜਨੀਤੀ ਦੀ ਨੀਂਹ ਰੱਖੀ ਗਈ ਜਿਹੜੀ ਹੌਲੀ-ਹੌਲੀ ਦੇਸ਼ ਦੀ ਰਾਜਨੀਤੀ ਦੀ ਖ਼ਾਸੀਅਤ ਬਣ ਗਈ ਹੈ।

1967 ਦੀਆਂ ਚੋਣਾਂ ਵਿਚ ਪੰਜਾਬ ਵਿਚ ਲੋਕ ਸਭਾ ਦੀਆਂ ਸੀਟਾਂ 22 ਤੋਂ ਘੱਟ ਕੇ 13 ਹੋ ਗਈਆਂ ਜੋ ਅੱਜ ਤਕ ਬਰਕਰਾਰ ਹਨ। ਕਾਂਗਰਸ ਪਾਰਟੀ ਨੇ ਕੁਲ ਪਈਆਂ ਵੋਟਾਂ ਦਾ 37.3% ਲੈ ਕੇ 9 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਜਦੋਂਕਿ ਅਕਾਲੀ ਦਲ ਨੇ 22.6% ਵੋਟਾਂ ਲੈ ਕੇ ਕੇਵਲ ਇਕ ਸੀਟ ਹੀ ਜਿੱਤੀ। ਸਭ ਤੋਂ ਵੱਧ ਰਾਜਨੀਤਕ ਫਾਇਦਾ ਜਨਸੰਘ ਨੂੰ ਹੋਇਆ ਜਿਸ ਨੇ 12.5% ਵੋਟਾਂ ਲੈ ਕੇ ਤਿੰਨ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਦੂਸਰੇ ਪਾਸੇ ਵਿਧਾਨ ਸਭਾ ਦੀਆਂ ਸੀਟਾਂ ਵੀ 154 ਤੋਂ ਘੱਟ ਕੇ 104 ਰਹਿ ਗਈਆਂ। ਭਾਵੇਂ ਕਾਂਗਰਸ ਪਾਰਟੀ ਨੇ ਸਭ ਤੋਂ ਵੱਧ 48 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਪਰ ਇਹ ਆਪਣੀ ਸਰਕਾਰ ਨਹੀਂ ਬਣਾ ਸਕੀ ਤੇ ਪਹਿਲੀ ਵਾਰੀ ਅਕਾਲੀ ਦਲ ਦੀ ਅਗਵਾਈ ਵਿਚ ਗੱਠਜੋੜ ਦੀ ਸਰਕਾਰ ਬਣੀ। ਅਕਾਲੀ ਦਲ ਨੇ ਇਹਨਾਂ ਚੋਣਾਂ ਵਿਚ 24 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਜਨਸੰਘ, ਸੀ.ਪੀ.ਆਈ ਤੇ ਸੀ.ਪੀ.ਐਮ. ਨੇ ਕਰਮਵਾਰ 9, 5 ਤੇ 3 ਸੀਟਾਂ ਜਿੱਤੀਆਂ। ਏਥੇ ਦੱਸਣਾ ਬਣਦਾ ਹੈ ਕਿ 1964 ਵਿਚ ਸੀ.ਪੀ.ਆਈ ਵਿਚ ਵਿਚਾਰਧਾਰਕ ਮੱਤਭੇਦ ਹੋਣ ਕਰਕੇ ਪਾਰਟੀ ਦੋ ਧਿਰਾਂ ਵਿਚ ਵੰਡੀ ਗਈ ਸੀ। ਇਸ ਤੋਂ ਇਲਾਵਾ ਬਾਕੀ ਸੀਟਾਂ ਅਜ਼ਾਦ ਉਮੀਦਵਾਰਾਂ ਤੇ ਹੋਰ ਛੋਟੀਆਂ ਪਾਰਟੀਆਂ ਵੱਲੋ ਜਿੱਤੀਆਂ ਗਈਆਂ ਸਨ।

ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਪਹਿਲੀ ਰਲੀ ਮਿਲੀ ਸਰਕਾਰ ਹਾਈਕੋਰਟ ਦੇ ਰਿਟਾਇਰ ਜੱਜ ਗੁਰਨਾਮ ਸਿੰਘ ਦੀ ਅਗਵਾਈ ਵਿਚ 12 ਮਾਰਚ 1967 ਨੂੰ ਬਣੀ। ਜਨਸੰਘ, ਸੀ.ਪੀ.ਆਈ ਤੇ ਹੋਰ ਸਰਕਾਰ ਦਾ ਹਿੱਸਾ ਬਣੇ ਜਦੋਂ ਕਿ ਸੀ.ਪੀ.ਐਮ. ਆਦਿ ਨੇ ਸਰਕਾਰ ਨੂੰ ਬਾਹਰੋਂ ਸਮਰਥਨ ਦਿੱਤਾ। ਏਥੇ ਦੱਸਣਾ ਬਣਦਾ ਹੈ ਕਿ ਕਾਂਗਰਸ ਪਾਰਟੀ

ਸਭ ਤੋਂ ਵੱਡੀ ਪਾਰਟੀ ਹੋਣ ਤੇ ਕੇਂਦਰ ਵਿਚ ਸਰਕਾਰ ਹੋਣ ਦੇ ਬਾਵਜੂਦ ਵੀ ਸਰਕਾਰ ਨਹੀਂ ਸੀ ਬਣਾ ਸਕੀ। ਸਰਕਾਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਇਕ 'ਸਾਂਝਾ ਪ੍ਰੋਗਰਾਮ' ਉਲਕਿਆ ਗਿਆ ਤੇ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੇ ਕਨਵੀਨਰ ਮਾਰਕਸੀ ਨੇਤਾ ਹਰਕ੍ਰਿਸ਼ਨ ਸਿੰਘ ਸੁਰਜੀਤ ਸਨ। ਸਰਕਾਰ ਦੁਆਰਾ ਲਾਗੂ ਕੀਤੇ ਸਾਂਝੇ ਪ੍ਰੋਗਰਾਮ ਵਿਚ ਲੋਕਾਂ ਨੂੰ ਸਾਫ-ਸੁਥਰਾ ਪ੍ਰਸ਼ਾਸਨ, ਕੀਮਤਾਂ ਤੇ ਕੰਟਰੋਲ, ਛੋਟੇ ਕਿਸਾਨਾਂ ਲਈ ਲਾਭਕਾਰੀ ਨੀਤੀਆਂ, ਸਨਅਤੀ ਤਰੱਕੀ ਤੇ ਹਰ ਵਰਗ ਲਈ ਲੋਕ ਭਲਾਈ ਦੀਆਂ ਸਕੀਮਾਂ ਲਾਗੂ ਕਰਨ, ਪੁਰਾਣੀਆਂ ਸਰਕਾਰਾਂ ਦੇ ਸਮੇਂ ਵਿਚ ਰਿਸ਼ਵਤਖੋਰੀ ਦੀਆਂ ਘਟਨਾਵਾਂ ਦੀ ਜਾਂਚ ਆਦਿ ਸ਼ਾਮਲ ਸਨ। ਭਾਵੇਂ ਇਸ ਸਰਕਾਰ ਨੇ ਚੰਗੀ ਸ਼ੁਰੂਆਤ ਕੀਤੀ ਪ੍ਰੰਤੂ ਗੱਠਜੋੜ ਦੀਆਂ ਕਮਜ਼ੋਰੀਆਂ ਦਲ ਬਦਲੀ ਤੇ ਹੋਰ ਮੁਸ਼ਕਲਾਂ ਕਰਕੇ ਮੁੱਖ ਮੰਤਰੀ ਨੂੰ 22 ਨਵੰਬਰ, 1967 ਨੂੰ ਅਸਤੀਫਾ ਦੇਣਾ ਪਿਆ। ਇਸ ਦਾ ਮੁਖ ਕਾਰਨ ਅਕਾਲੀ ਦਲ ਦੀ ਫੁੱਟ ਸੀ ਤੇ ਇਸਦੇ ਇਕ ਧੜੇ ਦੇ ਲੀਡਰ ਲਛਮਣ ਸਿੰਘ ਗਿੱਲ ਨੇ ਕਾਂਗਰਸ ਦੀ ਬਾਹਰੀ ਸਹਾਇਤਾ ਨਾਲ 25 ਨਵੰਬਰ, 1967 ਨੂੰ ਸਰਕਾਰ ਬਣਾਈ ਜਿਹੜੀ ਕੇਵਲ ਕੁਝ ਮਹੀਨੇ ਤੱਕ ਹੀ ਚੱਲੀ। ਇਸ ਦਾ ਮੁੱਖ ਕਾਰਨ ਸਰਕਾਰ ਤੋਂ ਕਾਂਗਰਸ ਦੀ ਹਮਾਇਤ ਵਾਪਸ ਲੈਣਾ ਸੀ ਤੇ ਮੁੱਖ ਮੰਤਰੀ ਨੇ 23 ਅਗਸਤ 1968 ਨੂੰ ਅਸਤੀਫਾ ਦੇ ਦਿੱਤਾ ਤੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਿਹੜਾ ਫਰਵਰੀ 1969 ਤੱਕ ਰਿਹਾ। ਅਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਵਿਧਾਨ ਸਭਾ ਆਪਣੀ ਮਿਆਦ ਪੂਰੀ ਨਹੀਂ ਕਰ ਸਕੀ। ਏਥੇ ਦੱਸਣਾ ਬਣਦਾ ਹੈ ਕਿ ਭਾਵੇਂ ਇਹ ਸਰਕਾਰ ਕੇਵਲ 9 ਮਹੀਨੇ ਹੀ ਚੱਲੀ ਪਰ ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਲੈ ਕੇ ਆਇਆ। ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਕਰਕੇ ਪਿੰਡਾਂ ਵਿਚ ਸੜਕਾਂ, ਬਿਜਲੀ, ਪੇਂਡੂ ਵਿਕਾਸ, ਹਸਪਤਾਲ, ਡਿਸਪੈਂਸਰੀਆਂ, ਸਕੂਲਾਂ, ਸਿੰਚਾਈ, ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾਵਾਂ ਨੂੰ ਸਰਕਾਰੀ ਗ੍ਰਾਂਟ ਤੇ ਹੋਰ ਲੋਕ ਭਲਾਈ ਦੇ ਵੱਡੇ ਕੰਮ ਸ਼ੁਰੂ ਹੋਏ। ਇਸ ਤੋਂ ਇਲਾਵਾ ਸਭ ਤੋਂ ਇਤਿਹਾਸਕ ਕੰਮ ਮਾਂ-ਬੋਲੀ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣਾ ਸੀ।

ਆਜ਼ਾਦ ਭਾਰਤ ਵਿਚ ਪੰਜਾਬ ਵਿਚ ਪਹਿਲੀਆਂ ਮੱਧਕਾਲੀ ਚੋਣਾਂ ਫਰਵਰੀ 1969 ਵਿਚ ਹੋਈਆਂ। ਇਹ ਚੋਣਾਂ ਅਕਾਲੀ ਦਲ ਨੇ ਜਨਸੰਘ ਨਾਲ ਗਠਜੋੜ ਵਿਚ ਲੜੀਆਂ। ਅਕਾਲੀ ਧੜੇ ਦੇ ਲੀਡਰ ਮਾਸਟਰ ਤਾਰਾ ਸਿੰਘ ਦੀ ਮੌਤ ਹੋਣ ਕਰਕੇ ਸੰਤ ਫਤਿਹ ਸਿੰਘ ਅਕਾਲੀ ਦਲ ਦੀ ਰਾਜਨੀਤਕ ਤਾਕਤ ਕਾਫ਼ੀ ਵਧ ਗਈ ਸੀ। ਇਹਨਾਂ ਚੋਣਾਂ ਵਿਚ ਅਕਾਲੀ ਦਲ ਨੂੰ ਭਰਵਾਂ ਹੁੰਗਾਰਾ ਮਿਲਿਆ ਤੇ ਇਸਨੇ 29.4% ਵੋਟਾਂ ਲੈ ਕੇ 104 ਵਿਚੋਂ 43 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਤੇ ਇਸਦੇ ਭਾਈਵਾਲ ਜਨਸੰਘ ਨੇ 8 ਸੀਟਾਂ ਜਿੱਤੀਆਂ। ਇਸ ਤੋਂ ਇਲਾਵਾ ਸੀ.ਪੀ.ਆਈ ਤੇ ਸੀ.ਪੀ.ਐਮ ਨੇ ਕ੍ਰਮਵਾਰ 4 ਤੇ 2 ਸੀਟਾਂ ਜਿੱਤ ਕੇ ਸਰਕਾਰ ਬਣਾਉਣ ਵਿਚ ਮਦਦ ਕੀਤੀ। ਦੂਸਰੇ ਪਾਸੇ ਕਾਂਗਰਸ ਪਾਰਟੀ 39.2% ਵੋਟਾਂ ਲੈ ਕੇ ਵੀ ਕੇਵਲ 38 ਸੀਟਾਂ ਹੀ ਜਿੱਤ ਸਕੀ। ਇਸਦਾ ਮੁੱਖ

ਕਾਰਨ ਗ਼ੈਰ-ਕਾਂਗਰਸੀ ਪਾਰਟੀਆਂ ਵਿਚ ਚੋਣ ਸਮਝੌਤਾ ਸੀ। ਇਸ ਤਰੀਕੇ ਨਾਲ ਇਕ ਵਾਰ ਫਿਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਅਕਾਲੀ-ਜਨਸੰਘ ਦੀ ਸਰਕਾਰ ਬਣੀ ਤੇ ਦੋਹਾਂ ਕਮਿਊਨਿਸਟ ਪਾਰਟੀਆਂ ਤੇ ਹੋਰਾਂ ਨੇ ਸਰਕਾਰ ਨੂੰ ਬਾਹਰੋਂ ਸਮਰਥਨ ਦਿੱਤਾ। ਕਾਂਗਰਸ ਪਾਰਟੀ ਨੇ ਇਕ ਵਾਰੀ ਫਿਰ ਵਿਰੋਧੀ ਧਿਰ ਦੀ ਭੂਮਿਕਾ ਨਿਭਾਈ। ਅਕਾਲੀ ਦਲ ਦੀ ਅਗਵਾਈ ਵਿਚ ਦੁਬਾਰਾ ਸਰਕਾਰ ਬਣਨ ਨਾਲ ਪੰਜਾਬ ਦੀ ਰਾਜਨੀਤੀ ਵਿਚ, ਪੇਂਡੂ ਭਾਈਚਾਰੇ ਭਾਵ ਹਰੀ ਕ੍ਰਾਂਤੀ ਤੋਂ ਬਾਅਦ ਨਵੀਂ ਉਭਰੀ ਵੱਡੀ ਕਿਸਾਨੀ ਦਾ ਦਬਦਬਾ ਬਹੁਤ ਵਧ ਗਿਆ। ਇਸ ਵਰਤਾਰੇ ਨੇ ਕਾਂਗਰਸ ਪਾਰਟੀ ਦੇ ਸਾਹਮਣੇ ਵੱਡੀ ਚੁਣੌਤੀ ਪੈਦਾ ਕੀਤੀ ਤੋਂ ਉਸਦੇ ਕੋਈ 10 ਨਵੇਂ ਚੁਣੇ ਹੋਏ ਕਿਸਾਨੀ ਨਾਲ ਸਬੰਧਤ ਵਿਧਾਇਕਾਂ ਨੇ ਪਾਰਟੀ ਛੱਡੀ ਤੇ ਸਰਕਾਰ ਦੀ ਹਮਾਇਤ ਵਿੱਚ ਆ ਗਏ।

ਇਸ ਸਰਕਾਰ ਨੇ ਆਪਣੇ ਕੰਮਕਾਜ ਵਾਸਤੇ ਚੰਗੀ ਸ਼ੁਰੂਆਤ ਕੀਤੀ। ਇਸ ਨੇ ਇਕ ਫੈਸਲੇ ਰਾਹੀਂ 'ਸੱਚਰ ਫਾਰਮੂਲੇ' ਦੀ ਜਗ੍ਹਾ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਜਿਸ ਨਾਲ ਪੰਜਾਬੀ ਦੀ ਪੜ੍ਹਾਈ ਪਹਿਲੀ ਜਮਾਤ ਤੇ ਹਿੰਦੀ ਦੀ ਚੌਥੀ ਤੇ ਅੰਗਰੇਜ਼ੀ ਦੀ ਛੇਵੀਂ ਜਮਾਤ ਤੋਂ ਲਾਗੂ ਕੀਤੀ। ਪਰ ਇਸ ਫੈਸਲੇ ਨੂੰ ਪ੍ਰਾਈਵੇਟ ਤੇ ਸਰਕਾਰੀ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆ ਵਿਚ ਲਾਗੂ ਕਰਨ 'ਤੇ ਮੱਤਭੇਦ ਪੈਦਾ ਹੋ ਗਏ। ਅਕਾਲੀ ਦਲ ਇਸ ਨੂੰ ਇਕਸਾਰਤਾ ਵਿਚ ਲਾਗੂ ਕਰਨਾ ਚਾਹੁੰਦਾ ਸੀ ਜਦਕਿ ਜਨਸੰਘ ਇਸਦੇ ਵਿਰੋਧ ਵਿੱਚ ਸੀ। ਕਾਂਗਰਸ ਦਾ ਸਟੈਂਡ ਇਸ ਮੁੱਦੇ 'ਤੇ ਤਕਰੀਬਨ ਜਨਸੰਘ ਵਾਲਾ ਹੀ ਸੀ। ਇਸ ਮੁੱਦੇ ਨੂੰ ਲੈ ਕੇ ਰਾਜ ਕਰ ਰਹੇ ਦੋਵੇਂ ਭਾਈਵਾਲਾਂ ਵਿਚ ਕਾਫੀ ਖਟਾਸ ਪੈਦਾ ਹੋਈ। ਇਸ ਦੇ ਨਾਲ ਹੀ ਸਰਕਾਰ ਨੇ ਇੱਕ ਫ਼ੈਸਲੇ ਰਾਹੀਂ ਵਿਧਾਨ ਪ੍ਰੀਸ਼ਦ ਖਤਮ ਕਰ ਦਿੱਤੀ ਤੇ ਹੋਰ ਬਹੁਤ ਸਾਰੇ ਆਰਥਿਕ ਤਰੱਕੀ ਦੇ ਨਵੇਂ ਮਨਸੂਬੇ ਹੋਂਦ ਵਿਚ ਲਿਆਂਦੇ। ਪੰਜਾਬ ਵਿਚ ਸਕੂਲੀ ਤੇ ਉਚੇਰੀ ਵਿੱਦਿਆ ਵਿਚ ਸੁਧਾਰ ਵਾਸਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਅੰਮ੍ਰਿਤਸਰ ਵਿਚ ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਇਸਦੇ ਇਲਾਵਾ ਬਠਿੰਡੇ ਵਿਚ ਨਵੇਂ ਥਰਮਲ ਪਾਵਰ ਪਲਾਂਟ ਦੀ ਨੀਂਹ ਰੱਖੀ। ਪਰ ਸਰਕਾਰ ਦੇ ਭਾਈਵਾਲਾਂ ਵਿਚ ਤਾਲਮੇਲ ਦੀ ਘਾਟ ਤੇ ਬੇਭਰੋਸਗੀ, ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ, ਪੁਨਰਗਠਨ ਤੋਂ ਪੈਦਾ ਹੋਏ ਰਾਜਨੀਤਕ ਹਾਲਤ, ਪਾਣੀਆਂ ਆਦਿ ਦੇ ਮੁੱਦਿਆਂ ਨੂੰ ਹੱਲ ਕਰਨ ਪ੍ਰਤੀ ਕੇਂਦਰ ਸਰਕਾਰ ਦੀ ਉਦਾਸੀਨਤਾ, ਸੰਤ ਫਤਿਹ ਸਿੰਘ ਦਾ ਪੰਜਾਬ ਦੀਆਂ ਮੰਗਾਂ ਨੂੰ ਲੈ ਮਰਨ ਵਰਤ ਦੀ ਧਮਕੀ ਤੇ ਹੋਰ ਕਾਰਨਾਂ ਕਰਕੇ ਇਹ ਸਰਕਾਰ 25 ਮਾਰਚ 1970 ਨੂੰ ਡਿੱਗ ਪਈ ਤੇ ਨਵੀਂ ਸਰਕਾਰ 27 ਮਾਰਚ 1970 ਨੂੰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਬਣਾਈ ਗਈ। ਇਹ ਸਰਕਾਰ ਵੀ ਜ਼ਿਆਦਾ ਦੇਰ ਤਕ ਨਹੀਂ ਚਲ ਸਕੀ ਤੇ 13 ਜੂਨ 1971 ਨੂੰ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਤੇ ਦੇਸ਼ ਰਾਜਨੀਤਕ ਅਨਿਸਚਿਤਾਵਾਂ ਵਿਚੋਂ ਲੰਘ ਰਿਹਾ ਸੀ।

ਦੇਸ਼ ਵਿਚ ਆਮ ਚੋਣਾਂ ਮਾਰਚ 1971 ਵਿਚ ਹੋਈਆਂ। ਸ਼ੁਰੂ ਵਿਚ ਅਕਾਲੀ ਦਲ ਤੇ ਕਾਂਗਰਸ ਵਿਚ ਇਕੱਠਿਆਂ ਚੋਣਾਂ ਲੜਨ ’ਤੇ ਵਿਚਾਰ ਹੋਈ ਪਰ ਇਹ ਸਿਰੇ ਨਹੀਂ ਚੜ੍ਹੀ। ਫਿਰ ਕਾਂਗਰਸ ਨੇ ਸੀ.ਪੀ.ਆਈ ਨਾਲ ਚੋਣ ਸਮਝੌਤਾ ਕਰਕੇ ਕੁਲ ਪਈਆਂ ਵੋਟਾਂ ਦਾ 46% ਲੈ ਕੇ 10 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਤੇ ਸੀ.ਪੀ.ਆਈ ਨੇ 6.2% ਵੋਟਾਂ ਲੈ ਕੇ 2 ਸੀਟਾਂ ਜਿੱਤੀਆਂ। ਦੂਸਰੇ ਪਾਸੇ ਅਕਾਲੀ ਦਲ 31% ਵੋਟਾਂ ਲੈ ਕੇ ਕੇਵਲ ਇਕ ਸੀਟ ਹੀ ਜਿੱਤ ਸਕਿਆ। ਇਹਨਾਂ ਚੋਣਾਂ ਨੇ ਪੰਜਾਬ ਵਿਚ ਰਾਜਨੀਤੀ ਦੇ ਸਮੀਕਰਣ ਬਦਲ ਦਿੱਤੇ ਤੇ ਕਾਂਗਰਸ ਪਾਰਟੀ ਇਕ ਵਾਰੀ ਫਿਰ ਪੰਜਾਬ ਦੀ ਰਾਜਨੀਤੀ ’ਤੇ ਹਾਵੀ ਹੋਈ। ਇਹਨਾਂ ਚੋਣ ਨਤੀਜਿਆਂ ਨੇ ਅਕਾਲੀ ਸਰਕਾਰ ਦੀਆਂ ਸਮੱਸਿਆਵਾਂ ਵਿਚ ਵਾਧਾ ਕੀਤਾ ਤੇ ਆਖੀਰ ਜੂਨ 1971 ਵਿਚ ਇਸਦਾ ਭੋਗ ਪੈ ਗਿਆ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਮਾਰਚ 1972 ਵਿਚ ਹੋਈਆਂ ਜਿਸ ਵਿਚ ਕਾਂਗਰਸ, ਸੀ.ਪੀ.ਆਈ ਗਠਜੋੜ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਤੇ ਪੰਜਾਬ ਨੂੰ ਰਾਜਨੀਤਕ ਸਥਿਰਤਾ ਪ੍ਰਦਾਨ ਕੀਤੀ। ਕਾਂਗਰਸ ਪਾਰਟੀ ਨੇ 42.8% ਵੋਟਾਂ ਲੈ ਕੇ 66 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਜਦੋਂਕਿ ਇਸਦੇ ਭਾਈਵਾਲ ਸੀ.ਪੀ.ਆਈ ਨੇ 6.5% ਵੋਟਾਂ ਲੈ ਕੇ 10 ਸੀਟਾਂ ਜਿੱਤੀਆਂ। ਦੂਸਰੇ ਪਾਸੇ ਅਕਾਲੀ ਦਲ 27.60% ਵੋਟਾਂ ਲੈ ਕੇ ਕੇਵਲ 24 ਸੀਟਾਂ ਹੀ ਜਿੱਤ ਸਕਿਆ। ਜਦੋਂਕਿ ਜਨਸੰਘ 5% ਵੋਟਾਂ ਲੈ ਕੇ ਇਕ ਵੀ ਸੀਟ ਨਹੀਂ ਜਿੱਤ ਸਕੀ।

ਕਾਂਗਰਸ ਦੀ ਵੱਡੀ ਜਿੱਤ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿਚ ਸਰਕਾਰ ਬਣੀ। ਇਸ ਸਰਕਾਰ ਨੇ ਆਪਣੇ ਪੰਜ ਸਾਲ ਪੂਰੇ ਕੀਤੇ ਤੇ ਰਾਜ ਵਿਚ ਰਾਜਨੀਤਿਕ ਸਥਿਰਤਾ ਲਿਆਂਦੀ। ਇਹ ਦੌਰ ਪੰਜਾਬ ਦੀ ਆਰਥਿਕ ਤਰੱਕੀ ਤੇ ਖੁਸ਼ਹਾਲੀ ਦਾ ਦੌਰ ਸੀ। ਹਰੀ ਕ੍ਰਾਂਤੀ ਦੇ ਸਫਲ ਤਜਰਬੇ ਕਾਰਨ ਪੰਜਾਬ ਆਰਥਿਕ ਤੌਰ ’ਤੇ ਵੱਡੀ ਪੁਲਾਂਘ ਪੁੱਟ ਰਿਹਾ ਸੀ ਪ੍ਰੰਤੂ ਉਸ ਸਮੇਂ ਦੀਆਂ ਵੱਡੀਆਂ ਘਟਨਾਵਾਂ ਤੇ ਬਾਅਦ ਵਿਚ ਅੱਸੀਵੇਂ ਦੇ ਦਹਾਕੇ ਵਿਚ ਹਾਲਾਤ ਦੇ ਵਿਗੜਨ ਕਰਕੇ ਇਕ ਚੰਗੀ ਸ਼ੁਰੂਆਤ ਪੰਜਾਬ ਦੀ ਵੱਡੀ ਤ੍ਰਾਸਦੀ ਬਣ ਗਈ, ਜਿਸਦੇ ਖ਼ਮਿਆਜ਼ੇ ਅੱਜ ਤਕ ਪੰਜਾਬ ਤੇ ਇਸਦੇ ਲੋਕ ਭੁਗਤ ਰਹੇ ਹਨ। ਹਾਰ ਤੋਂ ਬਾਅਦ ਅਕਾਲੀ ਦਲ ਨੇ ਪੰਜਾਬ ਵਾਸਤੇ ਖ਼ੁਦਮੁਖਤਾਰੀ ਲਈ ‘ਆਨੰਦਪੁਰ ਸਾਹਿਬ ਮਤਾ’ ਪਾਸ ਕੀਤਾ ਤੇ ਆਪਣਾ ਜ਼ਿਆਦਾ ਧਿਆਨ ਪੇਂਡੂ ਕਿਸਾਨੀ ਦੇ ਮਸਲਿਆਂ ’ਤੇ ਲਾਉਣਾ ਸ਼ੁਰੂ ਕੀਤਾ। ਇਸਦੇ ਨਾਲ ਹੀ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਜੂਨ 1975 ਵਿਚ ਦੇਸ਼ ਵਿਚ ਅੰਦਰੂਨੀ ਸੰਕਟ ਦਾ ਐਲਾਨ ਕਰਕੇ ਸਭ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ’ਤੇ ਰੋਕ ਲਗਾ ਦਿੱਤੀ। ਇਸ ਵਰਤਾਰੇ ਦਾ ਅਕਾਲੀ ਦਲ ਨੇ ਡੱਟ ਕੇ ਵਿਰੋਧ ਕੀਤਾ ਤੇ ਬਹੁਤ ਵੱਡੀ ਜਨਤਕ ਲਾਮਬੰਦੀ ਕੀਤੀ। ਇਸ ਦੇ ਵਿਰੋਧ ਵਿਚ ਵੱਡੀ ਗਿਣਤੀ ਵਿਚ ਲੀਡਰਾਂ ਦੇ ਨਾਲ-ਨਾਲ ਹਜ਼ਾਰਾਂ ਲੋਕ ਜੇਲ੍ਹਾਂ ਵਿਚ ਗਏ। ਕਾਂਗਰਸ ਖਿਲਾਫ ਲੜਾਈ ਨੇ ਅਕਾਲੀ ਦਲ ਦਾ ਰੁਤਬਾ ਨਾ ਕੇਵਲ ਪੰਜਾਬ ਬਲਕਿ ਅਵਾਮੀ ਪੱਧਰ ’ਤੇ ਬਹੁਤ ਵਧਾ ਦਿੱਤਾ। ਇਸ ਵਰਤਾਰੇ ਨੂੰ ਠੱਲ੍ਹ ਪਾਉਣ ਵਾਸਤੇ ਉਸ

ਸਮੇਂ ਦੇ ਮੁੱਖ ਮੰਤਰੀ ਨੇ ਪੰਜਾਬ ਦੀ ਰਾਜਨੀਤੀ ਵਿਚ ਧਾਰਮਿਕ ਚਿੰਨ੍ਹਾ, ਉਤਸਵਾਂ ਤੇ ਦਿਨ ਤਿਉਹਾਰਾਂ ਨੂੰ ਰਾਜਨੀਤਕ ਮੰਤਵ ਵਾਸਤੇ ਮਨਾਉਣਾ ਸ਼ੁਰੂ ਕੀਤਾ। ਇਹਨਾਂ ਵਿਚ ਸ਼ਹਿਰਾਂ ਤੇ ਰਸਤਿਆਂ ਦੇ ਨਾਵਾਂ ਦੀ ਤਬਦੀਲੀ ਸ਼ਾਮਲ ਸੀ। ਇਸ ਦੇ ਨਾਲ ਹੀ ਧਾਰਮਿਕ ਤੇ ਸ਼ਹੀਦੀ ਦਿਵਸਾਂ ਦਾ ਪੂਰੇ ਸਰਕਾਰੀਤੰਤਰ ਹੇਠ ਮਨਾਉਣਾ ਵੀ ਸ਼ਾਮਲ ਸੀ। ਦੂਸਰੇ ਪਾਸੇ ਸੰਕਟ ਕਾਲੀਨ ਸਮਾਂ ਹੋਣ ਕਰਕੇ ਪੰਜਾਬ ਵਿਚ ਰਾਜਨੀਤਕ ਸਰਗਰਮੀਆਂ ’ਤੇ ਵੱਡੀਆਂ ਪਾਬੰਦੀਆਂ ਸਨ। ਇਸਦੇ ਨਾਲ ਹੀ ਮਨੁੱਖੀ ਅਧਿਕਾਰ ਦਾ ਘਾਣ ਕਰਨ ਵਾਸਤੇ ਮੀਸਾ ਵਰਗੇ ਖਤਰਨਾਕ ਕਾਨੂੰਨ ਬਣਾਏ ਗਏ ਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਤੇ ਮਜ਼ਦੂਰ ਨੇਤਾ, ਬੁੱਧੀਜੀਵੀ ਆਦਿ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਇਹ ਸਮਾਂ ਭਾਰਤੀ ਲੋਕਤੰਤਰ ਦੇ ਇਤਿਹਾਸ ਵਿਚ ਇਕ ਕਾਲੇ ਦੌਰ ਦੀ ਤਰ੍ਹਾਂ ਜਾਣਿਆ ਜਾਂਦਾ ਹੈ।

ਦੇਸ਼ ਵਿਚ ਆਮ ਚੋਣਾਂ ਐਮਰਜੰਸੀ ਹਟਣ ਤੋਂ ਬਾਅਦ ਮਾਰਚ 1977 ਵਿਚ ਹੁੰਦੀਆਂ ਹਨ ਜਿਸ ਵਿਚ ਪਹਿਲੀ ਵਾਰ ਗ਼ੈਰ ਕਾਂਗਰਸ ਪਾਰਟੀ ਸੱਤਾ ਵਿਚ ਆਉਂਦੀ ਹੈ। ਪੰਜਾਬ ਵਿਚ ਕਾਂਗਰਸ ਪਾਰਟੀ ਕੁਲ ਵੋਟਾਂ ਦਾ 35% ਲੈ ਕੇ ਵੀ ਇਕ ਵੀ ਸੀਟ ਨਹੀਂ ਜਿੱਤ ਸਕੀ ਜਦੋਂਕਿ ਦੂਸਰੇ ਪਾਸੇ ਅਕਾਲੀ ਦਲ, ਲੋਕ ਦਲ ਤੇ ਸੀ.ਪੀ.ਐਮ ਗਠਜੋੜ ਨੇ ਕ੍ਰਮਵਾਰ 9,3 ਅਤੇ 1 ਸੀਟ ਜਿੱਤੀਆਂ! ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਦਾ ਮੁੱਖ ਕਾਰਨ ਐਮਰਜੰਸੀ ਵਿਚ ਮਨੁੱਖੀ ਅਧਿਕਾਰਾਂ ਦਾ ਵੱਡੇ ਪੱਧਰ ’ਤੇ ਘਾਣ ਤੇ ਸਰਕਾਰ ਦੀ ਨਿਰੰਕੁਸ਼ ਕਾਰਗੁਜ਼ਾਰੀ ਸੀ। ਇਹਨਾਂ ਚੋਣਾਂ ਤੋਂ ਬਾਅਦ ਪਹਿਲੀ ਗ਼ੈਰ ਕਾਂਗਰਸੀ ਸਰਕਾਰ ਵਿਚ ਅਕਾਲੀ ਦਲ ਸ਼ਾਮਲ ਹੋਇਆ ਤੇ ਸਰਦਾਰ ਪ੍ਰਕਾਸ਼ ਸਿੰਘ ਕੇਂਦਰੀ ਖੇਤੀਬਾੜੀ ਤੇ ਸਰਦਾਰ ਧੰਨਾ ਸਿੰਘ ਗੁਲਸ਼ਨ ਕੇਂਦਰੀ ਰਾਜ ਮੰਤਰੀ ਬਣੇ। ਕੇਂਦਰ ਦੀ ਨਵੀਂ ਸਰਕਾਰ ਨੇ ਪੰਜਾਬ ਸਮੇਤ ਬਹੁਤ ਸਾਰੀਆਂ ਰਾਜ ਸਰਕਾਰਾਂ ਨੂੰ ਧਾਰਾ 356 ਦੀ ਵਰਤੋਂ ਕਰਕੇ ਭੰਗ ਕਰ ਦਿੱਤਾ ਤੇ ਨਵੀਆਂ ਚੋਣਾਂ ਦਾ ਰਾਹ ਪੱਧਰਾ ਹੋ ਗਿਆ।

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਜੂਨ 1977 ਨੂੰ ਹੋਈਆਂ। ਇਹਨਾਂ ਚੋਣਾਂ ਵਿਚ ਅਕਾਲੀ-ਜਨਤਾ ਪਾਰਟੀ ਤੇ ਸੀ.ਪੀ.ਐਮ ਦੇ ਗਠਜੋੜ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਤੇ ਕ੍ਰਮਵਾਰ 58, 25 ਤੇ 8 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਦੂਸਰੇ ਪਾਸੇ ਕਾਂਗਰਸ ਪਾਰਟੀ 34% ਵੋਟਾਂ ਲੈ ਕੇ ਕੇਵਲ 17 ਸੀਟਾਂ ਹੀ ਜਿੱਤ ਸਕੀ ਜਿਹੜੀ ਉਸ ਪਾਰਟੀ ਦੀ ਉਦੋਂ ਤਕ ਸਭ ਤੋਂ ਵੱਧ ਨਿਰਾਸ਼ਾਜਨਕ ਪ੍ਰਾਪਤੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇ ਕੇ ਪੰਜਾਬ ਵਿਚ ਅਕਾਲੀ-ਜਨਤਾ ਪਾਰਟੀ ਦੀ ਮਿਲੀ-ਜੁਲੀ ਸਰਕਾਰ ਬਣਾਈ। ਸੀ.ਪੀ.ਐਮ. ਨੇ ਸਰਕਾਰ ਨੂੰ ਬਾਹਰ ਰਹਿ ਕੇ ਸਮਰਥਨ ਕੀਤਾ। ਇਸ ਸਰਕਾਰ ਨੇ ਚੰਗੀ ਸ਼ੁਰੂਆਤ ਕੀਤੀ ਤੇ ਲੋਕ ਭਲਾਈ ਤੇ ਸੂਬੇ ਦੀ ਬਿਹਤਰੀ ਵਾਸਤੇ ਬਹੁਤ ਸਾਰੇ ਕਦਮ ਚੁੱਕੇ। ਇਹਨਾਂ ਕੰਮਾਂ ਵਿਚ ਪੇਂਡੂ ਵਿਕਾਸ ਨੂੰ ਵੱਡੀ ਤਰਜੀਹ ਦਿੱਤੀ ਗਈ। ਇਸਦੇ ਨਾਲ ਹੀ ਸਿਹਤ, ਵਿੱਦਿਆ, ਸੜਕਾਂ, ਮੰਡੀਆਂ ਦੇ ਨਿਰਮਾਣ, ਪਿੰਡ ਵਿਚ ਫੋਕਲ ਪੁਆਇੰਟ ਆਦਿ ਸ਼ਾਮਲ ਸਨ। ਇਹਨਾਂ ਲੋਕ

ਭਲਾਈ ਕੰਮਾਂ ਕਰਕੇ ਸਰਕਾਰ ਤੇ ਖਾਸ ਕਰਕੇ ਅਕਾਲੀ ਦਲ ਦਾ ਪੇਂਡੂ ਕਿਸਾਨੀ, ਔਰਤਾਂ ਆਦਿ ਵਿਚ ਰਾਜਨੀਤਕ ਆਧਾਰ ਵਧਿਆ। ਪਰ ਇਹ ਸਰਕਾਰ ਵੀ ਆਪਣੇ ਪੰਜ ਸਾਲ ਪੂਰੇ ਨਾ ਕਰ ਸਕੀ। ਇਸਦੇ ਸਮੇਂ ਵਿਚ ਹੀ 1978 ਵਿਚ ਸਿੱਖ-ਨਿਰੰਕਾਰੀ ਝਗੜਾ ਹੋਇਆ ਤੇ ਸਰਕਾਰ 'ਤੇ ਉਸਨੂੰ ਠੀਕ ਤਰੀਕੇ ਨਾਲ ਨਜਿੱਠਣ ਵਿਚ ਫੇਲ੍ਹ ਹੋਣ ਦੇ ਦੋਸ਼ ਲੱਗੇ। ਇਸ ਤੋਂ ਇਲਾਵਾ ਕਾਂਗਰਸ ਦੇ ਵੱਡੇ ਲੀਡਰਾਂ ਨੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਵਾਸਤੇ ਦਲ-ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਨੂੰ ਤਗੜਾ ਕਰਨ ਦਾ ਕੰਮ ਜਾਰੀ ਰੱਖਿਆ। ਪਰ ਸਭ ਤੋਂ ਵੱਡੀ ਮੁਸ਼ਕਲ ਇਸ ਸਰਕਾਰ ਲਈ ਉਦੋਂ ਪੈਦਾ ਹੋਈ ਜਦੋਂ ਕੇਂਦਰ ਦੀ ਗੈਰ ਕਾਂਗਰਸ ਸਰਕਾਰ ਪਹਿਲੀ 19 ਜੁਲਾਈ 1979 ਨੂੰ ਤੇ ਬਾਅਦ ਵਿਚ ਜਨਵਰੀ 1980 ਨੂੰ ਡਿੱਗ ਪਈ ਤੇ ਮੱਧਕਾਲੀ ਚੋਣਾਂ ਹੋਈਆਂ। ਜਿਸ ਵਿਚ ਕਾਂਗਰਸ ਪਾਰਟੀ ਨੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ। ਪਾਰਟੀ ਨੇ ਪੰਜਾਬ ਦੀਆਂ 13 ਸੀਟਾਂ ਵਿਚੋਂ 12 'ਤੇ ਜਿੱਤ ਪ੍ਰਾਪਤ ਕੀਤੀ ਤੇ ਅਕਾਲੀ ਦਲ ਸਿਰਫ ਇਕ ਸੀਟ (ਤਰਨ ਤਾਰਨ) ਹੀ ਜਿੱਤ ਸਕਿਆ। ਇਹਨਾਂ ਚੋਣਾਂ ਵਿਚ ਕਾਂਗਰਸ ਨੇ ਕੁਲ ਪਈਆਂ ਵੋਟਾਂ ਦਾ 52.45% ਪ੍ਰਾਪਤ ਕੀਤਾ ਜਦੋਂਕਿ ਅਕਾਲੀ ਦਲ ਨੂੰ ਸਿਰਫ 23.37% ਵੋਟਾਂ ਹੀ ਮਿਲੀਆਂ। ਇੰਦਰਾ ਗਾਂਧੀ ਦੇ ਕਾਂਗਰਸ ਵਿਚ ਵਾਪਸ ਆਉਣ 'ਤੇ ਪੰਜਾਬ ਸਮੇਤ ਕਈ ਹੋਰ ਰਾਜਾਂ ਵਿਚ ਧਾਰਾ 356 ਤਹਿਤ ਰਾਸ਼ਟਰਪਤੀ ਰਾਜ ਲਾਗੂ ਕਰਕੇ ਨਵੀਆਂ ਚੋਣਾਂ ਹੋਈਆਂ। ਕੇਂਦਰ ਵਿਚ ਜਨਤਾ ਪਾਰਟੀ ਦੇ ਖੇਰੂੰ ਖੇਰੂੰ ਹੋਣ ਨਾਲ ਕਈ ਧੜੇ ਬਣ ਗਏ ਤੇ ਪੁਰਾਣੇ ਜਨ ਸੰਘ ਧੜੇ ਨੇ ਬਾਹਰ ਆ ਕੇ ਭਾਰਤੀ ਜਨਤਾ ਪਾਰਟੀ ਨਾਮ ਦੀ ਪਾਰਟੀ ਖੜ੍ਹੀ ਕਰ ਦਿੱਤੀ ਜਿਸ ਨੇ ਉਸ ਸਮੇਂ ਤੋਂ ਲੈ ਕੇ ਹੁਣ ਤਕ ਭਾਰਤੀ ਤੇ ਪੰਜਾਬ ਦੀ ਰਾਜਨੀਤੀ ਨੂੰ ਬਹੁਤ ਹੀ ਪ੍ਰਭਾਵੀ ਢੰਗ ਨਾਲ ਪ੍ਰਭਾਵਿਤ ਕੀਤਾ ਹੈ।

ਪੰਜਾਬ ਵਿਚ ਮੱਧਕਾਲੀ ਚੋਣਾਂ ਜੂਨ 1980 ਵਿਚ ਹੋਈਆਂ। ਇਸ ਵਾਰ ਅਕਾਲੀ ਦਲ ਨੇ ਸੀ.ਪੀ.ਆਈ ਤੇ ਸੀ.ਪੀ.ਐਮ ਨਾਲ ਚੋਣ ਗਠਜੋੜ ਕੀਤਾ ਤੇ ਕਾਂਗਰਸ ਨੂੰ ਵੱਡੀ ਚੁਣੌਤੀ ਦਿੱਤੀ। ਗਠਜੋੜ ਨੇ ਕੁਲ ਪਈਆਂ ਵੋਟਾਂ ਦਾ 37.5% ਲੈ ਕੇ 51 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਸ ਦੇ ਉਲਟ ਕਾਂਗਰਸ ਪਾਰਟੀ ਨੇ 45% ਵੋਟਾਂ ਲੈ ਕੇ 63 ਸੀਟਾਂ ਜਿੱਤੀਆਂ ਤੇ ਬੀਜੇਪੀ ਆਪਣੇ ਬਲ ਤੇ 6.5% ਵੋਟਾਂ ਲੈ ਕੇ ਕੇਵਲ ਇਕ ਸੀਟ ਹੀ ਜਿੱਤ ਸਕੀ। ਕਾਂਗਰਸ ਪਾਰਟੀ ਨੇ ਦਰਬਾਰਾ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ ਤੇ ਪੰਜਾਬ ਵਿਚ ਪੈਦਾ ਹੋ ਰਹੇ ਰਾਜਸੀ ਤੇ ਧਾਰਮਿਕ ਸੰਕਟ ਨੂੰ ਨਜਿੱਠਣ ਦਾ ਫ਼ੈਸਲਾ ਕੀਤਾ ਪਰ ਕਾਂਗਰਸ ਦੀ ਆਪਸੀ ਧੜੇਬੰਦੀ ਤੋਂ ਇਲਾਵਾ ਪੰਜਾਬ ਦੀ ਬਦਲੀ ਹੋਈ ਤਸਵੀਰ ਨੇ ਉਸਦੇ ਸਾਹਮਣੇ ਵੱਡੇ ਸਵਾਲ ਪੈਦਾ ਕੀਤੇ। ਦੱਸਣਾ ਬਣਦਾ ਹੈ ਕਿ ਕੁਝ ਸਾਲ ਪਹਿਲਾਂ ਹੋਏ ਸਿੱਖ-ਨਿਰੰਕਾਰੀ ਝਗੜੇ ਤੇ ਉਸ ਤੋਂ ਉਤਪੰਨ ਹੋਏ ਅਣਸੁਲਝੇ ਵਿਵਾਦ, ਅਕਾਲੀ ਦਲ ਦਾ ਤਾਕਤ ਤੋਂ ਬਾਹਰ ਹੋਣਾ ਤੇ 1978 ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਕਾਂਗਰਸ ਦੇ ਵਿਰੋਧ ਦੇ ਬਾਵਜੂਦ ਵੱਡੀ ਜਿੱਤ, ਭਿੰਡਰਾਂਵਾਲੇ ਦਾ ਉਭਰਨਾ ਤੇ ਗਰਮ ਖਿਆਲੀ ਰਾਜਨੀਤੀ ਨੂੰ ਹਵਾ

ਦੇਣਾ, ਪੰਜਾਬ ਵਿਚ ਕਤਲੋਗਾਰਤ ਦਾ ਆਗਾਜ਼, ਅਣਚਾਹੀ ਹਿਜਰਤ ਤੇ ਅਸੁਰੱਖਿਅਤ ਮਾਹੌਲ ਨੇ ਪੰਜਾਬ ਦੀ ਰਾਜਨੀਤੀ ਵਿਚ ਵੱਡੀ ਅਨਿਸਚਤਾ ਪੈਦਾ ਕੀਤੀ। ਰਾਜਨੀਤਕ ਹਾਲਾਤ ਨੂੰ ਹੋਰ ਖਰਾਬ ਕਰਨ ਵਾਸਤੇ ਗਿਆਨੀ ਜ਼ੈਲ ਸਿੰਘ (ਉਸ ਸਮੇਂ ਦੇ ਗ੍ਰਹਿ ਮੰਤਰੀ ਤੇ ਮਗਰੋਂ ਰਾਸ਼ਟਰਪਤੀ) ਤੇ ਦਰਬਾਰਾ ਸਿੰਘ ਦੀ ਆਪਸੀ ਖੁੰਧਕ ਤੇ ਅਕਾਲੀਆਂ ਦੀ ਵਧਦੀ ਧੜੇਬੰਦੀ ਨੇ ਬਲਦੀ ’ਤੇ ਤੇਲ ਪਾਇਆ। ਕੇਂਦਰ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੀ ਚੁਣੀ ਹੋਈ ਸਰਕਾਰ ਨੂੰ ਸਮੇਂ ਤੋਂ ਪਹਿਲਾਂ ਸਤੰਬਰ 1983 ਵਿਚ ਡਿਸਮਿਸ ਕਰ ਦਿੱਤਾ ਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਇਸ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਖ਼ਤਰਨਾਕ ਦੌਰ ਦੀ ਸ਼ੁਰੂਆਤ ਹੁੰਦੀ ਹੈ ਜਿਸ ਵਿਚ ਪੰਜਾਬ ਨੂੰ ਫੌਜ ਦੇ ਹਵਾਲੇ ਕਰਨਾ, ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ, ਪੰਜਾਬ ਵਿਚ ਮਾਰਸ਼ਲ ਲਾਅ ਵਰਗੇ ਹਾਲਾਤ, ਵੱਡੀ ਗਿਣਤੀ ਵਿਚ ਜਵਾਨ ਮੁੰਡਿਆਂ ਦਾ ਘਰੋਂ ਭੱਜ ਜਾਣਾ, ਸਿਵਲ ਪ੍ਰਸ਼ਾਸਨ ਵਿਚ ਖੜੋਤ ਤੇ ਨੌਕਰਸ਼ਾਹੀ ਦੀ ਬੇਲਗ਼ਾਮੀ, ਫ਼ੌਜ ਵਿਚ ਬਗ਼ਾਵਤ, ਰਾਜਨੀਤਕ ਗਤੀਵਿਧੀਆਂ ’ਤੇ ਰੋਕ, ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਵਿਚ ਪੈਦਾ ਹੋਈ ਅਸੁਰੱਖਿਆ ਤੇ ਪੰਜਾਬ ਵਿਚੋਂ ਹਿਜਰਤ, ਹਿੰਦੂ ਭਾਈਚਾਰੇ ਵਿਚ ਖ਼ੌਫ਼, ਕਾਨੂੰਨ ਵਿਵਸਥਾ ਦੀ ਵਿਗੜਦੀ ਹੋਈ ਵਿਵਸਥਾ, ਪੁਲੀਸ ਰਾਜ ਦੀ ਸਥਾਪਨਾ ਤੇ ਵੱਡੀ ਗਿਣਤੀ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਨੇ ਪੰਜਾਬ ਦੀ ਰਾਜਨੀਤੀ ਦੀ ਤਸਵੀਰ ਤੇ ਤਕਦੀਰ ਬਦਲ ਦਿੱਤੀ।

ਪੰਜਾਬ ਦੀ ਰਾਜਨੀਤੀ ਲੰਮੇ ਸਮੇਂ ਤੋਂ ਹੀ ਦੋ ਧਾਰਾਵਾਂ ਵਿਚ ਵਹਿੰਦੀ ਰਹੀ ਹੈ ਤੇ ਇਹ ਵਰਤਾਰਾ ਅੱਜ ਵੀ ਦੇਖਣ ਨੂੰ ਮਿਲਦਾ ਹੈ। ਇਹ ਦੋ ਧਾਰਾਵਾਂ ਸੰਕਟ ਤੇ ਸੰਤਾਪ ਨਾਲ-ਨਾਲ ਆਸ ਦੀਆਂ ਕਿਰਨਾਂ ਵਾਂਗ ਮੌਜੂਦ ਰਹਿੰਦੀਆਂ ਹਨ। ਦੇਸ਼ ਵਿਚ ਅੱਠਵੀਆਂ ਲੋਕ ਸਭਾ ਚੋਣਾਂ ਜਨਵਰੀ 1985 ਵਿਚ ਹੋਈਆਂ। ਕਾਂਗਰਸ ਪਾਰਟੀ 1980 ਵਾਲੀ ਜਿੱਤ ਨਹੀਂ ਦੁਹਰਾ ਸਕੀ ਤੇ ਇਸ ਨੇ ਕੁਲ ਪਈਆਂ ਵੋਟਾਂ ਦਾ 41.53% ਲੈ ਕੇ 6 ਸੀਟਾਂ ਜਿੱਤੀਆਂ। ਇਸਦੇ ਉਲਟ ਅਕਾਲੀ ਦਲ ਨੇ 37.17% ਵੋਟਾਂ ਲੈ ਕੇ 7 ਸੀਟਾਂ ਜਿੱਤੀਆਂ। ਸੂਬੇ ਦੇ ਰਾਜਨੀਤਕ ਹਾਲਾਤ ਠੀਕ ਨਾ ਹੋਣ ਦੇ ਬਾਵਜੂਦ ਵੀ ਕੁਲ ਵੋਟਰਾਂ ਦੇ 67% ਨੇ ਇਹਨਾਂ ਚੋਣਾਂ ਵਿਚ ਹਿੱਸਾ ਲਿਆ। ਪੰਜਾਬ ਤੇ ਦੇਸ਼ ਵਿਚ ਉਸ ਸਮੇਂ ਵਿਚ ਹੋਈਆਂ ਵੱਡੀਆਂ ਤੇ ਦੁਖਦਾਈ ਘਟਨਾਵਾਂ ਤੋਂ ਬਾਅਦ ਜੁਲਾਈ 1985 ਵਿਚ ਰਾਜੀਵ-ਲੌਂਗੋਵਾਲ ਸਮਝੌਤਾ ਤੇ ਉਸ ਤੋਂ ਬਾਅਦ ਹੋਈਆਂ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਸ਼ਾਂਤਮਈ ਚੋਣਾਂ ਨੇ ਪੰਜਾਬ ਦੀ ਰਾਜਨੀਤੀ ਵਿਚ ਆਸ ਭਰੀ ਆਮਦ ਦੀ ਨੀਂਹ ਰੱਖੀ। ਇਸ ਚੋਣਾਂ ਤੋਂ ਪਹਿਲਾਂ ਭਾਵੇਂ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਕਰ ਦਿੱਤਾ ਗਿਆ ਸੀ ਪਰ ਫਿਰ ਵੀ ਪੰਜਾਬ ਦੇ ਹਾਲਾਤ ਚੋਣਾਂ ਲਈ ਸਾਜਗਰ ਰਹੇ। ਇਹ ਪਹਿਲਾ ਮੌਕਾ ਸੀ ਜਦੋਂ ਅਕਾਲੀ ਦਲ ਨੇ ਆਪਣੇ ਦਮ ’ਤੇ 38% ਵੋਟਾਂ ਲੈ ਕੇ 73 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਕਾਂਗਰਸ ਪਾਰਟੀ ਨੇ ਵੀ 37.9% ਵੋਟਾਂ ਲੈ ਕੇ 32 ਸੀਟਾਂ ਜਿੱਤੀਆਂ। ਇਸ ਤੋਂ ਇਲਾਵਾ ਬੀਜੇਪੀ ਨੇ ਵੀ ਆਪਣੇ ਦਮ ’ਤੇ 11% ਵੋਟਾਂ ਲੈ ਕੇ 6 ਸੀਟਾਂ ’ਤੇ ਜਿੱਤ

ਪ੍ਰਾਪਤ ਕੀਤੀ। ਇਹਨਾਂ ਚੋਣਾਂ ਵਿਚ ਵੀ 67.5% ਵੋਟਰਾਂ ਨੇ ਹਿੱਸਾ ਲਿਆ ਜਿਹੜਾ ਉਸ ਸਮੇਂ ਪੰਜਾਬ ਦੇ ਰਾਜਨੀਤਕ ਹਾਲਾਤ ਵਿਚ ਇਕ ਸਾਰਥਕ ਸੰਕੇਤ ਸੀ। ਇਹ ਚੋਣਾਂ ਆਮ ਤੌਰ ’ਤੇ ਕਾਫੀ ਸ਼ਾਂਤੀਪੂਰਨ ਤਰੀਕੇ ਨਾਲ ਮੁਕੰਮਲ ਹੋਈਆਂ। ਚੋਣਾਂ ਤੋਂ ਬਾਅਦ ਸ੍ਰ: ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ ਬਣੇ ਤੇ ਪੰਜਾਬ ਵਿਚ ਟਿਕਾਊ ਤੇ ਤਰੱਕੀ ਵਾਲੀ ਰਾਜਨੀਤਕ ਪਹਿਲ ਲਈ ਯਤਨ ਜਾਰੀ ਕੀਤੇ। ਪਰ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਨੂੰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਸਭ ਤੋਂ ਵੱਡਾ ਅਕਾਲੀ-ਰਾਜੀਵ ਸਮਝੌਤੇ ਵਿਚ ਪੰਜਾਬ ਨਾਲ ਕੀਤੇ ਵਾਅਦਿਆਂ ਦਾ ਸਮੇਂ ਸਿਰ ਲਾਗੂ ਨਾ ਕਰਨਾ, ਅਕਾਲੀ ਦਲ ਵਿਚ ਨਵੇਂ ਸਿਰੇ ਤੋਂ ਧੜੇਬੰਦੀ ਪੈਦਾ ਹੋਣੀ ਤੇ ਅਕਾਲੀ ਦਲ ਦੇ ਵੱਡੇ ਲੀਡਰ ਪ੍ਰਕਾਸ਼ ਸਿੰਘ ਬਾਦਲ ਆਦਿ ਦਾ ਸਰਕਾਰ ਨੂੰ ਸਹਿਯੋਗ ਨਾ ਦੇਣਾ, ਦਰਬਾਰ ਸਾਹਿਬ ਕੰਪਲੈਕਸ ਵਿਚ ਸਮਾਜ ਤੇ ਦੇਸ਼ ਪ੍ਰਤੀ ਵਧਦੀਆਂ ਕਾਰਵਾਈਆਂ ਤੋਂ ਬਾਅਦ ਵਿਚ ਪੁਲੀਸ ਦਾ ਦਾਖ਼ਲਾ, ਵੱਡੀ ਗਿਣਤੀ ਵਿਚ ਅੱਤਵਾਦੀ ਜਥੇਬੰਦੀਆਂ ਦਾ ਉਭਾਰ ਤੇ ਖਾਲਿਸਤਾਨ ਦੀ ਲਹਿਰ ਨੂੰ ਤਿੱਖਾ ਕਰਨ ਦੇ ਮਨਸੂਬਿਆਂ ਤੋਂ ਇਲਾਵਾ ਰਾਜ ਦੀ ਦਿਨ ਬ ਦਿਨ ਵਿਗੜਦੀ ਕਾਨੂੰਨ ਵਿਵਸਥਾ ਦੀ ਹਾਲਤ, ਅਕਾਲੀ ਮੰਤਰੀਆਂ ਦੇ ਅਸਤੀਫ਼ੇ ਤੇ ਹੋਰ ਬਹੁਤ ਸਾਰੇ ਕਾਰਨਾ ਕਰਕੇ ਸਰਕਾਰ ਦਾ ਚਲਣਾ ਮੁਸ਼ਕਲ ਹੋ ਗਿਆ ਤੇ ਆਖੀਰ ਵਿਚ ਮਈ 1987 ਵਿਚ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜੋ ਤਕਰੀਬਨ ਪੰਜ ਸਾਲ ਤਕ ਚੱਲਿਆ।

ਸੁਰਜੀਤ ਸਿੰਘ ਬਰਨਾਲਾ ਸਰਕਾਰ ਦੀ ਬਰਤਰਫ਼ੀ ਤੋਂ ਬਾਅਦ ਪੰਜਾਬ ਪੂਰੀ ਤਰ੍ਹਾਂ ਪੁਲੀਸ ਰਾਜ ਵਿਚ ਬਦਲ ਜਾਂਦਾ ਹੈ ਜਿਸ ਵਿਚ ਪੁਲੀਸ ਤੇ ਹੋਰ ਸੁਰੱਖਿਆ ਦਸਤਿਆਂ ਨੂੰ ਅਸੀਮਤ ਅਧਿਕਾਰ ਦਿੱਤੇ ਜਾਂਦੇ ਹਨ। ਵੱਖ-ਵੱਖ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਕਾਨੂੰਨ (TADA), ਰਾਜਨੀਤਕ ਪਾਬੰਦੀਆਂ, ਅਸੁਰੱਖਿਅਤ ਮਾਹੌਲ, ਰਾਜ ਤੇ ਗ਼ੈਰ ਸਰਕਾਰੀ ਤਾਕਤਾਂ ਵੱਲੋਂ ਪੰਜਾਬ ਦੇ ਨਾਗਰਿਕਾਂ ’ਤੇ ਤਸ਼ੱਦਦ ਆਦਿ ਪੰਜਾਬ ਦੀ ਤ੍ਰਾਸਦੀ ਬਣ ਗਈ। ਇਹ ਉਹ ਸਮਾਂ ਸੀ ਜਿਸ ਬਾਰੇ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਮੰਨਿਆ ਸੀ ਕਿ ਪੰਜਾਬ ਵਿਚ ਦਿਨ ਛਿਪਣ ਤੋਂ ਬਾਅਦ ਪੰਜਾਬ ਦੇ ਕਾਨੂੰਨਾਂ ਦਾ ਕੰਟਰੋਲ ਨਹੀਂ ਰਹਿੰਦਾ। ਇਸੇ ਸਮੇਂ ਵਿਚ ਹੀ ਪੰਜਾਬ ਵਿਚ ਵੱਡੀ ਗਿਣਤੀ ਵਿਚ ਕਤਲੋਗਾਰਤ, ਬੇਹੁਰਮਤੀਆ, ਵੱਡੀ ਪੱਧਰ ਤੇ ਅਣਚਾਹੀ ਹਿਜਰਤ, ਲੁੱਟਾਂ-ਖੋਹਾਂ, ਰਿਸ਼ਵਤਖੋਰੀ ਆਦਿ ਨੇ ਸਾਰੀਆਂ ਹੱਦਾਂ ਪਾਰ ਕੀਤੀਆਂ। ਪੰਜਾਬ ਵਿਚ ਰਾਜਨੀਤਕ ਖਾਲੀਪਣ ਨੇ ਲੋਕਾਂ ਨੂੰ ਬਿਲਕੁਲ ਬੇਆਸ ਤੇ ਬੇਸਹਾਰਾ ਬਣਾ ਦਿੱਤਾ ਸੀ। ਇਹ ਉਹ ਸਮਾਂ ਸੀ ਜਦੋਂ ਲੋਕਾਂ ਦੀ ਕਿਸੇ ਵੀ ਅਵਾਜ਼ ਨੂੰ ਦੇਸ਼ ਦੀ ਸੁਰੱਖਿਆ ਦੇ ਹਵਾਲੇ ਨਾਲ ਦੇਖਿਆ ਜਾਂਦਾ ਸੀ।

ਅਜਿਹੇ ਮਾਹੌਲ ਵਿਚ ਦੇਸ਼ ਦੀਆਂ ਨੌਂਵੀਆਂ ਲੋਕ ਸਭਾ ਚੋਣਾਂ 1989 ਵਿਚ ਹੁੰਦੀਆਂ ਹਨ। ਇਹ ਚੋਣਾਂ ਪੰਜਾਬ ਦੇ ਬਹੁਤ ਹੀ ਨਾਜ਼ੁਕ ਹਾਲਾਤ ਵਿਚ ਹੋਈਆਂ।

ਕਾਂਗਰਸ ਪਾਰਟੀ 26.49% ਵੋਟਾਂ ਲੈ ਕੇ ਕੇਵਲ 2 ਸੀਟਾਂ ਹੀ ਜਿੱਤਦੀ ਤੇ ਜਦੋਂਕਿ ਦੂਸਰੀਆਂ ਰਵਾਇਤੀ ਪਾਰਟੀਆਂ ਜਿਵੇਂ ਅਕਾਲੀ ਦਲ (ਬਾਦਲ ਤੇ ਬਰਨਾਲਾ ਧੜੇ), ਕਮਿਊਨਿਸਟ ਪਾਰਟੀਆਂ, ਬੀਜੇਪੀ ਆਦਿ ਦੀ ਕਾਰਗੁਜ਼ਾਰੀ ਬਿਲਕੁਲ ਹਾਸ਼ੀਏ 'ਤੇ ਪਹੁੰਚ ਜਾਂਦੀ ਹੈ। ਇਸ ਸਮੇਂ ਵਿਚ ਨਵੇਂ ਉੱਭਰੇ ਅਕਾਲੀ ਦਲ (ਮਾਨ) ਤੇ ਇਸ ਨਾਲ ਜੁੜੇ ਗਰਮ ਖਿਆਲੀਏ 29% ਵੋਟਾਂ ਲੈ ਕੇ 6 ਸੀਟਾਂ 'ਤੇ ਜਿੱਤ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ 3 ਆਜ਼ਾਦ, (ਜਨਤਾ ਦਲ ਤੇ ਬੀ.ਐਸ.ਪੀ.) ਉਮੀਦਵਾਰ ਵੀ ਜਿੱਤੇ ਸਨ। ਇਹਨਾਂ ਸਾਰੇ ਉਮੀਦਵਾਰਾਂ ਨੂੰ ਜ਼ਿਆਦਾਤਰ ਗਰਮ ਖਿਆਲੀ ਧੜਿਆਂ ਦਾ ਸਮਰਥਨ ਪ੍ਰਾਪਤ ਸੀ। ਇਹਨਾਂ ਚੋਣਾਂ ਵਿਚ ਹਾਲਾਤ ਖਰਾਬ ਹੋਣ ਦੇ ਬਾਵਜੂਦ 62.7% ਵੋਟਰਾਂ ਨੇ ਹਿੱਸਾ ਲਿਆ ਸੀ। ਇਸਦਾ ਮਤਲਬ ਕਿ ਪੰਜਾਬ ਦੇ ਲੋਕ ਹਰ ਹਾਲਤ ਵਿਚ ਰਾਜ ਵਿਚ ਕਾਨੂੰਨ ਦਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ। ਪਰ ਉਸ ਸਮੇਂ ਦੇ ਹਾਲਾਤ, ਰਾਜਨੀਤਕ ਨੇਤਾ, ਸੁਰੱਖਿਆ ਦਸਤੇ, ਨੌਕਰਸ਼ਾਹੀ, ਅੱਤਵਾਦੀ ਸੰਗਠਨ ਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਉਹਨਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ ਤੇ ਪੰਜਾਬ ਹੋਰ ਦਲਦਲ ਵਿਚ ਧੱਕਿਆ ਗਿਆ। ਕੇਂਦਰ ਵਿਚ ਇਕ ਵਾਰੀ ਫਿਰ ਗ਼ੈਰ ਕਾਂਗਰਸੀ ਸਰਕਾਰ (ਦਸੰਬਰ 1989) ਵੀ.ਪੀ ਸਿੰਘ ਦੀ ਅਗਵਾਈ ਵਿਚ ਬਣੀ ਪਰ ਇਹ ਸਰਕਾਰ ਇਕ ਸਾਲ ਵੀ ਪੂਰਾ ਨਾ ਕਰ ਸਕੀ ਤੇ ਨਵੰਬਰ 1990 ਵਿਚ ਡਿੱਗ ਪਈ। ਇਸ ਦਾ ਮੁੱਖ ਕਾਰਨ ਸਰਕਾਰ ਦੇ ਭਾਈਵਾਲਾਂ ਵਿਚ ਤਾਲਮੇਲ ਦੀ ਕਮੀ ਤੇ ਕੇਂਦਰੀ ਸਰਕਾਰ ਵੱਲੋਂ ਮੰਡਲ ਕਮਿਸ਼ਨ ਨੂੰ ਲਾਗੂ ਕਰਨਾ ਸੀ। ਇਸ ਤੋਂ ਬਾਅਦ ਥੋੜ੍ਹੇ ਸਮੇਂ ਲਈ ਚੰਦਰ ਸ਼ੇਖਰ (ਨਵੰਬਰ 1990-1991) ਪ੍ਰਧਾਨ ਮੰਤਰੀ ਬਣੇ। ਭਾਵੇਂ ਦੋਹਾਂ ਲੀਡਰਾਂ ਨੇ ਆਪਣੇ ਤੌਰ 'ਤੇ ਪੰਜਾਬ ਦੇ ਹਾਲਾਤ ਨੂੰ ਸੁਖਾਵਾਂ ਬਣਾਉਣ ਦੇ ਬਹੁਤ ਯਤਨ ਕੀਤੇ ਪਰ ਪੰਜਾਬ ਦੇ ਹਾਲਾਤ ਦਿਨ ਬ ਦਿਨ ਹੋਰ ਵਿਗੜਦੇ ਗਏ। ਇਹ ਗ਼ੈਰ ਕਾਂਗਰਸੀ ਸਰਕਾਰ ਵੀ ਦੋ ਸਾਲ ਪੂਰੇ ਨਹੀਂ ਕਰ ਸਕੀ ਤੇ ਆਖੀਰ ਵਿਚ ਮਈ-ਜੂਨ 1991 ਵਿਚ ਆਮ ਚੋਣਾਂ ਹੋਈਆਂ ਪਰ ਪੰਜਾਬ ਵਿਚ ਇਹਨਾਂ ਚੋਣਾਂ ਨੂੰ ਅਖੀਰਲੇ ਸਮੇਂ 'ਤੇ ਟਾਲ ਦਿੱਤਾ ਗਿਆ। ਇਸ ਦਾ ਮੁੱਖ ਕਾਰਨ ਪੰਜਾਬ ਵਿਚ ਵੱਡੀ ਪੱਧਰ 'ਤੇ ਖ਼ੂਨ ਖ਼ਰਾਬਾ ਤੇ ਮਾੜੇ ਰਾਜਨੀਤਕ ਹਾਲਾਤ ਸਨ। 1991 ਦੀਆਂ ਆਮ ਚੋਣਾਂ ਵਿਚੋਂ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲੀ ਤੇ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਿਚ ਨਰਸਿੰਮ੍ਹਾ ਰਾਓ ਦੀ ਅਗਵਾਈ ਵਿਚ ਸਰਕਾਰ ਬਣੀ ਤੇ ਡਾਕਟਰ ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਬਣਾਇਆ ਗਿਆ।

ਪੰਜਾਬ ਵਿਚ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਫਰਵਰੀ 1992 ਵਿਚ ਕਰਵਾਈਆਂ ਗਈਆਂ ਸਨ। ਅਕਾਲੀ ਦਲ ਦੇ ਵੱਡੇ ਧੜਿਆਂ ਨੇ ਅੱਤਵਾਦ ਦੇ ਸਾਏ ਹੇਠ ਇਹਨਾਂ ਚੋਣਾਂ ਦਾ ਬਾਈਕਾਟ ਕੀਤਾ। ਅੱਤਵਾਦ ਦੀ ਦਹਿਸ਼ਤ ਤੇ ਅੱਤਵਾਦੀ ਜਥੇਬੰਦੀਆਂ ਦੇ ਬਾਈਕਾਟ ਕਾਰਨ ਕੇਵਲ 24% ਵੋਟਰਾਂ ਨੇ ਹੀ ਹਿੱਸਾ ਲਿਆ। ਕਾਂਗਰਸ ਪਾਰਟੀ ਨੇ ਕੁਲ ਪਈਆਂ ਵੋਟਾਂ ਦਾ 49.27% ਲੈ ਕੇ ਲੋਕ ਸਭਾ ਦੀਆਂ 13 ਵਿਚੋਂ 12

ਸੀਟਾਂ ’ਤੇ ਕਬਜ਼ਾ ਕੀਤਾ ਜਦਕਿ ਇਕ ਸੀਟ ਤੇ ਬੀ.ਐਸ.ਪੀ ਦਾ ਉਮੀਦਵਾਰ ਜਿੱਤਿਆ। ਦੂਸਰੇ ਪਾਸੇ ਕਾਂਗਰਸ ਪਾਰਟੀ ਨੇ ਵਿਧਾਨ ਸਭਾ ਦੀਆਂ ਕੁਲ 117 ਸੀਟਾਂ ਵਿਚੋਂ 87 ’ਤੇ ਜਿੱਤ ਪ੍ਰਾਪਤ ਕੀਤੀ। ਕਾਂਗਰਸ ਤੋਂ ਬਾਅਦ ਪੰਜਾਬ ਵਿਚ ਪਹਿਲੀ ਵਾਰੀ ਬੀ.ਐਸ.ਪੀ ਨੇ 16.3% ਵੋਟਾਂ ਲੈ ਕੇ 9 ਸੀਟਾਂ ਜਿੱਤੀਆਂ ਤੇ ਬੀਜੇਪੀ ਨੇ ਵੀ 16.6% ਵੋਟਾਂ ਲੈ ਕੇ 6 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ, ਅਕਾਲੀ ਦਲ (ਬਾਦਲ), ਸੀ.ਪੀ.ਆਈ ਤੇ ਸੀ.ਪੀ.ਐਮ ਨੇ ਕ੍ਰਮਵਾਰ 3,4 ਤੇ 1 ਸੀਟ ਜਿੱਤੀ।

ਕਾਂਗਰਸ ਪਾਰਟੀ ਨੇ ਵੱਡੀ ਜਿੱਤ ਤੋਂ ਬਾਅਦ ਬੇਅੰਤ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ ਤੇ ਉਸਨੇ ਚੋਣਾਂ ਵਿਚ ਕੀਤੇ ਵਾਅਦੇ ਮੁਤਾਬਕ ਪਹਿਲੇ ਸਾਲ ਵਿਚ ਹੀ ਅੱਤਵਾਦ ਦਾ ਲੱਕ ਤੋੜ ਦਿੱਤਾ ਤੇ ਪੰਜਾਬ ਵਿਚ ਸ਼ਾਂਤੀ ਬਹਾਲ ਹੋਈ। ਪਰ ਇਸ ਵਰਤਾਰੇ ਵਿਚ ਵੱਡੇ ਪੱਧਰ ’ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ ਤੇ ਉਹ ਵੀ ਖ਼ੁਦ ਅਗਸਤ 1995 ਵਿਚ ਇਕ ਅੱਤਵਾਦੀ ਘਟਨਾ ਵਿਚ ਮਾਰਿਆ ਗਿਆ। ਬੇਅੰਤ ਸਿੰਘ ਸਰਕਾਰ ਦੇ ਸਮੇਂ ਵਿਚ 1993 ਵਿਚ ਪੰਚਾਇਤ, ਕਸਬਿਆਂ ਤੇ ਸ਼ਹਿਰੀ ਇਲਾਕਿਆਂ ਵਿਚ ਸਥਾਨਕ ਚੋਣਾਂ ਬਹੁਤ ਅਮਨ ਅਮਾਨ ਤੇ ਸ਼ਾਂਤੀ ਭਰੇ ਮਾਹੌਲ ਵਿਚ ਹੋਈਆਂ ਤੇ ਪੰਜਾਬ ਦੀ ਰਾਜਨੀਤਕ ਵਿਵਸਥਾ ਹੌਲੀ-ਹੌਲੀ ਆਪਣੇ ਪੈਰਾਂ ’ਤੇ ਖੜ੍ਹੀ ਹੋਣ ਲੱਗੀ। ਪਰ ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਕਾਂਗਰਸ ਪਾਰਟੀ ਨੇ ਦੋ ਮੁੱਖ ਮੰਤਰੀ ਬਦਲੇ ਜਿਸ ਨਾਲ ਰਾਜਨੀਤਕ ਸਥਿਰਤਾ ਤਾਂ ਆਈ ਪਰ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਰਿਸ਼ਵਤਖੋਰੀ ਕਾਫੀ ਵਧੀ ਰਹੀ। ਇਸ ਦਾ ਮੁੱਖ ਕਾਰਨ ਕਾਂਗਰਸ ਸਰਕਾਰਾਂ ਦਾ ਪ੍ਰਸ਼ਾਸਨਿਕ ਪ੍ਰਣਾਲੀ ਤੇ ਕਮਜ਼ੋਰ ਪ੍ਰਬੰਧ ਤੇ ਪਾਰਟੀ ਵਿਚ ਧੜੇਬੰਦੀ ਸੀ। ਇਸ ਸਰਕਾਰ ਦੇ ਕਾਰਜ ਕਾਲ ਸਮੇਂ ਹੀ ਦੇਸ਼ ਤੇ ਪੰਜਾਬ ਵਿਚ ਆਮ ਚੋਣਾਂ ਹੁੰਦੀਆਂ ਹਨ ਤੇ ਕਾਂਗਰਸ ਪਾਰਟੀ ਮਈ 1996 ਵਿਚ 35.10% ਵੋਟਾਂ ਲੈ ਕੇ ਕੇਵਲ 2 ਸੀਟਾਂ ਹੀ ਜਿੱਤ ਸਕੀ। ਅੱਤਵਾਦ ਦੇ ਖਾਤਮੇ ਤੋਂ ਬਾਅਦ ਇਹ ਪਹਿਲੀਆਂ ਚੋਣਾਂ ਸਨ ਜਿਸ ਵਿਚ ਲੋਕਾਂ ਨੇ ਬਿਨ੍ਹਾਂ ਕਿਸੇ ਡਰ ਤੇ ਭੈਅ ਤੋਂ ਹਿੱਸਾ ਲਿਆ। ਦੂਸਰੇ ਪਾਸੇ ਅਕਾਲੀ ਦਲ (ਬਾਦਲ) ਤੇ ਬੀ.ਐਸ.ਪੀ ਦੇ ਗਠਜੋੜ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਅਕਾਲੀ ਦਲ ਨੇ 28.72% ਵੋਟਾਂ ਲੈ ਕੇ 8 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਤੇ ਬੀ.ਐਸ.ਪੀ ਨੇ 9.35% ਸੀਟਾਂ ਲੈ ਕੇ 3 ਸੀਟਾਂ ਜਿੱਤੀਆਂ। ਲੋਕਨੀਤੀ ਦੁਆਰਾ ਚੋਣਾਂ ਤੋਂ ਬਾਅਦ ਕੀਤੇ ਸਰਵੇ ਮੁਤਾਬਕ ਕਾਂਗਰਸ ਦੇ ਹਾਰਨ ਦੇ ਮੁੱਖ ਕਾਰਨ ਰਾਜ ਵਿਚ ਪੁਲੀਸ ਦੀਆਂ ਵਧੀਕੀਆਂ, ਰਿਸ਼ਵਤਖੋਰੀ, ਨੌਕਰਸ਼ਾਹੀ ਦਾ ਦਬਦਬਾ, ਕਾਂਗਰਸੀ ਆਗੂਆਂ ਦੀ ਮਨਮਾਨੀ ਆਦਿ ਸਨ। ਇਹਨਾਂ ਚੋਣ ਨਤੀਜਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 1996 ਵਿਚ ਹੋਈਆਂ ਚੋਣਾਂ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਇਕ ਸਰਵ ਪ੍ਰਵਾਨਿਤ ਨੇਤਾ ਵਜੋਂ ਉੱਭਰਿਆ। ਇਸਦੇ ਨਾਲ ਹੀ ਅਕਾਲੀ ਦਲ ਨੇ ਪਾਰਟੀ ਦਾ ਘੇਰਾ ਪੰਥ ਤੋਂ ਵਧਾ ਕੇ ਪੰਜਾਬ ਵਾਲੇ ਪਾਸੇ ਮੋੜਿਆ ਜਿਸ ਦਾ ਇਸਨੂੰ ਆਉਣ ਵਾਲੇ ਸਮੇਂ ਵਿਚ ਕਾਫੀ ਰਾਜਨੀਤਕ ਫ਼ਾਇਦਾ ਵੀ ਹੋਇਆ।

ਅਕਾਲੀ ਦਲ ਨੇ 1997 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਨਵੇਂ ਭਾਈਵਾਲ ਬੀਜੇਪੀ ਨਾਲ ਰਲਕੇ ਲੜੀਆਂ। ਅਕਾਲੀ ਦਲ ਇਹਨਾਂ ਚੋਣਾਂ ਵਿਚ ਕੁੱਲ ਪਈਆਂ ਵੋਟਾਂ ਦਾ 38% ਲੈ ਕੇ 75 ਸੀਟਾਂ ਜਿੱਤੀਆਂ ਤੇ ਇਸਦੇ ਭਾਈਵਾਲ ਨੇ 8.3% ਵੋਟਾਂ ਲੈ ਕੇ 18 ਸੀਟਾਂ ਜਿੱਤੀਆਂ।

ਦੱਸਣਾ ਬਣਦਾ ਹੈ ਕਿ ਅਕਾਲੀ ਦਲ ਨੇ 117 ਸੀਟਾਂ ਵਿਚੋਂ 94 ਤੇ ਬੀਜੇਪੀ ਨੇ 23 ਸੀਟਾਂ 'ਤੇ ਚੋਣ ਲੜੀ। ਗਠਜੋੜ ਦੀ ਇਹ ਅਨੁਪਾਤ 2017 ਦੀਆਂ ਵਿਧਾਨ ਸਭਾ ਚੋਣ ਤਕ ਕਾਇਮ ਰਹੀ। ਦੂਸਰੇ ਪਾਸੇ ਕਾਂਗਰਸ ਪਾਰਟੀ ਨੇ 26.6% ਵੋਟਾਂ ਲੈ ਕੇ ਕੇਵਲ 14 ਸੀਟਾਂ ਹੀ ਜਿੱਤ ਸਕੀ। ਇਸ ਤੋਂ ਇਲਾਵਾ ਬੀ.ਐਸ.ਪੀ., ਸੀ.ਪੀ.ਆਈ. ਨੂੰ ਇਕ ਤੇ ਦੋ ਸੀਟਾਂ ਨਾਲ ਹੀ ਸਬਰ ਕਰਨਾ ਪਿਆ।

ਦੱਸਣਾ ਬਣਦਾ ਹੈ ਕਿ ਇਹਨਾਂ ਚੋਣਾਂ ਵਿਚ ਕਾਂਗਰਸ, ਸੀ.ਪੀ.ਆਈ. ਅਤੇ ਬੀ.ਐਸ.ਪੀ. ਦਾ ਚੋਣ ਗਠਜੋੜ ਸੀ, ਜੋ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਕਿ ਕਾਂਗਰਸ ਦੀ ਨਮੋਸ਼ੀ ਭਰੀ ਹਾਰ ਦਾ ਕਾਰਨ ਉਸਦੇ ਰਾਜ ਵਿੱਚ ਬਦਇੰਤਜ਼ਾਮੀ, ਮਨੁੱਖੀ ਅਧਿਕਾਰਾਂ ਦਾ ਘਾਣ, ਰਿਸ਼ਵਤਖ਼ੋਰੀ, ਪਾਰਟੀ ਦੀ ਅੰਦਰੂਨੀ ਖਿੱਚੋਤਾਣ ਆਦਿ ਸਨ।

ਅਕਾਲੀ ਦਲ ਦਾ ਵਿਧਾਨ ਸਭਾ ਵਿਚ ਬਹੁਮਤ ਹੋਣ ਦੇ ਬਾਵਜੂਦ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਰਲੀ-ਮਿਲੀ ਸਰਕਾਰ ਬਣੀ। ਇਥੇ ਦੱਸਣਾ ਬਣਦਾ ਹੈ ਕਿ ਪੰਜਾਬ ਵਿਚ ਇਹ ਪਹਿਲੀ ਗ਼ੈਰ ਕਾਂਗਰਸੀ ਸਰਕਾਰ ਸੀ, ਜਿਸਨੇ ਆਪਣੇ ਪੰਜ ਸਾਲ ਪੂਰੇ ਕੀਤੇ। ਚੋਣਾਂ ਵਿਚ ਕੀਤੇ ਵਾਅਦਿਆਂ ਮੁਤਾਬਕ ਵੱਡੀ ਗਿਣਤੀ ਵਿਚ ਲੋਕ ਭਲਾਈ ਸਕੀਮਾਂ ਦੀ ਸ਼ੁਰੂਆਤ ਕੀਤੀ, ਜਿਸ ਵਿਚ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਪਲਾਈ, ਗਰੀਬ ਦਲਿਤ ਪਰਿਵਾਰਾਂ ਲਈ ਉਹਨਾਂ ਦੇ ਬੱਚਿਆਂ ਦੇ ਵਿਆਹ 'ਤੇ ਸ਼ਗਨ ਸਕੀਮ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ ਆਦਿ ਸ਼ੁਰੂ ਕੀਤੇ।

1997 ਦੀਆਂ ਚੋਣਾਂ ਵਿਚ ਗਠਜੋੜ ਨੂੰ ਇਸਦਾ ਫ਼ਾਇਦਾ 1998 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਹੋਇਆ। ਕਾਂਗਰਸ ਪਾਰਟੀ 1977 ਤੋਂ ਬਾਅਦ ਇਹਨਾਂ ਚੋਣਾਂ ਵਿਚ ਕੁੱਲ ਪਈਆਂ ਵੋਟਾਂ ਦਾ 26% ਲੈ ਕੇ ਵੀ ਕੋਈ ਸੀਟ ਨਹੀਂ ਜਿੱਤ ਸਕੀ। ਇਸਦੇ ਉਲਟ ਅਕਾਲੀ-ਬੀਜੇਪੀ ਦੇ ਗਠਜੋੜ ਨੇ ਕ੍ਰਮਵਾਰ 8 ਤੇ 3 ਸੀਟਾਂ ਜਿੱਤੀਆਂ ਅਤੇ ਇਸਦੇ ਦੁਆਰਾ ਹਮਾਇਤ ਕੀਤੇ ਉਮੀਦਵਾਰ ਇੰਦਰ ਕੁਮਾਰ ਗੁਜਰਾਲ ਜਲੰਧਰ ਤੋਂ ਤੇ ਬੀ.ਐਸ.ਪੀ. ਦੇ ਸਤਨਾਮ ਸਿੰਘ ਕੈਂਥ ਫਿਲੌਰ ਹਲਕੇ ਤੋਂ ਵੱਡੇ ਫਰਕ ਨਾ ਜਿੱਤੇ। ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਗ਼ੈਰ ਕਾਂਗਰਸੀ ਸਰਕਾਰ ਵਿਚ ਅਕਾਲੀ ਦਲ ਵੀ ਭਾਈਵਾਲ ਬਣਿਆ, ਪਰ ਇਹ ਮਿਲੀਜੁਲੀ ਸਰਕਾਰ ਕੇਵਲ 13 ਮਹੀਨੇ ਹੀ ਚੱਲੀ ਤੇ ਫਿਰ 1999 ਵਿਚ ਮੱਧਕਾਲੀ ਚੋਣਾਂ ਹੋਈਆਂ। ਇਹਨਾਂ ਚੋਣਾਂ ਵਿਚ ਅਕਾਲੀ-ਬੀਜੇਪੀ ਸਰਕਾਰ ਨੂੰ ਵੱਡਾ ਧੱਕਾ ਲੱਗਾ।

ਲੋਕ ਮੁੱਦੇ, ਰਿਸ਼ਵਤਖ਼ੋਰੀ, ਭਾਈ ਭਤੀਜਾਵਾਦ, ਨੌਕਰਸ਼ਾਹੀ ਨੂੰ ਲਗਾਮ, ਮਨੁੱਖੀ

ਅਧਿਕਾਰਾਂ ਦਾ ਘਾਣ ਕਰਨ ਵਾਲਿਆਂ ਨੂੰ ਸਜ਼ਾਵਾਂ ਆਦਿ ਨੂੰ ਨਜਿੱਠਣ ਵਾਸਤੇ ਕੰਮ ਕਰਨ ਦੀ ਬਜਾਏ ਇਸ ਵਿਚ ਵਾਧਾ ਹੀ ਹੋਇਆ, ਜਿਸ ਕਾਰਨ ਪਾਰਟੀ ਨੂੰ 1999 ਦੀਆਂ ਲੋਕ ਸਭਾ ਚੋਣਾਂ, 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਤੋਂ ਹਾਰ ਗਈ। ਗਠਜੋੜ 37.8% ਵੋਟਾਂ ਲੈ ਕੇ ਕੇਵਲ ਤਿੰਨ ਸੀਟਾਂ ਹੀ ਜਿੱਤ ਸਕੇ, ਜਿਹਨਾਂ ਵਿਚ ਦੋ ਅਕਾਲੀ ਦਲ ਅਤੇ ਇਕ ਬੀਜੇਪੀ ਦੀ ਸੀ। ਇਸਦੇ ਨਾਲ ਸਿਮਰਨਜੀਤ ਸਿੰਘ ਮਾਨ ਤੇ ਸੀ.ਪੀ.ਆਈ. ਨੇ ਇਕ-ਇਕ ਸੀਟ ਜਿੱਤੀ। ਕਾਂਗਰਸ ਪਾਰਟੀ ਨੇ 8 ਸੀਟਾਂ ਜਿੱਤ ਕੇ ਵੱਡੀ ਸਫਲਤਾ ਪ੍ਰਾਪਤ ਕੀਤੀ। ਗਠਜੋੜ ਦੀ ਮਾੜੀ ਕਾਰਗੁਜ਼ਾਰੀ ਦਾ ਵੱਡਾ ਕਾਰਨ ਸਰਕਾਰ ਦਾ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਾ ਉਤਰਨਾ ਤੇ ਚੋਣਾਂ ਵਿਚ ਉਠਾਏ ਮੁੱਦੇ ਪੂਰੇ ਨਾ ਕਰਨਾ ਸੀ। ਇਸ ਤੋਂ ਇਲਾਵਾ ਗੁਰਚਰਨ ਸਿੰਘ ਟੌਹੜੇ ਦੇ ਪ੍ਰਕਾਸ਼ ਸਿੰਘ ਬਾਦਲ ਨਾਲ ਵਧਦੇ ਮੱਤਭੇਦ ਤੇ ਅਕਾਲੀ ਦਲ ਦੀ ਅੰਦਰੂਨੀ ਖਿੱਚੋਤਾਣ ਵੀ ਸੀ ਜਿਸਦਾ ਖਮਿਆਜ਼ਾ ਪਾਰਟੀ ਨੂੰ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਭੁਗਤਣਾ ਪਿਆ।

ਇਹਨਾਂ ਚੋਣਾਂ ਵਿਚ ਇਕ ਵਾਰੀ ਫਿਰ ਕਾਂਗਰਸ ਦਾ ਪੱਲੜਾ ਭਾਰੀ ਰਿਹਾ ਤੇ ਇਸਨੇ ਸੀ.ਪੀ.ਆਈ. ਨਾਲ ਸਮਝੌਤਾ ਕਰਕੇ 35.5% ਵੋਟਾਂ ਲੈ ਕੇ 65 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਦੋਂਕਿ ਸੀ.ਪੀ.ਆਈ. ਨੂੰ ਕੇਵਲ 2 ਸੀਟਾਂ ਹੀ ਮਿਲੀਆਂ। ਅਕਾਲੀ-ਬੀਜੇਪੀ ਗਠਜੋੜ ਨੇ 36.2% ਵੋਟਾਂ ਲੈ ਕੇ ਕ੍ਰਮਵਾਰ 41 ਤੇ 3 ਸੀਟਾਂ ਜਿੱਤੀਆਂ। ਇਹਨਾਂ ਚੋਣਾਂ ਵਿਚ ਬੀਜੇਪੀ ਦਾ ਵੱਡਾ ਨੁਕਸਾਨ ਹੋਇਆ, ਕਿਉਂਕਿ ਪਿਛਲੀਆਂ ਚੋਣਾਂ ਵਿਚ ਬੀਜੇਪੀ ਨੇ 18 ਸੀਟਾਂ ਜਿੱਤੀਆਂ ਸਨ। ਅਕਾਲੀ ਦਲ ਬਾਦਲ ਨੂੰ ਵੱਡਾ ਚੈਲਿੰਜ ਗੁਰਚਰਨ ਸਿੰਘ ਟੌਹੜੇ ਦੀ ਅਗਵਾਈ ਵਾਲੇ ਸਰਬ ਹਿੰਦ ਅਕਾਲੀ ਦਲ ਨੇ ਵੀ ਦਿੱਤਾ। ਭਾਵੇਂ ਇਹ ਦਲ ਕੋਈ ਸੀਟ ਨਹੀਂ ਜਿੱਤ ਸਕਿਆ ਪਰ ਕੁਲ ਵੋਟਾਂ ਦੇ 4.8% ਲੈ ਕੇ ਬਾਦਲ ਦਲ ਨੂੰ ਰਾਜਨੀਤਕ ਨੁਕਸਾਨ ਜ਼ਰੂਰ ਪਹੁੰਚਾਇਆ।

ਚੋਣਾਂ ਵਿਚ ਕੀਤੇ ਵਾਅਦੇ ਮੁਤਾਬਕ ਅਮਰਿੰਦਰ ਸਿੰਘ ਨੇ ਭ੍ਰਿਸ਼ਟਾਚਾਰ ਦੇ ਖਾਤਮੇ ਵਾਸਤੇ ਭਾਵੇਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਪੰਜਾਬ ਪਬਲਿਕ ਸਰਵਿਸ ਦੇ ਉਦੋਂ ਦੇ ਮੁਖੀ ਤੇ ਹੋਰ ਕਈਆਂ ਨੂੰ ਜੇਲ੍ਹ ਦੀ ਹਵਾ ਖੁਆਈ, ਪਰ ਕੋਈ ਠੋਸ ਤੇ ਢਾਂਚਾਗਤ ਸੁਧਾਰ ਨਾ ਕਰਨ ਕਰਕੇ ਇਹਨਾਂ ਕਾਰਵਾਈਆਂ ਦਾ ਕੋਈ ਜ਼ਿਆਦਾ ਫਾਇਦਾ ਨਹੀਂ ਹੋਇਆ। ਇਸਦੇ ਉਲਟ ਬਾਦਲਾਂ ਨੇ ਇਸਨੂੰ ਰਾਜਨੀਤਕ ਬਦਲਾਖ਼ੋਰੀ ਵਜੋਂ ਵਰਤ ਕੇ ਆਉਂਦੇ ਸਮੇਂ ਵਿਚ ਰਾਜਨੀਤਕ ਫ਼ਾਇਦਾ ਉਠਾਇਆ। ਅਮਰਿੰਦਰ ਸਿੰਘ ਦੇ ਸਮੇਂ ਵਿਚ ਹੀ ਪੰਜਾਬ ਦੇ ਪਾਣੀਆਂ ਦੀ ਰਾਖੀ ਵਾਸਤੇ ਬਿਲ ਪਾਸ ਕਰਕੇ ਆਪਣੀ ਹੀ ਕੇਂਦਰ ਵਿਚ ਸਰਕਾਰ ਦੀ ਨਾਰਾਜ਼ਗੀ ਮੁੱਲ ਲਈ। ਇਸਦੇ ਨਾਲ ਹੀ ਉਸਨੇ ਪਹਿਲੀਆਂ ਸਰਕਾਰਾਂ ਵੇਲੇ ਚਲਾਏ ਗਏ ਲੋਕ ਭਲਾਈ ਦੇ ਕੰਮਾਂ ਨੂੰ ਜਾਰੀ ਰੱਖਿਆ। ਕਿਸਾਨਾਂ ਲਈ ਸਭ ਤੋਂ ਵੱਡੀ ਰਾਹਤ ਸਰਕਾਰਾਂ ਦੇ ਸਮੇਂ ਵਿਚ ਉਹਨਾਂ ਦੀਆਂ ਫਸਲਾਂ ਦੀ ਟਾਇਮ ਸਿਰ ਵਿਕਰੀ ਸੀ। ਪਰ ਇਸਦੇ ਨਾਲ ਹੀ ਮੁੱਖ ਮੰਤਰੀ ਦੇ ਕੰਮ

ਕਰਨ ਦੇ ਤੌਰ ਤਰੀਕੇ ਤੇ ਸਰਕਾਰੀ ਦਰਬਾਰੀਆਂ ਵਿਚ ਘਿਰੇ ਰਹਿਣਾ, ਲੋਕਾਂ ਨਾਲ ਸਿੱਧਾ ਸਬੰਧ ਸਥਾਪਤ ਕਰਨ ਦੀ ਅਣਹੋਂਦ ਤੇ ਕਾਂਗਰਸ ਦੀ ਆਪਣੀ ਗੁੱਟਬਦੀ ਕਰਕੇ ਸਰਕਾਰ ਦੇ ਅਕਸ 'ਤੇ ਕਈ ਕਿਸਮ ਦੇ ਸਵਾਲੀਆ ਨਿਸ਼ਾਨ ਲੱਗੇ। ਜਿਸਦੀ ਵਜ੍ਹਾ ਕਰਕੇ ਪਾਰਟੀ ਦਾ 2004 ਦੀਆਂ ਲੋਕ ਸਭਾ ਚੋਣਾਂ ਵਿਚ ਵੱਡਾ ਨੁਕਸਾਨ ਹੋਇਆ।

ਕਾਂਗਰਸ ਪਾਰਟੀ 2004 ਦੀਆਂ ਲੋਕ ਸਭਾ ਚੋਣਾਂ ਵਿਚ ਕੁਲ ਪਈਆਂ ਵੋਟਾਂ ਦਾ 34.2% ਲੈ ਕੇ ਕੇਵਲ 2 ਸੀਟਾਂ ਹੀ ਜਿੱਤ ਸਕੀ ਤੇ ਅਕਾਲੀ-ਬੀਜੇਪੀ ਗਠਜੋੜ 44.8% ਵੋਟਾਂ ਲੈ ਕੇ ਕ੍ਰਮਵਾਰ 8 ਤੇ 3 ਸੀਟਾਂ ਜਿੱਤੀਆਂ। ਦੱਸਣਾ ਬਣਦਾ ਹੈ ਕਿ ਇਹਨਾਂ ਚੋਣਾਂ ਤੋਂ ਪਹਿਲਾਂ ਗੁਰਚਰਨ ਸਿੰਘ ਟੌਹੜੇ ਨੇ ਆਪਣੀ ਅਕਾਲੀ ਦਲ ਬਾਦਲ ਦਲ ਵਿਚ ਮਿਲਾ ਲਈ ਸੀ। ਕਾਂਗਰਸ ਦੀ ਇਸ ਹਾਰ ਦਾ ਕਾਰਨ ਸਰਕਾਰ ਵੱਲੋਂ ਲੋਕਾਂ ਦੁਆਰਾ ਦਿੱਤੇ ਫਤਵੇ 'ਤੇ ਪੂਰੇ ਨਾ ਉਤਰਨਾ ਸੀ। ਅਸਲ ਵਿਚ ਚੋਣਾਂ ਤੋਂ ਬਾਅਦ ਕੀਤੇ ਸਰਵੇਖਣ ਵਿਚ ਬਹੁਤ ਸਾਰੇ ਹੋਰ ਕਾਰਨਾਂ ਨਾਲੋਂ ਜ਼ਿਆਦਾ ਲੋਕ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੇ ਤੌਰ 'ਤੇ ਅਸੰਤੁਸ਼ਟ ਦਿਖਾਈ ਦਿੱਤੇ ਸਨ। ਇਸੇ ਤਰੀਕੇ ਨਾਲ ਇਹ ਵਰਤਾਰਾ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਦਿਖਾਈ ਦਿੱਤਾ। ਕਾਂਗਰਸ ਪਾਰਟੀ 40.9% ਵੋਟਾਂ ਲੈ ਕੇ ਕੇਵਲ 44 ਸੀਟਾਂ ਹੀ ਜਿੱਤ ਸਕੀ ਤੇ ਕੁੱਲ ਜਿੱਤੀਆਂ ਹੋਈਆਂ ਸੀਟਾਂ ਵਿਚ 37 ਸੀਟਾਂ ਅਕਾਲੀ ਦਲ ਦੇ ਗੜ੍ਹ ਮਾਲਵੇ ਵਿਚੋਂ ਸਨ। ਇਸ ਦਾ ਮੁੱਖ ਕਾਰਨ ਕਾਂਗਰਸ ਵੱਲੋਂ ਡੇਰਾ ਸੱਚਾ ਸੌਦਾ ਦੇ ਸਾਧ ਰਾਮ ਰਹੀਮ ਨਾਲ ਗੰਢਤੁਪ ਸੀ। ਇਸ ਡੇਰੇ ਦੇ ਸਭ ਤੋਂ ਵੱਧ ਸ਼ਰਧਾਲੂ ਦੱਖਣੀ ਪੱਛਮੀ ਮਾਲਵੇ ਵਿਚ ਹਨ ਤੇ ਉਹਨਾਂ ਨੇ ਇਕਮੱਤ ਹੋ ਕੇ ਕਾਂਗਰਸ ਦੀ ਮਦਦ ਕੀਤੀ ਸੀ। ਪਰ ਇਹ ਸਭ ਦੇ ਬਾਵਜੂਦ ਅਕਾਲੀ-ਬੀਜੇਪੀ ਗਠਜੋੜ ਨੇ ਕ੍ਰਮਵਾਰ 49 ਤੇ 19 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਬੀਜੇਪੀ ਦਾ ਸੀਟਾਂ ਜਿੱਤਣ ਦਾ ਇਹ ਸਭ ਤੋਂ ਵੱਡਾ ਰਿਕਾਰਡ ਹੈ। ਇਹਨਾਂ ਚੋਣਾਂ ਵਿਚ ਬਾਕੀ ਪਾਰਟੀਆਂ ਦੀ ਹਾਲਤ ਬਹੁਤ ਪਤਲੀ ਹੋ ਗਈ। ਇਸ ਤਰੀਕੇ ਨਾਲ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਵਾਰ ਫਿਰ ਗਠਜੋੜ ਦੀ ਸਰਕਾਰ ਬਣੀ। ਇਸ ਸਰਕਾਰ ਬਣਨ ਤੋਂ ਬਾਅਦ ਡੇਰਾ ਸੱਚਾ ਸੌਦੇ ਦੇ ਪੈਰੋਕਾਰਾਂ ਨੂੰ ਕਈ ਕਿਸਮ ਦੇ ਸਰਕਾਰੀ ਦਮਨ ਤੇ ਦਬਾਅ ਝੱਲਣੇ ਪਏ ਤੇ ਬਾਅਦ ਵਿਚ ਇਹ ਵਰਤਾਰੇ ਦੇ ਕਈ ਪਹਿਲੂ ਸਾਹਮਣੇ ਆਏ ਜਿਹੜੇ ਅੱਜ ਤੱਕ ਵੀ ਅਕਾਲੀ ਦਲ ਤੇ ਹੋਰ ਭਾਈਵਾਲਾਂ ਲਈ ਮੁਸੀਬਤ ਦਾ ਕਾਰਨ ਬਣੇ ਹੋਏ ਹਨ। ਇਹ ਉਹ ਸਮਾਂ ਸੀ ਜਦੋਂ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਤੇ ਸਰਕਾਰ 'ਤੇ ਆਪਣਾ ਪੂਰਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਦਲ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਿਸੇ ਪ੍ਰਧਾਨ ਨੇ ਆਪਣੇ ਪੁੱਤਰ ਨੂੰ ਪਾਰਟੀ ਦੀ ਵਾਗਡੋਰ ਸੰਭਾਲੀ ਤੇ ਵੱਡੀ ਗਿਣਤੀ ਵਿਚ ਸੀਨੀਅਰ ਨੇਤਾਵਾਂ ਦੇ ਹੱਕ ਨੂੰ ਤਾਕਤ ਤੇ ਲਾਲਚ ਦੇ ਜ਼ੋਰ ਨਾਲ ਦਬਾਇਆ। ਇਸ ਦੇ ਨਾਲ ਹੀ ਲੋਕ ਭਲਾਈ ਦੀਆਂ ਸਕੀਮਾਂ ਨੂੰ ਜਾਰੀ ਰੱਖਿਆ, ਜਿਸ ਵਿਚ ਗਰੀਬ ਪਰਿਵਾਰਾਂ ਨੂੰ ਆਟਾ,

ਦਾਲ, ਸਕੂਲੀ ਬੱਚੀਆਂ ਨੂੰ ਸਾਈਕਲ ਤੇ ਬੁਢਾਪਾ ਪੈਨਸ਼ਨ ਆਦਿ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਕਾਫ਼ੀ ਫ਼ਾਇਦਾ ਕੀਤਾ। ਇਸ ਦੇ ਨਾਲ ਹੀ ਅਕਾਲੀ ਦਲ ਨੇ ਪੰਜਾਬ ਦੇ ਕੁਝ ਵੱਡੇ ਡੇਰਿਆਂ ਨਾਲ ਆਪਣੇ ਸੰਬੰਧਾਂ ਨੂੰ ਰਾਜਨੀਤਕ ਰੰਗਤ ਦਿੱਤੀ ਤੇ ਇਹਨਾਂ ਚੋਣਾਂ ਵਿਚ ਸਫਲਤਾ ਪ੍ਰਾਪਤ ਕੀਤੀ, ਜਿਸਨੇ 1967 ਤੋਂ ਹਰ ਚੋਣ ਵਿਚ ਸਰਕਾਰ ਬਦਲਣ ਦੀ ਰੀਤ ਨੂੰ ਵੀ ਠੱਲ੍ਹ ਪਾਈ।

2012 ਦੀਆਂ ਵਿਧਾਨ ਸਭਾ ਚੋਣਾਂ ਅਕਾਲੀ-ਬੀਜੇਪੀ ਗਠਜੋੜ ਨੇ ਕੁੱਲ ਪਈਆਂ ਵੋਟਾਂ ਦੇ 42% ਲੈ ਕੇ 68 ਸੀਟਾਂ ਜਿੱਤੀਆਂ ਜਦੋਂਕਿ ਕਾਂਗਰਸ ਪਾਰਟੀ 40% ਵੋਟਾਂ ਲੈ ਕੇ ਕੇਵਲ 46 ਸੀਟਾਂ ਹੀ ਜਿੱਤੀਆਂ। ਕਾਂਗਰਸ ਦੇ ਇਕ ਦਰਜਨ ਉਮੀਦਵਾਰ ਥੋੜੀਆਂ ਵੋਟਾਂ ਨਾਲ ਹਾਰ ਗਏ। ਇਸਦਾ ਮੁੱਖ ਕਾਰਨ ਲੋੜ ਤੋਂ ਵੱਧ ਆਤਮ ਵਿਸ਼ਵਾਸ, ਧੜੇਬੰਦੀ, ਟਿਕਟ ਨਾ ਮਿਲਣ ਵਾਲੇ ਉਮੀਦਵਾਰਾਂ ਦਾ ਆਜ਼ਾਦ ਉਮੀਦਵਾਰ ਖੜ੍ਹੇ ਹੋ ਜਾਣਾ, ਲੀਡਰਸ਼ਿਪ ਦੀ ਕਮਜ਼ੋਰੀ ਤੇ ਆਪਹੁਦਰਾਪਣ ਆਦਿ ਸਨ।

ਇਸ ਤੋਂ ਇਲਾਵਾ ਪੰਜਾਬ ਦੀ ਕਾਂਗਰਸ ਪਾਰਟੀ 2009 ਦੀਆਂ ਲੋਕ ਸਭਾ ਚੋਣਾਂ ਵਿਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੇ ਲੋਕ ਪੱਖੀ ਕੰਮਾਂ ਪ੍ਰਤੀ ਮਿਲੇ ਚੰਗੇ ਰਾਜਨੀਤਕ ਹੁੰਗਾਰੇ ਨੂੰ ਵੀ ਕਾਇਮ ਨਹੀਂ ਰੱਖ ਸਕੀ। ਕਾਂਗਰਸ ਪਾਰਟੀ ਨੇ ਇਨ੍ਹਾਂ ਚੋਣਾਂ ਵਿਚ 45.23% ਵੋਟਾਂ ਲੈ ਕੇ 8 ਸੀਟਾਂ ਜਿੱਤੀਆਂ ਸਨ ਜਦਕਿ ਅਕਾਲੀ-ਬੀਜੇਪੀ ਗਠਜੋੜ ਨੇ ਕ੍ਰਮਵਾਰ 4 ਤੇ 1 ਸੀਟ 44% ਵੋਟਾਂ ਲੈ ਕੇ ਜਿੱਤੀ ਸੀ।

ਅਕਾਲੀ ਦਲ-ਬੀਜੇਪੀ ਗਠਜੋੜ 2012 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਅਕਾਲੀ ਦਲ ਦੇ ਸੰਗਠਨ ’ਤੇ ਰਾਜ ਕਰਨ ਦੇ ਤਰੀਕੇ ਵਿਚ ਲੋਕ ਵਿਰੋਧੀ ਕਾਰਜਾਂ ਤੇ ਹੰਕਾਰ ਵਿਚ ਵੱਡਾ ਵਾਧਾ ਹੋਇਆ। ਪਾਰਟੀ ਤੇ ਸਰਕਾਰ ਦੀਆਂ ਸਾਰੀਆਂ ਸ਼ਕਤੀਆਂ ਕੁਝ ਹੀ ਹੱਥਾਂ ਵਿਚ ਕੇਂਦਰਿਤ ਹੋਣ ਨਾਲ ਤੇ ਇਸ ਤੋਂ ਪੈਦਾ ਹੋਏ ਵਰਤਾਰੇ ਕਾਰਨ ਪੰਜਾਬ ਦੇ ਲੋਕਾਂ ਨੇ ਰਾਜ ਕਰਨ ਵਾਲੀ ਧਿਰ ’ਤੇ ਕਈ ਕਿਸਮ ਦੇ ਸੁਆਲ ਉਠਾਉਣੇ ਸ਼ੁਰੂ ਕਰ ਦਿੱਤੇ। ਇਸ ਵਰਤਾਰੇ ਦਾ ਪਹਿਲਾ ਨਤੀਜਾ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਦਿਖਾਈ ਦਿੱਤਾ। ਇਹਨਾਂ ਚੋਣਾਂ ਵਿਚ ਨਵੀਂ ਉੱਭਰੀ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਪਹਿਲੀ ਵਾਰੀ ਰਾਜ ਵਿਚੋਂ ਇਕ ਤੀਸਰੀ ਧਿਰ ਵਜੋਂ ਉੱਭਰ ਕੇ ਸਾਹਮਣੇ ਆਈ। ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 24.4% ਲੈ ਕੇ ਚਾਰ ਸੀਟਾਂ ਜਿੱਤੀਆਂ, ਜਦੋਂਕਿ ਅਕਾਲੀ ਦਲ-ਬੀਜੇਪੀ ਗਠਜੋੜ ਕੇਂਦਰ ਵਿਚ 35% ਵੋਟਾਂ ਲੈ ਕੇ ਕੇਵਲ 6 ਸੀਟਾਂ ਹੀ ਜਿੱਤ ਸਕਿਆ। ਕਾਂਗਰਸ ਪਾਰਟੀ ਨੂੰ ਕੇਵਲ 3 ਸੀਟਾਂ ਹੀ ਮਿਲੀਆਂ ਤੇ ਇਸਦਾ ਵੋਟ ਸ਼ੇਅਰ 2009 ਤੋਂ 12% ਘਟ ਕੇ 33% ਹੀ ਰਹਿ ਗਿਆ। ਅਸਲ ਵਿਚ ਇਹਨਾਂ ਚੋਣਾਂ ਨੇ ਪੰਜਾਬ ਦੇ ਲੋਕਾਂ ਦੀ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਤੇ ਰਾਜ ਸਰਕਾਰ ਦੀਆਂ ਵਧੀਕੀਆਂ, ਵਧਦੇ ਨਸ਼ੇ, ਰਿਸ਼ਵਤਖ਼ੋਰੀ, ਬਦਲਾਖ਼ੋਰੀ, ਰੇਤ-ਬਜਰੀ, ਸ਼ਰਾਬ, ਕੇਬਲ ਮਾਫ਼ੀਆ ਦੀ ਗੁੰਡਾਗਰਦੀ ਤੇ ਇਹਨਾਂ ਉਪਰ ਸਰਕਾਰੇ ਪੁਸ਼ਤ-ਪਨਾਹੀ, ਧਾਰਮਿਕ ਬੇਅਦਬੀਆਂ ਤੇ ਸ਼ਾਂਤਮਈ ਅੰਦੋਲਨਾਂ ’ਤੇ ਗੋਲੀਬਾਰੀ, ਕਿਸਾਨਾਂ

ਦੀਆਂ ਆਤਮ-ਹੱਤਿਆਵਾਂ, ਬੇਰੁਜ਼ਗਾਰੀ ਤੇ ਹੇਠਲੇ ਪੱਧਰ ਦੇ ਅਕਾਲੀ ਨੇਤਾਵਾਂ ਦੀ ਗੁੰਡਾਗਰਦੀ ਨੇ ਰਾਜ ਦੀ ਰਾਜਨੀਤੀ ਵਿਚ ਵੱਡੀਆਂ ਅਨਿਸਚਤਾਵਾਂ ਪੈਦਾ ਕੀਤੀਆਂ। ਸਰਕਾਰ ਦੇ ਕੰਮ ਕਰਨ ਦੇ ਤਰੀਕੇ ਭਾਵ 'ਸੰਗਤ ਦਰਸ਼ਨ' ਨੇ ਰਾਜ ਦੇ ਪ੍ਰਬੰਧਕੀ ਤੇ ਨੌਕਰਸ਼ਾਹੀ ਢਾਂਚੇ ਵਿਚ ਵੱਡੇ ਵਿਗਾੜ ਪਾਏ ਤੇ ਸੰਸਥਾਵਾਂ ਨੂੰ ਬਹੁਤ ਕਮਜ਼ੋਰ ਤੇ ਨਿਕੰਮਾ ਬਣਾ ਦਿੱਤਾ।

ਰਾਜ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ 2017 ਬਹੁਤ ਹੀ ਅਨਿਸਚਤਾ ਦੇ ਮਾਹੌਲ ਵਿਚ ਹੋਈਆਂ। ਪੰਜਾਬ ਵਿਚ ਧਾਰਮਿਕ ਬੇਅਦਬੀਆਂ ਤੇ ਇਸ ਤੋਂ ਪੈਦਾ ਹੋਏ ਵਿਵਾਦਾਂ ਨੇ ਪੰਜਾਬ ਦੀਆਂ ਰਾਜਨੀਤਕ ਧਿਰਾਂ ਅੱਗੇ ਵੱਡੇ ਸਵਾਲ ਖੜ੍ਹੇ ਕੀਤੇ। ਪਰ ਸਭ ਤੋਂ ਵੱਧ ਰਾਜਨੀਤਕ ਮੁਸ਼ਕਿਲ ਅਕਾਲੀ ਦਲ ਨੂੰ ਝੱਲਣੀ ਪਈ ਤੇ ਇਸਦੇ ਪੰਥਕ ਅਕਸ ਨੂੰ ਵੱਡੀ ਸੱਟ ਲੱਗੀ। ਇਹਨਾਂ ਚੋਣਾਂ ਦੀ ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਪਹਿਲੀ ਵਾਰੀ ਤਿੰਨ ਵੱਡੇ ਦਾਅਵੇਦਾਰ ਭਾਵ ਅਕਾਲੀ-ਬੀਜੇਪੀ ਗਠਜੋੜ, ਕਾਂਗਰਸ ਤੇ ਆਮ ਆਦਮੀ ਪਾਰਟੀ ਦਿਖਾਈ ਦਿੱਤੇ। ਪਰ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚ ਹੀ ਹੋਇਆ ਤੇ ਅਖ਼ੀਰ ਵਿਚ ਕਾਂਗਰਸ ਪਾਰਟੀ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਪੰਜਾਬ ਦੇ ਲੋਕਾਂ ਨੇ ਅਮਰਿੰਦਰ ਸਿੰਘ ਵੱਲੋਂ ਧਾਰਮਿਕ ਪੋਥੀ ਨੂੰ ਹੱਥ ਵਿਚ ਲੈ ਕੇ ਪੰਜਾਬ ਦੇ ਲੋਕਾਂ ਨੂੰ ਉਹਨਾਂ ਦੇ ਵੱਡੇ ਮਸਲੇ ਭਾਵ ਧਾਰਮਿਕ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ, ਨਸ਼ੇ ਤੇ ਹੋਰ ਮਾਫੀਆ ਦਾ ਖਾਤਮਾ, ਰੁਜ਼ਗਾਰ ਦੇ ਮੌਕੇ ਪੈਦਾ ਕਰਨੇ, ਰਿਸ਼ਵਤਖ਼ੋਰੀ 'ਤੇ ਨਕੇਲ, ਕਿਸਾਨ-ਮਜ਼ਦੂਰਾਂ ਲਈ ਰਾਹਤ, ਰਾਜਨੀਤਕ ਗੁੰਡਾਗਰਦੀ ਦਾ ਖ਼ਾਤਮਾ, ਪੰਜਾਬ ਦੀ ਆਰਥਿਕ ਦਸ਼ਾ ਨੂੰ ਸੁਧਾਰਨ ਦੇ ਵੱਡੇ ਉਪਰਾਲੇ ਕਰਨ ਦਾ ਵਾਅਦਾ ਕੀਤਾ। ਜਿਸਦਾ ਪਾਰਟੀ ਨੂੰ ਵੱਡਾ ਰਾਜਨੀਤਕ ਫ਼ਾਇਦਾ ਹੋਇਆ ਤੇ ਪਾਰਟੀ ਕੁੱਲ ਪਈਆਂ ਵੋਟਾਂ ਦਾ 38.5% ਲੈ ਕੇ 77 ਸੀਟਾਂ ਜਿੱਤੀ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਨੇ 23.7% ਵੋਟਾਂ ਲੈ ਕੇ 20 ਸੀਟਾਂ ਜਿੱਤੀਆਂ ਤੇ ਵਿਰੋਧੀ ਧਿਰ ਵਜੋਂ ਆਪਣੀ ਜਗ੍ਹਾ ਬਣਾਈ। ਸਭ ਤੋਂ ਵੱਡੀ ਸੱਟ ਅਕਾਲੀ-ਬੀਜੇਪੀ ਗਠਜੋੜ ਨੂੰ ਲੱਗੀ ਜਿਹੜੀ 30.6% ਵੋਟਾਂ ਲੈ ਕੇ ਕੇਵਲ 18 ਸੀਟਾਂ ਹੀ ਜਿੱਤ ਸਕੀ। ਭਾਵੇਂ ਇਹਨਾਂ ਚੋਣਾਂ ਵਿਚ ਧਾਰਮਿਕ ਬੇਅਦਬੀ ਦਾ ਮੁੱਦਾ ਭਾਵਕ ਤੌਰ 'ਤੇ ਕਾਫੀ ਉੱਠਿਆ ਪਰ ਲੋਕ ਨੀਤੀ ਦੁਆਰਾ ਚੋਣਾਂ ਤੋਂ ਬਾਅਦ ਕੀਤੇ ਅਧਿਐਨ ਵਿਚ ਲੋਕਾਂ ਦੇ ਆਰਥਿਕ ਮੁੱਦੇ ਹਾਵੀ ਰਹੇ। ਇਸ ਅਧਿਐਨ ਵਿਚ ਲੋਕਾਂ ਦੇ ਵੋਟ ਪਾਉਣ ਦੀ ਤਰਜੀਹ ਦੇ ਵੱਡੇ ਮੁੱਦੇ ਪੰਜਾਬ ਦੀ ਤਰੱਕੀ (18%) ਬੇਰੁਜ਼ਗਾਰੀ (20%), ਨਸ਼ਿਆਂ ਦੀ ਸਮੱਸਿਆ (13%), ਮਹਿੰਗਾਈ (6%) ਅਤੇ ਰਿਸ਼ਵਤਖੋਰੀ (3%) ਸਨ। ਧਾਰਮਿਕ ਬੇਅਦਬੀ ਨੂੰ ਵੱਡੇ ਮੁੱਦੇ ਵਜੋਂ ਰੱਖ ਕੇ ਵੋਟ ਪਾਉਣ ਵਾਲੇ ਵੋਟਰਾਂ ਦੀ ਗਿਣਤੀ ਕੁੱਲ ਵੋਟਰਾਂ ਦਾ ਕੇਵਲ 2% ਹੀ ਸੀ।

ਇਸ ਵੱਡੀ ਜਿੱਤ ਤੋਂ ਬਾਅਦ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਦੀ ਹੈ। ਪਰ ਉਸ ਵੱਲੋਂ ਚੋਣਾਂ ਵਿਚ ਕੀਤੇ ਵਾਅਦੇ ਤੇ ਲੋਕਾਂ ਵੱਲੋਂ ਵੋਟਾਂ ਪਾਉਣ

ਵੇਲੇ ਉਠਾਏ ਮੁੱਦਿਆਂ ਦਾ ਕੋਈ ਸਾਰਥਿਕ ਹੱਲ ਹੋਣ ਦੀ ਬਜਾਏ ਇਹ ਸਾਰੇ ਮੁੱਦੇ ਢਾਂਚਾਗਤ ਸਮੱਸਿਆ ਬਣ ਗਏ।ਇਸਦੇ ਨਾਲ ਹੀ ਹੋਰ ਬਹੁਤ ਸਾਰੇ ਮੁੱਦੇ ਪੈਦਾ ਹੋ ਗਏ, ਜਿਸ ਨਾਲ ਰਾਜ ਦੀ ਰਾਜਨੀਤਕ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਖੇਤਰਾਂ ਵਿਚ ਗਿਰਾਵਟ ਲਗਾਤਾਰ ਵਧਦੀ ਗਈ। ਇਸ ਵਜ੍ਹਾ ਕਰਕੇ ਪੰਜਾਬ ਵਿਚ ਗੈਂਗਵਾਰ, ਧਮਕੀਆਂ, ਲੁਟ-ਖਸੁੱਟ, ਅਣਚਾਹੀ ਹਿਜਰਤ, ਨਸ਼ਿਆਂ ਦਾ ਵਪਾਰ, ਪੁਲੀਸ ਤੇ ਨੌਕਰਸ਼ਾਹੀ ਦੇ ਹੱਦ ਤੋਂ ਵੱਧ ਰਾਜਨੀਤੀਕਰਨ ਕਾਰਨ ਪੰਜਾਬ ਹਰ ਪਾਸਿਆਂ ਤੋਂ ਮੁਸੀਬਤਾਂ ਵਿਚ ਘਿਰ ਗਿਆ। ਭਾਵੇਂ ਕਾਂਗਰਸ ਨੇ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਤਬਦੀਲੀ ਤੇ ਅਮਰਿੰਦਰ ਸਿੰਘ ਦੀ ਜਗ੍ਹਾ ਦਲਿਤ ਮੁੱਖ ਮੰਤਰੀ ਬਣਾਇਆ ਪਰ ਇਸ ਨਾਲ ਵੀ ਪੰਜਾਬ ਵਿਚ ਕੋਈ ਸਾਰਿਥਕ ਤਬਦੀਲੀ ਨਾ ਆਈ। ਇਸਦੇ ਉਲਟ ਰਾਜਨੀਤਕ ਪਾਰਟੀਆਂ ਵਿਚ ਟੁੱਟ-ਭੱਜ ਤੇ ਗ਼ੈਰਇਖ਼ਲਾਕੀ ਰਾਜਨੀਤੀ ਜ਼ਿਆਦਾ ਭਾਰੀ ਹੋ ਗਈ।

2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਮੋਦੀ ਦੀ ਲਹਿਰ ਹੋਣ ਦੇ ਬਾਵਜੂਦ ਵੱਡਾ ਸਮਰਥਨ ਮਿਲਿਆ। ਪਾਰਟੀ ਨੇ 40% ਵੋਟਾਂ ਲੈ ਕੇ 8 ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਇਹਨਾਂ ਚੋਣਾਂ ਵਿਚ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਪਾਰਟੀ ਦਾ ਹੋਇਆ ਤੇ ਇਸਦਾ ਕੇਵਲ ਇਕ ਉਮੀਦਵਾਰ ਹੀ ਜਿੱਤ ਸਕਿਆ ਤੇ ਪਾਰਟੀ ਦਾ ਵੋਟ ਸ਼ੇਅਰ ਘਟ ਕੇ ਕੇਵਲ 7.4% ਹੀ ਰਹਿ ਗਿਆ। ਪੰਜਾਬ ਦੇ ਲੋਕਾਂ ਵਿਚ ਬਾਲਾਕੋਟ ਹਮਲੇ ਦਾ ਵੀ ਕੋਈ ਅਸਰ ਦਿਖਾਈ ਨਹੀਂ ਦਿੱਤਾ ਤੇ ਪ੍ਰਧਾਨ ਮੰਤਰੀ ਮੋਦੀ ਕਦੇ ਵੀ ਲੋਕਾਂ ਦੀ ਪਹਿਲੀ ਰਾਜਨੀਤਕ ਪਸੰਦ ਨਹੀਂ ਰਿਹਾ। ਆਮ ਆਦਮੀ ਪਾਰਟੀ ਦੀ ਵੱਡੀ ਹਾਰ ਇਸਦੇ ਸੰਗਠਨ ਦੀ ਢਾਂਚਾਗਤ ਅਣਹੋਂਦ, ਆਪਸੀ ਖਿਚੋਤਾਣ ਆਦਿ ਸੀ। ਇਸੇ ਹੀ ਸਮੇਂ ਵਿਚ ਮੋਦੀ ਸਰਕਾਰ ਨੇ ਖੇਤੀ ਸੰਬੰਧੀ ਤਿੰਨ ਕਾਨੂੰਨ ਬਣਾਏ, ਜਿਨ੍ਹਾਂ ਨੂੰ ਦੇਸ਼ ਦੇ ਕਿਸਾਨਾਂ ਦੇ ਵੱਡੇ ਵਿਰੋਧ ਤੇ ਲੰਮੇ ਚੱਲੇ ਸੰਘਰਸ਼ ਤੋਂ ਬਾਅਦ ਵਾਪਸ ਲੈਣਾ ਪਿਆ। ਇਸਦਾ ਸਭ ਤੋਂ ਵੱਡਾ ਰਾਜਨੀਤਕ ਅਸਰ ਅਕਾਲੀ-ਬੀਜੇਪੀ ਗਠਜੋੜ ’ਤੇ ਪਿਆ। ਅਕਾਲੀ ਦਲ ਨੇ ਸਰਕਾਰ ਵਿਚੋਂ ਆਪਣੀ ਭਾਈਵਾਲੀ ਵਾਪਸ ਲੈ ਲਈ ਤੇ ਪਿਛਲੇ 25 ਸਾਲ ਤੋਂ ਚੱਲ ਰਿਹਾ ਗਠਜੋੜ ਖਿਲਰ ਗਿਆ।

ਪੰਜਾਬ ਵਿਧਾਨ ਸਭਾ ਦੀਆਂ 16ਵੀਆਂ ਚੋਣਾਂ ਫਰਵਰੀ 2022 ਨੂੰ ਹੋਈਆਂ, ਜਿਸ ਵਿਚ ਪਹਿਲੀ ਵਾਰ ਪੰਜ-ਕੋਣਾ ਮੁਕਾਬਲਾ ਸੀ, ਜਿਹਨਾਂ ਵਿਚ ਇਕ ਧਿਰ ਕਿਸਾਨ ਨੇਤਾ ਰਾਜੇਵਾਲ ਵੀ ਸੀ। ਇਹ ਚੋਣਾਂ ਵੀ 2017 ਦੀਆਂ ਚੋਣਾਂ ਵਾਂਗ ਲੋਕਾਂ ਦੇ ਆਪਣੇ ਮੁੱਦੇ ਭਾਵ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਮਾਫੀਆ ਰਾਜ, ਰੇਤ, ਬੱਜਰੀ, ਸ਼ਰਾਬ ਦੀ ਇਜਾਰੇਦਾਰੀ, ਨਸ਼ੇ, ਮਾੜੀ ਕਾਨੂੰਨ ਵਿਵਸਥਾ, ਵਿਦਿਆਕ ਨਿਘਾਰ ਤੇ ਇਹਨਾਂ ਨਾਲ ਜੁੜੇ ਲੋਕਾਂ ਦੀ ਤਰਸਯੋਗ ਹਾਲਤ ਦੇ ਮੁੱਦੇ ਸਨ। ਪੰਜਾਬ ਦੇ ਲੋਕਾਂ ਦੀ ਆਮ ਧਾਰਨਾ ਮੁਤਾਬਕ ਇਹ ਮੁੱਦੇ ਅਕਾਲੀ-ਬੀਜੇਪੀ ਗਠਜੋੜ ਤੇ ਕਾਂਗਰਸ ਦੀਆਂ ਸਰਕਾਰਾਂ ਦੀ ਦੇਣ ਸੀ। ਇਸ ਵਾਸਤੇ ਇਹਨਾਂ ਚੋਣਾਂ

ਵਿਚ ਲੋਕਾਂ ਨੇ ਨਵੀਂ ਉੱਭਰੀ ਧਿਰ ਆਮ ਆਦਮੀ ਪਾਰਟੀ ਨੂੰ ਵੱਡਾ ਸਮਰਥਨ ਦਿੱਤਾ ਤੇ ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 42% ਲੈ ਕੇ 92 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਹ ਜਿੱਤ ਆਪਣੇ ਆਪ ਵਿਚ ਇਕ ਮਿਸਾਲ ਹੈ। ਕਾਂਗਰਸ ਪਾਰਟੀ ਨੇ 18% ਵੋਟਾਂ ਲੈ ਕੇ 18 ਸੀਟਾਂ ਜਿੱਤੀਆਂ ਤੇ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਸੰਭਾਲੀ। ਇਸਦੇ ਨਾਲ ਹੀ ਅਕਾਲੀ ਦਲ ਤੇ ਬੀਜੇਪੀ ਨੇ ਕ੍ਰਮਵਾਰ 18% ਤੇ 7% ਵੋਟਾਂ ਲੈ ਕੇ ਕੇਵਲ 3 ਤੇ 2 ਸੀਟਾਂ ਹੀ ਜਿੱਤ ਸਕੇ। ਅਕਾਲੀ ਦਲ ਦੀ ਬਹੁਤ ਨਮੋਸ਼ੀ-ਭਰੀ ਹਾਰ ਸੀ, ਜਿਸ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਵੀ ਬੁਰੀ ਤਰ੍ਹਾਂ ਹਾਰ ਗਏ। ਇਸ ਹਾਰ ਤੋਂ ਬਾਅਦ ਅਕਾਲੀ ਦਲ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਲਗਦਾ ਹੈ ਕਿ ਇਸ ਨੂੰ ਰਾਜਨੀਤਕ ਤੌਰ 'ਤੇ ਸਾਰਥਿਕ ਬਣਨ ਵਾਸਤੇ ਕਾਫੀ ਮਿਹਨਤ ਕਰਨੀ ਪਵੇਗੀ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਵੱਡੀ ਆਸ ਬੱਝੀ। ਲਗਦਾ ਸੀ ਕਿ ਉਹ ਪੰਜਾਬ ਵਿਚ ਪੈਦਾ ਹੋਏ ਢਾਂਚਾਗਤ ਸੰਕਟਾਂ ਦਾ ਕੋਈ ਹੱਲ ਕੱਢਣਗੇ। ਪ੍ਰੰਤੂ ਤਿੰਨ ਸਾਲ ਤੋਂ ਜ਼ਿਆਦਾ ਸਮਾਂ ਬੀਤ ਜਾਣ 'ਤੇ ਵੀ ਲੋਕਾਂ ਦੇ ਮਸਲੇ ਉਥੇ ਹੀ ਖੜ੍ਹੇ ਦਿਖਾਈ ਦਿੰਦੇ ਹਨ। ਇਸ ਦਾ ਵੱਡਾ ਕਾਰਨ ਆਮ ਆਦਮੀ ਪਾਰਟੀ ਦਾ ਕਮਜ਼ੋਰ ਢਾਂਚਾ, ਮੁੱਖ ਮੰਤਰੀ ਦੇ ਕੰਮ ਕਰਨ ਦਾ ਤਰੀਕਾ, ਕਿਸਾਨੀ ਸੰਕਟ ਦਾ ਡੂੰਘਾ ਹੋਣਾ ਤੇ ਸਰਕਾਰ ਦੇ ਕੰਮਾਂ ਦਾ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਾ ਉਤਰਨਾ ਹੈ। ਇਹਨਾਂ ਸਾਰੇ ਹਾਲਾਤ ਨੇ ਪੰਜਾਬ ਦੀ ਰਾਜਨੀਤੀ ਨੂੰ ਉਸ ਮੋੜ 'ਤੇ ਖੜ੍ਹਾ ਕੀਤਾ ਹੈ ਜਿਸ ਵਿਚ ਬੇਵਿਸ਼ਵਾਸੀ, ਆਪਹੁਦਰਾਪਣ, ਜ਼ਿਆਦਤੀਆਂ, ਬਦਲਾਖ਼ੋਰੀ ਦੀ ਨੀਤੀ ਆਦਿ ਪ੍ਰਮੁੱਖ ਹਨ।


## ਪਾਠਕਾਂ, ਪ੍ਰਕਾਸ਼ਕਾਂ ਅਤੇ ਪੁਸਤਕ ਪ੍ਰੇਮੀਆਂ ਲਈ ਸੂਚਨਾ

1. ਪਹਿਲੀ ਮਈ ਤੋਂ ਡਾਕਖਾਨੇ ਵਿਚ ਗਿਆਨ ਪੋਸਟ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਡਾਕ ਦਰਾਂ ਹੇਠ ਲਿਖੇ ਅਨੁਸਾਰ ਹੋਣਗੀਆਂ:

300 ਗਰਾਮ 20/-  500 ਗਰਾਮ 25/-

ਇਕ ਕਿੱਲੋ ਤੱਕ 35/-  ਪੰਜ ਕਿੱਲੋ ਤੱਕ 100/-

ਇਸ ਸਕੀਮ ਤਹਿਤ ਪ੍ਰਿੰਟਡ ਬੁੱਕਸ ਦੀ ਥਾਂ 'ਗਿਆਨ ਪੋਸਟ' ਲਿਖਣਾ ਹੋਵੇਗਾ।

2. ਪਹਿਲੀ ਅਕਤੂਬਰ 2025 ਤੋਂ ਕਾਊਂਟਰ ਰਜਿਸਟਰਡ ਪੋਸਟ ਦੀਆਂ ਸੇਵਾਵਾਂ ਬੰਦ ਕੀਤੀਆਂ ਗਈਆਂ ਹਨ। ਹੁਣ ਤੁਸੀਂ ਸਿਰਫ਼ ਸਪੀਡ ਪੋਸਟ ਦੀ ਵਰਤੋਂ ਹੀ ਕਰ ਸਕਦੇ ਹੋ।

# ਮੀਡੀਆ ਨਾਲ ਜੁੜੇ ਬੁਨਿਆਦੀ ਸਵਾਲ ਤੇ ਡਿਜੀਟਲ ਪੰਜਾਬੀ ਪੱਤਰਕਾਰੀ ਦੀ ਭਰੋਸੇਯੋਗਤਾ

**-ਸ਼ਿਵ ਇੰਦਰ ਸਿੰਘ**

ਪੰਜਾਬੀ ਵਿਚ ਡਿਜੀਟਲ ਪੱਤਰਕਾਰੀ/ਮੀਡੀਆ ਬਾਰੇ ਗੱਲ ਕਰਨ ਤੋਂ ਪਹਿਲਾਂ ਕੁਝ ਬੁਨਿਆਦੀ ਸਵਾਲਾਂ ਦੇ ਰੂਬਰੂ ਹੋਣਾ ਬੜਾ ਜ਼ਰੂਰੀ ਹੈ। ਜਦੋਂ ਅਸੀਂ ਇਹਨਾਂ ਸਵਾਲਾਂ ਨਾਲ ਨਜਿੱਠ ਲਵਾਂਗੇ ਉਦੋਂ ਮੀਡੀਆ ਬਾਰੇ ਸਮਝ ਬਣਾਉਣ ਵਿਚ ਵੀ ਸਪੱਸ਼ਟਤਾ ਆਵੇਗੀ ਤੇ ਪੱਤਰਕਾਰੀ ਦੇ ਡਿਜੀਟਲ ਵਰਤਾਰੇ ਨੂੰ ਸਮਝਣ ਵਿਚ ਵੀ ਆਸਾਨੀ ਹੋਵੇਗੀ।

ਪਹਿਲਾ ਬੁਨਿਆਦੀ ਸਵਾਲ ਕਿ ਕੀ ਮੀਡੀਆ ਬਾਰੇ ਗੱਲ ਕਰਦੇ ਸਮੇਂ ਅਸੀਂ ਸੱਚਮੁੱਚ ਮੀਡੀਆ ਉਤੇ ਹੀ ਗੱਲ ਕਰ ਰਹੇ ਹੁੰਦੇ ਹਾਂ?ਭਾਰਤ ਵਿਚ ਰਜਿਸਟਰਡ ਅਖ਼ਬਾਰਾਂ ਦੀ ਗਿਣਤੀ ਆਰ. ਐਨ. ਆਈ. (ਅਖ਼ਬਾਰਾਂ ਨੂੰ ਮਾਨਤਾ ਦੇਣ ਵਾਲੀ ਸੰਸਥਾ) ਦੇ ਅਨੁਸਾਰ  148,363 ਹੈ। ਸਭ ਤੋਂ ਵਧੇਰੇ ਸੰਖਿਆ 56052 ਹਿੰਦੀ ਅਖ਼ਬਾਰਾਂ ਦੀ ਹੈ। ਅੰਗਰੇਜ਼ੀ ਅਖ਼ਬਾਰਾਂ ਦੀ ਗਿਣਤੀ 19929 ਹੈ। ਇਸ ਤੋਂ ਬਾਅਦ ਬਾਕੀ ਖੇਤਰੀ ਭਾਸ਼ਾਵਾਂ ਦਾ ਨੰਬਰ ਆਉਂਦਾ ਹੈ। ਸੂਬਿਆਂ ਵਿਚੋਂ ਸਭ ਤੋਂ ਵੱਧ ਅਖ਼ਬਾਰ ਉਤਰ ਪ੍ਰਦੇਸ਼ ਵਿਚੋਂ ਛਪਦੇ ਹਨ 21336, ਮਹਾਰਾਸ਼ਟਰ ਵਿਚੋਂ 20098 ਅਖ਼ਬਾਰ ਛਪਦੇ ਹਨ। ਇਹਨਾਂ ਸਾਰਿਆਂ ਦੀ ਛਪਣ ਗਿਣਤੀ 39,17,12,282 ਹੈ (ਉਨਤਾਲੀ ਕਰੋੜ ਸਤਾਰਾਂ ਲੱਖ ਬਾਰ੍ਹਾਂ ਹਜ਼ਾਰ ਦੋ ਸੌ ਬਿਆਸੀ। ਸਭ ਤੋਂ ਵੱਧ ਹਿੰਦੀ ਅਖ਼ਬਾਰਾਂ ਦੀ ਛਪਣ ਗਿਣਤੀ ਹੈ। ਸਾਰੇ ਹਿੰਦੀ ਅਖ਼ਬਾਰਾਂ ਦੀ ਛਪਣ ਗਿਣਤੀ 191059519 ਹੈ।

ਇਹਨਾਂ ਵਿਚੋਂ ਕਈ ਅਖ਼ਬਾਰ ਸਮੂਹ ਬਹੁ-ਭਾਸ਼ਾਈ ਹਨ। ਕਈਆਂ ਦੇ  ਬਹੁ ਐਡੀਸ਼ਨ ਨਿਕਲਦੇ ਹਨ। ਇਕ ਹਜ਼ਾਰ ਦੇ ਕਰੀਬ ਦੇਸ਼ ਵਿਚ ਖ਼ਬਰੀ ਟੀ. ਵੀ. ਚੈਨਲ ਹਨ। 850 ਤੋਂ ਜ਼ਿਆਦਾ ਰੇਡੀਓ ਸਟੇਸ਼ਨ ਹਨ। ਵੱਡੀ ਗਿਣਤੀ ਵਿਚ ਵੈਬਸਾਈਟਾਂ, ਵੈਬ ਚੈਨਲ ਜਾਂ ਸੋਸ਼ਲ ਮੀਡੀਆ ਪਲੇਟਫਾਰਮ ਆ ਗਏ ਹਨ; ਲੇਕਿਨ ਜਦੋਂ ਅਸੀਂ ਮੀਡੀਆ ਬਾਰੇ ਗੱਲ ਕਰਦੇ ਹਾਂ ਤਾਂ ਸਾਡੇ ਜ਼ਿਹਨ ਵਿਚ ਸਿਰਫ ਪੰਜ -ਸੱਤ ਅਖ਼ਬਾਰ, ਟੀ. ਵੀ. ਚੈਨਲ ਜਾਂ  ਸੋਸ਼ਲ ਮੀਡੀਆ ਅਦਾਰੇ ਹੁੰਦੇ ਹਨ। ਅਕਸਰ ਜਿਨ੍ਹਾਂ ਦੇ ਦਿਸਣ ਤੇ ਵਿਕਣ (ਅਸਲੀਅਤ ਵਿਚ) ਵਿਚ ਵੀ ਫਰਕ ਹੁੰਦਾ ਹੈ। ਜਦੋਂ ਉਪਰ ਦਿੱਤੇ ਇਨੇ ਵੱਡੇ ਮੀਡੀਆ ਸੰਸਾਰ ਦੀ ਥਾਂ ਅਸੀਂ ਗਿਣਤੀ ਦੇ ਅਦਾਰਿਆਂ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ, ਉਹ ਵੀ ਉਹਨਾਂ ਦੇ ਕਿਸੇ ਛੋਟੇ ਜਿਹੇ ਹਿੱਸੇ ਜਾਂ ਪੱਖ ਨੂੰ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਮੀਡੀਆ ਬਾਰੇ ਵਿਚਾਰ ਕਰ ਰਹੇ ਹੁੰਦੇ ਹਾਂ ਜਾਂ ਚੰਦ ਵਪਾਰਕ ਘਰਾਣਿਆਂ ਦੇ ਵਪਾਰ ਬਾਰੇ?

ਮੀਡੀਆ ਬਾਰੇ ਗੱਲ ਕਰਦੇ ਸਮੇਂ ਦੂਜਾ ਸਵਾਲ ਜਿਸਦੇ ਸਨਮੁਖ ਹੋਣਾ ਜ਼ਰੂਰੀ

ਹੈ, ਅਸੀਂ ਆਮ ਹੀ ਆਖਦੇ ਹਾਂ, "ਮੀਡੀਏ ਨੇ ਬੜੀ ਤਰੱਕੀ ਕਰ ਲਈ ਹੈ, ਅਖ਼ਬਾਰ ਪਹਿਲਾਂ ਨਾਲੋਂ ਵੱਡੀ ਗਿਣਤੀ ਵਿਚ ਛਪਣ ਲੱਗੇ ਹਨ, ਖ਼ਬਰੀ ਚੈਨਲਾਂ ਦਾ ਪਸਾਰਾ ਹੋ ਗਿਆ ਹੈ, ਸੋਸ਼ਲ ਮੀਡੀਆ ਆਉਣ ਨਾਲ ਹਰੇਕ ਹੱਥ ਵਿਚ ਤਾਕਤ ਆ ਗਈ ਹੈ।" ਅਸਲ ਵਿਚ ਇਹ ਤਕਨੀਕ ਦੀ ਤਰੱਕੀ ਹੈ ਜਿਸਨੂੰ ਅਸੀਂ ਮੀਡੀਆ ਦੀ ਤਰੱਕੀ ਆਖ ਰਹੇ ਹੁੰਦੇ ਹਾਂ। ਜੇ ਤਕਨੀਕ ਦੀ ਤਰੱਕੀ ਨਾਲ ਪੱਤਰਕਾਰੀ ਦੇ ਮਿਆਰ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਆਉਂਦੀ, ਛਪਣ/ਪੇਸ਼ ਹੋਣ ਵਾਲੀ ਸਮੱਗਰੀ ਦਾ ਪੱਧਰ ਉਚਾ ਨਹੀਂ ਉੱਠਦਾ ਤਾਂ ਇਸਨੂੰ ਮੀਡੀਆ/ਪੱਤਰਕਾਰੀ ਦਾ ਵਿਕਾਸ ਕਿਵੇਂ ਆਖ ਸਕਦੇ ਹਾਂ? ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਤਕਨੀਕ ਦੀ ਤਰੱਕੀ ਨੂੰ ਬੌਧਿਕ ਵਿਕਾਸ ਨਹੀਂ ਕਿਹਾ ਜਾ ਸਕਦਾ। ਮਨੁੱਖ ਭਾਵੇਂ ਚੰਨ ਉਤੇ ਪਹੁੰਚ ਗਿਆ ਪਰ ਅਜੇ ਵੀ ਰੂੜ੍ਹੀਵਾਦੀ ਰਵਾਇਤਾਂ ਵਿਚ ਜਕੜਿਆ ਹੋਇਆ ਹੈ।

ਅਕਸਰ ਹੀ ਅਸੀਂ ਇਹ ਚਰਚਾ ਕਰਦੇ ਹਾਂ 'ਪ੍ਰਿੰਟ ਮੀਡੀਆ ਜ਼ਿਆਦਾ ਵਧੀਆ ਹੈ, ਇਲੈਕਟਰਾਨਿਕ ਜਾਂ ਡਿਜੀਟਲ' ਇਸ ਬਹਿਸ ਵਿਚ ਵੀ ਗੱਲ ਮਾਧਿਆਮ ਉਤੇ ਹੋ ਰਹੀ ਹੁੰਦੀ ਹੈ। ਕੰਟੈਂਟ ਉਤੇ ਨਹੀਂ।

ਆਮ ਹੀ ਆਖਿਆ ਜਾਂਦਾ ਕਿ ਪਹਿਲਾਂ ਪੱਤਰਕਾਰੀ ਲੋਕ-ਪੱਖੀ ਹੁੰਦੀ ਸੀ। ਮੀਡੀਆ ਕਦਰਾਂ-ਕੀਮਤਾਂ ਵਾਲਾ ਸੀ ਪਰ ਹੁਣ ਬੇੜਾ ਗਰਕ ਹੋ ਗਿਆ ਹੈ। ਅਸਲ ਵਿਚ ਜਿਵੇਂ ਇਤਿਹਾਸ ਦਾ ਕੋਈ ਵੀ ਦੌਰ ਪੂਰਾ ਸ਼ਾਹਕਾਰ ਜਾਂ ਪੂਰਾ ਕਾਲਾ ਦੌਰ ਨਹੀਂ ਹੁੰਦਾ ਓਹੀ ਗੱਲ ਮੀਡੀਆ ਉਤੇ ਵੀ ਲਾਗੂ ਹੁੰਦੀ ਹੈ। ਅੰਗਰੇਜ਼ੀ ਸਾਮਰਾਜ ਸਮੇਂ ਵੀ ਦੋ-ਤਿੰਨ ਕਿਸਮਾਂ ਦਾ ਮੀਡੀਆ ਮੌਜੂਦ ਸੀ ਇਕ ਮੀਡੀਆ ਅੰਗਰੇਜ਼ਾਂ ਦਾ ਝੋਲੀ ਚੁੱਕ ਸੀ। ਦੂਜਾ ਉਨ੍ਹਾਂ ਦਾ ਵਿਰੋਧੀ ਤੇ ਆਜ਼ਾਦੀ ਦੀ ਤਹਿਰੀਕ ਦੇ ਹੱਕ ਵਿਚ ਸੀ। ਅੰਗਰੇਜ਼ ਵਿਰੋਧੀ ਮੀਡੀਆ ਵੀ ਦੋ ਤਰ੍ਹਾਂ ਦਾ ਸੀ। ਇਕ ਸੱਚਮੁੱਚ ਭਾਰਤੀ ਲੋਕਾਂ ਦੀ ਅੰਗਰੇਜ਼ੀ ਸਾਮਰਾਜ ਕੋਲੋਂ ਮੁਕਤੀ ਲਈ ਲੋਕਾਂ ਨੂੰ ਜਾਗਰੂਕ ਤੇ ਜਥੇਬੰਦ ਕਰ ਰਿਹਾ ਸੀ ('ਗ਼ਦਰ' ਤੇ 'ਸੁਦੇਸ਼ ਸੇਵਕ' ਵਰਗੇ ਅਖ਼ਬਾਰ ਇਸਦੀ ਮਿਸਾਲ ਹਨ)। ਦੂਜਾ ਮੀਡੀਆ ਉਹ ਸੀ ਜਿਸਨੂੰ ਆਜ਼ਾਦੀ ਤੋਂ ਬਾਅਦ ਭਾਰਤੀ ਸਰਮਾਏਦਾਰੀ ਕੋਲ ਆਪਣੇ ਹਿੱਤ ਸੁਰੱਖਿਅਤ ਜਾਪਦੇ ਸਨ। ਆਜ਼ਾਦੀ ਤੋਂ ਬਾਅਦ ਅਜਿਹੇ ਮੀਡੀਏ ਉਤੇ ਸੱਤਾ ਦੀ ਕਿਰਪਾ ਵੀ ਹੋਈ।

ਮੀਡੀਆ ਉਤੇ ਕਾਰਪੋਰੇਟ ਘਰਾਣਿਆਂ ਦੇ ਗ਼ਲਬੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸਦੇ ਫ਼ਲਸਰੂਪ ਸੰਪਾਦਕ ਦੀ ਥਾਂ ਮੈਨੇਜਰ ਨੇ ਲੈ ਲਈ ਹੈ। ਫਰਵਰੀ 1964 ਵਿਚ ਭਾਰਤ ਸਰਕਾਰ ਨੇ ਦੇਸ਼ ਦੀ ਕੁਲ ਆਮਦਨੀ ਦੀ ਸਮਾਜ ਵਿਚ ਵੰਡ ਤੇ ਲੋਕਾਂ ਦੀ ਹਾਲਤ ਦਾ ਅਧਿਐਨ ਕਰਨ ਲਈ ਇਕ ਕਮੇਟੀ ਬਣਾਈ ਸੀ।

ਉਸ ਕਮੇਟੀ ਦੀ ਰਿਪੋਰਟ ਮੀਡੀਆ ਤੇ ਉਦਯੋਗਪਤੀਆਂ ਦੇ ਗਹਿਰੇ ਸਬੰਧਾਂ ਦਾ ਜ਼ਿਕਰ ਕਰਦੀ ਦੱਸਦੀ ਹੈ, "ਆਰਥਿਕ ਸੱਤਾ ਨਾ ਸਿਰਫ ਉਦਯੋਗ, ਨਿਵੇਸ਼, ਖਰੀਦਦਾਰੀ ਤੇ ਕਦਰਾਂ-ਕੀਮਤਾਂ ਨੂੰ ਕੰਟਰੋਲ ਕਰਦੀ ਹੈ ਬਲਕਿ ਜਨ ਸੰਚਾਰ ਦੇ ਤਮਾਮ ਮਾਧਿਅਮਾਂ 'ਤੇ ਵੀ ਆਪਣੀ ਜਕੜ ਰੱਖਦੀ ਹੈ। ਸਾਡੇ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ

ਅਖ਼ਬਾਰੀ ਜਗਤ ਅਤੇ ਦੇਸ਼ ਦੇ ਵੱਡੇ ਕਾਰੋਬਾਰੀਆਂ ਵਿਚਕਾਰ ਇਕ ਗਹਿਰਾ ਰਿਸ਼ਤਾ ਹੈ।''

ਮੀਡੀਆ ਉਤੇ ਮਾਲਕਾਨਾ ਹੱਕ ਦੀ ਸਥਿਤੀ ਸਮਝਣ ਲਈ ਇਹ ਸਮਝਣਾ ਹੋਵੇਗਾ ਕਿ 60 ਵਿਆਂ 'ਚ ਪ੍ਰਸਾਰ ਗਿਣਤੀ ਦੇ ਆਧਾਰ 'ਤੇ ਅਖ਼ਬਾਰਾਂ 'ਤੇ ਕੁਝ ਮਾਲਕਾਂ ਦੇ ਏਕਾਧਿਕਾਰ ਦੀ ਸਥਿਤੀ ਸੀ। ਉਹਨਾਂ ਦਿਨਾਂ ਵਿਚ ਇਹ ਗੱਲਾਂ ਚਰਚਾ ਦਾ ਵਿਸ਼ਾ ਹੁੰਦੀਆਂ ਸਨ ਕਿ ਅਖਬਾਰਾਂ ਦੇ ਮਾਲਕ ਸੰਸਦ ਮੈਂਬਰਾਂ ਨੂੰ ਡਿਕਟੇਟ ਕਰਦੇ ਹਨ। ਹੁਣ ਕਹਾਣੀ ਪਹੁੰਚਦੀ-ਪਹੁੰਚਦੀ ਇਥੇ ਆ ਗਈ ਕਿ ਅਖਬਾਰਾਂ/ਮੀਡੀਆ ਹਾਊਸ ਦੇ ਮਾਲਕ ਖੁਦ ਸੰਸਦ ਮੈਂਬਰ ਬਣ ਗਏ ਹਨ। ਇਹ ਹੈ ਕਾਰਪੋਰੇਟ ਤੇ ਸੱਤਾ ਦਾ ਰਿਸ਼ਤਾ!

ਮੀਡੀਆ ਚਲਾਉਣ ਵਾਲੇ ਲੋਕਾਂ 'ਚ ਵੱਡੀ ਗਿਣਤੀ ਉਹਨਾਂ ਲੋਕਾਂ ਦੀ ਹੈ, ਜੋ ਜ਼ੋਰਦਾਰ ਤਰੀਕੇ ਨਾਲ ਨਿਜੀ ਪੂੰਜੀ ਨੂੰ ਉਤਸ਼ਾਹਿਤ ਕਰਦੇ ਹਨ ਜਾਂ ਅਜਿਹਾ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਉਸੇ ਮੰਤਵ ਤਹਿਤ ਉਹ ਅਜਿਹੀਆਂ ਖ਼ਬਰਾਂ ਤੇ ਵਿਚਾਰਾਂ ਨੂੰ ਪ੍ਰਮੁੱਖਤਾ ਦਿੰਦੇ ਹਨ, ਜੋ ਉਹਨਾਂ ਦਾ ਉਦੇਸ਼ ਪੂਰਾ ਕਰ ਸਕਣ।

ਭਾਰਤ ਦੇ ਨਾਮਵਰ ਮੀਡੀਆ ਵਿਸ਼ਲੇਸ਼ਕ ਅਨਿਲ ਚਮੜੀਆ ਦਾ ਵਿਚਾਰ ਹੈ, ''ਪਿਛਲੇ ਸਮੇਂ 'ਚ ਜਿੰਨੀ ਤੇਜ਼ੀ ਨਾਲ ਮੀਡੀਆ ਘਰਾਣੇ ਅਮੀਰ ਹੋਏ ਹਨ ਤੇ ਆਮ ਲੋਕਾਂ ਦੀ ਆਮਦਨੀ ਘਟੀ ਹੈ ਤੇ ਗ਼ਰੀਬੀ ਵਧੀ ਹੈ ਉਸ ਵਿਚਲੇ ਰਿਸ਼ਤੇ ਨੂੰ ਸਮਝਣ ਦੀ ਲੋੜ ਹੈ।''

ਸਾਧਾਰਨ ਪਾਠਕ ਨੂੰ ਸਮਝਾਉਣ ਲਈ ਜੇ 100 ਰੁਪਏ ਨੂੰ 5 ਬੰਦਿਆਂ ਵਿਚ ਬਰਾਬਰ ਵੰਡਣ ਦੀ ਥਾਂ ਜੇ ਇੱਕ ਕੋਲ 90 ਆ ਜਾਣ ਤਾਂ ਦੂਜੇ ਚਾਰਾਂ ਦਾ ਹੱਕ ਮਾਰਿਆ ਗਿਆ ਹੈ। ਪੰਜਾਬੀ ਸ਼ਾਇਰ ਜਸਵਿੰਦਰ ਆਪਣੀ ਗ਼ਜ਼ਲ ਦੇ ਇਸ ਸ਼ਿਅਰ ਨਾਲ ਗੱਲ ਨੂੰ ਹੋਰ ਵੀ ਆਸਾਨ ਤਰੀਕੇ ਨਾਲ ਪੱਲੇ ਪਾ ਦਿੰਦਾ ਹੈ:

ਕਿਸੇ ਬਰਸਾਤ ਦਾ ਇੱਕੋ ਤਲਾਅ ਵਿਚ ਭਰ ਗਿਆ ਪਾਣੀ
ਨਗਰ ਵਿਚ ਸ਼ੋਰ ਹੈ ਕਿੱਧਰ ਗਿਆ ਕਿੱਧਰ ਗਿਆ ਪਾਣੀ।

ਹਿੰਦੀ ਅਤੇ ਖੇਤਰੀ ਭਾਸ਼ਾ ਦੇ ਨਜ਼ਰੀਏ ਤੋਂ ਕਾਰਪੋਰੇਟ ਮੀਡੀਆ ਅਦਾਰਿਆਂ ਦੀ ਸੋਚ ਇਹੀ ਹੈ ਕਿ ਲਿਬਰਲ, ਸੈਕੂਲਰ ਤੇ ਗੰਭੀਰ ਗੱਲਾਂ ਸਿਰਫ ਅੰਗਰੇਜ਼ੀ ਭਾਸ਼ਾ ਦੇ ਪਾਠਕਾਂ/ਦਰਸ਼ਕਾਂ ਲਈ ਹਨ। ਹਿੰਦੀ ਤੇ ਦੂਜੀਆਂ ਖੇਤਰੀ ਭਾਸ਼ਾਵਾਂ ਦੇ ਪਾਠਕ/ਦਰਸ਼ਕ ਦਾ ਪੱਧਰ ਬਹੁਤ ਛੋਟਾ ਹੈ। ਇਸੇ ਮਾਨਸਿਕਤਾ ਕਰਕੇ ਫ਼ਿਰਕਾਪ੍ਰਸਤੀ ਦਾ ਜ਼ਹਿਰ ਹਿੰਦੀ ਪੱਟੀ ਅਤੇ ਖੇਤਰੀ ਭਾਸ਼ਾਵਾਂ ਦੇ ਮੀਡੀਆ ਵਿਚ ਦਿਸਦਾ ਹੈ। ਰਾਜ ਸੱਤਾ ਵੀ ਇਹੀ ਚਾਹੁੰਦੀ ਹੈ ਕਿ ਇਹ 'ਤੁੱਛ ਬੁੱਧੀ' ਵਰਗ ਫ਼ਿਰਕੂ ਤੇ ਨਫ਼ਰਤੀ ਅੱਗ ਵਿਚ ਝੁਲਸਦਾ ਰਹੇ। ਕਾਰਪੋਰੇਟ ਮੀਡੀਆ ਇਸ ਤਰ੍ਹਾਂ ਰਾਜ ਸੱਤਾ ਦੇ ਹਿਤਾਂ ਦੀ ਪੂਰਤੀ ਕਰਦਾ ਹੈ।

ਇਕ ਪ੍ਰਸਿੱਧ ਹਿੰਦੀ ਪੱਤਰਕਾਰ ਨੇ ਆਪਣਾ ਅਨੁਭਵ ਮੈਨੂੰ ਕੁਝ ਇਸ ਤਰ੍ਹਾਂ

ਦੱਸਿਆ, "ਪੰਦਰਾਂ ਕੁ ਸਾਲ ਪਹਿਲਾਂ ਦੇਸ਼ ਦੇ ਇਕ ਪ੍ਰਸਿੱਧ ਅੰਗਰੇਜ਼ੀ ਮੈਗਜ਼ੀਨ, ਜੋ ਹਿੰਦੀ ਵਿਚ ਵੀ ਆਪਣਾ ਮੈਗਜ਼ੀਨ ਕੱਢਦਾ ਹੈ, ਨੇ ਮੈਨੂੰ ਹਿੰਦੀ ਮੈਗਜ਼ੀਨ ਦੇ ਸੰਪਾਦਕ ਦੀ ਪੋਸਟ ਲਈ ਇੰਟਰਵਿਊ ਵਾਸਤੇ ਬੁਲਾਇਆ, ਮੇਰੇ ਤੋਂ ਪੁੱਛਿਆ ਗਿਆ ਕਿ ਜੇ ਤੁਹਾਨੂੰ ਅਸੀਂ ਸੰਪਾਦਕ ਬਣਾਈਏ ਤੁਸੀਂ ਮੈਗਜ਼ੀਨ ਨੂੰ ਕਿਵੇਂ ਉਚਾ ਚੁੱਕੋਂਗੇ। ਮੈਂ ਆਖਿਆ ਕਿ ਜੀ ਹਿੰਦੀ ਦੇ ਜ਼ਿਆਦਾ ਪ੍ਰਕਾਸ਼ਨ ਸਮੂਹ ਦੇਸ਼ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਨਾਲ ਜੁੜ ਕੇ ਚਲਦੇ ਹਨ ਪਰ ਮੈਂ ਦੇਸ਼ ਦੇ ਉਸ ਵਰਗ ਤੱਕ ਵੀ ਪਹੁੰਚ ਕਰਾਂਗਾ ਜੋ ਹਾਸ਼ੀਏ ਉਤੇ ਹੈ ਜਿਵੇਂ ਦਲਿਤ ਘੱਟ ਗਿਣਤੀ, ਦੇਸ਼ ਦਾ ਸੁਚੇਤ ਵਰਗ ਨੌਜਵਾਨ ਤੇ ਵਿਦਿਆਰਥੀ। ਇਸ ਵਰਗ ਨੂੰ ਕੇਂਦਰ ਵਿਚ ਲਿਆ ਕੇ ਅਦਾਰਾ ਚਲਾਇਆ ਜਾ ਸਕਦਾ ਹੈ ਬਿਨਾਂ ਕਿਸੇ ਸਿਆਸੀ ਪਾਰਟੀ ਵੱਲ ਦੇਖਿਆਂ।"

"ਪਰ ਮੈਨੇਜਮੈਂਟ ਨੇ ਮੈਨੂੰ ਮੋੜਵਾਂ ਸਵਾਲ ਕੀਤਾ ਕਿ ਹਿੰਦੀ ਪੱਤਰਕਾਰੀ ਵਿਚ ਅੱਗੇ ਵਧਣ ਲਈ ਦੋਹਾਂ ਪਾਰਟੀਆਂ ਦੀ ਸਪੋਰਟ ਤੋਂ ਬਿਨਾਂ ਕਲਪਨਾ ਵੀ ਕਿਵੇਂ ਕੀਤੀ ਜਾ ਸਕਦੀ ਹੈ? ਅਖੀਰ ਅਦਾਰੇ ਨੇ ਉਸ ਬੰਦੇ ਨੂੰ ਸੰਪਾਦਕ ਦੇ ਪਦ 'ਤੇ ਰੱਖਿਆ ਜੋ ਬਾਹਰੋਂ ਤਾਂ ਕਾਂਗਰਸੀ ਸੀ ਪਰ ਅੰਦਰੋਂ ਭਾਜਪਾਈ।"

ਦੇਸ਼ ਵਿਚ ਨਿਰਪੱਖ ਤੇ ਜਮਹੂਰੀ ਕੀਮਤਾਂ ਲਈ ਜਾਣੇ ਜਾਂਦੇ ਇੱਕ -ਦੁੱਕਾ ਮੀਡੀਆ ਅਦਾਰਿਆਂ 'ਚੋਂ ਉਹ ਅਦਾਰੇ ਜੋ ਇਕ ਤੋਂ ਵੱਧ ਭਾਸ਼ਾਵਾਂ ਵਿਚ ਆਪਣੀ ਪ੍ਰਕਾਸ਼ਨਾ/ਪ੍ਰਸਾਰਣ ਕਰਦੇ ਹਨ, ਉਹਨਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ ਕਿ ਉਸੇ ਅਦਾਰੇ ਦਾ ਅੰਗਰੇਜ਼ੀ ਵਿਚ ਪੇਸ਼ ਹੁੰਦੇ ਕੰਟੈਂਟ ਦਾ ਪੱਧਰ ਹੋਰ ਭਾਸ਼ਾ ਦੀ ਆਪਣੀ ਭਰਾਤਰੀ ਸੰਸਥਾ ਨਾਲੋਂ ਉੱਚ ਪੱਧਰ ਦਾ ਤੇ ਮਿਆਰੀ ਹੁੰਦਾ ਹੈ। ਇਹ ਅਸਲ ਵਿਚ ਮੀਡੀਆ ਹਾਊਸ ਦਾ ਗੈਰ-ਅੰਗਰੇਜ਼ੀ ਭਾਸ਼ਾਵਾਂ ਬਾਰੇ ਨਜ਼ਰੀਆ ਹੈ। ਇਸਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਇਹਨਾਂ ਅਦਾਰਿਆਂ ਵਿਚ ਮਾਲਕ, ਸੰਪਾਦਕ ਤੇ ਪ੍ਰਬੰਧਕ ਤੋਂ ਲੈ ਕੇ ਹੋਰ ਵੱਡੇ ਅਹੁਦਿਆਂ ਤੱਕ ਉੱਚ ਵਰਗ ਦੇ ਲੋਕ ਬੈਠੇ ਹਨ, ਉਹਨਾਂ ਵਿਚ ਵੀ ਜ਼ਿਆਦਾ ਬ੍ਰਾਹਮਣ ਤੇ ਮਾਰਵਾੜੀ ਬਾਣੀਆਂ ਹਨ। ਹੋਰ ਵਰਗ ਖ਼ਾਸ ਕਰ ਪਛੜੇ ਤੇ ਦਲਿਤਾਂ ਦੀ ਕੋਈ ਪ੍ਰਤੀਨਿਧਤਾ ਨਹੀਂ ਹੈ। ਅੱਜ ਤੱਕ ਇਹਨਾਂ ਵੱਡੇ ਮੀਡੀਆ ਅਦਾਰਿਆਂ ਵਿਚ ਕੋਈ ਦਲਿਤ ਸੰਪਾਦਕ ਨਹੀਂ ਬਣ ਸਕਿਆ।

**ਡਿਜੀਟਲ ਪੱਤਰਕਾਰੀ ਦੀ ਆਮਦ**

ਡਿਜੀਟਲ ਜਰਨਲਿਜ਼ਮ ਦੇ ਜਨਮ, ਪਰਿਭਾਸ਼ਾ ਤੇ ਘੇਰੇ ਨੂੰ ਲੈ ਕੇ ਮੀਡੀਆ ਚਿੰਤਕਾਂ ਦੇ ਅਲੱਗ-ਅਲੱਗ ਵਿਚਾਰ ਹਨ। ਕੁਝ ਡਿਜੀਟਲ ਪੱਤਰਕਾਰੀ ਦੇ ਮਾਧਿਅਮ ਸਿਰਫ ਵੈੱਬਸਾਈਟਾਂ ਤੇ ਯੂ ਟਿਊਬ ਚੈਨਲ ਨੂੰ ਹੀ ਮੰਨਦੇ ਹਨ ਪਰ ਕਈ ਮੀਡੀਆ ਚਿੰਤਕ ਇਸ ਧਾਰਨਾ ਨੂੰ ਬਹੁਤ ਸੀਮਤ ਤੇ ਤੰਗ ਮਾਨਸਿਕਤਾ ਵਾਲੀ ਆਖਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਡਿਜੀਟਲ ਮੀਡੀਆ ਵਿਚ ਬਹੁਤ ਕੁਝ ਨਵਾਂ ਵਾਪਰ ਰਿਹਾ ਹੈ। ਹੁਣ ਮੀਡੀਆ ਅਦਾਰੇ ਸੋਸ਼ਲ ਮੀਡੀਆ ਦੇ ਤਮਾਮ ਮੰਚਾਂ ਰਾਹੀਂ ਵੀ ਪੱਤਰਕਾਰੀ ਕਰਦੇ ਹਨ ਜਿਵੇਂ ਫੇਸਬੁੱਕ, ਟਵਿਟਰ (ਜਿਸਨੂੰ ਅੱਜ ਕੱਲ੍ਹ 'ਐਕਸ' ਆਖਿਆ ਜਾਂਦਾ

ਹੈ), ਇੰਸਟਾ ਆਦਿ। ਇਸ ਬਾਰੇ ਇਕ ਆਮ ਰਾਏ ਇਹ ਬਣਦੀ ਹੈ ਕਿ ਡਿਜੀਟਲ ਮੀਡੀਆ ਪੱਤਰਕਾਰੀ ਦਾ ਇਕ ਮਾਧਿਅਮ ਹੈ ਜਿਵੇਂ ਪ੍ਰਿੰਟ ਤੇ ਇਲੈਕਟਰਾਨਿਕ ਹੈ। ਡਿਜੀਟਲ ਦਾ ਸਾਧਨ ਨੈੱਟ (ਇੰਟਰਨੈੱਟ) ਹੈ ਜਿਸ ਰਾਹੀਂ ਇਸਦੀ ਸਹੂਲਤ ਲੋਕਾਂ ਨੂੰ ਮਿਲਦੀ ਹੈ।

ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ 'ਬਲੌਗ' ਦੀ ਸ਼ੁਰੂਆਤ ਹੋਈ। ਦੁਨੀਆ ਦੇ ਕਈ ਪੱਤਰਕਾਰਾਂ ਨੇ ਆਪਣੇ ਬਲੌਗ ਲਿਖਣੇ ਸ਼ੁਰੂ ਕੀਤੇ ਜਿਵੇ ਕੋਈ ਨਿਜੀ ਡਾਇਰੀ ਲਿਖਦਾ ਹੈ। ਫੇਰ ਹੋਰ ਲੋਕਾਂ ਨੇ ਵੀ ਇੰਟਰਨੈਟ ਉਤੇ ਮਿਲਦੀ ਇਸ ਮੁਫ਼ਤ ਸਪੇਸ ਦਾ ਫ਼ਾਇਦਾ ਲੈਂਦਿਆਂ ਆਪਣੇ ਬਲੌਗ ਵਿਚ ਆਪਣੇ ਅਨੁਭਵ ਤੇ ਸਮਾਜਿਕ, ਰਾਜਨੀਤਿਕ ਮੁੱਦਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨੇ ਸ਼ੁਰੂ ਕੀਤ੍ਰ ਕਈ ਵੱਡੇ ਮੀਡੀਆ ਅਦਾਰਿਆਂ ਨੇ ਮਸ਼ਹੂਰ ਹਸਤੀਆਂ ਦੇ ਬਲੌਗ ਆਪਣੇ ਮੰਚਾਂ ਤੋਂ ਸ਼ੁਰੂ ਕੀਤੇ। ਬੀ. ਬੀ. ਸੀ. ਨੇ 2009 ਵਿਚ  ਮਲਾਲਾ ਯੂਸਫ਼ਜ਼ਈ ਜਿਹੀ ਕੁੜੀਆਂ ਦੀ ਸਿਖਿਆ ਲਈ ਬੀੜਾ ਚੁੱਕਣ ਵਾਲੀ ਸਾਧਾਰਨ ਜਿਹੀ ਦਿਖਣ ਵਾਲੀ ਹਿੰਮਤੀ ਕੁੜੀ ਦੀ ਡਾਇਰੀ ਪਬਲਿਸ਼ ਕਰਨੀ ਸ਼ੁਰੂ ਕੀਤੀ। ਜਿਸਨੇ ਮਲਾਲਾ ਨੂੰ ਦੁਨੀਆ ਦੀਆਂ ਨਜ਼ਰਾਂ ਵਿਚ ਲਿਆਂਦਾ।

ਇਕੀਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਕਈ ਵੈਬਸਾਈਟਾਂ ਸਾਹਮਣੇ ਆਈਆਂ ਭਾਰਤ ਵਿਚ ਤਹਿਲਕਾ ਡਾਟ ਕਾਮ ਨੇ ਵੀ ਉਸੇ ਸਮੇਂ ਤਹਿਲਕਾ ਮਚਾਇਆ। 2004 ਵਿਚ 'ਦ ਫੇਸਬੁੱਕ' ਨਾਮ ਥੱਲੇ ਇੱਕ ਸੋਸ਼ਲ ਮੀਡੀਆ ਸਾਈਟ ਲਾਂਚ ਹੁੰਦੀ ਹੈ,2005 ਵਿਚ ਇਸਦਾ ਨਾਮ ਬਦਲ ਕੇ 'ਫੇਸਬੁੱਕ' ਕਰ ਦਿੱਤਾ ਗਿਆ। ਜਦੋਂ ਇਹ ਹੋਂਦ ਵਿਚ ਆਈ ਉਦੋਂ ਲੋਕਾਂ ਨੂੰ ਮੁਫ਼ਤ ਵਿਚ ਸਪੇਸ ਦੇਣ ਦੇ ਨਾਮ ਉਤੇ ਸੋਸ਼ਲ ਮੀਡੀਆ ਮੰਚ ਵਜੋਂ ਆਈ। ਲੋਕ ਇਸ ਨਾਲ ਵੱਡੀ ਗਿਣਤੀ ਵਿਚ ਜੁੜ ਗਏ। ਜਿਥੇ ਇਸਦਾ ਘੇਰਾ ਵਿਸ਼ਾਲ ਹੋਇਆ ਹੈ, ਉਥੇ ਇਸਨੇ ਆਪਣੇ ਉਪਭੋਗਤਾ ਤੋਂ ਵੀ ਬਿਜ਼ਨੈਸ ਕੀਤਾ। ਹੁਣ ਲੋਕਾਂ ਨੂੰ ਵੀ ਕੁਝ ਬਿਜ਼ਨੈੱਸ  ਦੇਣ ਲੱਗੀ ਹੈ। ਅੱਜ ਕੱਲ੍ਹ ਇਹ ਖ਼ਬਰਾਂ ਦਾ ਮਾਧਿਅਮ ਵੀ ਬਣ ਚੁਕੀ ਹੈ।

2005 ਵਿਚ  ਵੀਡੀਓ ਸ਼ੇਅਰਿੰਗ ਪਲੇਟਫਾਰਮ ਵਜੋਂ 'ਯੂ ਟਿਊਬ' ਦਾ ਜਨਮ ਹੁੰਦਾ ਹੈ। ਹੁਣ ਇਹ ਡਿਜੀਟਲ ਪੱਤਰਕਾਰੀ ਦਾ ਇਕ ਬਹੁਤ ਅਹਿਮ ਸਾਧਨ ਬਣ ਚੁਕਾ ਹੈ।

ਮਿਸਰ ਤੇ ਹੋਰ ਦੇਸ਼ਾਂ ਵਿਚ ਆਈ ਰਾਜਨੀਤਕ ਤਬਦੀਲੀ 'ਚ ਸੋਸ਼ਲ ਮੀਡੀਆ ਦਾ ਵੀ ਯੋਗਦਾਨ ਦੱਸਿਆ ਗਿਆ। ਆਮ ਆਦਮੀ ਪਾਰਟੀ ਦੇ ਉਭਾਰ ਵਿਚ ਹੋਰਨਾਂ ਕਾਰਨਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ਵੀ ਇਕ ਕਾਰਨ ਸੀ। ਮਨਪ੍ਰੀਤ ਬਾਦਲ ਵੱਲੋਂ ਬਣਾਈ ਪੀਪਲਜ਼ ਪਾਰਟੀ ਆਫ ਪੰਜਾਬ ਨੂੰ ਸ਼ੁਰੂਆਤ ਵਿਚ ਮਿਲੇ ਸਮਰਥਨ ਦਾ ਇੱਕ ਕਾਰਨ ਸੋਸ਼ਲ ਮੀਡੀਆ ਨੂੰ ਕਿਹਾ ਜਾਂਦਾ ਹੈ। ਲੋਕ ਇਸਨੂੰ ਮਾਧਿਆਮ ਨੂੰ ਕ੍ਰਾਂਤੀਕਾਰੀ ਮਾਧਿਅਮ ਵਜੋਂ ਦੇਖਣ ਲੱਗੇ ਸਨ।

2009 ਤੋਂ 2011 ਤਕ ਪਹੁੰਚਦਿਆਂ ਪੱਛਮੀ ਦੁਨੀਆ ਵਿਚ ਸੋਸ਼ਲ ਮੀਡੀਆ

ਦਾ ਵੱਡੇ ਪੱਧਰ 'ਤੇ ਪਸਾਰਾ ਹੋਇਆ। 30 ਤੋਂ 40 ਫ਼ੀਸਦ ਤੱਕ ਪ੍ਰਿੰਟ ਨੂੰ ਖੋਰਾ ਲੱਗਾ। ਭਾਰਤ ਵਿਚ ਸਾਲ 2010 ਤੋਂ ਬਾਅਦ ਵੱਡੇ ਮੀਡੀਆ ਘਰਾਣਿਆਂ ਨੇ ਡਿਜੀਟਲ ਮੀਡੀਆ ਵਾਲ ਰੁਖ਼ ਕੀਤਾ। ਰਾਜਸਥਾਨ 'ਪਤ੍ਰਿਕਾ' ਨੇ 'ਕੈਚ ਨਿਊਜ਼' 2015 ਵਿਚ ਸ਼ੁਰੂ ਕੀਤਾ। ਸਾਲ 2010 ਤੋਂ 18 ਦੇ ਸਮੇਂ ਦੌਰਾਨ ਹੀ ਭਾਰਤ ਵਿਚ ਸੁਤੰਤਰ ਪੱਤਰਕਾਰੀ ਦੀ ਮਿਸਾਲ ਬਣਨ ਵਾਲੇ ਮੀਡੀਆ ਅਦਾਰੇ 'ਨਿਊਜ਼ ਲਾਂਡਰੀ', 'ਸਕ੍ਰੋਲ' ਨਿਊਜ਼ ਕਲਿਕ (ਇਹ ਅਦਾਰਾ ਸ਼ੁਰੂ ਭਾਵੇਂ 2009 ਵਿਚ ਹੋਇਆ ਸੀ ਪਰ ਇਸਦਾ ਉਭਾਰ 2016 ਵਿਚ ਹੋਇਆ) ਤੇ 'ਦ ਵਾਇਰ' ਵਰਗੇ ਅਦਾਰੇ ਹੋਂਦ ਵਿਚ ਆਏ। 2020 ਵਿਚ ਕਰੋਨਾ ਤੇ ਲਾਕ ਡਾਊਨ ਦੇ ਦਿਨਾਂ ਵਿਚ ਭਾਰਤ ਵਿਚ ਪ੍ਰਿੰਟ ਮੀਡੀਏ ਨੂੰ ਵੱਡਾ ਧੱਕਾ ਵੱਜਾ ਤੇ ਇਸਦੀ ਥਾਂ ਸੋਸ਼ਲ ਮੀਡੀਆ ਨੇ ਆਪਣੇ ਪੈਰ ਪਸਾਰੇ। 2020 ਤੱਕ ਆਉਂਦੇ ਆਉਂਦੇ ਟੀ ਵੀ ਦੀ ਪਕੜ ਕਮਜ਼ੋਰ ਹੋਣ ਲੱਗੀ ਖਾਸ ਕਰ ਜਦੋਂ ਨੈੱਟ ਸਸਤਾ ਹੋਇਆ। ਪਿਛਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਵਲੋਂ ਮੀਡੀਆ ਲਈ ਰਿਲੀਜ਼ ਕੀਤੇ 6500 ਕਰੋੜ ਵਿਚੋਂ ਅਖਬਾਰਾਂ ਦੇ ਹਿੱਸੇ ਸਿਰਫ 800 ਕਰੋੜ ਆਇਆ।

ਸ਼ਾਹੀਨ ਬਾਗ ਤੇ ਕਿਸਾਨ ਅੰਦੋਲਨ ਵਿਚ ਵੀ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ ਰਹੀ। ਕਿਸਾਨ ਅੰਦੋਲਨ ਦੌਰਾਨ ਹੀ ਪੰਜਾਬ ਵਿਚ ਵੱਡੇ ਪੱਧਰ ਉਤੇ ਯੂ ਟਿਊਬ ਚੈਨਲਾਂ ਨੇ ਆਪਣੇ ਪੈਰ ਪਸਾਰੇ।

ਨਰਿੰਦਰ ਮੋਦੀ ਦੀ ਅਗਵਾਈ ਵਿਚ ਫ਼ਿਰਕਾਪ੍ਰਸਤੀ ਦਾ ਸਹਾਰਾ ਲੈ ਕੇ ਸੱਤਾ ਵਿਚ ਆਈ ਭਾਰਤੀ ਜਨਤਾ ਪਾਰਟੀ ਨੇ ਵੀ ਡਿਜੀਟਲ ਮੀਡੀਆ ਨੂੰ ਆਪਣੇ ਹਿੱਤ ਲਈ ਰੱਜ ਕੇ ਵਰਤਿਆ। ਨੀਲ ਮਾਧਵ ਤੇ ਅਲੀ ਸ਼ੇਰ ਜਾਫਰੀ ਦੀ ਦਸੰਬਰ 2022 ਦੇ 'ਕਾਰਵਾਂ' ਵਿਚ ਛਪੀ ਰਿਪੋਰਟ ਦੱਸਦੀ ਹੈ ਕਿ ਭਾਜਪਾ ਸਰਕਾਰ ਦੇ ਰਾਜ ਵਿਚ ਸੱਜੇ ਪੱਖੀ ਹਿੰਦੂਤਵੀ ਸੋਚ ਵਾਲੇ ਯੂ ਟਿਊਬ ਚੈਨਲਾਂ ਦਾ ਉਭਾਰ ਹੋਇਆ ਹੈ। ਉਤਰ ਪ੍ਰਦੇਸ਼ ਸਰਕਾਰ ਅਜਿਹੇ ਯੂ ਟਿਊਬਰਾਂ ਨੂੰ ਵਿਸ਼ੇਸ਼ ਸਰਪ੍ਰਸਤੀ ਵੀ ਦਿੰਦੀ ਹੈ। ਉਹਨਾਂ ਨੂੰ ਦੂਜੇ ਮੀਡੀਆ ਸੰਸਥਾਨਾਂ ਨਾਲੋਂ ਵਧੇਰੇ ਤਰਜੀਹ ਦਿਤੀ ਜਾਂਦੀ ਹੈ।

ਭਾਜਪਾ ਪੱਖੀ ਹਿੰਦੂਤਵੀ ਯੂਟਿਊਬ ਚੈਨਲ ਨੂੰ ਪ੍ਰਧਾਨ ਮੰਤਰੀ ਖੁਦ ਸੰਬੋਧਨ ਵੀ ਕਰਦਾ ਹੈ। ਭਾਜਪਾ ਦਾ ਆਈ ਟੀ ਸੈੱਲ ਸਰਕਾਰ ਨਾਲ ਅਸਿਹਮਤੀ ਰੱਖਣ ਵਾਲੀ ਲੋਕਾਂ ਨੂੰ ਲਗਾਤਾਰ ਸੋਸ਼ਲ ਮੀਡੀਆਂ ਉਤੇ ਟਰੋਲ ਕਰਦਾ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਉਹਨਾਂ ਨੂੰ ਹੱਲਾਸ਼ੇਰੀ ਦੇ ਕੇ ਆਪਣੇ 'ਬਹਾਦਰ ਸੂਰਮੇ' ਆਖ ਚੁਕੇ ਹਨ।

ਸੱਤਾ ਨੂੰ ਸਵਾਲ ਕਰਨ ਵਾਲੇ ਗਿਣਤੀ ਦੇ ਡਿਜੀਟਲ ਮੀਡੀਆ ਅਦਾਰਿਆਂ ਤੇ ਪੱਤਰਕਾਰਾਂ ਨੂੰ ਨੱਥ ਪਾਉਣ ਲਈ ਸਰਕਾਰ ਨਵੇਂ ਨਵੇਂ ਰਸਤੇ ਲੱਭ ਰਹੀ ਹੈ। ਨਿਊਜ਼ ਕਲਿਕ ਵਰਗੇ ਚੰਗੇ ਭਲੇ ਅਦਾਰੇ ਦਾ ਸਾਹ ਘੁਟਿਆ ਜਾਣਾ ਇਸਦੀ ਉਮਦਾ ਮਿਸਾਲ ਹੈ ਭਾਰਤ ਇਹਨਾਂ 11 ਸਾਲਾਂ ਵਿਚ ਦੁਨੀਆ ਦਾ ਉਹ ਮੁਲਕ ਬਣ ਚੁੱਕਾ ਹੈ ਜਿਥੇ ਸਭ ਤੋਂ ਵੱਧ ਵਾਰ ਇੰਟਰਨੈਟ ਬੰਦ ਕੀਤਾ ਗਿਆ ਹੈ।

ਜੋ ਲੋਕ ਡਿਜੀਟਲ ਮੀਡੀਆ ਨੂੰ ਕ੍ਰਾਂਤੀ ਦੇ ਰੂਪ ਵਿਚ ਤੇ ਸਰਕਾਰਾਂ ਦੇ ਕੰਟਰੋਲ

ਤੋਂ ਬਾਹਰ ਮੰਨਦੇ ਸਨ ਉਹਨਾਂ ਦੇ ਭਰਮ ਵੀ ਦੂਰ ਹੋਏ ਹਨ ਕਿ ਰਾਜ ਇਸਨੂੰ ਵੀ ਹੋਰਨਾਂ ਮੀਡੀਆ ਸੰਸਥਾਨ ਵਾਂਗ ਕੰਟਰੋਲ ਨਹੀਂ ਕਰ ਸਕਦਾ ਹੈ।

ਹੁਣ ਸਰਕਾਰ ਸੋਸ਼ਲ ਮੀਡੀਆ ਮੰਚਾਂ 'ਤੇ ਆਪਣਾ ਦਬਾਅ ਵਧਾਉਣ ਲੱਗੀ ਹੈ। ਟਵਿਟਰ ਜੋ ਕਿਸਾਨ ਅੰਦੋਲਨ ਵੇਲੇ 'ਲੋਕਾਂ ਦੀ ਆਵਾਜ਼' ਬੁਲੰਦ ਕਰਨ ਦੇ ਪ੍ਰਤੀਨਿਧ ਵਜੋਂ ਆਪਣੇ ਆਪ ਨੂੰ ਪੇਸ਼ ਕਰ ਰਿਹਾ ਸੀ, ਉਹ ਹੁਣ ਭਾਰਤ ਸਰਕਾਰ ਦੇ ਕਈ ਨਿਰਦੇਸ਼ਾਂ ਅੱਗੇ ਗੋਡੇ ਟੇਕਦਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਫੇਸਬੁੱਕ ਉਤੇ ਵੀ ਕਈ ਤਰ੍ਹਾਂ ਦੇ ਇਲਜ਼ਾਮ ਪਿਛਲੇ ਸਮੇਂ ਵਿਚ ਲੱਗੇ ਹਨ। ਇਹਨਾਂ ਮੰਚਾਂ ਨੇ ਸਰਕਾਰ ਵਿਰੋਧੀ ਪੋਸਟਾਂ ਤਾਂ ਕਈ ਵਾਰ 'ਇਤਰਾਜ਼ਯੋਗ' ਜਾਂ 'ਨਫਰਤੀ' ਆਖ ਕੇ ਹਟਾਈਆਂ ਹਨ ਪਰ ਸਰਕਾਰ ਜਾਂ ਭਾਜਪਾ ਦੇ ਸਮਰਥਕਾਂ ਦੀਆਂ ਕਈ ਪੋਸਟਾਂ ਉਤੇ ਕੋਈ ਇਤਰਾਜ਼ ਨਹੀਂ ਕੀਤਾ। ਕਈ ਸਰਕਾਰ ਨੂੰ ਸਵਾਲ ਕਰਨ ਵਾਲੇ ਤੇ ਭਾਜਪਾ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਦੇ ਅਕਾਉਂਟ ਟਵਿਟਰ (ਐਕਸ) ਨੇ ਬੰਦ ਕੀਤੇ ਹਨ।

ਸਰਕਾਰ ਦੁਆਰਾ ਸੋਸ਼ਲ ਮੀਡੀਆ ਮਾਲਕਾਂ/ਕੰਪਨੀਆਂ ਉਤੇ ਦਬਾਅ ਬਣਾਉਣਾ ਵਿਚਾਰਾਂ ਦੀ ਆਜ਼ਾਦੀ ਦਾ ਗਲਾ ਘੁਟਣ ਦਾ ਇਕ ਹਥਿਆਰ ਬਣ ਗਿਆ ਹੈ।

ਕਈ ਮੀਡੀਆ ਵਿਸ਼ਲੇਸ਼ਕ ਇਸ ਵਰਤਾਰੇ ਨੂੰ ਉਸੇ ਤਰ੍ਹਾਂ ਦੇਖਦੇ ਹਨ; ਜਦੋਂ ਨਿਜੀ ਟੀਵੀ ਚੈਨਲ ਸ਼ੁਰੂ ਹੋਏ ਉਦੋਂ ਪ੍ਰਚਾਰਿਆ ਗਿਆ ਕਿ ਹੁਣ ਸਰਕਾਰੀ ਮੀਡੀਆ ਤੋਂ ਬਿਨਾ ਆਜ਼ਾਦ ਮੀਡੀਆ ਆ ਗਿਆ ਹੈ। ਫਟਾ-ਫਟ ਖਬਰ ਲੋਕਾਂ ਤੱਕ ਪਹੁੰਚੇਗੀ। ਸ਼ੁਰੂ ਵਿਚ ਸੁਰਿੰਦਰ ਪ੍ਰਤਾਪ ਸਿੰਘ ਵਰਗੇ ਸੁਲਝੇ ਪੱਤਰਕਾਰਾਂ ਨੂੰ ਟੀ ਵੀ ਸੰਪਾਦਕ ਨਿਯੁਕਤ ਕਰਕੇ ਇਹ ਭਰਮ ਬਣਾਇਆ ਗਿਆ ਪਰ ਬਾਅਦ ਵਿਚ ਓਹੀ ਟੀਵੀ ਭੂਤ ਪ੍ਰੇਤਾਂ ਵਾਲੇ ਪ੍ਰੋਗਰਾਮ ਦਿਖਾਉਂਦੇ ਹੋਏ ਸਰਕਾਰ ਭਗਤੀ ਤੋਂ ਲੈ ਕੇ ਮੁਸਲਿਮ ਘੱਟ ਗਿਣਤੀਆਂ ਵਿਰੁੱਧ ਜ਼ਹਿਰ ਉਗਲ ਕੇ ਸਰਕਾਰ ਦਾ ਫ਼ਿਰਕੂ ਏਜੰਡਾ ਲੋਕਾਂ ਤੱਕ ਲਿਜਾਣ ਲੱਗੇ।

**ਪੰਜਾਬੀ ਵਿਚ ਡਿਜੀਟਲ ਪੱਤਰਕਾਰੀ**

ਪੰਜਾਬੀ ਪੱਤਰਕਾਰੀ ਦੀਆਂ ਕੁਝ ਆਪਣੀਆਂ ਜੜ੍ਹ ਮੂਲ ਸਮੱਸਿਆਵਾਂ, ਸੰਕਟ ਹਨ ਜੋ ਤੁਹਾਨੂੰ ਪੰਜਾਬੀ ਪੱਤਰਕਾਰੀ ਦੇ ਹਰ ਮਾਧਿਅਮ ਪ੍ਰਿੰਟ, ਇਲੈਕਟਰਾਨਿਕ ਤੇ ਡਿਜੀਟਲ ਵਿਚ ਦਿਖਾਈ ਦੇਣਗੇ। ਪੰਜਾਬੀਆਂ ਨੂੰ ਜੀਵਨ ਜਾਚ ਸਿਖਾਉਣ ਵਾਲੇ ਵੱਡੇ ਅਦੀਬ ਗੁਰਬਖਸ਼ ਸਿੰਘ ਹੁਰਾਂ ਕਦੇ ਇਹ ਸੁਪਨਾ ਲਿਆ ਸੀ ਕਿ ਪੰਜਾਬੀ ਅਖ਼ਬਾਰ ਲੱਖਾਂ ਦੀ ਗਿਣਤੀ ਵਿਚ ਛਪਣ। ਓਹਨਾ ਦਾ ਇਹ ਸੁਪਨਾ ਜ਼ਰੂਰ ਪੂਰਾ ਹੋਇਆ ਪਰ ਪੰਜਾਬੀ ਪੱਤਰਕਾਰੀ ਆਪਣੇ ਮਿਆਰ ਨੂੰ ਸਮੇਂ ਮੁਤਾਬਕ ਉੱਚਾ ਨਾ ਚੁੱਕ ਸਕੀ। ਸਭ ਤੋਂ ਵੱਡਾ ਮਸਲਾ ਕਿ ਪੰਜਾਬੀ ਪੱਤਰਕਾਰੀ ਵਿਚ ਪੇਸ਼ੇਵਾਰਾਨਾ ਪਹੁੰਚ ਦੀ ਵੱਡੀ ਘਾਟ ਹੈ। ਇਹ ਆਪਣੇ ਜਨਮ ਤੋਂ ਹੀ ਉਦੇਸ਼ ਜਾਂ ਪ੍ਰਚਾਰ ਦਾ ਨਜ਼ਰੀਆ ਲੈ ਕੇ ਪੈਦਾ ਹੋਈ ਸੀ। ਉਸ ਸਮੇਂ ਕਿਸੇ ਨੇ ਆਪਣੇ ਧਰਮ ਨੂੰ ਈਸਾਈ ਮਿਸ਼ਨਰੀਆਂ ਕੋਲੋਂ ਬਚਾਉਣਾ ਸੀ ਕਿਸੇ ਨੇ ਆਪਣੇ ਧਰਮ ਦਾ ਪ੍ਰਚਾਰ ਕਰਨਾ ਸੀ। ਪੰਜਾਬ ਵਿਚ ਆਜ਼ਾਦੀ ਤੋਂ ਬਾਅਦ ਲੰਬਾ ਸਮਾਂ ਤਾਂ ਪੱਤਰਕਾਰੀ ਦੀ ਪੜ੍ਹਾਈ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਹੁਣ ਜੋ ਪੱਤਰਕਾਰੀ

ਦੀ ਪੜ੍ਹਾਈ ਯੂਨੀਵਰਸਿਟੀਆਂ ਕਾਲਜਾਂ ਵਿਚ ਪੜ੍ਹਾਈ ਜਾਂਦੀ ਹੈ ਤਾਂ ਉਸਦਾ ਪੱਧਰ ਸਮੇਂ ਦੇ ਹਾਣ ਦਾ ਨਹੀਂ। ਪੰਜਾਬੀ ਵਿਚ ਸਿਲੇਬਸ ਬਹੁਤ ਘੱਟ ਉਪਲਬਧ ਹੈ। ਕਈ ਯੂਨੀਵਰਸਿਟੀ ਕਾਲਜਾਂ ਵਿਚ ਪੱਤਰਕਾਰੀ ਪੜ੍ਹਾਉਣ ਵਾਲੇ ਪ੍ਰਾਅਧਿਆਪਕਾਂ ਨੂੰ ਪੰਜਾਬੀ ਨਹੀਂ ਆਉਂਦੀ।

ਪੰਜਾਬੀ ਪੱਤਰਕਾਰੀ ਹਮੇਸ਼ਾ ਤਿੰਨ ਵਿਚਾਰਾਂ ਨਾਲ ਉਲਝਦੀ ਰਹੀ ਹੈ ਕਿ ਪੱਤਰਕਾਰੀ ਸ਼ੌਂਕ ਹੈ, ਮਿਸ਼ਨ ਹੈ ਜਾਂ ਕਿੱਤਾ ਹੈ। ਪੰਜਾਬੀ ਵਿਚ ਵਿਚਾਰਧਾਰਾ ਜਾਂ ਪਾਰਟੀ ਨੂੰ ਮੁੱਖ ਰੱਖ ਕੇ ਵੀ ਕਈ ਅਖ਼ਬਾਰ ਚਲਦੇ ਰਹੇ ਹਨ। ਉਹਨਾਂ ਵਿਚੋਂ ਕਈ ਅਦਾਰਿਆਂ ਨੇ ਪੰਜਾਬੀ ਪੱਤਰਕਾਰੀ ਵਿਚ ਸਲਾਹੁਣਯੋਗ ਕੰਮ ਵੀ ਕੀਤਾ ਹੈ ਪਰ ਉਹਨਾਂ ਦੀ ਆਪਣੀ ਇੱਕ ਸੀਮਾ ਰਹੀ ਹੈ। ਅੱਸੀਵਿਆਂ ਤੋਂ ਬਾਅਦ ਪੰਜਾਬੀ ਪੱਤਰਕਾਰੀ ਕੋਲ ਇਕ ਮੌਕਾ ਸੀ ਜਦੋਂ ਉਹ ਆਪਣੇ ਆਪ ਨੂੰ ਪੇਸ਼ੇਵਾਰਾਨਾ ਲੀਹਾਂ ’ਤੇ ਪਾ ਸਕਦੀ ਸੀ ਪਰ ਇੰਝ ਨਾ ਹੋ ਸਕਿਆ।

ਪੰਜਾਬੀ ਲਿਖਣ ਲਈ ਪੰਜਾਬੀ ਪ੍ਰੈਸ ਆਪਣੀ ਇਕ ਖਾਸ ਵਿਆਕਰਨ ਹਾਲੇ ਤੱਕ ਨਹੀਂ ਬਣਾ ਸਕੀ। ਹਰੇਕ ਅਖ਼ਬਾਰ ਆਪਣੀ ਮਰਜ਼ੀ ਮੁਤਾਬਕ ਲਿਖਦਾ ਰਿਹਾ ਇਸਦਾ ਵੱਡਾ ਨੁਕਸਾਨ ਇਹ ਹੋਇਆ ਕਿ ਟੀ ਵੀ ਮੀਡੀਆ ਤੇ ਬਾਅਦ ਵਿਚ ਡਿਜੀਟਲ ਮੀਡੀਆ ਨੇ ਪੰਜਾਬੀ ਲਿਖਣ ਤੇ ਬੋਲਣ ਦੇ ਮਾਮਲੇ ਵਿਚ ਪੰਜਾਬੀ ਦਾ ਸਤਿਆਨਾਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਪੰਜਾਬੀ ਪੱਤਰਕਾਰੀ ਦਾ ਵੱਡਾ ਹਿੱਸਾ ਹਮੇਸ਼ਾ ਸੱਤਾ ਨਾਲ ਮਿਲ ਕੇ ਚੱਲਣ ਵਿਚ ਵਿਸ਼ਵਾਸ ਰੱਖਦਾ ਹੈ ਜਿਸਦੇ ਬਦਲੇ ਸਰਕਾਰੀ ਸਹੂਲਤਾਂ ਮਾਣਦਾ ਰਿਹਾ ਹੈ (ਹੁਣ ਵੀ ਮਾਣ ਰਿਹਾ ਹੈ)। ਪੰਜਾਬੀ ਵਿਚ ਸੱਤਾ ਵਿਰੋਧੀ ਪੱਤਰਕਾਰੀ ਦਾ ਰੁਝਾਨ ਬਹੁਤ ਘੱਟ ਰਿਹਾ ਹੈ। ਜੇ ਤੁਹਾਡੀ ਇਕ ਪਾਰਟੀ ਨਾਲ ਨਹੀਂ ਬਣਦੀ ਤਾਂ ਦੂਜੀ ਨਾਲ ਬਣਾ ਲਵੋ, ਜੇ ਸੂਬਾ ਸਰਕਾਰ ਨਾਲ ਨਹੀਂ ਬਣਦੀ ਤਾਂ ਕੇਂਦਰ ਸਰਕਾਰ ਕੋਲੋਂ ਆਸ਼ੀਰਵਾਦ ਲੈ ਲਵੋ। ਇਸਨੂੰ ਸਹੀ ਠਹਿਰਾਉਣ ਲਈ ਬੜੀ ਭੱਦੀ ਦਲੀਲ ਦਿੱਤੀ ਜਾਂਦੀ ਹੈ “ਸਰਕਾਰਾਂ ਨਾਲ ਮਿਲ ਕੇ ਹੀ ਪੱਤਰਕਾਰੀ ਚੱਲਦੀ ਹੈ।” ਦੂਜੀ ਦਲੀਲ ਇਹ ਦਿਤੀ ਜਾਂਦੀ ਹੈ ਕਿ ਪੰਜਾਬੀ ਅਖਬਾਰਾਂ ਪੈਸੇ ਨਹੀਂ ਦਿੰਦੀਆਂ, ਇਸ ਲਈ ਲੀਡਰਾਂ ਵੱਲ ਦੇਖਣਾ ਪੈਂਦਾ ਹੈ ਪਰ ਟੀ ਵੀ ਮੀਡੀਆ ਅਤੇ ਡਿਜੀਟਲ ਮੀਡੀਆ ਤਾਂ ਠੀਕ ਪੈਸੇ ਦਿੰਦਾ ਹੈ ਉਹ ਵੀ ਲੀਡਰਾਂ ਵੱਲ ਕਿਉਂ ਦੇਖਦੇ ਹਨ? ਅਸਲ ਵਿਚ ਇਹ ਮੂੰਹ ਨੂੰ ਲੱਗਾ ਲਹੂ ਹੈ ਜਿਸਦੀ ਆਦਤ ਨਹੀਂ ਹਟ ਸਕਦੀ।

ਪੰਜਾਬੀ ਮੀਡੀਆ ਦੇ ਤਿੰਨੇ ਹਿਸੇ ਹੀ ਇਸ ਗੱਲ ਦੇ ਸ਼ਿਕਾਰ ਹੋ ਜਾਂਦੇ ਹਨ ਤੇ ਛੇਤੀ ਇਹਨਾਂ ਦਾ ਵੱਡਾ ਹਿੱਸਾ ਫਿਰਕੂ ਵਿਚਾਰਾਂ ਦੇ ਪ੍ਰਚਾਰ ਦਾ ਸਾਧਨ ਬਣ ਜਾਂਦਾ ਹੈ ਅੱਜ ਕੱਲ੍ਹ ਇਹ ਕੰਮ ਡਿਜੀਟਲ ਮੀਡੀਆ ਵੱਧ ਕਰ ਰਿਹਾ ਹੈ। ਚਾਹੇ ਈਸਾਈ ਪ੍ਰਚਾਰਕਾਂ ਵਿਰੁੱਧ ਧਰਮ ਪਰਿਵਰਤਨ ਦਾ ਰੌਲਾ ਪਾ ਕੇ ਜਾਂ ‘ਭਈਏ ਭਜਾਓ’ ਦੀ ਮੁਹਿੰਮ ਦਾ ਪ੍ਰਚਾਰਕ ਬਣ ਕੇ। ਇਥੇ ਇਹ ਗੱਲ ਵੀ ਦੇਖਣ ਵਾਲੀ ਹੁੰਦੀ ਹੈ ਕਿ ਓਹੀ ਇੱਕ ਚੈਨਲ

ਖਾਲਿਸਤਾਨੀ ਵਿਚਾਰਧਾਰਾ ਵਾਲੇ ਲੋਕਾਂ ਦੀ ਇੰਟਰਵਿਊ ਕਰੇਗਾ। ਜਦੋਂ ਕੇਂਦਰ ਸਰਕਾਰ ਸਖਤੀ ਵਰਤੇਗੀ ਤਾਂ ਓਹੀ ਚੈਨਲ ਕੀਤੀਆਂ ਹੋਈਆਂ ਉਹਨਾਂ ਇੰਟਰਵਿਊਜ਼ ਨੂੰ ਡਲੀਟ ਕਰਦਾ ਫਿਰੂ। ਪਿਛਲੇ ਸਮੇਂ ਜਦੋਂ ਭਾਰਤ ਪਾਕਿ ਤਣਾਅ ਵਧਿਆ ਤਾਂ ਇਹੀ 'ਵਿਦ੍ਰੋਹੀ ਕਹਾਉਣ' ਵਾਲੇ ਚੈਨਲਾਂ ਉਤੇ 'ਦੇਸ਼ ਭਗਤੀ' ਦਾ ਰੰਗ ਚੜਿਆ ਹੋਇਆ ਸੀ। ਇਸ ਮਾਮਲੇ ਵਿਚ ਉਹ 'ਨੈਸ਼ਨਲ ਗੋਦੀ' ਮੀਡੀਆ ਦਾ ਮੁਕਾਬਲਾ ਕਰਦੇ ਨਜ਼ਰ ਆਏ। ਅੰਧ ਵਿਸ਼ਵਾਸ ਭੂਤਾਂ ਪ੍ਰੇਤਾਂ ਦੇ ਕਿੱਸੇ ਜੋ ਕਦੇ ਕੁਝ ਪੰਜਾਬੀ ਅਖ਼ਬਾਰ ਤੇ ਟੀ ਵੀ ਸੁਣਾਉਂਦੇ ਸਨ ਹੁਣ ਇਹ ਕੰਮ ਪੰਜਾਬੀ ਦੇ ਡਿਜੀਟਲ ਮੀਡੀਆ ਦੇ ਕਈ ਚੈਨਲ ਕਰਨ ਲੱਗੇ ਹਨ।

ਪੰਜਾਬ ਦੇ ਕਈ ਸੰਵੇਦਨਸ਼ੀਲ ਮਸਲਿਆਂ ਬਾਰੇ ਪੰਜਾਬੀ ਮੀਡੀਆ ਆਪਣੀ ਸਾਰਥਕ ਭੂਮਿਕਾ ਨਿਭਾਉਣ ਤੋਂ ਕਤਰਾਉਂਦਾ ਹੈ। ਹਾਸ਼ੀਏ ਉਤੇ ਪਏ ਤਬਕਿਆਂ, ਜੈਂਡਰ ਦੇ ਮਾਮਲੇ ਵਿਚ ਪੰਜਾਬੀ ਮੀਡੀਆ ਦੇ ਵੱਡੇ ਹਿੱਸੇ ਦੀ ਸੋਚ ਪਿਛਾਂਹ ਖਿਚੂ ਹੈ।

ਪੰਜਾਬੀ ਵਿਚ ਖੋਜੀ ਤੇ ਲੰਬੀਆਂ ਸਟੋਰੀਆਂ ਵਾਲੇ ਨਾ ਅਸੀਂ ਪੱਤਰਕਾਰ ਪੈਦਾ ਕਰ ਸਕੇ ਹਾਂ ਨਾ ਹੀ ਪਾਠਕ। ਜੇ ਕਦੇ ਗਰਾਊਂਡ ਸਟੋਰੀ ਦੇ ਨਾਮ ਥੱਲੇ ਕੋਈ ਜ਼ਮੀਨੀ ਰਿਪੋਰਟਿੰਗ ਹੋਈ ਵੀ ਹੈ ਤਾਂ ਉਸਦਾ ਪੱਧਰ ਬਹੁਤ ਹਲਕਾ ਰਹਿੰਦਾ ਹੈ। ਰਿਪੋਰਟ ਵਿਚੋਂ ਗਹਿਰਾਈ ਨਹੀਂ ਦਿਖਦੀ। ਸਾਡੀ ਪੱਤਰਕਾਰੀ ਪੰਜਾਬ ਦੇ ਮੁੱਦਿਆਂ ਉਤੇ ਸਾਨੂੰ ਮਾਹਿਰ ਵਿਸ਼ਲੇਸ਼ਕ ਦੇਣ ਵਿਚ ਨਾਕਾਮ ਰਹੀ ਜਿਸਦੀ ਘਾਟ ਹੁਣ ਯੂ ਟਿਊਬ ਚੈਨਲਾਂ ਵਾਲੇ ਨਿਮਨ ਦਰਜੇ ਦੇ ਵਿਸ਼ਲੇਸ਼ਕਾਂ ਨੂੰ ਬੁਲਾ ਕੇ ਪੂਰੀ ਕਰ ਰਹੇ ਹਨ। ਜੋ ਆਪਣੇ- ਆਪ ਨੂੰ ਮਰਦਾਨਾ ਕਮਜ਼ੋਰੀ ਤੋਂ ਲੈ ਕੇ ਵਿਸ਼ਵ ਸਿਆਸਤ ਤੱਕ ਦੇ ਵਿਦਵਾਨ ਵਜੋਂ ਪੇਸ਼ ਕਰਦੇ ਹਨ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਇੱਕ ਵੀ ਖੇਤੀ ਪੱਤਰਕਾਰ ਪੰਜਾਬੀ ਵਿਚ ਸਾਡੇ ਕੋਲ ਨਹੀਂ ਹੈ। ਦੇਸ਼ ਦੀ ਸਿਆਸਤ, ਪਾਕਿਸਤਾਨ, ਦੱਖਣੀ ਏਸ਼ੀਆ ਖਿੱਤੇ ਦੀ ਸਿਆਸੀ ਸਮਝ ਵਾਲਾ ਪੰਜਾਬੀ ਪੱਤਰਕਾਰ ਹੋਣਾ ਦੂਰ ਦੀ ਗੱਲ ਹੈ।

ਅਸਲ ਵਿਚ ਖਬਰ ਦੇਣੀ ਹੀ ਪੱਤਰਕਾਰੀ ਨਹੀਂ ਹੁੰਦੀ। ਉਸ ਖਬਰ ਦੀ ਗਹਿਰਾਈ ਨੂੰ ਸਮਝਣਾ ਤੇ ਲੋਕਾਂ ਨੂੰ ਸਮਝਾਉਣਾ ਤੇ ਉਸ ਉਤੇ ਆਪਣੀ ਸਟੀਕ ਰਾਏ ਰੱਖਣਾ ਪੱਤਰਕਾਰੀ ਹੁੰਦੀ ਹੈ ਜੋ ਸਾਡੀ ਟਰੇਨਿੰਗ ਦਾ ਹਿੱਸਾ ਹੋਣਾ ਲਾਜ਼ਮੀ ਹੈ।

ਅਕਸਰ ਹੀ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਅੰਗਰੇਜ਼ੀ, ਹਿੰਦੀ ਦੇ ਡਿਜੀਟਲ ਮੀਡੀਆ ਵਿਚ ਮੁਤਬਾਦਲ ਪੱਤਰਕਾਰੀ ਦਿਸਦੀ ਹੈ ਪਰ ਪੰਜਾਬੀ ਵਿਚ ਕਿਉਂ ਨਹੀਂ?ਜਵਾਬ ਬੜਾ ਸਿੱਧਾ ਹੈ ਉਥੇ ਦੇ 'ਮੁੱਖ ਧਾਰਾ' ਮੀਡੀਏ ਵਿਚ ਉਸ ਤਰ੍ਹਾਂ ਦੀ ਪੱਤਰਕਾਰੀ ਦੇ ਅੰਸ਼ ਮੌਜੂਦ ਸਨ। ਉਸੇ ਦੀ ਹੀ ਝਲਕ ਸਾਨੂੰ ਡਿਜੀਟਲ ਮੀਡੀਆ ਵਿਚ ਦਿਸ ਰਹੀ ਹੈ। ਸਾਡੀ ਬੁਨਿਆਦ ਵਿਚ ਹੀ ਗੜਬੜ ਸੀ ਤਾਂ ਡਿਜੀਟਲ ਮੀਡੀਆ ਵਿਚ ਵੀ ਦਿਖੇਗੀ ਹੀ।

ਪੰਜਾਬੀ ਡਿਜੀਟਲ ਮੀਡੀਆ ਦਾ ਵਿਕਾਸ ਵੀ ਥੋੜ੍ਹਾ ਥੋੜ੍ਹਾ 2010 ਤਕ ਹੋਇਆ 2012 -13 ਤੱਕ ਗਿਣਤੀ ਦੀਆਂ ਵੈਬਸਾਈਟਾਂ ਸਨ 2017 ਵਿਚ ਬੀ ਬੀ

ਸੀ ਨੇ ਹੋਰਨਾਂ ਖੇਤਰੀ ਭਾਸ਼ਾਵਾਂ ਦੇ ਨਾਲ ਪੰਜਾਬੀ ਵਿਚ ਵੀ ਆਪਣੀ ਸਰਵਿਸ ਸ਼ੁਰੂ ਕੀਤੀ। ਕਿਸਾਨ ਅੰਦੋਲਨ ਦੇ ਹੱਕ ਵਿਚ ਉਸਦੇ ਹਮਾਇਤੀ ਦੇ ਤੌਰ ਉਤੇ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਸੋਸ਼ਲ ਮੀਡੀਆ ਕਾਰਕੁੰਨ ਦੇ ਤੌਰ 'ਤੇ ਜਾ ਯੂ ਟਿਊਬਰ ਦੇ ਤੌਰ ਉਤੇ ਉਭਰ੍ਹੇ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਦਾ ਮੀਡੀਆ ਦਾ ਕੋਈ ਤਜਰਬਾ ਨਹੀਂ ਸੀ। ਉਹਨਾਂ ਨੇ ਗੋਦੀ ਮੀਡੀਆ ਦੇ ਕਿਸਾਨ ਵਿਰੋਧੀ ਪ੍ਰਵਚਨ ਨੂੰ ਆਪਣੇ ਡਿਜੀਟਲ ਮੰਚਾਂ ਰਾਹੀਂ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ। ਭਾਵੇ ਕਿ ਇਹਨਾਂ ਵਿਚੋਂ ਕੁਝ ਜਾਣੇ ਅਣਜਾਣੇ ਅੰਦੋਲਨ ਨੂੰ ਅੰਦਰੋਂ ਚੁਣੌਤੀ ਦੇਣ ਵਾਲੇ ਤੱਤਾਂ ਨਾਲ ਵੀ ਖੜੇ ਸਨ। ਪਰ ਲੋਕਾਂ ਨੇ ਇਹਨਾਂ ਨਵੇਂ ਬਣੇ ਪੱਤਰਕਾਰਾਂ ਉਤੇ ਇਤਬਾਰ ਕੀਤਾ। ਆਪਣੇ ਹੱਕ ਸੱਚ ਦੇ ਇਸ ਸੰਘਰਸ਼ ਵਿਚ ਆਪਣਾ ਸਾਥੀ ਮੰਨਿਆ।

ਇਸ ਕਿਸਾਨ ਅੰਦੋਲਨ ਵਿਚੋਂ ਇਹਨਾਂ ਨਵੇਂ ਬਣੇ ਪੱਤਰਕਾਰਾਂ ਨੇ ਆਪਣੇ ਦਰਸ਼ਕ ਬਣਾਏ। ਆਪਣੇ ਵਿਊ ਵਧਾਏ ਜਿਵੇਂ ਹੀ ਅੰਦੋਲਨ ਜਿੱਤ ਕੇ ਲੋਕ ਘਰਾਂ ਨੂੰ ਆ ਗਏ। ਬਹੁਤੇ ਚੈਨਲਾਂ ਵਾਲਿਆਂ ਨੇ ਵੀ ਆਪਣਾ ਰੰਗ ਢੰਗ ਬਦਲਿਆ। ਵਿਧਾਨ ਸਭਾ ਚੋਣਾਂ ਨੇੜੇ ਸਨ, ਕੋਈ ਆਮ ਆਦਮੀ ਪਾਰਟੀ ਦਾ ਹੋ ਗਿਆ, ਕੋਈ ਕਾਂਗਰਸ ਦਾ ਕੋਈ ਅਕਾਲੀਆਂ ਦਾ ਤੇ ਕੋਈ ਕਿਸੇ ਹੋਰ ਦਾ ਹੋ ਗਿਆ। ਇਹ ਬਦਲੇ ਤੇਵਰ ਵਾਲੇ ਪੰਜਾਬ ਦਾ 'ਗੋਦੀ ਮੀਡੀਆ' ਬਣਨ ਦੀ ਦੌੜ ਵਿਚ ਪੈ ਗਏ। ਲੋਕ ਉਸੇ ਤਰ੍ਹਾਂ ਠੱਗੇ ਗਏ ਜਿਵੇ ਦੇਸ਼ ਵਿਚ ਨਿਜੀ ਟੀ ਵੀ ਆਉਣ ਉਤੇ ਜਾਂ ਜਦੋਂ ਸੋਸ਼ਲ ਮੀਡੀਆ ਦੀ ਕ੍ਰਾਂਤੀ ਦਾ ਸੱਚ ਸਾਹਮਣੇ ਆਉਣ 'ਤੇ ਠੱਗੇ ਗਏ ਸਨ।

ਦੇਸ਼ ਵਿਚ ਵੀ ਡਿਜੀਟਲ ਮੀਡੀਆ ਦੀ ਭਰੋਸੇਯੋਗਤਾ ਹਾਲੇ ਸਵਾਲਾਂ ਦੇ ਘੇਰੇ ਵਿਚ ਹੈ ਕਿਉਂ ਕਿ ਇਥੇ ਸਵੈ ਜ਼ਾਬਤਾ ਰੱਖਣ ਵਾਲੀਆਂ ਤਾਕਤਵਰ ਸੰਸਥਾਵਾਂ ਨਹੀਂ ਹਨ ਜਿਵੇ ਡਿਜੀਪਬ ਹੈ ਪਰ ਉਸਨੂੰ ਤਕੜਾ ਕਰਨ ਦੀ ਹੋਰ ਲੋੜ ਹੈ।

ਪੰਜਾਬੀ ਦੇ ਡਿਜੀਟਲ ਮੀਡੀਆ ਦੀਆਂ ਕਈ ਦਿੱਕਤਾਂ ਓਹੀ ਹਨ ਜੋ ਹੋਰਨਾਂ ਥਾਵੇਂ ਵੀ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦੀਆਂ ਹਨ। ਇਸ ਨੇ ਗਰਾਊਂਡ ਰਿਪੋਰਟ ਦੀ ਥਾਂ ਹਲਕੇ ਪੱਧਰ ਦੀਆਂ ਬਹਿਸਾਂ,ਜਿਸ ਵਿਚ ਗੰਭੀਰ ਚਰਚਾ ਦੀ ਥਾਂ ਭਾਸ਼ਣਬਾਜ਼ੀ ਹੁੰਦੀ ਹੈ, ਨੂੰ ਥਾਂ ਦਿਤੀ ਹੈ। ਇਸ ਨਾਲ ਜ਼ਮੀਨੀ ਮੁੱਦੇ ਮੀਡੀਏ ਵਿਚੋਂ ਖ਼ਤਮ ਹੋ ਰਹੇ ਹਨ। ਵਿਊ ਪਿੱਛੇ ਭੱਜਣ ਦੇ ਰੁਝਾਨ, ਮੀਮ ਤੇ ਰੀਲਾਂ ਅਸਲ ਵਿਚ ਪੱਤਰਕਾਰੀ ਨੂੰ ਮਾਰਨ ਦਾ ਹੀ ਕੰਮ ਕਰ ਰਹੀਆਂ ਹਨ। ਇਸ ਨਾਲ ਮਸਲੇ ਨੂੰ ਗਹਿਰਾਈ ਨਾਲ ਸਮਝਣ ਦੀ ਸੂਝ ਖਤਮ ਹੁੰਦੀ ਹੋ ਰਹੀ ਹੈ। ਆਪਣੇ ਵਿਊ ਲੈਣ ਖ਼ਾਤਰ ਉੱਚੀ ਉੱਚੀ ਚੀਕਣਾ। ਸਾਹਮਣੇ ਵਾਲੇ ਨੂੰ ਤਿੱਖੇ ਸਵਾਲ ਕਰਨ ਦੇ ਨਾਮ ਉਤੇ ਡਰਾਮੇਬਾਜ਼ੀ ਕਰਨੀ, ਇਹ ਸਭ ਉਹ ਹਰਕਤਾਂ ਹਨ ਜੋ ਪੱਤਰਕਾਰੀ ਦਾ ਤਾਂ ਮਲੀਆਮੇਟ ਕਰ ਹੀ ਰਹੀਆਂ ਹਨ ਸਗੋਂ ਇਕ ਨਫਰਤੀ, ਜਨੂੰਨੀ ਤੇ ਸੂਝ ਰਹਿਤ ਸਮਾਜ ਵੀ ਪੈਦਾ ਕਰ ਰਹੀਆਂ ਹਨ।

ਸੋਸ਼ਲ ਮੀਡੀਆ ਦਾ ਐਲਗੋਰਿਦਮ ਇਹ ਹੈ ਕਿ ਇਸਨੇ ਕੰਟੈਂਟ ਕਰੀਏਟਰ ਤੋਂ ਕੁਝ ਨਾ ਕੁਝ ਮੰਗ ਕਰਦੇ ਰਹਿਣਾ ਹੈ। ਜਿਸ ਕਾਰਨ ਵੀਡੀਓ ਬਣਾਉਣ ਵਾਲਾ ਹਲਕੇ

ਦਰਜੇ ਦਾ ਮੈਟਰ ਤਿਆਰ ਕਰਦਾ ਹੈ ਕਿਉਂਕਿ ਉਸਨੂੰ ਵਿਊ ਚਾਹੀਦੇ ਹਨ ਜਿਸ ਤੋਂ ਕਮਾਈ ਹੁੰਦੀ ਹੈ।

ਜੇ ਤੁਸੀਂ ਵੀਡੀਓ ਜਾਂ ਯੂ ਟਿਊਬ ਦੇ ਵਰਤਾਰੇ ਨੂੰ ਸਮਝੋ ਉਹ ਵੀ ਪੰਜਾਬੀ ਵਿਚ ਤਾਂ ਇਥੇ ਉਤੇਜਿਤ, ਧਾਰਮਿਕ ਮੁੱਦਿਆਂ, ਫਿਰਕੂ ਟਕਰਾਓ, ਕਲਾਕਾਰਾਂ ਦੀ ਮੁਲਾਕਾਤਾਂ, ਹਿੰਸਾ, ਹਾਸਾ ਠੱਠਾ, ਸਾਮੰਤੀ ਕਦਰਾਂ ਕੀਮਤਾਂ ਵਾਲੇ ਵਿਚਾਰ ਇਸ ਕਿਸਮ ਦੀਆਂ ਵੀਡੀਓ ਜ਼ਿਆਦਾ ਚਲਦੀਆਂ ਹਨ। ਕਮਾਈ ਕਰਨ ਲਈ ਕਰੀਏਟਰ ਇਸ ਤਰ੍ਹਾਂ ਦੇ ਵਿਸ਼ਿਆਂ ਉਤੇ ਹੀ ਵੀਡੀਓ ਜ਼ਿਆਦਾ ਬਣਾਉਣ ਨੂੰ ਤਰਜੀਹ ਦਿੰਦੇ ਹਨ।

ਇਹ ਵੀਡੀਓ ਜਿਸ ਕਿਸਮ ਦਾ ਸਮਾਜ ਸਿਰਜ ਰਹੀਆਂ ਹਨ ਉਸਦੀ ਕਲਪਨਾ ਤੋਂ ਵੀ ਡਰ ਲੱਗਦਾ ਹੈ। ਕੁਝ ਲੋਕ ਡਿਜੀਟਲ ਕ੍ਰਾਂਤੀ ਨੂੰ ਇਹ ਆਖ ਕੇ ਸੰਬੋਧਨ ਕਰਦੇ ਹਨ ਕਿ ਹਰ ਹੱਥ ਵਿਚ ਲੋਕਤੰਤਰ ਆ ਗਿਆ ਪਰ ਇਹ ਸਮਝਣਾ ਜ਼ਰੂਰੀ ਹੈ ਕਿ ਉਪਭੋਗਤਾ ਦੇ ਲੋਕਤੰਤਰ ਤੇ ਨਾਗਰਿਕ ਦੇ ਲੋਕਤੰਤਰ ਵਿਚ ਫਰਕ ਹੁੰਦਾ ਹੈ। ਪੱਤਰਕਾਰੀ ਵਿਚ ਲੰਬਾ ਤਜਰਬਾ ਰੱਖਣ ਵਾਲੇ ਪੱਤਰਕਾਰ ਰਾਜੀਵ ਖੰਨਾ ਦਾ ਵਿਚਾਰ ਹੈ, "ਜੋ ਗਲੀ ਮੁਹੱਲੇ ਵਿਚ 'ਸਟਿੰਗਰ ਪੱਤਰਕਾਰ ਹੁੰਦੇ ਸਨ' ਉਹਨਾਂ ਵਿਚੋਂ ਪੱਤਰਕਾਰ ਘੱਟ ਸਨ ਮਾਫੀਏ ਜ਼ਿਆਦਾ ਸਨ, ਲੱਗਦਾ ਹੈ ਜਿਵੇਂ ਉਹਨਾਂ ਦੇ ਵੱਡੇ ਹਿੱਸੇ ਨੇ ਡਿਜੀਟਲ ਮੀਡੀਏ ਦੇ ਮੰਚ ਉਤੇ ਆਪਣਾ ਕਬਜ਼ਾ ਕਰ ਲਿਆ ਹੋਵੇ।"

ਇਸ ਤਰ੍ਹਾਂ ਦੀ ਪੱਤਰਕਾਰੀ ਜਿਥੇ ਸਮਾਜ ਨੂੰ ਤਰਕ ਤੇ ਚਿੰਤਨ ਵਿਹੂਣਾ ਬਣਾ ਰਹੀ ਹੈ, ਉਥੇ ਰਾਜ ਸੱਤਾ ਦੇ ਖੂਬ ਰਾਸ  ਆ ਰਹੀ ਹੈ। ਇਸਦਾ ਬਦਲ ਲੋਕਾਂ ਦੀ ਮਦਦ ਨਾਲ ਖੜ੍ਹਾ ਹੋਇਆ ਮੀਡੀਆ ਹੀ ਹੋ ਸਕਦਾ ਹੈ। ਜਿਸ ਉਤੇ ਨਾ ਕੋਈ ਸਰਕਾਰੀ ਦਬਾਅ ਹੋਵੇ ਨਾ ਕਾਰਪੋਰੇਟ ਦਾ ਤੇ ਨਾ ਹੀ ਵਿਊ ਲੈਣ ਦੀ ਦੌੜ। ਮੰਚ ਕੋਈ ਵੀ ਹੋ ਸਕਦਾ ਹੈ (ਪ੍ਰਿੰਟ, ਇਲੈਕਟਰਾਨਿਕ ਜਾਂ ਡਿਜੀਟਲ) ਮਸਲਾ ਕੰਟੈਂਟ ਦਾ ਹੈ।

ਕਾਗਜ਼, ਪ੍ਰਿੰਟਿੰਗ ਅਤੇ ਡਾਕ ਦੀਆਂ ਲਗਾਤਾਰ
ਵਧ ਰਹੀਆਂ ਕੀਮਤਾਂ ਕਾਰਣ ਸਾਨੂੰ 'ਪ੍ਰਵਚਨ'
ਦੀ ਕੀਮਤ 75 ਰੁਪਏ ਤੋਂ 100 ਰੁਪਏ ਪ੍ਰਤੀ ਅੰਕ ਕਰਨ ਲਈ
ਮਜਬੂਰ ਹੋਣਾ ਪੈ ਰਿਹਾ ਹੈ।
ਉਮੀਦ ਹੈ ਪਾਠਕ ਸਹਿਯੋਗ ਦੇਣਗੇ।

# ਸਮਕਾਲੀ ਸਾਹਿਤ ਨੂੰ ਵਾਚਦਿਆਂ

1. ਵਰਿਆਮ ਸਿੰਘ ਸੰਧੂ, ਵਰ੍ਹਿਆਂ ਪਿੱਛੋਂ (ਕਾਵਿ ਸੰਗ੍ਰਹਿ), ਸੰਗਮ ਪਬਲੀਕੇਸ਼ਨ ਸਮਾਣਾ, 2025

2. ਅਮਰਜੀਤ ਕੌਂਕੇ, ਇਸ ਧਰਤੀ 'ਤੇ ਰਹਿੰਦਿਆਂ (ਕਾਵਿ ਸੰਗ੍ਰਹਿ), ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2025

3. ਮਨਮੋਹਨ, ਮਨੁ ਪੰਖੀ ਭਇਓ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025

4. ਅਜ਼ੀਜ਼ ਸਰੋਏ, ਤਲ਼ੀਆਂ ਹੇਠਲੀ ਅੱਗ, (ਨਾਵਲ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2025

5. ਭੁਪਿੰਦਰ ਸਿੰਘ ਮਾਨ, ਲਾਲ ਰੱਤਾ (ਕਹਾਣੀ ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025

6. ਬਲਦੇਵ ਸਿੰਘ ਧਾਲੀਵਾਲ (ਸੰਪਾ.), ਗੁਰਲਾਲ ਸਿੰਘ ਦਾ ਸਮੀਖਿਆ-ਸੰਸਾਰ ਭਾਗ ਪਹਿਲਾ (ਆਲੋਚਨਾ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2025

**'ਵਰਿਆਮ ਸਿੰਘ ਸੰਧੂ'** ਪੰਜਾਬੀ ਜ਼ਬਾਨ ਦਾ ਉੱਚ-ਦਮਾਲੜੇ ਵਾਲਾ ਸਾਹਿਤਕਾਰ ਹੈ, ਕਹਾਣੀ, ਵਾਰਤਕ ਦੀ ਤਕਰੀਬਨ ਹਰ ਵਿਧਾ (ਜੀਵਨੀ, ਸ੍ਵੈ-ਜੀਵਨੀ, ਸਫ਼ਰਨਾਮਾ, ਸ਼ਬਦ-ਚਿਤਰ) ਵਿਚ ਜ਼ਿਕਰਯੋਗ ਕੰਮ ਕੀਤਾ ਹੈ। ਇਸ ਤੋਂ ਇਲਾਵਾ ਇਤਿਹਾਸ ਤੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਵੀ ਉਸਦੀ ਦੇਣ ਮਹੱਤਵਪੂਰਨ ਹੈ। ਇਸੇ ਸਾਲ ਉਸ ਦੀ ਕਾਵਿ-ਪੁਸਤਕ **'ਵਰ੍ਹਿਆਂ ਪਿੱਛੋਂ'** ਛਪਣ ਨਾਲ ਵਰਿਆਮ ਸਿੰਘ ਦਾ ਕਵੀ ਰੂਪ ਵੀ ਅਜੋਕੇ ਪਾਠਕਾਂ ਸਾਹਮਣੇ ਆਉਂਦਾ ਹੈ। ਹਾਲਾਂਕਿ ਉਸ ਨੇ ਆਪਣਾ ਸਾਹਿਤਕ ਸਫ਼ਰ ਕਵਿਤਾ ਤੋਂ ਭੀ ਸ਼ੁਰੂ ਕੀਤਾ ਸੀ, ਪਰ ਨਵੇਂ ਪਾਠਕ ਸ਼ਾਇਦ ਇਸ ਤੋਂ ਜਾਣੂੰ ਨਹੀਂ ਸਨ। ਜਿਵੇਂ ਕਿ ਇਸ ਪੁਸਤਕ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਕਵਿਤਾ ਦੀ ਆਮਦ 'ਵਰ੍ਹਿਆਂ ਪਿੱਛੋਂ' ਫਿਰ ਹੋਈ ਹੈ ਦੋਹਾਂ ਆਮਦਾਂ ਵਿਚ ਤਕਰੀਬਨ ਅੱਧੀ ਸਦੀ ਦਾ ਵਕਫ਼ਾ ਹੈ। ਇਸ ਪੁਸਤਕ ਨੂੰ ਸਮਝਣ ਲਈ ਇਸ ਵਕਫ਼ੇ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਜਿਸ ਵਕਤ ਵਰਿਆਮ ਸਿੰਘ ਨੇ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕੀਤਾ, ਉਹ ਸਮਾਂ ਬਹੁਤ ਤੇਜ਼ ਤਬਦੀਲੀਆਂ ਦਾ ਸਮਾਂ ਸੀ। ਇਕ ਪਾਸੇ ਹਰੇ ਇਨਕਲਾਬ ਦੀ ਆਮਦ ਨਾਲ ਪਿਤਾ-ਪੁਰਖੀ ਖੇਤੀ ਵਪਾਰਕ ਧੰਦੇ ਵਿਚ ਤਬਦੀਲ ਹੋ ਰਹੀ ਸੀ। ਦੂਸਰੇ ਆਜ਼ਾਦੀ ਦੀ ਪ੍ਰਾਪਤੀ ਨਾਲ ਜੁੜੇ ਆਦਰਸ਼ ਤੇ ਰਵਾਇਤੀ ਕਮਿਊਨਿਸਟ ਪਾਰਟੀਆਂ ਤੋਂ ਮੋਹ-ਭੰਗ ਹੋ ਰਿਹਾ ਸੀ, ਨਵੀਂ ਪੀੜ੍ਹੀ ਇਸ ਢਾਂਚੇ ਨੂੰ ਤੋੜ-ਭੰਨ ਕੇ ਨਵਾਂ ਪ੍ਰਬੰਧ ਸਿਰਜਣ

ਲਈ ਯਤਨਸ਼ੀਲ ਸੀ। ਰਾਜਨੀਤਕ ਸੰਘਰਸ਼ ਵਿਚ ਸਾਹਿਤ ਵੀ ਇਕ ਤਾਕਤਵਰ ਹਥਿਆਰ ਦੇ ਰੂਪ ਵਿਚ ਕਾਰਜਸ਼ੀਲ ਸੀ, ਇਸ ਕਰਕੇ ਉਸ ਵੇਲੇ ਦੇ ਸਾਹਿਤ ਵਿਚ ਮਾਅਰਕੇਬਾਜ਼ੀ, ਨਾਹਰੇਬਾਜ਼ੀ ਵੀ ਭਾਰੂ ਸੀ। ਇਸ ਕਰਕੇ ਉਸ ਵੇਲੇ ਦੀ ਵਧੇਰੇ ਕਵਿਤਾ ਅਜੋਕੇ ਦੌਰ ਤੱਕ ਆਉਂਦੀ-ਆਉਂਦੀ ਗ਼ੈਰ-ਪ੍ਰਸੰਗਿਕ ਵੀ ਹੋ ਗਈ ਪ੍ਰਤੀਤ ਹੁੰਦੀ ਹੈ। ਪਰ ਉਸ ਦੌਰ ਵਿਚ ਵੀ ਕੁਝ ਕਵੀ ਅਜੇਹੇ ਵੀ ਸਨ, ਜੋ ਸਾਹਿਤ ਜਾਂ ਕਵਿਤਾ ਦੇ ਕਲਾਤਮਿਕ ਪੱਖ ਪ੍ਰਤੀ ਸੁਚੇਤ ਸਨ। ਇਸ ਕਰਕੇ ਇਹ ਕਵਿਤਾ '**ਵਰ੍ਹਿਆਂ ਪਿੱਛੋਂ**' ਵੀ ਪੜ੍ਹਨਯੋਗ ਹੈ। ਵਰਿਆਮ ਇਸੇ ਭਾਂਤ ਦਾ ਕਵੀ ਹੈ, ਇਸੇ ਕਰਕੇ ਉਹ ਲੋਕਾਂ ਨੂੰ ਬੁੱਤ ਪੂਜ ਹੋਣ ਦੀ ਥਾਂ ਕਾਰਜਸ਼ੀਲ ਹੋਣ ਲਈ ਪ੍ਰੇਰਦਾ ਹੈ। 'ਨਾ ਰੋ', 'ਕਿਸ ਨੂੰ ਉਡੀਕਦੇ ਹੋ', 'ਕਤਲ' ਉਡੀਕ 'ਅੱਗ ਦੀਆਂ ਲਾਟਾਂ 'ਚ ਆਲ੍ਹਣਾ' ਕਵਿਤਾਵਾਂ ਵਿਚਲਾ ਸੁਨੇਹਾ ਅੱਜ ਵੀ ਸਾਧਾਰਣ ਲੋਕਾਈ ਲਈ ਪ੍ਰਸੰਗਿਕ ਹੈ। ਇਸ ਦੌਰ ਦੀ ਕਵਿਤਾ ਸਾਹਿਤ ਤੇ ਸਮਾਜਿਕ ਸਰੋਕਾਰਾਂ ਬਾਰੇ ਵੀ ਸਥਾਪਿਤ ਕਵੀਆਂ ਦੀ ਸੁਰ ਨੂੰ ਵਿਅੰਗਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ, ਜਿਨ੍ਹਾਂ ਲਈ ਕਵਿਤਾ ਨਿਰੋਲ ਕਲਾਤਮਿਕ ਵਸਤੂ ਹੈ।

ਪੁਸਤਕ ਦੇ ਦੂਸਰੇ ਭਾਗ ਦੀਆਂ ਕਵਿਤਾਵਾਂ ਵਿਚਲੀ ਸੁਰ ਠਹਿਰਾਅ ਵਾਲੀ ਹੈ, ਜਿਸ ਵਿਚ ਵਰਤਾਰਿਆਂ ਨੂੰ ਵੇਖਣ/ਸਮਝਣ ਦੀ ਸਹਿਜ ਬਿਰਤੀ ਭਾਰੂ ਹੈ। ਉਮਰ ਦੇ ਇਸ ਪੜਾਅ 'ਤੇ ਆ ਕੇ ਬਹੁਤ ਸਾਰੇ ਆਦਰਸ਼, ਰਿਸ਼ਤੇ ਉਸ ਤਰ੍ਹਾਂ ਦੇ ਨਹੀਂ ਰਹਿ ਗਏ ਜਿਸ ਤਰ੍ਹਾਂ ਦੇ ਤਸੱਵਰ ਕੀਤੇ ਗਏ ਸਨ। ਸਮਾਜਕ ਵਰਤਾਰਿਆਂ ਨੇ ਬਚਪਨ ਦੀਆਂ ਮਨ ਵਿਚ ਬੈਠੀਆਂ ਬਹੁਤ ਸਾਰੀਆਂ ਧਾਰਨਾਵਾਂ ਨੂੰ ਉਸ ਤਰ੍ਹਾਂ ਦਾ ਨਹੀਂ ਰਹਿਣ ਦਿੱਤਾ, ਹੁਣ ਧਰਮ ਉਸ ਤਰ੍ਹਾਂ ਦਾ ਮਾਨਸਿਕ ਧਰਵਾਸ ਨਹੀਂ ਬਣ ਰਿਹਾ। 'ਗੁਰੂ ਘਰ ਵਿਚ ਕਾਹਦਾ ਡਰ' ਵਿਚ ਬਚਪਨ ਵਾਲਾ ਡਰ ਰੂਪ ਬਦਲ ਕੇ ਹੁਣ ਵੀ ਕਾਇਮ ਹੈ ਅਤੇ ਉਹ 'ਬਾਪੂ' ਦੀ ਗ਼ੈਰ-ਹਾਜ਼ਰੀ 'ਚ ਵਧੇਰੇ ਸ਼ਿੱਦਤ ਵਾਲਾ ਹੋ ਗਿਆ ਹੈ ਤੇ ਹੁਣ ਸ਼ਾਇਦ ਉਹ ਡਰ 'ਬਾਪੂ' ਅੰਦਰ ਵੀ ਵਿਆਪਕ ਹੈ। ਇਸੇ ਤਰ੍ਹਾਂ 'ਦਿਸਹਦੇ ਸਭ ਭਰਮ ਹੋ ਗਏ', 'ਸਭ ਸੁਪਨੇ ਮੇਰੇ...' ਵੀ ਇਸੇ ਭਾਂਤ ਦੀਆਂ ਕਵਿਤਾਵਾਂ ਹਨ। 'ਚਿਰ ਹੋਇਆ ਕਵਿਤਾ ਨਹੀਂ ਆਈ', 'ਕਵਿਤਾ ਆਈ ਵਰ੍ਹਿਆਂ ਪਿੱਛੋਂ', 'ਕਿਹੋ ਜਿਹੀ ਹੈ ਮੇਰੀ ਕਵਿਤਾ' ਇਹ ਕਵਿਤਾਵਾਂ ਜਿੱਥੇ ਵਿਅਕਤੀ ਦੀ ਵਿਡੰਬਨਾ ਨੂੰ ਵਿਰੋਧਾਤਮਕ ਬਿੰਬਾਂ ਰਾਹੀਂ ਪ੍ਰਗਟਾਉਂਦੀਆਂ ਹਨ, ਉਥੇ ਇਹ ਲੇਖਕ ਦੀ ਕਵਿਤਾ ਪ੍ਰਤੀ ਪਹੁੰਚ ਤੇ ਮੈਨੀਫੈਸਟੋ ਦਾ ਪ੍ਰਗਟਾਵਾ ਹਨ, ਜੋ ਸਮਾਜਿਕ ਵੀ ਹੈ ਤੇ ਮਾਨਸਿਕ ਵੀ। 'ਧੀਆਂ ਧਿਆਣੀਆਂ', 'ਚਿੜੀਆਂ ਦਾ ਚੰਬਾ', 'ਮਨ ਦਾ ਸੱਚ' ਕਵਿਤਾਵਾਂ ਧੀਆਂ ਦੇ ਰਿਸ਼ਤੇ ਰਾਹੀਂ ਮਾਨਵੀ ਸੰਵੇਦਨਾਂ ਦਾ ਸਿਖਰ ਸਿਰਜਦੀਆਂ ਹਨ। ਇਸ ਤੋਂ ਇਲਾਵਾ ਕਿਸਾਨ ਐਜੀਟੇਸ਼ਨ ਬਾਰੇ ਵੀ ਕੁਝ ਕਵਿਤਾਵਾਂ ਸ਼ਾਮਲ ਹਨ ਤੇ ਕੁਝ ਕਵਿਤਾਵਾਂ ਵਿਚ ਇਕ ਉਦਰੇਵਾਂ ਹੈ, ਜੋ ਪਰਵਾਸ ਨਾਲ ਜੁੜ ਕੇ ਘਰ ਛੱਡਣ ਦਾ ਹੈ, ਪੁਸਤਕ ਦੀ ਪਹਿਲੀ ਕਵਿਤਾ ਅਜੋਕੇ ਮਾਨਵ ਦੀ ਉਸ ਸਥਿਤੀ ਦੀ ਹੈ ਜੋ ਵਿਅਕਤੀ ਦੀ 'ਧੀਆਂ ਪੁੱਤ ਆਪੋ ਆਪਣੇ ਘਰ/ ਆਪਾਂ ਆਪਣੇ ਘਰ' ਦੀ ਵਿਡੰਬਨਾ ਦੀ ਸ਼ਿੱਦਤ ਨੂੰ ਪ੍ਰਗਟਾਉਂਦੀ ਹੈ। 'ਪਾਟਾ ਕੋਟ',

ਮੇਰਾ ਕੋਈ ਨਹੀਂ ਮੇਰੇ ਬਾਝੋਂ' ਮਾਨਵੀ ਸੰਵੇਦਨਾ ਦਾ ਵਿਲੱਖਣ ਪ੍ਰਗਟਾਵਾ ਹਨ। ਸਮੁੱਚੇ ਰੂਪ ਵਿਚ 'ਵਰ੍ਹਿਆਂ ਪਿੱਛੋਂ ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ ਹੈ।

**'ਅਮਰਜੀਤ ਕੌਂਕੇ'** ਪੰਜਾਬੀ ਦਾ ਚਰਚਿਤ ਕਵੀ ਹੈ, ਜੋ ਪਿਛਲੇ ਚਾਰ ਦਹਾਕਿਆਂ ਤੋਂ ਨਿਰੰਤਰ ਸਾਹਿਤ ਸਾਧਨਾ ਵਿਚ ਲੀਨ ਹੈ। ਕਵਿਤਾ ਤੋਂ ਇਲਾਵਾ ਅਨੁਵਾਦ ਦੇ ਖੇਤਰ ਵਿਚ ਵੀ ਉਸਨੇ ਜ਼ਿਕਰਯੋਗ ਕੰਮ ਕੀਤਾ ਹੈ। ਉਹ ਸਿਰਫ਼ ਹਿੰਦੀ ਤੋਂ ਪੰਜਾਬੀ ਨਹੀਂ ਸਗੋਂ ਪੰਜਾਬੀ ਤੋਂ ਹਿੰਦੀ ਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਵੀ ਤਰਜਮੇ ਕਰਕੇ ਪੰਜਾਬੀ ਸਾਹਿਤ ਦੀ ਸਮਰਿੱਧੀ ਦਾ ਹਿੱਸੇਦਾਰ ਹੈ। ਇਸ ਤੋਂ ਇਲਾਵਾ ਸੰਪਾਦਕ ਦੇ ਖੇਤਰ ਵਿਚ ਵੀ ਉਸ ਦਾ ਕੰਮ ਜ਼ਿਕਰਯੋਗ ਹੈ। **'ਇਸ ਧਰਤੀ 'ਤੇ ਰਹਿੰਦਿਆਂ'** ਉਸ ਦੀ ਸੱਤਵੀਂ ਕਾਵਿ ਪੁਸਤਕ ਹੈ। ਇਸ ਪੁਸਤਕ ਦਾ ਪਾਠ ਕਰਦਿਆਂ ਜੋ ਪਹਿਲਾਂ ਪ੍ਰਭਾਵ ਪਾਠਕ ਦੇ ਮਨ 'ਤੇ ਪੈਂਦਾ ਹੈ, ਉਹ ਕੌਂਕੇ ਦੇ ਸਮਾਜਿਕ ਵਰਤਾਰਿਆਂ ਪ੍ਰਤੀ ਸੁਚੇਤ ਹੋਣ ਦਾ ਹੈ। ਇਹ ਵਰਤਾਰੇ, ਜੋ ਮਾਨਵ-ਵਿਰੋਧੀ ਪ੍ਰਸਥਿਤੀਆਂ ਦੀ ਉਪਜ ਹਨ, ਕਵੀ ਮਨ ਨੂੰ ਦੁਖੀ ਕਰਦੇ ਹਨ ਤੇ ਉਹ ਇਹਨਾਂ ਨੂੰ ਆਪਣੇ ਕਾਵਿ-ਚਿੰਤਨ ਦਾ ਹਿੱਸਾ ਬਣਾ ਕੇ ਪਾਠਕ ਨੂੰ ਆਪਣੇ ਮਾਨਵ-ਹਿਤੈਸ਼ੀ ਦ੍ਰਿਸ਼ਟੀਕੋਣ ਨਾਲ ਜੋੜਨ ਦਾ ਸੁਚੇਤ ਯਤਨ ਕਰਦਾ ਹੈ, 'ਇਕ ਬਲਦੀ ਦੁਪਹਿਰ', 'ਬਿਸਾਤ', 'ਵਿਰਲਾਪ', 'ਖ਼ਤਰਨਾਕ ਬਿੰਬ', 'ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ' ਅਜੇਹੀਆਂ ਕਵਿਤਾਵਾਂ ਹਨ, ਜੋ ਵਾਪਰੀਆਂ ਘਟਨਾਵਾਂ 'ਤੇ ਆਧਾਰਿਤ ਹਨ ਤੇ ਕਵਿਤਾ ਵਿਚ ਢਲਣ ਤੋਂ ਪਹਿਲਾਂ ਹੀ ਖ਼ਬਰਾਂ ਤੇ ਸੋਸ਼ਲ ਮੀਡੀਆ ਰਹੀ ਪਾਠਕਾਂ/ਦਰਸ਼ਕਾਂ ਤੱਕ ਪਹੁੰਚ ਚੁਕੀਆਂ ਸਨ। ਇਨ੍ਹਾਂ ਘਟਨਾਵਾਂ ਵਿਚਲੀ ਅਮਾਨਵੀ ਪਹੁੰਚ ਲੇਖਕ ਦੀ ਮਾਨਸਿਕਤਾ ਨੂੰ ਟੁੰਬਦੀ ਹੈ ਤੇ ਉਸਦੀ ਸਿਰਜਣਾਤਮਿਕਤਾ ਦਾ ਹਿੱਸਾ ਬਣ ਕੇ ਉਸ ਅੰਦਰਲੀ ਸੰਵੇਦਨਾ ਤੇ ਸਮਾਜ ਵਿਚਲੀ ਪੱਥਰ ਬਣਦੀ ਜਾ ਰਹੀ ਸੰਵੇਦਨਾ ਪ੍ਰਤੀ ਫ਼ਿਕਰਮੰਦੀ ਦਾ ਇਜ਼ਹਾਰ ਹੈ। ਇਹ ਫ਼ਿਕਰਮੰਦੀ ਹੀ ਅਸਲ ਵਿਚ ਉਸਦਾ ਕਾਵਿ ਮੈਨੀਫੈਸਟੋ ਹੈ, ਜੋ ਉਹ ਆਪਣੇ ਪਾਠਕ ਤੱਕ ਸੰਚਾਰਿਤ ਕਰਨਾ ਚਾਹੁੰਦਾ ਹੈ ਤੇ ਇਸ ਵਿਚ ਸਫਲ ਵੀ ਹੁੰਦਾ ਹੈ।

ਬੇਸ਼ੱਕ ਅਸੀਂ ਇਕਵੀਂ ਸਦੀ ਵਿਚ ਪਹੁੰਚ ਗਏ ਹਾਂ, ਪਰ ਅੱਜ ਵੀ ਔਰਤ ਪ੍ਰਤੀ ਨਜ਼ਰੀਆ ਪੁਰਾਤਨ ਕੀਮਤਾਂ 'ਤੇ ਆਧਾਰਿਤ ਹੈ, ਪਰ ਚੇਤੰਨ ਹੋ ਰਹੀ ਔਰਤ ਆਪਣੀ ਸਪੇਸ ਲਈ ਸੰਘਰਸ਼ਸ਼ੀਲ ਹੈ 'ਬੋਲਣ ਦਿਓ ਉਸ ਨੂੰ', 'ਪੇਕਿਆਂ ਦਾ ਸੂਟ' ਔਰਤ ਦੀ ਇਸੇ ਸਥਿਤੀ 'ਚ ਚਿਤ੍ਰਣ ਕਰਦੀਆਂ ਹਨ।' 'ਅਜਗਰ', 'ਇਕ ਖੰਡਰ ਸ਼ਹਿਰ ਦੀ ਗਾਥਾ', 'ਇਸ ਧਰਤੀ ਤੇ ਰਹਿੰਦਿਆਂ' ਤੇ ਹੋਰ ਬਹੁਤ ਸਾਰੀਆਂ ਕਵਿਤਾਵਾਂ ਅਜੋਕੇ ਤਰੱਕੀ ਦੇ ਮਾਡਲ, ਕਾਰਪੋਰੇਟ ਸੋਚ ਦੇ ਖ਼ਿਲਾਫ ਕਵੀ ਦੇ ਉਨ੍ਹਾਂ ਸੁਹਿਰਦ ਯਤਨਾਂ ਦਾ ਪ੍ਰਗਟਾਵਾ ਹਨ, ਜੋ ਉਹ ਆਪਣੇ ਤੇ ਚੜ੍ਹੇ 'ਕੁਦਰਤ ਦੇ ਕਰਜ਼' ਵਜੋਂ ਚੁਕਾਉਣ ਦਾ ਯਤਨ ਕਰਦਾ ਹੈ। 'ਆਖਰੀ ਪੀੜ੍ਹੀ ਦੇ ਲੋਕ' ਅਜੋਕੇ ਯੁੱਗ ਵਿਚ ਵਿਸਰ ਗਈ ਜੀਵਨ-ਜਾਚ ਪ੍ਰਤੀ ਉਦਰੇਵੇਂ ਦਾ ਪ੍ਰਗਟਾਵਾ ਕਰਦੀ ਹੈ।

ਬੇਸ਼ੱਕ ਹਰ ਕਵਿਤਾ ਦਾ ਜ਼ਿਕਰ ਕਰ ਸਕਣਾ ਸੰਭਵ ਨਹੀਂ, ਪਰ ਕੌਂਕੇ ਦੀਆਂ

ਸੰਗ੍ਰਹਿ ਵਿਚ ਸ਼ਾਮਲ ਕਵਿਤਾਵਾਂ ਪੜ੍ਹਨ ਤੋਂ ਬਾਅਦ ਜੋ ਪ੍ਰਭਾਵ ਇਕ ਪਾਠਕ ਦੇ ਮਨ ਵਿਚ ਪੈਦਾ ਹੁੰਦਾ ਹੈ, ਉਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਸ ਦੀ ਕਵਿਤਾ ਜਿਥੇ ਵਿਸ਼ਵੀਕਰਨ ਤੇ ਬਜ਼ਾਰੀਕਰਨ ਦੇ ਦੌਰ ਵਿਚ ਮਾਨਵੀ ਸੰਵੇਦਨਾ, ਤਰਲਤਾ, ਰਿਸ਼ਤਿਆਂ ਵਿਚਲੇ ਨਿੱਘ ਅਤੇ ਸੰਵੇਦਨਾ ਨੂੰ ਬਚਾਈ ਰੱਖਣ ਦਾ ਯਤਨ ਹੈ, ਉਥੇ ਇਨ੍ਹਾਂ ਵਰਤਾਰਿਆਂ ਪ੍ਰਤੀ ਮਾਨਵ ਨੂੰ ਸੁਚੇਤ ਕਰਕੇ ਇਨ੍ਹਾਂ ਨੂੰ ਸਮਝਣ ਲਈ ਆਧਾਰ ਵੀ ਮਹੱਇਆ ਕਰਦੀ ਹੈ ਤੇ ਅਜੇਹਾ ਕਰਦੇ ਹੋਏ ਉਹ ਆਪਣੀ ਕਾਵਿਕਤਾ ਤੇ ਕਲਾਤਮਿਕਤਾ ਦਾ ਤਿਆਗ ਵੀ ਨਹੀਂ ਕਰਦੀ। ਇਹੀ ਇਸ ਦੀ ਪ੍ਰਾਪਤੀ ਹੈ। ਉਸ ਦੀ ਇਕ ਹੋਰ ਪ੍ਰਾਪਤੀ ਜੀਵਨ ਵਿਚਲੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਚਾਹੇ ਉਹ ਪੂਰਵ ਪ੍ਰੇਮੀਆਂ ਦਾ ਚੁੱਪ-ਮਿਲਨ ਹੋਵੇ ਜਾਂ 'ਦੁੱਧ 'ਚ ਜਲੇਬੀਆਂ' ਜਾ ਅਜੇਹੀਆਂ ਕੁਝ ਹੋਰ ਕਵਿਤਾਵਾਂ ਉਹ ਰਿਸ਼ਤਿਆਂ ਵਿਚਲੀ ਮਿਠਾਸ ਨੂੰ ਬੋਲਾਂ ਵਿਚ ਢਾਲ ਕੇ ਪਾਠਕ ਦੀ ਸੰਵੇਦਨਾ ਨੂੰ ਵੀ ਇਸ ਦੀ ਚਾਸ਼ਨੀ ਵਿਚ ਢਾਲਣ ਵਾਲਾ ਕਵੀ ਬਣ ਕੇ ਪੇਸ਼ ਹੁੰਦਾ ਹੈ।

**ਮਨੁ ਪੰਖੀ ਭਇਓ** ਕਵੀ, ਚਿੰਤਕ, ਤਰਜਮਾਕਾਰ, ਸੰਪਾਦਕ ਤੇ ਨਾਵਲਕਾਰ '**ਮਨਮੋਹਨ**' ਦਾ ਤੀਸਰਾ ਨਾਵਲ ਹੈ। ਇਸ ਤੋਂ ਪਹਿਲਾ 'ਨਿਰਵਾਣ' (2011), **ਸਹਜ ਗੁਫਾ ਮਹਿ ਆਸਣੁ** (2022) ਦੋ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਮਨਮੋਹਨ ਦੇ ਇਹ ਦੋਵੇਂ ਨਾਵਲ ਪੰਜਾਬ ਅਤੇ ਹਿੰਦੁਸਤਾਨ ਦੇ ਬੀਤੇ ਵਕਤ ਦੇ ਜੀਵਨ, ਫ਼ਲਸਫੇ ਦੀ ਪੇਸ਼ਕਾਰੀ ਨਾਲ ਸੰਬੰਧਿਤ ਹਨ। ਉਨ੍ਹਾਂ ਦੇ ਮੁਕਾਬਲੇ ਇਹ ਨਾਵਲ ਸਮਕਾਲੀ ਜੀਵਨ ਦੇ ਨੇੜੇ ਹੈ। ਇਸ ਨਾਵਲ ਦਾ ਸਮਾਂ ਬਾਰਾਂ ਦੀ ਆਬਾਦਕਾਰੀ, ਜੋ ਤਕਰੀਬਨ 19ਵੀਂ ਸਦੀ ਦੇ ਆਖ਼ਰੀ ਦਹਾਕਿਆਂ ਤੇ 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਹੋਈ, ਤੋਂ ਲੈ ਕੇ ਦੇਸ਼ ਹੀ ਆਜ਼ਾਦੀ ਤੱਕ ਤੇ ਉਸ ਤੋਂ ਬਾਅਦ ਤੱਕ ਦੇ ਸਮੇਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਬਾਰਾਂ ਦੀ ਆਬਾਦਕਾਰੀ ਨਾਲ ਪੰਜਾਬ ਦੀ ਕਿਸਾਨੀ ਦੇ ਆਰਥਿਕ-ਸਮਾਜਕ ਜੀਵਨ ਤੇ ਵੱਡਾ ਅਸਰ ਪਿਆ। ਪਿਛਲੇ ਕੁਝ ਸਮੇਂ ਵਿਚ ਬਾਰਾਂ ਬਾਰੇ ਕੁਝ ਨਾਵਲ ਪੰਜਾਬੀ ਵਿਚ ਛਪੇ ਹਨ, ਪਰ ਇਨ੍ਹਾਂ ਦੀ ਕੇਂਦਰੀ ਸੁਰ ਉਸ ਕਿਸਾਨੀ ਤੱਕ ਹੀ ਸੀਮਤ ਹੈ, ਜੋ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਉੱਠ ਕੇ ਬਾਰਾਂ ਨੂੰ ਆਬਾਦ ਕਰਨ ਲਈ ਗਏ, ਇੱਥੋਂ ਦੇ ਸਥਾਨਕ ਬਾਸ਼ਿੰਦੇ ਜਿਨ੍ਹਾਂ ਨੂੰ ਜਾਂਗਲੀ ਕਿਹਾ ਜਾਂਦਾ ਸੀ ਤੇ ਜੋ ਵਧੇਰੇ ਕਰਕੇ ਜਾਨਵਰ ਪਾਲ ਕੇ ਗੁਜ਼ਾਰਾ ਕਰਦੇ ਸਨ, ਉਸ ਇਸ ਜ਼ਿਕਰ ਦਾ ਹਿੱਸਾ ਹੀ ਨਹੀਂ ਬਣਦੇ ਕਿ ਬਾਰਾਂ ਦੇ ਵੱਸਣ ਨਾਲ ਉਨ੍ਹਾਂ ਦੇ ਜੀਵਨ 'ਤੇ ਕੀ ਅਸਰ ਪਏ।

ਨਾਵਲ ਦਾ ਕੇਂਦਰੀ ਪਾਤਰ ਬੋਧਾ ਉਰਫ, ਬੁੱਧ ਸਿੰਘ ਦੁਆਬੇ ਤੋਂ ਉਠ ਕੇ ਇਕ ਗ੍ਰੰਥੀ ਦੇ ਰੂਪ ਵਿਚ ਸਾਂਦਲਬਾਰ ਦੇ ਇਲਾਕੇ ਵਿਚ ਪਹੁੰਚਦਾ ਹੈ। ਆਪਣੇ ਜੱਦੀ ਪਿੰਡ ਵਿਚ ਬੋਧਾ, ਬਾਪ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਸਭ ਤੋਂ ਨਿਕੰਮਾ ਤੇ ਅਣਚਾਹਿਆ ਜੀਅ ਹੈ, ਬਿਲਕੁੱਲ ਉਸੇ ਤਰ੍ਹਾਂ ਜਿਵੇਂ ਮੌਜੂ ਦੀ ਮੌਤ ਤੋਂ ਬਾਅਦ ਰਾਂਝਾ। ਰਾਂਝਾ ਵੰਝਲੀ ਵਜਾਉਂਦਾ ਸੀ, ਬੋਧਾ ਗੀਤ ਗਾਉਂਦਾ ਹੈ ਜਦੋਂ ਇਹ ਨਾਵਲ ਆਸੇ-ਪਾਸੇ ਫੈਲਦਾ ਹੈ ਤਾਂ ਇਸ ਰਾਹੀਂ ਪੰਜਾਬ ਦੀ ਰਹਿਤਲ ਦੇ ਬਹੁਤ ਸਾਰੇ ਰੰਗ ਦ੍ਰਿਸ਼ਟੀਗੋਚਰ ਹੁੰਦੇ ਹਨ।

ਲੇਖਕ ਦਾ ਮੁੱਖ ਸਰੋਕਾਰ ਉਸ ਵੇਲੇ ਦੇ ਸਮਾਜਕ-ਆਰਥਿਕ ਜੀਵਨ ਦੀ ਪੇਸ਼ਕਾਰੀ ਹੈ, ਜਿਸਨੂੰ ਉਹ ਵਿਸਥਾਰਪੂਰਵਕ ਢੰਗ ਨਾਲ ਪੇਸ਼ ਕਰਦਾ ਹੈ, ਪਰ ਇਸ ਸਮੇਂ ਦੌਰਾਨ ਚੱਲੀਆਂ ਲਹਿਰਾਂ, ਪਗੜੀ ਸੰਭਾਲ ਜੱਟਾ ਲਹਿਰ, ਆਦਿ ਧਰਮ, ਗਦਰ ਲਹਿਰ, ਗੁਰਦੁਵਾਰਾ ਸੁਧਾਰ ਲਹਿਰ ਦਾ ਜ਼ਿਕਰ ਬਹੁਤ ਸੰਖੇਪ ਰੂਪ ਵਿਚ ਕਰਦਾ ਹੈ। ਉਪਰੋਂ ਵੇਖਿਆਂ ਭਾਵੇਂ ਪਿੰਡ ਹਰ ਪੱਧਰ ’ਤੇ ਸ਼ਾਂਤ ਨਜ਼ਰ ਆਉਂਦਾ ਹੈ, ਪਰ ਅੰਦਰਖਾਤੇ ਇਸ ਵਿਚ ਵੀ ਬਹੁਤ ਸਾਰੇ ਵਿਰੋਧ ਨਜ਼ਰ ਆਉਂਦੇ ਹਨ। ਸਭ ਤੋਂ ਵਧੇਰੇ ਜਾਤ-ਪਾਤ ਦਾ ਵਖਰੇਵਾਂ ਹੈ। ਇਹ ਵੀ ਇਕ ਵਿਡੰਬਨਾਤਮਿਕ ਸਥਿਤੀ ਹੀ ਕਹੀ ਜਾ ਸਕਦੀ ਹੈ, ਗੁਰਦੁਵਾਰਿਆਂ ਵਿਚਲਾ ਸਾਰਾ ਧਾਰਮਿਕ ਕਾਰ-ਵਿਹਾਰ ਵਧੇਰੇ ਕਰਕੇ ਨਿਮਨ-ਜਾਤੀਆਂ ਦੇ ਹੱਥਾਂ ਵਿਚ ਹੈ, ਕਹਿਣ ਨੂੰ ਉਹ ਗੁਰੂ ਦੇ ਵਜ਼ੀਰ ਹਨ, ਪਰ ਉਹ ਵੀ ਵਿਤਕਰਿਆਂ ਦਾ ਸ਼ਿਕਾਰ ਹੁੰਦੇ ਹਨ ਤੇ ਗੁਰਦੁਵਾਰਿਆਂ ਦੇ ਪ੍ਰਬੰਧਕ ਉਨ੍ਹਾਂ ਨਾਲ ਆਪਣੇ ਨੌਕਰਾਂ ਵਾਂਗ ਹੀ ਵਿਹਾਰ ਕਰਦੇ ਹਨ।

ਲੇਖਕ ਸਮੁੱਚੇ ਸਮਾਜਕ ਜੀਵਨ ਨੂੰ ਗਲਪ ਵਿਚ ਢਾਲਦਿਆਂ, ਹਰ ਘਟਨਾ, ਸਥਾਨ ਆਦਿ ਦੇ ਜੋ ਵੇਰਵੇ ਦੇਣੇ ਸ਼ੁਰੂ ਕਰਦਾ ਹੈ, ਉਹ ਨਾਵਲ ਦੇ ਕੇਂਦਰੀ ਫੋਕਸ ਤੋਂ ਧਿਆਨ ਲਾਂਭੇ ਕਰਨ ਦਾ ਕਾਰਣ ਬਣ ਜਾਂਦੇ ਹਨ, ਨਾਵਲ ਵਿਚ ਵਿਚ ਵਾਰ-ਵਾਰ ਰਾਗਾਂ-ਰਾਗਣੀਆਂ, ਬੰਦਸ਼ਾਂ ਦਾ ਜ਼ਿਕਰ ਵੀ ਬੇ-ਲੋੜਾ ਪ੍ਰਤੀਤ ਹੁੰਦਾ ਹੈ। ਇਸ ਤੋਂ ਇਲਾਵਾ ਲੇਖਕ ਜਦੋਂ ਕਿਸੇ ਬੀਤ ਚੁਕੀ ਘਟਨਾ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ ਤਾਂ ਉਸ ਨੂੰ ਉਨ੍ਹਾਂ ਘਟਨਾਵਾਂ ਦੀ ਪੇਸ਼ਕਾਰੀ ਵਿਚ ਸਮਕਾਲ ਦੇ ਦਖ਼ਲ ਬਾਰੇ ਬਹੁਤ ਸੁਚੇਤ ਹੋਣ ਦੀ ਲੋੜ ਹੁੰਦੀ ਹੈ ਅਤੇ ਨਾਲ ਹੀ ਭਾਸ਼ਾ ਪ੍ਰਤੀ ਵੀ। ਇਸ ਨਾਵਲ ਵਿਚ ਆਜ਼ਾਦੀ ਨਾਲ ਸੰਬੰਧਿਤ ਘਟਨਾਵਾਂ, ਵੇਰਵਿਆਂ ਤੇ ਉਨ੍ਹਾਂ ਦੇ ਵਿਸ਼ਲੇਸ਼ਣ ਉਪਰ ਸਮਕਾਲੀ ਗਿਆਨ ਦਾ ਅਸਰ ਪ੍ਰਤੱਖ ਨਜ਼ਰ ਆਉਂਦਾ ਹੈ। ਜਿਸ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਸੀ। ਪਰ, ਇਨ੍ਹਾਂ ਕੁਝ ਕਮੀਆਂ ਦੇ ਬਾਵਜੂਦ ਇਹ ਨਾਵਲ ਪਾਠਕ ਨੂੰ ਆਪਣੇ ਨਾਲ ਜੋੜਨ ਦੇ ਸਮਰੱਥ ਹੈ ਅਤੇ ਅੰਤ ਵਿਚ ਇਨਸਾਨੀ ਰਿਸ਼ਤਿਆਂ ਵਿਚਲੀ ਮੋਹ-ਮੁਹੱਬਤ ਨੂੰ ਧਰਮਾਂ/ਭੂਗੋਲਿਕ ਹੱਦਾਂ ਤੋਂ ਉਪਰ ਦਿਖਾ ਕੇ ਇਕ ਸਾਰਥਕ ਸੁਨੇਹਾ ਦੇਣ ਦਾ ਯਤਨ ਕਰਦਾ ਹੈ।

**‘ਅਜ਼ੀਜ਼ ਸਰੋਏ’** ਤਕਰੀਬਨ ਦੋ ਦਹਾਕਿਆਂ ਤੋਂ ਸਿਰਜਣਾਤਮਕ ਖੇਤਰ ਵਿਚ ਸਰਗਰਮ ਹੈ। ਉਸ ਨੇ ਆਪਣਾ ਇਹ ਸਫਰ ਕਵਿਤਾ ਤੋਂ ਸ਼ੁਰੂ ਕੀਤਾ, ਪਰ ਉਸ ਤੋਂ ਬਾਅਦ ਉਹ ਗਲਪ ਦੇ ਖੇਤਰ ਵਿਚ ਸਰਗਰਮ ਹੈ। ਉਸ ਦਾ ਪਹਿਲਾ ਨਾਵਲ ‘ਹਨੇਰੀ ਰਾਤ ਦੇ ਜੁਗਨੂੰ’ 2011 ਵਿਚ ਪ੍ਰਕਾਸ਼ਿਤ ਹੋਇਆ, ਪਰ ਉਸ ਦੀ ਪਛਾਣ ‘ਆਪਣੇ ਲੋਕ’ (2022) ਛਪਣ ਨਾਲ ਬਣਦੀ ਹੈ। ਇਹ ਨਾਵਲ ਦੇਸ਼-ਵੰਡ ਦੀਆਂ ਘਟਨਾਵਾਂ ਨੂੰ ਵਿਸ਼ਾ ਬਣਾਉਂਦਾ ਹੈ। ਹਥਲਾ ਨਾਵਲ **‘ਤਲ਼ੀਆਂ ਹੇਠਲੀ ਅੱਗ’** ਆਜ਼ਾਦੀ ਤੋਂ ਬਾਅਦ ਦੇ ਸਮਿਆਂ ਤੋਂ ਲੈ ਕੇ ਹਰੇ ਇਨਕਲਾਬ ਤੇ ਉਸ ਤੋਂ ਬਾਅਦ ਸਿੱਖ ਸੰਘਰਸ਼ ਤੇ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਤੱਕ ਦੇ ਸਮੇਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ।

ਇਸ ਲਿਹਾਜ਼ ਨਾਲ ਇਹ ਨਾਵਲ ਵੀਹਵੀਂ ਸਦੀ ਦੇ ਆਜ਼ਾਦੀ ਤੋਂ ਬਾਅਦ ਦੇ ਪੰਜਾਬ ਦੇ ਸਮਾਜਿਕ-ਆਰਥਿਕ ਜੀਵਨ ਦਾ ਲੇਖਾ-ਜੋਖਾ ਪੇਸ਼ ਕਰਦਾ ਹੈ।

ਇਸ ਨਾਵਲ ਦਾ ਕੇਂਦਰ ਪਿੰਡ ਹੈ, ਜੋ ਰਵਾਇਤੀ ਅੰਦਾਜ਼ ਵਿਚ ਆਪਣੀ ਜ਼ਿੰਦਗੀ ਜੀਅ ਰਿਹਾ ਹੈ। ਇਸ ਦੇ ਸਮਾਜਕ ਜੀਵਨ ਵਿਚ ਵਿਰੋਧ ਵੀ ਹਨ, ਪਰ ਉਹ ਏਨੇ ਤਿੱਖੇ ਨਹੀਂ ਕਿ ਕਿਸੇ ਤਨਾਓ ਜਾਂ ਤਬਦੀਲੀ ਦਾ ਸਬੱਬ ਬਣ ਸਕਣ। ਹਰ ਤਰ੍ਹਾਂ ਦਾ ਸ਼ੋਸ਼ਣ ਵੀ ਹੈ, ਜਿਸ ਦਾ ਪ੍ਰਤੀਕ ਪਿੰਡ ਦਾ ਸਰਦਾਰ ਤੇ ਉਸਦੇ ਕਰਿੰਦੇ ਹਨ। ਧਾਰਮਿਕ ਵਖਰੇਵੇਂ ਤੇ ਵਿਤਕਰੇ ਵੀ ਹਨ, ਪਰ ਲੋਕਾਂ ਨੂੰ ਇਹ ਜੀਵਨ-ਜਾਚ ਮਨਜ਼ੂਰ ਹੈ, ਜਿਸ ਦੇ ਪਿਛੋਕੜ ਵਿਚ ਭਾਰਤੀ ਜਾਤੀ ਵਿਵਸਥਾ ਕਾਰਜਸ਼ੀਲ ਹੈ, ਜਿਸ ਨੇ ਲੋਕ-ਮਾਨਸਿਕਤਾ ਨੂੰ ਅਜੇਹੇ ਸੰਚੇ ਵਿਚ ਢਾਲਿਆ ਹੋਇਆ ਹੈ। ਪਰ ਹੌਲੀ-ਹੌਲੀ ਪਰੰਪਰਾਗਤ ਪੇਂਡੂ ਜੀਵਨ ਤਬਦੀਲ ਹੋ ਰਿਹਾ ਹੈ, ਜਿਸ ਕਰਕੇ ਵਿਤਕਰਿਆਂ ਦੇ ਚੁਭਵੇਂ ਤੇ ਇਨਸਾਨ ਵਿਰੋਧੀ ਰੂਪ ਦਮਿਤ ਧਿਰਾਂ ਨੂੰ ਮਹਿਸੂਸ ਹੋਣੇ ਸ਼ੁਰੂ ਹੋ ਜਾਂਦੇ ਹਨ।

ਨਾਵਲ ਦਾ ਵੱਡਾ ਹਿੱਸਾ 1984 ਦੇ ਆਸ-ਪਾਸ ਦੇ ਸਮੇਂ ਦੇ ਚਿਤ੍ਰਣ ਨਾਲ ਸੰਬੰਧਿਤ ਹੈ। ਇਹ ਇਕ ਅਜੇਹੀ ਲਹਿਰ ਸੀ ਜਿਸ ਨੇ ਪੰਜਾਬ ਦੇ ਆਰਥਿਕ-ਸਮਾਜਕ ਤੇ ਰਾਜਨੀਤਿਕ ਜੀਵਨ ਤੇ ਵਿਆਪਕ ਅਸਰ ਪਾਇਆ। ਪਰੰਤੂ ਨਾਵਲ ਵਿਚ ਇਸ ਲਹਿਰ ਨੂੰ ਜਗਰੂਪ ਜਾਂ ਕਿਰਪਾਲ ਦੇ ਪਾਤਰਾਂ ਤੇ ਉਨ੍ਹਾਂ ਦੇ ਕਾਰਿਆਂ ਤੱਕ ਸੀਮਤ ਕਰ ਦੇਣ ਕਰਕੇ ਉਸ ਲਹਿਰ ਦੇ ਸਮੁੱਚੇ ਸੁਭਾਅ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ, ਹਾਲਾਂਕਿ ਨਾਵਲ ਵਰਗੀ ਵੱਡੇ ਕੈਨਵਸ ਵਾਲੀ ਵਿਧਾ ਵਿਚ ਉਸਦੀ ਪੇਸ਼ਕਾਰੀ ਦੀ ਸੰਭਾਵਨਾ ਹੋ ਸਕਦੀ ਸੀ।

ਨਾਵਲ ਵਿਚ ਬਹੁਤ ਸਾਰੀਆਂ ਘਟਨਾਵਾਂ ਤੇ ਵੇਰਵੇ ਤਤਕਾਲੀ ਸਮਾਜਕ ਜੀਵਨ ਨਾਲ ਮੇਲ ਨਹੀਂ ਖਾਂਦੇ। ਕਿਸੇ ਵੀ ਲੇਖਕ ਲਈ ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਉਹ ਜਦੋਂ ਵੀ ਕਿਸੇ ਵੀ ਵਿਸ਼ੇਸ਼ ਕਾਲ ਨੂੰ ਆਪਣੀ ਗਲਪ ਦਾ ਵਿਸ਼ਾ ਬਣਾਏ ਤਾਂ ਉਸ ਵਿਚ ਲੇਖਕ-ਕਾਲ ਦੇ ਦਖ਼ਲ ਪ੍ਰਤੀ ਸੁਚੇਤ ਹੋਵੇ। 1984 ਦੇ ਦੁਖਾਂਤ ਤੇ ਘਟਨਾਵਾਂ ਪੇਸ਼ ਕਰਦੇ ਸਮੇਂ ਭੀਰੀ ਨੂੰ ਮਾਈ ਭੀਰੀ ਦੇ ਰੂਪ ਵਿਚ ਪੇਸ਼ ਕਰਨਾ ਅਜੋਕੇ ਕਾਲ ਦੀ ਚੇਤਨਾ ਨਾਲ ਮੇਲ ਨਹੀਂ ਖਾਂਦਾ। ਪਿਤਰਕੀ ਮਾਨਸਿਕਤਾ ਵਾਲੇ ਸਮਾਜ ਵਿਚ ਔਰਤ ਦੀ ਸਥਿਤੀ ਦੀ ਪੇਸ਼ਕਾਰੀ ਇਸ ਰਚਨਾ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।' ਭਾਰੂ ਸਮਾਜਕ ਕੀਮਤਾਂ ਹਰ ਵਰਗ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸ ਕਰਕੇ ਸੁਖਚੈਨੋ ਲਈ ਪੁੱਤਰ ਪ੍ਰਾਪਤੀ ਲਾਜ਼ਮੀ ਹੈ। ਭੀਰੋ ਭਾਵੇਂ ਪਿੰਡ ਦੀ ਸਾਧਾਰਣ ਔਰਤ ਹੈ। ਪਰ ਉਸ ਦਾ ਚਰਿਤ੍ਰ ਇਕ ਸਿਰੜੀ ਤੇ ਸ੍ਵੈ-ਮਾਨ ਵਾਲੀ ਔਰਤ ਵਜੋਂ ਸਥਾਪਿਤ ਹੁੰਦਾ ਹੈ, ਜੋ ਇਸ ਨਾਵਲ ਦਾ ਹਾਸਲ ਹੈ।

**'ਭੁਪਿੰਦਰ ਸਿੰਘ ਮਾਨ'** ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚ ਸ਼ੁਮਾਰ ਹੁੰਦਾ ਹੈ, ਜੋ ਪਿਛਲੇ ਥੋੜ੍ਹੇ ਸਾਲਾ ਵਿਚ ਹੀ ਪਾਠਕਾਂ ਵਿਚ ਮਕਬੂਲ ਹੋਏ ਹਨ। ਉਸਨੇ ਕਹਾਣੀ, ਨਾਵਲ, ਵਾਰਤਕ ਵਿਧਾਵਾਂ ਵਿਚ ਰਚਨਾ ਕੀਤੀ ਹੈ ਤੇ ਉਸਨੇ ਇਸ ਤੋਂ ਪਹਿਲਾਂ ਤਿੰਨ

ਕਹਾਣੀ-ਸੰਗ੍ਰਹਿ 'ਓਪਰੀ ਹਵਾ', 'ਬੌਣੇ ਰਿਸ਼ਤੇ' ਤੇ 'ਆਖਰੀਬਾਜ਼ੀ' ਰਚੇ ਹਨ। **'ਲਾਲ ਰੱਤਾ'** ਸੰਗ੍ਰਹਿ ਵਿਚ ਉਸਦੀਆਂ ਅੱਠ ਕਹਾਣੀਆਂ ਦਰਜ ਹਨ। ਭੁਪਿੰਦਰ ਮਾਨ ਪੇਂਡੂ ਪਿਛੋਕੜ ਵਾਲਾ ਕਹਾਣੀਕਾਰ ਹੈ, ਇਸ ਕਰਕੇ 'ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਇਸੇ ਪਿਛੋਕੜ ਵਿਚੋਂ ਉਪਜਦੀਆਂ ਹਨ ਤੇ ਇਨ੍ਹਾਂ ਦਾ ਕੇਂਦਰੀ ਸਰੋਕਾਰ ਜ਼ਮੀਨ ਦੀ ਮਾਲਕੀ ਦੀ ਹੋਂਦ ਜਾਂ ਅਣਹੋਂਦ ਨਾਲ ਜੁੜੇ ਮਸਲਿਆਂ ਦੀ ਪੇਸ਼ਕਾਰੀ ਦੁਆਲੇ ਉਸਾਰਿਆ ਗਿਆ ਹੈ। ਸੰਗ੍ਰਹਿ ਦੀ ਪਹਿਲੀ ਕਹਾਣੀ 'ਵੈਰਾਗ' ਦਾ ਕੇਂਦਰੀ ਪਾਤਰ ਵੀ ਛੋਟੇ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੈ। ਘੱਟ ਜ਼ਮੀਨ, ਪਿਓ ਨਸ਼ੇੜੀ ਤੇ ਉਹ ਆਪ ਸਰੀਰਕ ਪੱਖੋ ਅਪਾਹਜ ਹੋਣ ਕਰਕੇ ਨਾ ਤਾਂ ਪੜ੍ਹ ਹੀ ਸਕਿਆ ਤੇ ਨਾ ਹੀ ਕਿਸੇ ਕੰਮ ਦੇ ਯੋਗ ਹੋ ਸਕਿਆ। ਪਰ ਸਰੀਰ ਤਾਂ ਅਪਾਹਜ ਹੋ ਸਕਦਾ ਹੈ ਮਨ ਨਹੀਂ। ਇਸ ਕਰਕੇ ਘੱਟ ਜ਼ਮੀਨ, ਅਣ-ਵਿਆਹੇ ਰਹਿ ਜਾਣਾ ਤੇ ਸਰੀਰਕ ਕੱਜ ਉਸਦੀ ਸਮੁੱਚੀ ਸੋਚ ਨੂੰ ਵੀ ਅਪਾਹਜ ਬਣਾਈ ਰੱਖਦੇ ਹਨ। ਜਦੋਂ ਦੋਵੇਂ ਭਰਾ ਆਪਣੀਆਂ ਘਰ ਵਾਲੀਆਂ ਨੂੰ ਲੈ ਕੇ ਅੰਦਰ ਵੜ ਜਾਂਦੇ ਹਨ ਤਾਂ ਜਵਾਨ ਦੇਬੀ ਦੇ ਮਨ 'ਤੇ ਜੋ ਗੁਜ਼ਰਦੀ ਹੈ। ਉਸਦਾ ਸਿਰਫ਼ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਆਪਣੀ ਖਿਝ ਤੇ ਕਾਮ-ਅਕਾਂਖਿਆਵਾਂ ਕਾਰਣ ਉਹ ਪਿੰਡ ਤੇ ਘਰਦਿਆਂ ਲਈ ਸਭ ਤੋਂ ਵੱਡਾ ਬੋਝ ਤੇ ਅਣਚਾਹਿਆ ਵਿਅਕਤੀ ਬਣ ਜਾਂਦਾ ਹੈ। ਇਸ ਦਾ ਹੱਲ ਉਸ ਨੂੰ ਦੋਸਤ ਦੀ ਪਤਨੀ ਸਤਵੰਤ ਦੀਆਂ ਅੱਖਾਂ 'ਚੋਂ ਨਜ਼ਰ ਆਉਂਦਾ ਹੈ ਜੋ ਨਿਰੰਤਰ ਪਤੀ ਦੀ ਬੇਰੁਖੀ ਦਾ ਸ਼ਿਕਾਰ ਹੈ। ਦੇਬੀ ਦੋਸਤ ਨੂੰ ਜ਼ਹਿਰ ਦੇ ਕੇ ਘਰ ਤੇ ਸਤਵੰਤ ਦਾ ਮਾਲਕ ਬਣ ਜਾਂਦਾ ਹੈ ਇਕ ਵਾਰੀ ਉਸ ਨੂੰ ਲਗਦਾ ਹੈ ਕਿ ਉਹ ਵੀ ਮਨੁੱਖੀ ਜੂਨ ਵਿਚ ਆ ਗਿਆ ਹੋਵੇ, ਪਰ ਸਤਵੰਤ ਦੀਆਂ ਨਿਰੰਤਰ ਵਧਦੀਆਂ ਅਕਾਂਖਿਆਵਾਂ ਉਸ ਨੂੰ ਫਿਰ ਉਸੇ ਹੀ ਸਥਿਤੀ ਵਿਚ ਲੈ ਆਉਂਦੀਆਂ ਹਨ। ਉਹ ਇਸ ਸਭ ਕੁਝ ਨੂੰ ਬਰਦਾਸ਼ਤ ਕਰਦਾ ਹੈ, ਪਰ ਇਕ ਸਹਿਮ ਸਦਾ ਉਸ ਦੇ ਅੰਦਰ ਸਾਹ ਭਰਦਾ ਰਹਿੰਦਾ ਹੈ ਕਿ ਜਦੋਂ ਸਤਵੰਤ ਦੀ ਲੜਕੀ, ਜੋ ਉਸ ਨੂੰ ਹੀ ਪਿਤਾ ਸਮਝਦੀ ਤੇ ਕਹਿੰਦੀ ਹੈ ਉਸ ਨੇ ਵਿਆਹ ਵੇਲੇ ਅਰਦਾਸ ਵਿਚ ਖੜ੍ਹੇ ਹੋਣ ਵੇਲੇ ਇਹ ਭੇਤ ਨਸ਼ਰ ਹੋ ਜਾਣ ਦਾ ਡਰ ਜਦੋਂ ਸੁਖਾਵੇਂ ਢੰਗ ਨਾਲ ਗੁਜ਼ਰ ਜਾਂਦਾ ਹੈ ਤਾਂ ਉਹ ਸੱਚ ਹੀ ਬਾਪ ਦੇ ਵੈਰਾਗ ਵਿਚ ਰੰਗਿਆ ਜਾਂਦਾ ਹੈ। ਇਹ ਵੈਰਾਗ ਉਸ ਇਨਸਾਨੀ ਫ਼ਿਤਰਤ ਦਾ ਸਿਖ਼ਰ ਹੈ ਜੋ ਹਰ ਇਨਸਾਨ ਅੰਦਰ ਬੈਠੀ ਹੁੰਦੀ ਹੈ।

'ਹੈੱਡ ਹੰਟਰਜ਼', 'ਤੁਖ਼ਮ', 'ਤਪਸ਼' ਤਿੰਨੇ ਹੀ ਕਹਾਣੀਆਂ ਕਿਸਾਨੀ ਸਮਾਜ ਦੇ ਵਿਭਿੰਨ ਪੱਖਾਂ ਤੇ ਕਿਸਾਨੀ ਦੀ ਮਾਨਸਿਕਤਾ ਨਾਲ ਸੰਬੰਧਿਤ ਹਨ। 'ਹੈੱਡ ਹੰਟਰਜ਼' ਵੱਡੇ ਕੈਨਵਸ ਵਾਲੀ ਕਹਾਣੀ ਹੈ ਜੋ ਇਕ ਪਾਸੇ ਕਿਸਾਨੀ ਸਮਾਜ ਦੇ ਜ਼ਮੀਨ ਮਾਲਕੀ ਤੇ ਰਿਸ਼ਤਿਆਂ ਦੇ ਦਵੰਦ ਨੂੰ ਚਿਤਰਦੀ ਹੈ। ਮਾਲਕੀ ਖਾਤਰ ਭਰਾਵਾ ਵਿਚਲੀ ਦੁਸ਼ਮਣੀ ਉਦੋਂ ਪਛਤਾਵੇ ਵਿਚ ਬਦਲ ਜਾਂਦੀ ਹੈ। ਜਦੋਂ ਕਿਸਾਨੀ ਸੰਘਰਸ਼ ਵਿਚੋਂ ਉਪਜੀ ਚੇਤਨਾ ਕਾਰਣ ਸਾਂਝੇ ਦੁਸ਼ਮਣ ਦੀ ਸੋਝੀ ਹੁੰਦੀ ਹੈ। ਦੂਸਰੇ ਪਾਸੇ ਨਾਗਾ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਵਿਚਲੇ ਸਾਂਝੇ ਸੂਤਰਾਂ ਨੂੰ ਉਭਾਰਦੀ ਹੈ, ਕਹਾਣੀ ਵਿਚਲਾ ਅੰਤਲਾ

ਉਲਟਾਓ 'ਹੈੱਡ ਹੰਟਰਜ਼' ਦੇ ਪਰੰਪਰਾਗਤ ਅਰਥਾ ਨੂੰ ਨਵਾਂ ਰੂਪ ਦੇ ਦੇਂਦਾ ਹੈ। 'ਤੁਖ਼ਮ' ਕਹਾਣੀ ਵਾਰਿਸ ਦੀ ਲਾਲਸਾ, ਨਵੀਆਂ ਤਕਨੀਕਾਂ ਨਾਲ ਪੈਦਾ ਹੋਣ ਵਾਲੀ ਔਲਾਦ ਦੀ ਮਾਨਸਿਕਤਾ ਤੇ ਔਰਤ ਦੀ ਸਥਿਤੀ ਨੂੰ ਚਿਤ੍ਰਦੀ ਹੈ। ਕਹਾਣੀ ਇਕ ਅਜੇਹੀ ਤਾਕਤਵਰ ਔਰਤ ਦਾ ਬਿੰਬ ਸਿਰਜਦੀ ਹੈ, ਜੋ ਸੱਚ ਹੀ ਔਰਤ ਅੰਦਰਲੀ ਦ੍ਰਿੜਤਾ ਤੇ ਸਬਰ ਦਾ ਪ੍ਰਤੀਕ ਹੋ ਨਿਬੜਦੀ ਹੈ। 'ਤਪਸ਼' ਕਹਾਣੀ ਮੱਧ-ਸ਼੍ਰੈਣਿਕ ਦੰਭ ਤੇ ਜ਼ਮੀਨ ਮਾਲਕੀ ਦੇ ਮੋਹ ਦੇ ਦਵੰਦ ਦੀ ਕਹਾਣੀ ਹੈ। 'ਦੂਜੀ ਦੇਹ' ਦਾ ਵਿਸ਼ਾ ਪੰਜਾਬੀ ਸਾਹਿਤ ਵਿਚ ਬਹੁਤ ਵਾਰ ਦੁਹਰਾਇਆ ਗਿਆ ਹੈ, ਪਰ ਮੇਸ਼ੀ ਦਾ ਵਿਹਾਰ ਇਸ ਨੂੰ ਨਵੇਂ ਅਰਥ ਦੇਂਦਾ ਹੈ।

'ਇਕ ਮਜ਼ਾਰ ਹੋਰ' ਵਿਅੰਗਾਤਮਕ ਕਹਾਣੀ ਹੈ, ਜੋ ਅਜੋਕੇ ਵਿਦਿਅਕ ਸਿਸਟਮ ਦੇ 'ਦੌਲੇ ਸ਼ਾਹ ਦੇ ਚੂਹੇ' ਬਣਾਉਣ ਵਾਲੇ ਵਿਹਾਰ ਨੂੰ ਬਹੁਤ ਤਿਖੇ ਵਿਅੰਗ ਦੇ ਰੂਪ 'ਚ ਪੇਸ਼ ਕਰਦੀ ਹੈ। ਇਨਸਾਨੀ ਕੀਮਤਾਂ ਤੇ ਸਮਾਜਕ ਸਰੋਕਾਰਾਂ ਤੋਂ ਕੋਰੀ ਤੇ ਨਿਰੋਲ 'ਪੈਕੇਜਾਂ' ਰਾਹੀਂ ਗਿਣੀ ਜਾਣ ਵਾਲੀ ਵਿਦਿਅਕ ਪ੍ਰਣਾਲੀ ਤੇ ਸਫਲਤਾ ਵਿਚੋਂ ਪੈਦਾ ਹੋਏ ਸਮਾਜਕ ਦੁਖਾਂਤ ਦੀ ਪੇਸ਼ਕਾਰੀ ਇਸ ਦੀ ਪ੍ਰਾਪਤੀ ਹੈ। 'ਹੈਪੀ ਐਂਡਿੰਗ' ਨਿਵੇਕਲੇ ਵਿਸ਼ੇ ਵਾਲੀ ਕਹਾਣੀ ਹੈ, ਭਾਵੇਂ ਵਿਆਹ ਬਾਹਰੇ ਸੰਬੰਧਾਂ ਤੇ ਮਰਦਾਵੀਂ ਹਉਮੈਂ ਪੰਜਾਬੀ ਸਾਹਿਤ ਲਈ ਕੋਈ ਨਵਾਂ ਵਿਸ਼ਾ ਨਹੀਂ, ਪਰ ਇਸ ਕਹਾਣੀ ਦੇ ਕਾਰਜ-ਖੇਤਰ ਨੂੰ ਦੂਰ-ਦੁਰਾਡੇ ਦੇ ਕਬਾਇਲੀ ਇਲਾਕਿਆਂ ਤਕ ਪੁਚਾ ਕੇ ਲੇਖਕ ਇਹੀ ਦੱਸਣਾ ਚਾਹੁੰਦਾ ਹੈ ਕਿ ਸਥਾਨ ਬਦਲਣ ਨਾਲ ਮਰਦਾਵੀਂ ਹਉਮੈਂ ਤੇ ਵਿਹਾਰ 'ਚ ਬਹੁਤਾ ਫ਼ਰਕ ਨਹੀਂ ਆਉਂਦਾ, ਇਸ ਦੀ ਵਿਅੰਗਾਤਮਕ ਪੇਸ਼ਕਾਰੀ ਹੀ ਇਸ ਕਹਾਣੀ ਦਾ ਹਾਸਿਲ ਹੈ। 'ਲਾਲ ਰੱਤਾ' ਇਕ ਪ੍ਰੇਮ ਕਹਾਣੀ ਹੈ ਜੋ ਦਹਿਸ਼ਤਗਰਦੀ ਕਾਰਣ ਦੁਖਾਂਤ ਵਿਚ ਤਬਦੀਲ ਹੋ ਗਈ।

ਸਮੁੱਚੇ ਰੂਪ ਵਿਚ ਭੁਪਿੰਦਰ ਸਿੰਘ ਮਾਨ ਦਾ ਇਹ ਕਹਾਣੀ-ਸੰਗ੍ਰਹਿ ਕਿਸਾਨੀ ਸਮਾਜ, ਮਾਨਵੀ ਸੁਭਾਅ ਦੇ ਨਿਵੇਕਲੇ ਪੱਖਾਂ ਨੂੰ ਉਜਾਗਰ ਕਰਦਾ ਹੈ। ਕਈ ਕਹਾਣੀਆਂ ਵਿਚਲੇ ਕਈ ਬਰੀਕ ਵੇਰਵੇ ਬਹੁਤ ਸਾਰੀਆਂ ਸਮਾਜਕ ਤੰਦਾਂ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਸਮੁੱਚੇ ਰੂਪ ਵਿਚ ਇਹ ਸੰਗ੍ਰਹਿ ਪੰਜਾਬੀ ਕਹਾਣੀ ਵਿਚ ਜ਼ਿਕਰਯੋਗ ਵਾਧਾ ਹੈ।

**-ਕੁਲਵੰਤ ਸਿੰਘ ਸੰਧੂ**

**ਗੁਰਲਾਲ ਸਿੰਘ ਦਾ ਸਮੀਖਿਆ ਸੰਸਾਰ** (ਭਾਗ ਪਹਿਲਾ) ਬਲਦੇਵ ਸਿੰਘ ਧਾਲੀਵਾਲ ਨੇ ਗੁਰਲਾਲ ਸਿੰਘ ਦੀਆਂ ਕਹਾਣੀ ਨਾਲ਼ ਸੰਬੰਧਿਤ ਲਿਖਤਾਂ ਨੂੰ ਸੰਗ੍ਰਹਿਤ ਕੀਤਾ ਹੈ। ਉਹਨਾਂ ਨੇ ਇਸ ਕਿਤਾਬ ਨੂੰ ਤਿੰਨ ਭਾਗਾਂ ਵਿੱਚ ਵੰਡਿਆਹੈ। ਕਿਤਾਬ ਦੇ ਪਹਿਲੇ ਭਾਗ ਵਿੱਚ ਕਹਾਣੀ ਦੇ ਸਿਧਾਂਤ ਸੰਬੰਧੀ ਗੁਰਲਾਲ ਸਿੰਘ ਦੇ 8 ਲੇਖ ਦਰਜ ਹਨ, ਕਿਤਾਬ ਦੇ ਦੂਜੇ ਭਾਗ ਵਿੱਚ ਕਹਾਣੀ ਦੀ ਉੱਤਪਤੀ, ਉੱਤਪਤੀ ਦੇ ਸਰੋਤ ਅਤੇ ਕਹਾਣੀ ਦੇ ਇਤਿਹਾਸਕ ਪਿਛੋਕੜ ਨਾਲ਼ ਸੰਬੰਧਿਤ 4 ਲੇਖ ਦਰਜ ਹਨ। ਇਸ ਤੋਂ ਬਿਨਾਂ 17 ਲੇਖ ਪੰਜਾਬੀ ਕਹਾਣੀ ਦੇ ਵਿਹਾਰਕ ਅਧਿਐਨ ਨਾਲ਼ ਸੰਬੰਧਿਤ ਹਨ। ਬਲਦੇਵ ਸਿੰਘ ਧਾਲੀਵਾਲ ਖ਼ੁਦ ਕਹਾਣੀਕਾਰ ਅਤੇ ਕਹਾਣੀ ਅਲੋਚਕ ਹਨ। ਉਹਨਾਂਨੇ ਆਪਣੀ

ਆਲੋਚਨਾਤਮਕ ਸਮਝ ਮੁਤਾਬਿਕ ਸਾਰੇ ਲੇਖਾਂ ਨੂੰ, ਉਹਨਾਂ ਲੇਖਾਂ ਦੇ ਸਰੂਪ ਮੁਤਾਬਿਕ ਤਿੰਨ ਭਾਗਾਂ ਵਿੱਚ ਵੰਡਿਆ ਹੈ। ਉਹਨਾਂ ਇਸ ਕਿਤਾਬ ਦੀ ਭੂਮਿਕਾ ਵਿੱਚ ਗੁਰਲਾਲ ਸਿੰਘ ਦੇ ਜੀਵਨ, ਵਿਦਿਅਕ ਯੋਗਤਾ, ਉਹਨਾਂ ਦੇਸਿਰੜੀ ਤੇ ਖੋਜੀ ਬਿਰਤੀ ਦੇ ਸੁਭਾਅ ਦੇ ਨਾਲ਼-ਨਾਲ਼ ਉਹਨਾਂ ਦੇ ਅਧਿਐਨ ਖੇਤਰ ਨਾਲ਼ ਵੀ ਜਾਣ-ਪਛਾਣ ਕਰਾਈ ਹੈ। ਇਸ ਕਿਤਾਬ ਦੇ ਪਹਿਲੇ 8 ਲੇਖ ਕਹਾਣੀ ਦੇ ਸਿਧਾਂਤਕ ਮਸਲਿਆਂ ਦੇ ਬਹੁਤ ਸਾਰੇ ਪੱਖਾਂ ਨੂੰ ਉਘਾੜਦੇ ਹਨ। ਇਹਨਾਂ ਵਿੱਚ ਗੁਰਲਾਲ ਸਿੰਘ ਨਿੱਕੀ ਕਹਾਣੀ ਦੇ ਰੂਪਾਕਾਰਕ ਲੱਛਣਾਂ ਬਾਰੇ ਗਹਿਨ ਚਰਚਾ ਕਰਦਾ ਹੈ। ਇਸ ਤੋਂ ਬਿਨਾਂ ਉਹ ਨਿੱਕੀ ਕਹਾਣੀ, ਕਹਾਣੀ ਦੀ ਨਿੱਕਤਾ, ਕਹਾਣੀ ਨੂੰ ਨਿੱਕੀ ਬਣਾਉਣ ਵਾਲੇ ਇਸਦੇ ਆਂਤਰਿਕ ਲੱਛਣਾਂ 'ਤੇ ਫੋਕਸ ਕਰਦਾ ਹੈ। ਪੰਜਾਬੀ ਕਹਾਣੀ ਆਲੋਚਨਾ ਵਿੱਚ ਨਿੱਕੀ ਕਹਾਣੀ ਦੇ ਨਿੱਕੇਪਣ ਨੂੰ ਮਨੁੱਖ ਦੇ ਅਸਤਿੱਤਵੀ ਸੰਕਟ ਨਾਲ਼ ਜੋੜ ਕੇ ਪਹਿਲੀ ਵਾਰ ਗੱਲ ਗੁਰਲਾਲ ਸਿੰਘ ਨੇ ਕੀਤੀ ਹੈ। ਉਹ ਨਿੱਕੀ ਕਹਾਣੀ ਦੇ ਨਿੱਕੇਪਣ ਨੂੰ ਇਸਦੇ ਰੂਪਗਤ ਪਸਾਰਾਂ ਦੇ ਨਾਲ਼-ਨਾਲ਼ ਵਿਸ਼ੇਗਤ ਪਸਾਰਾਂ ਦੇ ਸੰਦਰਭ ਵਿੱਚੋਂ ਵੀ ਸਮਝਦਾ ਹੈ। ਨਿੱਕੀ ਕਹਾਣੀ ਦਾ ਆਰੰਭ (starting), ਨਿੱਕੀ ਕਹਾਣੀ ਦਾ ਅੰਤ (end), ਲੇਖਾਂ ਰਾਹੀਂ, ਨਿੱਕੀ ਕਹਾਣੀ ਦੇ ਆਰੰਭ ਅਤੇ ਅੰਤ ਬਾਰੇ ਵਿਸਤਾਰਪੂਰਵਕ ਚਰਚਾ ਗੁਰਲਾਲ ਸਿੰਘ ਰਾਹੀਂ ਹੀ ਹੋਈ ਹੈ। ਉਹ ਮੁਢਲੀ ਕਹਾਣੀ ਦੇ ਆਰੰਭ ਹੋਣ ਦੀ ਸਰਲ ਤਕਨੀਕ ਤੋਂ ਲੈ ਕੇ ਆਧੁਨਿਕ ਅਤੇ ਉੱਤਰ-ਆਧੁਨਿਕ ਯੁੱਗ ਵਿਚ ਕਹਾਣੀ ਦੇ ਆਰੰਭ ਦੀ ਜਟਿਲ ਤੇ ਬਹੁਤੰਦੀ ਜੁਗਤ ਬਾਰੇ ਵਿਚਾਰ ਚਰਚਾ ਕਰਦਾ ਹੈ। ਇਸ ਤਰ੍ਹਾਂ ਉਹ ਕਹਾਣੀ ਦੇ ਆਰੰਭ ਦੀ ਬਦਲਦੀ ਤਕਨੀਕ ਨੂੰ ਇਤਿਹਾਸਕ ਕ੍ਰਮ ਵਿੱਚ ਵੀ ਵਿਚਾਰਦਾ ਹੈ। ਉਸ ਦਾ ਵਿਚਾਰ ਹੈ,ਮੁਢਲੀ ਕਹਾਣੀ ਲਕੀਰੀ ਕਾਲ ਵਿਚ ਹੀ ਆਰੰਭ ਹੁੰਦੀ ਸੀ। ਅਗਲੇ ਦੌਰ ਦੀ ਕਹਾਣੀ ਕਦੇ ਵਿਚਕਾਰੋਂ ਕਦੇ ਭੂਤ ਕਾਲ ਤੋਂ ਕਦੇ ਕਿਸੇ ਪਾਤਰ ਬਾਰੇ ਗੱਲਬਾਤ ਤੋਂ ਆਰੰਭ ਹੁੰਦੀ ਹੈ। ਕਹਾਣੀ ਦੇ ਆਰੰਭ ਵਿਚ ਪਾਠਕ ਦੇ ਪਰਵੇਸ਼ ਬਾਰੇ ਤੇ ਪਾਠਕਮੁਖੀ ਨਜ਼ਰੀਏ ਤੋਂ ਵੀ ਗੁਰਲਾਲ ਸਿੰਘ ਕਹਾਣੀ ਦੇ ਰੂਪਾਕਾਰ ਦੀ ਪੜਚੋਲ ਕਰਦਾ ਹੈ। ਉਹ ਕਹਾਣੀ ਦੇ ਆਰੰਭ ਦੇ ਵੱਖ-ਵੱਖ ਤਰੀਕਿਆਂ ਤੋਂ ਜਾਣੂੰ ਕਰਾਉਂਦਾ ਹੈ। ਕਹਾਣੀ ਦੇ ਅੰਤ ਦੀ ਮਹੱਤਤਾ ਬਾਰੇ ਗੁਰਲਾਲ ਸਿੰਘ ਦੀ ਧਾਰਨਾ ਹੈ ਕਿ ਕਹਾਣੀ ਦਾ ਅੰਤ ਕਹਾਣੀ ਵਿਚ ਅਰਥ ਨਿਸ਼ਚਿਤ ਕਰਨ ਵਿੱਚ ਸਹਾਈ ਹੁੰਦਾ ਹੈ। ਪਰੰਪਰਾਗਤ ਕਹਾਣੀ ਦੇ ਅੰਤ ਨੂੰ ਉਹ ਆਦਿ ਤੇ ਮੱਧ ਨਾਲ਼ ਇਕਸੁਰਤਾ ਵਾਲਾ, ਨਿਸ਼ਚਿਤ ਮਨੋਰਥ ਦੀ ਪੂਰਤੀ ਵਾਲਾ, ਸੁਲਝਾਉ ਜਾਂ ਨਿਬੇੜੇ ਵਾਲਾ ਤੇ ਪ੍ਰਤਿਮਾਨਕ ਮੰਨਦਾ ਹੈ। ਇਸ ਤੋਂ ਅਗਲੇ ਦੌਰ ਦੀ ਕਹਾਣੀ ਦੇ ਅੰਤ ਨੂੰ ਉਹ ਉਲਟਾਉ ਵਿਧੀ ਵਾਲਾ ਅੰਤ ਕਹਿੰਦਾ ਹੈ ਜੋ ਕਹਾਣੀ ਵਿੱਚ ਨਵੇਂ ਅਰਥ ਪੈਦਾ ਕਰਦਾ ਹੈ ਅਤੇ ਪਾਠਕ ਨੂੰਸੋਝੀ ਵੀ ਪ੍ਰਦਾਨ ਕਰਦਾ ਹੈ। ਇਸ ਦੇ ਨਾਲ਼ ਹੀ ਕਹਾਣੀ ਦੇ ਆਕਾਰ ਤੇ ਵਿਸਤਾਰ ਦਾ ਮਸਲਾ ਜੁੜਿਆ ਹੋਇਆ ਹੈ। ਇਸ ਵਿਚ ਉਹ ਕਹਾਣੀ ਦੇ ਭੌਤਿਕ ਆਕਾਰ 'ਤੇ ਫੋਕਸ ਕਰਨ ਦੀ ਬਜਾਇ, ਕਹਾਣੀ ਦੇ ਬਿਰਤਾਂਤਕਾਰ, ਬਿਰਤਾਂਤਕਾਰ ਦੁਆਰਾ ਕੀਤੀ ਵਸਤੂ ਚੋਣ,

ਕਹਾਣੀ ਦਾ ਘਟਨਾ ਪ੍ਰਬੰਧ, ਘਟਨਾਵਾਂ, ਪਾਤਰਾਂ ਅਤੇ ਭਾਵਾਂ ਦੀ ਪੇਸ਼ਕਾਰੀ ਦੇ ਆਧਾਰ 'ਤੇ ਕਹਾਣੀ ਦੇ ਸੰਕੋਚਮਈ ਜਾਂ ਵਿਸਤਾਰਮਈ ਸਰੂਪ ਨੂੰ ਸਮਝਦਾ ਹੈ। ਕੁਝ ਕਹਾਣੀ ਆਲੋਚਕ ਕਹਾਣੀ ਦੇ ਭੌਤਿਕ ਆਕਾਰ ਨਾਲ਼ ਕਹਾਣੀ ਦੀ ਲੰਬਾਈ ਨੂੰ ਜੋੜਦੇ ਰਹੇ ਹਨ। ਪਰ ਗੁਰਲਾਲ ਸਿੰਘ ਇਹਨਾਂ ਆਲੋਚਕਾਂ ਨਾਲ਼ ਸੰਵਾਦ ਰਚਾ ਕੇ ਕਹਾਣੀ ਦੇ ਵਿਸਤਾਰ ਤੇ ਛੋਟੇ ਆਕਾਰ ਨੂੰ ਕਹਾਣੀ ਦੇ ਸੰਰਚਨਾਤਮਕ ਪੈਟਰਨਾਂ ਵਿੱਚੋਂ ਸਮਝਣ ਵੱਲ ਰੁਚਿਤ ਹੁੰਦਾ ਹੈ। ਇਸ ਸੰਬੰਧੀ ਉਹ ਨੌਰਮਨ ਫਰੀਡਮੈਨ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਹੈ।ਗੁਰਲਾਲ ਸਿੰਘ ਦੇ ਲੇਖਾਂ ਦੀ ਇਸ ਕਿਤਾਬ ਦੀ ਖ਼ਾਸੀਅਤ ਇਹ ਹੈ ਕਿ ਇਹਨਾਂ ਲੇਖਾਂ ਵਿੱਚ ਗੁਰਲਾਲ ਨੇ ਕਹਾਣੀ ਸਿਧਾਂਤ ਦੇ ਇਕ-ਇਕ ਪੱਖ ਨੂੰ ਵਿਸਤਾਰ ਵਿੱਚ ਵਿਚਾਰਿਆ ਹੈ। ਉਹ ਨਿੱਕੀ ਕਹਾਣੀ ਵਿੱਚ ਸਾਧਾਰਣ ਮਨੁੱਖ ਦੀ ਪੇਸ਼ਕਾਰੀ ਨੂੰ ਦਾਰਸ਼ਨਿਕ ਸੰਦਰਭ ਵਿੱਚ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਹ ਸਾਧਾਰਣ ਮਨੁੱਖ ਨੂੰ ਪਰਿਭਾਸ਼ਿਤ ਕਰਦਿਆਂ ਲਿਖਦਾ ਹੈ ਕਿ ਜਿਹੜਾ ਮਨੁੱਖ ਕਿਸੇ ਨਾ ਕਿਸੇ ਸੰਕਟ, ਦੁੱਖ, ਦੁਬਿਧਾ ਵਿੱਚ ਫਸਿਆ ਰਹਿੰਦਾ ਹੈ ਅਤੇ ਉਸ ਸਮੱਸਿਆ ਨੂੰ ਹੱਲ ਕਰਦਿਆਂ ਉਸ ਵਿੱਚ ਹੋਰ ਫਸ ਜਾਂਦਾ ਹੈ, ਉਹੀ ਸਾਧਾਰਣ ਮਨੁੱਖ ਹੈ। ਨਿੱਕੀ ਕਹਾਣੀ ਦੀ ਵਿਧਾ ਵਿੱਚਸਾਧਾਰਣ ਮਨੁੱਖ ਦੀਸਾਧਾਰਣਤਾ ਬਾਰੇ ਪਹਿਲਾਂ ਵੀ ਪੰਜਾਬੀ ਕਹਾਣੀ ਆਲੋਚਕਾਂ (ਸੰਤ ਸਿੰਘ ਸੇਖੋਂ, ਜੋਗਿੰਦਰ ਸਿੰਘ ਰਾਹੀ) ਨੇ ਵਿਚਾਰ ਚਰਚਾ ਕੀਤੀ ਹੈ ਪਰ ਗੁਰਲਾਲ ਸਿੰਘਇਸ ਨੁਕਤੇ ਨੂੰ ਗਹਿਰਾਈ ਵਿੱਚ ਵਿਚਾਰਦਾ ਹੈ। ਨਾਵਲ ਤੇ ਨਿੱਕੀ ਕਹਾਣੀ ਦੇ ਵਿਧਾਗਤ ਨਿਖੇੜੇ ਨੂੰ ਸਮਝਦਿਆਂ ਉਹ ਪੱਛਮੀ ਕਹਾਣੀ ਆਲੋਚਕਾਂ ਨਾਲ਼ ਸੰਵਾਦ ਰਚਾ ਕੇ ਆਪਣੀ ਰਾਏ ਬਣਾਉਂਦਾ ਹੈ। ਉਸ ਦਾ ਵਿਚਾਰ ਹੈ ਕਿ ਨਾਵਲ ਜਿੱਥੇ ਪੂਰੇ ਕਾਲ ਨੂੰ ਪੇਸ਼ ਕਰਦਾ ਹੈ , ਉਥੇ ਨਿੱਕੀ ਕਹਾਣੀ ਚੇਤਨਾ ਨੂੰ ਪੇਸ਼ ਕਰਦੀ ਹੈ। ਚੇਤਨਾ ਦੇ ਛਿਣ ਦਾ ਪ੍ਰਗਟਾਵਾ ਨਿੱਕੀ ਕਹਾਣੀ ਦੇ ਸੰਕੇਤਕ ਅਤੇ ਸੁਝਾਉਮਈ ਹੋਣ ਵਿੱਚ ਹੈ। ਇਸ ਤੋਂ ਇਲਾਵਾ ਉਹ ਹੋਰ ਕਈ ਨੁਕਤਿਆਂ ਤੋਂ ਦੋਵੇਂ ਗਲਪ ਵਿਧਾਵਾਂ ਦੇ ਅੰਤਰ ਨੂੰ ਸਮਝਦਾ ਹੈ।ਵਿਧਾ ਪੱਖੋਂ ਨਿੱਕੀ ਕਹਾਣੀ ਦੇ ਛੋਟੇ ਤੋਂ ਛੋਟੇ ਨੁਕਤੇ ਨੂੰ ਬਾਰੀਕੀ ਵਿੱਚ ਸਮਝਣ ਲਈ ਇਹ ਕਿਤਾਬ ਬਹੁਤ ਮਹੱਤਵਪੂਰਣ ਹੈ। ਨਿੱਕੀ ਕਹਾਣੀ ਵਿੱਚ ਬਿਰਤਾਂਤਕਾਰ ਦੀ ਮਹੱਤਤਾ, ਉਸ ਦੀ ਭੂਮਿਕਾ, ਉਸ ਦਾ ਬਿਰਤਾਂਤਕ ਅੰਦਾਜ਼, ਬਿਰਤਾਂਤਕਾਰ ਦੀ ਘਟ ਜਾਂ ਵੱਧ ਦਖ਼ਲ ਅੰਦਾਜ਼ੀ ਦਾ ਕਹਾਣੀ ਦੀ ਕਲਾਤਮਕਤਾ 'ਤੇ ਪ੍ਰਭਾਵ ਆਦਿ ਨੁਕਤਿਆਂ ਨੂੰ ਉਹ ਆਪਣੀ ਪੜਚੋਲਵੀਂ ਨਜ਼ਰ ਨਾਲ ਵਿਚਾਰਦਾ ਹੈ। ਗੁਰਲਾਲ ਦੇ'ਨਿੱਕੀ ਕਹਾਣੀ ਤੇ ਬਿਰਤਾਂਤਕਤਾ' ਲੇਖ ਵਿੱਚ ਬਿਰਤਾਂਤਕਤਾ ਦੇ ਨੁਕਤਿਆਂ ਨੂੰ ਗਹਿਰਾਈ ਨਾਲ਼ ਵਿਚਾਰਿਆ ਗਿਆ ਹੈ। ਉਹ ਨਿੱਕੀ ਕਹਾਣੀ ਦੀ ਬਿਰਤਾਂਤਕਤਾ ਦੀ ਸਫਲਤਾ ਦਾ ਸੰਬੰਧ ਪਾਠਕ ਦੀ ਬਿਰਤਾਂਤਕਤਾ ਦੇ ਸਨਮੁੱਖ ਹੋਣ ਵਿੱਚ ਮੰਨਦਾ ਹੈ। ਇਸ ਪੂਰੇ ਲੇਖ ਵਿੱਚ ਉਸ ਦਾ ਜ਼ੋਰ ਪਾਠਕ ਦੁਆਰਾ ਕਹਾਣੀ ਦੇ ਅਰਥਾਂ ਨੂੰ ਗ੍ਰਹਿਣ ਕਰਨ ਦੀ ਸਮਰੱਥਾ 'ਤੇ ਹੈ। ਗੁਰਲਾਲ ਸਿੰਘ ਦਾ ਮੰਨਣਾ ਹੈ ਕਿ ਨਿੱਕੀ ਕਹਾਣੀ ਦੀ ਵਿਲੱਖਣਤਾ ਸਾਧਾਰਣ ਮਨੁੱਖ ਦੀ ਸਾਧਾਰਣਤਾ ਦੀ ਪੇਸ਼ਕਾਰੀ ਕਰਨ ਵਿੱਚ ਅਤੇ

ਸਾਧਾਰਣ ਮਨੁੱਖ ਦੇ ਅਸਤਿੱਤਵੀ ਮਸਲੇ ਉਘਾੜਨ ਵਿੱਚ ਹੈ। ਗੁਰਲਾਲ ਸਿੰਘ ਦੇ ਚਾਰ ਲੇਖ ਨਿੱਕੀ ਕਹਾਣੀ ਦੀ ਉਤਪਤੀ, ਮੱਧਕਾਲੀ ਕਥਾਵਾਂ ਦਾ ਨਿੱਕੀ ਕਹਾਣੀ 'ਤੇਪ੍ਰਭਾਵ, ਮੱਧਕਾਲੀ ਕਥਾਵਾਂ ਤੇ ਲੋਕ ਕਥਾਵਾਂ ਤੋਂ ਆਧੁਨਿਕ ਕਹਾਣੀ ਦੀ ਵੱਖਰਤਾ, ਮੁਢਲੀ ਪੰਜਾਬੀ ਕਹਾਣੀ ਦੇ ਸਰੂਪ ਤੋਂ  ਉਤਰ-ਆਧੁਨਿਕ ਪੰਜਾਬੀ ਕਹਾਣੀ ਤੱਕ ਆਏ ਕਲਾਤਮਕ ਵਿਕਾਸ 'ਤੇ ਫੋਕਸ ਕਰਦੇ ਹਨ ਪਰ ਇਹਨਾਂ ਚਾਰਾਂ ਲੇਖਾਂ ਵਿਚ ਦੁਹਰਾਉ ਹੈ। ਉਹ ਮੱਧਕਾਲੀ ਕਥਾਵਾਂ ਜਿਵੇਂ ਮਿੱਥ ਕਥਾ, ਦੰਤ ਕਥਾ ਅਤੇ ਸਾਖੀ ਦੇ ਰੂਪਾਕਾਰਕ ਲੱਛਣਾਂ ਬਾਰੇ ਗੱਲ ਕਰਦਾ ਹੋਇਆ, ਆਧੁਨਿਕ ਪੰਜਾਬੀ ਕਹਾਣੀ ਦੇ ਬਿਰਤਾਂਤ ਵਿੱਚ ਮੱਧਕਾਲੀ ਕਥਾ ਦੇ ਲੱਛਣਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਸਦਾ ਮੰਨਣਾ ਹੈ ਕਿ ਮੁਢਲੀ ਪੰਜਾਬੀ ਕਹਾਣੀ ਦੇ ਬਿਰਤਾਂਤ 'ਤੇ ਮੱਧਕਾਲੀ ਪੰਜਾਬੀ ਕਥਾ ਦੇ ਬਿਰਤਾਂਤਕ ਲੱਛਣਾਂ ਦਾ ਪ੍ਰਭਾਵ ਹੈ। ਇਸ ਕਾਰਨ ਮੁਢਲੀ ਪੰਜਾਬੀ ਕਹਾਣੀ ਦਾ ਬਿਰਤਾਂਤ ਸਰਲ ਅਤੇਸਾਧਾਰਣ ਹੈ ਪਰ ਨਾਲ ਉਹ ਇਹ ਰਾਇ ਵੀ ਰੱਖਦਾ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਆਧੁਨਿਕ ਯੁੱਗ ਦੀ ਉਪਜ ਹੈ ਇਸ ਲਈ ਆਧੁਨਿਕ ਕਹਾਣੀ ਦੇ ਪਾਤਰ ਲੋਕ ਕਥਾ ਦੇ ਪਾਤਰਾਂ ਵਾਂਗ ਅਸਾਧਾਰਣ ਨਹੀਂ ਹੁੰਦੇ। ਉਹ ਲੋਕ ਕਹਾਣੀ ਤੇ ਨਿੱਕੀ ਕਹਾਣੀ ਦੇ ਬਿਰਤਾਂਤ, ਘਟਨਾਵੀਂ ਪ੍ਰਬੰਧ ਅਤੇ ਪਾਤਰ ਪੇਸ਼ਕਾਰੀ ਵਿੱਚ ਅੰਤਰ ਦੱਸਦਾ ਹੋਇਆ, ਮੱਧਕਾਲੀ ਕਥਾਵਾਂ ਵਿਚੋਂ ਆਧੁਨਿਕ ਕਹਾਣੀ ਦੇ ਵਿਕਾਸ ਅਤੇ ਰੁਪਾਂਤਰਣ ਨੂੰ ਸਮਝਣ ਵੱਲ ਰੁਚਿਤ ਹੁੰਦਾ ਹੈ।ਉਹ ਉਹਨਾਂ ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਸਥਿਤੀਆਂ ਦਾ ਵੀ ਜ਼ਿਕਰ ਕਰਦਾ ਹੈ ਜਿਹੜੀਆਂ ਨਵੇਂ ਬਿਰਤਾਂਤਕ ਰੂਪਾਂ ਦੇ ਨਿਕਾਸ ਅਤੇ ਵਿਕਾਸ ਵਿੱਚ ਸਹਾਈ ਹੋਈਆਂ ਹਨ। ਇਸ ਤਰ੍ਹਾਂ ਉਹ ਨਿੱਕੀ ਕਹਾਣੀ ਦੀ ਉੱਤਪਤੀ ਤੇ ਵਿਕਾਸ ਦੀ ਪ੍ਰਕਿਰਿਆ ਨੂੰ ਇਤਿਹਾਸਕ ਪਿਛੋਕੜ ਵਿੱਚ ਰੱਖ ਕੇ ਸਮਝਦਾ ਹੈ। ਉਹ ਆਧੁਨਿਕ ਪੰਜਾਬੀ ਕਹਾਣੀਆਂ ਨੂੰ ਵਿਸ਼ੇ ਪੱਖੋਂ ਤਿੰਨ ਵਰਗਾਂ ਵਿੱਚ ਵੰਡਦਾ ਹੈ। ਗੁਰਲਾਲ ਅਨੁਸਾਰ ਪਹਿਲੀ ਤਰ੍ਹਾਂ ਦੀਆਂ ਕਹਾਣੀ ਪੰਜਾਬ ਦੇ ਦੁਖਾਂਤ ਨਾਲ ਸੰਬੰਧਿਤ ਹੈ, ਦੂਜੀ ਤਰ੍ਹਾਂ ਦੀ ਕਹਾਣੀ ਸਮਾਜਿਕ ਵਧੀਕੀ ਨਾਲ ਸੰਬੰਧਿਤ ਵਿਸ਼ਿਆਂ ਨੂੰ ਪੇਸ਼ ਕਰਦੀ ਹੈ, ਤੀਜੀ ਕਿਸਮ ਉਹਨਾਂ ਕਹਾਣੀਆਂ ਦੀ ਹੈ ਜੋ ਔਰਤ ਮਰਦ ਦੇ ਸੰਬੰਧਾਂ ਦੀ ਪੇਸ਼ਕਾਰੀ ਕਰਦੀਆਂ ਹਨ। ਇਸ ਕਿਤਾਬ ਦੇ 17 ਲੇਖ ਨਿੱਕੀ ਕਹਾਣੀ ਦੇ ਵਿਹਾਰਕ ਅਧਿਐਨ ਨਾਲ਼ ਸੰਬੰਧਿਤ ਹਨ। ਇਹਨਾਂ ਵਿਚ ਗੁਰਲਾਲ ਸਿੰਘ ਨੇ ਪੰਜਾਬੀ ਕਹਾਣੀ ਦੇ ਕਾਵਿ ਸ਼ਾਸਤਰ ਨੂੰ ਸਮਝਦਿਆਂ, ਪੰਜਾਬੀ ਕਹਾਣੀ ਦੇ ਵੱਖ-ਵੱਖ ਦੌਰਾਂ ਵਿੱਚ ਪੰਜਾਬੀ ਕਹਾਣੀ ਦੇ ਬਦਲਦੇ ਸੰਰਚਨਾਤਮਕ ਪੈਟਰਨਾਂ ਦੀ ਪੜਚੋਲ ਕੀਤੀ। ਉਸ ਨੇ ਪੰਜਾਬੀ ਵਿੱਚ ਲੰਮੀ ਕਹਾਣੀ ਦੀ ਪ੍ਰਵਿਰਤੀ'ਤੇ ਵੀ ਲੇਖ ਲਿਖਿਆ।ਉਸ ਦਾ ਮੰਨਣਾ ਹੈ ਕਿ ਲੰਮੀ ਕਹਾਣੀ ਕੇਵਲ ਆਕਾਰ ਵਿੱਚ ਹੀ ਲੰਮੀ ਨਾ ਹੋਵੇ ਸਗੋਂ ਉਸ ਵਿੱਚ ਅਨੁਭਵ ਦੀ ਗਹਿਨਤਾ ਅਤੇ ਅਤੇ ਅਰਥਾਂ ਵਿੱਚ ਗਹਿਰਾਈ ਹੋਵੇ। ਮੁਢਲੇ ਦੌਰ ਦੀ ਲੰਮੀ ਕਹਾਣੀ ਵਿੱਚ ਗਹਿਨਤਾ ਨਹੀਂ ਹੈ। ਗੁਰਲਾਲ ਸਿੰਘ ਦੀ ਆਲੋਚਨਾ ਦਾ ਖ਼ਾਸਾ ਇਹ ਹੈ ਕਿ ਜਿਥੇ ਉਹ ਸਿਧਾਂਤਕ ਪੱਖੋਂ  ਕਹਾਣੀ ਦੀ ਪੜਚੋਲ ਕਰਦਾ ਹੈ ਉਥੇ ਇਤਿਹਾਸਕ

ਪਰਿਪੇਖ ਨੂੰ ਵੀ ਮਨਫ਼ੀ ਨਹੀਂ ਕਰਦਾ। ਉਹ ਕੁਲਵੰਤ ਸਿੰਘ ਵਿਰਕ, ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਸਾਧੂ ਸਿੰਘ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਸੁਰਿੰਦਰ ਦੇਹਲਵੀ, ਭਗਵੰਤ ਰਸੂਲਪੁਰੀ, ਦਵਿੰਦਰ ਮੰਡ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਵਿਹਾਰਕ ਅਧਿਐਨ ਰਾਹੀਂ ਪੰਜਾਬੀ ਕਹਾਣੀ ਵਿੱਚ ਛੋਹੇ ਗਏ ਵੱਖ-ਵੱਖ ਪਹਿਲੂਆਂ ਨੂੰ ਵਿਚਾਰਨ ਤੋਂ ਇਲਾਵਾ, ਇਹਨਾਂ ਕਹਾਣੀਕਾਰਾਂ ਦੀ ਬਿਰਤਾਂਤਕ ਵਿਲੱਖਣਤਾ ਅਤੇ ਬਿਰਤਾਂਤਕ ਦ੍ਰਿਸ਼ਟੀ ਨੂੰ ਵੀ ਵਿਚਾਰਦਾ ਹੈ। ਇਸ ਤਰ੍ਹਾਂ ਉਹ ਇਹਨਾਂ ਕਹਾਣੀਆਂ ਦੇ ਬਿਰਤਾਂਤ ਸ਼ਾਸਤਰੀ ਅਧਿਐਨ ਰਾਹੀਂ ਪੰਜਾਬੀ ਕਹਾਣੀ ਦਾ ਕਾਵਿ ਸ਼ਾਸਤਰ ਉਸਾਰਦਾ ਹੈ।

ਗੁਰਲਾਲ ਸਿੰਘ ਦੁਆਰਾ ਪੰਜਾਬੀ ਕਹਾਣੀ ਦਾ ਵਿਹਾਰਕ ਅਧਿਐਨ ਪਾਠਕਾਂ ਨੂੰ ਆਲੋਚਨਾਤਮਕ ਸੂਝ ਵੀ ਦੇਂਦਾ ਹੈ। ਗੁਰਲਾਲ ਸਿੰਘ ਦੀ ਵਿਹਾਰਕ ਸਮੀਖਿਆ ਵਿਚੋਂ ਉਸ ਦੀ ਸਿਧਾਂਤਕ ਸਮਝ ਅਤੇ ਸੁਘੜ ਸੂਝ ਦਾ ਝਲਕਾਰਾ ਮਿਲਦਾ ਹੈ। ਕਿਤਾਬ ਵਿੱਚ ਇਹਨਾਂ ਸਾਰੇ ਲੇਖਾਂ ਨੂੰ ਇਕ ਕ੍ਰਮ ਵਿਚ ਰੱਖਣਾ ਬਲਦੇਵ ਸਿੰਘ ਧਾਲੀਵਾਲ ਦੀ ਸੰਪਾਦਕੀ ਸੂਝ ਦੀ ਗਵਾਹੀ ਦਿੰਦਾ ਹੈ। ਬਲਦੇਵ ਸਿੰਘ ਧਾਲੀਵਾਲ ਦੇ ਇਸ ਯਤਨ ਸਦਕਾ ਪੰਜਾਬੀ ਕਹਾਣੀ ਸਮੀਖਿਆ ਹੋਰ ਅਮੀਰ ਹੋਈ ਹੈ। ਇਸ ਕਿਤਾਬ ਰਾਹੀਂ ਪੰਜਾਬੀ ਕਹਾਣੀ ਸਮੀਖਿਆ ਵਿੱਚ ਇਕ ਅਣਗੌਲ਼ਿਆ ਪੰਜਾਬੀ ਕਹਾਣੀ ਆਲੋਚਕ ਉੱਭਰ ਕੇ ਸਾਹਮਣੇ ਆਇਆ ਹੈ। ਇਹ ਕਿਤਾਬ ਪਾਠਕਾਂ ਨੂੰ ਪੰਜਾਬੀ ਕਹਾਣੀ ਨੂੰ ਸਮਝਣ ਦਾ ਨਵਾਂ ਜ਼ਾਵੀਆ ਪ੍ਰਦਾਨ ਕਰਦੀ ਹੈ।

**ਪ੍ਰਭਜੋਤ ਕੌਰ**


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 24 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 2000 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*


**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

## ਦੇਸ਼ ਵੰਡ ਬਾਰੇ ਬਲਬੀਰ ਪਰਵਾਨਾ ਦਾ
## ਢਾਹਾਂ ਐਵਾਰਡ ਜੇਤੂ ਨਾਵਲ




ਨਾਵਲਕਾਰ ਇਹ ਸੱਚ ਉਭਾਰਦਾ ਹੈ ਕਿ ਸੂਫ਼ੀਆਂ ਤੇ ਗੁਰੂ ਨਾਨਕ ਦੇ ਸੰਦੇਸ਼ ਦੀ ਸਾਂਝੀ ਰਹਿਤਲ , ਵੰਡ ਵੇਲੇ ਬੁਰੀ ਤਰ੍ਹਾਂ ਸ਼ਰਮਸਾਰ ਹੋਈ ਸੀ। ਸਾਡੀ ਸਮਾਜਿਕ ਸਾਂਝੀਵਾਲਤਾ ਦੇ ਖਤਮ ਹੋਣ ਦੇ ਅੱਗੇ ਦੂਰ-ਦਰਸ਼ੀ ਮਾਰੂ ਸਿੱਟੇ ਵੀ ਨਿਕਲੇ ਹਨ। ਲੇਖਕ ਮੁਤਾਬਕ ਇਹ ਵੰਡ ਹਕੂਮਤਾਂ ਦੇ ਸੁਆਰਥੀ ਹੁਕਮਾਂ ਦੀ ਤਾਮੀਰ ਸੀ। ਇਸ ਵਿਚ ਨੇਤਾਵਾਂ ਦੀ ਰਾਜਸੀ ਖ਼ੁਦਗਰਜ਼ੀ ਹੀ ਨਹੀ, ਕਮੀਨਗੀ ਵੀ ਦੱਸਦਾ ਹੈ। ਵੰਡ ਦੀਆਂ ਹੱਦਾਂ, ਸਰਹੱਦਾਂ ਨੇ ਸਰਬ-ਸਾਂਝੀ ਪੰਜਾਬੀਅਤ ਨੂੰ ਤਾਂ ਕਮਜ਼ੋਰ ਕੀਤਾ ਹੀ, ਨਾਲ ਪੰਜਾਬ ਤੇ ਪੰਜਾਬੀਅਤ ਦੀ ਤਾਕਤ ਨੂੰ ਵੀ ਵੱਡੀ ਸੱਟ ਵੱਜੀ ਹੈ। ਲੇਖਕ ਵੰਡ ਨੂੰ ਪੰਜਾਬ ਦਾ ਜ਼ਬਰਦਸਤੀ ਕੀਤਾ ਉਜਾੜਾ ਮੰਨਦਾ ਹੈ।

-ਡਾ. ਮਹਿਲ ਸਿੰਘ

ਪੰਨੇ 188, ਮੁੱਲ 300 ਰੁਪਏ

## ਲੋਕ ਗੀਤ ਪ੍ਰਕਾਸ਼ਨ, ਮੁਹਾਲੀ